कक्षा
12

# ਪੰਜਾਬੀ ਸਾਹਿਤ-ਦਰਪਣ (ਭਾਗ ਦੂਜਾ)

## पंजाबी साहित्य दर्पण (भाग–द्वितीय)

### ਪੰਜਾਬੀ ਸਾਹਿਤ (ਚੋਣਵਾਂ ਵਿਸ਼ਾ)

पंजाबी साहित्य (वैकल्पिक विषय)



माध्यमिक शिक्षा बोर्ड राजस्थान, अजमेर

ਪੰਜਾਬੀ ਸਾਹਿਤ-ਦਰਪਣ (ਭਾਗ ਦੂਜਾ) पंजाबी साहित्य दर्पण (भाग–द्वितीय) कक्षा 12

# ਪੰਜਾਬੀ ਸਾਹਿਤ–ਦਰਪਣ (ਭਾਗ ਦੂਜਾ)

## पंजाबी साहित्य दर्पण (भाग–द्वितीय)

## 12ਵੀਂ ਸ਼੍ਰੇਣੀ

(कक्षा–12)

## ਪੰਜਾਬੀ ਸਾਹਿਤ (ਚੋਣਵਾਂ ਵਿਸ਼ਾ)

### ਸੰਪਾਦਕੀ ਮੰਡਲ


**ਡਾ. ਇਕਬਾਲ ਸਿੰਘ ਗੋਦਾਰਾ (ਸੰਯੋਜਕ)**
ਮੁਖੀ, ਪੰਜਾਬੀ ਵਿਭਾਗ,ਡੀ.ਏ.ਵੀ. ਕਾਲਜ
ਅਬੋਹਰ(ਪੰਜਾਬ)

**ਗੁਰਰਾਜ ਸਿੰਘ ਚਹਿਲ**
ਐਸੋਸੀਏਟ ਪ੍ਰੋਫੈਸਰ, ਪੰਜਾਬੀ ਵਿਭਾਗ
ਡੀ.ਏ.ਵੀ. ਕਾਲਜ
ਅਬੋਹਰ(ਪੰਜਾਬ)

**ਡਾ. ਚੰਦਰ ਪ੍ਰਕਾਸ਼**
ਅਸਿਸਟੇਂਟ ਪ੍ਰੋਫੈਸਰ, ਪੰਜਾਬੀ ਵਿਭਾਗ
ਐੱਮ.ਐੱਮ.ਡੀ.ਡੀ.ਏ.ਵੀ.ਕਾਲਜ
ਗਿੱਦੜਬਾਹਾ(ਪੰਜਾਬ)

**ਗੁਰਦੀਪ ਸਿੰਘ ਖੋਸਾ**
ਪ੍ਰਿੰਸੀਪਲ
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ
ਮਲਕਾਣਾ ਖੁਰਦ(ਸ਼੍ਰੀ ਗੰਗਾਨਗਰ)

**ਨਵਰਾਜ ਸਿੰਘ**
ਪ੍ਰਿੰਸੀਪਲ
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ
9 ਐੱਫ.ਐੱਫ.,ਕਰੇਪਲ(ਸ਼੍ਰੀ ਗੰਗਾਨਗਰ)

**ਹਰਮੀਤ ਸਿੰਘ ਗਿੱਲ**
ਲੈਕਚਰਾਰ (ਪੰਜਾਬੀ)
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ
19 ਜੈੱਡ( ਸ਼੍ਰੀ ਗੰਗਾਨਗਰ)



**ਮਾਧਮਿਕ ਸਿੱਖਿਆ ਬੋਰਡ ਰਾਜਸਥਾਨ, ਅਜਮੇਰ**

# ਪਾਠ–ਕ੍ਰਮ ਸੰਮਤੀ


**ਡਾ. ਇਕਬਾਲ ਸਿੰਘ ਗੋਦਾਰਾ (ਸੰਯੋਜਕ)**
ਮੁਖੀ, ਪੰਜਾਬੀ ਵਿਭਾਗ,ਡੀ.ਏ.ਵੀ. ਕਾਲਜ
ਅਬੋਹਰ(ਪੰਜਾਬ)

**ਗੁਰਰਾਜ ਸਿੰਘ ਚਹਿਲ**
ਐਸੋਸੀਏਟ ਪ੍ਰੋਫੈਸਰ, ਪੰਜਾਬੀ ਵਿਭਾਗ
ਡੀ.ਏ.ਵੀ. ਕਾਲਜ
ਅਬੋਹਰ(ਪੰਜਾਬ)

**ਹਰਮੀਤ ਸਿੰਘ ਗਿੱਲ**
ਲੈਕਚਰਾਰ (ਪੰਜਾਬੀ)
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ
19 ਜੈੱਡ( ਸ਼੍ਰੀ ਗੰਗਾਨਗਰ)


BSER


# ਧੰਨਵਾਦ

**ਸੰਪਾਦਕੀ ਮੰਡਲ ਅਤੇ ਮਾਧਮਿਕ ਸਿੱਖਿਆ ਬੋਰਡ ਰਾਜਸਥਾਨ, ਅਜਮੇਰ ਉਹਨਾਂ ਸਾਰੇ ਸੁਹਿਰਦ ਰਚਨਾਕਾਰਾਂ ਦਾ ਦਿਲੋਂ ਧੰਨਵਾਦੀ ਅਤੇ ਰਿਣੀ ਹੈ, ਜਿੰਨਾਂ ਦੀ ਅਮੁੱਲ ਸਿਰਜਣਾ ਅਤੇ ਵਿਚਾਰ ਇਸ ਪੁਸਤਕ ਵਿੱਚ ਸੰਗ੍ਰਹਿਤ ਕੀਤੇ ਗਏ ਹਨ।**

# ਦੋ ਸ਼ਬਦ

ਵਿਦਿਆਰਥੀਆਂ ਲਈ ਪਾਠ-ਪੁਸਤਕ ਸਿਲਸਿਲੇਵਾਰ ਪੁਸ਼ਟੀਕਰਨ, ਸਮੀਖਿਆ ਅਤੇ ਮੁੱਢਲੇ ਅਧਿਐਨ ਦਾ ਆਧਾਰ ਹੁੰਦੀ ਹੈ। ਵਿਸ਼ਾ-ਵਸਤੂ ਅਤੇ ਸਿੱਖਿਆ ਵਿਧੀ ਦੀ ਦ੍ਰਿਸ਼ਟੀ ਤੋਂ ਪਾਠ-ਪੁਸਤਕ ਦਾ ਪੱਧਰ ਅਤਿਅੰਤ ਮੱਹਤਵਪੂਰਨ ਹੁੰਦਾ ਹੈ। ਪਾਠ-ਪੁਸਤਕਾਂ ਕਦੇ ਵੀ ਰੂੜ੍ਹੀਗਤ ਅਤੇ ਗੁਣਗਾਣ ਪ੍ਰਕਿਰਤੀ ਵਾਲੀਆਂ ਨਹੀ ਹੋਣੀਆਂ ਚਾਹੀਦੀਆਂ। ਇਸ ਗੱਲ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਕਿ ਪਾਠ-ਪੁਸਤਕ ਸਿੱਖਣ-ਸਿਖਾਉਣ ਦੀ ਪ੍ਰਕਿਰਿਆ ਦਾ ਇੱਕ ਲਾਜ਼ਮੀ ਸਾਧਨ ਹੈ।

ਪਿਛਲੇ ਕੁਝ ਕੁ ਸਾਲਾਂ ਤੋਂ ਮਾਧਮਿਕ ਸਿੱਖਿਆ ਬੋਰਡ ਰਾਜਸਥਾਨ ਦੇ ਪਾਠਕ੍ਰਮ ਵਿੱਚ ਆਪਣੀਆਂ ਸੰਪਾਦਿਤ ਪੁਸਤਕਾਂ ਦੀ ਘਾਟ ਮਹਿਸੂਸ ਕੀਤੀ ਜਾ ਰਹੀ ਸੀ। ਇਸੇ ਘਾਟ ਨੂੰ ਧਿਆਨ ਵਿੱਚ ਰੱਖਦੇ ਹੋਏ ਰਾਜ ਸਰਕਾਰ ਦੁਆਰਾ ਨੌਂਵੀਂ ਤੋਂ ਬਾਰ੍ਹਵੀਂ ਸ਼੍ਰੇਣੀ ਤੱਕ ਦੇ ਵਿਦਿਆਰਥੀਆਂ ਲਈ ਮਾਧਮਿਕ ਸਿੱਖਿਆ ਬੋਰਡ ਰਾਜਸਥਾਨ, ਅਜਮੇਰ ਰਾਹੀਂ ਸਾਲ 2017-18 ਤੋਂ ਦਸਵੀਂ ਤੋਂ ਬਾਰ੍ਹਵੀਂ ਸ਼੍ਰੇਣੀ ਦੀਆਂ ਪਾਠ-ਪੁਸਤਕਾਂ ਆਪਣੇ ਨਿਰਧਾਰਿਤ ਪਾਠਕ੍ਰਮ ਦੇ ਅਨੁਸਾਰ ਹੀ ਤਿਆਰ ਕਰਵਾਈਆਂ ਗਈਆਂ ਹਨ। ਉਮੀਦ ਹੈ ਕਿ ਇਹ ਪੁਸਤਕਾਂ ਵਿਦਿਆਰਥੀਆਂ ਦੇ ਗਿਆਨ ਵਿੱਚ ਵਾਧਾ ਕਰਨ ਦੇ ਨਾਲ-ਨਾਲ ਮੌਲਿਕ ਸੋਚ, ਚਿੰਤਨ ਅਤੇ ਅਭਿਵਿਅਕਤੀ ਦੇ ਮੌਕੇ ਪ੍ਰਦਾਨ ਕਰਨਗੀਆਂ।

**ਪ੍ਰੋ. ਬੀ.ਐੱਲ. ਚੌਧਰੀ,**

**ਚੇਅਰਮੈਨ,**

**ਮਾਧਮਿਕ ਸਿੱਖਿਆ ਬੋਰਡ ਰਾਜਸਥਾਨ, ਅਜਮੇਰ।**

BSER

# ਭੂਮਿਕਾ

ਗਿਆਰਵੀਂ ਜਮਾਤ ਦੇ ਵਿਦਿਆਰਥੀਆਂ ਦੀ ਮੱਧਕਾਲੀ ਪੰਜਾਬੀ ਕਵਿਤਾ ਨਾਲ ਜਾਣ-ਪਛਾਣ ਕਰਵਾਉਣ ਤੋਂ ਬਾਅਦ ਜ਼ਰੂਰੀ ਪ੍ਰਤੀਤ ਹੁੰਦਾ ਹੈ ਕਿ ਬਾਰ੍ਹਵੀਂ ਦੇ ਵਿਦਿਆਰਥੀਆਂ ਨੂੰ ਆਧੁਨਿਕ ਪੰਜਾਬੀ ਕਵਿਤਾ ਤੋਂ ਜਾਣੂੰ ਕਰਵਾਇਆ ਜਾਵੇ। ਇਸ ਨਾਲ ਹੀ ਉਹ ਪੰਜਾਬੀ ਕਵਿਤਾ ਦੇ ਸਮੁੱਚੇ ਵਿਕਾਸ ਕ੍ਰਮ ਨੂੰ ਸਮਝਣ ਦੇ ਸਮਰੱਥ ਹੋ ਸਕਣਗੇ। ਇਸੇ ਮਨੋਰਥ ਨੂੰ ਧਿਆਨ 'ਚ ਰੱਖ ਕੇ ਹੀ ਪੰਜਾਬੀ ਸਾਹਿਤ-ਦਰਪਣ (ਭਾਗ ਦੂਜਾ) ਪੁਸਤਕ ਦੀ ਯੋਜਨਾਬੰਦੀ ਕੀਤੀ ਗਈ ਹੈ।

ਆਧੁਨਿਕ ਪੰਜਾਬੀ ਕਵਿਤਾ ਦੇ ਨਿਕਾਸ ਸੰਬੰਧੀ ਪੰਜਾਬੀ ਸਾਹਿਤ-ਇਤਿਹਾਸਕਾਰ ਇੱਕ ਮੱਤ ਨਹੀਂ ਹਨ ਕਿ, 19ਵੀਂ ਸਦੀ ਦੇ ਅੱਧ ਤੋਂ ਬਾਅਦ ਸ਼ਾਹ ਮੁਹੰਮਦ ਨੇ ਆਧੁਨਿਕ ਸੰਵੇਦਨਾ ਦਾ ਮੁੱਢ ਬੰਨਿਆ। ਪਰ ਵਿਦਵਦਨਾਂ ਦਾ ਇਕ ਵੱਡਾ ਧੜਾ ਇਸ ਗੱਲ ਨਾਲ ਸਹਿਮਤ ਹੈ ਕਿ ਭਾਈ ਵੀਰ ਸਿੰਘ ਨਾਲ ਹੀ ਆਧੁਨਿਕ ਪੰਜਾਬੀ ਕਵਿਤਾ ਦਾ ਆਰੰਭ ਹੁੰਦਾ ਹੈ। ਭਾਈ ਵੀਰ ਸਿੰਘ ਨੂੰ 'ਛੋਟੀਆਂ ਕਵਿਤਾਵਾਂ ਦਾ ਵੱਡਾ ਕਵੀ' ਕਿਹਾ ਜਾਂਦਾ ਹੈ। ਇਹ ਇਸ ਗੱਲ ਦਾ ਸੰਕੇਤ ਹੈ ਕਿ ਭਾਈ ਵੀਰ ਸਿੰਘ ਨਾਲ ਪੰਜਾਬੀ ਕਵਿਤਾ ਇਕ ਮੋੜ-ਕੱਟਦੀ ਹੈ। ਜਦੋਂ ਅਸੀਂ ਭਾਈ ਵੀਰ ਸਿੰਘ ਦੀ ਕਵਿਤਾ ਪੜ੍ਹਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਭਾਈ ਸਾਹਿਬ ਦੀ ਕਵਿਤਾ ਦਾ ਵਿਸ਼ਾ ਪੱਖ ਵੱਡੀ ਪੱਧਰ ਤੇ ਰਹੱਸਵਾਦ ਨਾਲ ਜੁੜਿਆ ਹੋਇਆ ਹੈ। ਪਰ, ਇਸ ਵਿਸ਼ੇ ਦੀ ਪੇਸ਼ਕਾਰੀ ਦਾ ਅੰਦਾਜ਼ ਵੱਖਰਾ ਹੈ। ਭਾਈ ਸਾਹਿਬ ਦੀ ਕਵਿਤਾ ਵਿੱਚ ਅਰਸ਼ੀ ਉਡਾਰੀਆਂ ਦੇ ਫ਼ਰਸ਼ੀ ਸੰਦਰਭ ਬੜੇ ਮਹੱਤਵਪੂਰਨ ਹਨ।

ਸਮੁੱਚੀ ਆਧੁਨਿਕ ਕਵਿਤਾ ਵਿੱਚ ਸਮੇਂ-ਸਮੇਂ ਵੱਖ- ਵੱਖ ਬਿਰਤੀਆਂ ਅਤੇ ਪ੍ਰਵਿਰਤੀਆਂ ਵਾਲੀ ਕਵਿਤਾ ਲਿਖੀ ਜਾਂਦੀ ਰਹੀ ਹੈ।

ਸਮਕਾਲੀ ਪੰਜਾਬੀ ਕਵਿਤਾ, ਅਤਿ ਆਧੁਨਿਕ ਮਨੁੱਖ ਦੇ ਮਾਨਸਿਕ ਤਨਾਓ ਅਤੇ ਖੰਡਿਤ ਆਪੇ ਦੀ ਗੱਲ ਕਰਦੀ ਹੈ। ਇਸ ਤਰ੍ਹਾਂ ਆਧੁਨਿਕ ਪੰਜਾਬੀ ਕਵਿਤਾ ਲੰਮੇਂ ਪਾਸਾਰਾਂ ਵਿੱਚੋਂ ਗੁਜ਼ਰਦੀ ਹੋਈ, ਕਾਵਿ ਪਰੰਪਰਾ ਦੇ ਰੂਪ 'ਚ ਪੰਜਾਬੀ ਭਾਸ਼ਾ ਦੀ ਕਾਵਿ-ਸਮਰੱਥਾ ਦੀ ਗਵਾਹੀ ਭਰਦੀ ਹੈ।

ਕਹਾਣੀ, ਮਨੁੱਖ ਦੀ ਬਿਰਤਾਂਤ ਸਿਰਜਣ ਕਲਾ ਦੀ ਮਹੱਤਵਪੂਰਨ ਵਿਧਾ ਹੈ। ਕਿਹਾ ਜਾਂਦਾ ਹੈ ਕਿ ਕਹਾਣੀ ਮਨੁੱਖ ਜਿੰਨੀ ਹੀ ਪੁਰਾਣੀ ਹੈ। ਜਦੋਂ ਹੀ ਦੋ ਵਿਅਕਤੀਆਂ ਦਰਮਿਆਨ ਕਿਸੇ ਮਸਲੇ ਬਾਰੇ ਕੋਈ ਗੱਲਬਾਤ (ਸੰਵਾਦ) ਹੋਈ ਤਾਂ ਕਹਾਣੀ ਦਾ ਜਨਮ ਹੋਇਆ। ਬਿਰਤਾਂਤ ਸਿਰਜਣ ਪ੍ਰਕਿਰਿਆ ਸੰਵਾਦੀ ਰੂਪ ਵਿੱਚ ਹੀ ਕਿਸੇ ਮਸਲੇ/ਵਿਚਾਰ ਸੰਬੰਧੀ ਚਰਚਾ ਦਾ ਮੁੱਢ ਬੰਨ੍ਹਦੀ ਹੈ। ਇਸ ਤਰਾਂ ਹੀ ਕਹਾਣੀ ਦੇ ਰੂਪ ਵਿੱਚ ਕਿਸੇ ਵਿਚਾਰ ਚਰਚਾ ਦਾ ਸੰਚਾਰ ਹੁੰਦਾ ਹੈ।

ਕਿਸੇ ਵੀ ਸਾਹਿਤ ਵਿੱਚ ਕਹਾਣੀ ਦਾ ਵਿਸ਼ੇਸ਼ ਸਥਾਨ ਨਿਸ਼ਚਿਤ ਮੰਨਿਆ ਜਾਂਦਾ ਹੈ। ਪੰਜਾਬੀ ਸਾਹਿਤ ਵਿੱਚ ਵੀ ਕਹਾਣੀ ਦੀ ਇੱਕ ਪੱਕੀ-ਪੀਡੀ ਪਰੰਪਰਾ ਮੌਜੂਦ ਹੈ। ਪੰਜਾਬੀ ਕਹਾਣੀ ਮੱਧਕਾਲੀ ਸਾਹਿਤ ਰੂਪਾਂ ਜਿਵੇਂ- ਸਾਖੀ, ਲੋਕ-ਕਥਾ, ਕਿੱਸਾ, ਮਿੱਥ, ਬਾਤ ਆਦਿ ਤੋਂ ਵਿਕਾਸ ਕਰਦੀ ਹੋਈ ਸਮਕਾਲੀ ਨਿੱਕੀ ਹੁਨਰੀ ਕਹਾਣੀ ਦੇ ਰੂਪ ਵਿੱਚ ਲਗਾਤਾਰ ਗਤੀਸ਼ੀਲ ਹੈ। ਇੰਝ ਪੰਜਾਬੀ ਕਹਾਣੀ ਦੇ ਨਿਕਾਸ ਅਤੇ ਵਿਕਾਸ ਦਾ ਨਿਸ਼ਚਿਤ ਇਤਿਹਾਸ ਹੈ।

ਕੁਝ ਵਿਦਵਾਨ ਪੰਜਾਬੀ ਕਹਾਣੀ ਦੇ ਆਧੁਨਿਕ ਮੌਲਿਕ ਮੁਹਾਂਦਰੇ ਦੀ ਤਲਾਸ਼ ਭਾਈ ਵੀਰ ਸਿੰਘ ਦੇ ਸਿੱਖ ਇਤਿਹਾਸ ਨਾਲ ਸੰਬੰਧਤ ਟ੍ਰੈਕਟਾਂ, ਭਾਈ ਮੋਹਨ ਸਿੰਘ ਵੈਦ ਦੁਆਰਾ ਅਨੁਵਾਦਿਤ ਕਹਾਣੀਆਂ ਵਿੱਚੋਂ ਕਰਦੇ ਹਨ। ਪਰ ਅਸਲ ਗੱਲ ਇਹ ਹੈ ਕਿ ਪੰਜਾਬੀ ਕਹਾਣੀ ਦੇ ਜਨਮ ਦਾਤਿਆਂ ਵਿੱਚ ਚਰਨ ਸਿੰਘ ਸ਼ਹੀਦ, ਲਾਲ ਸਿੰਘ ਕਮਲਾ ਅਕਾਲੀ, ਗੁਰਬਖਸ਼ ਸਿੰਘ ਪ੍ਰੀਤਲੜੀ ਅਤੇ ਨਾਨਕ ਸਿੰਘ ਦਾ ਨਾਮ ਉਚੇਚੇ ਮਾਣ ਦਾ ਅਧਿਕਾਰੀ ਹੈ। ਪੰਜਾਬੀ ਕਹਾਣੀ ਦੇ ਮੁੱਢਲੇ ਦੌਰ ਵਿੱਚ ਹੀਰਾ ਸਿੰਘ ਦਰਦ, ਜੋਸੂਆ ਫ਼ਜ਼ਲਦੀਨ, ਮੋਹਨ ਸਿੰਘ ਦੀਵਾਨਾ ਅਤੇ ਗੁਰਮੁਖ ਸਿੰਘ ਮੁਸਾਫ਼ਿਰ ਆਦਿ ਵਿਸ਼ੇਸ਼ ਵਰਨਣਯੋਗ ਨਾਂ ਹਨ। ਇਹ ਮੁੱਢਲੀ

ਕਹਾਣੀ ਧਾਰਮਿਕ-ਸਭਿਆਚਾਰਕ ਕਦਰਾਂ-ਕੀਮਤਾਂ ਅਤੇ ਸਦਾਚਾਰਕ ਮਸਲਿਆਂ ਦੇ ਆਲੇ-ਦੁਆਲੇ ਘੁੰਮਦੀ ਹੈ। ਸਮਾਜ ਸੁਧਾਰ ਇਸ ਕਹਾਣੀ ਦਾ ਪ੍ਰਮੁੱਖ ਸਰੋਕਾਰ ਹੈ।

ਪੰਜਾਬੀ ਕਹਾਣੀ ਦੇ ਇਤਿਹਾਸ ਵਿੱਚ 1935-40 ਦੇ ਨੇੜੇ-ਤੇੜੇ ਨਵੇਂ ਦੌਰ ਦਾ ਆਰੰਭ ਹੋਇਆ। ਕਰਤਾਰ ਸਿੰਘ ਦੁੱਗਲ, ਸੁਜਾਨ ਸਿੰਘ, ਸੰਤ ਸਿੰਘ ਸੇਖੋਂ, ਸੰਤੋਖ ਸਿੰਘ ਧੀਰ, ਗੁਰਦਿਆਲ ਸਿੰਘ, ਮਹਿੰਦਰ ਸਿੰਘ ਸਰਨਾ, ਕੁਲਵੰਤ ਸਿੰਘ ਵਿਰਕ, ਦਵਿੰਦਰ ਸਤਿਆਰਥੀ , ਦਲੀਪ ਕੌਰ ਟਿਵਾਣਾ ਇਸ ਦੌਰ ਦੇ ਸਮਰੱਥ ਕਹਾਣੀਕਾਰ ਹਨ। ਪੰਜਾਬੀ ਕਹਾਣੀ ਦਾ ਇਹ ਦੌਰ ਪ੍ਰਗਤੀਵਾਦ, ਮਨੋਵਿਗਿਆਨਕ ਪਸਾਰਾਂ ਅਤੇ ਕਿਸਾਨੀ ਜੀਵਨ ਨੂੰ ਸਮਰਪਿਤ ਹੈ। 1947 ਦੀ ਵੰਡ ਵੀ ਨਵੇਂ ਦੌਰ ਦੀ ਕਹਾਣੀ ਦਾ ਪ੍ਰਮੁੱਖ ਸਰੋਕਾਰ ਹੈ। ਇਸੇ ਸਮੇਂ ਕੁਲਵੰਤ ਸਿੰਘ ਵਿਰਕ ਨਵੀਂ ਕਰਵਟ ਲੈ ਰਹੇ ਪੰਜਾਬੀ ਬੰਦੇ ਦੀ ਕਹਾਣੀ ਪਾਉਂਦਾ ਨਜ਼ਰ ਆਉਂਦਾ ਹੈ।

ਪੰਜਾਬੀ ਕਹਾਣੀ ਦੇ ਵਿਸ਼ਾਲ ਦ੍ਰਿਸ਼ ਵਿੱਚੋਂ ਕੁਝ ਕਹਾਣੀਆਂ ਦੀ ਚੋਣ ਕਰਨਾ ਕਾਫ਼ੀ ਮੁਸ਼ਕਿਲ ਭਰਿਆ ਕੰਮ ਸੀ, ਪਰ ਅਸੀਂ ਵਿਦਿਆਰਥੀਆਂ ਦੇ ਅਕਾਦਮਿਕ ਸਮੇਂ ਦੀ ਸੀਮਾ ਨੂੰ ਧਿਆਨ ਵਿੱਚ ਰੱਖ ਕੇ ਜਿੰਨਾਂ ਕਹਾਣੀਆਂ ਦੀ ਚੋਣ ਕੀਤੀ ਹੈ, ਉਹ ਪੰਜਾਬੀ ਕਹਾਣੀ ਦੇ ਇਤਿਹਾਸ ਕ੍ਰਮ ਨੂੰ ਦਰਸਾਉਣ ਵਾਲੀ ਹੈ। ਨਾਨਕ ਸਿੰਘ ਤੋਂ ਆਰੰਭ ਕਰਕੇ ਸਮਕਾਲੀ ਪ੍ਰਵਾਸੀ ਕਹਾਣੀਕਾਰ ਹਰਪ੍ਰੀਤ ਸੇਖਾ ਤਕ ਪਹੁੰਚਦੇ ਹੋਏ, ਪੰਜਾਬੀ ਕਹਾਣੀ ਦੀ ਇਤਿਹਾਸ ਰੇਖਾ ਨੂੰ ਵੇਖਿਆ ਜਾ ਸਕਦਾ ਹੈ। ਇਹ ਕਹਾਣੀਆਂ ਵਿਸ਼ੇ ਵਸਤੂ ਅਤੇ ਪੇਸ਼ਕਾਰੀ ਦੇ ਪੱਖ ਤੋਂ ਵੱਖ-ਵੱਖ ਹੋਣ ਕਰਕੇ ਪੰਜਾਬੀ ਕਹਾਣੀ ਦੀ ਸਮਰੱਥਾ ਨੂੰ ਦਰਸਾਉਂਦੀਆਂ ਹਨ।

ਇਸ ਕਹਾਣੀ ਸੰਗ੍ਰਹਿ ਵਿੱਚ ਸ਼ਾਮਿਲ ਕਹਾਣੀ 'ਭੂਆ' ਨਾਨਕ ਸਿੰਘ ਰਚਿਤ ਪ੍ਰਤਿਨਿਧ ਕਹਾਣੀ ਹੈ। ਪੰਜਾਬੀ ਸਮਾਜ ਵਿੱਚ ਰਿਸ਼ਤਿਆਂ ਦੀ ਨਿੱਘ ਨੂੰ ਦਰਸਾਉਂਦੀ ਹੋਈ ਇਹ ਕਹਾਣੀ ਹਾਸ-ਰਸ ਅੰਦਾਜ਼ ਨੂੰ ਅਪਣਾਉਂਦੀ ਹੈ। ਸਮਕਾਲੀ ਸਮੇਂ ਜਦੋਂ ਪਰਿਵਾਰਕ ਰਿਸ਼ਤੇ ਤਿੜਕ ਰਹੇ ਹਨ, ਇਸ ਕਹਾਣੀ ਦੀ ਸਾਰਥਕਤਾ ਹੋਰ ਵੀ ਵਧ ਜਾਂਦੀ ਹੈ।

ਸੰਤ ਸਿੰਘ ਸੇਖੋਂ ਰਚਿਤ ਕਹਾਣੀ 'ਸ਼ਹੀਦ ਦੀ ਮਾਂ' ਦਾ ਸੰਬੰਧ ਮਨੁੱਖੀ ਹੋਣੀ ਦੇ ਆਰਥਕ ਮਸਲਿਆਂ ਨਾਲ ਹੈ। ਪੂੰਜੀਵਾਦੀ ਕੀਮਤਾਂ ਦਾ ਪਸਾਰ ਨਿੱਜੀ ਜਾਇਦਾਦ ਤੱਕ ਹੀ ਸੀਮਤ ਨਹੀਂ ਸਗੋ ਇਸ ਦੇ ਅੰਤਰ ਰਾਸ਼ਟਰੀ ਸਰੋਕਾਰ ਵੀ ਬੜੇ ਮਹੱਤਵਸ਼ਾਲੀ ਹਨ। ਮਨੁੱਖੀ ਦੁਖਾਂਤ ਦੇ ਵਿਲੱਖਣ ਪਸਾਰਾਂ ਦੀ ਤਲਾਸ਼ ਕਰਦੀ ਹੋਈ ਇਹ ਕਹਾਣੀ ਪਾਠਕ ਨੂੰ ਝੰਜੋੜਦੀ ਹੀ ਨਹੀਂ ਸੋਚਣ ਲਈ ਮਜ਼ਬੂਰ ਵੀ ਕਰਦੀ ਹੈ।

'ਕੋਈ ਇੱਕ ਸਵਾਰ' ਕਹਾਣੀ ਸੰਤੋਖ ਸਿੰਘ ਧੀਰ ਦੀ ਚਰਚਿਤ ਕਹਾਣੀ ਹੈ। ਨਵੀਂ ਤਕਨਾਲੋਜੀ ਦੇ ਪਸਾਰ ਨੇ ਹੌਲੀ-ਹੌਲੀ ਮਨੁੱਖ ਦੇ ਪ੍ਰੰਪਰਾਮਈ ਸਾਧਨਾਂ ਨੂੰ ਢਾਹ ਲਾਉਣੀ ਸ਼ੁਰੂ ਕਰ ਦਿੱਤੀ ਹੈ। ਮਨੁੱਖ ਦੀ ਰੋਜ਼ੀ-ਰੋਟੀ ਦੇ ਆਸਰੇ ਜਿਵੇਂ ਹੀ ਉਸ ਕੋਲੋਂ ਖੁੱਸਦੇ ਹਨ, ਉਸ ਦਾ ਜੀਵਨ ਅਕਾਊ ਅਤੇ ਬੇਬਸੀ ਵਾਲਾ ਹੋ ਨਿਬੜਦਾ ਹੈ। ਮੋਟਰ ਗੱਡੀ ਦੇ ਦੌਰ ਵਿੱਚ ਟਾਂਗੇ ਵਾਲੇ ਦਾ ਗੁਜ਼ਾਰਾ ਕਿਵੇਂ ਸੰਭਵ ਹੋਵੇਗਾ ? ਬੜਾ ਵੱਡਾ ਸੁਆਲ ਹੈ।

ਇਸੇ ਤਰ੍ਹਾਂ ਹੀ ਸਵੈ-ਪਛਾਣ ਦੇ ਮਸਲੇ ਦੀ ਬਾਤ ਕੁਲਵੰਤ ਸਿੰਘ ਵਿਰਕ ਦੀ ਕਹਾਣੀ 'ਮੈਨੂੰ ਜਾਣਨੈ ?' ਵਿੱਚ ਪਾਈ ਗਈ ਹੈ। ਵਿਰਕ ਅਜਿਹਾ ਕਹਾਣੀਕਾਰ ਹੈ, ਜਿਸ ਨੇ ਪਾਤਰਾਂ ਦੀ ਮਨੋ-ਸਥਿਤੀ ਨੂੰ ਰਚਨਾਤਮਕ ਸਰੋਕਾਰ ਬਣਾਇਆ ਹੈ। 'ਮੈਨੂੰ ਜਾਣਨੈ ?' ਕਹਾਣੀ ਵਿਚਲਾ ਪਾਤਰ ਬੇ-ਪਛਾਣ ਜ਼ਿੰਦਗੀ ਹੰਢਾਉਂਦਾ ਹੋਇਆ ਹਰ ਕਿਸਮ ਦੇ ਚਾਅ-ਮਲ੍ਹਾਰ ਪ੍ਰਤੀ ਉਦਾਸੀਨ ਹੋ ਗਿਆ ਹੈ। ਪਰ ਪਛਾਣ ਦਾ ਸੰਕੇਤ ਵੀ ਉਸ ਅੰਦਰ ਅਥਾਹ ਉਤਸ਼ਾਹ ਅਤੇ ਜੀਵਨ ਜਿਉਣ ਦੀ ਇੱਛਾ ਪੈਦਾ ਕਰ ਜਾਂਦਾ ਹੈ।

ਗੁਰਦਿਆਲ ਸਿੰਘ ਦੁਆਰਾ ਲਿਖੀ ਗਈ ਕਹਾਣੀ 'ਘੜੀ ਤਾਂ ਖਰਾਬ ਹੋ-ਗੀ!' ਵਿੱਚ ਨਵੇਂ ਸਮਾਜਕ-ਆਰਥਕ ਸੰਦਰਭ 'ਚ ਲਹੂ ਰਿਸ਼ਤਿਆਂ(ਮਾਂ-ਪਿਉ, ਧੀ-ਪੁੱਤ) ਦੇ ਤਵਾਜ਼ਨ ਨੂੰ ਵਿਗਾੜ ਰਹੇ ਰੋਕੜ-ਸੰਬੰਧਾਂ ਦੀ ਪੇਸ਼ਕਾਰੀ ਕੀਤੀ ਗਈ ਹੈ। ਇੰਝ ਕਹੋ ਕਿ ਆਰਥਕ ਖੁਸ਼ਹਾਲੀ ਨਿੱਜੀ ਜੀਵਨ ਲਈ ਜੋ ਖੁੱਲ੍ਹ ਪ੍ਰਦਾਨ ਕਰਦੀ ਹੈ, ਉਸ ਨਾਲ ਪਰੰਪਰਾਗਤ ਪਰਿਵਾਰਕ ਰਿਸ਼ਤੇ ਤਿੜਕਦੇ ਹਨ। ਗੁਦਿਆਲ ਸਿੰਘ

ਸੰਕੇਤ ਰੂਪ ਵਿੱਚ ਵੱਡੀ ਗੱਲ ਕਹਿਣ ਵਿੱਚ ਮਾਹਰ ਗਲਪਕਾਰ ਹੈ।

ਇਸੇ ਤਰ੍ਹਾਂ ਗੁਰਦੇਵ ਰੁਪਾਣਾ ਪੰਜਾਬੀ ਦਾ ਸਮਰੱਥਾਵਾਨ ਅਤੇ ਮਹੱਤਵਪੂਰਨ ਕਹਾਣੀਕਾਰ ਹੈ। ਉਸ ਦੀਆਂ ਕਹਾਣੀਆਂ ਵਿੱਚ ਵਿਸ਼ੇ ਦੀਆਂ ਕਈ ਪਰਤਾਂ ਹੁੰਦੀਆਂ ਹਨ। ਪਾਠਕ ਹੌਲੀ-ਹੌਲੀ ਜਿਵੇਂ-ਜਿਵੇਂ ਇਹਨਾਂ ਪਰਤਾਂ ਨੂੰ ਖੋਹਲਦਾ ਹੈ ਤਾਂ ਕਹਾਣੀ ਦੇ ਥੀਮਕ ਪਾਸਾਰ ਉੱਭਰਦੇ ਹਨ। ਉਸ ਦੁਆਰਾ ਰਚਿਤ ਕਹਾਣੀ 'ਹਵਾ' ਬੜੇ ਪ੍ਰਚੰਡ ਰੂਪ ਵਿੱਚ 1947 ਦੀ ਕਤੱਲ-ਓ-ਗਾਰਦ ਦੇ ਪ੍ਰਭਾਵ ਨੂੰ ਚਿਤਰਦੀ ਹੈ। ਕਹਾਣੀ ਇਹ ਦਰਸਾਉਂਦੀ ਪ੍ਰਤੀਤ ਹੁੰਦੀ ਹੈ ਕਿ 1947 ਦੀਆਂ ਘਟਨਾਵਾਂ ਅਜਿਹੀਆਂ ਹਨ, ਜਿਹੜੀਆਂ ਸੰਵੇਦਨਸ਼ੀਲ ਵਿਅਕਤੀ ਨੂੰ ਹਿਲਾ ਕੇ ਰੱਖ ਦਿੰਦੀਆਂ ਹਨ।

ਵਰਿਆਮ ਸੰਧੂ ਨੇ ਪੰਜਾਬੀ ਵਿੱਚ ਵਿਵਿੱਧ ਵਿਸ਼ਿਆਂ ਉੱਪਰ ਕਹਾਣੀ ਰਚਨਾ ਕੀਤੀ ਹੈ। 'ਆਪਣਾ ਆਪਣਾ ਹਿੱਸਾ' ਕਹਾਣੀ ਆਰਥਕ ਤੌਰ 'ਤੇ ਵਿਕਸਿਤ ਹੋ ਰਹੇ ਸਮਾਜ ਵਿੱਚ ਪੈਦਾ ਹੋ ਰਹੀ ਰਿਸ਼ਤਿਆਂ ਦੀ ਟੁੱਟ-ਭੱਜ ਅਤੇ ਕੁੜੱਤਣ ਨੂੰ ਪੇਸ਼ ਕਰਦੀ ਹੈ। ਇੱਥੋਂ ਤੱਕ ਕਿ ਮੌਤ ਸਮੇਂ ਦੀਆਂ ਰਸਮਾਂ ਵਿੱਚ ਵੀ ਇਹਨਾਂ ਦੀ ਦਖ਼ਲ-ਅੰਦਾਜ਼ੀ ਵੇਖੀ ਜਾ ਸਕਦੀ ਹੈ। ਇਸ ਸਥਿਤੀ ਨੂੰ ਵਰਿਆਮ ਸੰਧੂ ਡੂੰਘੀ ਤਨਜ਼ ਨਾਲ ਪੇਸ਼ ਕਰਦਾ ਹੈ। ਇਸੇ ਰੂਪ ਵਿੱਚ ਉਹ ਸਾਡੀਆਂ ਸੁੰਨ ਹੋ ਰਹੀਆਂ ਸੰਵੇਦਨਾਵਾਂ ਨੂੰ ਟੁੰਬਦੀ ਹੈ।

ਹਰਪਾਲ ਸਿੰਘ ਲੱਖੀਆਂ ਰਾਜਸਥਾਨ ਦੇ ਸ਼੍ਰੀ ਗੰਗਾਨਗਰ ਜਿਲ੍ਹੇ ਨਾਲ ਸੰਬੰਧਤ ਕਹਾਣੀਕਾਰ ਹੈ। ਉਸ ਦਾ ਪੰਜਾਬੀ ਕਥਾ-ਸਾਹਿਤ ਵਿੱਚ ਮਹੱਤਵਪੂਰਨ ਸਥਾਨ ਹੈ। ਉਸ ਨੇ ਬਿਨਾਂ ਕਿਸੇ ਆਡੰਬਰ ਦੇ ਚੁਪ-ਚਾਪ ਬੜੀਆਂ ਮਾਰਮਿਕ ਕਹਾਣੀਆਂ ਪੰਜਾਬੀ ਮਾਂ ਬੋਲੀ ਦੀ ਝੋਲੀ ਪਾਈਆਂ ਹਨ। ਵਿਅੰਗ ਉਸ ਦੀ ਕਹਾਣੀ-ਕਲਾ ਦੀ ਪ੍ਰਧਾਨ ਜੁਗਤ ਹੈ। 'ਸੱਚ ਵੀ ਮੁਥਾਜ ਹੈ' ਕਹਾਣੀ ਸਾਡੀ ਨਿਆਂ-ਪ੍ਰਣਾਲੀ ਉੱਪਰ ਕਰਾਰਾ ਵਿਅੰਗ ਕਰਦੀ ਹੈ।

ਸਮਕਾਲੀ ਪੰਜਾਬੀ ਕਹਾਣੀਕਾਰਾਂ ਵਿੱਚੋਂ ਬਲਵਿੰਦਰ ਸਿੰਘ ਗਰੇਵਾਲ ਵਿਸ਼ੇਸ਼ ਨਾਂ ਹੈ। ਉਹ ਸੰਵੇਦਨਸ਼ੀਲ ਹੈ; ਉਸ ਕੋਲ ਵਿਲੱਖਣ ਕਹਾਣੀ-ਕਲਾ ਹੈ। 'ਮੋਹ-ਪਾਸ਼' ਉਸ ਦੀ ਵਧੀਆ ਕਹਾਣੀ ਹੈ। ਪਿੰਡਾਂ ਵਿੱਚ ਵਸਦੇ ਲੋਕਾਂ ਦੇ ਮੋਹ-ਪਿਆਰ, ਵੈਰ-ਵਿਰੋਧ ਅਤੇ ਬਦਲੇ ਦੀ ਭਾਵਨਾ ਦਾ ਨਿਕਟ-ਵਿਸ਼ਲੇਸ਼ਨ ਇਸ ਕਹਾਣੀ ਦੀ ਵਿਲੱਖਣਤਾ ਹੈ। 'ਮੋਹ-ਪਾਸ਼' ਮੋਹ ਦੀਆਂ ਤੰਦਾਂ ਦੇ ਉਲਝਾਓ ਅਤੇ ਸੁਲਝਾਓ ਦਾ ਬਿਰਤਾਂਤ ਹੈ। ਇੰਝ ਇਹ ਕਹਾਣੀ ਸੰਸਾਰ ਦੀ ਬੁਨਿਆਦੀ ਇਕਾਈ 'ਮੋਹ' ਦੀ ਸਾਰਥਕਤਾ ਦਾ ਸੁਨੇਹਾ ਦਿੰਦੀ ਹੈ।

ਗੁਰਮੀਤ ਕੜਿਆਲਵੀ ਪੰਜਾਬੀ ਕਹਾਣੀ ਦਾ ਨਿਵੇਕਲਾ ਹਸਤਾਖ਼ਰ ਹੈ। ਇਸ ਸੰਗ੍ਰਹਿ ਵਿੱਚ ਸ਼ਾਮਲ ਉਸ ਦੀ ਕਹਾਣੀ 'ਆਤੂ-ਖੋਜੀ' ਉਸ ਦੁਖਾਂਤ ਨੂੰ ਸਿਰਜਦੀ ਹੈ, ਜਿਹੜਾ ਆਤੂ ਆਪਣੇ ਕਿੱਤੇ ਪ੍ਰਤੀ ਸੁਹਿਰਦ ਅਤੇ ਇਮਾਨਦਾਰ ਹੋ ਕੇ ਹੰਢਾਉਂਦਾ ਹੈ। ਸਮਕਾਲੀ ਭ੍ਰਿਸ਼ਟ ਸਮਾਜ ਵਿੱਚ 'ਆਤੂ' ਇੱਕ ਵਿਅੰਗਮਈ ਸਵਾਲ ਖੜ੍ਹਾ ਕਰਦਾ ਹੈ। ਇੰਝ ਇਹ ਕਹਾਣੀ ਟੇਢੇ ਢੰਗ ਨਾਲ ਸਾਡੀਆਂ ਸਮਾਜਕ ਸੰਸਥਾਵਾਂ ਵਿੱਚ ਕਾਰਜਸ਼ੀਲ ਧਿਰਾਂ ਦੀ ਪ੍ਰਤੀਬੱਧਤਾ ਨੂੰ ਕਾਟੇ ਹੇਠ ਲਿਆਉਂਦੀ ਹੈ। ਕਹਾਣੀ ਸਾਨੂੰ ਆਪਣੇ ਅੰਦਰ ਝਾਤੀ ਮਾਰਨ ਲਈ ਮਜ਼ਬੂਰ ਕਰਦੀ ਹੈ।

ਪੰਜਾਬੀ ਕਹਾਣੀ-ਸੰਸਾਰ ਦਾ ਇਕ ਮਹੱਤਵਪੂਰਨ ਪਹਿਲੂ ਵਿਦੇਸ਼ ਵਿੱਚ ਕਾਰਜਸ਼ੀਲ ਕਹਾਣੀਕਾਰਾਂ ਦੇ ਰੂਪ ਵਿੱਚ ਸਾਹਮਣੇ ਆਇਆ ਹੈ। ਪਰਵਾਸੀ ਜੀਵਨ ਜਿਉਂਦੇ ਪੰਜਾਬੀ ਲੋਕਾਂ ਦੇ ਜੀਵਨ 'ਚ ਝਾਤ ਮਾਰਨ ਦੀ ਕੋਸ਼ਿਸ਼ ਵਿੱਚੋਂ ਕੁਝ ਕਹਾਣੀਆਂ ਅਤੇ ਕਹਾਣੀਕਾਰ ਪੈਦਾ ਹੋਏ ਹਨ। ਇਹਨਾਂ ਵਿੱਚੋਂ ਅਮਨਪਾਲ ਸਾਰਾ ਅਤੇ ਹਰਪ੍ਰੀਤ ਸਿੰਘ ਸੇਖਾ ਦੀਆਂ ਕਹਾਣੀਆਂ ਇਸ ਸੰਗ੍ਰਹਿ ਵਿਚ ਸ਼ਾਮਲ ਕੀਤੀਆਂ ਗਈਆਂ ਹਨ। ਅਮਨਪਾਲ ਸਾਰਾ ਦੀ ਕਹਾਣੀ 'ਗੁਡ ਡੀਅਲ' ਆਰਥਿਕ-ਪਦਾਰਥਕ ਜੀਵਨ ਵਿੱਚੋਂ ਪੈਦਾ ਹੋਈ ਸੰਵੇਦਨਹੀਣਤਾ ਨੂੰ ਅਤਿ ਸਾਰਥਿਕਤਾ ਨਾਲ ਪੇਸ਼ ਕਰਦੀ ਹੈ। ਹੁਣ ਸਥਿਤੀ ਇਹ ਬਣ ਗਈ ਹੈ ਕਿ ਮੌਤ ਵਰਗੀ ਦੁਖਾਂਤਕ ਸਥਿਤੀ ਵਿਚ ਵੀ ਵਿਅਕਤੀ ਆਰਥਕ ਵਾਧੇ-ਘਾਟੇ ਦੇ ਚੱਕਰ ਵਿਚ ਪਿਆ ਹੋਇਆ ਹੈ।

ਇਸੇ ਤਰ੍ਹਾਂ ਹਰਪ੍ਰੀਤ ਸੇਖਾ ਦੀ ਕਹਾਣੀ 'ਪੰਜ ਡਾਲਰ ਦਾ ਨੋਟ' ਵੀ ਪੈਸਾ-ਕੀਮਤਾਂ ਦੀ ਭੱਜ-ਦੌੜ

ਵਿੱਚ ਸਮਾਜਿਕ-ਸਭਿਆਚਾਰਕ ਰਿਸ਼ਤਿਆਂ ਦੇ ਵਿਗਠਨ ਨੂੰ ਪੇਸ਼ ਕਰਦੀ ਹੈ। ਇੰਝ ਪ੍ਰਵਾਸੀ ਪੰਜਾਬੀ ਕਹਾਣੀਆਂ ਪੰਜਾਬੀ ਪਾਠਕ ਨੂੰ ਸੁਚੇਤ ਕਰਦੀਆਂ ਹਨ ਕਿ ਵਿਦੇਸ਼ਾਂ ਵਿੱਚ ਵੀ 'ਸਭ-ਅੱਛਾ' ਨਹੀਂ ਹੈ।

ਸਮੁੱਚੇ ਰੂਪ ਵਿੱਚ ਇਸ ਸੰਗ੍ਰਹਿ ਦਾ ਯੋਗਦਾਨ ਇਹ ਹੈ ਕਿ ਪੰਜਾਬੀ ਵਿਦਿਆਰਥੀਆਂ ਨੂੰ ਪੰਜਾਬੀ ਕਹਾਣੀ ਦੇ ਵੱਖ-ਵੱਖ ਰੰਗਾਂ ਦੀ ਜਾਣਕਾਰੀ ਦਿੱਤੀ ਜਾਵੇ। ਇਸ ਨਾਲ ਪੰਜਾਬੀ ਵਿਦਿਆਰਥੀ ਪੰਜਾਬੀ ਕਹਾਣੀ ਦੀ ਨਿਵੇਕਲੀ ਰਫ਼ਤਾਰ ਅਤੇ ਨੁਹਾਰ ਨਾਲ ਸਾਂਝ ਪਾ ਸਕਣਗੇ। ਇਸੇ ਸਾਂਝ ਨਾਲ ਹੀ ਉਹਨਾਂ ਦੀ ਪੰਜਾਬੀ ਕਥਾ-ਸਾਹਿਤ ਪ੍ਰਤੀ ਜਿਗਿਆਸਾ ਵਿੱਚ ਵਾਧਾ ਹੋਣ ਦੀਆਂ ਸੰਭਾਵਨਾਵਾਂ ਬਣਦੀਆਂ ਹਨ।

ਇਸ ਪੁਸਤਕ ਵਿੱਚ ਬਾਰ੍ਹਵੀਂ ਸ਼੍ਰੇਣੀ ਦੇ ਵਿਦਿਆਰਥੀ ਪੰਜਾਬੀ ਸਾਹਿਤ ਦੇ ਕੁਝ ਆਧੁਨਿਕ ਸਾਹਿਤ-ਰੂਪਾਂ ਅਤੇ ਇਤਿਹਾਸ ਦੀ ਜਾਣਕਾਰੀ ਵੀ ਪ੍ਰਾਪਤ ਕਰਨਗੇ।

ਆਧੁਨਿਕ ਸਾਹਿਤ ਰੂਪ ਜਿਵੇਂ ਗੀਤ, ਗਜ਼ਲ, ਇਕਾਂਗੀ, ਨਾਟਕ, ਰੇਖਾ ਚਿੱਤਰ, ਨਿੱਕੀ ਕਹਾਣੀ ਆਦਿ, ਸਮਕਾਲੀ ਪੰਜਾਬੀ ਸਮਾਜ ਅਤੇ ਸਭਿਆਚਾਰ ਦੀ ਆਤਮਾ ਨੂੰ ਪ੍ਰਦਰਸ਼ਿਤ ਕਰਦੇ ਹਨ। ਇਹਨਾਂ ਸਾਹਿਤ ਰੂਪਾਂ ਦੇ ਨਿਕਾਸ ਤੇ ਵਿਕਾਸ ਦੇ ਸੂਤਰ ਆਧੁਨਿਕ ਸੰਵੇਦਨਾ 'ਚ ਵੇਖੇ ਜਾ ਸਕਦੇ ਹਨ। ਸਮੇਂ ਦੀ ਤੋਰ ਅਨੁਸਾਰ ਉਸ ਦੀ ਤਾਸੀਰ ਨੂੰ ਪ੍ਰਗਟਾਉਂਦੇ ਸਾਹਿਤ ਰੂਪਾਂ ਦਾ ਵਿਸ਼ਲੇਸ਼ਣ ਕਰਦੇ ਹੋਏ ਸੰਬੰਧਤ ਸਮਾਜ ਦੇ ਸੁਭਾਅ ਦੀ ਨੁਹਾਰ ਨੂੰ ਪੜ੍ਹਿਆ ਜਾ ਸਕਦਾ ਹੈ। ਆਧੁਨਿਕ ਪੰਜਾਬੀ ਸਾਹਿਤ ਰੂਪਾਂ ਵਿੱਚੋਂ ਬਦਲ ਰਿਹਾ; ਬਦਲਦਾ ਅਤੇ ਬਦਲਿਆ ਪੰਜਾਬੀ ਵਿਅਕਤੀ ਵੇਖਿਆ ਜਾ ਸਕਦਾ ਹੈ। ਇਹ ਸਾਹਿਤ ਰੂਪ ਪੰਜਾਬੀਆਂ ਦੇ ਮਾਨਵੀ ਸੰਬੰਧਾਂ ਦੀ ਬਾਤ ਪਾਉਂਦੇ ਹਨ। ਇੰਜ ਆਧੁਨਿਕ ਪੰਜਾਬੀ ਸਾਹਿਤ ਰੂਪ ਪੰਜਾਬੀ ਲੋਕ-ਸਮੂਹ ਦੀ ਬਦਲੀ ਹੋਈ ਜੀਵਨ-ਸ਼ੈਲੀ ਦੀ ਸੂਚਨਾ ਦਿੰਦੇ ਹਨ।

ਇਸ ਪੁਸਤਕ ਵਿੱਚ ਸਾਹਿਤ ਦੇ ਕੇਂਦਰੀ ਤੱਤ ਰਸ ਬਾਰੇ ਵੀ ਚਰਚਾ ਕੀਤੀ ਗਈ ਹੈ। ਭਾਰਤੀ ਸਾਹਿਤ ਪਰੰਪਰਾ ਵਿੱਚ ਰਸ-ਸਿਧਾਂਤ ਦਾ ਬੜਾ ਮਹੱਤਵ ਹੈ। ਸੰਸਕ੍ਰਿਤ ਵਿਦਵਾਨਾਂ ਨੇ ਰਸ ਨੂੰ ਕਾਵਿ (ਸਾਹਿਤ) ਦੀ ਆਤਮਾ ਕਿਹਾ ਹੈ। ਰਸ ਦਾ ਸੰਬੰਧ ਕਾਵਿ-ਆਨੰਦ ਅਤੇ ਕਾਵਿ-ਅਨੁਭਵ ਨਾਲ ਹੈ। ਇਸ ਨੂੰ ਪਾਠਕ ਉੱਪਰ ਪੈਣ ਵਾਲੇ ਪ੍ਰਭਾਵ ਵਜੋਂ ਵੀ ਵੇਖਿਆ ਗਿਆ ਹੈ। ਮੁਕਦੀ ਗੱਲ ਇਹ ਕਿ ਸਾਹਿਤ ਦਾ ਸੰਬੰਧ ਮਨੁੱਖੀ ਭਾਵਾਂ ਨਾਲ ਹੈ ਅਤੇ ਰਸ ਸੰਬੰਧੀ ਵਿਚਾਰ ਚਰਚਾ ਦੁਆਰਾ ਵਿਦਿਆਰਥੀਆਂ ਦੀ ਸਾਹਿਤ ਸੰਬੰਧੀ ਭਾਵਮਈ ਸੂਝ ਨੂੰ ਪ੍ਰਚੰਡ ਕਰਨ ਦੀ ਕੋਸ਼ਿਸ਼ ਕੀਤੀ ਜਾ ਸਕਦੀ ਹੈ।

ਆਧੁਨਿਕ ਪੰਜਾਬੀ ਸਾਹਿਤ ਦੇ ਇਤਿਹਾਸਕ ਪ੍ਰਸੰਗ ਅਨੁਸਾਰ ਪੰਜਾਬੀ ਸਾਹਿਤ ਦੇ ਵਿਕਾਸ ਦੀ ਗਤੀਸ਼ੀਲਤਾ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਦਾ ਪ੍ਰਯੋਜਨ ਇਹ ਹੈ ਕਿ ਪੰਜਾਬੀ ਵਿਦਿਆਰਥੀ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਪੰਜਾਬੀ ਸਾਹਿਤ ਲਗਾਤਾਰ ਵਿਕਾਸਸ਼ੀਲ ਪ੍ਰਕਿਰਿਆ ਹੈ। ਇਸ ਨਾਲ ਹੀ ਪੰਜਾਬੀ ਪਾਠਕਾਂ/ਅਧਿਆਪਕਾਂ/ਵਿਦਿਆਰਥੀਆਂ ਵਿੱਚ ਆਪਣੀ ਭਾਸ਼ਾ ਪ੍ਰਤੀ ਰੱਵਈਏ ਨੂੰ ਸੇਧ ਪ੍ਰਾਪਤ ਹੋ ਸਕਦੀ ਹੈ।

ਪੰਜਾਬੀ ਵਿਦਿਆਰਥੀ ਪੰਜਾਬੀ ਸਾਹਿਤ ਦੇ ਆਧਨਿਕ ਰੂਪਾਂ ਤੋਂ ਜਾਣੂ ਹੋ ਕੇ ਬੜੇ ਮਾਣ ਨਾਲ ਕਹਿ ਸਕਦਾ ਹੈ ਕਿ ਪੰਜਾਬੀ ਭਾਸ਼ਾ ਬੀਤੇ ਦੀ ਗੱਲ ਨਹੀਂ ਹੈ। ਆਧੁਨਿਕ ਪੰਜਾਬੀ ਸਾਹਿਤ ਤੋਂ ਪੰਜਾਬੀ ਭਾਸ਼ਾ ਦੀ ਸਮਰੱਥਾ ਦਾ ਪਤਾ ਲੱਗਦਾ ਹੈ।

ਅੰਤ ਪੰਜਾਬੀ ਸਾਹਿਤ-ਦਰਪਣ (ਭਾਗ ਦੂਜਾ) ਪੁਸਤਕ ਪੰਜਾਬੀ ਪਾਠਕਾਂ ਦੇ ਰਚਨਾਤਮਕ ਹੁੰਗਾਰੇ ਲਈ ਪੇਸ਼ ਹੈ.......।

**ਸੰਯੋਜਕ**

# ਜਮਾਤ-12

## ਵਿਸ਼ਾ-ਪੰਜਾਬੀ ਸਾਹਿਤ

**ਸਮਾਂ-3:15 ਘੰਟੇ** **ਅੰਕ- 80**

| ਨੰ. | ਸਿੱਖਿਆ ਖੇਤਰ | ਅੰਕ-ਪੀਰੀਅਡ | |
|---|---|---|---|
| 1. | ਅਣਡਿੱਠਾ ਪੈਰ੍ਹਾ | 10 | 15 |
| 2. | ਨਿਬੰਧ ਰਚਨਾ | 08 | 20 |
| 3. | ਕਹਾਣੀ ਰਚਨਾ | 04 | 10 |
| 4. | ਵਿਹਾਰਕ ਵਿਆਕਰਨ | 13 | 70 |
| 5. | ਪਾਠ-ਪੁਸਤਕ | 45 | 215 |

### 1. ਅਣਡਿੱਠਾ ਪੈਰ੍ਹਾ (150 ਸ਼ਬਦ) (ਅੰਕ-10)

ਵਾਰਤਕ-ਅੰਸ਼ ਵਿੱਚੋਂ ਸਿਰਲੇਖ ਦੀ ਚੋਣ, ਵਿਸ਼ਾ-ਵਸਤੂ ਬੋਧ ਅਤੇ ਸ਼ਬਦਾਰਥ ਨਾਲ ਸੰਬੰਧਤ ਬਰਾਬਰ ਅੰਕਾਂ ਦੇ ਪੰਜ ਪ੍ਰਸ਼ਨ ਪੁੱਛੇ ਜਾਣਗੇ।

### 2. ਨਿਬੰਧ-ਰਚਨਾ (ਅੰਕ-08)

ਕਿਸੇ ਇੱਕ - ਸ਼ਖ਼ਸੀਅਤ, ਸਮਾਜਕ, ਸਭਿਆਚਾਰਕ ਅਤੇ ਸਮਕਾਲੀ -ਵਿਸ਼ੇ ਉੱਪਰ ਅਧਾਰਿਤ (ਚਾਰਾਂ ਵਿੱਚੋਂ ਕੋਈ ਇੱਕ, 200-250 ਸ਼ਬਦ ਸੀਮਾ)

### 3. ਕਹਾਣੀ-ਰਚਨਾ (ਅੰਕ-04)

ਪ੍ਰਸਤੁਤ ਅੰਕੜਿਆਂ/ ਤੱਥਾਂ/ ਸੰਕੇਤਾਂ ਦੇ ਆਧਾਰ 'ਤੇ।(ਚਾਰ ਵਿੱਚੋਂ ਇੱਕ, 100-125 ਸ਼ਬਦ-ਸੀਮਾ)

### 4. ਵਿਹਾਰਕ ਵਿਆਕਰਨ (ਅੰਕ-13)

(1) ਅਖਾਣ(ਅਰਥ ਅਤੇ ਵਾਕ ਪ੍ਰਯੋਗ) 02

(2) ਮੁਹਾਵਰੇ (ਅਰਥ ਅਤੇ ਵਾਕ ਪ੍ਰਯੋਗ) 02

(3)ਵਿਸ਼ਰਾਮ-ਚਿੰਨ੍ਹ(ਵਾਕ ਪ੍ਰਯੋਗ) 03

(4) ਵਾਕ-ਬੋਧ ( ਉਦੇਸ਼ ਤੇ ਵਿਧੇਅ, ਵਾਕਾਂਸ਼ ਤੇ ਉਪਵਾਕ, ਬਣਤਰ ਅਤੇ ਕਾਰਜ ਪੱਖੋਂ ਵਾਕਾਂ ਦੀ ਸ਼੍ਰੇਣੀ-ਵੰਡ)। 06

BSER

## 5. ਪਾਠ-ਪੁਸਤਕ (ਅੰਕ-45)

### 5.1- ਕਵਿਤਾ

(1) ਕਾਵਿ-ਅੰਸ਼ ਉੱਪਰ ਅਧਾਰਿਤ ਵਿਆਖਿਆ ਤੇ ਬੋਧ ਪ੍ਰਸ਼ਨ (ਦੋ ਵਿੱਚੋਂ ਇੱਕ) 10

(2) ਕਵਿਤਾਵਾਂ ਉੱਪਰ ਅਧਾਰਿਤ ਵਿਸ਼ਾ-ਵਸਤੂ ਜਾਂ ਸਾਰ ਸੰਬੰਧੀ ਪ੍ਰਸ਼ਨ (ਚਾਰ ਵਿੱਚੋਂ ਦੋ) 10

### 5.2- ਕਹਾਣੀ

(1) ਕਹਾਣੀ ਉੱਪਰ ਅਧਾਰਿਤ ਅਤਿ ਲਘੂ-ਉੱਤਰਾਤਮਿਕ ਪ੍ਰਸ਼ਨ (ਅੱਠ ਵਿੱਚੋਂ ਪੰਜ) 05

(2) ਕਹਾਣੀ ਉੱਪਰ ਅਧਾਰਿਤ ਪਾਤਰ-ਉਸਾਰੀ ਜਾਂ ਸਾਰ ਸੰਬੰਧੀ ਨਿਬੰਧਾਤਮਿਕ ਪ੍ਰਸ਼ਨ (ਦੋ ਵਿੱਚੋਂ ਇੱਕ) 05

### 5.3- ਸਾਹਿਤ ਰੂਪ-ਵਿਧਾਨ ਅਤੇ ਇਤਿਹਾਸ

(1) ਸਾਹਿਤ ਦੇ ਰੂਪ :-ਕਵਿਤਾ, ਗੀਤ, ਗ਼ਜ਼ਲ, ਨਾਟਕ, ਇਕਾਂਗੀ, ਨਿੱਕੀ ਕਹਾਣੀ ਅਤੇ ਰੇਖਾ-ਚਿੱਤਰ ।(ਅਰਥ, ਪਰਿਭਾਸ਼ਾ ਤੇ ਪ੍ਰਕਿਰਤੀ) 06

(2) ਰਸ:-ਨੌਂ ਰਸ (ਪਰਿਭਾਸ਼ਾ, ਲੱਛਣ ਤੇ ਉਦਾਹਰਨ)। 02

(3) ਪੰਜਾਬੀ ਸਾਹਿਤ ਦੇ ਇਤਿਹਾਸ (ਆਧੁਨਿਕ ਕਾਲ) ਉੱਪਰ ਅਧਾਰਿਤ ਨਿਬੰਧਾਤਮਿਕ ਪ੍ਰਸ਼ਨ (ਤਿੰਨ ਵਿੱਚੋਂ ਇੱਕ) 07

### ਨਿਰਧਾਰਿਤ ਪਾਠ-ਪੁਸਤਕ-

ਪੰਜਾਬੀ ਸਾਹਿਤ-ਦਰਪਣ( ਭਾਗ ਦੂਜਾ)- ਮਾਧਮਿਕ ਸਿੱਖਿਆ ਬੋਰਡ ਰਾਜਸਥਾਨ, ਅਜਮੇਰ।

### ਪ੍ਰਮਾਣਿਕ ਸਹਾਇਕ ਪੁਸਤਕਾਂ:-

1. ਆਧੁਨਿਕ ਪੰਜਾਬੀ ਵਿਆਕਰਨ ਅਤੇ ਲੇਖ ਰਚਨਾ -ਪੰਜਾਬ ਸਕੂਲ ਸਿੱਖਿਆ ਬੋਰਡ।
2. ਪੰਜਾਬੀ ਵਿਆਕਰਨ (ਡਾ. ਹਰਕੀਰਤ ਸਿੰਘ, ਗਿਆਨੀ ਲਾਲ ਸਿੰਘ) ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਚੰਡੀਗੜ੍ਹ।
3. ਪੰਜਾਬੀ-ਤੀਜੀ ਭਾਸ਼ਾ ਅਧਿਆਪਨ (ਬੀ. ਐੱਸ. ਟੀ. ਸੀ. ਦੂਜਾ ਸਾਲ) - ਰਾਜਸਥਾਨ ਰਾਜ ਪਾਠ-ਪੁਸਤਕ ਮੰਡਲ, ਜੈਪੁਰ।

BSER

# ਤਤਕਰਾ

## ਖੰਡ -1 (ਕਵਿਤਾ)


1.ਭਾਈ ਵੀਰ ਸਿੰਘ 02

ਚੜ੍ਹ ਚੱਕ ਤੇ ਚੱਕ ਘੁਮਾਨੀਆਂ

ਸਮਾਂ

ਇਲਮ, ਅਮਲ

2.ਪ੍ਰੋ. ਪੂਰਨ ਸਿੰਘ 07

ਪੰਜਾਬ ਦੇ ਮਜੂਰ

ਹਲ ਵਾਹੁਣ ਵਾਲੇ

ਪੰਜਾਬ ਦੇ ਦਰਿਆ

3.ਧਨੀ ਰਾਮ ਚਾਤ੍ਰਿਕ 11

ਗਰੀਬ ਕਿਰਸਾਣ

ਇਨਸਾਨਸਤਾਨ

4.ਬਾਬੂ ਫੀਰੋਜ਼ਦੀਨ ਸ਼ਰਫ਼ 18

ਅਰਸ਼ੀ ਦੀਵਾਲੀ

ਮੈਂ ਪੰਜਾਬੀ

5.ਪ੍ਰੋ. ਮੋਹਨ ਸਿੰਘ 23

ਖ਼ਨਗਾਹੀਂ ਦੀਵਾ ਬਾਲਦੀਏ

ਮੇਰੇ ਗੀਤ

6.ਹਰਿਭਜਨ ਸਿੰਘ 28


BSER

ਸੌਂ ਜਾ ਮੇਰੇ ਮਾਲਕਾ (ਗੀਤ)

ਬਿਰਛ ਨਾਲ ਲੈ ਕੇ ਤੁਰਨਾ ਹੈ

7. ਸ.ਸ.ਮੀਸ਼ਾ 32

ਧਰਤੀ ਦੇ ਬੋਲ

ਦੁਸ਼ਮਣੀ ਦੀ ਦਾਸਤਾਨ

8. ਪਾਸ਼ 38

ਸਭ ਤੋਂ ਖ਼ਤਰਨਾਕ

(ਹਾਣੀਆ) ਗੀਤ

9. ਸੰਤ ਰਾਮ ਉਦਾਸੀ 44

ਚੂੜੀਆਂ ਦਾ ਹੋਕਾ

ਸੀਰੀ ਤੇ ਜੱਟ ਦੀ ਸਾਂਝੀ ਵਿਥਿਆ ਦੇ ਨਾਂ..........

10. ਸੁਰਜੀਤ ਪਾਤਰ 49

ਪੁਰਖਿਆਂ ਦੇ ਰਸਤੇ 'ਤੇ

ਆਇਆ ਨੰਦ ਕਿਸ਼ੋਰ

11. ਡਾ. ਜਗਤਾਰ 54

ਬਦੇਸ਼ੀ ਸੌਦਾਗਰ

ਇਹ ਲਹੂ ਲੋਕਾਂ ਦਾ ਹੈ

ਹਰ ਮੋੜ ਤੇ ਸਲੀਬਾਂ (ਗ਼ਜ਼ਲ)

12. ਡਾ. ਪਾਲ ਕੌਰ 60

ਖੜ੍ਹਾ-ਸਾਈਕਲ

ਔੜ

13. ਗੁਰਭਜਨ ਗਿੱਲ 65

ਧੀਆਂ ਦੀਆਂ ਲੋਹੜੀਆਂ (ਗੀਤ)

ਆਪਣੀ ਜਾਚੇ (ਗ਼ਜ਼ਲ)

BSER

ਜੇ ਤੁਰਿਐ (ਗ਼ਜ਼ਲ)

14. ਗੁਰਤੇਜ ਕੋਹਾਰਵਾਲਾ 70

ਹੋਰਾਂ ਵਾਂਗੂੰ (ਗ਼ਜ਼ਲ)

ਕਿਤਾਬਾਂ ਵਰਗੇ ਲੋਕਾਂ (ਗ਼ਜ਼ਲ)

ਜ਼ਾਬਤਿਆਂ ਦੀ ਇਹ ਗਲਵੱਕੜੀ (ਗ਼ਜ਼ਲ)

ਔੜ ਏਦਾਂ ਹੀ (ਗ਼ਜ਼ਲ)

15. ਡਾ. ਵਨੀਤਾ 75

ਨਿ:ਸ਼ਬਦ

ਚੰਗਾ ਹੁੰਦਾ ਹੈ ਉਦਾਸ ਹੋਣਾ

ਬੀਤੇ ਵਰ੍ਹੇ ਦੇ ਕੈਲੰਡਰ 'ਚ ਟੰਗੇ ਦਿਨ

16. ਤ੍ਰੈਲੋਚਨ ਲੋਚੀ 81

ਕੁੜੀਆਂ ਤਾਂ ਕਵਿਤਾਵਾਂ ਹੁੰਦੀਆਂ (ਗ਼ਜ਼ਲ)

ਅਰਦਾਸ ਕਰੀਂ (ਗ਼ਜ਼ਲ)

ਹੱਥਾਂ ਦੇ ਵਿੱਚ ਡਿਗਰੀਆਂ (ਗ਼ਜ਼ਲ)

ਕਿਤਾਬਾਂ ਤੇ ਕੁੜੀਆਂ (ਗ਼ਜ਼ਲ)


## ਖੰਡ-2 (ਕਹਾਣੀ )


| | | |
|---|---|---|
| 1. ਭੂਆ | ਨਾਨਕ ਸਿੰਘ | 89 |
| 2. ਸ਼ਹੀਦ ਦੀ ਮਾਂ | ਸੰਤ ਸਿੰਘ ਸੇਖੋਂ | 96 |
| 3. ਕੋਈ ਇੱਕ ਸਵਾਰ | ਸੰਤੋਖ ਸਿੰਘ ਧੀਰ | 101 |
| 4. ਮੈਨੂੰ ਜਾਣਨੈ ? | ਕੁਲਵੰਤ ਸਿੰਘ ਵਿਰਕ | 108 |
| 5. ਘੜੀ ਤਾਂ ਖਰਾਬ ਹੋ-ਗੀ ! | ਗੁਰਦਿਆਲ ਸਿੰਘ | 113 |
| 6. ਹਵਾ | ਗੁਰਦੇਵ ਸਿੰਘ ਰੁਪਾਣਾ | 121 |
| 7. ਆਪਣਾ-ਆਪਣਾ ਹਿੱਸਾ | ਵਰਿਆਮ ਸਿੰਘ ਸੰਧੂ | 128 |


BSER

| | | |
|---|---|---|
| 8. ਸੱਚ ਵੀ ਮੁਥਾਜ ਹੈ | ਹਰਪਾਲ ਸਿੰਘ ਲੱਖੀਆਂ | 137 |
| 9. ਮੋਹ-ਪਾਸ਼ | ਬਲਵਿੰਦਰ ਸਿੰਘ ਗਰੇਵਾਲ | 145 |
| 10. ਆਤੂ ਖੋਜੀ | ਗੁਰਮੀਤ ਕੜਿਆਲਵੀ | 160 |
| 11. ਗੁੱਡ ਡੀਅਲ | ਅਮਨਪਾਲ ਸਾਰਾ | 171 |
| 12. ਪੰਜ ਡਾਲਰ ਦਾ ਨੋਟ | ਹਰਪ੍ਰੀਤ ਸਿੰਘ ਸੇਖਾ | 179 |


# ਖੰਡ -3
# (ਸਾਹਿਤ ਰੂਪ-ਵਿਧਾਨ ਅਤੇ ਇਤਿਹਾਸ)


1. ਸਾਹਿਤ ਦੇ ਰੂਪ 186—207

(ੳ) ਕਵਿਤਾ 186

(ਅ) ਗੀਤ 190

(ੲ) ਗ਼ਜ਼ਲ 192

(ਸ) ਨਾਟਕ 195

(ਹ) ਇਕਾਂਗੀ 198

(ਕ) ਨਿੱਕੀ ਕਹਾਣੀ 201

(ਖ) ਰੇਖਾ ਚਿੱਤਰ 205

2. ਰਸ 208-214

3. ਪੰਜਾਬੀ ਸਾਹਿਤ ਦਾ ਸੰਖੇਪ ਇਤਿਹਾਸ (ਆਧੁਨਿਕ ਕਾਲ) 215-271

(ੳ) ਪੰਜਾਬੀ ਕਵਿਤਾ ਦਾ ਇਤਿਹਾਸ 215

(ਅ) ਪੰਜਾਬੀ ਨਾਵਲ ਦਾ ਇਤਿਹਾਸ 231

(ੲ) ਪੰਜਾਬੀ ਨਿੱਕੀ ਕਹਾਣੀ ਦਾ ਇਤਿਹਾਸ 238

(ਸ) ਪੰਜਾਬੀ ਨਾਟਕ ਦਾ ਇਤਿਹਾਸ 245

(ਹ) ਪੰਜਾਬੀ ਵਾਰਤਕ ਦਾ ਇਤਿਹਾਸ 251

4. ਸਹਾਇਕ ਪੁਸਤਕ ਸੂਚੀ 272-273


PSEB

# ਖੰਡ -1

## (ਕਵਿਤਾ)

BSER

# 1. ਭਾਈ ਵੀਰ ਸਿੰਘ

ਭਾਈ ਵੀਰ ਸਿੰਘ ਨੂੰ ਆਧੁਨਿਕ ਪੰਜਾਬੀ ਕਵਿਤਾ ਦਾ ਮੋਢੀ ਕਵੀ ਸਵੀਕਾਰਿਆ ਜਾਂਦਾ ਹੈ। ਉਹਨਾਂ ਦੀ ਕਵਿਤਾ ਨਾਲ ਪੰਜਾਬੀ ਕਵਿਤਾ ਨਵੇਂ ਦੌਰ ਵਿੱਚ ਦਾਖਿਲ ਹੁੰਦੀ ਹੈ। ਉਹਨਾਂ ਨੇ ਗੁਰਬਾਣੀ ਦੀ ਵਿਚਾਰਧਾਰਾ ਨੂੰ ਆਪਣੀ ਕਵਿਤਾ ਵਿੱਚ ਨਿਵੇਕਲੇ ਢੰਗ ਨਾਲ ਪੇਸ਼ ਕਰਨ ਦਾ ਯਤਨ ਕੀਤਾ ਹੈ। ਉਹਨਾਂ ਨੇ ਆਪਣੀ ਕਵਿਤਾ ਵਿੱਚ ਕੁਦਰਤ ਪਿਆਰ ਨੂੰ ਵੀ ਦਾਰਸ਼ਨਿਕ ਵਿਚਾਰਾਂ ਰਾਹੀ ਸੰਚਾਰਿਤ ਕੀਤਾ ਹੈ। ਭਾਈ ਵੀਰ ਸਿੰਘ ਨੂੰ ਛੋਟੀ ਕਵਿਤਾ ਦਾ ਵੱਡਾ ਕਵੀ ਕਿਹਾ ਜਾਂਦਾ ਹੈ।

ਭਾਈ ਵੀਰ ਸਿੰਘ ਦਾ ਜਨਮ 5 ਦਸੰਬਰ 1872 ਈ. ਨੂੰ ਡਾ. ਚਰਨ ਸਿੰਘ ਦੇ ਘਰ ਅੰਮ੍ਰਿਤਸਰ ਵਿਖੇ ਹੋਇਆ। ਭਾਈ ਵੀਰ ਸਿੰਘ ਦੀ ਮਾਤਾ ਦਾ ਨਾਂ ਸ਼੍ਰੀਮਤੀ ਉੱਤਮ ਕੌਰ ਸੀ। ਆਪ ਨੇ ਦੱਸਵੀਂ ਤੱਕ ਦੀ ਵਿੱਦਿਆ ਮਿਸ਼ਨ ਹਾਈ ਸਕੂਲ ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ ਤੇ ਇਮਤਿਹਾਨ ਜ਼ਿਲ੍ਹੇ 'ਚੋਂ ਅੱਵਲ ਰਹਿ ਕੇ ਪਾਸ ਕੀਤਾ, ਪਿਤਾ ਚਰਨ ਸਿੰਘ ਸ਼ਹੀਦ ਅਤੇ ਨਾਨਾ ਗਿਆਨੀ ਹਜ਼ਾਰਾ ਸਿੰਘ ਤੋਂ ਸਾਹਿਤਕ ਚੇਟਕ ਹਾਸਿਲ ਕੀਤੀ। ਭਾਈ ਸਾਹਿਬ ਨੇ ਵਜ਼ੀਰ ਹਿੰਦ ਪ੍ਰੈੱਸ ਸਥਾਪਿਤ ਕੀਤੀ ਤੇ 'ਖਾਲਸਾ ਸਮਾਚਾਰ' ਪੱਤਰ ਸ਼ੁਰੂ ਕੀਤਾ। ਉਹ ਸਰਬਾਂਗੀ ਲੇਖਕ ਸਨ। ਨਾਵਲ, ਨਾਟਕ, ਵਾਰਤਕ ਆਦਿ ਖੇਤਰਾਂ ਵਿੱਚ ਭਾਈ ਸਾਹਿਬ ਨੇ ਉੱਚ ਪਾਏ ਦੀਆਂ ਰਚਨਾਵਾਂ ਦੀ ਸਿਰਜਣਾ ਕੀਤੀ।

ਆਪ ਨੇ ਪੰਜਾਬ ਯੂਨੀਵਰਸਿਟੀ ਵੱਲੋਂ ਡਾਕਟਰ ਆਫ਼ ਓਰੀਐਂਟਲ ਲਰਨਿੰਗ ਦੀ ਉਪਾਧੀ ਹਾਸਿਲ ਕੀਤੀ। ਵਿਧਾਨ ਪ੍ਰੀਸ਼ਦ ਦਾ ਮੈਂਬਰ ਨਾਮਜ਼ਦ ਹੋਣ, ਭਾਰਤੀ ਸਾਹਿਤ ਅਕਾਦਮੀ ਵੱਲੋਂ "ਮੇਰੇ ਸਾਈਆਂ ਜੀਉ" ਕਾਵਿ ਪੁਸਤਕ 'ਤੇ ਇਨਾਮ ਹਾਸਿਲ ਕਰਨ ਦੇ ਨਾਲ-ਨਾਲ ਭਾਰਤ ਸਰਕਾਰ ਵੱਲੋਂ ਆਪ ਨੂੰ ਪਦਮ ਭੂਸ਼ਨ ਵਰਗੇ ਗੌਰਵਸ਼ਾਲੀ ਸਨਮਾਨ ਨਾਲ ਨਿਵਾਜਿਆ ਜਾ ਚੁੱਕਾ ਹੈ। 10 ਜੂਨ 1957 ਨੂੰ ਆਪ ਦਾ ਦੇਹਾਂਤ ਹੋ ਗਿਆ ।

ਭਾਈ ਸਾਹਿਬ ਦੁਆਰਾ ਰਚਿਤ ਮਹਾਂਕਾਵਿ 'ਰਾਣਾ ਸੂਰਤ ਸਿੰਘ' ਨਾਲ ਆਧੁਨਿਕ ਪੰਜਾਬੀ ਸਾਹਿਤ ਵਿੱਚ ਕਲਾਤਮਕ ਮਹਾਂਕਾਵਿ-ਪਰੰਪਰਾ ਦੀ ਸ਼ੁਰੂਆਤ ਹੁੰਦੀ ਹੈ। 'ਲਹਿਰਾਂ ਦੇ ਹਾਰ', 'ਬਿਜਲੀਆਂ ਦੇ ਹਾਰ' 'ਪ੍ਰੀਤ ਵੀਣਾ', 'ਕੰਬਦੀ ਕਲਾਈ', 'ਮਟਕ ਹੁਲਾਰੇ', 'ਲਹਿਰ ਹੁਲਾਰੇ' ਅਤੇ 'ਮੇਰੇ ਸਾਂਈਆਂ ਜੀਓ' ਤੋਂ ਇਲਾਵਾ 'ਦੀਵਾਨ ਭਾਈ ਵੀਰ ਸਿੰਘ'(ਗ਼ਜ਼ਲਾਂ) ਆਦਿ ਆਪ ਦੀਆਂ ਵਰਨਣਯੋਗ ਕਾਵਿ ਪੁਸਤਕਾਂ ਹਨ। ਭਾਈ ਵੀਰ ਸਿੰਘ ਨੇ ਆਪਣੀ ਕਾਵਿ-ਰਚਨਾ ਰਾਹੀਂ ਪੰਜਾਬੀ ਕਵਿਤਾ ਨੂੰ ਅਮੀਰੀ ਪ੍ਰਦਾਨ ਕੀਤੀ।

BSER

## ਚੜ੍ਹ ਚੱਕ ਤੇ ਚੱਕ ਘੁਮਾਨੀਆਂ

ਚੜ੍ਹ ਚੱਕ ਤੇ ਚੱਕ ਘੁਮਾਨੀਆਂ
ਮਹੀਂਵਾਲ ਤੋਂ ਸਦਕੇ (ਪਈ) ਜਾਨੀਆਂ,
ਮੈ ਤਾਂ ਬਦਲਾਂ ਨੂੰ ਫ਼ਰਸ਼ ਬਨਾਨੀਆਂ,
ਉੱਤੇ ਨਾਚ ਰੰਗੀਲੜੇ ਪਾਨੀਆਂ,
ਬਾਜੀ ਬਿਜਲੀ ਦੇ ਨਾਲ ਲਗਾਨੀਆਂ,
ਖਿੜ ਖਿੜ ਹੱਸਨੀਆਂ ਓਨੂੰ ਸ਼ਰਮਾਨੀਆਂ,
ਤਾਰੇ ਕੇਸਾਂ ਦੇ ਵਿੱਚ ਗੁੰਦਾਂਨੀਆਂ,
ਚੰਦ ਮੱਥੇ ਤੇ ਚਾ ਲਟਕਾਨੀਆਂ,
ਨੀਲੇ ਅਰਸ਼ਾਂ ਤੇ ਠੁਮਕਦੀ ਜਾਨੀਆਂ,
ਮੀਹ ਕਿਰਨਾਂ ਦਾ ਪਈ ਵਸਾਨੀਆਂ,
'ਜਿੰਦ-ਕਣੀਆਂ ਦੀ ਲੁੱਟ ਲੁਟਾਨੀਆਂ,
ਅਰਸ਼ੀ ਪੀਘ ਕਮਾਨ ਬਨਾਨੀਆਂ,
ਰੰਗ ਰੂਪ ਦੇ ਤੀਰ ਵਸਾਨੀਆਂ,
ਨੂਰ ਅੱਖੀਆਂ ਵਿੱਚ ਸਮਾਨੀਆਂ,
ਨੂਰੋ ਨੂਰ ਹੁੰਵਦੜੀ ਜਾਨੀਆਂ,
ਨੂਰ ਨੂਰੀਆਂ ਨੂੰ ਪਈ ਲਾਨੀਆਂ

**(ਚੱਕ-ਜਿਸ 'ਤੇ ਘੁਮਿਆਰ ਆਪਣੇ ਭਾਂਡੇ ਬਣਉਂਦਾ ਹੈ, ਠੁਮਕਦੀ ਜਾਨੀ ਆਂ-ਨੱਚਦੀ ਤੁਰੀ ਜਾਂਦੀ, ਨੂਰ- ਚਾਨਣ ਜਾਂ ਰੱਬੀ ਰੌਸ਼ਨੀ ਦਾ ਅਨੁਭਵ)**

## ਸਮਾਂ

ਰਹੀ ਵਾਸਤੇ ਘੱਤ, 'ਸਮੇਂ' ਇੱਕ ਨ ਮੰਨੀ।

ਫੜ ਫੜ ਰਹੀ ਧਰੀਕ, 'ਸਮੇਂ' ਖਿਸਕਾਈ ਕੰਨੀ।

ਕਿਵੇਂ ਨਾ ਸੱਕੀ ਰੋਕ, ਅਟਕ ਜੋ ਪਾਈ, ਭੰਨੀ।

ਤ੍ਰਿੱਖੇ ਆਪਣੇ ਵੇਗ, ਗਿਆ ਟੱਪ ਬੰਨੇ ਬੰਨੀਂ।

ਹੋ! ਅਜੇ ਸੰਭਾਲ ਇਸ 'ਸਮੇਂ' ਨੂੰ

ਕਰ ਸਫਲ ਉਡੰਦਾ ਜਾਂਵਦਾ।

ਇਹ ਠਹਿਰਣ ਜਾਚ ਨਾ ਜਾਂਣਦਾ,

ਲੰਘ ਗਿਆ ਨ ਮੁੜ ਕੇ ਆਂਵਦਾ।

**(ਵਾਸਤੇ ਘੱਤ- ਹਾੜੇ ਪਾ, ਮਿੰਨਤਾਂ। ਧਰੀਕ- ਘਸੀਟ, ਕੰਨੀ- ਕਿਨਾਰਾ, ਪੱਲਾ। ਅਟਕ-ਰੋਕ, ਭੰਨੀ- ਤੋੜ ਦਿੱਤੀ, ਵੇਗ-ਚਾਲ)**

## ਇਲਮ, ਅਮਲ

ਸਿਰ ਕਚਕੌਲ ਬਨਾ ਹਥ ਲੀਤਾ,

ਪੜ੍ਹਿਆਂ ਦੁਆਰੇ ਫਿਰਿਆ,

ਦਰ ਦਰ ਦੇ ਟੁਕ ਮੰਗ ਮੰਗ ਪਾਏ,

ਤੁੰਨ ਤੁੰਨ ਕੇ ਇਹ ਭਰਿਆ,

ਭਰਿਆ ਦੇਖ ਅਫਰਿਆ ਮੈਂ ਸਾਂ,

ਜਾਣਾਂ ਪੰਡਤ ਹੋਆ,

ਟਿਕੇ ਨਾ ਪੈਰ ਜ਼ਿਮੀਂ ਤੇ ਮੇਰਾ

ਉੱਚਾ ਹੋ ਹੋ ਟੁਰਿਆ।।

ਇਕ ਦਿਨ ਏ ਕਚਕੌਲ ਲੈ ਗਿਆ,

ਮੁਰਸ਼ਦ ਮੂਹਰੇ ਧਰਿਆ,

'ਜੂਠ ਜੂਠ' ਕਰ ਉਸ ਉਲਟਾਇਆ

ਖਾਲੀ ਸਾਰਾ ਕਰਿਆ,

ਮਲ ਮਲ ਕੇ ਫਿਰ ਧੋਤਾ ਇਸ ਨੂੰ

ਮੈਲ ਇਲਮ ਦੀ ਲਾਹੀ

ਦੇਖੋ, ਇਹ ਕਚਕੌਲ ਲਿਸ਼ਕਿਆ;

ਕੰਵਲ ਵਾਂਙ ਫਿਰ ਖਿੜਿਆ।।

**(ਇਲਮ- ਗਿਆਨ, ਅਮਲ- ਕਰਮ, ਕਚਕੌਲ-ਕੱਚ ਦਾ ਕੌਲ, ਮੁਰਸ਼ਦ- ਗੁਰੂ,ਪੀਰ, ਉਸਤਾਦ।)**

BSER

## ਅਭਿਆਸ ਪ੍ਰਸ਼ਨ

1. ਹੇਠ ਲਿਖੇ ਕਾਵਿ ਬੰਦਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।

(ੳ) ਹੋ ! ਅਜੇ ਸੰਭਾਲ ਇਸ 'ਸਮੇਂ' ਨੂੰ
ਕਰ ਸਫਲ ਉਡੰਦਾ ਜਾਂਵਦਾ।
ਇਹ ਠਹਿਰਣ ਜਾਚ ਨਾ ਜਾਂਣਦਾ,
ਲੰਘ ਗਿਆ ਨ ਮੁੜ ਕੇ ਆਂਵਦਾ।

(ਅ) ਇਕ ਦਿਨ ਏ ਕਚਕੌਲ ਲੈ ਗਿਆ,
ਮੁਰਸ਼ਦ ਮੂਹਰੇ ਧਰਿਆ,
'ਜੂਠ ਜੂਠ' ਕਰ ਉਸ ਉਲਟਇਆ
ਖਾਲੀ ਸਾਰਾ ਕਰਿਆ,
ਮਲ ਮਲ ਕੇ ਫਿਰ ਧੋਤਾ ਇਸ ਨੂੰ
ਮੈਲ ਇਲਮ ਦੀ ਲਾਹੀ
ਦੇਖੋ, ਇਹ ਕਚਕੌਲ ਲਿਸ਼ਕਿਆ;
ਕੰਵਲ ਵਾਂਙ ਫਿਰ ਖਿੜਿਆ।।

2. 'ਚੜ੍ਹ ਚੱਕ ਤੇ ਚੱਕ ਘੁਮਾਨੀਆਂ' ਕਵਿਤਾ ਦਾ ਸਾਰ ਲਿਖੋ।

3. 'ਸਮਾਂ' ਕਵਿਤਾ ਸਾਨੂੰ ਕੀ ਸੁਨੇਹਾ ਦਿੰਦੀ ਹੈ।

4. 'ਇਲਮ, ਅਮਲ' ਕਵਿਤਾ ਦਾ ਕੇਂਦਰੀ ਭਾਵ ਬਿਆਨ ਕਰੋ।

5. ਕਵਿਤਾ ਵਿੱਚ ਕਵੀ ਕਿਸ ਤੋਂ ਸਦਕੇ ਜਾਂਦਾ ਹੈ ਅਤੇ ਕਿਉਂ ?

BSER

# 2. ਪ੍ਰੋ. ਪੂਰਨ ਸਿੰਘ

ਪ੍ਰੋ. ਪੂਰਨ ਸਿੰਘ ਪੰਜਾਬੀ ਕਾਵਿ ਜਗਤ ਵਿੱਚ 'ਅਲਬੇਲੇ ਕਵੀ' ਵਜੋਂ ਜਾਣਿਆ ਜਾਂਦਾ ਹੈ। ਆਪ ਨੇ ਪੰਜਾਬੀ ਵਿੱਚ ਛੰਦ ਮੁਕਤ-ਖੁੱਲ੍ਹੀ ਕਵਿਤਾ ਦੀ ਪਿਰਤ ਪਾਈ, ਜਿਸ ਨੂੰ 'ਸੈਲਾਨੀ ਛੰਦ' ਦੀ ਸੰਗਿਆ ਵੀ ਦਿੱਤੀ ਜਾਂਦੀ ਹੈ। ਆਪ ਨੇ ਪੰਜਾਬੀ ਕਵਿਤਾ ਵਿੱਚ ਵੱਡਾ ਪਰਿਵਰਤਨ ਲਿਆਂਦਾ। ਇਸ ਪੱਖੋਂ ਆਪ ਦੀ ਕਵਿਤਾ 'ਤੇ ਅਮਰੀਕਨ ਕਵੀ ਵਾਲਟ ਵਿੱਟਮੈਨ ਦਾ ਪ੍ਰਭਾਵ ਮੰਨਿਆ ਜਾਂਦਾ ਹੈ। ਪ੍ਰੋ. ਪੂਰਨ ਸਿੰਘ ਦੀ ਕਵਿਤਾ ਵਿੱਚ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਝਲਕ ਨਜ਼ਰ ਆਉਂਦੀ ਹੈ।

ਪ੍ਰੋ. ਪੂਰਨ ਸਿੰਘ ਦਾ ਜਨਮ 17 ਜਨਵਰੀ 1881 ਵਿੱਚ ਪਿੰਡ ਸਲਹੱਡ ਜਿਲ੍ਹਾ ਐਬਟਾਬਾਦ(ਪਕਿਸਤਾਨ) ਵਿਖੇ ਹੋਇਆ। ਪ੍ਰੋ. ਪੂਰਨ ਸਿੰਘ ਨੇ ਮੁੱਢਲੀ ਵਿੱਦਿਆ ਰਾਵਲਪਿੰਡੀ ਤੋਂ ਹਾਸਿਲ ਕੀਤੀ। ਐੱਮ.ਐੱਸ. ਸੀ. ਪਾਸ ਕਰਕੇ ਉਚੇਰੀ ਪੜ੍ਹਾਈ ਲਈ ਜਾਪਾਨ ਚਲੇ ਗਏ। ਜਾਪਾਨ ਵਿੱਚ ਸਾਹਿਤ ਕਲਾ ਦਾ ਅਧਿਐਨ ਕਰਦਿਆਂ ਆਪ ਨੇ ਬੁੱਧ ਧਰਮ ਦਾ ਵਿਸ਼ੇਸ਼ ਪ੍ਰਭਾਵ ਵੀ ਕਬੂਲਿਆ। ਸਵਾਮੀ ਰਾਮ ਤੀਰਥ ਦੇ ਪ੍ਰਭਾਵ ਅਧੀਨ ਆਪ ਵੇਦਾਂਤੀ ਬਣ ਗਏ, ਅੰਤ ਭਾਈ ਵੀਰ ਸਿੰਘ ਦੀ ਪ੍ਰੇਰਣਾ ਸਦਕਾ ਸਿੰਘ ਸਜ ਗਏ। ਪ੍ਰੋ. ਪੂਰਨ ਸਿੰਘ ਨੇ ਪੰਜਾਬੀ ਤੋਂ ਇਲਾਵਾ ਅੰਗਰੇਜ਼ੀ ਅਤੇ ਹਿੰਦੀ ਵਿੱਚ ਵੀ ਕਲਮ ਅਜ਼ਮਾਈ। 31 ਮਾਰਚ 1931 ਨੂੰ ਪ੍ਰੋ. ਪੂਰਨ ਸਿੰਘ ਦਾ ਦੇਹਾਂਤ ਹੋ ਗਿਆ।

'ਖੁੱਲ੍ਹੇ ਘੁੰਡ', 'ਖੁੱਲ੍ਹੇ ਰੰਗ ਅਸਮਾਨੀ', 'ਖੁੱਲ੍ਹੇ ਮੈਦਾਨ' ਆਪ ਦੀਆਂ ਮਹੱਤਵਪੂਰਨ ਕਾਵਿ ਪੁਸਤਕਾਂ ਹਨ। ਪ੍ਰੋ. ਪੂਰਨ ਸਿੰਘ ਦੀ ਕਵਿਤਾ ਵਿਚਲਾ ਰੁਮਾਂਟਿਕ ਰੰਗ ਆਪ ਨੂੰ ਪੂਰਬਲੇ ਕਵੀਆਂ ਨਾਲੋਂ ਨਿਖੇੜਦਾ ਹੈ।

BSEH

## ਪੰਜਾਬ ਦੇ ਮਜ਼ੂਰ

ਓਏ !ਮਜ਼ੂਰ ਚੰਗੇ ਲੱਗਦੇ!

ਨਿੱਕੇ ਨਿੱਕੇ ਖ਼ਿਆਲ ਇਨ੍ਹਾਂ ਦੇ,

ਉੰਨ੍ਹਾਂ ਵਿੱਚ ਢਲੀਆਂ ਇਨ੍ਹਾਂ ਦੀਆਂ ਜ਼ਿੰਦਗੀਆਂ,

ਸਾਦੇ ਸਾਦੇ ਚਿਹਰੇ, ਬੇਨਿਕਾਬ ਜਿਹੇ,

ਨ ਛੁਪਦੇ ਨ ਛੁਪਾਂਦੇ ਕੁਝ ਆਪਣਾ।

ਨੰਗੇ ਨੰਗੇ ਦਿਲ ਇਨ੍ਹਾਂ ਦੇ,

ਭੋਲੇ ਭਾਲੇ ਲੋਕ ਤੇ ਆਲੀਆਂ ਭੋਲੀਆਂ ਗੱਲਾਂ।

ਇਨ੍ਹਾਂ ਦੀ ਗਰੀਬੀ ਨਿੱਕੀ,

ਇਨ੍ਹਾਂ ਦਾ ਸੰਤੋਖ ਵੱਡਾ,

ਇਹ ਠੰਡੇ ਪਾਣੀ ਵਾਂਗ

ਮੇਰੇ ਜੀ ਨੂੰ ਠਾਰਦੇ।

**(ਖਿਆਲ–ਵਿਚਾਰ, ਬੇਨਿਕਾਬ–ਪਰਦਾ ਰਹਿਤ, ਠਾਰਦੇ– ਤ੍ਰਿਪਤ ਕਰਦੇ)**

## ਹਲ ਵਾਹੁਣ ਵਾਲੇ

ਓਏ !ਮੈ ਪੜ੍ਹਨ ਪੜ੍ਹਾਨ ਸਾਰਾ ਛੱਡਿਆ,

ਦਿਲ ਮੇਰਾ ਆਣ ਵਾਹੀਆਂ ਵਿੱਚ ਖੁੱਭਿਆ,

ਪੈਲੀਆਂ ਮੇਰੀਆਂ ਕਿਤਾਬਾਂ ਹੋਈਆਂ,

ਜੱਟ ਬੂਟ ਮੇਰੇ ਯਾਰ ਵੋ।

ਲੱਸੀ ਦਾ ਛੰਨਾ ਦਿੰਦੇ,

ਬਾਜਰੇ ਦੀ ਰੋਟੀ,

ਮੱਖਣ ਦੀ ਪਿੰਨੀਂ ਦਿੰਦੇ,

ਦੁੱਧ ਦੀਆਂ ਕਟੋਰੀਆਂ।



BSER

ਸਾਗ ਦਿੰਦੇ, ਦਾਣੇ ਦਿੰਦੇ ਭੁੰਨੇ;
ਮੱਕੀ, ਜਵਾਰ ਤੇ ਛੋਲੀਆ।
ਪਾਣੀ ਠੰਢਾ ਖੂਹਾਂ ਦਾ ਦਿੰਦੇ,
ਖੁਸ਼ੀ ਦਿੰਦੇ ਪੀਣ ਨੂੰ, ਜੀਣ ਨੂੰ,
ਟਿੱਬੇ ਢੇਰ ਸਾਰੇ ਢਾਹ ਮਦਾਨ ਕਰਨ,
ਇਹ ਲੋਕੀਂ ਹਨ ਮੇਰੇ ਰੱਬ ਦੀਆਂ ਪੈਲੀਆਂ।
ਬੀਜ ਬੀਜਣ, ਇਹ ਹਲ ਚਲਾਣ,
ਘਾਲਾਂ ਘਾਲਣ ਪੂਰੀਆਂ।
ਖਾਣ ਥੋੜਾ, ਪਹਿਨਣ ਮੋਟਾ ਸੋਟਾ,
ਵੇਖਣ ਮੁੜ ਮੁੜ ਵੱਲ ਬੱਦਲਾਂ,
ਇਹ ਹਨ ਜੱਗ ਦੇ ਭੰਡਾਰੀ,
ਰਾਜੇ ਹੱਥ ਅੱਡ ਅੱਡ ਮੰਗਦੇ ਇੱਥੋਂ ਰੋਟੀਆਂ।

**(ਘਾਲਾਂ ਘਾਲਣਾ– ਮਿਹਨਤ ਕਰਨ, ਮੋਟਾ ਸੋਟਾ– ਕੱਦਰ ਦਾ ਕੱਪੜਾ)**

## ਪੰਜਾਬ ਦੇ ਦਰਿਆ

ਰਾਵੀ ਸੁਹਣੀ ਪਈ ਵਗਦੀ।
ਮੈਨੂੰ ਸਤਲੁਜ ਪਿਆਰਾ ਹੈ,
ਮੈਨੂੰ ਬਿਆਸ ਪਈ ਖਿੱਚਦੀ,
ਮੈਨੂੰ ਝਨਾਂ 'ਵਾਜਾਂ ਮਾਰਦੀ,
ਮੈਨੂੰ ਜੇਹਲਮ ਪਿਆਰਦਾ ,
ਅਟਕਾਂ ਦੀਆਂ ਲਹਿਰਾਂ ਦੀ ਠਾਠ ਮੇਰੇ ਬੂਹੇ 'ਤੇ ਵੱਜਦੀ।
ਖਾੜ ਖਾੜ ਚੱਲਣ ਵਿੱਚ ਮੇਰੇ ਸੁਫ਼ਨਿਆਂ,
ਪੰਜਾਬ ਦੇ ਦਰਿਆ,



BSER

ਪਿਆਰ ਅੱਗ ਇੰਨ੍ਹਾਂ ਨੂੰ ਲੱਗੀ ਹੋਈ,

ਪਿਆਰਾ ਜਪੁ ਸਾਹਿਬ ਗਾਉਂਦੇ,ਠੰਡੇ 'ਤੇ ਠਾਰਦੇ,ਪਿਆਰਦੇ।

**(ਖਾੜ ਖਾੜ– ਸ਼ੋਰ ਮਚਾਉਣਾ, ਠਾਠ– ਮੌਜ, ਜਪੁ ਸਾਹਿਬ– ਗੁਰੂ ਨਾਨਕ ਦੇਵ ਜੀ ਦੀ ਬਾਣੀ)**

## ਅਭਿਆਸ ਪ੍ਰਸ਼ਨ

1. ਹੇਠ ਲਿਖੇ ਕਾਵਿ ਬੰਦਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ

(ੳ) ਓਏ ! ਮਜੂਰ ਚੰਗੇ ਲੱਗਦੇ !
ਨਿੱਕੇ ਨਿੱਕੇ ਖ਼ਿਆਲ ਇਨ੍ਹਾਂ ਦੇ,
ਉਂਨ੍ਹਾਂ ਵਿੱਚ ਢਲੀਆਂ ਇਨ੍ਹਾਂ ਦੀਆਂ ਜ਼ਿੰਦਗੀਆਂ,
ਸਾਦੇ ਸਾਦੇ ਚਿਹਰੇ, ਬੇਨਿਕਾਬ ਜਿਹੇ,
ਨ ਛੁਪਦੇ ਨ ਛੁਪਾਂਦੇ ਕੁਝ ਆਪਣਾ।

(ਅ) ਪਾਣੀ ਠੰਢਾ ਖੂਹਾਂ ਦਾ ਦਿੰਦੇ,
ਖੁਸ਼ੀ ਦਿੰਦੇ ਪੀਣ ਨੂੰ, ਜੀਣ ਨੂੰ,
ਟਿੱਬੇ ਢੇਰ ਸਾਰੇ ਢਾਹ ਮਦਾਨ ਕਰਨ,
ਇਹ ਲੋਕੀਂ ਹਨ ਮੇਰੇ ਰੱਬ ਦੀਆਂ ਪੈਲੀਆਂ।
ਬੀਜ ਬੀਜਣ, ਇਹ ਹਲ ਚਲਾਣ,
ਘਾਲਾਂ ਘਾਲਣ ਪੂਰੀਆਂ।

2. ਪੰਜਾਬ ਦੇ ਦਰਿਆ' ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

3. 'ਪੰਜਾਬ ਦੇ ਮਜ਼ੂਰ' ਕਵਿਤਾ ਮਜਦੂਰਾਂ ਦੇ ਕਿਹੜੇ ਗੁਣਾਂ ਦਾ ਜ਼ਿਕਰ ਕਰਦੀ ਹੈ ?

4. ' ਹੱਲ ਵਾਹੁਣ ਵਾਲੇ' ਕਵਿਤਾ ਰਾਹੀਂ ਕਵੀ ਕੀ ਦੱਸਣਾ ਚਾਹੁੰਦਾ ਹੈ ? ਬਿਆਨ ਕਰੋ।

5. ਪੰਜਾਬ ਦੇ ਦਰਿਆਵਾਂ ਦੀ ਕੀ ਸਿਫਤ ਹੈ ? 'ਪੰਜਾਬ ਦੇ ਦਰਿਆ' ਕਵਿਤਾ ਦੇ ਆਧਾਰ 'ਤੇ ਬਿਆਨ ਕਰੋ।

BSER

# 3. ਧਨੀ ਰਾਮ ਚਾਤ੍ਰਿਕ

ਧਨੀ ਰਾਮ ਚਾਤ੍ਰਿਕ ਦੀ ਆਧੁਨਿਕ ਪੰਜਾਬੀ ਕਵਿਤਾ ਵਿਚ ਖਾਸ ਥਾਂ ਹੈ। ਉਸਨੇ ਆਪਣੀ ਕਵਿਤਾ ਵਿੱਚ ਸਾਂਝੇ ਪੰਜਾਬੀ ਸਭਿਆਚਾਰ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ। ਉਸ ਦੀ ਕਵਿਤਾ ਵਿੱਚ ਪੰਜਾਬੀ ਜੀਵਨ ਦੇ ਵਿਭਿੰਨ ਪਹਿਲੂਆਂ ਨੂੰ ਤਲਾਸ਼ਿਆ ਜਾ ਸਕਦਾ ਹੈ।

ਧਨੀ ਰਾਮ ਚਾਤ੍ਰਿਕ ਦਾ ਜਨਮ 4 ਅਕਤੂਬਰ 1876 ਨੂੰ ਪਿੰਡ ਪੱਸੀਆਂ, ਜ਼ਿਲ੍ਹਾ ਸਿਆਲਕੋਟ(ਪਾਕਿਸਤਾਨ) ਵਿੱਚ ਹੋਇਆ। ਛੋਟੀ ਉਮਰ ਵਿੱਚ ਹੀ ਉਹ ਆਪਣੇ ਪਿਤਾ ਨਾਲ ਲੋਪੋ ਕੇ (ਅੰਮ੍ਰਿਤਸਰ) ਆ ਗਏ ਅਤੇ ਮੁੱਢਲੀ ਵਿੱਦਿਆ ਏਥੋਂ ਹੀ ਹਾਸਲ ਕੀਤੀ। ਮਾਇਕ ਔਕੜਾਂ ਕਾਰਨ ਉਚੇਰੀ ਪੜ੍ਹਾਈ ਕਰਨ ਤੋਂ ਉਹ ਵਾਂਝਾ ਰਿਹਾ। ਪੰਦਰਾਂ ਸਾਲ ਦੀ ਉਮਰ ਵਿੱਚ ਉਸ ਨੇ ਵਸੀਕਾ ਨਵੀਸ ਦਾ ਕੰਮ ਸ਼ੁਰੂ ਕੀਤਾ ਤੇ ਫਿਰ 1893 ਵਿੱਚ ਭਾਈ ਵੀਰ ਸਿੰਘ ਦੀ ਵਜ਼ੀਰ ਹਿੰਦ ਪ੍ਰੈੱਸ ਵਿੱਚ ਕੰਮ ਕੀਤਾ। ਚਾਤ੍ਰਿਕ ਨੇ ਕਵਿਤਾ ਦੇ ਨਾਲ-ਨਾਲ ਸੁੰਦਰ ਪੰਜਾਬੀ ਟਾਈਪਿੰਗ ਵੀ ਸਿੱਖੀ ਤੇ ਅੰਮ੍ਰਿਤਸਰ ਸੁਦਰਸ਼ਨ ਪ੍ਰੈੱਸ ਵੀ ਲਗਾਈ। 79 ਸਾਲ ਦੀ ਉਮਰ ਵਿੱਚ 18 ਦਸੰਬਰ 1954 ਨੂੰ ਪੰਜਾਬੀ ਦਾ ਇਹ ਉਸਤਾਦ ਕਵੀ ਸਾਥੋਂ ਵਿਛੜ ਗਿਆ।

'ਚੰਦਨਵਾੜੀ', 'ਕੇਸਰ ਕਿਆਰੀ', 'ਨਵਾਂ ਜਹਾਨ', 'ਸੂਫ਼ੀਖ਼ਾਨਾ' ਅਤੇ 'ਨੂਰਜਹਾਂ ਬੇਗਮ' ਆਦਿ ਚਾਤ੍ਰਿਕ ਦੀਆਂ ਮਹੱਤਵਪੂਰਨ ਕਾਵਿ-ਰਚਨਾਵਾਂ ਹਨ। ਉਸ ਦੀ ਕਵਿਤਾ ਵਿੱਚ ਲੋਕ-ਕਾਵਿ ਤੇ ਸੂਫ਼ੀ-ਕਾਵਿ ਦਾ ਪ੍ਰਭਾਵ ਵੀ ਵੇਖਿਆ ਜਾ ਸਕਦਾ ਹੈ। ਚਾਤ੍ਰਿਕ ਦੀ ਕਵਿਤਾ ਸਟੇਜਾਂ ਦਾ ਸ਼ਿੰਗਾਰ ਵੀ ਬਣਦੀ ਰਹੀ ਹੈ।

BSER

## ਗਰੀਬ ਕਿਰਸਾਣ

ਕੱਕਰੀ ਰਾਤ ਸਿਆਲ ਦੀ, ਵਰਤੀ ਸੁੰਞ ਮਸਾਣ,
ਖ਼ਲਕਤ ਸੁੱਤੀ ਅੰਦਰੀਂ, ਨਿੱਘੀਆਂ ਬੁੱਕਲਾਂ ਤਾਣ।
ਪਿਛਲੇ ਪਹਿਰ ਤਰੇਲ ਦੇ, ਮੋਤੀ ਜੰਮਦੇ ਜਾਣ,
ਬੁਕਲੋਂ ਮੂੰਹ ਜੇ ਕੱਢੀਏ, ਪਾਲਾ ਪੈਂਦਾ ਖਾਣ।

ਇਸ ਵੇਲੇ ਜਾਂ ਜਾਗਦੇ ਤਾਰੇ ਵਿੱਚ ਅਸਮਾਨ,
ਜਾਂ ਕੋਈ ਕਰਦਾ ਭਗਤ ਜਨ ਖੂਹੇ 'ਤੇ ਇਸ਼ਨਾਨ।
ਜਾਂ ਇੱਕ ਕਿਸਮਤ ਦਾ ਬਲੀ, ਜਾਗ ਰਿਹਾ ਕਿਰਸਾਣ,
ਪਾਣੀ ਲੌਂਦਿਆਂ ਪੈਰ ਹੱਥ, (ਜਿਦ੍ਹੇ) ਨੀਲੇ ਹੁੰਦੇ ਜਾਣ।

ਸਿਖਰ ਦੁਪਹਿਰੇ ਜੇਠ ਦੀ, ਵਰ੍ਹਨ ਪਏ ਅੰਗਿਆਰ,
ਲੋਆਂ ਵਾਉ-ਵਰੋਲਿਆਂ, ਰਾਹੀ ਲਏ ਖਲ੍ਹਾਰ।
ਲੋਹ ਤਪੇ ਜਿਉਂ ਪਿਰਥਵੀ, ਭੁੱਖ ਲਵਣ ਅਸਮਾਨ,
ਪਸ਼ੂਆਂ ਜੀਭਾਂ ਸੁੱਟੀਆਂ, ਪੰਛੀ ਭੁਜਦੇ ਜਾਣ।

ਲੁਕੀ ਲੁਕਾਈ ਅੰਦਰੀਂ, ਨਿਕਲੇ ਬਾਹਰ ਨਾ ਸਾਹ,
ਪਰ ਪਿੜ ਵਿੱਚ ਕਿਰਸਾਣ ਇੱਕ, ਫਲ੍ਹਾ ਰਿਹਾ ਹੈ ਵਾਹ।
ਸਿਰ ਪੈਰਾਂ ਤੱਕ ਨਿਚੁੱੜੇ ਮੁੜ੍ਹਕਾ ਵਾਹੋ ਦਾਹ,
ਪਰ ਸਾਬਾਸ਼ੇ ਦੂਲਿਆ (ਤੈਨੂੰ) ਰਤਾ ਨਹੀਂ ਪਰਵਾਹ।

ਮਾਉਂ ਲਡਿੱਕਾ ਜੰਮਿਓਂ, ਰਖਿਓਸੁ ਨਾਉਂ ਗੁਲਾਬ,
(ਪਰ) ਕਿਸਮਤ ਦੇ ਕੇ ਵਾੜ ਵਿੱਚ, (ਤੇਰੀ) ਕੀਤੀ ਜੂਨ ਖ਼ਰਾਬ।

ਦੁਨੀਆਂ ਖਾਏ ਮਲਾਈਆਂ, ਤੇਰੇ ਹਿੱਸੇ(ਆਈ) ਛਾਹ,
ਮੋਟਾ ਠੁਲ੍ਹਾ ਪਹਿਣ ਲੈ, ਮਿੱਸੀ ਤਿੱਸੀ ਖਾਹ।

ਹਲ, ਸੁਹਾਗੇ, ਗੋਡੀਆਂ, (ਤੇਰੇ) ਸਿਰ ‘ਤੇ ਰਹਿਣ ਸਵਾਰ,
ਪੱਲੇ ਤੇਰੇ ਪੈ ਗਈ, ਪਸ਼ੂਆਂ ਵਾਲੀ ਕਾਰ।
ਰਾਤੀਂ ਆ ਪਏਂ ਟੁੱਟ ਕੇ, ਚਾੜ੍ਹੇ ਨੀਂਦ ਖ਼ੁਮਾਰ,
ਕੁੱਕੜ ਬਾਂਗੇ ਫੇਰ ਤੂੰ, ਓਸੇ ਤਰ੍ਹਾਂ ਤਿਆਰ।

ਤਨ ਟੰਗਿਆ ਵਿੱਚ ਕਾਰ ਦੇ, ਜਾਨ ਟੰਗੀ ਅਸਮਾਨ,
ਮੁੱਠ ਤੇਰੀ ਵਿੱਚ ਕਾਲਜਾ, ਬੱਦਲਾਂ ਵਿੱਚ ਧਿਆਨ।
ਰੱਖ ਲਏ ਰੱਬ ਜਿ ਸੋਕਿਓਂ, (ਤਦ) ਝਖੜੋਂ ਸੁਕਦਾ ਸਾਹ,
ਗੜਿਓਂ, ਅਹਿਣੋਂ, ਕੁੰਗੀਓਂ, ਪੈਂਦਾ ਨਹੀਂ ਵਿਸਾਹ।

ਸੁਖ ਸੁਖ ਲੱਖ ਸ਼ੀਰਣੀਆਂ, ਪੱਕਣ ਚਾਰ ਕਸੀਰ,
ਤਦ ਭੀ ਸੁਣ ਸੁਣ ਕਹਿਬਤਾਂ, (ਤੈਨੂੰ) ਆਉਂਦੀ ਨਹੀਂ ਖਲ੍ਹੀਰ।
“ਪੱਕੀ ਖੇਤੀ ਦੇਖ ਕੇ ਗ਼ਰਬ ਕਰੇ ਕਿਰਸਾਣ,
ਵਾਓਂ, ਝੱਖੜੋਂ, ਝੋਲਿਓਂ, ਘਰ ਆਵੇ ਤਾਂ ਜਾਣ”।

ਪੱਕੀ, ਵੱਢੀ,ਬੰਨ੍ਹ ਲਈ, ਆਣਈ ਧਰੀ ਖਲਵਾਰ,
ਤਦ ਵੀ ਧੜਕੇ ਕਾਲਜਾ, (ਕੋਈ) ਦੁਸ਼ਮਣ ਕਰੇ ਨ ਵਾਰ।
ਬੱਤੀਓਂ ਦੰਦੋਂ ਜੀਭ ਨੂੰ, ਜੇ ਰੱਬ ਲਏ ਬਚਾਇ,
ਚਾਈਂ ਚਾਈਂ ਗਾਹ ਕੇ, ਧਾੜ ਦੇਵੇਂ ਤਦ ਲਾਇ।



BSER

ਅਜੇ ਵਸਾਇ ਨ ਚੁੱਕਿਉਂ, ਲਾਗੂ ਬੈਠੇ ਆਇ,

ਲਾਗੀ, ਚੋਗੀ, ਸੇਪੀਆਂ, ਝੁਰਮਟ ਦਿੱਤਾ ਪਾਇ।

ਰਹਿੰਦਾ ਬੋਹਲ ਹੁੰਝਾ ਲਿਆ, ਆ ਕੇ ਲਹਿਣੇਦਾਰ,

ਤੇਰੇ ਪੱਲੇ ਰਹਿ ਗਈ, ਤੂੜੀ ਪੰਡਾਂ ਚਾਰ।

ਚਾਰੇ ਕੰਨੀਆਂ ਚੂਪਦਾ, ਘਰ ਆਇਆ ਕਿਰਸਾਣ,

ਗੋਡਿਆਂ ਵਿੱਚ ਸਿਰ ਤੁੰਨ ਕੇ, ਗੋਤੀਂ ਲੱਗਾ ਜਾਣ।

ਹਾਇ ਓ ਰੱਬਾ ਡਾਢਿਆ। ਕੀ ਬਣੀਆਂ ਮੈਂ ਨਾਲ ?

ਮਰ ਗਿਆ ਕਰਦਾ ਮਿਹਨਤਾਂ, ਓੜਕ ਭੈੜਾ ਹਾਲ।

ਨਾ ਮੈਂ ਦਿੱਤਾ ਮਾਮਲਾ, ਨਾ ਕੋਈ ਲੀਤਾ ਢੋਰ,

ਬੀ ਭੱਤਾ ਭੀ ਹੈ ਨਹੀਂ, ਲੋੜਾਂ ਕੇਈ ਹੋਰ।

ਅੰਨ ਵਰ੍ਹਾ ਭਰ ਖਾਣ ਨੂੰ, ਟਾਕੀ ਟੱਲਾ ਨਾਲ,

ਕਰਜ਼ਾ ਭੀ ਕੁਝ ਰਹਿ ਗਿਆ, ਸਿਰ ‘ਤੇ ਖੜਾ ਸਿਆਲ।

ਜੱਟੀ ਘੁਰਕੇ ਜੱਟ ਨੂੰ,( ਹੈ ਹੈ) ਪਿਆ ਕਿਧਰ ਦਾ ਲੋੜ੍ਹ ?

ਖੱਟੀ ਸਾਰੇ ਸਮੇਂ ਦੀ, ਕਿੱਥੇ ਆਇਓਂ ਰੋੜ੍ਹ।

(ਮੈਂ) ਮਾਘੋਂ ਕੂਕਨ ਲੱਗੀ ਆਂ, ”ਕੁੜੀ ਹੋਈ ਮੁਟਿਆਰ ”,

ਸਾਡੀ ਕੋਠੀ ਸੱਖਣੀ, ਲੋਕੀਂ ਕਰਨ ਬਹਾਰ।

ਵਾਰੀ ਸਦਕੇ ਵਾਹੀਓਂ, ਸਾਨੂੰ ਨਹਿੰ ਦਰਕਾਰ,

ਪੱਛੀ ਲਾ ਇਸ ਭੋਇੰ ਨੂੰ (ਜੋ) ਰਹਿੰਦੀ ਮਰਲੇ ਚਾਰ।

ਭਰਤੀ ਹੋ ਜਾ ਫ਼ੌਜ ਵਿੱਚ ਜਾਂ ਕੁਝ ਕਰ ਰੁਜ਼ਗਾਰ,

(ਜਾ) ਨਿੱਘਰ ਨਹੀਂ ਤਾਂ ਸ਼ਹਿਰ ਨੂੰ (ਓਥੇ) ਲੋੜ੍ਹੇ ਦੀ ਹੈ ਕਾਰ।



BSEP

ਜੱਟਾ। ਵੇਖੀਂ ਉੱਕਦੋਂ ਸਿੱਖ ਸਿਖਾਇਆ ਨਾਰ,
ਛੱਡ ਬਹਿੰਦੋਂ ਮਤ ਸਹਿਮ ਕੇ, ਉੱਤਮ ਖੇਤੀ ਕਾਰ।
ਇੱਕ ਦਾਣਾ ਜੇ ਫਲ ਪਏ, ਦਾਣਾ ਬਣੇ ਹਜ਼ਾਰ,
ਡੱਕੇ ਮਾਰ ਨਾ ਰੋੜ ਨੂੰ, ਸੋਮਾ ਉਸ ਦਾ ਮਾਰ।

ਦੁਨੀਆਂ ਵੱਸੇ ਰੰਗ ਵਿੱਚ, ਤੂੰ ਕਿਓਂ ਰਿਹੋਂ ਕੰਗਾਲ,
ਬਰਕਤ ਕਿੱਧਰ ਉੱਡਦੀ, ਇਸ ਦੀ ਕਰ ਪੜਤਾਲ।
ਅਮਰੀਕਾ ਵਿੱਚ ਜੱਟ ਹੀ, ਹੋ ਰਹੇ ਮਾਲਾ ਮਾਲ,
ਸੁਣ ਲੈ। ਤੇਰੇ ਢਿੱਡ 'ਚੋਂ ਕਿਉਂ ਨਾ ਨਿਕਲੇ ਕਾਲ।

ਇੱਕ ਇਲਮ ਦੀ ਊਣ ਹੈ, ਮੁੰਡੇ ਪੜ੍ਹਨੇ ਪਾਇ,
ਦੂਜਾ ਝੱਸ ਸ਼ਰਾਬ ਦਾ, ਇਸ ਤੋਂ ਜਾਨ ਛੁਡਾਇ,
ਤੀਜਾ ਐਬ ਕੁਪੱਤ ਦਾ, ਖਹਿ ਖਹਿ ਮਰੋ ਭਰਾਇ,
ਫੇਰ ਮੁਕੱਦਮੇ ਲੜਦਿਆਂ, ਝੁੱਗਾ ਉੱਜੜ ਜਾਇ।

ਪੰਜਵਾਂ ਚਸਕਾ ਕਰਜ਼ ਦਾ, ਵਾਹਣ ਛਡੇਂ ਤੂੰ ਖਾਇ,
ਪੰਜੇ ਭੈੜੀਆਂ ਵਾਦੀਆਂ, ਬਰਕਤ ਖੜਨ ਉਡਾਇ।
ਜੇ ਪੰਜਾਂ ਦੇ ਪੰਜਿਓਂ, ਪਾ ਜਾਵੇਂ ਛੁਟਕਾਰ,
ਫੇਰ ਜੇ ਪੂਰੀ ਨਾ ਪਏ (ਤਦ) ਚਾਤ੍ਰਿਕ ਜ਼ਿੰਮੇਵਾਰ।

**(ਕੱਕਰੀ- ਬਰਫ਼ੀਲੀ, ਖਲਕਤ- ਲੁਕਾਈ, ਅੰਗਿਆਰ- ਮਘਦੇ ਕੋਲੇ, ਪਿੜ- ਉਹ ਥਾਂ ਜਿੱਥੇ ਕਣਕ ਗਾਹੀ ਜਾਂਦੀ ਹੈ, ਫਲ੍ਹਾ- ਕਣਕ ਤੋਂ ਤੂੜੀ ਵੱਖ ਕਰਨ ਵਾਲੀ ਪ੍ਰਕਿਰਿਆ, ਲਡਿਕਾ- ਲਾਡਲਾ, ਮੋਟਾ ਠੁੱਲਾ- ਖਾਦੀ ਦਾ ਕੱਪੜਾ, ਕੁੰਗੀਓਂ- ਕਣਕ ਦੀ ਫ਼ਸਲ ਨੂੰ ਨੁਕਸਾਨ ਪਹੁੰਚਾਉਣ ਵਾਲੀ ਬਿਮਾਰੀ, ਸ਼ੀਰਣੀਆਂ- ਪ੍ਰਸ਼ਾਦ, ਹਲਵਾ। ਚਾਰ ਕਸੀਰ- ਥੋੜ੍ਹੀ ਫਸਲ, ਕਹਿਬਤਾਂ- ਕਹਾਵਤਾਂ, ਖਲ੍ਹੀਰ- ਧਰਵਾਸ, ਚੈਨ। ਗ਼ਰਬ- ਮਾਨ, ਹੰਕਾਰ। ਵਾਓ- ਹਵਾ, ਖਲਵਾਰ- ਪਿੜ ਦੀ ਵਲਗਣ, ਧੜ੍ਹ- ਗਾਹੀ ਹੋਈ ਕਣਕ ਦਾ ਢੇਰ ਜਿਸ ਵਿੱਚ ਦਾਣੇ ਤੇ ਤੂੜੀ ਮਿਲੇ ਹੋਣ, ਲਾਗੀ ਚੋਗੀ ਸੇਪੀਆਂ- ਪਿੰਡ ਵਿੱਚ ਵੱਸਦੇ ਕਾਮੇ,**



BSER

**ਬੋਹਲ- ਕਣਕ ਦਾ ਢੇਰ, ਲਹਿਣੇਦਾਰ-ਸ਼ਾਹੂਕਾਰ, ਚਾਰੇ ਕੰਨੀਆਂ ਚੂਪਦਾ- ਖਾਲੀ ਹੱਥ ਲੁੱਟਿਆ-ਪੁੱਟਿਆ ਵਾਪਸ ਆਉਣਾ, ਗੋਡੀ ਲੱਗਾ- ਚਿੰਤਾ ਵਿੱਚ ਡੁੱਬਣਾ, ਮਾਮਲਾ-ਲਗਾਨ, ਢੋਰ-ਪਸ਼ੂ, ਟਾਕੀ ਟੱਲਾ- ਕੱਪੜਾ ਲੱਤਾ, ਲੋੜ- ਅਨਰਥ, ਹਨ੍ਹੇਰ, ਖੱਟੀ- ਕਮਾਈ, ਰੋੜ੍ਹ- ਬਰਬਾਦ ਕੀਤੀ, ਕੂਕਨ- ਕੁਰਲਾਉਣਾ, ਸੱਖਣੀ-ਖਾਲੀ, ਦਰਕਾਰ- ਲੋੜ, ਪੱਛੀ ਲਾ- ਅੱਗ ਲਾ, ਭੋਇੰ- ਜ਼ਮੀਨ, ਨਿੱਘਰ- ਚਲਾ ਜਾਹ, ਡੱਕੇ ਮਾਰ ਨਾ ਰੋੜ ਨੂੰ, ਸੋਮਾ ਉਸ ਦਾ ਮਾਰ- ਗਰੀਬੀ ਦੇ ਕਾਰਨਾਂ ਨੂੰ ਖਤਮ ਕਰ, ਕਾਲ- ਭੁੱਖਮਰੀ, ਇਲਮ- ਵਿੱਦਿਆ, ਝੱਸ- ਬੁਰੀ ਆਦਤ, ਐਬ- ਵਿਗੜੀਆਂ ਹੋਈਆਂ ਆਦਤਾਂ, ਕੁਪੱਤ- ਲੜਾਈ ਝਗੜਾ।)**

## ਇਨਸਾਨਸਤਾਨ

ਉਠ ਸਾਕੀ । ਇਕ ਹੰਭਲਾ ਮਾਰ,
ਨਵਾਂ ਨਸ਼ਾ ਕੋਈ ਕਰ ਤੱਯਾਰ।
ਚੜ੍ਹ ਜਾਵੇ ਸੁਰਤੀ ਅਸਮਾਨ,
ਦਿੱਸਣ ਲੱਗ ਪਏ ਨਵਾਂ ਜਹਾਨ।
ਨਵਾਂ ਬਗ਼ੀਚਾ, ਨਵੀਂ ਬਹਾਰ,
ਨਵੀਂ ਜਵਾਨੀ, ਨਵਾਂ ਨਿਖਾਰ।
ਨਵੀਂ ਜ਼ਮੀਨ, ਨਵਾਂ ਅਸਮਾਨ,
ਸੱਚਮੁੱਚ ਦਾ ਇਨਸਾਨਸਤਾਨ।
ਹਿੰਦੂ, ਮੋਮਨ, ਸਿੱਖ, ਈਸਾਈ,
ਸਾਰੇ ਜਾਪਣ ਭਾਈ ਭਾਈ।
ਦਸਤਕਾਰ, ਕਿਰਤੀ, ਕਿਰਸਾਣ,
ਸਾਂਝੀ ਰੋਟੀ ਵੰਡ ਕੇ ਖਾਣ।
ਭੁੱਖ, ਨੰਗ, ਚਿੰਤਾ, ਬੇਕਾਰੀ,
ਹਟ ਜਾਏ ਧੜਕੇ ਦੀ ਬੀਮਾਰੀ।
ਘੁਲ ਮਿਲ ਜਾਵਣ ਧਰਮ ਇਮਾਨ,
ਸੱਚਮੁੱਚ ਦਾ ਇਨਸਾਨਸਤਾਨ।

**(ਹੰਭਲਾ- ਕੋਸ਼ਿਸ਼, ਯਤਨ। ਨਿਖਾਰ- ਉਜਲਾ, ਧੜਕਾ-ਡਰ, ਚਿੰਤਾ। ਬੇਕਾਰੀ- ਬੇਰੁਜ਼ਗਾਰੀ)**

## ਅਭਿਆਸ ਪ੍ਰਸ਼ਨ

1. ਹੇਠ ਲਿਖੇ ਕਾਵਿ ਬੰਦਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।

(ੳ) ਦੁਨੀਆਂ ਵੱਸੇ ਰੰਗ ਵਿੱਚ, ਤੂੰ ਕਿਓਂ ਰਿਹੋਂ ਕੰਗਾਲ,

ਬਰਕਤ ਕਿੱਧਰ ਉੱਡਦੀ, ਇਸ ਦੀ ਕਰ ਪੜਤਾਲ।

ਅਮਰੀਕਾ ਵਿੱਚ ਜੱਟ ਹੀ, ਹੋ ਰਹੇ ਮਾਲਾ ਮਾਲ,

ਸੁਣ ਲੈ। ਤੇਰੇ ਢਿੱਡ 'ਚੋਂ ਕਿਉਂ ਨਾ ਨਿਕਲੇ ਕਾਲ।

(ਅ) ਦਸਤਕਾਰ, ਕਿਰਤੀ, ਕਿਰਸਾਣ,

ਸਾਂਝੀ ਰੋਟੀ ਵੰਡ ਕੇ ਖਾਣ।

ਭੁੱਖ, ਨੰਗ, ਚਿੰਤਾ, ਬੇਕਾਰੀ,

ਹਟ ਜਾਏ ਧੜਕੇ ਦੀ ਬੀਮਾਰੀ।

ਘੁਲ ਮਿਲ ਜਾਵਣ ਧਰਮ ਇਮਾਨ,

ਸੱਚਮੁੱਚ ਦਾ ਇਨਸਾਨਸਤਾਨ।

2. 'ਗਰੀਬ ਕਿਰਸਾਣ' ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।
3. 'ਇਨਸਾਨਸਤਾਨ' ਕਵਿਤਾ ਸਾਨੂੰ ਕੀ ਸੰਦੇਸ਼ ਪ੍ਰਦਾਨ ਕਰਦੀ ਹੈ।
4. 'ਗਰੀਬ ਕਿਰਸਾਣ' ਕਵਿਤਾ ਵਿੱਚ ਕਵੀ ਕਿਹੜੀਆਂ ਪੰਜ ਭੈੜੀਆਂ ਆਦਤਾਂ ਛੱਡਣ ਬਾਰੇ ਕਹਿੰਦਾ ਹੈ ਤੇ ਕਿਉਂ ?

BSER

## 4. ਬਾਬੂ ਫ਼ੀਰੋਜ਼ਦੀਨ ਸ਼ਰਫ਼

ਬਾਬੂ ਫੀਰੋਜ਼ਦੀਨ ਸ਼ਰਫ਼ ਨੂੰ 'ਪੰਜਾਬ ਦੀ ਬੁਲਬੁਲ' ਕਰਕੇ ਜਾਣਿਆ ਜਾਂਦਾ ਹੈ। ਉਸ ਦੀ ਕਾਵਿ-ਰਚਨਾ ਵਿੱਚ ਪੰਜਾਬ, ਪੰਜਾਬੀ, ਪੰਜਾਬੀਅਤ ਦੀ ਭਰਮਾਰ ਵੇਖਣ ਨੂੰ ਮਿਲਦੀ ਹੈ। ਸਟੇਜੀ ਕਵੀਆਂ ਵਿੱਚ ਫੀਰੋਜ਼ਦੀਨ ਸ਼ਰਫ਼ ਦੀ ਝੰਡੀ ਰਹੀ ਹੈ।

ਫੀਰੋਜ਼ਦੀਨ ਸ਼ਰਫ਼ ਦਾ ਜਨਮ 1898 ਈ. ਨੂੰ ਚੌਧਰੀ ਬੀਰ ਖਾਨ ਦੇ ਘਰ ਹੋਇਆ। ਉਸ ਦਾ ਦਾਦਕਾ ਪਿੰਡ ਤੋਲੇ ਨੰਗਲ(ਅੰਮ੍ਰਿਤਸਰ) ਸੀ। ਸਕੂਲੀ ਪੱਧਰ ਤੇ ਭਾਵੇਂ ਉਹ ਪ੍ਰਾਇਮਰੀ ਪੱਧਰ ਦੀ ਹੀ ਪੜ੍ਹਾਈ ਕਰ ਸਕਿਆ, ਪਰ ਜ਼ਿੰਦਗੀ ਪੜ੍ਹਨ ਵਿੱਚ ਉਸ ਨੇ ਪੂਰੀ ਮੁਹਾਰਤ ਹਾਸਲ ਕੀਤੀ। ਉਸ ਨੇ ਠੇਠ ਪੰਜਾਬੀ ਵਿੱਚ ਆਪਣੀਆਂ ਕਾਵਿ ਰਚਨਾਵਾਂ ਕੀਤੀਆਂ। ਉਸ ਦੀਆਂ ਕਾਵਿ ਰਚਨਾਵਾਂ ਦੀ ਉਪਲਬਧੀ ਕਰਕੇ ਉਸ ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। 1955 ਵਿੱਚ ਉਸ ਦੀ ਮੌਤ ਹੋ ਗਈ।

'ਦੁੱਖਾਂ ਦੇ ਕੀਰਨੇ', 'ਲਾਲਾਂ ਦੀਆਂ ਲੜੀਆਂ', 'ਸ਼ਰਫ਼ ਹੁਲਾਰੇ', 'ਸੁਨਹਿਰੀ ਕਲੀਆਂ', 'ਨੂਰੀ ਦਰਸ਼ਨ', 'ਸਰਫ਼ ਸੁਨੇਹੇ', 'ਸ਼ਰਫ਼ ਨਿਸ਼ਾਨੀ', ਆਦਿ ਉਸ ਦੀਆਂ ਕਾਵਿ-ਮਹੱਤਵਪੂਰਨ ਪੁਸਤਕਾਂ ਹਨ। ਕਵਿਤਾ ਤੋਂ ਇਲਾਵਾ ਹੀਰ ਸਿਆਲ, ਸੱਸੀ ਪੁੰਨੂ, ਚੌਧਰੀ ਤੇ ਨਿਖੱਟੂ ਆਦਿ ਫਿਲਮਾਂ ਦੇ ਗੀਤ ਵੀ ਸ਼ਰਫ਼ ਨੇ ਲਿਖੇ। ਉਸ ਨੂੰ ਉਰਦੂ, ਪੰਜਾਬੀ, ਫਾਰਸੀ ਭਾਸ਼ਾਵਾਂ ਦੇ ਗਿਆਨ ਦੇ ਨਾਲ-ਨਾਲ ਪਿੰਗਲ ਤੇ ਅਰੂਜ਼ ਦੀ ਵੀ ਪੂਰੀ ਜਾਣਕਾਰੀ ਸੀ। ਉਸ ਨੂੰ ਉਸਤਾਦ ਮੁਹੰਮਦ ਰਮਜ਼ਾਨ ਦਾ ਖਾਸ ਸ਼ਗਿਰਦ ਮੰਨਿਆ ਜਾਂਦਾ ਸੀ। ਉਸ ਦੀਆਂ ਕਵਿਤਾਵਾਂ ਲੋਕ ਜ਼ੁਬਾਨ ਦਾ ਹਿੱਸਾ ਬਣ ਗਈਆਂ ਹਨ।

BSEH

## ਅਰਸ਼ੀ ਦੀਵਾਲੀ

ਹਰੀ ਮੰਦਰ ਦੇ ਨਿੱਤਰੇ ਜਲ ਅੰਦਰ,
ਡਾਢੀ ਲਾਈ ਏ ਮੌਜ ਸਿਤਾਰਿਆਂ ਨੇ।
ਜ਼ਿੰਦਾਂ ਬੰਨ੍ਹ ਕੇ ਤੇ ਆਪੋ ਵਿੱਚ ਜਿਵੇਂ,
ਲਾਈਆਂ ਹੋਈਆਂ ਨੇ ਟੁੱਭੀਆਂ ਸਾਰਿਆਂ ਨੇ।

ਕੀਤੀ ਹੋਈ ਏ ਸੀਨੇ ਦੀ ਅੱਗ ਠੰਢੀ,
ਗੋਤੇ ਮਾਰ ਕੇ ਜਾਂ ਪ੍ਰੇਮ ਅੰਗਿਆਰਿਆਂ ਨੇ।
ਗੁਰੂ ਚਰਨਾਂ ਦੀ ਸ਼ਰਨ ਜਾ ਲਈ ਹੋਈ ਏ,
ਅਰਸ਼ੋਂ ਆਣ ਕੇ ਮਹਾਂ ਦੁਖਿਆਰਿਆਂ ਨੇ।,

ਸੁੱਟੇ ਹੋਏ ਨੇ ਮੋਤੀ ਜਾਂ ਕਰਨੀਆਂ ਦੇ,
ਅੰਮ੍ਰਿਤਸਰ ਵਿੱਚ ਰੱਬੀ ਪਿਆਰਿਆਂ ਨੇ।
ਜਾਂ ਇਹ ਸੱਚੀ ਪ੍ਰੀਤ ਦੇ ਹਾਰ ਚਮਕਣ,
ਝਿਲਮਿਲ ਲਾਈ ਏ ਹੀਰਿਆਂ ਨਿਆਰਿਆਂ ਨੇ।

ਕੀਤੇ ਹੋਏ ਨੇ ਬਾਬੇ ਦੀ ਚਰਨ ਭੇਟਾ,
ਸਵਰਗੀ ਲਾਲ ਜਾਂ ਰੱਬੀ ਵਣਜਾਰਿਆਂ ਨੇ।
ਜਾਂ ਇਹ ਇਸ਼ਕ ਹਕੀਕੀ ਦੇ ਚੰਗਿਆੜੇ,
ਦੱਬੇ ਹੋਏ ਨੇ ਗੁਰੂਦੁਆਰਿਆਂ ਨੇ।

ਜਾਂ ਇਹ ਬੁਲਬੁਲੇ ਹਵਾ ਤੋਂ ਡਰੀ ਬੈਠੇ,
ਲੱਭ ਲਿਆ ਏ ਓਹਲਾ ਵਿਚਾਰਿਆਂ ਨੇ।

ਖੇਹਨੂੰ ਨੂੰ ਦੇ ਖੇਡਣ ਲਈ ਮੱਛੀਆਂ ਨੂੰ,

ਜਾਂ ਇਹ ਅੰਬਰੋਂ ਦਿੱਤੇ ਸਿਤਾਰਿਆਂ ਨੇ।

ਜਾਂ ਇਹ ਬੇੜੀਆਂ ਤਾਰੀਆਂ ਨੂਰ ਦੀਆਂ,

ਸ਼ਰਤਾਂ ਲਾ ਸ਼ਰਧਾਲੂਆਂ ਸਾਰਿਆਂ ਨੇ।

ਜਾਂ ਇਹ ਜਲ ਨਹੀਂ, ਸ਼ੀਸ਼ੇ ਦੀ ਕੰਧ ਵਿੱਚੋਂ,

ਝਾਤ ਪਾਈ ਏ ਸਵਰਗੀ ਨਜ਼ਾਰਿਆਂ ਨੇ।

ਬਰਖਾ ਨੂਰ ਦੀ ਲਾਉਣੀ ਹੈ ਜਿਨ੍ਹਾਂ ਤੜਕੇ,

ਸੀਸ ਕੱਢੇ ਜਾ ਉਨ੍ਹਾਂ ਫੁਹਾਰਿਆਂ ਨੇ।

ਲਾਇਆ ਹੋਇਆ ਏ ਮੀਨਾ-ਬਜਾਰ ਜਾਂ ਇਹ,

ਰਾਤ ਰਾਣੀ ਦੇ ਨੈਣਾਂ ਸ਼ੰਗਾਰਿਆਂ ਨੇ।

ਚਾਦਰ ਪਾਣੀ ਦੀ ਖਿਸਕੀ ਏ ਜ਼ਰਾ ਮੂੰਹ ਤੋਂ,

ਲੋਹੜਾ ਘੱਤ ਦਿੱਤਾ ਹੈਂਸਿਆਰਿਆਂ ਨੇ।

ਨਹੀਂ-ਨਹੀਂ 'ਸ਼ਰਫ਼' ਦੀਵਾਲੀ ਹੈ ਬਾਲੀ ਹੋਈ,

ਹਰੀ ਮੰਦਰ ਸਰੋਵਰ ਵਿੱਚ ਤਾਰਿਆਂ ਨੇ।

**(ਡਾਢੀ- ਬਹੁਤੀ, ਕਰਨੀਆਂ- ਕਰਾਮਾਤਾਂ, ਇਸ਼ਕ ਹਕੀਕੀ- ਰੱਬੀ ਪਿਆਰ, ਲੋੜ੍ਹਾ ਘੱਤ ਦਿੱਤਾ ਹੈਂਸਿਆਰਿਆਂ ਨੇ- ਜ਼ਾਲਮਾਂ ਦੁਆਰਾ ਜੁਲਮ ਦੀ ਹੱਦ ਕਰ ਦੇਣੀ)**

## ਮੈਂ ਪੰਜਾਬੀ

ਮੈਂ ਪੰਜਾਬੀ, ਪੰਜਾਬ ਦਾ ਰਹਿਣ ਵਾਲ਼ਾ,

ਹਾਂ ਮੈਂ ਪੇਂਡੂ ਪਰ ਸ਼ਹਿਰੀਏ ਢੰਗ ਦਾ ਹਾਂ।

ਸਮਝਾਂ ਫ਼ਾਰਸੀ, ਉਰਦੂ ਵੀ ਖ਼ੂਬ ਬੋਲਾਂ,
ਥੋਹੜੀ ਬਹੁਤੀ ਅੰਗਰੇਜ਼ੀ ਵੀ ਅੰਗਦਾ ਹਾਂ।
ਬੋਲੀ ਆਪਣੀ ਨਾਲ ਪਿਆਰ ਰੱਖਾਂ,
ਇਹ ਗੱਲ ਆਖਣੋਂ ਕਦੇ ਨਾ ਸੰਗਦਾ ਹਾਂ।
ਮੋਤੀ ਕਿਸੇ ਸੁਹਾਗਣ ਦਾ ਦੀ ਨੱਥ ਦਾ ਮੈਂ,
ਟੁਕੜਾ ਕਿਸੇ ਪੰਜਾਬਣ ਦੀ ਵੰਗ ਦਾ ਹਾਂ।
ਮਿਲੇ ਮਾਣ ਪੰਜਾਬੀ ਨੂੰ ਦੇਸ ਅੰਦਰ,
ਆਸ਼ਕ ਮੁੱਢੋਂ ਮੈਂ ਏਸ ਉਮੰਗ ਦਾ ਹਾਂ।
'ਵਾਰਸ ਸ਼ਾਹ' ਤੇ 'ਬੁੱਲ੍ਹੇ' ਦੇ ਰੰਗ ਅੰਦਰ,
ਡੋਬ-ਡੋਬ ਕੇ ਜ਼ਿੰਦਗੀ ਰੰਗਦਾ ਹਾਂ।
ਰਵ੍ਹਾਂ ਏਥੇ ਤੇ ਯੂ.ਪੀ. ਵਿੱਚ ਕਰਾਂ ਗੱਲਾਂ ?
ਐਸੀ ਅਕਲ ਨੂੰ ਛਿੱਕੇ ਟੰਗਦਾ ਹਾਂ।
ਮੈਂ ਪੰਜਾਬੀ, ਪੰਜਾਬ ਦਾ 'ਸ਼ਰਫ਼' ਸੇਵਕ,
ਸਦਾ ਖ਼ੈਰ ਪੰਜਾਬੀ ਦੀ ਮੰਗਦਾ ਹਾਂ।

**(ਅੰਗਦਾ-ਸਮਝਦਾ, ਉਮੰਗ-ਖਾਹਸ਼,ਇੱਛਾ।)**

BSER

## ਅਭਿਆਸ ਪ੍ਰਸ਼ਨ

1. ਹੇਠ ਲਿਖੇ ਕਾਵਿ ਬੰਦਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।

(ੳ) ਸੁੱਟੇ ਹੋਏ ਨੇ ਮੋਤੀ ਜਾਂ ਕਰਨੀਆਂ ਦੇ,
ਅੰਮ੍ਰਿਤਸਰ ਵਿੱਚ ਰੱਬੀ ਪਿਆਰਿਆਂ ਨੇ।
ਜਾਂ ਇਹ ਸੱਚੀ ਪ੍ਰੀਤ ਦੇ ਹਾਰ ਚਮਕਣ,
ਝਿਲਮਿਲ ਲਾਈ ਏ ਹੀਰਿਆਂ ਨਿਆਰਿਆਂ ਨੇ।

(ਅ) ਮਿਲੇ ਮਾਣ ਪੰਜਾਬੀ ਨੂੰ ਦੇਸ ਅੰਦਰ,
ਆਸ਼ਕ ਮੁੱਢੋ ਮੈ ਏਸ ਉਮੰਗ ਦਾ ਹਾਂ।
'ਵਾਰਸ ਸ਼ਾਹ' ਤੇ 'ਬੁੱਲ੍ਹੇ' ਦੇ ਰੰਗ ਅੰਦਰ,
ਡੋਬ-ਡੋਬ ਕੇ ਜ਼ਿੰਦਗੀ ਰੰਗਦਾ ਹਾਂ।

2. 'ਅਰਸ਼ੀ ਦੀਵਾਲੀ' ਕਵਿਤਾ ਕਿਸ ਦੀ ਸ਼ੋਭਾ ਬਿਆਨ ਕਰਦੀ ਹੈ ? ਤੇ ਕਿਉਂ ?

3. 'ਮੈਂ ਪੰਜਾਬੀ' ਕਵਿਤਾ ਦਾ ਸਾਰ ਲਿਖੋ।

4. 'ਮੈਂ ਪੰਜਾਬੀ' ਕਵਿਤਾ ਵਿੱਚ ਆਏ ਭਾਵਾਂ ਨੂੰ ਬਿਆਨ ਕਰੋ।

BSER

# 5. ਪ੍ਰੋ. ਮੋਹਨ ਸਿੰਘ

ਪ੍ਰੋ. ਮੋਹਨ ਸਿੰਘ ਆਧੁਨਿਕ ਪੰਜਾਬੀ ਕਵਿਤਾ ਵਿੱਚ ਵਿਸ਼ੇਸ਼ ਨਾਂ ਹੈ। ਪ੍ਰੋ. ਮੋਹਨ ਸਿੰਘ ਨੂੰ ਪੰਜਾਬੀ ਕਾਵਿ-ਜਗਤ ਵਿੱਚ ਰੁਮਾਂਸਵਾਦੀ-ਪ੍ਰਗਤੀਵਾਦੀ ਕਵੀ ਵਜੋਂ ਜਾਣਿਆ ਜਾਂਦਾ ਹੈ। ਉਸ ਨੂੰ 'ਪ੍ਰੀਤ ਦਾ ਕਵੀ' ਵੀ ਕਿਹਾ ਜਾਂਦਾ ਹੈ। ਉਹਨਾਂ ਦੀ ਮੁੱਢਲੀ ਕਵਿਤਾ ਵਿੱਚ ਨਿੱਜ ਦਾ ਰੰਗ ਪ੍ਰਧਾਨ ਹੈ। ਨਵੀਨ ਛੰਦਾਂ ਅਤੇ ਬਿੰਬਾਂ ਦੀ ਵਰਤੋਂ ਉਸ ਦੀ ਕਵਿਤਾ ਦਾ ਵਿਸ਼ੇਸ਼ ਹਾਸਿਲ ਹੈ। ਪ੍ਰੋ. ਮੋਹਨ ਸਿੰਘ ਦਾ ਜਨਮ 20 ਅਕਤੂਬਰ 1905 ਨੂੰ ਮਰਦਾਨ(ਪਾਕਿਸਤਾਨ) ਵਿਖੇ ਹੋਇਆ। ਉਸ ਦੇ ਪਿਤਾ ਨਾਂ ਸਰਦਾਰ ਜੋਧ ਸਿੰਘ ਤੇ ਮਾਤਾ ਦਾ ਨਾਂ ਭਾਗਵੰਤੀ ਸੀ । ਮੁੱਢਲੀ ਵਿੱਦਿਆ ਧਮਿਆਲ, ਮੈਟ੍ਰਿਕ ਰਾਵਲਪਿੰਡੀ ਤੋਂ ਪਾਸ ਕੀਤੀ ਅਤੇ ਓਰੀਐਂਟਲ ਕਾਲਜ ਲਾਹੌਰ ਤੋ ਮੁਨਸ਼ੀ ਫਾਜ਼ਿਲ ਦੀ ਪੜ੍ਹਾਈ ਕੀਤੀ। 1923 ਵਿੱਚ ਬਸੰਤ ਨਾਂ ਦੀ ਮੁਟਿਆਰ ਨਾਲ ਸ਼ਾਦੀ ਹੋਈ, ਜਿਸ ਦੀ 1927 ਵਿੱਚ ਮੌਤ ਹੋ ਗਈ। ਇਸ ਘਟਨਾ ਨੇ ਪ੍ਰੋ. ਮੋਹਨ ਸਿੰਘ ਨੂੰ ਝੰਜੋੜ ਕੇ ਰੱਖ ਦਿੱਤਾ। ਜੇਕਰ ਇਸ ਘਟਨਾਂ ਨੂੰ ਪ੍ਰੋ. ਮੋਹਨ ਸਿੰਘ ਦੀ ਕਾਵਿਕ ਯਾਤਰਾ ਦਾ ਅਹਿਮ ਬਿੰਦੂ ਕਿਹਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਪ੍ਰੋ. ਮੋਹਨ ਸਿੰਘ ਨੇ ਐੱਮ.ਏ. ਫ਼ਾਰਸੀ ਅਤੇ ਐੱਮ. ਓ. ਐੱਲ. ਦੀ ਡਿਗਰੀ ਹਾਸਿਲ ਕੀਤੀ। ਪ੍ਰੋ. ਮੋਹਨ ਸਿੰਘ ਨੇ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਖੇ ਅਧਿਆਪਨ ਦਾ ਕਾਰਜ ਨਿਭਾਇਆ। 3 ਮਈ 1979 ਨੂੰ ਲੁਧਿਆਣਾ ਵਿਖੇ ਉਸ ਦਾ ਦੇਹਾਂਤ ਹੋ ਗਿਆ।

ਪ੍ਰੋ. ਮੋਹਨ ਸਿੰਘ ਨੇ ਮਹਾਂਕਾਵਿ 'ਨਨਕਾਇਣ' ਤੋਂ ਇਲਾਵਾ 'ਏਸ਼ੀਆ ਦਾ ਚਾਨਣ' (ਅਨੁਵਾਦਤ ਰਚਨਾ) ਦੀ ਸਿਰਜਨਾ ਕੀਤੀ। 'ਕਸੁੰਭੜਾ', 'ਅੱਧਵਾਟੇ', 'ਕੱਚ ਸੱਚ', 'ਆਵਾਜ਼ਾਂ', 'ਵੱਡਾ ਵੇਲਾ' , 'ਜੈਮੀਰ', 'ਜੰਦਰੇ', 'ਬੂਹੇ' ਆਦਿ ਉਸ ਦੇ ਮਹੱਤਵਪੂਰਨ ਕਾਵਿ ਸੰਗ੍ਰਹਿ ਹਨ। 'ਵੱਡਾ ਵੇਲਾ' ਭਾਰਤੀ ਸਾਹਿਤ ਅਕਾਦਮੀ ਪੁਰਸਕ੍ਰਿਤ ਕਾਵਿ-ਪੁਸਤਕ ਹੈ। ਪ੍ਰੋ. ਮੋਹਨ ਸਿੰਘ ਦੀ ਕਵਿਤਾ ਵਿਭਿੰਨ ਪੜਾਵਾਂ 'ਚ ਵਿਕਾਸ ਕਰਦੀ ਹੈ। ਉਸ ਦੀ ਕਵਿਤਾ ਵਿੱਚ ਸੰਚਾਰ, ਰਿਦਮ ਅਤੇ ਪ੍ਰਗੀਤਕਤਾ ਦੇ ਲੱਛਣ ਵਿਸ਼ੇਸ਼ ਮਹੱਤਵ ਦੇ ਧਾਰਨੀ ਹਨ।

BSER

## ਖ਼ਨਗਾਹੀਂ ਦੀਵਾ ਬਾਲਦੀਏ

ਖ਼ਨਗਾਹੀਂ ਦੀਵਾ ਬਾਲਦੀਏ,
ਕੀ ਲੋਚਦੀਏ ? ਕੀ ਭਾਲਦੀਏ ?
ਕੀ ਰੁਸ ਗਿਆ ਤੇਰਾ ਢੋਲ ਕੁੜੇ ?
ਯਾ ਸੱਖਣੀ ਤੇਰੀ ਝੋਲ ਕੁੜੇ ?

ਯਾ ਸਰਘੀ ਵੇਲੇ ਤੱਕਿਆ ਈ ?
ਕੋਈ ਡਾਢਾ ਭੈੜਾ ਸੁਫਨਾ ਨੀ ?
ਜੁ ਕਰਦੀ ਮਾਰੋ-ਮਾਰ ਕੁੜੇ,
ਤੂੰ ਪਹੁੰਚੀ ਵਿੱਚ ਉਜਾੜ ਕੁੜੇ।

ਸਿਰ ਉੱਤੇ ਤੇਰੇ ਉਲਰ ਰਹੀ,
ਇੱਕ ਬੁੱਢ ਪੁਰਾਣੀ ਬੇਰ ਜਹੀ।
ਜਿਸ ਦੇ ਕੰਡਿਆਂ ਵਿੱਚ ਫਸ ਰਹੀਆਂ,
ਕੁਝ ਲੀਰਾਂ ਵੱਛੇ-ਚਾਪ ਜਹੀਆਂ।
ਤੇ ਪੈਰਾਂ ਦੇ ਵਿੱਚ ਸ਼ਾਂਤ ਪਿਆ।
ਇੱਕ ਢੇਰ ਗੀਟਿਆਂ ਪੱਥਰਾਂ ਦਾ।

ਤੂੰ ਅਚਲ, ਅਡੋਲ, ਅਬੋਲ ਖੜੀ,
ਹਿੱਕ ਤੇਰੀ ਨਾਲ ਯਕੀਨ ਭਰੀ,
ਖ਼ਨਗਾਹ ਦੇ ਉੱਤੇ ਆਣ ਨਾਲ,
ਇੱਕ ਦੀਵੇ ਦੇ ਟਿਮਕਾਣ ਨਾਲ,
ਸਭ ਸਨਸੇ ਤੇਰੇ ਦੂਰ ਹੋਏ,

BSER

ਹਿੱਕ ਖੂੰਜੇ ਨੂਰੋ- ਨੂਰ ਹੋਏ।

ਪਰ ਪੜ੍ਹ-ਪੜ੍ਹ ਪੁਸਤਕ ਢੇਰ ਕੁੜੇ,

ਮੇਰਾ ਵਧਦਾ ਜਾਏ ਹਨੇਰ ਕੁੜੇ।

ਕੁਝ ਅਜਬ ਇਲਮ ਦੀਆਂ ਜ਼ਿੱਦਾਂ ਨੇ,

ਮੈਨੂੰ ਮਾਰਿਆ ਕਿਉਂ, ਕੀ ਕਿੱਦਾ ਨੇ।

ਮੈਂ ਨਿਸਚੇ ਬਾਝੋਂ ਭਟਕ ਰਿਹਾ,

ਜ਼ੰਨਤ ਦੋਜ਼ਖ ਵਿੱਚ ਲਟਕ ਰਿਹਾ।

ਗੱਲ ਸੁਣ ਜਾ ਭਟਕੇ ਰਾਹੀ ਦੀ,

ਇੱਕ ਚਿਣਗ ਮੈਨੂੰ ਭੀ ਚਾਹੀਦੀ।

**(ਖਨਗਾਹ- ਪੀਰ ਦਾ ਮਕਬਰਾ, ਲੋਚਦੀਏਂ- ਇੱਛਾ ਰੱਖਦੀ ਹੈ, ਢੋਲ- ਪਤੀ, ਸੱਖਣੀ ਝੋਲ- ਨਿਰਸੰਤਾਨ, ਸਰਘੀ ਵੇਲੇ- ਤੜਕਸਾਰ, ਡਾਢਾ- ਬਹੁਤ ਜ਼ਿਆਦਾ, ਉੱਲਰ ਰਹੀ- ਝੁਕੀ ਹੋਈ, ਬੁੱਢ ਪੁਰਾਣੀ- ਬਹੁਤ ਪੁਰਾਣੀ, ਅਜਬ-ਅਨੋਖਾ, ਜੰਨਤ- ਸਵਰਗ, ਸਨਸੇ- ਫ਼ਿਕਰ, ਦੋਜ਼ਖ- ਨਰਕ)**

## ਮੇਰੇ ਗੀਤ

ਮੇਰੀ ਹਿੱਕ ਵਿੱਚ ਹੁਣ ਨਾ ਸੌਣ ਗੀਤ,

ਪਏ ਰਾਤ ਦਿਨੇ ਚਿਚਲਾਉਣ ਗੀਤ।

ਇਹ ਕਿਤਨਾ ਹੀ ਚਿਰ ਸੰਝ ਦੇ ਰਹੇ,

ਹਿੱਕ-ਪਿੰਜਰ ਅੰਦਰ ਜ਼ੰਗਦੇ ਰਹੇ,

ਖ਼ਬਰੇ ਕਿੱਦਾਂ ਦਿਨ ਲੰਘਦੇ ਰਹੇ,

ਹੁਣ ਪਲ ਵੀ ਪਲਕ ਨਾ ਲਾਉਣ ਗੀਤ।

ਇਹ ਚਾਹਣ ਨਿਕਲਣਾ ਖੁੱਲ੍ਹਣਾ ਹੁਣ,

ਝੱਖੜਾਂ ਦੇ ਵਾਂਗਰ ਝੁਲਣਾ ਹੁਣ,

ਤੇ ਨਾਲ ਕਿਸਮਤਾਂ ਘੁਲਣਾਂ ਹੁਣ,



BSER

ਅਰਸ਼ਾਂ ਨਾਲ ਆਢੇ ਲਾਉਣ ਗੀਤ।

ਇਹ ਗੀਤ ਨਾ ਕਿਸੇ ਸ਼ਜ਼ਾਦੀ ਦੇ,
ਨਾ ਹੁਸਨ ਇਸ਼ਕ ਦੀ ਵਾਦੀ ਦੇ,
ਇਹ ਤਾਂ ਨਗ਼ਮੇ ਰੂਹ ਫ਼ਰਿਆਦੀ ਦੇ,
ਦਿਲ ਵਾਲਿਆਂ ਨੂੰ ਤੜਪਾਉਣ ਗੀਤ।

ਇਹ ਸੁੱਤੀ ਚਿਣਗ ਮਘਾਵਣਗੇ,
ਯੁਵਕਾਂ ਦਾ ਲਹੂ ਗਰਮਾਵਣਗੇ,
ਜ਼ੰਜੀਰਾਂ ਨੂੰ ਹੱਥ ਪਾਵਣਗੇ,
ਪਏ ਮਸਤੀ ਦੇ ਵਿੱਚ ਆਉਣ ਗੀਤ।

ਇਹ ਚਾਹੁਣ ਨਵਾਂ ਯੁਗ ਰਚਣਾ ਹੁਣ,
ਤਲਵਾਰਾਂ ਨਾਲ ਪਲਚਣਾ ਹੁਣ,
ਚੜ੍ਹ ਸੂਲਿਆਂ ਉੱਤੇ ਨੱਚਣਾ ਹੁਣ,
ਮੇਰੇ ਮਰਨੋਂ ਨਾ ਘਬਰਾਉਣ ਗੀਤ।

ਜਦ ਤੀਕਰ ਯੁਵਕ ਨਾ ਜਾਗਣਗੇ,
ਮੇਰੇ ਗੀਤ ਨਾ ਗਾਉਣ ਤਿਆਗਣਗੇ,
ਦਿਨ ਰਾਤ ਉਨੀਂਦੇ ਝਾਗਣਗੇ,
ਨਾ ਸੌਣ ਦੇਣ ਨਾ ਸੌਣ ਗੀਤ।
ਮੇਰੀ ਹਿੱਕ ਵਿੱਚ ਹੁਣ ਨਾ ਸੌਣ ਗੀਤ,
ਪਏ ਰਾਤ ਦਿਨੇ ਚਿਚਲਾਉਣ ਗੀਤ।



BSEB

**(ਸੰਗਦੇ- ਸ਼ਰਮਾਉਂਦੇ, ਜੰਗਦੇ- ਜੰਗਾਲੇ ਹੋਏ, ਪਲਕ ਨਾ ਲਾਉਣਾ- ਜਾਗਦੇ ਰਹਿਣਾ, ਆਢੇ ਲਾਉਣਾ- ਮੁਕਾਬਲਾ ਕਰਨਾ, ਸ਼ਜਾਦੀ- ਸ਼ਹਿਜਾਦੀ, ਨਗ਼ਮੇ- ਗੀਤ, ਸੁੱਤੀ ਚਿਣਗ- ਦੱਬੀਆਂ ਭਾਵਨਾਵਾਂ, ਮਘਾਵਣਗੇ- ਉਤੇਜਿਤ ਕਰਨਗੇ, ਜੰਜੀਰਾਂ ਨੂੰ ਹੱਥ ਪਾਉਣਾ- ਜ਼ੁਲਮ ਖਿਲਾਫ ਬਗਾਵਤ ਕਰਨੀ)**

## ਅਭਿਆਸ ਪ੍ਰਸ਼ਨ

1. ਹੇਠ ਲਿਖੇ ਕਾਵਿ ਬੰਦਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।

(ੳ) ਪਰ ਪੜ੍ਹ-ਪੜ੍ਹ ਪੁਸਤਕ ਢੇਰ ਕੁੜੇ,
ਮੇਰਾ ਵਧਦਾ ਜਾਏ ਹਨੇਰ ਕੁੜੇ।
ਕੁਝ ਅਜਬ ਇਲਮ ਦੀਆਂ ਜ਼ਿੱਦਾਂ ਨੇ,
ਮੈਨੂੰ ਮਾਰਿਆ ਕਿਉਂ, ਕੀ ਕਿੱਦਾ ਨੇ।
ਮੈਂ ਨਿਸਚੇ ਬਾਝੋਂ ਭਟਕ ਰਿਹਾ,
ਜ਼ੰਨਤ ਦੋਜ਼ਖ ਵਿੱਚ ਲਟਕ ਰਿਹਾ।
ਗੱਲ ਸੁਣ ਜਾ ਭਟਕੇ ਰਾਹੀ ਦੀ,
ਇੱਕ ਚਿਣਗ ਮੈਨੂੰ ਭੀ ਚਾਹੀਦੀ।

(ਅ) ਜਦ ਤੀਕਰ ਯੁਵਕ ਨਾ ਜਾਗਣਗੇ,
ਮੇਰੇ ਗੀਤ ਨਾ ਗਾਉਣ ਤਿਆਗਣਗੇ,
ਦਿਨ ਰਾਤ ਉਨੀਂਦੇ ਝਾਗਣਗੇ,
ਨਾ ਸੌਣ ਦੇਣ ਨਾ ਸੌਣ ਗੀਤ।
ਮੇਰੀ ਹਿੱਕ ਵਿੱਚ ਹੁਣ ਨਾ ਸੌਣ ਗੀਤ,
ਪਏ ਰਾਤ ਦਿਨੇ ਚਿਚਲਾਉਣ ਗੀਤ।

2. 'ਖਨਗਾਹੀਂ ਦੀਵਾ ਬਾਲਦੀਏ' ਕਵਿਤਾ ਦਾ ਸਾਰ ਬਿਆਨ ਕਰੋ।

3. 'ਮੇਰੇ ਗੀਤ' ਕਵਿਤਾ ਰਾਹੀਂ ਕਵੀ ਕਿਹੜੇ ਭਾਵਾਂ ਦਾ ਸੰਚਾਰ ਕਰਦਾ ਹੈ? ਵਿਸਤਾਰ ਨਾਲ ਬਿਆਨ ਕਰੋ।

4. ਖਨਗਾਹੀਂ ਦੀਵਾ ਬਾਲਣ ਨਾਲ ਕਿਹੜੇ ਕਿਹੜੇ ਸੰਸੇ ਦੂਰ ਹੋ ਜਾਂਦੇ ਹਨ? 'ਖਨਗਾਹੀਂ ਦੀਵਾ ਬਾਲਦੀਏ' ਕਵਿਤਾ ਦੇ ਆਧਾਰ 'ਤੇ ਬਿਆਨ ਕਰੋ।



BSER

# 6. ਹਰਿਭਜਨ ਸਿੰਘ

ਡਾ. ਹਰਿਭਜਨ ਸਿੰਘ ਪੰਜਾਬੀ ਕਾਵਿ-ਜਗਤ ਦਾ ਵਿਸ਼ੇਸ ਨਾਂ ਹੈ। ਉਸ ਦੀ ਕਾਵਿ ਵਿਸ਼ੇਸ਼ਤਾ ਦਾ ਉੱਘੜਵਾ ਪੱਖ ਉਸ ਵਿਚਲਾ ਸੁਹਜ ਤੱਤ ਹੈ। ਉਸ ਨੇ ਕਵਿਤਾ ਦੀ ਆਧੁਨਿਕ ਸ਼ੈਲੀ ਅਪਨਾਉਂਦਿਆਂ ਹੋਇਆ ਪ੍ਰਗੀਤਕਤਾ ਨੂੰ ਬਰਕਰਾਰ ਰੱਖਿਆਂ। ਉਸ ਨੇ ਪ੍ਰਗੀਤ ਸ਼ੈਲੀ ਵਿੱਚ ਨਵੇਂ ਤਜ਼ਰਬੇ ਕਰਕੇ ਪੰਜਾਬੀ ਕਵਿਤਾ ਨੂੰ ਨਿਵੇਕਲਾ ਰੰਗ ਦਿੱਤਾ।

ਡਾ. ਹਰਿਭਜਨ ਸਿੰਘ ਦਾ ਜਨਮ 18 ਅਗਸਤ 1920ਈ. ਨੂੰ ਲੂਮ ਡਿੰਗ (ਅਸਾਮ) ਵਿੱਚ ਹੋਇਆ। ਡਾ. ਹਰਿਭਜਨ ਸਿੰਘ ਦੇ ਪਿਤਾ ਦਾ ਨਾਂ ਸ੍. ਗੰਡਾ ਸਿੰਘ ਤੇ ਮਾਤਾ ਦਾ ਨਾਂ ਕਰਮ ਕੌਰ ਸੀ। ਡਾ. ਹਰਿਭਜਨ ਸਿੰਘ ਨੇ ਐੱਮ. ਏ. ਹਿੰਦੀ ਤੇ ਅੰਗਰੇਜ਼ੀ ਵਿੱਚ ਕੀਤੀ। ਹਿੰਦੀ ਵਿੱਚ ਪੀ-ਐੱਚ. ਡੀ. ਦੀ ਡਿਗਰੀ ਵੀ ਹਾਸਲ ਕੀਤੀ। ਇਸ ਉਪਰੰਤ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਵਿੱਚ ਬਤੌਰ ਹਿੰਦੀ ਪ੍ਰਾਧਿਆਪਕ ਕਾਰਜ ਕੀਤਾ। ਹਿੰਦੀ ਵਿੱਚ ਅਧਿਆਪਨ ਕਿੱਤੇ ਤੋਂ ਬਾਅਦ ਦਿੱਲੀ ਯੂਨੀਵਰਸਿਟੀ, ਦਿੱਲੀ ਦੇ ਪੰਜਾਬੀ ਵਿਭਾਗ ਦੇ ਮੁਖੀ ਵਜੋਂ ਵੀ ਸੇਵਾ ਨਿਭਾਈ। ਉਹ ਇੱਕੋ ਸਮੇਂ ਅਨੁਵਾਦਕ, ਕਵੀ, ਆਲੋਚਕ ਸੀ। ਇਹੀ ਕਾਰਨ ਹੈ ਕਿ ਉਸ ਨੂੰ ਸਮੇਂ-ਸਮੇਂ ਕਈ ਮਾਨ-ਸਨਮਾਨ ਹਾਸਿਲ ਹੋਏ। ਭਾਰਤੀ ਸਾਹਿਤ ਅਕਾਦਮੀ ਵੱਲੋਂ ਕਾਵਿ-ਸੰਗ੍ਰਹਿ 'ਨਾ ਧੁੱਪੇ ਨਾ ਛਾਂਵੇ' ਉੱਪਰ ਪੁਰਸਕਾਰ ਹਾਸਲ ਕਰਨਾ ਉਸ ਦੀ ਵਿਸ਼ੇਸ਼ ਪ੍ਰਾਪਤੀ ਹੈ। ਕਬੀਰ ਤੇ ਸਰਸਵਤੀ ਪੁਰਸਕਾਰ ਵਰਗੇ ਉੱਚ-ਪਾਏ ਦੇ ਸਨਮਾਨਾਂ ਨਾਲ ਵੀ ਉਸ ਨੂੰ ਨਿਵਾਜਿਆ ਗਿਆ। ਉਸ ਦੀ ਮੌਤ 21 ਅਕਤੂਬਰ 2002 ਨੂੰ ਹੋਈ।

'ਲਾਸਾਂ', 'ਤਾਰ ਤੁਪਕਾ', 'ਅਧਰੈਣੀ', 'ਨਾ ਧੁੱਪੇ ਨਾ ਛਾਂਵੇ', 'ਸੜਕ ਦੇ ਸਫੇ 'ਤੇ', 'ਅਲਫ਼ ਦੁਪਹਿਰ', 'ਅਲਵਿਦਾ ਤੋ ਪਹਿਲਾਂ', 'ਰੁੱਖ ਤੇ ਰਿਸ਼ੀ' ਆਦਿ ਉਸ ਦੀਆਂ ਮਹੱਤਵਪੂਰਨ ਕਾਵਿ ਪੁਸਤਕਾਂ ਹਨ। ਉਸ ਦੀ ਕਵਿਤਾ ਵਿੱਚ ਸੰਵਾਦੀ ਭਾਸ਼ਾ ਦੇ ਨਾਲ-ਨਾਲ ਵਿਭਿੰਨ ਪ੍ਰਕਾਰ ਦੇ ਬਿੰਬ, ਪ੍ਰਤੀਕ, ਅਲੰਕਾਰ ਦੇਖਣ ਨੂੰ ਮਿਲਦੇ ਹਨ। 'ਵਿਅੰਗ ' ਦੀ ਵਰਤੋਂ ਕਰਨ ਵਿੱਚ ਉਹ ਮਾਹਰ ਕਵੀ ਹੈ।

BSER

## ਸੌਂ ਜਾ ਮੇਰੇ ਮਾਲਕਾ (ਗੀਤ)

ਸੌਂ ਜਾ ਮੇਰੇ ਮਾਲਕਾ ਵਰਾਨ ਹੋਈ ਰਾਤ

ਸੌਂ ਜਾਹ ਮੇਰੇ ਮਾਲਕਾ ਵੇ ਵਰਤਿਆ ਹਨੇਰ,

ਵੇ ਕਾਲਖਾਂ 'ਚ ਤਾਰਿਆਂ ਦੀ ਡੁੱਬ ਗਈ ਸਵੇਰ;

ਵੇ ਪੱਸਰੀ ਜਹਾਨ ਉੱਤੇ ਮੌਤ ਦੀ ਹਵਾੜ੍ਹ,

ਵੇ ਖਿੰਡ ਗਈਆਂ ਮਹਿਫਲਾਂ ਤੇ ਛਾ ਗਈ ਉਜਾੜ;

ਵੇ ਜ਼ਿੰਦਗੀ ਖ਼ਮੋਸ਼, ਬੇਹੋਸ਼ ਕਾਇਨਾਤ।

ਹੈ ਖੂਹਾਂ ਵਿੱਚ ਆਦਮੀ ਦੀ ਜਾਗਦੀ ਸੜ੍ਹਾਂਦ,

ਤੇ ਸੌਂ ਗਏ ਨੇ ਆਦਮੀ ਤੋਂ ਸੱਖਣੇ ਗਵਾਂਢ;

ਵੇ ਸੀਤ ਨੇ ਮੁਆਤੇ ਤੇ ਗਸ਼ ਹੈ ਜਮੀਨ,

ਵੇ ਸੀਨਿਆਂ 'ਚ ਸੁੰਨ ਦੋਵੈਲ ਖ਼ੂਨ ਤੇ ਸੰਗੀਨ;

ਵਿਹਲਾ ਹੋ ਕੇ ਸੌਂ ਗਿਆ ਏ ਲੋਹਾ ਅਸਪਾਤ।

ਸੌਂ ਜਾ ਇੰਜ ਅੱਖੀਆ 'ਚੋਂ ਅੱਖੀਆਂ ਨ ਕੇਰ,

ਸਿਤਾਰਿਆਂ ਦੀ ਸਦਾ ਨਹੀਂ ਡੁੱਬਣੀ ਸਵੇਰ;

ਹਮੇਸ਼ ਨਹੀਂ ਕੁੱਦਣਾ ਮਨੁੱਖ ਨੂੰ ਜਨੂੰਨ,

ਹਮੇਸ਼ ਨਹੀਂ ਡੁਲ੍ਹਣਾ ਜ਼ਮੀਨ ਉੱਤੇ ਖ਼ੂਨ;

ਹਮੇਸ਼ ਨਾ ਵਰਾਨ ਹੋਣੀ ਅੱਜ ਵਾਂਙ ਰਾਤ।

ਸੌਂ ਜਾ ਮੇਰੇ ਮਾਲਕਾ ਵਰਾਨ ਹੋਈ ਰਾਤ।

**(ਵਰਾਨ- ਉਜਾੜ, ਕਾਲਖ- ਕਾਲਾਪਣ, ਪੱਸਰੀ- ਫੈਲੀ, ਹਵਾੜ੍ਹ- ਬਦਬੂ, ਕਾਇਨਾਤ- ਸ਼੍ਰਿਸ਼ਟੀ, ਕੁਦਰਤ, ਸੱਖਣੇ- ਵਿਰਵੇ, ਖਾਲੀ। ਮੁਆਤੇ- ਚੰਗਿਆੜੀ, ਸੰਗੀਨ- ਗੰਭੀਰ)**

BSEB

## ਬਿਰਛ ਨਾਲ ਲੈ ਕੇ ਤੁਰਨਾ ਹੈ

ਕੱਲਾ ਮੈਂ
ਕੱਲਾ ਮਾਰੂਥਲ
ਦੋਹਾਂ ਇੱਕ ਦੂਜੇ 'ਚੋਂ ਲੰਘਣਾ
ਆਪਣੀ ਆਪਣੀ ਅੱਗ ਵਿੱਚ ਦੋਵੇਂ ਸੁਲਗ ਰਹੇ ਹਾਂ
ਇੱਕ ਦੂਜੇ ਵਿੱਚ ਝੁਲਸਣਾ ਅਜੇ ਬਾਕੀ ਹੈ।

ਜੀ ਵਿੱਚ ਆਇਆ ਆਪਣੇ ਨਾਲ
ਕੋਈ ਸੰਘਣੀ ਜਿਹੀ ਛਾਂ ਲੈ ਚੱਲਾਂ
ਜਿਹੜਾ ਬਿਰਛ ਪੁੱਟ ਕੇ ਛਤਰੀ ਵਾਂਗ ਚੁੱਕਿਆ
ਚਾਰ ਕਦਮ ਚੱਲ ਕੇ ਹੀ ਸੁੱਕ ਸੜ ਜਾਂਦਾ ਹੈ
ਪੱਤਾ ਪੱਤਾ ਝੜ ਜਾਂਦਾ ਹੈ

ਮੋਏ ਬਿਰਛ ਦੀ ਛਾਂ ਬਹੁਤਾ ਚਿਰ ਜੀ ਨਹੀਂ ਸਕਦੀ
ਓੜਕ ਆਪਣੀ ਮਿੱਟੀ 'ਚੋਂ ਹੀ ਬਿਰਛ ਉਗਾਇਆ
ਮੇਰੇ ਵਾਂਗ ਇਕਹਿਰਾ ਇਕਲਵਾਂਞਾ
ਇਸ ਦੀ ਛਾਂ ਮੇਰੇ ਪਰਛਾਵੇਂ ਵਾਂਗ
ਮੇਰੇ ਸਿਰ ਤੇ ਨਹੀਂ ਹੁੰਦੀ

ਪੱਤੇ ਪੱਤੇ ਦੀ ਹਰਿਆਲੀ
ਚਾਲ ਮੇਰੀ ਵਿੱਚ ਲਹਿਕ ਰਹੀ ਹੈ।



BSER

## ਅਭਿਆਸ ਪ੍ਰਸ਼ਨ

1. ਹੇਠ ਲਿਖੇ ਕਾਵਿ ਬੰਦਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।

(ੳ) ਸੌਂ ਜਾ ਇੰਜ ਅੱਖੀਆ 'ਚੋਂ ਅੱਖੀਆਂ ਨ ਕੇਰ,
ਸਿਤਾਰਿਆਂ ਦੀ ਸਦਾ ਨਹੀਂ ਡੁੱਬਣੀ ਸਵੇਰ;
ਹਮੇਸ਼ ਨਹੀਂ ਕੁੱਦਣਾ ਮਨੁੱਖ ਨੂੰ ਜਨੂੰਨ,
ਹਮੇਸ਼ ਨਹੀਂ ਡੁਲ੍ਹਣਾ ਜ਼ਮੀਨ ਉੱਤੇ ਖ਼ੂਨ;
ਹਮੇਸ਼ ਨਾ ਵਰਾਨ ਹੋਣੀ ਅੱਜ ਵਾਂਙ ਰਾਤ।
ਸੌਂ ਜਾ ਮੇਰੇ ਮਾਲਕਾ ਵਰਾਨ ਹੋਈ ਰਾਤ।

(ਅ) ਮੋਏ ਬਿਰਛ ਦੀ ਛਾਂ ਬਹੁਤਾ ਚਿਰ ਜੀ ਨਹੀਂ ਸਕਦੀ
ਓੜਕ ਆਪਣੀ ਮਿੱਟੀ 'ਚੋਂ ਹੀ ਬਿਰਛ ਉਗਾਇਆ
ਮੇਰੇ ਵਾਂਗ ਇਕਹਿਰਾ ਇਕਲਵਾਂਞਾ
ਇਸ ਦੀ ਛਾਂ ਮੇਰੇ ਪਰਛਾਵੇਂ ਵਾਂਗ
ਮੇਰੇ ਸਿਰ ਤੇ ਨਹੀਂ ਹੁੰਦੀ

2. 'ਸੌਂ ਜਾ ਮੇਰੇ ਮਾਲਕਾ' ਗੀਤ ਵਿੱਚ ਕਵੀ ਮਾਲਕ ਨੂੰ ਸੌਣ ਲਈ ਕਿਉਂ ਕਹਿੰਦਾ ਹੈ ?

3. 'ਸੌਂ ਜਾ ਮੇਰੇ ਮਾਲਕਾ' ਗੀਤ ਵਿੱਚ ਆਏ ਵਿਚਾਰਾਂ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

4. 'ਬਿਰਛ ਨਾਲ ਲੈ ਕੇ ਤੁਰਨਾ ਹੈ' ਕਵਿਤਾ ਦਾ ਕੇਂਦਰੀ ਭਾਵ ਲਿਖੋ।

BSER

# 7. ਸ.ਸ.ਮੀਸ਼ਾ

ਸ.ਸ.ਮੀਸ਼ਾ ਪੰਜਾਬੀ ਕਵਿਤਾ ਵਿੱਚ ਨਿਵੇਕਲੀ ਸੁਰ ਵਾਲਾ ਕਵੀ ਹੈ। ਉਸ ਨੇ ਆਪਣੀ ਕਵਿਤਾ ਵਿੱਚ ਮੱਧ ਸ਼੍ਰੇਣੀ ਦੇ ਲੋਕਾਂ ਦੀ ਸਧਾਰਨਤਾ ਦੀ ਗੱਲ ਕੀਤੀ ਹੈ। ਉਸ ਨੇ ਆਪਣੀਆਂ ਕਵਿਤਾਵਾਂ ਵਿੱਚ ਰਾਜਸੀ ਅਵਚੇਤਨ ਦਾ ਪ੍ਰਗਟਾਵਾ ਕੀਤਾ ਹੈ।

ਸ.ਸ.ਮੀਸ਼ਾ ਦਾ ਜਨਮ ਪਿੰਡ ਭੇਟ ਜਿਲ੍ਹਾ ਕਪੂਰਥਲਾ ਵਿੱਚ 30 ਅਗਸਤ 1934 ਨੂੰ ਹੋਇਆ। ਸ.ਸ.ਮੀਸ਼ਾ ਨੇ ਜਦੋਂ ਕਵਿਤਾ ਲਿਖਣੀ ਸ਼ੁਰੂ ਕੀਤੀ, ਉਦੋਂ ਰੁਮਾਂਟਿਕ-ਪ੍ਰਗਤੀਵਾਦੀ ਕਵਿਤਾ ਦਾ ਦੌਰ ਸੀ, ਪਰ ਉਸ ਨੇ ਨਾ ਤਾਂ ਰੁਮਾਂਸ ਨੂੰ ਅਤੇ ਨਾ ਹੀ ਉਹਨਾਂ ਸੁਪਨਿਆਂ ਨੂੰ ਅਪਣਾਇਆ। ਉਹ ਆਪਣੀ ਕਵਿਤਾ ਵਿੱਚ ਸਧਾਰਨ ਮੱਧ ਸ਼੍ਰੇਣੀ ਦੀ ਸਧਾਰਨਤਾ ਨੂੰ ਪੇਸ਼ ਕਰਦਾ ਹੈ, ਇਸੇ ਲਈ ਉਸ ਨੂੰ ਐਂਟੀ-ਰੁਮਾਂਟਿਕ ਕਵੀ ਕਿਹਾ ਜਾਂਦਾ ਹੈ। ਉਸ ਨੇ ਆਪਣੀ ਕਵਿਤਾ ਵਿੱਚ ਵਿਅੰਗ ਤੇ ਨਾਟਕੀਅਤਾ ਦੀ ਵਿਧੀ ਨੂੰ ਅਪਣਾਇਆ ਹੈ। ਇਸੇ ਲਈ ਉਹ ਸਾਧਾਰਨ ਬੋਲ-ਚਾਲ ਦੀ ਭਾਸ਼ਾ ਨੂੰ ਵਧੇਰੇ ਵਰਤਦਾ ਹੈ। ਉਸ ਦੇ ਸਮੇਂ ਆਧੁਨਿਕਤਾਵਾਦੀ ਕਵਿਤਾ ਵੀ ਸਾਹਮਣੇ ਆਈ, ਪਰ ਉਸ ਨੇ ਆਪਣੀ ਧੀਮੇ ਬੋਲਾਂ ਵਾਲੀ ਕਟਾਖਸ਼ੀ ਕਵਿਤਾ ਨੂੰ ਜਾਰੀ ਰੱਖਿਆ। ਕਵਿਤਾ ਦੇ ਨਾਲ ਉਸ ਨੇ ਪ੍ਰਭਾਵਸ਼ਾਲੀ ਗ਼ਜ਼ਲਾਂ ਦੀ ਰਚਨਾ ਵੀ ਕੀਤੀ। ਉਸ ਦਾ ਦੇਹਾਂਤ 1974 ਵਿੱਚ ਇਕ ਸੁਖਨਾ ਝੀਲ ਹਾਦਸੇ ਵਿੱਚ ਹੋਇਆ।

'ਦਸਤਕ', 'ਰਸਤਾ', 'ਕੱਚ ਦੇ ਵਸਤਰ', 'ਚੁਰਸਤਾ', 'ਧੀਮੇ ਬੋਲ' ਆਦਿ ਉਸ ਦੇ ਪ੍ਰਸਿੱਧ ਕਾਵਿ ਸੰਗ੍ਰਹਿ ਹਨ। 'ਕੱਚ ਦੇ ਵਸਤਰ' ਕਾਵਿ ਸੰਗ੍ਰਹਿ ਲਈ ਸ.ਸ.ਮੀਸ਼ਾ ਨੂੰ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਪ੍ਰਾਪਤ ਹੋਇਆ।

BSEH

## ਧਰਤੀ ਦੇ ਬੋਲ

ਧਰਤੀ ਦੇ ਬੋਲ

ਦੋ ਪਲ ਕੋਲ ਖਲੋ

ਵੇ ਰਾਹੀਆ

ਦੋ ਪਲ ਹੋਰ ਖਲੋ

ਪੂੰਝ ਦਿਆਂ ਤੇਰੇ ਮੱਥੇ ਉੱਤੋਂ

ਮੁੜ੍ਹਕਾ ਰਿਹਾ ਏ ਚੋ

ਦੋ ਪਲ ਹੋਰ ਖਲੋ।

ਦੱਸ ਖਾਂ ਬੀਬਾ ਕਾਹਦੀ ਜਲਦੀ

ਖਿੱਚ ਹੈ ਤੈਨੂੰ ਕਿਸ ਮੰਜ਼ਲ ਦੀ

ਕਿਸ ਵਾਅਦੇ ਤੋਂ ਡਰਦਾ ਏਂ ਤੂੰ

ਦੇਰ ਨਾ ਜਾਵੇ ਹੋ

ਦੋ ਪਲ ਹੋਰ ਖਲੋ।

ਦੱਸ ਜਾ ਆਪਣਾ ਥੌਹ ਟਿਕਾਣਾ

ਕਿੱਥੋਂ ਤੁਰਿਆ ਕਿੱਥੇ ਜਾਣਾ

ਕਿਸ ਪੈਂਡੇ ਦੀ ਭਟਕਣ

ਤੇਰੇ ਪੈਰੀਂ ਗਈ ਸਮੋ

ਦੋ ਪਲ ਹੋਰ ਖਲੋ।

ਤੱਕ ਲੈ ਮਹਿਕਦੀਆਂ ਗੁਲਜ਼ਾਰਾਂ

ਮਾਣ ਲੈ ਕੁਝ ਚਿਰ ਮੌਜ ਬਹਾਰਾਂ

ਜਾਂਦਾ ਪੱਲੇ ਬੰਨ੍ਹ ਲੈ ਜਾਵੀਂ

ਫੁੱਲਾਂ ਦੀ ਖ਼ੁਸ਼ਬੋ

ਪੂੰਝ ਦਿਆਂ ਤੇਰੇ ਮੱਥੇ ਉੱਤੋਂ



BSER

ਮੁੜ੍ਹਕਾ ਰਿਹਾ ਏ ਚੋ

ਦੋ ਪਲ ਹੋਰ ਖਲੋ।

## ਦੁਸ਼ਮਣੀ ਦੀ ਦਾਸਤਾਨ

ਗੱਲ ਤਾਂ ਨਿੱਕੀ ਜਿਹੀ ਹੈ

ਮੈਂ ਹੀ ਭਾਵਕ ਹੋ ਗਿਆ ਹਾਂ

ਕਾਬਲੀ ਅੰਗੂਰ

ਲੰਘ ਕੇ ਆ ਗਿਆ ਹੈ ਵ੍ਹਾਗਿਓਂ

ਤੂੰ ਸੀ ਜਿਹੜੇ ਰਾਹ ਗਿਓਂ

ਬਹੁਤ ਖ਼ੁਸ਼ ਹੋਇਆ ਹਾਂ ਮੈਂ

ਅੱਖੀਆਂ ਵਿਚ ਆ ਗਏ ਨੇ ਅੱਥਰੂ

ਭਰ ਗਿਆ ਹੈ ਮੇਰੇ ਮੂੰਹ ਵਿਚ ਮਾਖਿਓਂ

ਗੱਲ ਤਾਂ ਨਿੱਕੀ ਜਹੀ ਹੈ।

ਗੱਲ ਤਾਂ ਨਿੱਕੀ ਜਹੀ ਹੈ।

ਮੇਰੇ ਬੱਚੇ ਨੂੰ ਸਮਝ ਆਉਂਦੀ ਨਹੀਂ

ਕਿਸ ਤਰ੍ਹਾਂ

ਇੱਕੋ ਵੇਲੇ

ਕੋਈ ਹੋ ਸਕਦਾ ਬਿਗਾਨਾ ਆਪਣਾ

ਲੰਘ ਕੇ ਸਰਹੱਦ ਨੂੰ

ਭਟਕਦੀ ਰਹਿੰਦੀ ਹੈ ਅਕਸਰ ਕਲਪਣਾ

ਕਿਸ ਤਰ੍ਹਾਂ ਦਾ ਯਾਰ ਵਸਦਾ ਹੈ ਪਰਾਏ ਮੁਲਕ ਵਿਚ

ਜਿਸ ਲਈ ਇੰਜ ਲੁੱਛਦਾ ਰਹਿੰਦਾ ਹਾਂ ਮੈਂ



BSER

ਪੂਰੇ ਲੜ ਬੰਨ੍ਹਦਾ ਸਲਾਮਾਂ
ਪੱਛੋਂ ਤੋਂ ਵੀ ਹਾਲ ਜਿਸ ਦਾ ਪੁੱਛਦਾ ਰਹਿੰਦਾ ਹਾਂ ਮੈਂ
ਨਾ ਕਦੀ ਆਉਂਦਾ ਨਾ ਮਿਲਦਾ
ਨਾ ਕੋਈ ਚਿੱਠੀ ਨਾ ਸੁਖ ਸੁਨੇਹਾ
ਦੱਸਦਾ ਨਾ ਹਾਲ ਦਿਲ ਦਾ
ਗੱਲ ਤਾਂ ਨਿੱਕੀ ਜਹੀ ਹੈ
ਮੇਰੇ ਬੱਚੇ ਨੂੰ ਸਮਝ ਆਉਂਦਾ ਨਹੀਂ।
ਗੱਲ ਤਾਂ ਨਿੱਕੀ ਜਹੀ ਹੈ।
ਸਮਝ ਨਹੀਂ ਆਉਂਦੀ ਸਿਆਸਤਦਾਨ ਨੂੰ
ਦੇਸ਼-ਭਗਤੀ ਵਿਚ ਵਿਘਨ ਪੈਂਦਾਂ ਕਿਵੇਂ
ਆਪ ਆਪਣੇ ਜਜ਼ਬਿਆਂ ਤੋਂ ਝਿਜਕਦਾ ਸੰਗਦਾ ਸੰਗਦਾ ਸਾਂ ਮੈਂ
ਯਾਦ ਹੈ
ਚਾਨਣ-ਵਿਹੂੱਚੀ ਘੁੱਪ ਹਨ੍ਹੇਰੀ ਰਾਤ ਵਿਚ
ਦੇਸ਼ ਮੇਰੇ ਦੇ ਲੜਾਕੂ ਸੂਰਮੇ
ਸੀਰਮੇ ਪੀਂਦੇ ਸੀ ਅੱਗੇ ਵਧ ਰਹੇ ਛਿੜਕਦੇ ਸੀ ਅੱਗੇ ਵਧ ਰਹੇ
ਉਹਨਾਂ ਦੀ ਸੂਰਮਗਤੀ ਨੂੰ ਸਿਰ ਝੁਕਦਾਂ
ਚੁਪ ਚੁਪੀਤਾ
ਤੇਰੀ
ਤੇਰੇ ਮਾਪਿਆਂ ਤੇ ਬੱਚਿਆਂ ਦੀ ਖ਼ੈਰ ਕਿਉਂ ਮੰਗਦਾ ਸਾਂ ਮੈਂ
ਯਾਦ ਕਰ ਕੇ ਅੱਲਾ ਨੂੰ ਭਗਵਾਨ ਨੂੰ
ਗੱਲ ਤਾਂ ਨਿੱਕੀ ਜਹੀ ਹੈ
ਸਮਝ ਨਹੀਂ ਆਉਂਦੀ ਸਿਆਸਤਦਾਨ ਨੂੰ
ਅਜਬ ਹੈ ਇਹ ਦੁਸ਼ਮਣੀ ਦੀ ਦਾਸਤਾਨ



BSEP

ਗ਼ੈਰ ਨੂੰ ਦੱਸੀਏ ਤਾਂ ਹੋ ਜਾਏ ਹੈਰਾਨ

ਮੇਰੀਆ ਫ਼ੌਜਾਂ ਦੇ ਅੱਗੇ
ਤੇਰੀਆ ਫ਼ੌਜਾਂ ਨੇ ਜਦ ਹਥਿਆਰ ਸੁੱਟੇ
ਗਿਲੇ ਵਰਗੀ ਗੱਲ ਸੀ
ਕੁਝ ਰੋਸ ਵੀ ਸੀ
ਤੂੰ ਤਾਂ ਰੋਇਆ ਹੋਏਗਾਂ
ਰੋਣਾ ਹੀ ਸੀ
ਮੇਰੇ ਕਿਉਂ ਅੱਥਰੂ ਸੀ ਵੱਗੇ
ਮੈਨੂੰ ਆਪਣੀ ਜਿੱਤ ਦਾ ਚਾਅ ਤਾਂ ਭਲਾ ਹੋਣਾ ਸੀ
ਨਾਲ ਹੀ ਕਿਉਂ
ਕੁਝ ਤੇਰੀ ਹਾਰ ਦਾ ਅਫ਼ਸੋਸ ਵੀ ਸੀ
ਆਪ ਹੁੰਦਾ ਹਾਂ ਹੈਰਾਨ
ਕਿਹੋ ਜਿਹੀ ਹੈ ਦੁਸ਼ਮਣੀ ਦੀ ਦਾਸਤਾਨ
ਗੱਲ ਤਾਂ ਨਿੱਕੀ ਜਹੀ ਹੈ ਕੌਣ ਸਮਝਾਏ ਸਿਆਸਤਦਾਨ ਨੂੰ
ਕਿੰਜ ਸਮਝੇਗਾ ਮੇਰਾ ਬੱਚਾ ਨਦਾਨ
ਕਦ ਖ਼ਤਮ ਹੋਏਗੀ ਆਖ਼ਰ
ਅਜਬ ਹੈ ਇਹ ਦੁਸ਼ਮਣੀ ਦੀ ਦਾਸਤਾਨ

BSER

## ਅਭਿਆਸ ਪ੍ਰਸ਼ਨ

1. ਹੇਠ ਲਿਖੇ ਕਾਵਿ ਬੰਦਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।

(ੳ) ਤੱਕ ਲੈ ਮਹਿਕਦੀਆਂ ਗੁਲਜ਼ਾਰਾਂ
ਮਾਣ ਲੈ ਕੁਝ ਚਿਰ ਮੌਜ ਬਹਾਰਾਂ
ਜਾਂਦਾ ਪੱਲੇ ਬੰਨ੍ਹ ਲੈ ਜਾਵੀਂ
ਫੁੱਲਾਂ ਦੀ ਖ਼ੁਸ਼ਬੋ
ਪੂੰਝ ਦਿਆਂ ਤੇਰੇ ਮੱਥੇ ਉੱਤੋਂ
ਮੁੜ੍ਹਕਾ ਰਿਹਾ ਏ ਚੋ
ਦੋ ਪਲ ਹੋਰ ਖਲੋ।

(ਅ) ਤੇਰੇ ਮਾਪਿਆਂ ਤੇ ਬੱਚਿਆਂ ਦੀ ਖ਼ੈਰ ਕਿਉਂ ਮੰਗਦਾ ਸਾਂ ਮੈਂ
ਯਾਦ ਕਰ ਕੇ ਅੱਲਾ ਨੂੰ ਭਗਵਾਨ ਨੂੰ
ਗੱਲ ਤਾਂ ਨਿੱਕੀ ਜਹੀ ਹੈ
ਸਮਝ ਨਹੀਂ ਆਉਂਦੀ ਸਿਆਸਤਦਾਨ ਨੂੰ
ਅਜਬ ਹੈ ਇਹ ਦੁਸ਼ਮਣੀ ਦੀ ਦਾਸਤਾਨ
ਗ਼ੈਰ ਨੂੰ ਦੱਸੀਏ ਤਾਂ ਹੋ ਜਾਏ ਹੈਰਾਨ

2. ਕਵੀ ਰਾਹੀ ਨੂੰ ਦੋ ਪਲ ਰੁਕਣ ਲਈ ਕਿਉਂ ਆਖਦਾ ਹੈ ? 'ਧਰਤੀ ਦੇ ਬੋਲ' ਕਵਿਤਾ ਦੇ ਆਧਾਰ 'ਤੇ ਦੱਸੋ।

3. ਸਿਆਸਤਦਾਨ ਨੂੰ ਕਿਹੜੀ ਗੱਲ ਸਮਝ ਨਹੀਂ ਆਉਂਦੀ ? 'ਦੁਸ਼ਮਣੀ ਦੀ ਦਾਸਤਾਨ' ਕਵਿਤਾ ਰਾਹੀਂ ਸਪੱਸ਼ਟ ਕਰੋ।

4. 'ਧਰਤੀ ਦੇ ਬੋਲ' ਕਵਿਤਾ ਵਿੱਚ ਵਿਅਕਤ ਵਿਚਾਰਾਂ ਦਾ ਸਾਰ ਲਿਖੋ।

5. ' ਦੁਸ਼ਮਣੀ ਦੀ ਦਾਸਤਾਨ' ਕਵਿਤਾ ਕਿਹੜੀ ਦਾਸਤਾਨ ਦਾ ਪ੍ਰਗਟਾਵਾ ਕਰਦੀ ਹੈ ? ਵਰਨਣ ਕਰੋ।

BSER

## 8. ਪਾਸ਼

ਪਾਸ਼ ਆਧੁਨਿਕ ਪੰਜਾਬੀ ਕਾਵਿ ਦਾ ਪ੍ਰਤਿਭਾਵਾਨ ਕਵੀ ਹੈ। ਵਿਦਰੋਹੀ ਸੁਰ ਨੂੰ ਪਾਸ਼ ਕਾਵਿ ਦਾ ਕੇਂਦਰੀ ਥੀਮ ਕਿਹਾ ਜਾ ਸਕਦਾ ਹੈ। ਪਾਸ਼ ਅਨੁਸਾਰ ਕਵਿਤਾ ਕ੍ਰਾਂਤੀਕਾਰੀ ਚੇਤਨਾ ਉਪਜਾਉਣ ਲਈ ਇੱਕ ਉੱਤਮ ਵਸੀਲਾ ਹੋ ਸਕਦੀ ਹੈ। ਪਾਸ਼ ਨੇ ਕ੍ਰਾਂਤੀ ਲਿਆਉਣ ਲਈ ਅਨੇਕਾਂ ਕਾਵਿ-ਜੁਗਤਾਂ/ ਵਿਧੀਆਂ ਨੂੰ ਆਪਣੀ ਰਚਨਾ ਵਿੱਚ ਥਾਂ ਦਿੱਤੀ

ਪਾਸ਼ ਦਾ ਪੂਰਾ ਨਾਂ ਅਵਤਾਰ ਸਿੰਘ ਸੰਧੂ ਸੀ। ਉਸ ਦਾ ਜਨਮ 9 ਸਤੰਬਰ 1950 ਨੂੰ ਤਲਵੰਡੀ ਸਲੇਮ ਜਿਲ੍ਹਾ ਜਲੰਧਰ(ਪੰਜਾਬ) ਵਿੱਚ ਹੋਇਆ। ਪਾਸ਼ ਦਾ ਨਾਂ ਪੰਜਾਬੀ ਕਵਿਤਾ ਵਿੱਚ ਉਦੋਂ ਉਭਰਿਆ ਜਦੋਂ ਨਕਸਲਵਾੜੀ/ਜੁਝਾਰਵਾਦੀ ਕਵਿਤਾ ਜੋਬਨ ਤੇ ਸੀ। ਇਸ ਲਹਿਰ ਨੇ ਬਹੁਤ ਸਾਰੇ ਕਵੀ ਪੈਦਾ ਕੀਤੇ, ਪਰ ਇੰਨਾਂ ਵਿੱਚੋਂ ਪ੍ਰਮੁੱਖ ਨਾਂ ਪਾਸ਼ ਦਾ ਹੀ ਉਭਰਿਆ ਕਿਉਂਕਿ ਉਸ ਨੇ ਆਪਣੀ ਕਵਿਤਾ ਵਿੱਚ ਕੇਵਲ ਰਾਜਸੀ ਨਾਅਰੇਬਾਜ਼ੀ ਨੂੰ ਹੀ ਮੁੱਖ ਨਹੀਂ ਰੱਖਿਆ, ਸਗੋਂ ਕਵਿਤਾ ਦੇ ਮਿਆਰ ਦਾ ਵੀ ਪੂਰਾ-ਪੂਰਾ ਖਿਆਲ ਰੱਖਿਆ। ਉਸ ਨੇ ਇੱਕੋ ਸਮੇਂ ਰੁਮਾਂਟਿਕ-ਪ੍ਰਗਤੀਵਾਦੀ ਕਵਿਤਾ ਅਤੇ ਆਧੁਨਿਕਤਾਵਾਦੀ ਕਵਿਤਾ ਨੂੰ ਰੱਦ ਕੀਤਾ। 24 ਮਰਾਚ 1955 ਨੂੰ ਉਸ ਦੇ ਪਿੰਡ ਹੀ, ਉਸ ਦਾ ਕਤਲ ਵੱਖਵਾਦੀ ਤਾਕਤਾਂ ਦੁਆਰਾ ਕਰ ਦਿੱਤਾ ਗਿਆ।

'ਲੋਹ ਕਥਾ', 'ਉੱਡਦੇ ਬਾਜਾਂ ਮਗਰ', 'ਸਾਡੇ ਸਮਿਆਂ ਵਿੱਚ', 'ਖਿਲਰੇ ਹੋਏ ਵਰਕੇ' ਆਦਿ ਉਸ ਦੇ ਪ੍ਰਮੁੱਖ ਕਾਵਿ ਸੰਗ੍ਰਹਿ ਹਨ। ਹੋਰ ਭਾਸ਼ਾਵਾਂ ਵਿੱਚ ਅਨੁਵਾਦ ਉਸ ਦੀ ਵੱਡੀ ਕਾਵਿ ਪ੍ਰਾਪਤੀ ਹੈ। ਪਾਸ਼ ਦੀ ਕਵਿਤਾ ਸ਼ੋਸ਼ਿਤ ਵਰਗ ਦੀ ਪ੍ਰਚੰਡ ਸੁਰ ਵਜੋਂ ਸਾਹਮਣੇ ਆਉਂਦੀ ਹੈ।

BSER

## ਸਭ ਤੋਂ ਖ਼ਤਰਨਾਕ

ਕਿਰਤ ਦੀ ਲੁੱਟ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ
ਪੁਲਸ ਦੀ ਕੁੱਟ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ
ਗੱਦਾਰੀ-ਲੋਭ ਦੀ ਮੁੱਠ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ

ਬੈਠੇ ਸੁੱਤਿਆਂ ਫੜੇ ਜਾਣਾ-ਬੁਰਾ ਤਾਂ ਹੈ
ਡਰੂ ਜਿਹੀ ਚੁੱਪ ਵਿੱਚ ਮੜ੍ਹੇ ਜਾਣਾ-ਬੁਰਾ ਤਾਂ ਹੈ ?
ਸਭ ਤੋਂ ਖ਼ਤਰਨਾਕ ਨਹੀਂ ਹੁੰਦਾ।

ਕਪਟ ਦੇ ਸ਼ੋਰ ਵਿੱਚ
ਸਹੀ ਹੁੰਦਿਆਂ ਵੀ ਦਬ ਜਾਣਾ, ਬੁਰਾ ਤਾਂ ਹੈ
ਕਿਸੇ ਜੁਗਨੂੰ ਦੀ ਲੋਅ ਵਿੱਚ ਪੜ੍ਹਨ ਲੱਗ ਜਾਣਾ- ਬੁਰਾ ਤਾਂ ਹੈ
ਕਚੀਚੀ ਵੱਟ ਕੇ ਬੱਸ ਵਕਤ ਕੱਢ ਜਾਣਾ- ਬੁਰਾ ਤਾਂ ਹੈ
ਸਭ ਤੋਂ ਖ਼ਤਰਨਾਕ ਨਹੀਂ ਹੁੰਦਾ।

ਸਭ ਤੋਂ ਖ਼ਤਰਨਾਕ ਹੁੰਦਾ ਹੈ
ਮੁਰਦਾ ਸ਼ਾਂਤੀ ਨਾਲ ਭਰ ਜਾਣਾ
ਨਾ ਹੋਣਾ ਤੜਪ ਦਾ, ਸਭ ਸਹਿਣ ਕਰ ਜਾਣਾ,
ਘਰਾਂ ਤੋਂ ਨਿਕਲਣਾ ਕੰਮ ’ਤੇ
ਤੇ ਕੰਮ ਤੋਂ ਘਰ ਜਾਣਾ,
ਸਭ ਤੋਂ ਖ਼ਤਰਨਾਕ ਹੁੰਦਾ ਹੈ
ਸਾਡੇ ਸੁਪਨਿਆਂ ਦਾ ਮਰ ਜਾਣਾ
ਸਭ ਤੋਂ ਖ਼ਤਰਨਾਕ ਉਹ ਘੜੀ ਹੁੰਦੀ ਹੈ

BSER

ਤੁਹਾਡੇ ਗੁੱਟ ‘ਤੇ ਚੱਲਦੀ ਹੋਈ ਵੀ ਜੋ
ਤੁਹਾਡੀ ਨਜ਼ਰ ਦੇ ਲਈ ਖੜ੍ਹੀ ਹੁੰਦੀ ਹੈ।

ਸਭ ਤੋਂ ਖ਼ਤਰਨਾਕ ਉਹ ਅੱਖ ਹੁੰਦੀ ਹੈ
ਜੋ ਸਭ ਕੁਝ ਦੇਖਦੀ ਹੋਈ ਠੰਡੀ ਯੱਖ਼ ਹੁੰਦੀ ਹੈ
ਜਿਸ ਦੀ ਨਜ਼ਰ ਦੁਨੀਆਂ ਨੂੰ ਮੁਹੱਬਤ ਨਾਲ ਚੁੰਮਣਾ ਭੁੱਲ ਜਾਂਦੀ ਹੈ
ਜੋ ਚੀਜ਼ਾਂ ’ਚੋਂ ਉਠਦੀ ਅੰਨ੍ਹੇਪਨ ਦੀ ਭਾਫ਼ ਉੱਤੇ ਡੁੱਲ੍ਹ ਜਾਂਦੀ ਹੈ
ਜੋ ਨਿੱਤ ਦਿਸਦੇ ਦੀ ਸਧਾਰਨਤਾ ਨੂੰ ਪੀਂਦੀ ਹੋਈ
ਇੱਕ ਮੰਤਵਹੀਣ ਦੁਹਰਾਅ ਦੇ ਗਧੀ- ਗੇੜ ਵਿੱਚ ਰੁਲ ਜਾਂਦੀ ਹੈ।

ਸਭ ਤੋਂ ਖ਼ਤਰਨਾਕ ਉਹ ਚੰਨ ਹੁੰਦਾ ਹੈ
ਜੋ ਹਰ ਕਤਲ ਕਾਂਡ ਦੇ ਬਾਅਦ
ਸੁੰਨ ਹੋਏ ਵਿਹੜਿਆਂ ਵਿੱਚ ਚੜ੍ਹਦਾ ਹੈ
ਪਰ ਤੁਹਾਡੀਆਂ ਅੱਖਾਂ ਨੂੰ ਮਿਰਚਾਂ ਵਾਂਗ ਨਹੀਂ ਲੜਦਾ ਹੈ।

ਸਭ ਤੋਂ ਖ਼ਤਰਨਾਕ ਉਹ ਗੀਤ ਹੁੰਦਾ ਹੈ
ਤੁਹਾਡੇ ਕੰਨਾਂ ਤੱਕ ਪਹੁੰਚਣ ਲਈ
ਜਿਹੜਾ ਕੀਰਨਾ ਉਲੰਘਦਾ  ਹੈ
ਡਰੇ ਹੋਏ ਲੋਕਾਂ ਦੇ ਬਾਰ ਮੂਹਰੇ
ਜੋ ਵੈਲੀ ਦੀ ਖੰਘ ਖੰਘਦਾ ਹੈ।

ਸਭ ਤੋਂ ਖ਼ਤਰਨਾਕ ਉਹ ਰਾਤ ਹੁੰਦੀ ਹੈ
ਜੋ ਪੈਂਦੀ ਜੀਉਂਦੀ ਰੂਹ ਦਿਆਂ ਅਕਾਸ਼ਾਂ ’ਤੇ

BSER

ਜਿਹਦੇ ਵਿੱਚ ਸਿਰਫ਼ ਉੱਲੂ ਬੋਲਦੇ ਗਿੱਦੜ ਹਵਾਂਕਦੇ
ਚਿਮਟ ਜਾਂਦੇ ਸਦੀਵੀਂ ਨ੍ਹੇਰ 'ਚ ਬੰਦ ਬੂਹਿਆਂ ਚੁਗਾਠਾਂ 'ਤੇ ।

ਸਭ ਤੋਂ ਖ਼ਤਰਨਾਕ ਉਹ ਦਿਸ਼ਾ ਹੁੰਦੀ ਹੈ
ਜੀਹਦੇ ਵਿੱਚ ਆਤਮਾ ਦਾ ਸੂਰਜ ਡੁੱਬ ਜਾਵੇ
ਤੇ ਉਸ ਮਰੀ ਹੋਈ ਧੁੱਪ ਦੀ ਕੋਈ ਛਿਲਤਰ
ਤੁਹਾਡੇ ਜਿਸਮ ਦੇ ਪੂਰਬ 'ਚ ਖੁਭ ਜਾਵੇ।

ਕਿਰਤ ਦੀ ਲੁੱਟ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ
ਪੁਲਸ ਦੀ ਕੁੱਟ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ
ਗੱਦਾਰੀ-ਲੋਭ ਦੀ ਮੁੱਠ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ

**(ਕਪਟ- ਬੇਈਮਾਨੀ, ਮੰਤਵਹੀਣ- ਬੇ ਮਕਸਦ, ਠੰਡੀ ਯੱਖ- ਬੇਹਿਸਾਬ ਠੰਡੀ)**

## (ਹਾਣੀਆ) ਗੀਤ

ਸੋਨੇ ਦੀ ਸਵੇਰ ਜਦੋਂ ਆਊ ਹਾਣੀਆ
ਨੱਚੇਗਾ ਅੰਬਰ ਭੂਮੀ ਗਾਊ ਹਾਣੀਆ

ਮਿਹਨਤਾਂ ਦਾ ਮੁੱਲ ਆਪ ਪਾਉਣਾ ਲੋਕਾਂ ਨੇ
ਧਰਤੀ 'ਤੇ ਸੁਰਗ ਬਣਾਉਣਾ ਲੋਕਾਂ ਨੇ
ਇੱਕੋ ਜਿੰਨੀ ਖ਼ੁਸ਼ੀ ਸਾਰਿਆਂ ਦੇ ਜੀਣ ਨੂੰ
ਬਚੇਗਾ ਨਾ ਲੋਟੂ ਕੋਈ ਲਹੂ ਪੀਣ ਨੂੰ
ਸੂਹਾ ਝੰਡਾ ਉੱਚਾ ਲਹਿਰਾਊ ਹਾਣੀਆ
ਭੁੱਖਾ  ਨੰਗਾ ਸੌਊਂ ਨਾ ਕੋਈ ਫੁੱਟਪਾਥ 'ਤੇ



BSER

ਜੀਣ ਦਾ ਸਮਾਨ ਹੋਊ ਸਭ ਵਾਸਤੇ
ਰੋਲੂ ਨਾ ਕੋਈ ਪੈਰੀਂ ਸੱਧਰਾਂ ਕੁਆਰੀਆਂ
ਦਿਲ 'ਤੇ ਗ਼ਰੀਬ ਦੇ ਨਾ ਫੇਰੂ ਆਰੀਆਂ
ਡਰੂ ਨਾ ਕੋਈ ਕਿਸੇ ਨੂੰ ਡਰਾਊ ਹਾਣੀਆ

ਭੁੱਖਾ ਕਿਸੇ ਮਾਂ ਦਾ ਜਵਾਕ ਨਾ ਰੋਊਗਾ
ਸਾਰਿਆਂ ਦੇ ਨਾਲ ਇਨਸਾਫ਼ ਹੋਊਗਾ
ਜੁੱਗਾਂ ਦੇ ਲਤਾੜੇ ਜ਼ਿੰਦਗੀ 'ਚ ਆਉਣਗੇ
ਜਨਤਾ ਦੇ ਦੋਖੀ ਪੂਰੀ ਸਜ਼ਾ ਪਾਉਣਗੇ
ਤਕੜਾ ਨਾ ਮਾੜੇ ਨੂੰ ਸਤਾਊ ਹਾਣੀਆ

ਵੈਰ ਭਾਵ ਅਤੇ ਸਾੜੇ ਮੁੱਕ ਜਾਣਗੇ
ਮਜ਼੍ਹਬਾਂ ਦੇ ਵੱਟਾਂ ਬੰਨੇ ਟੁੱਟ ਜਾਣਗੇ
ਦੁਨੀਆਂ 'ਤੇ ਇੱਕੋ ਹੀ ਜਮਾਤ ਹੋਵੇਗੀ
ਰੋਜ਼ ਹੀ ਦਿਵਾਲੀ ਵਾਲੀ ਰਾਤ ਹੋਵੇਗੀ
ਰੱਜ-ਰੱਜ ਖਾਣਗੇ ਕਮਾਊ ਹਾਣੀਆ

ਸੋਨੇ ਦੀ ਸਵੇਰ ਜਦੋਂ ਆਊ ਹਾਣੀਆ
ਨੱਚੇਗਾ ਅੰਬਰ ਭੂਮੀ ਗਾਊ ਹਾਣੀਆ

**(ਅੰਬਰ- ਅਸਮਾਨ, ਸੁਰਗ-ਸਵਰਗ, ਲੋਟੂ- ਲੁਟਣ ਵਾਲੇ, ਦੋਖੀ- ਦੁਸ਼ਮਨ/ਦੁੱਖ ਦੇਣ ਵਾਲੇ, ਮਜ਼੍ਹਬਾਂ- ਧਰਮਾਂ)**

BSER

## ਅਭਿਆਸ ਪ੍ਰਸ਼ਨ

1. ਹੇਠ ਲਿਖੇ ਕਾਵਿ ਬੰਦਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।

(ੳ) ਸਭ ਤੋਂ ਖ਼ਤਰਨਾਕ ਹੁੰਦਾ ਹੈ
ਮੁਰਦਾ ਸ਼ਾਂਤੀ ਨਾਲ ਭਰ ਜਾਣਾ
ਨਾ ਹੋਣਾ ਤੜਪ ਦਾ, ਸਭ ਸਹਿਣ ਕਰ ਜਾਣਾ,
ਘਰਾਂ ਤੋਂ ਨਿਕਲਣਾ ਕੰਮ 'ਤੇ
ਤੇ ਕੰਮ ਤੋਂ ਘਰ ਜਾਣਾ,
ਸਭ ਤੋਂ ਖ਼ਤਰਨਾਕ ਹੁੰਦਾ ਹੈ
ਸਾਡੇ ਸੁਪਨਿਆਂ ਦਾ ਮਰ ਜਾਣਾ

(ਅ) ਮਿਹਨਤਾਂ ਦਾ ਮੁੱਲ ਆਪ ਪਾਉਣਾ ਲੋਕਾਂ ਨੇ
ਧਰਤੀ 'ਤੇ ਸੁਰਗ ਬਣਾਉਣਾ ਲੋਕਾਂ ਨੇ
ਇੱਕੋ ਜਿੰਨੀ ਖ਼ੁਸ਼ੀ ਸਾਰਿਆਂ ਦੇ ਜੀਣ ਨੂੰ
ਬਚੇਗਾ ਨਾ ਲੋਟੂ ਕੋਈ ਲਹੂ ਪੀਣ ਨੂੰ
ਸੂਹਾ ਝੰਡਾ ਉੱਚਾ ਲਹਿਰਾਊ ਹਾਣੀਆ

2. 'ਸਭ ਤੋਂ ਖਤਰਨਾਕ' ਕਵਿਤਾ ਵਿੱਚ ਆਏ ਵਿਚਾਰਾਂ ਨੂੰ ਕਲਮਬੱਧ ਕਰੋ।

3. 'ਹਾਣੀਆ' ਗੀਤ ਦਾ ਸਾਰ ਬਿਆਨ ਕਰੋ।

4. 'ਸਭ ਤੋਂ ਖਤਰਨਾਕ ਹੁੰਦਾ ਹੈ ਸਾਡੇ ਸੁਪਨਿਆਂ ਦਾ ਮਰ ਜਾਣਾ' ਕਾਵਿ ਤੁਕ ਕੀ ਸੰਕੇਤ ਕਰਦੀ ਹੈ?

5. 'ਹਾਣੀਆ' ਗੀਤ ਰਾਹੀ ਕਵੀ ਕਿਹੜੇ ਸਮੇ ਦੀ ਆਸ ਕਰਦਾ ਹੈ ਤੇ ਕਿਉਂ?

BSER

# 9. ਸੰਤ ਰਾਮ ਉਦਾਸੀ

ਸੰਤ ਰਾਮ ਉਦਾਸੀ, ਪੰਜਾਬੀ ਦੀ ਇਨਕਲਾਬੀ ਕਵਿਤਾ 'ਚ ਵਿਸ਼ੇਸ਼ ਨਾਂ ਹੈ। ਉਸ ਦੀ ਕਵਿਤਾ ਕਿਰਤੀ ਲੋਕਾਂ ਦੀ ਲੁੱਟ-ਖਸੁੱਟ, ਦਮਨ, ਤੰਗੀਆਂ-ਤੁਰਸ਼ੀਆਂ, ਔਕੜਾਂ ਆਦਿ ਉੱਪਰ ਵਿਸ਼ੇਸ਼ ਚਾਨਣਾ ਪਾਉਂਦੀ ਹੈ। ਉਸ ਦੀਆਂ ਕਵਿਤਾਵਾਂ ਸਮਾਜ ਦੀ ਕਾਣੀ ਵੰਡ 'ਤੇ ਤਿੱਖਾ ਵਿਅੰਗ ਕਰਦੀਆਂ ਹੋਈਆਂ ਲੋਕਾਂ ਨੂੰ ਸੰਘਰਸ਼ ਲਈ ਪ੍ਰੇਰਿਤ ਕਰਦੀਆਂ ਹਨ।

ਸੰਤ ਰਾਮ ਉਦਾਸੀ ਦਾ ਜਨਮ 20 ਅਪ੍ਰੈਲ 1939 ਨੂੰ ਦਲਿਤ ਪਰਿਵਾਰ ਵਿੱਚ ਹੋਇਆ। ਉਸ ਨੇ ਤੰਗੀਆਂ ਤੁਰਸ਼ੀਆਂ ਵਿੱਚ ਪੜ੍ਹਾਈ ਜਾਰੀ ਕਰਨ ਦੀ ਕੋਸ਼ਿਸ਼ ਕੀਤੀ। ਉਸ ਨੇ ਹਰੇਕ ਇਨਕਲਾਬੀ ਗਤੀਵਿਧੀ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ। ਐਮਰਜੈਂਸੀ ਸਮੇਂ ਉਸ ਦੀ ਸਟੇਜਾਂ ਤੇ ਪੂਰੀ ਚੜ੍ਹਤ ਸੀ। ਕ੍ਰਾਂਤੀਕਾਰੀ ਰੁਚੀਆਂ ਕਰਕੇ ਉਸ ਨੇ ਤੱਸ਼ਦਦ ਵੀ ਸਹਿਣ ਕੀਤੇ ਤੇ ਜੇਲ੍ਹ ਵੀ ਗਿਆ। ਉਸ ਨੇ ਵਿਗਿਆਨਕ ਨਜ਼ਰੀਏ ਤੋਂ ਭਾਰਤੀ ਸਮਾਜ ਨੂੰ ਸਮਝਣ ਦਾ ਯਤਨ ਕੀਤਾ। ਕਮਿਊਨਿਸਟ ਵਿਚਾਰਧਾਰਾ ਨਾਲ ਜੁੜੇ ਸਰੋਕਾਰ ਵੀ ਉਸ ਦੇ ਰਚਨਾ ਸੰਸਾਰ ਦਾ ਹਿੱਸਾ ਬਣਦੇ ਹਨ। 6 ਨਵੰਬਰ 1966 ਨੂੰ ਉਹ ਆਪਣੇ ਕਾਵਿ ਪ੍ਰੇਮੀਆਂ ਨੂੰ ਉਦਾਸ ਕਰ ਸਾਥੋਂ ਸਦਾ ਲਈ ਵਿਛੜ ਗਿਆ।

ਉਸ ਦੇ ਇਨਕਲਾਬੀ ਕਾਵਿ ਦੀ ਸਭ ਤੋਂ ਵੱਡੀ ਖ਼ੂਬੀ ਇਹ ਹੈ ਕਿ ਉਸ ਦੇ ਗੀਤ ਸਾਧਾਰਨ ਤੁਕਬੰਦੀ ਤੋਂ ਉੱਪਰ ਉੱਠ ਕੇ ਲੋਕ ਮਾਨਸਿਕਤਾ ਦੀ ਤਰਜ਼ਮਾਨੀ ਕਰਦੇ ਹਨ। ਲੋਕ ਮਾਨਸਿਕਤਾ 'ਚ ਚਿਤਰੇ ਬਿੰਬ, ਅਲੰਕਾਰ,ਲੋਕ ਮੁਹਾਵਰੇ ਉਸਦੀ ਕਾਵਿ ਰਚਨਾ ਨੂੰ ਨਿਖਾਰਦੇ ਹਨ। ਉਸ ਦੀ ਜਮਾਤੀ ਚੇਤਨਾ ਦਾ ਸਹੀ ਪ੍ਰਮਾਣ ਇਹ ਹੈ ਕਿ ਉਸ ਨੇ ਸਟੇਟ ਦੇ ਸੰਕਲਪ ਨੂੰ ਲੈਨਿਨ ਦੇ ਸਿਧਾਤਾਂ ਅਨੁਕੂਲ ਸਮਝਣ ਦਾ ਯਤਨ ਕੀਤਾ। ਉਸ ਦੀਆਂ ਕ੍ਰਾਂਤੀਕਾਰੀ ਰਚਨਾਵਾਂ ਅੱਜ ਵੀ ਮਕਬੂਲ ਹਨ।

BSER

## ਚੂੜੀਆਂ ਦਾ ਹੋਕਾ

ਸਾਡੀ ਬੀਹੀ ਵਿਚ ਚੂੜੀਆਂ ਦਾ ਹੋਕਾ,

ਦੇਈਂ ਨਾ ਵੀਰਾ ਵਣਜਾਰਿਆ।

ਸਾਡੇ ਪਿੰਡਾ 'ਚ ਤਾਂ ਸਾਉਣ 'ਚ ਵੀ ਸੋਕਾ,

ਸੋਕਾ- ਵੇ ਵੀਰਾ ਵਣਜਾਰਿਆ।

ਦਿਹਲੀਆਂ 'ਚ ਬੈਠੀ ਮੇਰੇ ਵੀਰ ਦੀ ਮਕਾਣ ਵੇ।

ਆਈਆਂ ਕੁੜਮੱਤਾਂ ਮੇਰੀ ਭਾਬੀ ਨੂੰ ਵਰਾਣ ਵੇ।

ਜੀਹਦੇ ਚਾਵਾਂ ਦਾ ਵੇ ਹੋ ਗਿਆ ਈ ਟੋਕਾ।

ਟੋਕਾ- ਵੇ ਵੀਰਾ ਵਣਜਾਰਿਆ ............

ਤੀਆਂ ਦਾ ਤਿਉਹਾਰ ਭਾਈਆਂ ਸਿਰ 'ਤੇ ਮਨਾਈਦਾ।

ਐਵੇਂ ਸਾਥੋਂ ਵੰਗਾਂ ਕੋਲੋਂ ਗੁੱਟ ਨੀਂ ਭਨਾਈਦਾ।

ਤੂੰ ਕੀ ਜਾਣਦਾ ਏਂ ਭਲਿਆ ਵੇ ਲੋਕਾ।

ਲੋਕਾ- ਵੇ ਵੀਰਾ ਵਣਜਾਰਿਆ ............

ਰਾਠਾਂ ਦੀ ਨੂੰਹ ਰੋਜ਼ ਰੱਤਾ ਚੂੜਾ ਛਣਕਾ ਕੇ ਵੇ।

ਜਾਣ ਜਾਣ ਲੰਘੇ ਸਾਡੀ ਬੀਹੀ ਨੂੰ ਚਿੜਾ ਕੇ ਵੇ।

ਲੱਥੇ ਉਹਦਾ ਵੀ ਸੁਹਾਗ ਦਾ ਵੇ ਕੋਕਾ।

ਕੋਕਾ- ਵੇ ਵੀਰਾ ਵਣਜਾਰਿਆ .............

ਫੇਰ ਸਾਡੇ ਪਿੰਡਾਂ 'ਚੋਂ ਨਿਰਾਸ਼ਾ ਨਾ ਤੂੰ ਜਾਏਂਗਾ।



BSEP

ਚੂੜੀਆਂ ਦੇ ਨਾਲ ਜਦੋਂ ਚਾਕੂ ਵੀ ਲਿਆਏਂਗਾ।

ਅਸੀਂ ਪਾੜਨਾ ਕਾਨੂੰਨ ਦਾ ਵੇ ਖੋਖਾ।

ਖੋਖਾ- ਵੇ ਵੀਰਾ ਵਣਜਾਰਿਆ।

**(ਵਣਜਾਰਾ- ਵੰਗਾਂ ਵੇਚਣ ਵਾਲਾ, ਵਪਾਰੀ। ਕੁੜਮੱਤ- ਕੁੜਮਾਂਚਾਰੀ ਸਾਕ, ਟੋਕਾ- ਕੁਤਰਾ, ਰਾਠਾਂ- ਅਮੀਰਾਂ)**

## ਸੀਰੀ ਤੇ ਜੱਟ ਦੀ ਸਾਂਝੀ ਵਿਥਿਆ ਦੇ ਨਾਂ.........

ਗਲ ਲੱਗ ਕੇ ਸੀਰੀ ਦੇ ਜੱਟ ਰੋਵੇ,

ਬੋਹਲ਼ਾਂ ਵਿਚੋਂ ਨੀਰ ਵਗਿਆ।

ਲਿਆ ਤੰਗਲੀ ਨਸੀਬਾਂ ਨੂੰ ਫਰੋਲੀਏ,

ਤੂੜੀ ਵਿਚੋਂ ਪੁੱਤ 'ਜੱਗਿਆ'।

ਸਾਡੇ ਪਿੜ ਵਿਚ ਤੇਰੇ ਗਲ ਚੀਥੜੇ ਨੀ,

ਮੇਰੀਏ ਜੁਆਨ ਕਣਕੇ।

ਕੱਲ੍ਹ ਸ਼ਾਹਾਂ ਦੇ ਗੁਦਾਮਾਂ ਵਿਚੋਂ ਨਿਕਲੇਂ,

ਤੂੰ ਸੋਨੇ ਦਾ ਪਟੋਲਾ ਬਣ ਕੇ।

ਤੂੰ ਭੀ ਬਣ ਗਿਆ ਗਮਾਂ ਦਾ ਗੁਮੰਤਰੀ,

ਓ। ਮੇਰੇ ਬੇ-ਜ਼ੁਬਾਨ ਢੱਗਿਆ।

ਗਲ ਲੱਗ ਕੇ...........

ਸਾਡਾ ਘੁੱਟੀ ਘੁੱਟੀ ਖ਼ੂਨ ਤੇਲ ਪੀ ਗਿਆ,

ਤੇ ਖਾਦ ਖਾ ਗੀ ਹੱਡ ਖਾਰ ਕੇ।

ਬੋਲੇ ਬੈਂਕ ਦੀ ਤਕਾਵੀ ਬਹੀ ਅੰਦਰੋਂ,



BSER

ਬੋਹਲ ਨੂੰ ਖੰਗੂਰਾ ਮਾਰ ਕੇ।

ਸਾਨੂੰ ਬਿਜਲੀ ਝੰਜੋੜਾ ਏਨਾ ਮਾਰਿਆ,

ਕਿ ਸੱਧਰਾਂ ਨੂੰ ਲਾਂਬੂ ਲੱਗਿਆ।

ਗਲ ਲੱਗ ਕੇ.............

ਧੀਏ ਕਿਹੜੇ ਨੀ ਭੜੋਲੇ ਵਿਚ ਡੱਕ ਲਾਂ,

ਮੈਂ ਤੇਰੀਆਂ ਜੁਆਨ ਸੱਧਰਾਂ।

ਵੱਡ ਖਾਣੀਆਂ ਸੱਸਾਂ ਦਾ ਰੂਪ ਧਾਰਿਆ,

ਹੈ ਸਾਡੀਆਂ ਸਮਾਜੀ ਕਦਰਾਂ।

ਧੀਏ ਕਿਹੜੇ ਨਜੂਮੀਆਂ ਨੂੰ ਪੁੱਛ ਲਾਂ,

ਕਿਉਂ ਚੰਨ ਨੂੰ ਸਰਾਪ ਲੱਗਿਆ?

ਗਲ ਲੱਗ ਕੇ............

ਸੁੱਕੇ ਜਾਣ ਨਾ ਬੋਹਲ਼ਾਂ ਦਾ ਮਾਰ ਮਗਰਾ,

ਜੋ ਮਾਰਦੇ ਨੇ ਜਾਂਦੇ ਚਾਂਗਰਾਂ।

ਅੱਜ ਝੱਖੜਾਂ ਨੇ ਤੂੜੀ ਨੂੰ ਬਖੇਰਿਆ,

ਹੈ ਖੇਤਾਂ 'ਚ ਬਰੂਦ ਵਾਂਗਰਾਂ।

ਹੁਣ ਸਾਡਿਆਂ ਹੀ ਹੱਥਾਂ ਨੇ ਹੈ ਚੋਵਣਾਂ,

ਜੋ ਮਿਹਨਤਾਂ ਨੂੰ ਮਾਖੋਂ ਲੱਗਿਆ।

ਗਲ ਲੱਗ ਕੇ.............

**(ਚੀਥੜੇ- ਪਾਟੇ ਹੋਏ ਕੱਪੜੇ, ਗੁਮੰਤਰੀ- ਗਾਉਣ ਵਾਲਾ, ਤਕਾਵੀ- ਕਿਸ਼ਤ, ਭੜੋਲਾ- ਦਾਣੇ ਰੱਖਣ ਵਾਲੀ ਮਿੱਟੀ ਦੀ ਕੋਠੀ, ਨਜੂਮੀ- ਭਵਿੱਖ ਦੱਸਣ ਵਾਲਾ, ਸਰਾਪ- ਬਦਦੁਆ)**

BSER

## ਅਭਿਆਸ ਪ੍ਰਸ਼ਨ

1. ਹੇਠ ਲਿਖੇ ਕਾਵਿ ਬੰਦਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।

(ੳ) ਫੇਰ ਸਾਡੇ ਪਿੰਡਾਂ 'ਚੋਂ ਨਿਰਾਸ਼ਾ ਨਾ ਤੂੰ ਜਾਏਂਗਾ।
ਚੂੜੀਆਂ ਦੇ ਨਾਲ ਜਦੋਂ ਚਾਕੂ ਵੀ ਲਿਆਏਂਗਾ।
ਅਸੀਂ ਪਾੜਨਾ ਕਾਨੂੰਨ ਦਾ ਵੇ ਖੋਖਾ।
ਖੋਖਾ- ਵੇ ਵੀਰਾ ਵਣਜਾਰਿਆ।

(ਅ) ਸਾਡਾ ਘੁੱਟੀ ਘੁੱਟੀ ਖੂਨ ਤੇਲ ਪੀ ਗਿਆ,
ਤੇ ਖਾਦ ਖਾ ਗੀ ਹੱਡ ਖਾਰ ਕੇ।
ਬੋਲੇ ਬੈਂਕ ਦੀ ਤਕਾਵੀ ਬਹੀ ਅੰਦਰੋਂ,
ਬੋਹਲ ਨੂੰ ਖੰਗੂਰਾ ਮਾਰ ਕੇ।
ਸਾਨੂੰ ਬਿਜਲੀ ਝੰਜੋੜਾ ਏਨਾ ਮਾਰਿਆ,
ਕਿ ਸੱਧਰਾਂ ਨੂੰ ਲਾਂਬੂ ਲੱਗਿਆ।
ਗਲ ਲੱਗ ਕੇ............

2. 'ਚੂੜੀਆਂ ਦਾ ਹੋਕਾ' ਕਵਿਤਾ ਕਿਹੜੇ ਵਿਚਾਰਾਂ ਦੀ ਪ੍ਰਤੀਨਿਧਤਾ ਕਰਦੀ ਹੈ ?

3. 'ਵੱਢ ਖਾਣੀਆਂ ਸੱਸਾਂ ਦਾ ਰੂਪ ਧਾਰਿਆ ਹੈ, ਸਾਡੀਆਂ ਸਮਾਜੀ ਕਦਰਾਂ' ਤੁਕ ਕਿਸ ਪ੍ਰਸੰਗ ਵਿੱਚ ਆਈ ਹੈ ਤੇ ਕਿਉਂ ?

4. 'ਸੀਰੀ ਤੇ ਜੱਟ ਦੀ ਸਾਂਝੀ ਵਿਥਿਆ ਦੇ ਨਾਂ' ਗੀਤ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

BSER

# 10. ਸੁਰਜੀਤ ਪਾਤਰ

ਸਮਕਾਲੀ ਪੰਜਾਬੀ ਕਾਵਿ-ਜਗਤ ਵਿੱਚ ਸੁਰਜੀਤ ਪਾਤਰ ਵਿਸ਼ੇਸ਼ ਥਾਂ ਰੱਖਦਾ ਹੈ। ਉਹ ਆਪਣੀ ਸੰਵੇਦਨਾ ਤੇ ਮੌਲਿਕ ਕਾਵਿ-ਸੰਚਾਰ ਲਹਿਜ਼ੇ ਕਾਰਨ ਹੋਰਨਾਂ ਕਵੀਆਂ ਤੋਂ ਅੱਡਰਾ ਹੈ। ਸੁਰਜੀਤ ਪਾਤਰ ਕਾਵਿ ਦੀ ਲੋਕਪ੍ਰਿਅਤਾ ਏਨੀ ਹੈ ਕਿ ਉਹ ਆਧੁਨਿਕ ਪੰਜਾਬੀ ਕਵਿਤਾ ਵਿੱਚ ਸਭ ਤੋਂ ਵੱਧ ਪੜ੍ਹਿਆ ਤੇ ਸਤਿਕਾਰਿਆ ਜਾਣ ਵਾਲਾ ਪ੍ਰਸਿੱਧ ਸ਼ਾਇਰ ਹੈ। ਉਸ ਦੀ ਕਾਵਿ ਸ਼ੈਲੀ ਵਿੱਚ ਲੋਕ-ਕਾਵਿ ਨਾਲ ਮੇਲ ਖਾਂਦੀ ਹੈ।

ਸੁਰਜੀਤ ਪਾਤਰ ਦਾ ਜਨਮ 14 ਜਨਵਰੀ 1945 ਨੂੰ ਪਿੰਡ ਪੱਤੜ ਕਲਾਂ, ਜ਼ਿਲ੍ਹਾ ਜਲੰਧਰ(ਪੰਜਾਬ) ਵਿਖੇ ਹੋਇਆ। ਉਸ ਦੇ ਪਿਤਾ ਦਾ ਨਾਂ ਹਰਭਜਨ ਸਿੰਘ ਅਤੇ ਮਾਤਾ ਦਾ ਨਾਂ ਸ਼੍ਰੀ ਮਤੀ ਗੁਰਬਖਸ਼ ਕੌਰ ਸੀ। ਉਸ ਨੇ ਬੀ.ਏ. ਪੱਧਰ ਦੀ ਪੜ੍ਹਾਈ ਸਰਕਾਰੀ ਕਾਲਜ ਕਪੂਰਥਲਾ ਤੋਂ ਕੀਤੀ। ਐੱਮ.ਏ. ਪੰਜਾਬੀ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਗੋਲਡ ਮੈਡਲ ਨਾਲ ਹਾਸਲ ਕੀਤੀ। ਪੀ-ਐਚ.ਡੀ. ਦੀ ਡਿਗਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ। ਵੱਖ-ਵੱਖ ਕਾਲਜਾਂ ਵਿੱਚ ਪੜ੍ਹਾਉਣ ਉਪਰੰਤ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿੱਚ ਸੇਵਾ ਨਿਭਾਈ। ਅੱਜ-ਕੱਲ੍ਹ ਉਹ ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ ਫਤਹਿਗੜ੍ਹ ਸਾਹਿਬ ਵਿਖੇ ਆਪਣੀਆਂ ਸੇਵਾਵਾਂ ਨਿਭਾ ਰਿਹਾ ਹੈ। ਉਸ ਦੀ ਕਾਵਿਕ ਪ੍ਰਤਿਭਾ ਕਰਕੇ ਉਸ ਨੂੰ ਅਨੇਕਾਂ ਸਨਮਾਨਾਂ ਨਾਲ ਨਿਵਾਜਿਆ ਗਿਆ ਹੈ। ਭਾਰਤੀ ਸਾਹਿਤ ਅਕਾਦਮੀ ਦਿੱਲੀ ਵੱਲੋਂ ਉਸ ਦੀ ਕਾਵਿ ਪੁਸਤਕ 'ਹਨੇਰੇ ਵਿੱਚ ਸੁਲਗਦੀ ਵਰਣਮਾਲਾ' ਨੂੰ ਇਨਾਮ ਮਿਲ ਚੁੱਕਿਆ ਹੈ। ਉਸ ਨੂੰ ਪਦਮ ਸ਼੍ਰੀ, ਸਰਸਵਤੀ ਪੁਰਸਕਾਰ ਦੇ ਨਾਲ-ਨਾਲ ਭਾਸ਼ਾ ਵਿਭਾਗ ਵੱਲੋਂ ਵੀ ਸ਼੍ਰੋਮਣੀ ਕਵੀ ਐਲਾਨਿਆ ਜਾ ਚੁੱਕਾ ਹੈ।

'ਕੋਲਾਜ਼', 'ਹਵਾ ਵਿੱਚ ਲਿਖੇ ਹਰਫ਼', 'ਬਿਰਖ਼ ਅਰਜ਼ ਕਰੇ', 'ਪਤਝੜ ਦੀ ਪਾਜ਼ੇਬ', 'ਸੁਰਜ਼ਮੀਨ' ਆਦਿ ਉਸ ਦੀਆਂ ਮਹੱਤਵਪੂਰਨ ਕਾਵਿ-ਪੁਸਤਕਾਂ ਹਨ। ਪਾਤਰ ਨੇ ਪੰਜਾਬ ਸੰਕਟ ਬਾਰੇ ਭਾਵਪੂਰਤ ਸ਼ਾਇਰੀ ਰਚੀ ਹੈ। ਪਾਤਰ ਆਪਣੀ ਕਾਵਿ-ਸਿਰਜਣਾ ਸਮੇਂ ਦਮਘੋਟੂ ਸਿਸਟਮ ਉੱਤੇ ਤਿੱਖਾ ਵਿਅੰਗ ਕਰਦਾ ਹੈ।

BSEP

## ਪੁਰਖਿਆਂ ਦੇ ਰਸਤੇ ’ਤੇ

ਆਉਂਦਿਆਂ ਸਿਆਲਾਂ ਨੂੰ

ਜਾਂ ਹੋਰ ਇਕ ਦੋ ਸਾਲਾਂ ਨੂੰ

ਬੇਮੁਹਾਰ ਘਟਨਾਵਾਂ

ਬੇਸ਼ਮਾਰ ਘਟਨਾਵਾਂ

ਰੋਗ ਸੋਗ ਹਾਰਾਂ ਵਿਚ

ਜਾਲ ਤੰਦ ਤਾਰਾਂ ਵਿਚ

ਬੇਪਛਾਣ ਸਹਿਮਾਂ ਵਿਚ

ਹਰ ਤਰ੍ਹਾਂ ਦੇ ਵਹਿਮਾਂ ਵਿਚ

ਡਰੇ-ਡਰੇ ਭੇਤਾਂ ਵਿਚ

ਘਿਰ ਜਾਂਗਾਂ ਪਰੇਤਾਂ ਵਿਚ

ਭਾਖਿਆ ਨਾ ਹੋਵੇਗੀ

ਅਪਣੀਆਂ ਹੀ ਸੋਚਾਂ ਦੀ

ਵਿਆਖਿਆ ਨ ਹੋਵੇਗੀ

ਸ਼ਾਮ ਉਤਰ ਆਵੇਗੀ

ਅੰਧਕਾਰ ਹੋਵੇਗਾ

ਮੈਂ ਵੀ ਫੇਰ ਜਾਵਾਂਗਾ

ਦੀਪ ਰੱਖ ਕੇ ਤਲੀਆਂ ’ਤੇ

ਪੁਰਖਿਆਂ ਦੇ ਰਸਤੇ ’ਤੇ

ਅਗਨ ਜੋ ਕਿ ਛਾਤੀ ਵਿਚ

ਸੁਲਗਦੀ ਹੀ ਰਹਿੰਦੀ ਹੈ

ਦੀਵਿਆਂ ਨੂੰ ਦੇ ਦਾਂਗਾ

ਆਪ ਸ਼ਾਂਤ ਹੋ ਜਾਂਗਾ।



BSER

## ਆਇਆ ਨੰਦ ਕਿਸ਼ੋਰ

ਪਿੱਛੇ ਪਿੱਛੇ ਰਿਜ਼ਕ ਦੇ

ਆਇਆ ਨੰਦ ਕਿਸ਼ੋਰ

ਚੱਲ ਕੇ ਦੂਰ ਬਿਹਾਰ ਤੋ

ਗੱਡੀ ਬੈਠਾ ਸਿਆਣਦਾ

ਨਾਲ ਬਥੇਰੇ ਹੋਰ

ਰਾਮ ਕਲੀ ਵੀ ਨਾਲ ਸੀ

ਸੁਘੜ ਲੁਗਾਈ ਓਸ ਦੀ

ਲੁਧਿਆਣੇ ਦੇ ਕੋਲ ਹੀ

ਇੱਕ ਪਿੰਡ ਬਾੜੇਵਾਲ ਵਿੱਚ

ਜੜ੍ਹ ਲੱਗੀ ਤੇ ਪੁੰਗਰੀ

ਰਾਮ ਕਲੀ ਦੀ ਕੁੱਖ 'ਚੋਂ

ਜਨਮੀ ਬੇਟੀ ਓਸ ਦੀ

ਨਾਂ ਰੱਖਿਆ ਸੀ ਮਾਧੁਰੀ

ਕੱਲ੍ਹ ਮੈ ਦੇਖੀ ਮਾਧੁਰੀ

ਓਸੇ ਪਿੰਡ ਸਕੂਲ ਵਿੱਚ

ਗੁੱਤਾਂ ਬੰਨ੍ਹ ਕੇ ਰਿਬਨ ਵਿੱਚ

ਸੁਹਣੀ ਪੱਟੀ ਪੋਚ ਕੇ

ਊੜਾ ਐੜਾ ਲਿਖ ਰਹੀ

ਊੜਾ ਐੜਾ ਲਿਖ ਰਹੀ

ਬੇਟੀ ਨੰਦ ਕਿਸ਼ੋਰ ਦੀ ?

ਕਿੰਨਾ ਗੂੜ੍ਹਾ ਸਾਕ ਹੈ
ਅੱਖਰਾਂ ਤੇ ਰਿਜ਼ਕ ਦਾ

ਏਸੇ ਪਿੰਡ ਦੇ ਲਾਡਲੇ
ਪੋਤੇ ਅੱਛਰ ਸਿੰਘ ਦੇ
ਬਹਿ ਬਾਪੂ ਦੀ ਕਾਰ ਵਿੱਚ
ਲੁੱਧੇਆਣੇ ਆਂਦੇ
ਕੋਨਵੈਂਟ ਵਿੱਚ ਪੜ੍ਹ ਰਹੇ
ਏ ਬੀ ਸੀ ਡੀ ਸਿੱਖਦੇ

ਏ ਬੀ ਸੀ ਡੀ ਸਿੱਖਦੇ
ਪੋਤੇ ਅੱਛਰ ਸਿੰਘ ਦੇ ?
ਕਿੰਨਾ ਗੂੜ੍ਹਾ ਸਾਕ ਹੈ
ਅੱਖਰ ਅਤੇ ਅਕਾਂਖਿਆ।

BSER

## ਅਭਿਆਸ ਪ੍ਰਸ਼ਨ

1. ਹੇਠ ਲਿਖੇ ਕਾਵਿ ਬੰਦਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ

(ੳ) ਦੀਪ ਰੱਖ ਕੇ ਤਲੀਆਂ 'ਤੇ
ਪੁਰਖਿਆਂ ਦੇ ਰਸਤੇ 'ਤੇ
ਅਗਨ ਜੋ ਕਿ ਛਾਤੀ ਵਿਚ
ਸੁਲਗਦੀ ਹੀ ਰਹਿੰਦੀ ਹੈ
ਦੀਵਿਆਂ ਨੂੰ ਦੇ ਦਾਂਗਾ
ਆਪ ਸ਼ਾਂਤ ਹੋ ਜਾਂਗਾ।

(ਅ) ਕਿੰਨਾ ਗੂੜ੍ਹਾ ਸਾਕ ਹੈ
ਅੱਖਰਾਂ ਤੇ ਰਿਜ਼ਕ ਦਾ
ਕਿੰਨਾ ਗੂੜ੍ਹਾ ਸਾਕ ਹੈ
ਅੱਖਰ ਅਤੇ ਅਕਾਂਖਿਆ।

2. 'ਪੁਰਖਿਆਂ ਦੇ ਰਸਤੇ 'ਤੇ' ਕਵਿਤਾ ਵਿੱਚ ਦਰਜ ਵਿਚਾਰਾਂ ਨੂੰ ਸਪੱਸ਼ਟ ਕਰੋ।

3. ' ਆਇਆ ਨੰਦ ਕਿਸ਼ੋਰ' ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

4. ਕਵੀ ਪੁਰਖਿਆਂ ਦੇ ਰਸਤੇ 'ਤੇ ਕਿਉਂ ਤੁਰਦਾ ਹੈ ? ਕਵਿਤਾ ਦੇ ਆਧਾਰ 'ਤੇ ਬਿਆਨ ਕਰੋ।

BSER

# 11. ਡਾ. ਜਗਤਾਰ

ਡਾ. ਜਗਤਾਰ ਇੱਕੋ ਸਮੇਂ ਸਿਰੜੀ ਖੋਜੀ, ਸੰਪਾਦਕ, ਅਨੁਵਾਦਕ ਦੇ ਨਾਲ-ਨਾਲ ਕਵੀ ਵਜੋਂ ਵੀ ਜਾਣਿਆ ਜਾਂਦਾ ਹੈ। ਉਰਦੂ ਤੇ ਸ਼ਾਹਮੁਖੀ ਦੀ ਜਾਣਕਾਰੀ ਹੋਣ ਕਰਕੇ ਉਹ ਪਾਕਿਸਤਾਨੀ ਪੰਜਾਬੀ ਸਾਹਿਤ ਦਾ ਵੀ ਚੰਗਾ ਗਿਆਤਾ ਹੈ।

ਡਾ. ਜਗਤਾਰ ਦਾ ਜਨਮ 23 ਮਾਰਚ 1935 ਨੂੰ ਮਾਤਾ ਗੁਰਚਰਨ ਕੌਰ, ਪਿਤਾ ਨੱਥਾ ਸਿੰਘ ਦੇ ਘਰ ਪਿੰਡ ਰਾਜ ਗੁਮਾਲ, ਜਿਲ੍ਹਾ ਜਲੰਧਰ ਵਿਖੇ ਹੋਇਆ। ਉਸ ਦਾ ਰਚਨਾ ਕਾਲ 1957 ਤੋਂ ਲੈ ਕੇ ਸਮਕਾਲ ਤੱਕ ਫ਼ੈਲਿਆ ਹੋਇਆ ਹੈ। ਉਹ ਸਮੇਂ-ਸਮੇਂ ਪਨਪਦੀਆਂ ਲਹਿਰਾਂ ਦੇ ਸਮਵਿੱਥ ਰਚਨਾਕਾਰੀ ਕਰਦਾ ਰਿਹਾ ਹੈ। ਇਸੇ ਕਰਕੇ ਸੁਭਾਵਿਕ ਹੀ ਵਿਭਿੰਨ ਲਹਿਰਾਂ ਦਾ ਪ੍ਰਭਾਵ ਉਸ ਦੀਆਂ ਰਚਨਾਵਾਂ 'ਚੋਂ ਦੇਖਿਆ ਜਾ ਸਕਦਾ ਹੈ। 'ਰੁੱਤਾਂ ਰਾਂਗਲੀਆਂ', 'ਤਲਖੀਆਂ ਰੰਗੀਲੀਆਂ', 'ਦੁੱਧ ਪੱਥਰੀ', 'ਅਧੂਰਾ ਆਦਮੀ', 'ਲਹੂ ਦੇ ਨਕਸ਼', 'ਛਾਂਗਿਆ ਰੁੱਖ', 'ਸ਼ੀਸ਼ੇ ਦਾ ਜੰਗਲ', 'ਜੰਜ਼ੀਰੀਆਂ ਵਿੱਚ ਘਿਰਿਆ ਸਮੁੰਦਰ', 'ਪ੍ਰਵੇਸ਼ ਦੁਆਰ' ਆਦਿ ਉਸ ਦੀਆਂ ਕਾਵਿ ਪੁਸਤਕਾਂ ਹਨ। 1995 ਵਿੱਚ ਭਾਰਤੀ ਸਾਹਿਤ ਅਕਾਦਮੀ, ਦਿੱਲੀ ਵੱਲੋਂ 'ਜੁਗਨੂੰ ਦੀਵਾ ਤੇ ਦਰਿਆ' ਕਾਵਿ-ਪੁਸਤਕ ਨੂੰ ਪੁਰਸਕਾਰ ਹਾਸਲ ਹੋ ਚੁੱਕਾ ਹੈ।

ਉਸ ਦੀ ਕਵਿਤਾ ਵਿੱਚੋਂ ਵਿਚਾਰਧਾਰਕ ਪੱਧਰ ਤੇ ਪ੍ਰਗਤੀਵਾਦੀ, ਪ੍ਰਗਤੀਸ਼ੀਲ, ਨਕਸਲਵਾਦੀ ਤੇ ਵਿਦਰੋਹੀ ਸੁਰ ਵੀ ਵੇਖੀ ਜਾ ਸਕਦੀ ਹੈ। ਕਲਾਤਮਕ ਪੱਖੋਂ ਉਹ ਪ੍ਰਪੱਕ ਸ਼ਾਇਰ ਹੈ।

BSER

## ਬਦੇਸ਼ੀ ਸੌਦਾਗਰ

ਸਾਡੇ ਅਸਟੋਰਾਂ 'ਚ ਹੈ ਬਾਰੂਦ ਭਰਿਆ
ਸਾਡੇ ਗੋਦਾਮਾਂ ਦੇ ਅੰਦਰ
ਭੁੱਖ ਹੈ।

ਬਹੁਤ ਹੀ ਚਾਲਾਕ ਸੌਦਾਗਰ ਨੇ ਸਾਰੇ
ਮੌਤ ਦੀ ਕਰਦੇ ਸਦਾ ਸੌਦਾਗਰੀ,
ਮੁੱਲ ਤਾਂ ਬਾਰੂਦ ਦਾ ਕਰਦੇ ਵਸੂਲ,
ਭੁੱਖ ਪਰ ਦਿੰਦੇ ਫਰੀ।

ਭੁੱਖ ਹੀ ਲੜਦੀ ਹੈ
ਸਰਹੱਦਾਂ ਦੇ ਉੱਤੇ ਭੁੱਖ ਨਾਲ
ਸਾਡੇ ਅਸਟੋਰਾਂ ਦੇ ਵਿੱਚ
ਬਾਰੂਦ ਦੇ ਹੀ ਨਾਲ ਨਾਲ
ਭਰ ਰਹੇ
ਚਾਲਾਕ ਸੌਦਾਗਰ ਬਦੇਸ਼ੀ
ਆਪਣੀ ਮੰਡੀ ਦਾ ਮਾਲ।

ਸਾਡੇ ਅਸਟੋਰਾਂ 'ਚ ਹੈ ਬਾਰੂਦ ਭਰਿਆ
ਸਾਡੇ ਗੋਦਾਮਾਂ ਦੇ ਅੰਦਰ
ਭੁੱਖ ਹੈ।

**(ਅਸਟੋਰਾਂ– ਗੋਦਾਮਾਂ, ਸੌਦਾਗਰ– ਵਪਾਰੀ)**

BSER

# ਇਹ ਲਹੂ ਲੋਕਾਂ ਦਾ ਹੈ

ਇਹ ਲਹੂ ਲੋਕਾਂ ਦਾ ਹੈ ਪਾਣੀ ਨਹੀਂ।
ਏਸ ਦੀ ਸੁਰਖ਼ੀ ਕਦੇ ਜਾਣੀ ਨਹੀਂ।

ਤੇਰੇ ਲਈ ਛਣਕਾ ਕੇ ਲੰਘੇ ਬੇੜੀਆਂ,
ਤੂੰ ਹੀ ਸਾਡੀ ਚਾਲ ਪਹਿਚਾਣੀ ਨਹੀਂ।

ਕਾਫ਼ਲੇ ਵਿੱਚ ਤੂੰ ਨਹੀਂ ਭਾਵੇਂ ਰਿਹਾ,
ਯਾਦ ਤੇਰੀ ਦਿਲ 'ਚੋਂ ਪਰ ਜਾਣੀ ਨਹੀਂ।

ਦੁਸ਼ਮਣਾਂ ਹਥਿਆਰ ਸਾਰੇ ਵਰਤਣੇ,
ਜ਼ਿੰਦਗੀ ਨੇ ਮਾਤ ਪਰ ਖਾਣੀ ਨਹੀਂ।

ਦੋਸਤੋ ਜੇ ਮਰ ਗਏ ਹਾਂ ਗ਼ਮ ਨਹੀ,
ਦਾਸਤਾਂ ਸਾਡੀ ਕਦੇ ਜਾਣੀ ਨਹੀਂ।

ਸਾਡੇ ਦਮ ਖ਼ਮ ਨਾਲ ਇਹ ਖ਼ਮ ਜਾਣਗੇ,
ਲਿਟ ਕਿਸੇ ਨੇ ਹੋਰ ਸੁਲਝਾਣੀ ਨਹੀਂ।

ਦਰਦ ਸਾਡੇ ਕੋਲ ਹੈ ਸਾਡਾ ਰਹੇ,
ਰਾਸ ਹਾਲੇ ਕੋਈ ਖ਼ੁਸ਼ੀ ਆਣੀ ਨਹੀਂ

ਬੇੜੀਆਂ ਦੀ ਛਣਕ ਵਿੱਚ ਜੋ ਰਮਜ਼ ਹੈ,



BSER

ਕੌਣ ਕਹਿੰਦੈ ਲੋਕਾਂ ਪਹਿਚਾਣੀ ਨਹੀਂ।

**(ਸੁਰਖ਼ੀ– ਲਾਲੀ, ਦਾਗ। ਕਾਫਿਲੇ– ਰਾਹੀਆਂ ਦਾ ਸਮੂਹ, ਮਾਤ–ਹਾਰ, ਛਣਕ–ਆਵਾਜ਼)**

## ਹਰ ਮੋੜ ਤੇ ਸਲੀਬਾਂ (ਗ਼ਜ਼ਲ)

ਹਰ ਮੋੜ ਤੇ ਸਲੀਬਾਂ, ਹਰ ਪੈਰ ਤੇ ਹਨੇਰਾ।
ਫਿਰ ਵੀ ਅਸੀਂ ਰੁਕੇ ਨਾ, ਸਾਡਾ ਵੀ ਦੇਖ ਜੇਰਾ।

ਪੱਥਰ 'ਤੇ ਨਕਸ਼ ਹਾਂ ਮੈਂ, ਮਿੱਟੀ 'ਤੇ ਤਾਂ ਨਹੀਂ ਹਾਂ,
ਜਿੰਨਾਂ ਕਿਸੇ ਮਿਟਾਇਆ, ਹੁੰਦਾ ਗਿਆ ਡੂੰਘੇਰਾ।

ਕਿੰਨੀ ਕੁ ਦੇਰ ਆਖ਼ਰ, ਧਰਤੀ ਹਨੇਰ ਜਰਦੀ,
ਕਿੰਨੀ ਕੁ ਦੇਰ ਰਹਿੰਦਾ, ਖ਼ਾਮੋਸ਼ ਖ਼ੂਨ ਮੇਰਾ।

ਇਤਿਹਾਸ ਦੇ ਸਫ਼ੇ 'ਤੇ, ਵਕਤ ਦੇ ਪਰਾਂ 'ਤੇ,
ਉਂਗਲਾਂ ਡਬੋ ਲਹੂ ਵਿੱਚ, ਲਿਖਿਆ ਹੈ ਨਾਮ ਤੇਰਾ।

ਹਰ ਕਾਲ ਕੋਠੜੀ ਵਿੱਚ, ਤੇਰੀ ਹੈ ਬਾਤ ਏਦਾਂ,
ਗ਼ਰਾਂ 'ਚ ਚਾਨਣੀ ਦਾ, ਹੋਵੇ ਜਿਵੇਂ ਬਸੇਰਾ।

ਆ ਆ ਕੇ ਯਾਦ ਤੇਰੀ, ਜੰਗਲ ਗ਼ਮਾਂ ਦਾ ਚੀਰੇ,
ਜੁਗਨੂੰ ਹੈ ਚੀਰ ਜਾਂਦਾ, ਜਿਉਂ ਰਾਤ ਦਾ ਹਨੇਰਾ।

ਪੈਰਾਂ 'ਚ ਬੇੜੀਆਂ ਨੇ, ਨਚਦੇ ਨੇ ਲੋਕ ਫਿਰ ਵੀ,



BSER

ਕਿਉਂ ਉਡ ਰਿਹਾ ਹੈ ਤਕ ਤਕ, ਚਿਹਰੇ ਦਾ ਰੰਗ ਤੇਰਾ।

ਕਿੰਨੇ ਯਜ਼ੀਦ ਆਵਣ 'ਨਾਸਰ-ਹਸਨ' ਨਾ ਮਰਨੇ,
ਜਿੰਨਾਂ ਵੀ ਕੋਈ ਛਾਂਗੇ, ਫੁੱਟਦਾ ਹੈ ਰੁੱਖ ਵਧੇਰਾ।

ਮੇਰੇ ਵੀ ਪੈਰ ਚੁੰਮ ਕੇ, ਇਕ ਦਿਨ ਕਹੇਗੀ ਬੇੜੀ,
ਸਦ ਸ਼ੁਕਰ ਹੈ ਕਿ ਆਇਆ, ਮਹਿਬੂਬ ਅੰਤ ਮੇਰਾ।

**(ਸਲੀਬ- ਸੂਲੀ, ਯਜ਼ੀਦ- ਇਸਲਾਮ ਮੱਤ ਵਿੱਚ ਉਮੀਆਂ ਖ਼ਾਨਦਾਨ ਦੇ ਤਿੰਨ ਖਲੀਫੇ, ਜਿਨ੍ਹਾਂ ਵਿੱਚੋਂ ਪਹਿਲੇ ਨੇ ਹਜ਼ਰਤ ਮੁਹੰਮਦ ਸਾਹਿਬ ਦੇ ਦੋਹਤਿਆਂ ਹਸਨ-ਹੁਸੈਨ ਨੂੰ ਕਰਬਲਾ ਦੇ ਮੈਦਾਨ ਵਿੱਚ ਕਤਲ ਕਰਵਾਇਆ ਸੀ।)**

BSER

## ਅਭਿਆਸ ਪ੍ਰਸ਼ਨ

1. ਹੇਠ ਲਿਖੇ ਕਾਵਿ ਬੰਦਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।

(ੳ) ਭੁੱਖ ਹੀ ਲੜਦੀ ਹੈ
ਸਰਹੱਦਾਂ ਦੇ ਉੱਤੇ ਭੁੱਖ ਨਾਲ
ਸਾਡੇ ਅਸਟੋਰਾਂ ਦੇ ਵਿੱਚ
ਬਾਰੂਦ ਦੇ ਹੀ ਨਾਲ ਨਾਲ ਭਰ ਰਹੇ
ਚਾਲਾਕ ਸੌਦਾਗਰ ਬਦੇਸ਼ੀ
ਆਪਣੀ ਮੰਡੀ ਦਾ ਮਾਲ।

(ਅ) ਕਿੰਨੀ ਕੁ ਦੇਰ ਆਖ਼ਰ, ਧਰਤੀ ਹਨੇਰ ਜਰਦੀ,
ਕਿੰਨੀ ਕੁ ਦੇਰ ਰਹਿੰਦਾ, ਖ਼ਾਮੋਸ਼ ਖ਼ੂਨ ਮੇਰਾ।

ਇਤਿਹਾਸ ਦੇ ਸਫ਼ੇ 'ਤੇ, ਵਕਤ ਦੇ ਪਰਾਂ 'ਤੇ,
ਉਂਗਲਾਂ ਡਬੋ ਲਹੂ ਵਿੱਚ, ਲਿਖਿਆ ਹੈ ਨਾਮ ਤੇਰਾ।

2.'ਇਹ ਲਹੂ ਲੋਕਾਂ ਦਾ ਹੈ' ਗ਼ਜ਼ਲ ਰਾਹੀਂ ਕਵੀ ਕੀ ਕਹਿਣਾ ਚਾਹੁੰਦਾ ਹੈ ?

3. 'ਸਾਡੇ ਅਸਟੋਰਾਂ 'ਚ ਹੈ ਬਾਰੂਦ ਭਰਿਆ' ਕਾਵਿ ਤੁਕਾਂ ਵਿੱਚ 'ਬਾਰੂਦ' ਸ਼ਬਦ ਕਿਸ ਵੱਲ ਸੰਕੇਤ ਕਰਦਾ ਹੈ ?

4. 'ਹਰ ਮੋੜ ਤੇ ਸਲੀਬਾਂ' ਗ਼ਜ਼ਲ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

5. 'ਬਦੇਸ਼ੀ ਸੌਦਾਗਰ' ਕੌਣ ਹਨ ? 'ਬਦੇਸ਼ੀ ਸੌਦਾਗਰ' ਕਵਿਤਾ ਦੇ ਆਧਾਰ 'ਤੇ ਬਿਆਨ ਕਰੋ।

BSER

# 12. ਡਾ. ਪਾਲ ਕੌਰ

ਡਾ. ਪਾਲ ਕੌਰ ਦਾ ਪੰਜਾਬੀ ਕਵਿਤਾ ਵਿੱਚ ਵਿਸ਼ੇਸ਼ ਸਥਾਨ ਹੈ। ਪਾਲ ਕੌਰ ਰਾਜਪੁਰਾ ਜ਼ਿਲ੍ਹਾ ਪਟਿਆਲਾ ਦੀ ਜੰਮਪਲ ਹੈ। ਉਸ ਦਾ ਜਨਮ 15 ਮਈ 1957 ਨੂੰ ਪਿਤਾ ਸਰੈਣ ਸਿੰਘ ਅਤੇ ਮਾਤਾ ਸੁਰਜੀਤ ਕੌਰ ਦੇ ਘਰ ਹੋਇਆ। ਇਹ ਸ਼ਾਇਰਾ ਪ੍ਰਾਧਿਆਪਕਾ ਦੇ ਤੌਰ 'ਤੇ ਐੱਸ. ਏ. ਜੈਨ ਕਾਲਜ ਅੰਬਾਲਾ ਤੋਂ ਸੇਵਾਮੁਕਤ ਹੋ ਚੁੱਕੀ ਹੈ। ਉਸ ਨੇ ਪੀ-ਐੱਚ.ਡੀ. ਪੱਧਰ ਤੱਕ ਦੀ ਵੀ ਵਿੱਦਿਆ ਹਾਸਲ ਕੀਤੀ ਹੋਈ ਹੈ। ਉਸ ਦੀ ਕਾਵਿ ਸੰਵੇਦਨਾ ਦਾ ਪ੍ਰਮੁੱਖ ਸਰੋਕਾਰ ਸਮਕਾਲੀ ਨਾਰੀ ਦੀਆਂ ਸਮੱਸਿਆਵਾਂ ਨੂੰ ਪੇਸ਼ ਕਰਨਾ ਹੈ। ਉਸ ਨੇ ਸਮਕਾਲੀ ਸਮਾਜਿਕ, ਰਾਜਨੀਤਿਕ ਅਤੇ ਸਭਿਆਚਾਰਕ ਸੱਚ ਨੂੰ ਪਛਾਣਿਆ ਅਤੇ ਆਪਣੀ ਦ੍ਰਿਸ਼ਟੀ ਤੋਂ ਪੇਸ਼ਕਾਰੀ ਕੀਤੀ। ਉਹ ਆਪਣੀ ਕਵਿਤਾ ਦੇ ਬਿੰਬ, ਮਿਥਿਹਾਸ ਵਿੱਚੋਂ ਲੈਂਦੀ ਹੈ। ਉਹ ਮਨੋਵਿਗਿਆਨਕ ਸੂਝ ਨਾਲ ਔਰਤ ਦੀ ਮਨੋ-ਅਵਸਥਾ ਨੂੰ ਬੜੀ ਡੂੰਘਾਈ ਤੱਕ ਜਾ ਕੇ ਪੇਸ਼ ਕਰਦੀ ਹੈ। ਉਹ ਪਾਠਕ ਨੂੰ ਭਾਵੁਕ ਨਹੀਂ ਕਰਦੀ, ਸਗੋਂ ਉਸ ਦੀ ਸਮਝ ਨੂੰ ਤਿੱਖਿਆਂ ਕਰਦੀ ਹੈ।

'ਖਲਾਅ ਵਾਸੀ', 'ਮੈਂ ਮੁਖਾਤਿਬ ਹਾਂ', 'ਸਵੀਕਾਰ ਤੋਂ ਬਾਅਦ', 'ਇੰਝ ਨਾ ਮਿਲੀਂ', 'ਬਾਰਿਸ਼ ਅੰਦਰੇ-ਅੰਦਰ', 'ਪੀਂਘ' ਅਤੇ 'ਪੌਣ ਤੜਾਗੀ' ਆਦਿ ਉਸ ਦੇ ਪ੍ਰਮੁੱਖ ਕਾਵਿ ਸੰਗ੍ਰਹਿ ਹਨ। ਉਸ ਦੀ ਕਵਿਤਾ ਮਨੋਵਿਗਿਆਨੀ ਵਾਂਗ ਮਨ ਦੀਆਂ ਅਨੇਕਾਂ ਪਰਤਾਂ ਨੂੰ ਫਰੋਲਦੀ ਹੈ ਤੇ ਸਮਾਜ-ਸ਼ਾਸ਼ਤਰੀ ਵਾਂਗ ਸਮਾਜਿਕ ਸਰੋਕਾਰਾਂ ਦੀ ਨਿਸ਼ਾਨਦੇਹੀ ਵੀ ਕਰਦੀ ਹੈ।

BSER

## ਖੜ੍ਹਾ-ਸਾਈਕਲ

ਇਕ ਦੋਸਤ ਕਿਹਾ ਕਰਦੀ ਸੀ

ਤੇਰੇ ਤਾਂ ਪੈਰਾਂ 'ਚ ਚੱਕਰ ਏ ਪਾਲੀ-

ਬੜਾ ਤੁਰੀ, ਬੜਾ ਭੱਜੀ

ਕਦੀ ਦਿਸ਼ਾ-ਦਿਸ਼ਾ

ਕਦੀ ਦਿਸ਼ਾ-ਹੀਣ!

ਯਾਦ ਅਇਆ

ਕਿਸੇ 'ਸਿਆਣੇ' ਨੇ ਮਾਂ ਨੂੰ ਆਖਿਆ ਸੀ

ਕੋਈ ਘਰੋਂ ਦੂਰ ਤੁਰ ਜਾਵੇ

ਤਾਂ ਸਾਈਕਲ ਖੜ੍ਹਾ ਕਰਕੇ

ਪੁੱਠਾ ਚਲਾਈ ਜਾਵੋ-

ਤਾਂ ਭੁੱਲਿਆ ਘਰ ਪਰਤ ਆਉਂਦਾ ਏ!

ਭੱਜੀ ਹਾਂ ਬੜੀ.....

ਸਾਈਕਲ, ਸਕੂਟਰ, ਕਾਰ, ਬੱਸਾਂ.....

ਥੱਕ ਗਏ ਨੇ ਸਭ!

ਤੇ ਅੱਜ ਕੱਲ ਸਵੇਰੇ-ਸ਼ਾਮ ਖੜ੍ਹਾ-ਸਾਈਕਲ ਚਲਾਉਂਦੀ ਹਾਂ

ਤੇ ਕਰਦੀ ਹਾਂ ਯਾਦ

ਸਾਈਕਲ ਤੋਂ ਕਾਰ

ਅਤੇ ਕਾਰ ਤੋਂ

ਖੜ੍ਹੇ-ਸਾਈਕਲ ਦੀ ਯਾਤਰਾ!

BSER

## ਔੜ

ਵਿਗੜ ਗਿਆ ਏ ਮੌਸਮ ਦਾ ਮਿਜ਼ਾਜ਼!
ਨਹੀ ਲੱਗਦੀ ਝੜੀ ਹੁਣ ਸਾਵਣ ਦੀ।
ਫੈਲ ਗਈ ਹੈ ਭਾਦਰੋਂ ਦੀ ਔੜ
ਸਾਰੇ ਚੌਮਾਸੇ ਵਿੱਚ!

ਮਨਮੁੱਖ ਜਿਹੀ ਹੋ ਗਈ ਏ ਬਾਰਿਸ਼
ਵਕਤ-ਬੇ-ਵਕਤ ਬਰਸਦੀ
ਨਹੀਂ ਮੰਨਦੀ ਕੋਈ ਅਸੂਲ!

ਮੈਂ ਬੱਦਲਾਂ ਨੂੰ ਪੁੱਛਿਆ
ਕਿਉਂ ਲੰਘ ਜਾਂਦੇ ਹੋ ਭਰੇ ਭਰਾਏ?
ਬੱਦਲਾਂ ਨੇ ਕੇਰੀਆਂ ਬੂੰਦਾਂ ਦੋ ਚਾਰ
ਤੇ ਲੰਘ ਗਏ ਰਸਤਾ ਵਲਾਕੇ!

ਮੈਂ ਪਹਾੜਾਂ ਨੂੰ ਪੁੱਛਿਆ
ਕੀ ਹੋਇਆ ਉਸ ਬੱਦਲ ਦਾ, ਬਾਰਿਸ਼ ਦਾ?
ਤਾਂ ਗਿਰ ਗਿਆ ਪਹਾੜ, ਖੜ੍ਹਾ ਖਲੋਤਾ!

ਮੈ ਰੁੱਖਾਂ ਨੂੰ ਪੁੱਛਿਆ
ਰੁੱਸੇ ਹੋ ਕਿਉਂ ਬੱਦਲਾਂ ਨਾਲ
ਵਿਛ ਗਏ ਰੁੱਖ ਹੋ ਹੋ ਕੇ ਗੇਲੀਆਂ
ਇਮਾਰਤਾਂ ਦੇ ਪੈਰਾਂ 'ਚ!



BSER

ਮੈ ਸਮੁੰਦਰ ਨੂੰ ਪੁੱਛਿਆ
ਕਿੱਥੇ ਹੈ ਤੇਰਾ ਖਜ਼ਾਨਾ ਬੱਦਲਾਂ ਦਾ
ਤੇ ਸਮੁੰਦਰ ਵੀ
ਲੈ ਕੇ ਸਾਰੀ ਔੜ ਸੀਨੇ 'ਚ
ਉਤਰ ਗਿਆ ਅੰਦਰ——
ਹੋਰ ਮਾਰੀ ਆਵਾਜ਼
ਤਾਂ ਕੰਬ ਗਿਆ ਵਜੂਦ
ਉਛਲ ਉਛਲ ਪਿਆ ਸਮੁੰਦਰ
ਕਰਦਾ ਤਾਂਡਵ
ਰੋੜ੍ਹ ਕੇ ਲੈ ਗਿਆ
ਸਾਰਾ ਸਿਲਸਿਲਾ!

ਕੇਹੀ ਹੈ ਖੇਡ ਅਸਾਡੀ
ਕੇਹੇ ਨੇ ਸਾਹ
ਕਿ ਰੁੱਸ ਬੈਠੇ ਨੇ
ਰੁੱਖ, ਪਹਾੜ, ਸਮੁੰਦਰ, ਬੱਦਲ!

ਨਾ ਮਾਰੇ ਕੋਈ ਆਵਾਜ਼ ਬੱਦਲਾਂ ਨੂੰ
ਨਾ ਗਾਵੇ ਕੋਈ ਰਾਗ ਮਲ੍ਹਾਰ
ਨਾ ਮਾਰੇ ਕੋਈ ਅਰਜਨ ਬੱਦਲਾਂ 'ਚ ਤੀਰ!

ਖਲੋਅ ਗਿਆ ਏ ਭਾਦਰੋਂ ਅੜ ਕੇ

ਚੜ੍ਹੀ ਏ ਗਹਿਰ ਚੌਫੇਰੇ

ਨਾ ਬਣਦੇ, ਨਾ ਬਰਸਦੇ ਬੱਦਲ

ਵਿਗੜ ਗਿਆ ਏ ਮਿਜ਼ਾਜ਼

ਅੰਦਰ-ਬਾਹਰ ਔੜ ਹੀ ਔੜ!

**(ਚੌਮਾਸੇ- ਭਾਦੋਂ ਦੀ ਨਮੀਂ ਵਾਲੀ ਗਰਮੀ, ਹੁੰਮਸ, ਭੜਾਸ। ਮਿਜ਼ਾਜ- ਸੁਭਾਅ, ਗੇਲੀ- ਰੁੱਖ ਦਾ ਗੋਲ ਲੰਮਾ ਤਣਾ, ਵਜੂਦ- ਹੋਂਦ, ਤਾਂਡਵ- ਸ਼ਿਵ ਦਾ ਨਾਚ, ਭਿਆਨਕ ਹਾਲਾਤ।)**

## ਅਭਿਆਸ ਪ੍ਰਸ਼ਨ

1. ਹੇਠ ਲਿਖੇ ਕਾਵਿ ਬੰਦਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।

(ੳ) ਕਿਸੇ 'ਸਿਆਣੇ' ਨੇ ਮਾਂ ਨੂੰ ਆਖਿਆ ਸੀ

ਕੋਈ ਘਰੋਂ ਦੂਰ ਤੁਰ ਜਾਵੇ

ਤਾਂ ਸਾਈਕਲ ਖੜ੍ਹਾ ਕਰਕੇ

ਪੁੱਠਾ ਚਲਾਈ ਜਾਵੋ-

ਤਾਂ ਭੁੱਲਿਆ ਘਰ ਪਰਤ ਆਉਂਦਾ ਏ!

(ਅ) ਖਲੋਅ ਗਿਆ ਏ ਭਾਦਰੋਂ ਅੜ ਕੇ

ਚੜ੍ਹੀ ਏ ਗਹਿਰ ਚੌਫੇਰੇ

ਨਾ ਬਣਦੇ, ਨਾ ਬਰਸਦੇ ਬੱਦਲ

ਵਿਗੜ ਗਿਆ ਏ ਮਿਜ਼ਾਜ਼

ਅੰਦਰ-ਬਾਹਰ ਔੜ ਹੀ ਔੜ!

2. 'ਖੜ੍ਹਾ ਸਾਈਕਲ' ਕਵਿਤਾ ਮਨੁੱਖੀ ਸਭਿਅਤਾ ਦੇ ਕਿੰਨਾਂ ਪੜਾਵਾਂ ਦਾ ਜ਼ਿਕਰ ਕਰਦੀ ਹੈ ? ਤੇ ਕਿਉਂ ?

3. 'ਔੜ' ਕਵਿਤਾ ਕਿਹੜੇ ਭਾਵਾਂ ਦਾ ਸੰਚਾਰ ਕਰਦੀ ਹੈ ? ਵਰਨਣ ਕਰੋ।

4. 'ਖੜ੍ਹਾ ਸਾਈਕਲ' ਕਵਿਤਾ ਦਾ ਸਾਰ ਲਿਖੋ।

5. ਰੁੱਖ, ਪਹਾੜ, ਸਮੁੰਦਰ ਤੇ ਬੱਦਲ ਕਿਉਂ ਰੁੱਸ ਬੈਠੇ ਹਨ ?

# 13. ਗੁਰਭਜਨ ਗਿੱਲ

ਗੁਰਭਜਨ ਗਿੱਲ ਪੰਜਾਬੀ ਕਾਵਿ-ਜਗਤ ਦਾ ਵਿਸ਼ੇਸ਼ ਨਾਂ ਹੈ। ਉਸ ਨੇ ਆਪਣੀਆਂ ਕਾਵਿ-ਰਚਨਾਵਾਂ ਜ਼ਰੀਏ ਜਿੱਥੇ ਆਪਸੀ ਸਾਂਝ ਭਾਈਚਾਰੇ ਨੂੰ ਉਤਸ਼ਾਹਿਤ ਕਰਨ ਦੀ ਕੋਸ਼ਿਸ਼ ਕੀਤੀ, ਉੱਥੇ ਸਮਾਜਕ ਅਲਾਮਤਾਂ ਉੱਤੇ ਵੀ ਕਾਵਿ-ਨਿਸ਼ਾਨਾ ਵਿੰਨ੍ਹਿਆ ਹੈ।

ਗੁਰਭਜਨ ਗਿੱਲ ਦਾ ਜਨਮ 2 ਮਈ 1953 ਨੂੰ ਮਾਤਾ ਤੇਜ਼ ਕੌਰ, ਪਿਤਾ ਹਰਨਾਮ ਸਿੰਘ ਦੇ ਘਰ ਪਿੰਡ ਬਸੰਤਕੋਟ(ਜਿਲ੍ਹਾ ਗੁਰਦਾਸਪੁਰ) ਵਿਖੇ ਹੋਇਆ। ਉਚੇਰੀ ਪੜ੍ਹਾਈ ਕਰਨ ਉਪਰੰਤ ਉਸ ਨੇ ਕਾਲਜ ਅਧਿਆਪਨ ਦਾ ਕਿੱਤਾ ਅਪਨਾਇਆ ਤੇ ਫਿਰ ਪੰਜਾਬੀ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਆਪਣੀਆਂ ਸੇਵਾਵਾਂ ਦਿੱਤੀਆਂ। ਉਸ ਨੇ ਪੰਜਾਬੀ ਅਕਾਦਮੀ ਲੁਧਿਆਣਾ ਦੀ ਪ੍ਰਧਾਨਗੀ ਦੇ ਨਾਲ-ਨਾਲ ਅਨੇਕਾਂ ਸਾਹਿਤਕ ਸਭਿਆਚਾਰਕ ਸੰਸਥਾਵਾਂ 'ਚ ਯੋਗਦਾਨ ਪਾਇਆ ਤੇ ਪਾ ਰਿਹਾ ਹੈ।

'ਸ਼ੀਸ਼ਾ ਬੋਲਦਾ ਹੈ', 'ਹਰ ਧੁੱਖਦਾ ਪਿੰਡ ਮੇਰਾ ਹੈ', 'ਬੋਲ ਮਿੱਟੀ ਦਿਆ ਬਾਵਿਆ', 'ਅਗਨ ਕਥਾ', 'ਖੈਰ ਪੰਜਾਂ ਪਾਣੀਆਂ ਦੀ', 'ਧਰਤੀ ਨਾਦ', 'ਫੁੱਲਾਂ ਦੀ ਝਾਂਜਰ', 'ਪਾਰਦਰਸ਼ੀ', 'ਮੋਰ ਪੰਖ', 'ਮਨ ਤੰਦੂਰ' ਆਦਿ ਉਸ ਦੀਆਂ ਪ੍ਰਮੁੱਖ ਕਾਵਿ-ਰਚਨਾਵਾਂ ਹਨ। ਉਸ ਨੇ ਕਵਿਤਾ, ਗ਼ਜ਼ਲ, ਗੀਤ ਆਦਿ ਕਾਵਿ ਰੂਪਾਂ ਉਪਰ ਸਫਲਤਾ ਨਾਲ ਆਪਣੀ ਕਲਮ ਅਜਮਾਈ।

ਉਸ ਦੀ ਕਾਵਿ-ਕਲਾ ਵਿੱਚ ਵਿਸ਼ਾਗਤ ਤੇ ਵਿਧਾਗਤ ਵਿਭਿੰਨਤਾ ਦੇਖਣ ਨੂੰ ਮਿਲਦੀ ਹੈ। ਉਸ ਦੀਆਂ ਕਾਵਿ ਰਚਨਾਵਾਂ ਨੂੰ ਪ੍ਰਸਿਧ ਗਾਇਕਾਂ ਨੇ ਆਵਾਜ਼ ਦਿੱਤੀ ਹੈ।

BSER

## ਧੀਆਂ ਦੀਆਂ ਲੋਹੜੀਆਂ (ਗ਼ੀਤ)

ਗਾਈ ਜਾਉ ਭਾਵੇਂ ਤੁਸੀਂ ਵੀਰਾਂ ਦੀਆਂ ਘੋੜੀਆਂ।
ਵੰਡਿਆ ਕਰੋ ਜੀ, ਪਰ, ਧੀਆਂ ਦੀਆਂ ਲੋਹੜੀਆਂ।

ਗੁਰੂਆਂ ਦੇ ਆਖੇ ਸੁੱਚੇ ਬੋਲਾਂ ਨੂੰ ਹੈ ਪਾਲਣਾ।
ਧੀਆਂ ਤੇ ਧਰੇਕਾਂ ਦੀਆਂ ਛਾਵਾਂ ਨੂੰ ਹੈ ਭਾਲਣਾ।
ਇਨ੍ਹਾਂ ਨੇ ਹੀ ਸੁੱਖਾਂ ਸਦਾ ਵੀਰਾਂ ਦੀਆਂ ਲੋੜੀਆਂ।
ਵੰਡਿਆ ਕਰੋ ਜੀ, ਤੁਸੀਂ, ਧੀਆਂ ਦੀਆਂ ਲੋਹੜੀਆਂ।

ਜਿਹੜੇ ਘਰ ਧੀਆਂ ਵਾਲੀ ਠੰਢੀ ਮਿੱਠੀ ਛਾਂ ਨਹੀਂ।
ਓਸ ਘਰ ਰਹਿਮਤਾਂ ਲਈ ਹੁੰਦੀ ਕੋਈ ਥਾਂ ਨਹੀਂ।
ਘਰ ਆਈਆਂ ਦੌਲਤਾਂ ਨਾ ਕਿਸੇ ਘਰੋਂ ਮੋੜੀਆਂ।
ਵੰਡਿਆ ਕਰੋ ਜੀ, ਤੁਸੀ, ਧੀਆਂ ਦੀਆਂ ਲੋਹੜੀਆਂ।

ਪੱਗ ਨਾਲ ਚੁੰਨੀ ਵਿਹੜਾ ਰਲ ਮਿਲ ਮਹਿਕਦਾ।
ਧੀਆਂ ਬਿਨਾਂ ਘਰ ਵੀ ਸਲੀਕੇ ਦੇ ਲਈ ਸਹਿਕਦਾ।
ਸਾਂਝ ਦੀਆਂ ਤੰਦਾਂ ਸਦਾ ਰੱਖੜੀ ਨੇ ਜੋੜੀਆਂ।
ਵੰਡਿਆ ਕਰੋ ਜੀ, ਤੁਸੀਂ, ਧੀਆਂ ਦੀਆਂ ਲੋਹੜੀਆਂ।

ਪਿਆਰ ਪਾਣੀ ਪਾਉ ਇਸ ਜ਼ਿੰਦਗੀ ਦੀ ਵੇਲ ਨੂੰ।
ਫੁੱਲ ਤਾਹੀਓਂ ਲੱਗਣੇ ਨੇ ਚਾਂਦਨੀ ਰਵੇਲ ਨੂੰ।
ਸਦਾ ਪਛਤਾਏ ਜਿੰਨ੍ਹਾਂ ਟਾਹਣੀਆਂ ਨੇ ਤੋੜੀਆਂ।
ਵੰਡਿਆ ਕਰੋ ਜੀ, ਤੁਸੀ, ਧੀਆਂ ਦੀਆਂ ਲੋਹੜੀਆਂ।

BSER

(ਧਰੇਕ- ਡੇਕ(ਸੰਘਣੀ ਛਾਂ ਵਾਲਾ ਰੁੱਖ), ਰਹਿਮਤ- ਕਿਰਪਾ, ਸਲੀਕਾ- ਸ਼ਿਸ਼ਟਾਚਾਰ)

## ਆਪਣੀ ਜਾਚੇ (ਗ਼ਜ਼ਲ)

ਆਪਣੀ ਜਾਚੇ ਉਹ ਤਾਂ ਵੱਡੇ ਘਰ ਜਾਂਦਾ ਹੈ।
ਵਿੱਚ ਸਮੁੰਦਰ ਜਾ ਕੇ ਦਰਿਆ ਮਰ ਜਾਂਦਾ ਹੈ।

ਗਰਦਨ ਸਿੱਧੀ ਰੱਖਣ ਦਾ ਮੁੱਲ ਤਾਰ ਰਹੇ ਹਾਂ,
ਬੇਸ਼ਰਮਾਂ ਦਾ ਨੀਵੀਂ ਪਾ ਕੇ ਸਰ ਜਾਂਦਾ ਹੈ।

ਇਹ ਜੋ ਆਤਿਸ਼ਬਾਜ਼ੀ ਸਾਨੂੰ ਵੇਚ ਰਿਹਾ ਏ,
ਅਪਣੀ ਚੀਚੀ ਝੁਲਸ ਜਾਣ ਤੇ ਡਰ ਜਾਂਦਾ ਹੈ।

'ਅੱਤ' ਨੂੰ ਅੰਤ ਬਣਾਵੇ ਆਖ਼ਰ ਕਹਿਰ ਖ਼ੁਦਾਈ,
ਜਬਰ ਜਰਦਿਆਂ ਸਬਰ ਪਿਆਲਾ ਭਰ ਜਾਂਦਾ ਹੈ।

ਮਾਂ ਬੋਲੀ, ਮਾਂ ਜਣਨੀ, ਧਰਤੀ ਮਾਤਾ ਕੋਲੋਂ,
ਟੁੱਟ ਕੇ ਬੰਦਾ, ਮਰਦਾ-ਮਰਦਾ ਮਰ ਜਾਂਦਾ ਹੈ।

ਬਹੁਤੀ ਵਾਰੀ ਜਾਗਦਿਆਂ ਨਹੀਂ ਹਿੰਮਤ ਪੈਂਦੀ,
ਸੁਪਨੇ ਅੰਦਰ ਜੋ ਕੁਝ ਬੰਦਾ ਕਰ ਜਾਂਦਾ ਹੈ।

## ਜੇ ਤੁਰਿਐ (ਗ਼ਜ਼ਲ)

ਜੇ ਤੁਰਿਐ ਆਪਣੇ ਤੋਂ ਪਾਰ ਜਾਵੀਂ।
ਸਦੀਵੀ ਜਿੱਤ ਖ਼ਾਤਰ ਹਾਰ ਜਾਵੀਂ।
ਜੁਰਾਬਾਂ ਵਾਂਗ ਲਾਹ ਲਈ ਰੁਤਬਿਆਂ ਨੂੰ,

ਜਦੋਂ ਵੀ ਰੂਹ ਦੇ ਦਰਬਾਰ ਜਾਵੀਂ।

ਜੇ ਤਰਨਾ ਜਾਣਦਾ ਨਹੀਂ ਫੇਰ ਸੁਣ ਲੈ,
ਨਦੀ ਦੇ ਨਾ ਕਦੇ ਵਿੱਚਕਾਰ ਜਾਵੀਂ।

ਵਰ੍ਹੀਂ ਘਨਘੋਰ ਬੱਦਲ ਬਣ ਕੇ ਏਨਾ,
ਤੂੰ ਬਲਦੇ ਹਿਰਦਿਆਂ ਨੂੰ ਠਾਰ ਜਾਵੀਂ।

ਕਦੇ ਵੀ ਜਿਸਮ ਨੂੰ ਮਿਲ ਕੇ ਨਾ ਪਰਤੀ,
ਜਦੋਂ ਜਾਵੇ ਤਾਂ ਰੂਹ ਦੇ ਪਾਰ ਜਾਵੀਂ।

ਸਮਾਂ ਜੇ ਜਾਗਦੇ ਮਿਲਦਾ ਨਹੀਂ ਤਾਂ,
ਕਦੇ ਸੁਪਨੇ 'ਚ ਗੇੜਾ ਮਾਰ ਜਾਵੀਂ।

ਜੇ ਅਨਹਦ ਨਾਦ, ਚਾਹੇਂ ਰੂਹ 'ਚ ਗੂੰਜੇ,
ਸਦੀਵੀਂ ਚੁੱਪ ਨੂੰ ਟੁਣਕਾਰ ਜਾਵੀਂ।

BSER

## ਅਭਿਆਸ ਪ੍ਰਸ਼ਨ

1. ਹੇਠ ਲਿਖੇ ਕਾਵਿ ਬੰਦਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।

(ੳ) ਗੁਰੂਆਂ ਦੇ ਆਖੇ ਸੁੱਚੇ ਬੋਲਾਂ ਨੂੰ ਹੈ ਪਾਲਣਾ।
ਧੀਆਂ ਤੇ ਧਰੇਕਾਂ ਦੀਆਂ ਛਾਵਾਂ ਨੂੰ ਹੈ ਭਾਲਣਾ।
ਇੰਨ੍ਹਾਂ ਨੇ ਹੀ ਸੁੱਖਾਂ ਸਦਾ ਵੀਰਾਂ ਦੀਆਂ ਲੋੜੀਆਂ।
ਵੰਡਿਆ ਕਰੋ ਜੀ, ਤੁਸੀਂ, ਧੀਆਂ ਦੀਆਂ ਲੋਹੜੀਆਂ।

(ਅ) ਜੇ ਤੁਰਿਐ ਆਪਣੇ ਤੋਂ ਪਾਰ ਜਾਵੀਂ।
ਸਦੀਵੀਂ ਜਿੱਤ ਖ਼ਾਤਰ ਹਾਰ ਜਾਵੀਂ।
ਜੁਰਾਬਾਂ ਵਾਂਗ ਲਾਹ ਲਈ ਰੁਤਬਿਆਂ ਨੂੰ,
ਜਦੋਂ ਵੀ ਰੂਹ ਦੇ ਦਰਬਾਰ ਜਾਵੀਂ।

2. 'ਤੂੰ ਬਲਦਿਆਂ ਹਿਰਦਿਆਂ ਨੂੰ ਠਾਰ ਜਾਵੀਂ' ਤੁਕ ਵਿੱਚ ਕਵੀ ਕਿਹੜੇ ਬਲਦੇ ਹਿਰਦਿਆਂ ਨੂੰ ਠਾਰਨ ਦੀ ਗੱਲ ਕਰਦਾ ਹੈ। 'ਜੇ ਤੁਰਿਐ' ਗ਼ਜ਼ਲ ਦੇ ਆਧਾਰ 'ਤੇ ਦੱਸੋ।

3. 'ਗਰਦਨ ਸਿੱਧੀ ਰੱਖਣ ਦਾ ਮੁੱਲ ਤਾਰ ਰਹੇ ਹਾਂ।' ਤੁਕ ਕਿਸ ਪ੍ਰਸੰਗ ਵਿੱਚ ਆਈ ਹੈ। 'ਆਪਣੀ ਜਾਚੇ' ਗ਼ਜ਼ਲ ਦੇ ਆਧਾਰ 'ਤੇ ਬਿਆਨ ਕਰੋ।

4. 'ਧੀਆਂ ਦੀਆਂ ਲੋਹੜੀਆਂ' ਕਾਵਿ ਰਚਨਾ ਰਾਹੀਂ ਕਵੀ ਕੀ ਸੁਨੇਹਾ ਦਿੰਦਾ ਹੈ?

5. 'ਆਪਣੀ ਜਾਚੇ' ਗ਼ਜ਼ਲ ਵਿੱਚ ਆਏ ਵਿਚਾਰਾਂ ਨੂੰ ਬਿਆਨ ਕਰੋ?

BSER

# 14. ਗੁਰਤੇਜ ਕੋਹਾਰਵਾਲਾ

ਸਮਕਾਲੀ ਪੰਜਾਬੀ ਕਵਿਤਾ ਵਿੱਚ ਗੁਰਤੇਜ ਕੋਹਾਰਵਾਲਾ ਚਰਚਿਤ ਨਾਂ ਹੈ। 'ਗ਼ਜ਼ਲ' ਉਸ ਦਾ ਪਸੰਦੀਦਾ ਕਾਵਿ ਰੂਪ ਹੈ। ਉਹ ਗ਼ਜ਼ਲ ਦੀਆਂ ਤਕਨੀਕੀ ਬੰਦਿਸ਼ਾਂ ਤੋਂ ਵੀ ਪੂਰੀ ਤਰਾਂ ਜਾਣੂੰ ਹੈ। ਉਸ ਦੀਆਂ ਗ਼ਜ਼ਲਾਂ ਲੰਮੇਂ ਸਮੇਂ ਤੋਂ ਵਿਭਿੰਨ ਮੈਗਜ਼ੀਨਾਂ, ਰਸਾਲਿਆਂ ਦਾ ਸ਼ਿੰਗਾਰ ਬਣਦੀਆਂ ਰਹੀਆਂ ਹਨ। ਮਾਨਵੀ ਸਰੋਕਾਰਾਂ ਨੂੰ ਛੂਹਦੀਆਂ ਉਸ ਦੀਆਂ ਗ਼ਜ਼ਲਾਂ ਡੂੰਘੇ ਅਰਥਾਂ ਦੀ ਤਰਜਮਾਨੀ ਕਰਦੀਆਂ ਹਨ।

ਗੁਰਤੇਜ ਕੋਹਾਰਵਾਲਾ ਦਾ ਜਨਮ 15 ਅਗਸਤ1961 ਨੂੰ ਪਿਤਾ ਸ. ਹਰਮਿੰਦਰ ਸਿੰਘ ਦੇ ਘਰ ਪਿੰਡ ਕੋਹਾਰਵਾਲਾ (ਫਰੀਦਕੋਟ) ਵਿਖੇ ਹੋਇਆ। ਉਸ ਨੇ ਪੰਜਾਬੀ ਯੂਨੀਵਰਸਿਟੀ ਤੋਂ ਐੱਮ.ਏ. ਪੰਜਾਬੀ ਦੀ ਪੜ੍ਹਾਈ ਕਰਨ ਉਪਰੰਤ ਇਲੈਕਟਰੀਕਲ ਡਿਪਲੋਮਾ ਜੀ.ਟੀ.ਬੀ. ਪਾਲੀਟੈਕਨਿਕ ਕਾਲਜ, ਰੋਡੇ ਤੋਂ ਕੀਤਾ ਤੇ ਕੁਝ ਵਰ੍ਹੇ ਪੰਜਾਬ ਰਾਜ ਬਿਜਲੀ ਬੋਰਡ ਵਿੱਚ ਸੇਵਾ ਨਿਭਾਈ, ਪਰ ਉਸ ਦਾ ਸ਼ਾਇਰ ਮਨ ਉਚਾਟ ਹੋ ਗਿਆ ਤਾਂ ਨੌਕਰੀ ਛੱਡ, ਉਹ ਐਮ. ਫਿੱਲ. ਪੰਜਾਬੀ ਲਈ ਪੰਜਾਬ ਯੂਨੀਵਰਸਿਟੀ ਜਾ ਦਾਖਲ ਹੋਇਆ ਅਤੇ ਅਧਿਆਪਨ ਕਿੱਤੇ ਵੱਲ ਮੁੜਿਆ। ਇਸ ਕਰਕੇ ਉਸ ਦੀ ਜ਼ਿੰਦਗੀ ਕਿਸੇ ਫਿਲਮੀ ਪਾਤਰ ਵਾਂਗ ਜਾਪਦੀ ਹੈ।ਅੱਜ-ਕੱਲ੍ਹ ਉਹ ਬਤੌਰ ਪੰਜਾਬੀ ਪ੍ਰਾਅਧਿਆਪਕ ਆਰ.ਐੱਸ ਡੀ. ਕਾਲਜ ਫ਼ਿਰੋਜ਼ਪੁਰ (ਪੰਜਾਬ) ਵਿਖੇ ਆਪਣੀਆਂ ਸੇਵਾਵਾਂ ਨਿਭਾ ਰਿਹਾ ਹੈ। ਉਸ ਦੀ ਅਧਿਆਪਨ ਦੇ ਨਾਲ ਨਾਲ ਸ਼ਾਇਰੀ ਉਪਰ ਵੀ ਪੂਰੀ ਪਕੜ ਹੈ।ਗੁਰਤੇਜ ਕੋਹਾਰਵਾਲਾ ਗ਼ਜ਼ਲ ਦਾ ਉਸਤਾਦ ਸ਼ਾਇਰ ਹੈ।ਉਸ ਦੀ ਸ਼ਾਇਰੀ ਵਿੱਚ ਕਾਹਲੀ ਨਹੀਂ ਬਲਕਿ ਸਹਿਜਤਾ ਹੈ। ਸ਼ਾਇਦ ਇਹੀ ਕਾਰਨ ਹੈ ਕਿ ਉਸ ਨੇ ਵੀਹ ਪੱਚੀ ਸਾਲਾਂ ਬਾਅਦ ਆਪਣਾ ਪਲੇਠਾ ਗ਼ਜ਼ਲ ਸੰਗ੍ਰਹਿ 'ਪਾਣੀ ਦਾ ਹਾਸ਼ੀਆ' ਛਪਵਾਇਆ ਹੈ।

ਗੁਰਤੇਜ ਕੋਹਾਰਵਾਲਾ ਦੀ ਸ਼ਾਇਰੀ ਕਿਸੇ ਵਿਸ਼ੇਸ਼ ਵਾਦ ਨਾਲ ਜੁੜਣ ਦੀ ਥਾਂ ਮਨੁੱਖ ਦੀਆਂ ਸੰਵੇਦਨਾਵਾਂ ਨੂੰ ਬਿਆਨ ਕਰਦੀ ਹੈ। ਉਹ ਕਿਸੇ ਮਨੋਵਿਗਿਆਨੀ ਵਾਂਗ ਅਜੋਕੇ ਮਨੁੱਖ ਦੀ ਅੰਦਰਲੀ ਟੁੱਟ-ਭੱਜ ਨੂੰ ਬਾਖੂਬੀ ਬਿਆਨ ਕਰਦਾ ਹੈ।'ਪਾਣੀ ਦਾ ਹਾਸ਼ੀਆ' ਗ਼ਜ਼ਲ ਸੰਗ੍ਰਹਿ ਨੂੰ ਪੰਜਾਬੀ ਪਾਠਕਾਂ ਤੋਂ ਭਰਪੂਰ ਹੁੰਗਾਰਾ ਮਿਲਿਆ ਹੈ।

ਗੁਰਤੇਜ ਨੂੰ ਅਨੇਕਾਂ ਮਾਨ-ਸਨਮਾਨ ਮਿਲ ਚੁੱਕੇ ਹਨ। ਆਪਣੀ ਸ਼ਾਇਰੀ ਦੀ ਖ਼ੁਸ਼ਬੋ ਸਦਕਾ ਉਹ ਦੇਸ਼-ਵਿਦੇਸ਼ ਘੁੰਮਦਾ ਰਹਿੰਦਾ ਹੈ। ਉਹ ਸ਼ਾਇਰੀ ਦੇ ਨਾਲ ਚਿੱਤਰਕਾਰੀ ਵਿੱਚ ਵੀ ਵਿਸ਼ੇਸ਼ ਮੁਹਾਰਤ ਰੱਖਦਾ ਹੈ।

BSEP

## ਹੋਰਾਂ ਵਾਂਗੂੰ (ਗ਼ਜ਼ਲ)

ਹੋਰਾਂ ਵਾਂਗੂੰ ਨ੍ਹੇਰਾ ਢੋਂਦੇ ਰਾਤ -ਬ-ਰਾਤੇ ਜੀ ਲੈਣਾ ਸੀ।
ਦਿਲ ਨੂੰ ਜੇਕਰ ਅੱਗ ਨ ਲਗਦੀ, ਮੈ ਚਾਨਣ ਤੋਂ ਕੀ ਲੈਣਾ ਸੀ ?

ਅੰਨ੍ਹੀ ਭੀੜ 'ਚ ਅੱਖਾਂ ਵਾਲੇ ਤੁਰਦੇ ਵੀ ਤਾਂ ਕਿੱਥੇ ਤੁਰਦੇ,
ਖੜ੍ਹ ਕੇ ਸਭ ਨੂੰ ਰਾਹ ਦੇਣਾ ਸੀ,ਬਚ ਕੇ ਰਸਤਾ ਵੀ ਲੈਣਾ ਸੀ।

ਘਰ ਦੇ ਘੜਿਆਂ ਅੰਦਰ ਪੈ ਕੇ, ਸਿਆਣਾ ਪਾਣੀ ਸੋਚੇ ਅਕਸਰ,
ਮੈਨੂੰ ਨਦੀਏਂ ਵਗਦੇ ਨੂੰ ਵੀ ਰੇਤਾ ਨੇ ਹੀ ਪੀ ਲੈਣਾ ਸੀ।

ਮੇਰੀ ਖ਼ਾਤਰ ਰੇਤ, ਰੁਪੱਈਏ, ਪੱਥਰ, ਚੀਜਾਂ, ਢੇਰ ਬੜੇ ਸਨ,
ਪਰ ਮੈ ਥੋੜੀ ਛਾਂ ਲਭਦਾ ਸਾਂ, ਚੂਲੀ ਪਾਣੀ ਹੀ ਲੈਣਾ ਸੀ।

ਜੇ ਰੂਹ ਦੇ ਲੰਗਾਰ ਨਾ ਲਹਿੰਦੇ, ਚੁੱਪ ਹੀ ਰਹਿੰਦੇ, ਕੁਝ ਨਾ ਕਹਿੰਦੇ,
ਜੇ 'ਕੱਲਾ ਦਾਮਨ ਹੀ ਫਟਦਾ, ਅੰਦਰ ਵੜ ਕੇ ਸੀਅ ਲੈਣਾ ਸੀ।

**(ਲੰਗਾਰ- ਕੱਪੜੇ ਦਾ ਪਾਟਣਾ, ਲੀਰੋ ਲੀਰ ਹੋਣਾ। ਦਾਮਨ- ਪੱਲਾ)**

## ਕਤਾਬਾਂ ਵਰਗੇ ਲੋਕਾਂ (ਗ਼ਜ਼ਲ)

ਕਿਤਾਬਾਂ ਵਰਗੇ ਲੋਕਾਂ ਨੂੰ ਖ਼ੁਦ ਵਿੱਚ ਜੋੜ ਲੈਂਦਾ ਹਾਂ।
ਮਿਲੇ ਗਹਿਰਾ ਕਿਤੇ ਲਿਖਿਆ ਤਾਂ ਵਰਕਾ ਮੋੜ ਲੈਂਦਾ ਹਾਂ।

ਜੇ ਖੁੱਲ੍ਹੇ ਜਾਣ ਦੇਵਾਂ, ਜਾਣਗੇ ਤੇਰੀ ਤਰਫ਼ ਸਾਰੇ,
ਅਜੇ ਕੁਝ ਰਸਤਿਆਂ ਨੂੰ ਆਪਣੇ ਵੱਲ ਮੋੜ ਲੈਂਦਾ ਹਾਂ।



BSER

ਦੁਆ ਦਿੰਦਾ ਹਾਂ ਜਿਸ ਅੰਬਰ ਨੂੰ ਪੂਰਨਮਾਸ਼ੀਆਂ ਵਾਲੀ,
ਮੈਂ ਉਸ ਦੀ ਰਾਤ 'ਚੋਂ ਹਰ ਰੋਜ਼ ਤਾਰੇ ਤੋੜ ਲੈਂਦਾ ਹਾਂ।

ਵਹਾ ਦਿੰਦਾ ਹਾਂ ਫੁੱਲਾਂ ਵਾਂਗ, ਜੋ ਮੇਰੇ ਨਹੀਂ ਰਹਿੰਦੇ ,
ਵਿਦਾਈ ਬਾਅਦ, ਫਿਰ ਪਾਣੀ ਪਿਛਾਂਹ ਨੂੰ ਮੋੜ ਲੈਂਦਾ ਹਾਂ।

ਮੈਂ ਆਪਣੀ ਨੀਂਦ ਵਿੱਚ ਵੀ ਜਾਗਦਾ ਰਹਿਨਾ ਕਿਸੇ ਥਾਂ ਤੋਂ,
ਜਦੋਂ ਸੱਚ ਹੋਣ ਨੂੰ ਆਵੇ, ਤਾਂ ਸੁਪਨਾ ਤੋੜ ਲੈਂਦਾ ਹਾਂ।

## ਜ਼ਾਬਤਿਆਂ ਦੀ ਇਹ ਗਲਵੱਕੜੀ (ਗ਼ਜ਼ਲ)

ਜ਼ਾਬਤਿਆਂ ਦੀ ਇਹ ਗਲਵੱਕੜੀ, ਖੋਲਣ ਨੂੰ ਦਿਲ ਕਰਦਾ ਹੈ।
ਥਿਰ ਹੋ ਚੱਲੀ ਕਾਇਆ ਦਾ, ਫਿਰ ਡੋਲਣ ਨੂੰ ਜੀ ਕਰਦਾ ਹੈ।

ਜਿਸ ਦੇ ਕੋਲੋਂ, ਹੱਥ ਛੁਡਾ ਕੇ, ਖ਼ੁਦ ਕੋਲੋਂ ਵੀ ਵਿੱਛੜੇ ਹਾਂ,
ਆਪਣੇ ਅੰਦਰਲਾ ਉਹ ਬੰਦਾ, ਟੋਲਣ ਨੂੰ ਦਿਲ ਕਰਦਾ ਹੈ।

ਰੋਟੀ, ਰੀਝਾਂ, ਰਿਸ਼ਤੇ, ਜਿਸ ਥਾਂ ਰਾਹ ਨਾ ਰੋਕਣ ਬੋਲਾਂ ਦਾ,
ਐਸੀ ਖੁੱਲ੍ਹੀ ਥਾਂ 'ਤੇ ਜਾ ਕੇ ਬੋਲਣ ਨੂੰ ਦਿਲ ਕਰਦਾ ਹੈ।

ਤੇਜ਼ ਹਵਾ ਹੈ, ਅੰਨ੍ਹੀ ਬਾਰਿਸ਼, ਤੇ ਘਰ ਵੀ ਹੈ ਸ਼ੀਸ਼ੇ ਦਾ,
ਮਨ ਦੀ ਹਾਲਤ ਵੇਖੋ, ਬੂਹੇ ਖੋਲ੍ਹਣ ਨੂੰ ਦਿਲ ਕਰਦਾ ਹੈ।

ਨੱਚਣਾ ਤਾਂ ਕੀ, ਪਹਿਨ ਕੇ ਜਿਸ ਨੂੰ ਵਰਜਿਤ ਹੋਇਆ ਤੁਰਨਾ ਵੀ,



BSER

ਪਾਜ਼ੇਬਾਂ ਦਾ ਮਹਿੰਗਾ ਜੋੜਾ, ਖੋਲ੍ਹਣ ਨੂੰ ਦਿਲ ਕਰਦਾ ਹੈ।

**(ਵਰਜਿਤ- ਮਨਾਹੀ)**

## ਔੜ ਏਦਾਂ ਹੀ (ਗ਼ਜ਼ਲ)

ਔੜ ਏਦਾਂ ਹੀ ਜੇਕਰ ਇਹ ਜਾਰੀ ਰਹੀ,
ਰੂਹਾਂ-ਤੇਹਾਂ ਦੇ ਮਸਲੇ ਹੀ ਮੁੱਕ ਜਾਣਗੇ।
ਪਹਿਲਾਂ ਨਦੀਆਂ ਦੀ ਚਿੰਤਾ ਸੀ, ਹੁਣ ਜਾਪਦੈ,
ਏਥੇ ਨੈਣਾਂ ਦੇ ਪਾਣੀ ਵੀ ਸੁੱਕ ਜਾਣਗੇ।

ਤੈਨੂੰ ਆਕਾਸ਼-ਗੰਗਾ ਦਾ ਮੋਹ ਹੈ ਬੜਾ,
ਇਹਦੇ ਅਸਤਣ ਦਾ ਸੀਨੇ 'ਚ ਰੋਹ ਹੈ ਬੜਾ:
ਪਹਿਲਾਂ ਮੱਥੇ ਨੂੰ ਆਪਣੇ ਤੂੰ ਅੰਬਰ ਬਣਾ,
ਤੇਰੇ ਚਿਹਰੇ 'ਤੇ ਤਾਰੇ ਵੀ ਝੁਕ ਜਾਣਗੇ।

ਇਹ ਪਰਿੰਦੇ ਤਾਂ ਏਥੇ ਹੀ ਰਹਿਣੇ ਸਦਾ,
ਏਥੇ ਉਡਣੇ ਤੇ ਏਥੇ ਹੀ ਬਹਿਣੇ ਸਦਾ;
ਤੇਰੇ ਜੰਗਲ 'ਚ ਜੇ ਨਾ ਇਜ਼ਾਜ਼ਤ ਮਿਲੀ
ਸਾਡੇ ਖ਼ਾਬਾਂ ਦੇ ਬਿਰਖਾਂ 'ਚ ਲੁਕ ਜਾਣਗੇ।

ਅੱਗ ਅੰਨ੍ਹੀ ਹੈ, ਪਾਗ਼ਲ ਹੈ, ਮੂੰਹ-ਜ਼ੋਰ ਹੈ,
ਇਹ ਨਾ ਸੋਚੀਂ ਕਿ ਸੜਦਾ ਕੋਈ ਹੋਰ ਹੈ;
ਲਾਂਬੂ ਏਧਰ ਦੀ ਲੰਘੇ ਜਦੋਂ ਟਹਿਲਦੇ,
ਖੌਰੇ ਕਿਹੜੇ ਬਰੂਹਾਂ 'ਤੇ ਰੁਕ ਜਾਣਗੇ।



BSER

ਏਥੇ ਕਾਲੇ ਦਰਖ਼ਤਾਂ ਦੀ ਛਾਂ ਹੈ ਅਜੇ,
ਸਾਡਾ ਸੂਰਜ ਹੀ ਹੋਰਾਂ ਦੇ ਨਾਂ ਹੈ ਅਜੇ;
ਐਸੀ ਥਾਵੇਂ ਕੀ ਬੀਜਾਂਗੇ ਸੂਰਜਮੁਖੀ,
ਬੂਟੇ ਉੱਗਣਗੇ, ਆਥਣ ਨੂੰ ਸੁੱਕ ਜਾਣਗੇ।

**(ਔੜ- ਸੋਕਾ, ਅਸਤਣ- ਛਿਪਣਾ, ਖ਼ਾਬ- ਸੁਪਨਾ)**

## ਅਭਿਆਸ ਪ੍ਰਸ਼ਨ

1. ਹੇਠ ਲਿਖੇ ਕਾਵਿ ਬੰਦਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।

(ੳ) ਹੋਰਾਂ ਵਾਂਗੂੰ ਨ੍ਹੇਰਾ ਢੋਂਦੇ ਰਾਤ -ਬ-ਰਾਤੇ ਜੀ ਲੈਣਾ ਸੀ।
ਦਿਲ ਨੂੰ ਜੇਕਰ ਅੱਗ ਨ ਲਗਦੀ, ਮੈਂ ਚਾਨਣ ਤੋਂ ਕੀ ਲੈਣਾ ਸੀ ?

ਅੰਨ੍ਹੀ ਭੀੜ 'ਚ ਅੱਖਾਂ ਵਾਲੇ ਤੁਰਦੇ ਵੀ ਤਾਂ ਕਿੱਥੇ ਤੁਰਦੇ,
ਖੜ੍ਹ ਕੇ ਸਭ ਨੂੰ ਰਾਹ ਦੇਣਾ ਸੀ,ਬਚ ਕੇ ਰਸਤਾ ਵੀ ਲੈਣਾ ਸੀ।

(ਅ) ਕਿਤਾਬਾਂ ਵਰਗੇ ਲੋਕਾਂ ਨੂੰ ਖ਼ੁਦ ਵਿੱਚ ਜੋੜ ਲੈਂਦਾ ਹਾਂ।
ਮਿਲੇ ਗਹਿਰਾ ਕਿਤੇ ਲਿਖਿਆ ਤਾਂ ਵਰਕਾ ਮੋੜ ਲੈਂਦਾ ਹਾਂ।

ਜੇ ਖੁੱਲ੍ਹੇ ਜਾਣ ਦੇਵਾਂ, ਜਾਣਗੇ ਤੇਰੀ ਤਰਫ਼ ਸਾਰੇ,
ਅਜੇ ਕੁਝ ਰਸਤਿਆਂ ਨੂੰ ਆਪਣੇ ਵੱਲ ਮੋੜ ਲੈਂਦਾ ਹਾਂ।

2. 'ਹੋਰਾਂ ਵਾਂਗੂੰ' ਗ਼ਜ਼ਲ ਕਿਹੜੇ ਵਿਚਾਰਾਂ ਦੀ ਤਰਜ਼ਮਾਨੀ ਕਰਦੀ ਹੈ ? ਸਪੱਸ਼ਟ ਕਰੋ।
3. 'ਕਿਤਾਬਾਂ ਵਰਗੇ ਲੋਕਾਂ ਨੂੰ' ਗ਼ਜ਼ਲ ਵਿੱਚ ਲੋਕਾਂ ਨੂੰ 'ਕਿਤਾਬਾਂ ਵਰਗੇ' ਕਿਉਂ ਕਿਹਾ ਗਿਆ ਹੈ ?
4. 'ਜਾਬਤਿਆਂ ਦੀ ਗਲਵੱਕੜੀ' ਗ਼ਜ਼ਲ ਰਾਹੀਂ ਕਵੀ ਕੀ ਕਹਿਣਾ ਚਾਹੁੰਦਾ ਹੈ ? ਦੱਸੋ।
5. 'ਔੜ ਏਦਾਂ ਹੀ' ਗ਼ਜ਼ਲ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।



BSER

# 15. ਡਾ. ਵਨੀਤਾ

ਡਾ. ਵਨੀਤਾ ਸਮਕਾਲੀ ਪੰਜਾਬੀ ਕਾਵਿ ਵਿੱਚ ਬਤੌਰ ਕਵਿੱਤਰੀ ਤੇ ਕਾਵਿ-ਆਲੋਚਕ ਵਜੋਂ ਜਾਣੀ ਜਾਂਦੀ ਹੈ। ਡਾ. ਵਨੀਤਾ ਖੁੱਲੀ ਕਵਿਤਾ ਦੀ ਰਚਨਾਕਾਰ ਹੈ। ਉਸ ਦੀ ਕਵਿਤਾ ਵਿੱਚੋਂ ਨਿੱਜ-ਮੂਲਕ ਭਾਵਾਂ ਦੇ ਨਾਲ-ਨਾਲ ਨਾਰੀ ਅਸਤਿੱਤਵ ਦੇ ਵਿਭਿੰਨ ਪਹਿਲੂਆਂ ਨੂੰ ਸਹਿਜੇ ਹੀ ਪਛਾਣਿਆ ਜਾ ਸਕਦਾ ਹੈ।

ਡਾ. ਵਨੀਤਾ ਦਾ ਜਨਮ 7 ਅਕਤੂਬਰ 1954 ਨੂੰ ਮਾਤਾ ਸੁਰਜੀਤ ਕੌਰ ਦੀ ਕੁੱਖੋਂ, ਪਿਤਾ ਜੋਗਿੰਦਰ ਸਿੰਘ ਦੇ ਘਰ ਅੰਮ੍ਰਿਤਸਰ ਵਿਖੇ ਹੋਇਆ। ਉਸ ਨੇ ਪੀ-ਐੱਚ.ਡੀ. ਪੱਧਰ ਦੀ ਪੜ੍ਹਾਈ ਹਾਸਲ ਕੀਤੀ। ਉਸ ਨੇ ਪੰਜਾਬੀ ਕਾਵਿ ਜਗਤ ਨੂੰ 'ਸੁਪਨਿਆਂ ਦੀ ਪਗਡੰਡੀ', 'ਹਰੀਆਂ ਛਾਵਾਂ ਦੀ ਕਬਰ', 'ਬੋਲ ਅਲਾਪ', 'ਮੰਦਰ ਸਪਤਕ', 'ਖਰਜ ਨਾਦ', 'ਸਹਿਜ ਚੁੱਪ' ਆਦਿ ਕਾਵਿ ਸੰਗ੍ਰਹਿ ਭੇਟ ਕੀਤੇ। ਉਸ ਦੀਆਂ ਕਵਿਤਾਵਾਂ ਪੰਜਾਬੀ ਦੇ ਵਿਭਿੰਨ ਮੈਗਜ਼ੀਨ, ਰਸਾਲਿਆਂ ਵਿੱਚ ਛਪ ਰਹੀਆਂ ਹਨ।

ਉਸ ਦੀ ਕਾਵਿ ਸਿਰਜਨਾ ਕਰਕੇ ਉਸ ਨੂੰ ਭਾਰਤੀ ਸਾਹਿਤ ਅਕਾਦਮੀ ਵੱਲੋਂ 2010 ਵਿੱਚ 'ਕਾਲ ਪਹਿਰ ਤੇ ਘੜੀਆਂ' 'ਤੇ ਪੁਰਸਕ੍ਰਿਤ ਕੀਤਾ ਗਿਆ। ਉਸ ਦੀ ਕਾਵਿ ਰਚਨਾ ਵਿੱਚੋ ਬੌਧਿਕ ਸ਼ੈਲੀ ਨੂੰ ਵੀ ਪਛਾਣਿਆ ਜਾ ਸਕਦਾ ਹੈ।

BSER

## ਨਿ:ਸ਼ਬਦ

ਜਦੋਂ ਬੰਦਾ ਆਕੜੇ

ਸ਼ਬਦ ਤੋਂ ਕੰਮ ਲਉ

ਜਦੋਂ ਸ਼ਬਦਾਂ 'ਚੋਂ ਹੈਂਕੜ ਦੀ

ਬੋਅ ਆਉਣ ਲੱਗੇ

ਸਮਝ ਤੋਂ ਕੰਮ ਲਉ

ਜਦੋਂ ਸਮਝ ਤੇ ਸ਼ਬਦ

ਨਫ਼ਰਤ ਦੀ ਸੜਿਹਾਂਦ ਛੱਡਣ

ਤਾਂ ਚੁੱਪ ਹੋ ਜਾਉ

ਅਰਦਾਸ ਕਰੋ

ਨਿ:ਸ਼ਬਦ ਬਣੋ

**(ਹੈਂਕੜ– ਘੁਮੰਡ, ਸੜਿਹਾਂਦ– ਬਦਬੂ)**

## ਚੰਗਾ ਹੁੰਦਾ ਹੈ ਉਦਾਸ ਹੋਣਾ

ਚੰਗਾ ਹੁੰਦਾ ਹੈ ਉਦਾਸ ਹੋਣਾ

ਗੌਤਮ ਉਦਾਸ ਨਾ ਹੁੰਦਾ

ਤਾਂ ਬੁੱਧ ਚੇਤੰਨਯ ਹੋ

ਨਿਰਵਾਣ ਨਾ ਪਾਂਦਾ

ਚੰਗਾ ਹੁੰਦਾ ਹੈ ਉਦਾਸ ਹੋਣਾ

ਨਾਨਕ ਉਦਾਸ ਨਾ ਹੁੰਦਾ

ਤਾਂ ਚਾਰ ਉਦਾਸੀਆਂ ਨਾ ਧਾਰਦਾ



BSER

ਚਾਰ ਉਦਾਸੀਆਂ ਨਾ ਧਾਰਦਾ ਤਾਂ
ਸ਼ਬਦ ਦੀਆਂ ਅਜਿਹੀਆਂ
ਬਾਣੀਆਂ ਨਾ ਉਚਾਰਦਾ

ਚੰਗਾ ਹੁੰਦਾ ਹੈ ਉਦਾਸ ਹੋਣਾ
ਪਰ ਨਿਰਾਸ਼ ਹੋਣਾ ਹਰਗਿਜ਼ ਨਹੀਂ
ਨਿਰਾਸ਼ਾ-ਫ਼ਾਂਸੀ ਦੇ ਤਖਤੇ 'ਤੇ
ਲਟਕਣ ਤੋਂ ਪਹਿਲਾਂ ਹੀ
ਕਬੂਲੀ ਮੌਤ ਹੈ
ਨਿਰਾਸ਼ਾ-ਮੌਤ ਦਾ ਸਾਗਰ ਕਾਲਾ
ਨਿਰਾਸ਼ਾ-ਉਹ ਮੁਰਦਾ ਬੀਜ਼ ਹੈ
ਜਿਥੋਂ ਮੁੜ ਪੁੰਗਰਨ ਦੀ ਆਸ ਨਹੀਂ

ਆਸ ਦੇ ਬੀਜ
ਉਦਾਸੀ ਤੋਂ ਤਾਂ ਪੁੰਗਰ ਆਉਣਗੇ
ਪਰ ਨਿਰਾਸ਼ਾ 'ਚੋਂ ਹਰਗਿਜ਼ ਨਹੀਂ
ਮੇਰੀ ਜਿੰਦੇ!
ਨਾ ਹੋਵੀ ਨਿਰਾਸ਼
ਪਰ ਹਰ ਵਰ੍ਹੇ ਰਹੀਂ ਜ਼ਰੂਰ ਉਦਾਸ
ਪਿਛਲਿਆਂ ਵਰ੍ਹਿਆਂ ਨੂੰ ਵੇਖ
ਸੋਚੀਂ ਉਨ੍ਹਾਂ ਵਰ੍ਹਿਆਂ 'ਚ
ਹੱਕ ਸੱਚ ਇਮਾਨ ਕਿੰਨੇ
ਸੱਟੇ ਦੇ ਭਾਅ ਚੜ੍ਹੇ ਤੇ ਡਿੱਗੇ

ਸਾਜਿਸ਼ ਦੀ ਜੱਫ਼ੀ ਨੇ

ਕਿੰਨਿਆਂ ਨੂੰ ਮੌਤ ਦੇ ਘਾਟ ਉਤਾਰਿਆ

ਮੌਤ ਕਿੰਨੀ ਸਸਤੀ ਹੋਈ

ਮਾਸੂਮੀਅਤ ਇਖ਼ਲਾਕ

ਆਬਰੂ ਤੇ ਜ਼ਮੀਰ

ਕਿਉਂ ਇੰਨੇ ਨੇਸਤੋ ਨਾਬੂਦ ਹੁੰਦੇ ਜਾ ਰਹੇ

ਸੋਚੀਂ ਜ਼ਰਾ ਮੇਰੀ ਜਾਨ!

ਨਿਰਾਸ਼ ਨਾ ਹੋਵੀਂ

ਪਰ ਹੋਵੀਂ ਉਦਾਸ ਜ਼ਰੂਰ

ਸ਼ਾਇਦ

ਉਦਾਸੀ ਆਪਣੀ ਕੁੱਖੋਂ

ਜੰਮ ਦਏ ਕੋਈ ਨੂਰ

**(ਚੇਤੰਨਯ- ਗਿਆਨਵਾਨ, ਨਿਰਵਾਣ-ਮੁਕਤੀ, ਆਬਰੂ- ਇੱਜ਼ਤ,ਪੱਤ। ਜ਼ਮੀਰ- ਆਤਮਾ, ਕੋਹਰਾ- ਬਰਫ਼ ਪੈਣਾ)**

## ਬੀਤੇ ਵਰ੍ਹੇ ਦੇ ਕੈਲੰਡਰ 'ਚ ਟੰਗੇ ਦਿਨ

ਆਉਂਦੇ ਵਰ੍ਹਿਆਂ 'ਚ ਬੀਤੇ ਵਰ੍ਹੇ

ਇੰਞ ਵੀ ਯਾਦ ਆਉਂਦੇ ਨੇ

ਬੜਾ ਯਾਦਾਂ ਥੀਂ ਸਤਾਉਂਦੇ ਨੇ

ਜਿਵੇਂ ਬਾਰਸ਼ ਦੀਆਂ ਛਿੱਟਾਂ ਧੁਰ ਮਿੱਟੀ 'ਚ ਪੁੜਦਿਆਂ

ਮਨ ਵਿੱਚ ਕਈ ਬਿੰਬ ਉੱਤਰ ਆਉਂਦੇ ਨੇ

ਆਉਂਦੀ ਹੈ ਯਾਦ ਨਾਨੀ

ਜੋ ਪਿੱਠ 'ਤੇ ਮੇਰੀ ਮਾਂ ਨੂੰ

ਧੀ ਆਪਣੀ ਨੂੰ ਢੋਂਦੀ



BSER

ਪਾਰ ਕਰਾਉਂਦੀ ਸੀ ਗੰਗਾ

ਇਸ ਪਾਰ ਤੋਂ, ਉਸ ਪਾਰ

ਬੀਤੇ ਵਰ੍ਹਿਆਂ 'ਚ ਪਰਲੋਕ ਗਏ

ਪੁਰਖੇ ਇੰਞ ਵੀ ਯਾਦ ਆਉਂਦੇ ਨੇ

ਅੱਖ ਝਪਕਦਿਆਂ ਹੀ

ਭਵਿੱਖ ਭੂਤ ਬਣਨ ਲੱਗਦਾ ਏ

ਤੇ ਭੂਤ 'ਚੋਂ ਭਵਿੱਖ ਦੇ ਦੀਵੇ

ਜਗਮਗਾਉਂਦੇ ਨੇ

ਆਉਂਦੇ ਵਰ੍ਹਿਆਂ 'ਚ ਬੀਤੇ

ਇੰਞ ਵੀ ਯਾਦ ਆਉਂਦੇ ਨੇ

ਵਰਤਮਾਨ ਦੇ ਮੋਏ ਹੌਂਸਲੇ

ਕੋਹਰੇ ਭਰੇ ਦਿਨ ਤੇ ਰਾਤਾਂ 'ਚ

ਪੁਰਖੇ ਜੁਗਨੂੰ ਬਣ ਟਿਮਟਿਮਾਉਂਦੇ ਨੇ

ਦੀਵੇ ਬਣ ਰਾਹ ਰੁਸ਼ਨਾਉਂਦੇ ਨੇ

ਆਉਂਦੇ ਵਰ੍ਹਿਆਂ 'ਚ ਬੀਤੇ

ਇੰਞ ਵੀ ਯਾਦ ਆਉਂਦੇ ਨੇ

BSEP

## ਅਭਿਆਸ ਪ੍ਰਸ਼ਨ

1. ਹੇਠ ਲਿਖੇ ਕਾਵਿ ਬੰਦਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।

(ੳ) ਨਿਰਾਸ਼ ਨਾ ਹੋਵੀਂ
ਪਰ ਹੋਵੀਂ ਉਦਾਸ ਜ਼ਰੂਰ
ਸ਼ਾਇਦ
ਉਦਾਸੀ ਆਪਣੀ ਕੁੱਖੋਂ
ਜੰਮ ਦਏ ਕੋਈ ਨੂਰ

(ਅ) ਆਉਂਦੇ ਵਰ੍ਹਿਆਂ 'ਚ ਬੀਤੇ ਵਰ੍ਹੇ
ਇੰਵ ਵੀ ਯਾਦ ਆਉਂਦੇ ਨੇ
ਬੜਾ ਯਾਦਾਂ ਥੀਂ ਸਤਾਉਂਦੇ ਨੇ
ਜਿਵੇਂ ਬਾਰਸ਼ ਦੀਆਂ ਛਿੱਟਾਂ ਧੂੜ ਮਿੱਟੀ 'ਚ ਪੁੜਦਿਆਂ
ਮਨ ਵਿੱਚ ਕਈ ਬਿੰਬ ਉੱਤਰ ਆਉਂਦੇ ਨੇ

2. 'ਨਿ:ਸ਼ਬਦ' ਕਵਿਤਾ ਕਿਹੜੇ ਭਾਵਾਂ ਦਾ ਸੰਚਾਰ ਕਰਦੀ ਹੈ ?

3. ਉਦਾਸੀ ਤੇ ਨਿਰਾਸ਼ਾ ਵਿੱਚ ਕੀ ਫ਼ਰਕ ਹੁੰਦਾ ਹੈ ? 'ਚੰਗਾ ਹੁੰਦਾ ਹੈ ਉਦਾਸ ਹੋਣਾ' ਕਵਿਤਾ ਦੇ ਆਧਾਰ 'ਤੇ ਪਰਖ ਕਰੋ।

4. 'ਬੀਤੇ ਵਰ੍ਹੇ ਦੇ ਕੈਲੰਡਰ 'ਚ ਟੰਗੇ ਦਿਨ' ਕਵਿਤਾ ਵਿੱਚ ਕਵਿੱਤਰੀ ਬੀਤ ਚੁੱਕੇ ਵਰ੍ਹੇ ਦੀਆਂ ਯਾਦਾਂ ਨੂੰ ਕਿਉਂ ਯਾਦ ਕਰਦੀ ਹੈ ? ਸਪੱਸ਼ਟ ਕਰੋ।

5. 'ਚੰਗਾ ਹੁੰਦਾ ਹੈ ਉਦਾਸ ਹੋਣਾ' ਕਵਿਤਾ ਦਾ ਸਾਰ ਲਿਖੋ।

BSER

# 16. ਤ੍ਰੈਲੋਚਨ ਲੋਚੀ

ਤ੍ਰੈਲੋਚਨ ਲੋਚੀ ਪੰਜਾਬੀ ਦਾ ਹਰਮਨ ਪਿਆਰਾ ਸ਼ਇਰ ਹੈ। ਜੇਕਰ ਉਸਨੂੰ ਕਾਵਿ-ਮਹਿਫ਼ਲਾਂ ਦੀ ਸ਼ਾਨ ਕਿਹਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਸਵੈ-ਰਚਿਤ ਕਵਿਤਾਵਾਂ ਲੋਚੀ ਦੀ ਸੁਹਜਮਈ ਆਵਾਜ਼ ਨਾਲ ਆਪਣੇ ਪ੍ਰਭਾਵ ਨੂੰ ਦੂਣਾ ਕਰਦੀਆਂ ਹਨ।

ਇਸ ਸ਼ਾਇਰ ਦਾ ਜਨਮ 14 ਜਨਵਰੀ 1965 ਨੂੰ ਸ੍ਰ. ਗੁਰਬਚਨ ਸਿੰਘ ਤੇ ਮਾਤਾ ਸੁਰਜੀਤ ਕੌਰ ਦੇ ਘਰ ਬੁੱਟਰ ਸ਼ਰੀਹ(ਸ਼੍ਰੀ ਮੁਕਤਸਰ ਸਾਹਿਬ) ਵਿਖੇ ਹੋਇਆ। ਮੁੱਢਲੀ ਵਿੱਦਿਆ ਸਰਕਾਰੀ ਸਕੂਲ ਸ਼੍ਰੀ ਮੁਕਤਸਰ ਸਾਹਿਬ ਤੋਂ ਕਰਨ ਉਪਰੰਤ ਉੱਚੇਰੀ ਵਿੱਦਿਆ ਪ੍ਰਾਪਤ ਕਰਨ ਲਈ ਸਰਕਾਰੀ ਕਾਲਜ ਮੁਕਤਸਰ ਵਿਖੇ ਦਾਖਿਲਾ ਲਿਆ। ਅੱਜ ਕੱਲ ਉਹ ਨਹਿਰੀ ਸਿੰਚਾਈ ਵਿਭਾਗ ਲੁਧਿਆਣਾ ਵਿਖੇ ਜ਼ਿਲ੍ਹੇਦਾਰ ਦੇ ਪਦ 'ਤੇ ਬਿਰਾਜ਼ਮਾਨ ਹੈ। ਕਾਵਿਕ ਰੁਚੀਆਂ ਨਾਲ ਉਹ ਕਾਲਜ ਪੱਧਰ ਤੋਂ ਜੁੜਿਆ ਹੋਇਆ ਹੈ। ਉਸ ਦੀਆਂ ਰਚਨਾਵਾਂ ਨੂੰ ਬਰਕਤ ਸਿੱਧੂ, ਹਰਦੇਵ ਮਾਹੀਨੰਗਲ, ਜਸਬੀਰ ਜੱਸੀ, ਨੇਹਾ ਡੋਗਰਾ, ਆਰਤੀ ਦੱਤਾ, ਯਾਕੂਬ ਵਰਗਿਆਂ ਫ਼ਨਕਾਰਾਂ ਨੇ ਆਵਾਜ਼ ਦਿੱਤੀ ਹੈ। ਲੋਚੀ ਖ਼ੁਦ ਵੀ ਮਿਠਾਸ ਭਰੀ ਆਵਾਜ਼ ਦਾ ਮਾਲਕ ਹੈ, 'ਸਰਵਰ' ਨਾਂ ਦੀ ਸੀ.ਡੀ. ਕੈਸਟ ਇਸ ਦਾ ਪ੍ਰਤੱਖ ਪ੍ਰਮਾਣ ਹੈ। ਇਸ ਤੋਂ ਇਲਾਵਾ ਲੋਚੀ ਜਲੰਧਰ ਦੂਰਦਰਸ਼ਨ, ਦਿੱਲੀ ਦੂਰਦਰਸ਼ਨ, ਪੀ.ਟੀ.ਸੀ., ਫਾਸਟਵੇਅ ਆਦਿ ਕਈ ਚੈਨਲਾਂ ਤੋਂ ਬਿਨਾਂ ਰੇਡੀਓ ਤੋਂ ਵੀ ਆਪਣੀ ਕਾਵਿ-ਪ੍ਰਤਿਭਾ ਦਾ ਲੋਹਾ ਮਨਵਾ ਚੁੱਕਿਆ ਹੈ।

'ਦਿਲ ਦਰਵਾਜ਼ੇ' ਉਸ ਦੀ ਪਲੇਠੀ ਕਾਵਿ-ਪੁਸਤਕ ਹੈ। ਇਸ ਤੋਂ ਬਿਨਾਂ ਉਹ ਅਨੇਕਾਂ ਕਾਵਿ ਪੁਸਤਕਾਂ ਸੰਪਾਦਿਤ ਵੀ ਕਰ ਚੁਕਿਆ ਹੈ। 'ਗੁਲਕੰਦ' ਵਿੱਚ 1960 ਤੋਂ ਲੈ ਕੇ 2015 ਤੱਕ ਦੀਆਂ ਕਾਵਿ ਰਚਨਾਵਾਂ ਨੂੰ ਪੇਸ਼ ਕੀਤਾ ਗਿਆ।

ਲੋਚੀ ਦੀ ਕਾਵਿ-ਕਲਮ ਨੇ ਬਹੁਤ ਹੀ ਸੰਵੇਦਨਸ਼ੀਲ ਮੁੱਦਿਆਂ ਨੂੰ ਉਭਾਰਿਆ ਹੈ। ਖਾਸ ਕਰ ਧੀਆਂ ਦੀਆਂ ਭਾਵਨਾਵਾਂ ਨੂੰ ਅਭਿਵਿਅਕਤ ਕੀਤਾ ਗਿਆ ਹੈ। ਅਨੇਕਾਂ ਸਮਾਜਕ ਸਰੋਕਾਰ ਵੀ ਉਸ ਦੀਆਂ ਰਚਨਾਵਾਂ ਦਾ ਹਿੱਸਾ ਬਣਦੇ ਹਨ। ਆਧੁਨਿਕ ਮਨੁੱਖੀ ਲੋਚਾ ਤੇ ਦੁਬਿਧਾਗ੍ਰਸਤ ਸਥਿਤੀ ਵੀ ਰੂਪਮਾਨ ਹੋਈ ਹੈ। ਉਸ ਦੀਆਂ ਗ਼ਜ਼ਲਾਂ ਐਨੀਆਂ ਮਕਬੂਲ ਹੋਈਆਂ ਹਨ ਕਿ ਪ੍ਰਕਾਸ਼ਨ ਦੇ ਨਾਲ-ਨਾਲ ਸ਼ੋਸ਼ਲ ਮੀਡੀਆ 'ਤੇ ਵੀ ਚਰਚਿਤ ਹੋਈਆਂ ਹਨ।

ਉਸ ਦੀ ਕਾਵਿ-ਪ੍ਰਤਿਭਾ ਕਰਕੇ ਉਸ ਨੂੰ ਅਨੇਕਾਂ ਇਨਾਮ-ਸਨਮਾਨ ਹਾਸਲ ਹੋ ਚੁੱਕੇ ਹਨ। ਨਾਭਾ ਕਾਵਿ ਉਤਸਵ ਤੇ ਸਨਮਾਨ, ਬਾਬਾ ਫਰੀਦ ਐਵਾਰਡ, ਪ੍ਰੀਤਮ ਸਿੰਘ ਰਾਹੀ ਐਵਾਰਡ, ਗਣਤੰਤਰ ਦਿਵਸ ਮੌਕੇ ਮਿਲੇ ਸਨਮਾਨਾਂ ਦੀ ਸੂਚੀ ਲੰਬੀ ਹੈ।

BSER

## ਕੁੜੀਆਂ ਤਾਂ ਕਵਿਤਾਵਾਂ ਹੁੰਦੀਆਂ

ਜ਼ਾਲਮ ਕਹਿਣ ਬਲਾਵਾਂ ਹੁੰਦੀਆਂ
ਕੁੜੀਆਂ ਤਾਂ ਕਵਿਤਾਵਾਂ ਹੁੰਦੀਆਂ

ਕਰਜ਼ ਇੰਨਾਂ ਦਾ ਕੌਣ ਉਤਾਰੇ
ਰੱਬ ਤੋ ਵੱਡੀਆਂ ਮਾਵਾਂ ਹੁੰਦੀਆਂ।

ਉਮਰਾਂ ਦਾ ਇਹ ਜੋੜਣ ਰਿਸ਼ਤਾ
ਉਂਜ ਤਾਂ ਚਾਰ ਹੀ ਲਾਵਾਂ ਹੁੰਦੀਆਂ

ਮੈਂ ਜੰਗਲ ਨੂੰ ਤੁਰ ਜਾਣਾ ਸੀ
ਘਰ ਵਿੱਚ ਨਾ ਜੇ ਛਾਵਾਂ ਹੁੰਦੀਆਂ।

ਮਰ-ਖਪ ਜਾਂਦਾ ਕਦ ਦਾ ਲੋਚੀ
ਜੇ ਨਾ ਨਾਲ ਦੁਆਵਾਂ ਹੁੰਦੀਆਂ

ਜਾਲਮ ਕਹਿਣ........

**(ਬਲਾਵਾਂ- ਬੁਰੀਆਂ ਆਤਮਾਵਾਂ, ਮੁਸੀਬਤ। ਦੁਆਵਾਂ- ਅਸੀਸਾਂ, ਲਾਵਾਂ- ਸਿੱਖ ਮਰਿਆਦਾ ਅਨੁਸਾਰ ਵਿਆਹ ਦੀ ਰਸਮ)**

## ਅਰਦਾਸ ਕਰੀਂ(ਗ਼ਜ਼ਲ)

ਸ਼ਬਦਾਂ ਨੂੰ ਵਰਦਾਨ ਮਿਲੇ ਅਰਦਾਸ ਕਰੀਂ।
ਮਰਦੀ ਰੂਹ ਨੂੰ ਜਾਨ ਮਿਲੇ ਅਰਦਾਸ ਕਰੀਂ।



BSER

ਚਿੜੀਆਂ ਚਹਿਕਣ ਜੀਕੂੰ ਨੀਲੇ ਅੰਬਰ ਵਿੱਚ,
ਧੀਆਂ ਨੂੰ ਸਨਮਾਨ ਮਿਲੇ ਅਰਦਾਸ ਕਰੀਂ।

ਦੂਰ ਦੇਸ-ਪ੍ਰਦੇਸ ਗੁਆਚੇ ਫਿਰਦੇ ਨੂੰ,
ਅਪਣੀ ਮਾਤ-ਜ਼ੁਬਾਨ ਮਿਲੇ ਅਰਦਾਸ ਕਰੀਂ।

ਵੇਦ, ਕਤੇਬ, ਗ੍ਰੰਥਾਂ ਵਿੱਚ ਨਾ ਮਰ ਜਾਵੇ,
ਲੋਕਾਂ ਨੂੰ ਇਹ ਗਿਆਨ ਮਿਲੇ ਅਰਦਾਸ ਕਰੀਂ।

**(ਵੇਦ-ਕਤੇਬ--- ਹਿੰਦੂ-ਮੁਸਲਿਮ ਧਰਮ ਨਾਲ ਸੰਬੰਧਿਤ ਗ੍ਰੰਥ)**

## ਹੱਥਾਂ ਦੇ ਵਿੱਚ ਡਿਗਰੀਆਂ(ਗ਼ਜ਼ਲ)

ਹੱਥਾਂ ਦੇ ਵਿੱਚ ਡਿਗਰੀਆਂ, ਫਿਰਦੇ ਬੇ-ਰੁਜ਼ਗਾਰ।
ਮੁਲਕ ਤਰੱਕੀ ਕਰ ਰਿਹੈ, ਨਿੱਤ ਕਹਿੰਦੀ ਸਰਕਾਰ।

ਹਾਲੇ ਵੀ ਦਿਲ ਤੜਪਦਾ, ਮਿਲਿਆ ਨਹੀਂ ਕਰਾਰ।
ਸਿਵਿਆਂ ਵਾਲੀ ਰਾਖ਼ ਵੀ, ਹੋ ਗਈ ਠੰਡੀ ਠਾਰ।

ਗਿਆਨ ਦੀ ਅੰਨ੍ਹੀ ਦੌੜ ਵਿੱਚ, ਹੋਏ ਬਹੁਤ ਖੁਆਰ।
ਅੰਦਰ ਵੀ ਨਈਂ ਰੌਸ਼ਨੀ, ਬਾਹਰ ਵੀ ਅੰਧਕਾਰ।

ਕਿੱਥੋ ਕਲਯੁਗ ਆ ਗਿਆ, ਰਿਸ਼ਤੇ ਤਾਰੋ-ਤਾਰ।



BSER

ਬੇਬੇ-ਬਾਪੂ ਸੋਚਦੇ, ਚੱਲੀਏ ਹਰੀਦੁਆਰ।

ਥਿੜਕਣ ਕੰਧਾਂ ਘਰ ਦੀਆਂ, ਨੱਚਦਾ ਦੇਖ ਬਾਜ਼ਾਰ।

ਨਿੱਕੀ ਜੇਬ ਉਦਾਸ ਹੈ, ਬੱਚੇ ਨੇ ਬੇਜ਼ਾਰ।

'ਲੋਚੀ ਤੇਰੇ ਸ਼ਹਿਰ ਦੇ, ਕੈਸੇ ਵਣਜ ਵਪਾਰ,

ਲੋਕੀਂ ਰਾਤੀਂ ਜਾਗਦੇ, ਸੌਂਦੇ ਪਹਿਰੇਦਾਰ।

**(ਖੁਆਰ- ਪਰੇਸ਼ਾਨੀ)**

## ਕਿਤਾਬਾਂ ਤੇ ਕੁੜੀਆਂ (ਗ਼ਜ਼ਲ)

ਕਿਤਾਬਾਂ ਤੇ ਕੁੜੀਆਂ ਤੋਂ,
ਸੱਖਣੇ ਜੋ ਘਰ ਨੇ।
ਉਹ ਘਰ ਕਾਹਦੇ ਘਰ ਨੇ,
ਉਹ ਦਰ ਕਾਹਦੇ ਦਰ ਨੇ।

ਅਸੀਸਾਂ ਭਰੀ ਇਹ,
ਦੁਆ ਮਾਂ ਦੀ ਲੈ ਜਾ।
ਤਿਰੇ ਪੈਂਡੇ ਬਿਖੜੇ,
ਤੇ ਲੰਮੇ ਸਫ਼ਰ ਨੇ।

ਨਾ ਸ਼ਬਨਮ, ਨਾ ਖ਼ੁਸ਼ਬੂ,
ਨਾ ਤਾਜ਼ਾ ਹਵਾ ਹੈ,

BSER

ਇਹ ਕੈਸੇ ਗਰਾਂ ਨੇ,

ਇਹ ਕੈਸੇ ਨਗਰ ਨੇ।

ਕਿਤਾਬਾਂ ਦੀ ਦੁਨੀਆਂ ਤੋਂ,

ਰੱਖਦੇ ਜੋ ਦੂਰੀ।

ਉਹ ਕਿੱਦਾਂ ਨੇ ਜਿਉਂਦੇ,

ਉਹ ਕੈਸੇ ਬਸ਼ਰ ਨੇ।

ਤੂੰ ਲੱਭੇਂਗਾਂ ਕਿੱਥੋਂ,

ਗੁਆਚਾ ਜੋ 'ਲੋਚੀ'।

ਲਿਖੇ ਜੀਹਦੇ ਪੈਰਾਂ 'ਚ,

ਲੰਮੇ ਸਫ਼ਰ ਨੇ।

**(ਸੱਖਣੇ– ਖਾਲੀ, ਬਿਖੜੇ – ਔਖੇ, ਸ਼ਬਨਮ– ਤ੍ਰੇਲ ਦੀ ਬੂੰਦ, ਗ੍ਰਾਮ– ਪਿੰਡ, ਬਸ਼ਰ– ਆਦਮੀ)**

BSER

## ਅਭਿਆਸ ਪ੍ਰਸ਼ਨ

1. ਹੇਠ ਲਿਖੇ ਕਾਵਿ ਬੰਦਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।

(ੳ) ਹਾਲੇ ਵੀ ਦਿਲ ਤੜਪਦਾ, ਮਿਲਿਆ ਨਹੀਂ ਕਰਾਰ।
ਸਿਵਿਆਂ ਵਾਲੀ ਰਾਖ਼ ਵੀ, ਹੋ ਗਈ ਠੰਡੀ ਠਾਰ।

ਗਿਆਨ ਦੀ ਅੰਨ੍ਹੀ ਦੌੜ ਵਿੱਚ, ਹੋਏ ਬਹੁਤ ਖੁਆਰ।
ਅੰਦਰ ਵੀ ਨਈਂ ਰੌਸ਼ਨੀ, ਬਾਹਰ ਵੀ ਅੰਧਕਾਰ।

(ਅ) ਨਾ ਸ਼ਬਨਮ, ਨਾ ਖ਼ੁਸ਼ਬੂ,
ਨਾ ਤਾਜ਼ਾ ਹਵਾ ਹੈ,
ਇਹ ਕੈਸੇ ਗਰਾਂ ਨੇ,
ਇਹ ਕੈਸੇ ਨਗਰ ਨੇ।

2. 'ਜਾਲਮ ਕਹਿਣ ਬਲਾਵਾਂ ਹੁੰਦੀਆਂ' ਸਤਰ ਵਿੱਚ ਜਾਲਮ ਕੋਣ ਹਨ ਤੇ ਕਿਉਂ? ਗ਼ਜ਼ਲ ਦੇ ਆਧਰ 'ਤੇ ਦੱਸੋ।

3. 'ਅਰਦਾਸ ਕਰੀ' ਗ਼ਜ਼ਲ ਰਾਹੀ ਕਵੀ ਕਿਹੜੀ ਕਿਹੜੀ ਅਰਦਾਸ ਕਰਨ ਲਈ ਪ੍ਰੇਰਿਤ ਕਰਦਾ ਹੈ?

4. 'ਹੱਥਾਂ ਦੇ ਵਿੱਚ ਡਿਗਰੀਆਂ' ਗ਼ਜ਼ਲ ਕਿਹੜੀਆਂ ਸਮਾਜਕ ਸਮੱਸਿਆਵਾਂ ਦਾ ਜ਼ਿਕਰ ਕਰਦੀ ਹੈ? ਵਿਸਤਾਰ ਸਹਿਤ ਲਿਖੋ।

5. 'ਕਿਤਾਬਾਂ ਤੇ ਕੁੜੀਆਂ' ਗ਼ਜ਼ਲ ਵਿੱਚ ਕਵੀ ਨੇ ਕਿਹੜੇ ਭਾਵਾਂ ਦੀ ਪੇਸ਼ਕਾਰੀ ਕੀਤੀ ਹੈ? ਬਿਆਨ ਕਰੋ।

6. 'ਕੁੜੀਆਂ ਤਾਂ ਕਵਿਤਾਵਾਂ ਹੁੰਦੀਆਂ' ਗ਼ਜ਼ਲ ਕੁੜੀਆਂ ਦੇ ਕਿਹੜੇ-ਕਿਹੜੇ ਗੁਣਾਂ ਬਾਰੇ ਜ਼ਿਕਰ ਕਰਦੀ ਹੈ?

BSER

# ਖੰਡ-2

## ( ਕਹਾਣੀ )

BSER

# ਨਾਨਕ ਸਿੰਘ

ਨਾਨਕ ਸਿੰਘ ਨੂੰ ਮਾਨਵਵਾਦੀ ਗਲਪਕਾਰ ਵਜੋਂ ਜਾਣਿਆ ਜਾਂਦਾ ਹੈ। ਨਾਨਕ ਸਿੰਘ ਦੀ ਸਾਹਿਤਕ ਪ੍ਰਸਿੱਧੀ ਭਾਵੇਂ ਨਾਵਲਕਾਰ ਵਜੋਂ ਹੋਈ, ਪਰ ਉਸਨੇ ਕਹਾਣੀ ਖੇਤਰ ਵਿੱਚ ਵੀ ਭਰਪੂਰ ਸਾਹਿਤਕ ਯੋਗਦਾਨ ਪਾਇਆ। ਕਹਾਣੀ ਖੇਤਰ ਵਿੱਚ ਉਸ ਦਾ ਵਿਸ਼ੇਸ਼ ਮਹੱਤਵ ਇਸ ਕਰਕੇ ਵੀ ਹੈ ਕਿ ਉਸ ਨੇ ਕਹਾਣੀ ਨੂੰ ਧਾਰਮਿਕ ਵਲਗਣਾਂ ਵਿੱਚੋਂ ਕੱਢ ਕੇ ਸਮਾਜਕ ਸੁਧਾਰਵਾਦ ਦੀ ਲੀਹ 'ਤੇ ਤੋਰਨ ਦੀ ਕੋਸ਼ਿਸ਼ ਕੀਤੀ।

ਨਾਨਕ ਸਿੰਘ ਦਾ ਜਨਮ 4 ਜੁਲਾਈ 1897 ਨੂੰ ਚੱਕ ਹਮੀਦ (ਜਿਲ੍ਹਾ ਜਿਹਲਮ) ਵਿਖੇ ਬਹਾਦਰ ਚੰਦ ਤੇ ਮਾਤਾ ਲੱਛਮੀ ਦੀ ਕੁੱਖੋਂ ਹੋਇਆ। ਨਾਨਕ ਸਿੰਘ ਦੇ ਬਚਪਨ ਦਾ ਨਾਂ ਹੰਸ ਰਾਜ ਸੀ। ਬਾਅਦ ਵਿੱਚ ਸਿੰਘ ਸਜਣ 'ਤੇ ਨਾਨਕ ਸਿੰਘ ਰੱਖਿਆ ਗਿਆ। ਉਹਨਾਂ ਦੀ ਰਸਮੀ ਵਿੱਦਿਆ ਨਾ ਮਾਤਰ ਹੀ ਸੀ ਪਰ ਪੁਸਤਕ ਚੇਟਕ ਹੋਣ ਕਰਕੇ ਉਸ ਕੋਲ ਬਹੁਪੱਖੀ ਗਿਆਨ ਸੀ। 'ਗੁਰੂ ਕਾ ਬਾਗ਼' ਮੋਰਚੇ ਸਮੇਂ ਜੇਲ ਯਾਤਰਾ ਦੌਰਾਨ ਉਸ ਨੂੰ ਮੁਨਸ਼ੀ ਪ੍ਰੇਮ ਚੰਦ ਦੀਆਂ ਰਚਨਾਵਾਂ ਪੜਣ ਤੋਂ ਬਾਅਦ ਸਾਹਿਤਕ ਚੇਟਕ ਲੱਗੀ। ਇਸੇ ਚੇਟਕ ਨੇ ਹੀ ਉਸ ਨੂੰ ਨਾਮਵਰ ਗਲਪਕਾਰ ਬਣਾਇਆ।

'ਹੰਝੂਆਂ ਦੇ ਹਾਰ'(1934), 'ਸਧਰਾਂ ਦੇ ਹਾਰ'(1936), 'ਮਿੱਧੇ ਹੋਏ ਫੁੱਲ'(1938), 'ਸੁਪਨਿਆਂ ਦੀ ਕਬਰ'(1950), ਆਦਿ ਉਸ ਦੇ ਪ੍ਰਮੁੱਖ ਕਹਾਣੀ ਸੰਗ੍ਰਹਿ ਹਨ। ਨਾਨਕ ਸਿੰਘ ਦੀਆਂ ਕਹਾਣੀਆਂ ਦਾ ਕਥਾ ਰਸ ਵਧੇਰੇ ਗੌਲਣ ਯੋਗ ਹੈ। ਉਹ ਸਮੱਸਿਆਵਾਂ ਦੇ ਹੱਲ, ਸਥਿਤੀ ਪਰਿਵਰਤਨ ਦੀ ਥਾਂ ਵਿਅਕਤੀ ਦੇ ਪਰਿਵਰਤਨ 'ਚੋਂ ਲੱਭਦਾ ਹੈ।

'ਭੂਆ', 'ਅਰਜ਼ੀ', 'ਤਾਸ਼ ਦੀ ਆਦਤ', ਆਦਿ ਉਸ ਦੀਆਂ ਬਹੁ-ਚਰਚਿਤ ਕਹਾਣੀਆਂ ਹਨ। ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਉਸ ਦੀ ਕਹਾਣੀ ਕਲਾ ਦੇ ਰੂ-ਬ-ਰੂ ਕਰਨ ਲਈ ਇੱਥੇ 'ਭੂਆ' ਕਹਾਣੀ ਪੇਸ਼ ਕੀਤੀ ਜਾ ਰਹੀ ਹੈ।

BSEB

# 1. ਭੂਆ

ਭੂਆ ਨੂੰ ਮਿਲਿਆਂ ਦਸਾਂ ਤੋਂ ਵਧੀਕ ਵਰ੍ਹੇ ਬੀਤ ਗਏ ਸਨ। ਮੇਰੇ ਵੱਡੇ ਵਡੇਰਿਆਂ 'ਚੋਂ ਇਹੋ ਇਕ ਨਾਉਂ ਲੈਣ ਜੋਗੀ ਪੁਰਾਣੀ ਬੁੱਢੀ ਬਾਕੀ ਸੀ। ਅੱਜ ਵੀ ਉਹਨਾਂ ਦੀ ਸੁਪਨੇ ਵਾਂਗ ਮਾੜੀ ਯਾਦ ਬਾਕੀ ਹੈ, ਜਦ ਨਿੱਕੇ ਹੁੰਦਿਆਂ ਭੂਆ ਮੈਨੂੰ ਉਂਗਲੀ ਲਾ ਕੇ, ਪਿਆਰ ਪੁਚਕਾਰ ਕੇ ਸਕੂਲ ਛੱਡਣ ਜਾਂਦੀ ਹੁੰਦੀ ਸੀ, ਤੇ ਅੱਧੀ ਛੁੱਟੀ ਵੇਲੇ ਮੇਰੇ ਲਈ ਮਲਾਈ ਵਾਲੇ ਦੁੱਧ ਦਾ ਕੌਲ ਲਿਆਇਆ ਕਰਦੀ ਸੀ।

ਏਸ ਗੱਲ ਨੂੰ ਤੀਹ ਪੈਂਤੀ ਵਰ੍ਹੇ ਹੋ ਗਏ ਹੋਣੇ ਨੇ। ਇਕ-ਇਕ ਕਰ ਕੇ ਸਾਰੇ ਉਹ, ਜਿਹੜੇ ਮੈਨੂੰ ਕਾਕਾ, ਪੁੱਤਰ ਆਖਣ ਦਾ ਅਧਿਕਾਰ ਰੱਖਦੇ ਸਨ, ਮੌਤ ਦਾ ਖਾਜਾ ਬਣ ਚੁੱਕੇ ਸਨ, ਪਰ ਮੇਰੀ ਭੂਆ ਅਜੇ ਕੰਧੀ ਉੱਤੇ ਰੁੱਖੜਾ ਬਣੀ ਰਹੀ।

ਹਾਂ, ਤੇ ਮੈਂ ਐਤਕੀ ਜਦ ਆਪਣੇ ਇਕ ਰਿਸ਼ਤੇਦਾਰ ਦੇ ਮੁੰਡੇ ਦੀ ਸ਼ਾਦੀ ਤੇ ਗਿਆ, ਤਾਂ ਭੂਆ ਨੂੰ ਮਿਲਣ ਦੀ ਖ਼ਾਹਿਸ਼ ਨੂੰ ਮੈਂ ਰੋਕ ਨਾ ਸਕਿਆ, ਭਾਵੇਂ ਕੱਚੀ ਸੜਕੇ ਪੂਰੇ ਪੰਜ ਮੀਲ ਜਾਂਦਿਆਂ ਤੇ ਏਨੇ ਹੀ ਆਉਂਦਿਆਂ ਮੈਨੂੰ ਕੱਢਣੇ ਪੈਂਦੇ ਸਨ।

ਗਰਮੀ ਦੀ ਰੁੱਤ ਤੇ ਪੇਂਡੂ ਵਿਆਹ! ਸ਼ਹਿਰ ਵਿਰ ਰਹਿਣ ਵਾਲੇ ਬੰਦੇ ਨੂੰ ਜੇ ਦੋ ਚਾਰ ਡੰਗ ਅਜਿਹੇ ਵਿਆਹਾਂ ਦੀ ਰੋਟੀ ਖਾਣੀ ਪੈ ਜਾਵੇ ਤਾਂ ਚਾਰ ਚੌਂਕੇ ਸੋਲ੍ਹਾਂ ਡੰਗ ਹਾਜ਼ਮੇ ਦੇ ਚੂਰਨ ਤੇ ਫੱਕੀਆਂ ਵਰਤੇ ਬਿਨਾਂ ਖ਼ਲਾਸੀ ਨਹੀਂ ਹੁੰਦੀ।

ਚਹੁੰ ਡੰਗਾਂ ਵਿਚ ਹੀ ਕੱਚਘਰੜ ਪੂਰੀਆਂ ਤੇ ਹੋਰ ਇਹੋ ਜਿਹੇ ਨਿਕ-ਸੁੱਕ ਤੋਂ ਦਿਲ ਭਰ ਗਿਆ। ਜਾਪਣ ਲੱਗਾ ਜਿਵੇਂ ਤਵੇ ਦੇ ਫੁਲਕੇ ਖਾਧਿਆਂ ਜੁੱਗ ਹੀ ਬੀਤ ਗਿਆ ਹੈ। ਬਥੇਰੀ ਕੋਸ਼ਸ਼ ਕੀਤੀ ਕਿ ਹੋਰ ਨਹੀਂ ਤਾਂ ਇਕ ਅੱਧ ਡੰਗ ਹੀ ਪੂਰੀਆਂ ਤੋਂ ਛੁਟਕਾਰਾ ਮਿਲੇ, ਕਿਤੋਂ ਦੋ ਫੁਲਕੇ ਤੇ ਦਾਲ ਮਿਲ ਸਕਣ, ਪਰ ਅਜਿਹਾ ਹੋਣਾ ਤਾਂ ਧੇਤਿਆਂ ਦੀ ਨੱਕ-ਵੱਢੀ ਹੋਣ ਦੇ ਬਰਾਬਰ ਸੀ।

ਸ਼ੁਕਰ-ਸ਼ੁਕਰ ਕਰ ਕੇ ਦੋ ਰਾਤਾਂ ਕੱਟੀਆਂ ਤੇ ਤੀਜੇ ਦਿਨ ਮੈਂ ਜਾਂਞੀਆਂ ਪਾਸੋਂ ਮਸੇ-ਮਸੇ ਖਹਿੜਾ ਛੁਡਾ ਕੇ ਭੂਆ ਦੇ ਪਿੰਡ ਤੁਰ ਪਿਆ। ਮੈਨੂੰ ਯਾਦ ਸੀ, ਨਿੱਕੇ ਹੁੰਦਿਆਂ ਮੇਰੀ ਭੂਆ ਪਤਲੇ ਫੁਲਕੇ ਚੁਲ੍ਹੇ ਵਿਚ ਫੁਲਾ ਕੇ ਕਿਡੇ ਪਿਆਰ ਨਾਲ ਖੁਆਇਆ ਕਰਦੀ ਸੀ।

ਸਵਾਰੀ ਦਾ ਕੋਈ ਪ੍ਰਬੰਧ ਨਾ ਹੋ ਸਕਿਆ। ਦੁਪਹਿਰਾਂ ਦਾ ਤੁਰਿਆ ਮੈਂ ਸਾਰੇ ਰਾਹ ਘੱਟਾ ਫੱਕਦਾ ਕਿਤੇ ਪੈਲੀਆਂ ਵਿਚੋਂ ਤੇ ਕਿਤੇ ਸੜਕੇ-ਸੜਕੇ, ਸੋਤੇ ਪਏ ਭੂਆ ਦੇ ਪਿੰਡ ਪੁੱਜਾ। ਜਾਨ ਵਿਚ ਜਾਨ ਆਈ।

ਜਾਂਦਿਆਂ ਹੀ ਬੜੀ ਗਰਮ ਜੋਸ਼ੀ ਨਾਲ ਮੈਂ ਭੂਆ ਨੂੰ ਪੈਰੀਂ ਪੈਣਾ ਕੀਤਾ। ਉਸ ਨੇ ਜੀਉਂ ਆਇਆਂ, ਸਦਕੇ ਆਇਆਂ ਆਖਦਿਆਂ ਹੋਇਆ ਮੇਰੀ ਪਿੱਠ ਪਲੋਸੀ, ਪਰ ਇਸ ਵਿਚੋਂ ਮੈਨੂੰ ਭੂਆ ਦੇ ਪਿਆਰ ਦਾ ਨਿੱਘ ਨਾ ਲੱਭਿਆ। ਅਸਲ ਗੱਲ ਇਹ ਸੀ ਕਿ ਭੂਆ ਨੇ ਮੈਨੂੰ ਪਛਾਤਾ ਹੀ ਨਹੀਂ ਸੀ, ਉਸ ਨੂੰ ਅੰਧਰਾਤੇ ਦੀ ਕਸਰ ਸੀ।

ਜਦ ਉਸ ਦੇ – "ਕਾਕਾ ਕਿੱਥੋਂ ਏਂ ਤੂੰ ?" ਦੇ ਉੱਤਰ ਵਿਚ ਮੈਂ ਆਪਣਾ ਨਾਂ ਦੱਸਿਆ, ਤਾਂ ਸਾਰੀ ਦੀ ਸਾਰੀ ਭੂਆ ਮੇਰੇ ਦੁਆਲੇ ਲਿਪਟ ਗਈ। ਚੁੰਮ-ਚੁੰਮ ਕੇ ਉਸਨੇ ਮੇਰਾ ਮੂੰਹ ਗਿੱਲਾ ਕਰ ਛੱਡਿਆ ਤੇ ਉੱਚੀ ਦੇਕੇ ਪੁਕਾਰ ਉੱਠੀ – "ਨੀ ਚੰਨਣ ਕੌਰੇ! ਕੁੜੀ ਆਈਂ ਨੀ ਭੱਜ ਕੇ। ਨੀ ਮੇਰਾ ..... ਸਿੰਘ ਆਇਆ ਈ ਸੁੱਖ ਨਾਲ। ਵੇ ਮੁੰਡਿਓ, ਕੁੜੀਓ! ਤੁਹਾਡਾ ਤਾਇਆ ਆਇਆ ਜੇ।"

ਉਸ ਦੀ ਨੂੰਹ ਭੱਜੀ ਆਈ। ਭੂਆ ਦੇ ਪੋਤ੍ਰਿਆਂ, ਪੋਤ੍ਰੀਆਂ ਨੇ ਆਉਂਦਿਆਂ ਹੀ ਮੇਰੇ ਦੁਆਲੇ ਘੇਰਾ ਘੱਤ ਲਿਆ। ਬਾਲਾਂ ਵਿਚੋਂ ਭਾਵੇਂ ਕਿਸੇ ਨੇ ਵੀ ਇਸ ਤੋਂ ਪਹਿਲਾਂ ਮੇਰੀ ਸ਼ਕਲ ਨਹੀਂ ਸੀ ਵੇਖੀ, ਪਰ ਦਾਦੀ ਦੀ ਗਵਾਹੀ "ਤੁਹਾਡਾ ਤਾਇਆ ....." ਹੀ ਉਹਨਾਂ ਲਈ ਕਾਫ਼ੀ ਸੀ।

ਭੂਆ ਦੀ ਨੂੰਹ ਮੈਥੋਂ ਛੋਟੇ ਥਾਂ ਸੀ, ਘੁੰਡ ਚੁੱਕਣ ਤੇ ਬੋਲਣ ਚਾਲਣ ਦੀ ਦਲੇਰੀ ਉਹ ਨਾ ਕਰ

ਸਕੀ।

ਮੈਂ ਪੀਹੜੀ ਤੇ ਬੈਠਾ ਸਾਂ, ਭੂਆ ਭੁੰਜੇ ਬੈਠੀ ਦੁਹਾਂ ਹੱਥਾਂ ਨਾਲ ਮੇਰੀ ਪਿੱਠ, ਮੇਰਾ ਸਿਰ, ਮੇਰਾ ਮੂੰਹ ਮੱਥਾ ਪਿਆਰਦੀ ਹੋਈ ਮੇਰੇ ਘਰ ਬਾਰ ਦੀ, ਮੇਰੇ ਬਾਲਾਂ, ਮੇਰੀ ਘਰ ਵਾਲੀ ਦੀ ਸੁੱਖ ਸਾਂਦ ਪੁੱਛ ਰਹੀ ਸੀ, ਤੇ ਮੇਰੇ ਵੱਲੋਂ ਸਿਰਫ਼ ਇਕੋ ਉੱਤਰ ਘੜੀ-ਮੁੜੀ ਦੁਹਰਾਇਆ ਜਾ ਰਿਹਾ ਸੀ – "ਹਾਂ ਜੀ, ਆਹੋ ਜੀ, ਜੀ।" ਮੈਂ ਉਸ ਵੇਲੇ ਸੱਚ-ਮੁੱਚ ਆਪਣੇ ਆਪ ਨੂੰ ਦਾਹੜੀ ਵਾਲਾ ਕਾਕਾ ਅਨੁਭਵ ਕਰ ਰਿਹਾ ਸਾਂ।

"ਤੇ ਕੁੜੇ ਉਠ ਕੇ ਰੋਟੀ ਟੁਕ ਦਾ ਆਹਰ ਕਰ। ਮੁੰਡਾ ਵੱਡੇ ਵੇਲੇ ਦਾ ਭੁੱਖਾ ਭਾਣਾ ਹੋਵੇਗਾ।" ਕਹਿ ਕੇ ਭੂਆ ਨੇ ਨੂੰਹ ਨੂੰ ਰਸੋਈ ਵਲ ਨਸਾਇਆ। ਮੈਂ ਬਥੇਰੀ ਉਜ਼ਰਦਾਰੀ ਕੀਤੀ, ਪਰ ਉਥੇ ਸੁਣਾਈ ਕਾਹਨੂੰ ਹੋਣੀ ਸੀ।

ਭੁੱਖ ਮੈਨੂੰ ਉੱਕਾ ਨਹੀਂ ਸੀ, ਸਗੋਂ ਦੁਪਹਿਰੇ ਜਿਹੜੀ ਜੰਜ ਵਿਦੈਗੀ ਵੇਲੇ ਰੋਟੀ ਤੇ ਉਸ ਤੋਂ ਬਾਅਦ ਕੁਝ ਮਠਿਆਈ ਖਾਣੀ ਪਈ ਸੀ, ਉਸ ਨਾਲ ਤਬੀਅਤ ਦਿਕ ਹੋ ਗਈ ਸੀ। ਮੈਂ ਦਿਲ ਨਾਲ ਫ਼ੈਸਲਾ ਕੀਤਾ ਸੀ ਕਿ ਰਾਤੀਂ ਕੁਝ ਨਹੀਂ ਖਾਵਾਂਗਾ। ਅਜੇ ਤਕ ਡਿਕਾਰ ਆ ਰਹੇ ਸਨ।

'ਓ ਮੇਰਿਆ ਰੱਬਾ' ਮੇਰੇ ਅੰਦਰੋਂ ਡਰ ਭਰੀ ਅਵਾਜ਼ ਨਿਕਲੀ, ਜਦ ਕੁਝ ਚਿਰ ਬਾਅਦ ਮੈਂ ਆਪਣੇ ਅੱਗੇ ਇਕ ਨੱਕੋ-ਨੱਕ ਪਰੋਸਿਆ ਥਾਲ ਵੇਖਿਆ, ਚੱਕੀ ਦੀ ਪੁੜ ਜਿੱਡੇ ਦੋ ਪਰਾਉਂਠੇ, ਜਿਨ੍ਹਾਂ ਵਿਚੋਂ ਘਿਉ ਵਗ-ਵਗ ਕੇ ਥਾਲ ਦੇ ਉਸ ਹਿੱਸੇ ਵਿਚ ਰਲ ਰਿਹਾ ਸੀ, ਜਿਥੇ ਮੋਟੀਆਂ ਮੋਟੀਆਂ ਸੇਵੀਆਂ ਦਾ ਇਕ ਤਕੜਾ ਅੰਬਾਰ ਉਸਰਿਆ ਸੀ, ਤੇ ਜਿਸ ਉੱਤੇ ਬੁੱਕ ਸਾਰੀ ਸ਼ੱਕਰ ਦੀ ਤਹਿ ਵਿਛੀ ਹੋਈ ਸੀ।

ਮੈਂ ਸਹਿਮੀ ਨਜ਼ਰ ਨਾਲ ਕਦੇ ਥਾਲ ਵੱਲ ਵੇਖਾਂ ਤੇ ਕਦੇ ਆਪਣੇ ਢਿੱਡ ਵੱਲ। 'ਮੂਸਾ ਮੌਤੋਂ ਭੱਜਿਆ ਅੱਗੇ ਮੌਤ ਖੜੀ' ਵਾਲੀ ਗੱਲ ਬਣੀ।

ਭਰਜਾਈ ਨੂੰ ਤੇ ਮੈਂ ਸੰਗ ਦੇ ਮਾਰੇ ਕੁਝ ਆਖ ਨਹੀਂ ਸਾਂ ਸਕਦਾ, ਤੇ ਭੂਆ ਨੂੰ ਏਸ ਬਾਬਤ ਕੁਝ ਕਹਿਣਾ, ਨਾ ਕਹਿਣਾ ਇਕੋ ਜਿਹਾ ਸੀ।

ਭੂਆ ਅੱਗੇ ਮੈਂ ਬਥੇਰੇ ਵਾਸਤੇ ਪਾਵਾਂ– "ਭੂਆ ਜੀ ਮੈਨੂੰ ਇਕ ਗਰਾਹੀਂ ਦੀ ਵੀ ਭੁੱਖ ਨਹੀਂ, ਮੈਂ ਅੱਗੇ ਹੀ ਜੰਜ ਦੀ ਰੋਟੀ ਖਾਣ ਕਰ ਕੇ ਔਖਾ ਹਾਂ ....." ਪਰ ਬਿਨਾਂ ਮੇਰੀ ਕਿਸੇ ਗੱਲ ਵੱਲ ਧਿਆਨ ਦਿੱਤਿਆਂ ਭੂਆ ਆਪਣੀਆਂ ਹੀ ਵਾਹੀ ਜਾਵੇ–"ਭਲਾ ਕਾਕਾ, ਇਹ ਹੈ ਕੀ ਏ, ਹੌਲੇ-ਹੌਲੇ ਤੇ ਫੁਲਕੇ ਨੇ। ਖਾ ਲੈ, ਖਾ ਲੈ ਮਾਂ ਸਦਕੇ।"

"ਤੇ ਭੂਆ ਜੀ, ਇਹ ਏਨੀਆਂ ਸੇਵੀਆਂ ਕੌਣ ਖਾਵੇਗਾ?" ਮੈਂ ਇਕ ਵਾਰੀ ਫੇਰ ਕਿਹਾ। ਉਹ ਬੋਲੀ, "ਖਾ ਲੈ, ਖਾ ਲੈ, ਬੀਬਾ ਪੁੱਤ! ਸੇਵੀਆਂ ਦਾ ਕੀ ਏ, ਇਹ ਤੇ ਐਵੇਂ ਮੂੰਹ ਮਿੱਠਾ ਕਰਨ ਲਈ ਨੇ। ਵੇਖੇਂ ਨਾ ਪੁੱਤ, ਏਥੇ ਬਾਹਰ ਥਾਵੇਂ ਕੀ ਪਿਆ ਲੱਭਦਾ ਏ। ਸ਼ਹਿਰਾਂ-ਨਗਰਾਂ ਦੀ ਕੀ ਗੱਲ ਕਰਨਾ ਏ, ਉਥੇ ਤੇ ਜੋ ਬੱਤੀਆਂ ਦੰਦਾ 'ਚੋਂ ਮੰਗੋ ਮਿਲ ਜਾਂਦਾ ਏ। ਸੱਚ ਕਿਸੇ ਆਖਿਆ ਏ ਅਖੇ 'ਸ਼ਹਿਰ ਵਸੰਦੇ ਦੇਵਤੇ ਬਾਹਰ ਵਸੰਦੇ ਪ੍ਰੇਤ' ਏਥੇ ਤੇ ਵੀਰਾ ਇਹੋ ਦਾਲ ਸਾਗ ਈ ਜੁੜਦਾ ਏ। ਤੇਰਾ ਫੁਫੜ ਜਿਉਂਦਾ ਸੀ, ਅਸੀਂ ਇਕ ਵਾਰੀ ਅੰਬਰਸਰ ਗਏ। ਸਦਕੇ ਜਾਈਏ ਗੁਰੂ ਦੀ ਨਗਰੀ ਤੋਂ। ਸਬੱਬ ਨਾਲ ਮਹਾਰਾਜ ਦੇ ਦਰਸ਼ਨ ਹੋ ਗਏ, ਘਰਾਂ ਦੇ ਪੁਆੜਿਆਂ 'ਚੋਂ ਕਿੱਥੇ ਕਿਸੇ ਦਾ ਨਿਕਲ ਹੁੰਦਾ ਏ। ਉਹ ਵੀ ਮੇਰੀ ਜਿਠਾਣੀ ਦੇ ਫੁਲ ਗੰਗਾ ਜੀ ਲਿਜਾਣੇ ਸਾ ਸੂ, ਤੇ ਮੈਨੂੰ ਆਖਣ ਲੱਗਾ –"ਸ਼ੇਂਕਰ ਦੀ ਮਾਂ, ਕਿਹੜਾ ਰੋਜ਼-ਰੋਜ਼ ਜਾਇਆ ਜਾਂਦਾ ਏ, ਖਸਮ ਨੂੰ ਖਾਣੀਆਂ ਲੋੜਾਂ ਤੇ ਪੂਰੀਆਂ ਹੁੰਦੀਆਂ ਨਹੀਂ, ਉਹ ਜਾਣੇ ਤੂੰ ਵੀ ਚਲੀ ਚਲ' ਤੇ ਮੈਂ ਵੀ ਏਸੇ ਸਬੱਬ ਚਲੀ ਗਈ। ਬਥੇਰਾ ਕਰਦਾ ਏ ਪਈ ਇਕ ਵਾਰੀ ਫੇਰ ਗੰਗਾ ਮਾਈ ਦੇ ਇਸ਼ਨਾਨ ਕਰ ਆਵਾਂ – ਸ਼ੇਂਕਰ ਨੂੰ ਕਿੰਨੀ ਵੇਰਾਂ ਵਾਸਤੇ ਪਾ ਚੁੱਕੀ ਆਂ, ਪਈ ਮੁੰਡਿਆਂ, ਜਿਥੇ ਹੋਰ ਸੈਂਕੜੇ ਖਰਚਨਾ ਖਾਨਾ ਏਂ, ਉਥੇ ਇਹ ਵੀ ਜੱਸ ਖੱਟ ਛੱਡ, ਪਰ ਉਹ ਤੇ ਸੁਣਦਾ ਈ ਨਹੀਂ ਮੇਰੀ ਗੱਲ ......।"

ਭੂਆ ਬਿਨਾਂ ਰੁਕਿਆਂ ਆਪਣੀ ਵਿਆਖਿਆ ਕਰੀ ਜਾ ਰਹੀ ਸੀ, ਤੇ ਏਧਰ ਮੈਂ ਸੋਚ ਰਿਹਾ ਸਾਂ – 'ਅੱਗੇ ਜਿਠਾਣੀ ਦੇ ਫੁਲ ਲੈ ਕੇ ਗਈ ਸੈਂ, ਹੁਣ ਭਾਵੇਂ ਭਤੀਜੇ ਦੇ ਫੁਲਾਂ ਦੀ ਵਾਰੀ ਹੈ।'

ਅਖ਼ੀਰ ਇਹੋ ਸੋਚ ਕੇ ਕਿ ਹੱਛਾ, ਉਖਲੀ ਵਿਚ ਸਿਰ ਦਿੱਤਾ ਤਾਂ ਹੁਣ ਚਾਰ ਸੱਟਾਂ ਵੱਧ ਕੀ ਤੇ ਚਾਰ ਘੱਟ ਕੀ, ਖਾਣਾ ਸ਼ੁਰੂ ਕੀਤਾ।

ਅਜੇ ਦੋ-ਚਾਰ ਬੁਰਕੀਆਂ ਹੀ ਲਈਆਂ ਸਨ ਕਿ ਭਰਜਾਈ ਨੇ ਪੰਘਾਰੇ ਹੋਏ ਘਿਓ ਦਾ ਭਰਿਆ ਹੋਇਆ ਕੌਲ ਲਿਆ ਕੇ ਸੇਂਵੀਆਂ ਉਤੇ ਉਲਦ ਦਿਤਾ। ਘਿਓ ਸੇਂਵੀਆਂ ਵਿਚੋਂ ਫਿਰਦਾ ਫਿਰਾਂਦਾ ਸਾਰੇ ਥਾਲ ਵਿਚ ਫੈਲ ਗਿਆ ਤੇ ਸੇਵੀਆਂ ਦਾ ਢੇਰ, ਸਮੁੰਦਰ ਵਿਚ ਖੜੇ ਇਕ ਛੋਟੇ ਜਜ਼ੀਰੇ ਵਾਂਗ ਬਣ ਗਿਆ। ਮੈਂ ਬਥੇਰਾ 'ਨਾ ਨਾ ਨਾ' ਕਰਦਾ ਰਿਹਾ ਪਰ ਮੇਰੀ ਕੌਣ ਸੁਣਦਾ ਸੀ।

'ਇਸ ਆਪ ਸਹੇੜੀ ਮੌਤ ਤੋਂ ਕੀਕਣ ਛੁਟਕਾਰਾ ਮਿਲੇ' ਬਥੇਰਾ ਸੋਚਿਆ, ਪਰ ਕੋਈ ਰਾਹ ਨਾ ਲੱਭਾ। ਪਰੌਂਠੇ ਤਾਂ ਖ਼ੈਰ ਦੋ ਨਹੀਂ ਤਾਂ ਡੇਢ ਕੁ ਮੈਂ ਕਿਸੇ ਤਰ੍ਹਾਂ ਤੁੰਨ-ਤੁੰਨ ਕੇ ਲੰਘਾ ਲਏ, ਪਰ ਸੇਵੀਆਂ ਦਾ ਕੀ ਬਣੇ ? ਸਲਾਹ ਹੋਈ ਕਿ ਭੂਆ ਨੂੰ ਦਿੱਸਦਾ ਤੇ ਹੈ ਨਹੀਂ, ਹੋਵੇ ਨਾ ਤਾਂ ਇਕ ਦੋ ਰੁੱਗ ਭਰ ਕੇ ਕਿਸੇ ਬੰਨੇ ਸੁੱਟ ਹੀ ਛੱਡਾਂ, ਕੁਝ ਤਾਂ ਭਾਰ ਹੌਲਾ ਹੋਵੇ, ਪਰ ਉਸ ਅੱਖਾਂ ਵਾਲੀ ਕਮਬਖ਼ਤ ਭਰਜਾਈ ਦਾ ਕੀ ਕਰਦਾ, ਜਿਹੜੀ ਘਿਉ ਦਾ ਕੌਲ ਖਾਲੀ ਕਰਨ ਤੋਂ ਬਾਅਦ ਟੌਕਰੇ ਵਰਗਾ ਮੂੰਹ ਲੁਕਾਈ ਮੇਰੇ ਲਾਗੇ ਪਥੱਲਾ ਮਾਰ ਬੈਠੀ।

ਚਿੜੀ-ਚੋਗੇ ਵਾਂਗ ਮੈਂ ਇਕ-ਇਕ ਸੇਵੀਂ ਮੂੰਹ ਵਿਚ ਪਾ ਕੇ, ਚਿੱਥ-ਚਿੱਥ ਕੇ ਲੰਘਾਉਣ ਦੀ ਕੋਸ਼ਿਸ਼ ਕਰ ਰਿਹਾ ਸਾਂ, ਕਿ ਭਰਜਾਈ ਦੇ ਦਿਲ ਵਿਚ ਖ਼ਬਰੇ ਤਰਸ ਆ ਗਿਆ, ਉਹ ਉਠ ਕੇ ਅੰਦਰ ਚਲੀ ਗਈ। ਮੈਂ ਕਾਹਲੀ ਨਾਲ ਸੱਜੇ-ਖੱਬੇ ਤੱਕਿਆ ਕਿ ਕਿਹੜੇ ਪਾਸੇ ਰੁੱਗ ਸੁੱਟਾਂ। ਪਿਛਲੀ ਕੰਧ ਦੀ ਨੁੱਕਰੇ ਇਕ ਤੰਦੂਰ ਲੱਗਾ ਹੋਇਆ ਸੀ, ਮੈਂ ਸੋਚਿਆ, ਇਹੋ ਠੀਕ ਹੈ। ਰਾਤ ਨੂੰ ਕਿਤੇ ਮੌਕਾ ਮਿਲਿਆ ਤਾਂ ਸੁਆਹ ਨੂੰ ਹੇਠਾਂ ਉਤਾਂਹ ਕਰ ਕੇ ਢੱਕ ਛੱਡਾਂਗਾ, ਬਸ।

ਤੇ ਮੈਂ ਦਿਲ ਪੀਡਾ ਕਰ ਕੇ ਜਿੰਨੀਆਂ ਕੁ ਸੇਂਵੀਆਂ ਮੇਰੀ ਲੱਪ ਵਿਚ ਆ ਸਕਦੀਆਂ ਸਨ, ਰੁੱਗ ਭਰ ਲਿਆ। ਹੱਥ ਪਿਛਾਂਹ ਲੈ ਜਾਣ ਲਈ ਥਾਲੀ ਤੋਂ ਚੁੱਕਿਆ ਹੀ ਸੀ, ਕਿ ਫਿਰ ਓਹੀ ਭਾਬੀ ਸਿਰ ਤੇ ਆ ਧਮਕੀ ਤੇ ਬਿਨਾਂ ਪੁੱਛਿਆਂ ਇਕ ਹੋਰ ਪਰਾਉਂਠਾ ਥਾਲੀ ਵਿਚ ਦੇਹ ਮਾਰਿਆ।

ਸੇਵੀਆਂ ਮੁੜ ਥਾਲੀ ਦੇ ਹਵਾਲੇ ਕਰ ਕੇ ਮੈਂ ਹੱਥ ਪੈਰ ਛੱਡ ਬੈਠਾ - 'ਹੁਣ ਖ਼ੈਰ ਨਹੀਂ।'

ਅੱਧਾ-ਪਚੱਧਾ ਮੁਕਾ ਕੇ ਕਿਸੇ ਤਰ੍ਹਾਂ ਇਸ ਕਾਲ ਰੂਪੀ ਥਾਲ ਤੋਂ ਮੇਰੀ ਖੁਲਾਸੀ ਹੋਈ, ਪਰ ਹੁਣ ਏਥੋਂ ਉਠ ਕੇ ਮੰਜੇ ਤੀਕ ਜਾਣ ਦੀ ਹਿੰਮਤ ਬਾਕੀ ਨਹੀਂ ਸੀ। ਪੇਟ ਪਾਟਣ ਵਾਲਾ ਹੋ ਰਿਹਾ ਸੀ - ਸਾਹ ਨਾਲ ਸਾਹ ਨਹੀਂ ਸੀ ਰਲਦਾ।

ਅਖ਼ੀਰ ਕਿਸੇ ਤਰ੍ਹਾਂ ਇਹ ਮੁਹਿੰਮ ਵੀ ਪੂਰੀ ਹੋਈ, ਤੇ ਮੈਂ ਵੇਹੜੇ ਵਿਚ ਵਿਛੇ ਹੋਏ ਬਿਸਤਰੇ 'ਤੇ ਜਾ ਢੱਠਾ। ਘੜੀ ਮੁੜੀ ਆਪਣੇ ਆਪ ਨੂੰ ਫਿਟਕਾਰਦਾ ਸਾਂ ਕਿ ਮੈਂ ਜੇ ਮਰਨਾ ਹੀ ਸੀ ਤਾਂ ਘਰ ਜਾ ਕੇ ਕਿਉਂ ਨਾ ਮਰਨ ਦਾ ਇੰਤਜ਼ਾਮ ਕੀਤਾ।

ਜਾਨ ਅਕਲਕਾਂਦ ਆ ਗਈ। ਸੱਜਿਓਂ ਖੱਬੇ ਤੇ ਖੱਬਿਓਂ ਸੱਜੇ ਉਸਲਵੱਟੇ ਲੈਂਦਾ ਸਾਂ, ਪਰ ਕਿਸੇ ਪਾਸੇ ਵੀ ਚੈਨ ਨਹੀਂ ਸੀ ਆਉਂਦਾ। ਅਫਰੇਵਾਂ ਵਧਦਾ ਜਾ ਰਿਹਾ ਸੀ ਤੇ ਉੱਤੋਂ ਆਖਰਾਂ ਦਾ ਵੱਟ। ਮੁੜ੍ਹਕਾ ਵਗ ਵਗ ਕੇ ਵਿਛਾਈ ਭਿਉਂ ਰਿਹਾ ਸੀ। ਪੱਖੀ ਮੇਰੇ ਕੋਲ ਪਈ ਸੀ, ਪਰ ਫੜ ਕੇ ਝੱਲਣ ਦੀ ਹਿੰਮਤ ਨਹੀਂ ਸੀ।

ਅੱਧਾ ਪੌਣਾ ਘੰਟਾ ਮੱਛੀ ਵਾਂਗ ਤੜਫਦਿਆਂ ਲੰਘਿਆ, ਪਰ ਹੋਰ ਬਰਦਾਸ਼ਤ ਨਾ ਰਹੀ। ਉਠ ਕੇ ਬੈਠ ਗਿਆ, ਤੇ ਸੋਚਣ ਲੱਗਾ, ਜੇ ਕੋਈ ਮੁੰਡਾ-ਕੁੜੀ ਜਾਗਦਾ ਹੋਵੇ ਤਾਂ ਉਸ ਨੂੰ ਆਖ ਕੇ ਥੋੜ੍ਹੀ ਜਿਹੀ ਜਵੈਣ ਹੀ ਮੰਗ ਵੇਖਾਂ। ਤਾਂਹੀ ਖ਼ਬਰ ਕਿ ਫੇਰ ਲੰਮਾ ਘੁੰਡ ਕੱਢੀ ਭਰਜਾਈ ਆ ਮੌਜੂਦ ਹੋਈ। ਮੇਰੀ ਮੌਤ ਵਿਚ ਜਿਹੜੀ ਰਤੀ ਮਾਸਾ ਕਸਰ ਬਾਕੀ ਸੀ, ਸ਼ਾਇਦ ਇਹ ਉਸ ਨੂੰ ਪੂਰਾ ਕਰਨ ਆਈ ਸੀ। ਉਸ ਦੇ ਹੱਥ ਵਿਚ ਕੰਢਿਆਂ ਤੀਕ ਭਰਿਆ ਹੋਇਆ ਦੁੱਧ ਦਾ ਛੰਨਾ ਸੀ।

ਭਰਜਾਈ ਦੀ ਥਾਂ ਜੇ ਕਦੇ ਇਸ ਵੇਲੇ ਮੇਰੀ ਵਹੁਟੀ ਹੁੰਦੀ ਤਾਂ ਇਹੋ ਸੜਦੇ-ਸੜਦੇ ਦੁੱਧ ਦਾ ਛੰਨਾ

ਖੋਹ ਕੇ ਮੂੰਹ ਤੇ ਚੁੱਕ ਮਾਰਦਾ, ਪਰ ਕਰਦਾ ਕੀ, ਇਹ ਸੀ ਭਰਜਾਈ, ਤੇ ਫਿਰ ਭੂਆ ਦੀ ਨੂੰਹ, ਜਿਸ ਨਾਲ ਨਾ ਬੋਲ ਨਾ ਚਾਲ।

ਇਕ ਵੇਰੀ ਇਨਕਾਰ, ਦੂਜੀ ਵੇਰੀ, ਤੀਜੀ ਵੇਰੀ ਪਰ ਭਰਜਾਈ ਨੇ ਬੋਲਣਾ ਥੋੜ੍ਹਾ ਸੀ, ਹੱਥ ਵਿਚ ਕਟੋਰਾ ਲਈ ਜਿਉਂ ਦੀ ਤਿਉਂ ਖੜ੍ਹੀ ਰਹੀ, ਬੜੀ ਮੁਸੀਬਤ ਬਣੀ।

ਜਦ ਕੋਈ ਪੇਸ਼ ਨਾ ਗਈ, ਤਾਂ ਮੈਨੂੰ ਇਕ ਵਿਉਂਤ ਸੁੱਝੀ। ਮੈਂ ਕਟੋਰਾ ਲੈ ਕੇ, ਪੈਂਦ ਵਲੋਂ ਖੇਸ ਚੁੱਕ ਕੇ ਓਥੇ ਟਿਕਾਉਂਦਿਆਂ ਹੋਇਆ ਕਿਹਾ – "ਮੈਨੂੰ ਠੰਢਾ ਪੀਣ ਦੀ ਆਦਤ ਹੈ।"

ਉਹ ਸ਼ਾਇਦ ਆਪਣੇ ਜੇਠ ਨੂੰ ਏਨੀ ਖੇਚਲ ਨਹੀਂ ਸੀ ਦੇਣੀ ਚਾਹੁੰਦੀ, ਜਾਂ ਖ਼ਬਰੇ ਇਹ ਖ਼ਿਆਲ ਕਰ ਕੇ ਕਿ ਜੇਠ ਜੀ ਦੁੱਧ ਪੀਣ ਲਈ ਬਹੁਤ ਉਤਾਵਲੇ ਹੋਣਗੇ, ਭੱਜ ਕੇ ਗੜਵੀ ਚੁੱਕ ਲਿਆਈ, ਤੇ ਫੈਂਟ–ਫੈਂਟ ਕੇ ਠੰਢਾ ਕਰਨ ਲੱਗੀ।

ਛੰਨਾ ਫੇਰ ਮੇਰੇ ਹੱਥ ਵਿਚ। ਖ਼ਿਆਲ ਸੀ ਸ਼ਾਇਦ ਫੜਾ ਕੇ ਤੁਰਦੀ ਬਣੇਗੀ, ਪਰ ਸੱਸ ਨੇ ਸ਼ਾਇਦ ਉਹਨੂੰ ਚਿਤਾਵਨੀ ਕਰ ਕੇ ਭੇਜਿਆ ਸੀ ਕਿ ਖ਼ਾਲੀ ਛੰਨਾ ਲੈ ਕੇ ਮੁੜੇ।

ਇਸ ਵੇਲੇ ਜੇ ਕਦੇ ਉਸ ਛੰਨੇ ਦੀ ਥਾਂ ਮੈਨੂੰ ਕੋਈ ਸੰਖੀਏ ਦੀ ਗੋਲੀ ਦੇ ਦੇਂਦਾ, ਤਾਂ ਨਿਸ਼ਚੇ ਹੀ ਮੈਂ ਓਸੇ ਨੂੰ ਇਸ ਉੱਤੇ ਤਰਜੀਹ ਦੇਂਦਾ।

ਇਕ ਘੁੱਟ, ਦੋ ਘੁੱਟ, ਚਾਰ ਘੁੱਟ ਪਰ ਕੀ ਏਸ ਤਰ੍ਹਾਂ ਇਹ ਛੱਪੜ ਜਿੱਡਾ ਛੰਨਾ ਮੁੱਕਣ ਵਾਲਾ ਸੀ ?

'ਖ਼ਸਮ ਨੂੰ ਖਾ ਗਿਆ ਇਹੋ ਜਿਹਾ ਸੰਕੋਚ, ਮੇਰੀ ਨਹੀਂ ਸਲਾਹ ਹਾਲੇ ਮਰਨ ਦੀ। ਦਿਲ ਵਿਚ ਇਹ ਸੋਚ ਕੇ ਮੈਂ 'ਬਸ' ਕਹਿੰਦਿਆਂ ਹੋਇਆਂ ਛੰਨਾ ਉਸ ਵੱਲ ਵਧਾਇਆ, ਪਰ ਉਹ ਫੜਨ ਦੀ ਬਜਾਇ ਇਕ–ਦੋ ਕਦਮ ਪਿਛਾਂਹ ਹਟ ਗਈ, ਮਾਨੋਂ ਇਸ ਦੀ ਛੁਹ ਨਾਲ ਭਿਟ ਜਾਏਗੀ। ਢੀਠ ਪੁਣੇ ਦੇ ਤਾਣ ਮੈਂ ਹੱਥ ਪਿਛਾਂਹ ਖਿੱਚਿਆ। ਗੁੱਸੇ ਤੇ ਤਕਲੀਫ਼ ਨਾਲ ਮੈਂ ਪਾਗ਼ਲ ਹੋ ਰਿਹਾ ਸਾਂ। 'ਹੱਛਾ ਜ਼ਰਾ ਠਹਿਰ ਕੇ ਪੀਆਂਗਾ' ਕਹਿ ਕੇ ਮੈਂ ਛੰਨੇ ਨੂੰ ਜਾਣ ਬੁੱਝ ਕੇ ਮੰਜੇ ਦੀ ਪੈਂਦ ਵਲ ਦੀ ਹੀਂਹ ਤੇ ਰੱਖ ਦਿੱਤਾ। ਹੀਂਹ ਇਤਨੀ ਚੌੜੀ ਨਹੀਂ ਸੀ ਕਿ ਇਸ ਪਰਾਂਤ ਜਿੱਡੇ ਛੰਨੇ ਨੂੰ ਝੱਲ ਸਕਦੀ। 'ਠੰਨ' ਕਰਦਾ ਛੰਨਾ ਭੁੰਜੇ ਜਾ ਪਿਆ–ਦੁੱਧ ਡੁੱਲ ਗਿਆ।

"ਉਹੋ" ਕਹਿ ਕੇ ਮੈਂ ਛੰਨਾ ਭੁੰਜਿਓਂ ਚੁੱਕਿਆ ਤੇ ਭਰਜਾਈ ਨੇ ਝਟ ਮੇਰੇ ਹੱਥੋਂ ਫੜ ਲਿਆ।

"ਕੀ ਹੋਇਆ ਕੁੜੇ ?" ਕਹਿੰਦੀ ਹੋਈ ਭੂਆ ਆਪਣੀ ਡੰਗੋਰੀ ਖੜਕਾਉਂਦੀ ਮੇਰੇ ਪਾਸ ਆ ਪੁੱਜੀ।

"ਕੁਝ ਨਹੀਂ, ਦੁੱਧ ਡੁੱਲ੍ਹ ਗਿਆ ਏ" ਨੂੰਹ ਨੇ ਸ਼ਰਮਿੰਦਗੀ ਭਰੀ ਨੀਵੀਂ ਆਵਾਜ਼ ਵਿੱਚ ਕਿਹਾ।

"ਤੇ ਫੇਰ ਕੀ ਹੋਇਆ, ਦੁੱਧ ਦਾ ਕਾਲ ਏ ? ਜਾਹ ਹੋਰ ਲੈ ਆ ਜਾ ਕੇ", ਕਹਿੰਦੀ ਹੋਈ ਭੂਆ ਮੇਰੇ ਕੋਲ ਆ ਬੈਠੀ– "ਮੈਂ ਆਖਿਆ ਦੋ ਘੜੀਆਂ ਬਹਿ ਕੇ ਦੁੱਖ–ਸੁੱਖ ਦੀਆਂ ਗੱਲਾਂ ਕਰਾਂਗੀ ਫਿਰ ਸੋਚਿਆ ਥੱਕਿਆ ਹੋਵੇਗਾ ਕਾਹਨੂੰ ਔਖਿਆਂ ਕਰਾਂ ਸੂ, ਰਮਾਣ ਕਰ ਲਵੇ ਦੋ ਘੜੀਆਂ।"

ਮੈਂ ਦਿਲ ਵਿੱਚ ਆਖਿਆ– 'ਭੂਆ, ਹੁਣ ਤੂੰ ਜਰੂਰ ਹਰਦੁਆਰ ਦਾ ਇਸ਼ਨਾਨ ਕਰੇਂਗੀ।' ਇਸੇ ਵੇਲੇ ਨੂੰਹ ਨੇ ਆ ਕੇ ਸੱਸ ਦੇ ਕੰਨ ਵਿੱਚ ਕੁਝ ਕਿਹਾ, ਤੇ ਭੂਆ ਨੇ ਗੁੱਸੇ ਨਾਲ ਉੱਤਰ ਦਿੱਤਾ–'ਕੀ ਆਖਿਆ ਈ ਜਾਗ ਲਾ ਛੱਡੀ ਏ ? ਸਾਰੇ ਨੂੰ ਈ ? ਹਾਏ ਹਾਏ ਰੱਬਾ ਮੈਂ ਕੇਹੀ ਸੜ ਗਈ ਆ ਏਸ ਹੱਥੋਂ। ਸਾਰੇ ਦੁੱਧ ਨੂੰ ਕਾਹਨੂੰ ਜਾਗ ਫੂਕਣੀ ਸੀ। ਮੁੰਡਾ ਵਿਚਾਰਾ ਹੁਣ ਝਾਟਾ ਮੇਰਾ ਪੀਵੇਗਾ ? ਸਵੇਰ ਦਾ ਭੁੱਖਣ–ਭਾਣਾ, ਸੰਧਿਆ ਵੇਲੇ ਦੋ ਦੋ ਫੁਲਕੇ ਖਾਧੇ ਸੂ, ਉੱਤੋਂ ਸੋਤਾ ਪਿਆ ਏ। ਇਹਨੇ ਵਿਚਾਰੇ ਨੇ ਕੋਈ ਰੋਜ਼–ਰੋਜ਼ ਆਉਣਾ ਸੀ ਸਾਡੇ ਘਰ ? ਜਾਹ ਜਾ ਕੇ ਰਾਮੇ ਕਿਆਂ ਦੇ ਘਰੋਂ ਦੁੱਧ ਦਾ ਛੰਨਾ ਲੈ ਆ।"

'ਨਾ ਭੂਆ ਜੀ, ਤੁਹਾਨੂੰ ਮੇਰੇ ਸਿਰ ਦੀ ਸਹੁੰ, ਜੇ ਦੁੱਧ ਨੂੰ ਭੇਜੋਂ।' ਮੈਂ ਤਰਲੇ ਨਾਲ ਕਿਹਾ।

"ਲੈ ਹੋਰ ਸੁਣ" ਭੂਆ ਪਿਆਰ ਭਰੀ ਘੁਰਕੀ ਨਾਲ ਬੋਲੀ– "ਇਹ ਵੀ ਕੋਈ ਰਾਹ ਪਿਆ ਏ। ਸਵੇਰ ਦਾ ਭੁੱਖਣ–ਭਾਣਾ। ਮਾਂ ਸਦਕੇ, ਸ਼ਰਮ ਕਿਹੜੀ ਗੱਲ ਦੀ ਕਰਨੀ ਹੋਈ, ਇਹ ਕੋਈ ਬਗਾਨਾ ਘਰ ਏ ? ਜੀਓ ਜਾਗੋ ਮੈਂ ਤੇ ਸਹਿਕ–ਸਹਿਕ ਕੇ ਲਿਆ ਸੀ ਤੈਨੂੰ। ਤਿੰਨਾਂ ਘਰਾਂ ਵਿਚੋਂ ਤੂੰਹੀਓਂ ਤੇ ਵੱਡਿਆਂ ਦੀ ਨਿਸ਼ਾਨੀ ਏਂ। ਪੁੱਤਰ, ਕਿਹੜੇ ਕਿਹੜੇ ਜੱਫਰ ਨੇ ਜਿਹੜੇ ਤੈਨੂੰ ਲੈਣ ਲਈ ਅਸਾਂ ਨਹੀਂ ਜਾਲੇ ਹੋਣੇ। ਤਿੰਨ

ਭਰਾ ਸਨ। ਸੁੱਖ ਨਾਲ ਤੇਰੇ ਭਾਈਏ ਹੋਣੀ। ਪਹਿਲਾਂ ਮੰਨਤਾਂ ਮੰਨ-ਮੰਨ ਕੇ ਵੱਡਾ ਵਿਆਹਿਆ, ਵਿਚਾਰਾ ਖਾਰਿਓਂ ਵੀ ਨਹੀਂ ਸੀ ਲੱਥਾ, ਰੰਡਾ ਹੋ ਬੈਠਾ। ਮੁੜ ਮਰਦਾ ਮਰ ਗਿਆ, ਬੂਹਾ ਨਾ ਖੁਲ੍ਹਿਆ। ਓਦੂੰ ਨਿੱਕਾ ਸੀ ਦੌਲਤ ਸੁੰਹ ਤੇਰਾ ਤਾਇਆ। ਸੁਰਗਾਂ 'ਚ ਵਾਸਾ ਹੋਵੇ ਸੂ, ਧਰਤੀ ਤੇ ਲੱਤ ਦਿਤਿਆ ਪਾਣੀ ਆਉਂਦਾ ਸੀ, ਕੜੀ ਵਰਗਾ ਜੁਆਨ ਤੇ ਡਾਢਾ ਈ ਸਨੱਖਾ। ਭੈੜੀ ਮੌਤ ਨੇ ਟਹਿਕਦਾ ਫੁੱਲ ਤੋੜ ਲਿਆ।" ਤੇ ਭੂਆ ਦੇ ਅੱਥਰੂ ਵਗ-ਵਗ ਕੇ ਉਸ ਦੀਆਂ ਗੱਲ੍ਹਾਂ ਦੇ ਟੋਇਆਂ ਵਿਚ ਭਰਨ ਲੱਗੇ।

ਭਰਜਾਈ ਚਲੀ ਜਾ ਚੁੱਕੀ ਸੀ, ਤੇ ਭੂਆ ਦੀ ਜੀਵਨ ਕਥਾ ਬਰਾਬਰ ਸ਼ੁਰੂ ਸੀ। ਭਾਵੇਂ ਉਸ ਦੀ ਇਹ ਕਥਾ ਬੜੀ ਦਿਲਚਸਪ ਤੇ ਕਰੁਣਾ-ਭਰਪੂਰ ਸੀ, ਪਰ ਮੇਰਾ ਬਹੁਤਾ ਖ਼ਿਆਲ ਆਪਣੀ ਮੌਤ ਦੇ ਸੁਨੇਹੇ-ਉਸ ਛੰਨੇ ਵੱਲ ਸੀ।

ਭੂਆ ਬੋਲਦੀ ਗਈ ..... "ਵਿਆਹੇ ਨੂੰ ਵਰ੍ਹਾ ਵੀ ਨਹੀਂ ਸੀ ਬੀਤਿਆ - ਬੂਹੇ ਨਾਲ ਬੰਨ੍ਹੇ ਹੋਏ ਸ਼ਰੀਂਹ ਵੀ ਨਹੀਂ ਸੀ ਸੁੱਕੇ, ਜੁ ਮੌਤ ਭੈੜੀ ਨੇ ਨਿਗਲ ਲਿਆ। ਚੱਪੇ ਜਿੰਨੀ ਵਹੁਟੀ ਬੂਹੇ ਤੇ ਬਹਿ ਗਈ। ਸਭਨਾਂ ਤੋਂ ਛੋਟਾ ਸੀ ਤੇਰਾ ਪਿਉ। ਜਿਉਂ ਵਿਆਹਿਆ, ਅੱਠ ਵਰ੍ਹੇ ਬੀਤ ਗਏ, ਵੇਲ ਚੂੰਆਂ ਨਾ ਪਿਆ। ਵੇ ਪੁੱਤ, ਕੋਈ ਥਾਂ ਨਾ ਛੱਡਿਆ, ਕੋਈ ਪੀਰ-ਖਪੀਰ ਨਾ ਛੱਡਿਆ। ਹਨੂਮਾਨ ਦੇ ਜਾਗੇ ਕੀਤੇ, ਭੈਰੋਂ ਦੀਆਂ ਕੰਜਕਾਂ ਜਿਵਾਈਆਂ, ਪੀਰਾਂ ਦੀ ਸ਼ਿਰਨੀ ਚੜ੍ਹਾਈ, ਬਾਵੇ ਕੰਬਲੀ ਵਾਲੇ ਦਾ ਰੋਟ ਦਿੱਤਾ। ਇਕ ਕੀਤੀ ਸੀ ਅਸਾਂ ? ਪੁੱਤ ! ਬਾਰ੍ਹਾਂ-ਬਾਰ੍ਹਾਂ ਕੋਹਾਂ ਵਿਚ ਜਿੱਥੇ ਕਿਸੇ ਦੱਸ ਪਾਈ, ਭੱਜੇ ਗਏ, ਪਰ ਝੋਲੀ ਖ਼ੈਰ ਕਿਤੋਂ ਨਾ ਪਿਆ। ਛੇਕੜ ਦੀ ਬਾਕੀ ਪੀਰ ਦੀਨੇ ਸ਼ਾਹ ਦੀ ਖ਼ਾਨਗਾਹ 'ਤੇ ਸੁੱਖਣਾ ਸੁੱਖੀ, ਤਾਂ ਕਿਤੋਂ ਸਾਡੀ ਭੁੜੀ ਕਬੂਲ ਪਈ ਤੇ ਮਸੇ-ਮਸੇ ਤੇਰਾ ਮੂੰਹ ਵੇਖਿਆ। ਪੁੱਤ ! ਇਹ ਸੂਰਤਾਂ ਕੋਈ ਨਿਤ-ਨਿਤ ਪਈਆਂ ਲਭਦੀਆਂ ਨੇ ?" ਤੇ ਉਹ ਫੇਰ ਮੇਰਾ ਮੂੰਹ ਚੁੰਮਣ ਲੱਗ ਪਈ।

ਮੇਰੇ ਕੰਨ ਭੂਆ ਦੀਆਂ ਗੱਲਾਂ ਵੱਲ ਸਨ, ਪਰ ਧਿਆਨ ਬੂਹੇ ਵੱਲ ਸੀ।

ਭਰਜਾਈ ਆ ਗਈ, ਤੇ ਮੈਂ ਰੱਬ ਦਾ ਲੱਖ-ਲੱਖ ਸ਼ੁਕਰ ਕੀਤਾ। ਖ਼ਾਲੀ ਕਟੋਰਾ ਉਸ ਦੇ ਹੱਥ ਵਿਚ ਸੀ, ਤੇ ਸੱਸ ਨੂੰ ਬੜੀ ਨਿਰਾਸ਼ ਅਵਾਜ਼ ਵਿਚ ਕਹਿਣ ਲੱਗੀ - "ਉਹਨਾਂ ਦੀ ਤੇ ਅੱਜ ਕੱਟੀ ਚੁੰਘ ਗਈ ਏ।"

ਸੁਣਦਿਆਂ ਸਾਰ ਭੂਆ ਬੇਵਸੀ ਬੋਲ ਉਠੀ - "ਬਸ ! ਲੱਗ ਗਈ ਅੱਗ ਹੁਣ ਸਾਰੇ ਪਿੰਡ ਨੂੰ। ਔਂਤਰਾ ਓਹੀਓ ਦੁੱਧ, ਜਿਨੂੰ ਕੁੱਤੇ ਨਹੀਂ ਕਬੂਲਦੇ, ਅੱਜ ਕਾਲ ਪੈ ਗਿਆ ਏ। ਮੁੰਡਾ ਆਖੇਗਾ ਕਿਹੇ ਚੰਦਰੇ ਘਰ ਆ ਵੜਿਆ ਵਾਂ ਜੁ ਦੁੱਧ ਦੀ ਛਿੱਟ ਵੀ ਨਹੀਂ ਜੁੜਦੀ।"

ਤੇ ਉਹ ਸ਼ਰਮਿੰਦਗੀ ਤੇ ਰਹਿਮ ਭਰੇ ਭਾਵਾਂ ਨਾਲ ਮੇਰੀ ਪਿੱਠ ਦੇ ਉੱਤੇ ਹੱਥ ਫੇਰਦੀ ਹੋਈ ਬੋਲੀ - "ਤੇ ਕਾਕਾ ਭੁੱਖਾ ਈ ਸਵੇਂਗਾ ਹੁਣ ? ਹਾਏ ਮਾਂ ਸਦਕੇ ! ਕਿਹਾ ਰਮਾਣ ਪਿਆ ਲਗਦਾ ਏ ਮੈਨੂੰ।"

ਪਰ ਮੈਂ ਭੁੰਜੇ ਡੁਲ੍ਹੇ ਹੋਏ ਦੁੱਧ ਵੱਲ ਤੱਕਦਾ ਹੋਇਆ ਦਿਲ ਵਿਚ ਕਹਿ ਰਿਹਾ ਸਾਂ-

"ਭਲਾ ਹੋਇਆ ਮੇਰਾ ਚਰਖਾ ਟੁੱਟਾ, ਜ਼ਿੰਦ ਅਜ਼ਾਬੋਂ ਛੁੱਟੀ।"

********

## ਅਭਿਆਸ-ਪ੍ਰਸ਼ਨ

1. ਫੁਲਕੇ ਖਾਧਿਆਂ ਜੁਗ ਹੀ ਬੀਤ ਗਿਆ- ਇਹ ਵਾਕ ਮੈਂ ਪਾਤਰ ਕਿਸ ਸੰਦਰਭ ਵਿੱਚ ਵਰਤਦਾ ਹੈ ?
2. ਭੂਆ ਨੇ ਮੈਂ ਪਾਤਰ ਦਾ ਸਵਾਗਤ ਕਿਸ ਤਰ੍ਹਾਂ ਕੀਤਾ ?
3. "ਭਲਾ ਹੋਇਆ ਮੇਰਾ ਚਰਖਾ ਟੁੱਟਾ ਜ਼ਿੰਦ ਅਜ਼ਾਬੋਂ ਛੁੱਟੀ।"- ਇਹ ਸ਼ਬਦ ਮੈਂ ਪਾਤਰ ਕਿਉਂ ਵਰਤਦਾ ਹੈ ?
4. ਬਿਸਤਰੇ ਉੱਪਰ ਜਾ ਕੇ ਪੈਣ ਤੋਂ ਬਾਅਦ ਮੈਂ ਪਾਤਰ ਦੀ ਕੀ ਹਾਲਤ ਹੋਈ ? ਵਿਸਥਾਰ-ਪੂਰਵਕ ਬਿਆਨ ਕਰੋ।
5. ਮੈਂ ਪਾਤਰ ਭੂਆ ਦੇ ਪਿੰਡ ਕਿਸ ਤਰ੍ਹਾਂ ਪੁੱਜਾ ?
6. ਭੂਆ ਅੰਮ੍ਰਿਤਸਰ ਕਦੋਂ ਅਤੇ ਕਿਸ ਨਾਲ ਗਈ ਸੀ ?
7. ਮੈਂ ਪਾਤਰ ਨੂੰ ਭੂਆ ਆਪਣੇ ਪਰਵਾਰ ਬਾਰੇ ਕੀ ਜਾਣਕਾਰੀ ਦਿੰਦੀ ਹੈ ?
8. ਭੂਆ ਦੇ ਸੁਭਾਅ ਬਾਰੇ ਵਿਸਥਾਰ-ਮਈ ਟਿੱਪਣੀ ਕਰੋ ?

BSER

# ਸੰਤ ਸਿੰਘ ਸੇਖੋਂ

ਸੰਤ ਸਿੰਘ ਸੇਖੋਂ ਪੰਜਾਬੀ ਸਾਹਿਤ ਖੇਤਰ ਵਿੱਚ ਬਹੁ-ਵਿਧਾਈ ਲੇਖਕ ਹੈ। ਨਾਵਲਕਾਰ, ਨਾਟਕਕਾਰ, ਕਹਾਣੀਕਾਰ, ਆਲੋਚਕ ਵਜੋਂ ਸੰਤ ਸਿੰਘ ਸੇਖੋਂ ਦਾ ਖਾਸ ਨਾਂ ਹੈ। ਸੰਤ ਸਿੰਘ ਸੇਖੋਂ ਨਾਲ ਪੰਜਾਬੀ ਕਹਾਣੀ ਦੂਜੇ ਦੌਰ ਵਿੱਚ ਪ੍ਰਵੇਸ਼ ਕਰਦੀ ਹੈ। ਉਹ ਆਪਣੀਆਂ ਰਚਨਾਵਾਂ ਰਾਹੀ ਸਮਾਜਵਾਦੀ ਵਿਚਾਰਧਾਰਾ ਨੂੰ ਵਧੇਰੇ ਤਵੱਜ਼ੋ ਦਿੰਦਾ ਹੈ। ਇਸ ਲਈ ਬੌਧਿਕਤਾ, ਵਿਅੰਗ, ਯਥਾਰਥਕਤਾ ਆਦਿ ਉਸ ਦੀਆਂ ਕਹਾਣੀਆਂ ਦੇ ਵਿਸ਼ੇਸ਼ ਗੁਣ ਹਨ।

ਸੰਤ ਸਿੰਘ ਸੇਖੋਂ ਦਾ ਜਨਮ 1908 ਵਿੱਚ ਸਰਦਾਰ ਹੁਕਮ ਸਿੰਘ ਦੇ ਘਰ ਚੱਕ ਨੰ. 20, ਝੰਗ ਬਰਾਂਚ(ਪਾਕਿਸਤਾਨ) ਵਿਖੇ ਹੋਇਆ। ਮੁੱਢਲੀ ਵਿੱਦਿਆ ਸੰਤ ਸਿੰਘ ਸੇਖੋਂ ਨੇ ਆਪਣੇ ਪਿੰਡ ਤੋਂ ਹੀ ਹਾਸਿਲ ਕੀਤੀ। ਖਾਲਸਾ ਹਾਈ ਸਕੂਲ ਚੱਕ ਨੰ. 41, ਝੰਗ ਬਰਾਂਚ ਤੋਂ ਉਸ ਨੇ ਮੈਟ੍ਰਿਕ ਪਾਸ ਕੀਤੀ। ਗੌਰਮਿੰਟ ਕਾਲਜ, ਲਾਇਲਪੁਰ ਤੋਂ ਐਫ.ਐਸ. ਸੀ. ਅਤੇ ਲਾਹੌਰ ਤੋਂ ਬੀ.ਏ., ਐਮ. ਏ. ਦੀ ਪੜ੍ਹਾਈ ਕੀਤੀ। ਉਸ ਨੇ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਬਤੌਰ ਅੰਗ੍ਰੇਜ਼ੀ ਪ੍ਰਾਧਿਆਪਕ ਵਜੋਂ ਸੇਵਾ ਨਿਭਾਈ। ਗੁਰੂਸਰ ਸੁਧਾਰ ਅਤੇ ਫ਼ਤਹਿਗੜ੍ਹ ਸਾਹਿਬ ਵਿਖੇ ਵੀ ਅਧਿਆਪਨ ਕਾਰਜ ਕੀਤਾ। ਖਾਲਸਾ ਕਾਲਜ ਪਟਿਆਲਾ ਅਤੇ ਗੁਰੂ ਗੋਬਿੰਦ ਸਿੰਘ ਕਾਲਜ ਜੰਡਿਆਲਾ ਵਿਖੇ ਪ੍ਰਿੰਸੀਪਲ ਦੀ ਭੂਮਿਕਾ ਨਿਭਾਈ। ਉਸ ਨੂੰ ਅਨੇਕਾਂ ਮਾਨ-ਸਨਮਾਨ ਮਿਲੇ। 'ਮਿੱਤਰ ਪਿਆਰਾ' ਨਾਟਕ ਨੂੰ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲਿਆ। 1997 ਈ. ਵਿੱਚ ਇਸ ਲੇਖਕ ਦਾ ਦੇਹਾਂਤ ਹੋ ਗਿਆ।

'ਸਮਾਚਾਰ', 'ਕਾਮੇ ਤੇ ਯੋਧੇ', 'ਅੱਧੀ ਵਾਟ', 'ਤੀਜਾ ਪਹਿਰ' ਆਦਿ ਕਹਾਣੀ ਸੰਗ੍ਰਹਿ ਉਸ ਨੇ ਪੰਜਾਬੀ ਪਾਠਕਾਂ ਦੀ ਝੋਲੀ ਪਾਏ। ਉਸ ਦੀਆਂ ਕਹਾਣੀਆਂ ਦੀ ਆਮਦ ਨਾਲ ਪੰਜਾਬੀ ਕਹਾਣੀ 'ਚ ਤਕਨੀਕ ਪੱਖੋਂ ਨਵੀਂ ਤਬਦੀਲੀ ਨਜ਼ਰ ਆਉਂਦੀ ਹੈ। ਵਿਸ਼ੇ ਪੱਖ ਤੋਂ ਨਵੀਆਂ ਪਿਰਤਾਂ ਨਾਲ ਲਬਰੇਜ਼ ਉਸ ਦੀਆਂ ਕਹਾਣੀਆਂ ਨਵੇਂ ਮਿਆਰ ਸਿਰਜਦੀਆਂ ਹਨ। ਕਹਾਣੀ ਦਾ ਝੱਟਪਟ ਆਰੰਭ, ਰਮਜ਼ਮਈ ਅੰਤ, ਬੌਧਿਕਤਾ, ਵਿਅੰਗ ਆਦਿ ਉਘੜਵੇਂ ਕਲਾਤਮਕ ਲੱਛਣ ਹਨ। ਪ੍ਰਗਤੀਵਾਦੀ ਵਿਚਾਰਕ ਹੋਣ ਕਰਕੇ ਉਸ ਦੀਆਂ ਕਹਾਣੀਆਂ ਵਿੱਚੋਂ ਇਸ ਵਿਚਾਰਧਾਰਾ ਨੂੰ ਮਨਫ਼ੀ ਨਹੀਂ ਕੀਤਾ ਜਾ ਸਕਦਾ। ਤਕਨੀਕ ਤੇ ਦ੍ਰਿਸ਼ਟੀ ਪੱਖ ਤੋਂ ਵੀ ਸੇਖੋਂ ਕਹਾਣੀ ਦਾ ਨਵਾਂ ਮੁਹਾਂਦਰਾ ਪੇਸ਼ ਕਰਦਾ ਹੈ। ਉਸ ਦੀ ਕਹਾਣੀ 'ਸ਼ਹੀਦ ਦੀ ਮਾਂ' ਹਥਲੇ ਸੰਗ੍ਰਹਿ ਵਿੱਚ ਪੇਸ਼ ਕੀਤੀ ਜਾ ਰਹੀ ਹੈ।

BSEB

# 2. ਸ਼ਹੀਦ ਦੀ ਮਾਂ

ਗੁਰਜੀਤ ਦੇ ਲਾਹੌਰ ਦੇ ਮੋਰਚੇ ਉੱਤੇ ਸ਼ਹੀਦ ਹੋ ਜਾਣ ਦੀ ਖ਼ਬਰ ਪਿੰਡ ਵਿਚ ਕਲ੍ਹ ਪਹੁੰਚੀ ਸੀ। ਅੱਜ ਸਵੇਰੇ ਦੇ ਦਸ ਵਜੇ ਤੋਂ ਹੀ ਪਿੰਡ ਦੀਆਂ ਰੋਣ ਵਾਲੀਆਂ ਤੋਂ ਉਪਰੰਤ ਨਾਲ ਦੇ ਪਿੰਡ ਵਿਚੋਂ ਇਕ ਮੁਕਾਣ ਆ ਗਈ ਸੀ। ਗੁਰਜੀਤ ਦੀ ਮਾਂ ਜਸਵੰਤ ਕੌਰ ਦੀ ਭੈਣ ਸਤਵੰਤ ਕੌਰ ਇਹ ਮੁਕਾਣ ਲੈ ਕੇ ਆਈ ਸੀ। ਬੜੇ ਕੜਾਕੇ ਦਾ ਸਿਆਪਾ ਹੋ ਰਿਹਾ ਸੀ। ਗੁਰਜੀਤ ਦੇ ਤੇ ਉਸ ਦੇ ਤਾਏ ਦੇ ਘਰ ਵਿਚਕਾਰ ਇਕ ਛੋਟੀ ਜਿਹੀ ਕੰਧ ਹੀ ਸੀ ਤੇ ਇਕ ਘਰ ਤੁਰਦੇ ਫਿਰਦੇ ਜਾਂ ਮੰਜੇ ਕੁਰਸੀ ਉੱਤੇ ਬੈਠੇ ਬੰਦੇ ਨੂੰ ਦੂਜੇ ਘਰ ਦਾ ਸਭ ਕੁਝ ਸੁਣਦਾ ਦਿਸਦਾ ਸੀ। ਗੁਰਜੀਤ ਦੇ ਤਾਏ ਦਾ ਪੁੱਤਰ ਚਰਨਜੀਤ ਜੋ ਬਾਹਰ ਕਿਧਰੇ ਦਿੱਲੀ ਵਲ ਮੁਲਾਜ਼ਮ ਸੀ-ਆਇਆ ਹੋਇਆ ਸੀ। ਕੁਝ ਚਿਰ ਬਾਹਰ ਅੰਦਰ ਹੋ ਕੇ ਉਹ ਘਰ ਵਿਚ ਆ ਕੇ ਮੰਜੇ ਉੱਤੇ ਬੈਠ ਗਿਆ ਸੀ, ਜਦੋਂ ਇਹ ਸਿਆਪੇ ਦਾ ਮੈਦਾਨ ਗਰਮ ਆ ਹੋਇਆ।

ਸਿਆਪੇ ਦਾ ਰੋਣ ਸਾਧਾਰਣ ਹੀ ਹਿਰਦਾ ਕੰਬਾ ਦੇਣ ਵਾਲਾ ਹੁੰਦਾ ਹੈ। ਇਸ ਸਿਆਪੇ ਵਿਚ ਗੁਰਜੀਤ ਦੀ ਮਾਂ ਤੇ ਮਾਸੀ ਦੇ ਕੀਰਨੇ ਜਾਣੋ ਝੱਲੇ ਨਹੀਂ ਜਾਂਦੇ ਸਨ। ਚਰਨਜੀਤ ਦੀਆਂ ਅੱਖਾਂ ਹੰਝੂਆਂ ਨਾਲ ਭਰ ਤੁਰੀਆਂ ਸਨ ਤੇ ਉਸ ਨੇ ਭੁੱਬ ਮਾਰ ਕੇ ਰੋਣਾ ਮਸਾਂ ਰੋਕਿਆ ਹੋਇਆ ਸੀ।

ਇਕ ਦਮ ਚਰਨਜੀਤ ਨੂੰ ਖ਼ਿਆਲ ਆਇਆ, ਗੁਰਜੀਤ ਨੂੰ ਭਰਤੀ ਹੋਏ ਨੂੰ ਇਕ ਵਰ੍ਹੇ ਤੋਂ ਮਹੀਨਾ ਖੰਡ ਹੀ ਵਧੇਰੇ ਹੋਇਆ ਸੀ। ਚਰਨਜੀਤ ਆਪ ਉਸ ਨੂੰ ਭਰਤੀ ਕਰਵਾ ਕੇ ਆਇਆ ਸੀ। ਤੇ ਭਰਤੀ ਕਿਵੇਂ ਕਰਵਾਇਆ ਸੀ ? ਉਸ ਵੇਲੇ ਗੁਰਜੀਤ ਦੀ ਉਮਰ ਹਾਲ੍ਹੇ ਸਤਾਰਾਂ ਵਰ੍ਹੇ ਦੀ ਨਹੀਂ ਹੋਈ ਸੀ। ਪਰ ਕੱਦ ਦਾ ਖੁਲ੍ਹਾ ਡੁਲ੍ਹਾ ਹੋਣ ਕਰਕੇ ਜੇ ਉਸ ਨੂੰ ਵੀਹ ਵਰ੍ਹੇ ਦਾ ਆਖ ਦਿੱਤਾ ਜਾਂਦਾ ਤਾਂ ਵੀ ਮੰਨਿਆ ਜਾ ਸਕਦਾ ਸੀ ਤੇ ਭਰਤੀ ਵੀ ਉਹ ਆਪਣੇ ਆਪ ਨੂੰ ਉੱਨੀ ਸਾਲ ਦਾ ਆਖ ਕੇ ਹੋਇਆ ਸੀ। ਤੇ ਇਹ ਸਿੱਖਿਆ ਆਪਣੀ ਅਸਲ ਉਮਰ ਨਾਲੋਂ ਵਧੇਰੇ ਦੱਸਣ ਦੀ ਉਸ ਨੂੰ ਚਰਨਜੀਤ ਪਾਸੋਂ ਮਿਲੀ ਸੀ। ਇਸ ਤੋਂ ਤਿੰਨ ਮਹੀਨੇ ਪਹਿਲਾਂ ਵੀ ਉਹ ਸ਼ਹਿਰ ਵਿਚ ਭਰਤੀ ਵਾਲੇ ਅਫ਼ਸਰ ਨੇ ਉਸ ਨੂੰ ਨਾਬਾਲਗ ਸਮਝ ਕੇ ਭਰਤੀ ਨਹੀਂ ਕੀਤਾ ਸੀ।

ਇਸ ਦਾ ਗੁਰਜੀਤ ਨਾਲੋਂ ਵਧੇਰੇ ਉਸ ਦੀ ਮਾਂ ਨੂੰ ਅਫ਼ਸੋਸ ਹੋਇਆ ਸੀ। ਘਰ ਖੇਤੀ ਕਰਨ ਵਾਲੀ ਦਸ ਕੁ ਘੁਮਾਂ ਭੋਇ ਹੈ ਸੀ। ਪਰ ਕੰਮ ਕੁਝ ਖੁਚਲਿਆ ਹੋਣ ਕਰਕੇ ਖੇਤੀ ਸਫ਼ਲ ਨਹੀਂ ਹੋ ਰਹੀ ਸੀ। ਗੁਰਜੀਤ ਦੇ ਦੋ ਛੋਟੇ ਭਰਾ ਸਨ ਤੇ ਦੋ ਛੋਟੀਆਂ ਭੈਣਾਂ ਉਸ ਦਾ ਪਿਤਾ ਮਰ ਚੁੱਕਾ ਸੀ। ਗੁਰਜੀਤ ਆਪ ਦਸਵੀਂ ਫ਼ੇਲ ਹੋ ਕੇ ਪੜ੍ਹਨੋਂ ਹਟ ਗਿਆ ਸੀ। ਇਕ ਕਾਰਨ ਉਸ ਦੇ ਖੇਤੀ ਵਿਚ ਸਫ਼ਲ ਨਾ ਹੋਣ ਦਾ ਇਹ ਵੀ ਸੀ। ਛੋਟੇ ਭਰਾ ਹਾਲੀ ਖੇਤ ਦੇ ਕੰਮ ਜੋਗੇ ਨਹੀਂ ਹੋਏ ਸਨ ਤੇ ਜਸਵੰਤ ਕੌਰ ਉਨ੍ਹਾਂ ਨੂੰ ਸਕੂਲ ਵਿਚੋਂ ਹਟਾਣਾ ਨਹੀ ਚਾਹੁੰਦੀ ਸੀ। ਉਸ ਨੇ ਤਾਂ ਕੁੜੀਆਂ ਨੂੰ ਵੀ ਪ੍ਰਾਇਮਰੀ ਸਕੂਲ ਦੀ ਪੜ੍ਹਾਈ ਕਰਵਾ ਦਿੱਤੀ ਸੀ। ਇਸ ਸਫ਼ੈਦ-ਪੋਸ਼ ਬਣਨ ਦੀ ਤਾਂਘ ਰੱਖਣ ਵਾਲੇ ਟੱਬਰ ਦੇ ਗੁਜ਼ਾਰੇ ਜੋਗੀ ਉਪਜ ਗੁਰਜੀਤ ਖੇਤੀ ਵਿਚੋਂ ਨਹੀਂ ਕਰ ਸਕਦਾ ਸੀ। ਜੇ ਗੁਰਜੀਤ ਸੈਨਾ ਵਿਚ ਭਰਤੀ ਹੋ ਜਾਵੇ ਤਾਂ ਜਸਵੰਤ ਕੌਰ ਦਾ ਖਿਆਲ ਸੀ ਕਿ ਭੋਇੰ ਕਿਸੇ ਚੰਗੇ ਕਿਰਸਾਣ ਨੂੰ ਵਟਾਈ ਉੱਤੇ ਦਿੱਤੀ ਜਾ ਸਕਦੀ ਸੀ ਤੇ ਇਸ ਤਰ੍ਹਾਂ ਇਸ ਟੱਬਰ ਦੀ ਆਮਦਨ ਕੁਝ ਵਧ ਸਕਦੀ ਸੀ। ਜਸਵੰਤ ਕੌਰ ਸੁੱਕਾ ਸੋਹੜਾ ਖਾ ਖੁਆ ਕੇ ਛੋਟੇ ਮੁੰਡਿਆਂ ਨੂੰ ਪੜ੍ਹਾਣ ਦੇ ਸੰਕਲਪ ਵਿਚ ਦ੍ਰਿੜ੍ਹ ਸੀ। ਉਸ ਨੂੰ ਆਸ ਸੀ ਉਹ ਦੋਵੇਂ ਕੁਝ ਸਾਲਾਂ ਵਿਚ ਦਸ-ਦਸ ਜਮਾਤਾਂ ਪੜ੍ਹ ਕੇ ਕਿਸੇ ਚੰਗੇ ਸਫ਼ੈਦ-ਪੋਸ਼ ਕੰਮ ਜੋਗੇ ਹੋ ਜਾਣਗੇ ਜੇ ਲੋੜ ਪਵੇ ਤੇ ਵਾਹਿਗੁਰੂ ਤੌਫ਼ੀਕ ਦੇਵੇ ਤਾਂ ਜਸਵੰਤ ਕੌਰ ਦਾ ਆਸ਼ਾ ਉਨ੍ਹਾਂ ਨੂੰ ਕਾਲਜ ਦੀ ਉੱਚੀ ਪੜ੍ਹਾਈ ਕਰਾ ਦੇਣ ਤੱਕ ਦਾ ਸੀ। ਪਰ ਇਸ ਸਾਰੇ ਕਾਰਜ ਕਰਮ ਦਾ ਮੁੱਢ ਤਾਂ ਬਝਦਾ ਸੀ ਜੇ ਗੁਰਜੀਤ ਫ਼ੌਜ ਵਿਚ ਭਰਤੀ ਹੋ ਜਾਵੇ।

ਜਦੋਂ ਗੁਰਜੀਤ ਬਿਨਾਂ ਭਰਤੀ ਹੋਏ ਸ਼ਹਿਰੋਂ ਮੁੜ ਆਇਆ ਤਾਂ ਜਸਵੰਤ ਕੌਰ ਦੇ ਮਨ ਨੂੰ ਬਹੁਤ ਕਲੇਸ਼ ਹੋਇਆ ਸੀ। ਉਸ ਨੇ ਗੁਰਜੀਤ ਨੂੰ ਗਾਲ੍ਹਾਂ ਦਿੱਤੀਆਂ, ਭਰਤੀ ਵਾਲੇ ਅਫ਼ਸਰ ਨੂੰ ਗਾਲ੍ਹਾਂ ਦਿੱਤੀਆਂ, ਤੇ ਸਰਕਾਰ ਨੂੰ ਗਾਲ੍ਹਾਂ ਦਿੱਤੀਆਂ। ਉਹ ਇਹ ਸਮਝਦੀ ਸੀ ਕਿ ਉਸ ਦੀਆਂ ਇਹ ਗਾਲ੍ਹਾਂ ਤਿੰਨੇ ਪਾਸੇ

ਨਿਹੱਕੀਆਂ ਸਨ। ਗੁਰਜੀਤ ਨੇ ਆਪਣੀ ਠੀਕ ਉਮਰ ਦੱਸ ਦਿੱਤੀ ਸੀ। ਉਸ ਨੂੰ ਨਹੀਂ ਸੀ ਪਤਾ ਕਿ ਇਸ ਤਰ੍ਹਾਂ ਉਸ ਨੂੰ ਭਰਤੀ ਨਹੀਂ ਕੀਤਾ ਜਾ ਸਕੇਗਾ। ਭਰਤੀ ਵਾਲਾ ਅਫ਼ਸਰ ਵੀ ਸੱਚਾ ਸੀ। ਉਹ ਸਰਕਾਰ ਦੇ ਕਾਨੂੰਨ ਦੇ ਉਲਟ ਇਕ ਨਾਬਾਲਗ਼ ਮੁੰਡੇ ਨੂੰ ਕਿਵੇਂ ਭਰਤੀ ਕਰ ਸਕਦਾ ਸੀ ? ਤੇ ਸਰਕਾਰ ਦਾ ਵੀ ਕਸੂਰ ਨਹੀਂ ਸੀ। ਉਸ ਨੇ ਇਹ ਕਾਨੂੰਨ ਲੋਕ-ਹਿੱਤਾਂ ਦੇ ਮਾਣ ਮਾਪ ਅਨੁਸਾਰ ਹੀ ਤਾਂ ਬਣਾਇਆ ਸੀ। ਜਸਵੰਤ ਕੌਰ ਇਹ ਸਭ ਕੁਝ ਕਿਸੇ ਸਪੱਸ਼ਟ ਭਾਂਤ ਨਹੀਂ ਜਾਣਦੀ ਸੀ, ਪਰ ਉਸ ਨੂੰ ਪਤਾ ਸੀ ਕਿ ਇਸ ਵਿਚ ਕਸੂਰ ਕਿਸੇ ਦਾ ਵੀ ਨਹੀਂ ਸੀ। ਇਸ ਕਰਕੇ ਉਸ ਨੂੰ ਹੋਰ ਵੀ ਵਧੇਰੇ ਕਲੇਸ਼ ਹੋ ਰਿਹਾ ਸੀ।

ਚਰਨਜੀਤ ਉਨੀਂ ਦਿਨੀਂ ਵੀ ਪਿੰਡ ਆਇਆ ਹੋਇਆ ਸੀ। "ਚਾਚੀ ਕਿਉਂ ਇਤਨਾ ਕਲੇਸ਼ ਕਰਦੀ ਐਂ ?" ਉਸ ਨੇ ਜਸਵੰਤ ਕੌਰ ਨੂੰ ਆਖਿਆ ਸੀ। "ਗੁਰਜੀਤ ਤੋਂ ਤਕੜੀ ਹੋ ਕੇ ਖੇਤੀ ਕਰਵਾ। ਅੱਜ ਕਲ ਭਾ ਏਡੇ ਸੋਹਣੇ ਨੇ ਬਥੇਰਾ ਕੁਝ ਹੋ ਜਾਵੇਗਾ!"

ਜਸਵੰਤ ਕੌਰ ਨੇ ਸਾਰੀ ਵਿਥਿਆ ਸੁਣਾਈ ਸੀ ਤੇ ਚਰਨਜੀਤ ਮੰਨ ਗਿਆ ਸੀ ਕਿ ਉਸ ਦੀ ਗੱਲ ਸਿਆਣੀ ਸੀ।

"ਤਾਂ ਫਿਰ ਅਗਲੀ ਵਾਰੀ ਭਰਤੀ ਦਾ ਦਿਨ ਆਉਂਦੈ ਤਾਂ ਮੈਂ ਗੁਰਜੀਤ ਦੇ ਨਾਲ ਸ਼ਹਿਰ ਜਾਊਂ ਤੇ ਇਹਨੂੰ ਜ਼ਰੂਰ ਭਰਤੀ ਕਰਵਾ ਆਊਂ," ਚਰਨਜੀਤ ਨੇ ਚਾਚੀ ਨੂੰ ਦਿਲਾਸਾ ਦਿੱਤਾ ਸੀ।

ਗੁਰਜੀਤ ਦਾ ਉਸ ਨੇ ਸੁਝਾਉ ਮੰਨ ਲਿਆ ਸੀ ਤੇ ਉਸ ਨੂੰ ਭਰਤੀ ਕਰ ਲਿਆ ਗਿਆ ਸੀ। ਉਸੇ ਭਰਤੀ ਦਾ ਪਰਿਣਾਮ ਅੱਜ ਉਸ ਦੀ ਚੜ੍ਹਦੀ ਜਵਾਨੀ ਵਿਚ ਮੌਤ ਹੋ ਗਈ ਸੀ, ਜਿਸ ਨੇ ਉਸ ਦੀ ਮਾਂ ਦਾ ਲੱਕ ਤੋੜ ਦਿੱਤਾ ਸੀ ਤੇ ਉਸ ਦੇ ਸਭ ਸੁਪਨੇ ਧੂੰਆਂ ਬਣਾ ਕੇ ਰੱਖ ਦਿੱਤੇ ਸਨ।

ਇਕ ਦੋ ਵਾਰੀ ਪਲ ਦੇ ਪਲ ਲਈ, ਚਰਨਜੀਤ ਨੂੰ ਜਸਵੰਤ ਕੌਰ ਉੱਤੇ ਗੁੱਸਾ ਆਇਆ ਤੇ ਉਸ ਦਾ ਕਹਿਣ ਨੂੰ ਜੀ ਕੀਤਾ, "ਓਦੋਂ ਤੂੰ ਰੋਂਦੀ ਸੈਂ ਇਸ ਨੂੰ ਭਰਤੀ ਨਹੀਂ ਕਰਦੇ ਤੇ ਅੱਜ ਉਸ ਭਰਤੀ ਦੇ ਅੰਤ ਨੂੰ ਰੋਨੀ ਐਂ। ਤੇਰੇ ਨਾਲ ਏਵੇਂ ਹੋਣੀ ਚਾਹੀਦੀ ਸੀ।"

ਪਰ ਝਟ ਹੀ ਚਰਨਜੀਤ ਨੂੰ ਇਨ੍ਹਾਂ ਖ਼ਿਆਲਾਂ ਤੇ ਅਨਿਆਇ ਤੇ ਅਨਰਥ ਦੀ ਵਾਜ ਆ ਰਹੀ ਸੀ। ਜਸਵੰਤ ਕੌਰ ਨੂੰ ਇਸ ਤ੍ਰਾਸਦੀ ਵਿਚ ਆਪਣੀ ਜ਼ਿੰਮੇਵਾਰੀ ਭੁੱਲੀ ਨਹੀਂ ਹੋਈ ਸੀ।

"ਵੇ ਪੁੱਤ! ਗੁਰਜੀਤ ਨੂੰ ਮੌਤ ਦੇ ਮੂੰਹ ਵਿਚ ਤਾਂ ਮੈਂ ਤੱਤੀ ਨੇ ਆਪ ਧੱਕਿਆ। ਭਰਤੀ ਵਾਲੇ ਅਫ਼ਸਰ ਨੇ ਉਮਰੋਂ ਛੋਟਾ ਹੋਣ ਕਰਕੇ ਉਸ ਨੂੰ ਮੋੜ ਦਿੱਤਾ। ਮੈਂ ਪਾਪਣ ਨੇ ਉਸ ਤੋਂ ਝੂਠ ਬੁਲਾਇਆ, ਉਹਨੇ ਆਪਣੀ ਉਮਰ ਵੱਧ ਦੱਸੀ ਤੇ ਭਰਤੀ ਹੋ ਗਿਆ। ਮੈਂ ਤਾਂ ਸੋਚਦੀ ਆਂ ਮੈਨੂੰ ਵਾਹਿਗੁਰੂ ਨੇ ਉਸ ਝੂਠ ਦੀ ਸਜ਼ਾ ਦਿੱਤੀ ਐ।" ਤੇ ਜਸਵੰਤ ਕੌਰ ਦੀ ਧਾਹ ਨਿਕਲ ਗਈ। ਚਰਨਜੀਤ ਨੇ ਉਸ ਦੇ ਗਲ ਉਦਾਲੇ ਬਾਂਹ ਪਾ ਕੇ ਉਸ ਦਾ ਸਿਰ ਆਪਣੀ ਛਾਤੀ ਨਾਲ ਘੁਟ ਲਿਆ, ਜਿਵੇਂ ਉਹ ਉਸ ਦੀ ਛੋਟੀ ਭੈਣ ਹੋਵੇ।

"ਨਹੀਂ, ਚਾਚੀ, ਤੇਰਾ ਇਹਦੇ ਵਿਚ ਕੋਈ ਕਸੂਰ ਨਹੀਂ। ਤੂੰ ਐਵੇਂ ਨਾ ਆਪਣੇ ਸਿਰ ਕੋਈ ਪਾਪ ਲੈ। ਸੱਚੀ ਜਾਣੇ ਤਾਂ ਵਾਹਿਗੁਰੂ ਨੇ ਗੁਰਜੀਤ ਦੀ ਜਾਨ ਦੇਸ ਦੀ ਵੇਦੀ ਉੱਤੇ ਬਲੀ ਲੈਣੀ ਸੀ। ਗੁਰਜੀਤ ਮਰਿਆ ਨਹੀਂ। ਉਹ ਤਾਂ ਦੇਸ਼ ਲਈ ਸ਼ਹੀਦ ਹੋ ਕੇ ਅਮਰ ਹੋ ਗਿਆ। ਉਹ ਉਨ੍ਹਾਂ ਲੋਕਾਂ ਵਿਚ ਜਾ ਮਿਲਿਐ ਜਿਨ੍ਹਾਂ ਦਾ ਸਦਾ ਲਈ ਏਸ ਦੇਸ਼ ਦੇ ਸਿਰ ਕਰਜ਼ਾ ਹੋ ਗਿਐ। ਤੂੰ ਹੁਣ ਦੇਸ਼ ਦੇ ਲਹਿਣੇਦਾਰ ਦੀ ਮਾਂ ਹੈਂ। ਦਿਲ ਤਕੜਾ ਕਰ ਕੇ ਗੁਰਜੀਤ ਨੂੰ ਅਮਰ ਜਾਣ। ਗੁਰਜੀਤ ਦੀ ਕੁਰਬਾਨੀ ਦਾ ਫਲ ਸਾਰੇ ਦੇਸ਼ ਨੂੰ ਤਾਂ ਮਿਲਿਆ ਹੀ ਹੈ, ਆਪਾਂ ਨੂੰ ਵੀ ਮਿਲੂਗਾ। ਮੇਰੇ ਇਨ੍ਹਾਂ ਛੋਟੇ ਭੈਣ ਭਰਾਵਾਂ ਨੂੰ ਵੀ ਮਿਲੂਗਾ।"

"ਹਾਂ ਪੁੱਤ ਹੁਣ, ਗੁਜ਼ਾਰਾ ਏਵੇਂ ਸਮਝ ਕੇ ਹੋਊ। ਏਸ ਮਨ ਨੂੰ ਇਉਂ ਹੀ ਧਰਵਾਸ ਦੇਣਾ ਪਊ ਬਈ ਪੁੱਤ ਦੀ ਜਾਨ ਦੇਸ ਦੇ ਕੰਮ ਆ ਗਈ। ਪਰ ਪੁੱਤ ਹਾਲੇ ਘਾ ਬਹੁਤਾ ਸੱਜਰਾ ਏ। ਹਾਲੇ ਇਉਂ ਆਖ ਕੇ ਪੀੜ ਘਟਦੀ ਨਹੀਂ।"

"ਠੀਕ ਹੈ, ਚਾਚੀ ਤੈਨੂੰ ਕਿਹੜੀ ਗੱਲ ਸਮਝਾਉਣ ਵਾਲੀ ਐ। ਤੂੰ ਆਪ ਸਭ ਕੁਝ ਸਮਝਦੀ ਐਂ। ਏਸੇ ਕਰਕੇ ਤੂੰ ਹੁਣ ਆਪਣੇ ਮਨ ਨੂੰ ਅਜਾਈਂ ਕਲੇਸ਼ ਨਹੀਂ ਦੇਵੇਂਗੀ ਤੇ ਦੇਸ਼ ਦੇ ਸ਼ਹੀਦ ਦੀ ਮਾਂ ਦਾ ਜਿਗਰਾ

ਦਿਖਾਵੇਂਗੀ।"

"ਏਵੇਂ ਕਰੂੰਗੀ, ਪੁੱਤ, ਮੈਨੂੰ ਇਹ ਦਸ ਅੰਗਰੇਜ਼ ਤੇ ਜਰਮਨ ਤਾਂ ਲੜਦੇ ਹੁੰਦੇ ਸੀ ਉਹ ਵੱਡੇ ਰਾਜ ਸੀ, ਇਕ ਦੂਜੇ ਤੋਂ ਦੇਸ ਖੋਹਣੇ ਚਾਹੁੰਦੇ ਸੀ। ਪਰ ਸਾਡੇ ਦੋਹਾਂ ਦੇਸਾਂ ਨੇ ਇਕ ਦੂਜੇ ਤੋਂ ਕੀ ਖੋਹਣੈ ਜੀਹਦੀ ਖ਼ਾਤਰ ਇਹ ਲੜਦੇ ਐ ?"

"ਇਹੋ ਕਸ਼ਮੀਰ ਚਾਚੀ, ਇਹ ਸਾਰਾ ਕਸ਼ਮੀਰ ਦਾ ਹੀ ਝਗੜਾ ਤਾਂ ਹੈ। ਪਾਕਿਸਤਾਨ ਸਾਥੋਂ ਇਹਨੂੰ ਖੋਹਣਾ ਚਾਹੁੰਦੈ।"

"ਪਰ ਪੁੱਤ, ਪਾਕਿਸਤਾਨ ਵੀ ਇਹੋ ਕਹਿੰਦੇ, ਕਸ਼ਮੀਰ ਹਿੰਦੁਸਤਾਨ ਨੇ ਮੈਥੋਂ ਖੋਹ ਲਿਐ।"

"ਉਹ ਝੂਠ ਬੋਲਦੈ ਚਾਚੀ।"

"ਵੇ ਪੁੱਤ ਤੂੰ ਤਾਂ ਹਾਲੇ ਛੋਟਾ ਈ ਸੀ ਜਦੋਂ ਧੰਨੇ ਕਿਆਂ ਦਾ ਬਲਵੰਤ ਸਿਹੁੰ ਕਤਲ ਹੋਇਆ। ਹੋ ਗਏ ਹੋਣਗੇ ਪੰਦਰਾਂ ਕੁ ਸਾਲ। ਗੁਰਜੀਤ ਓਦੋਂ ਮੇਰੀ ਗੋਦੀ ਸੀ। ਪਤਾ ਉਹ ਕਤਲ ਕਾਹਤੋਂ ਹੋਇਆ ਸੀ ?"

"ਕਾਹਤੋਂ, ਚਾਚੀ ? ਕਹਿੰਦੇ ਐ ਕੋਈ ਜ਼ਮੀਨ ਦਾ ਝਗੜਾ ਸੀ।" ਚਰਨਜੀਤ ਨੇ ਆਪਣੀ ਜਾਣਕਾਰੀ ਦੱਸੀ।

"ਜ਼ਮੀਨ ਦਾ ਵੀ ਕਾਹਦਾ ਝਗੜਾ ਸੀ, ਪੁੱਤ ? ਐਵੇਂ ਚਹੁੰ ਪੰਜਾਂ ਸਿਆੜਾਂ ਦਾ ਝਗੜਾ ਸੀ। ਇਕ ਧਿਰ ਕਹਿੰਦੀ ਸੀ ਸਾਡੀ ਵੱਟ ਤੁਸੀਂ ਧੱਕ ਕੇ ਅੰਦਰ ਕਰ ਦਿੱਤੀ ਐ ਤੇ ਸਾਡੇ ਪੰਜ ਸਿਆੜ ਦੱਬ ਲਏ ਨੇ। ਤੇ ਦੂਜੀ ਧਿਰ ਇਹ ਮੰਨਦੀ ਨਹੀਂ ਸੀ।"

"ਬੱਸ; ਏਨੀ ਗੱਲ ਤੋਂ ਇਹ ਨੌਬਤ ਪਹੁੰਚੀ" ਚਰਨਜੀਤ ਨੇ ਸੱਚੀ ਹੈਰਾਨੀ ਨਾਲ ਪੁਛਿਆ।

"ਏਦੂ ਵੀ ਘੱਟ ਤੋਂ, ਪੁੱਤ ! ਲਹਿਣੇ ਕੇ ਕਹਿੰਦੇ ਸੀ ਤੁਸੀਂ ਸਾਡੀ ਇਹ ਵੱਟ ਏਥੇ ਈ ਰਹਿਣ ਦਿਓ। ਦੂਜੇ ਖੇਤ ਵਿਚ ਜੋ ਥੋਡੇ ਨਾਲ ਲਗਦੈ ਏਨੀ ਸਾਡੇ ਵਲ ਕਰ ਲਓ। ਪਰ ਧੰਨੇ ਕੇ ਨਾ ਮੰਨੇ। ਅੰਤ ਗੱਲ ਲੜਾਈ ਤੱਕ ਪਹੁੰਚੀ ਤੇ ਬਲਵੰਤ ਸਿਹੁੰ ਤੀਹ ਸਾਲ ਦਾ ਮਸਾਂ ਹੋਊ ਜਿਹੜਾ ਮਾਰਿਆ ਗਿਆ। ਪਿੱਛੇ ਲਸ ਲਸ ਕਰਦੀ ਬਹੂ ਨੂੰ ਰੰਡੀ ਕਰ ਗਿਆ ਤੇ ਦੋ ਨਿਆਣੇ ਵਿਲਕਦੇ ਛੱਡ ਗਿਆ। ਉਹ ਹੁਣ ਸੁਖ ਨਾਲ ਜਵਾਨ ਹੋਏ ਨੇ ਤੇ ਸਕੂਲਾਂ ਵਿਚ ਪੜ੍ਹਦੇ ਨੇ। ਇਕ ਤਾਂ ਖ਼ਬਰ ਨਹੀਂ ਕਾਲਜ ਵਿਚ ਈ ਐ। ਉਨ੍ਹਾਂ ਨੂੰ ਪਤਾ ਵੀ ਨਹੀਂ ਸਾਡੀ ਜ਼ਮੀਨ ਕਿਹੜੀ ਆ ਤੇ ਕਿਹੜੇ ਸਿਆੜਾਂ ਪਿੱਛੇ ਉਨ੍ਹਾਂ ਦਾ ਪਿਓ ਭਰ ਜਵਾਨੀ ਵਿਚ ਮਾਰਿਆ ਗਿਆ ਸੀ।"

"ਆਹੋ, ਚਾਚੀ, ਇਕ ਧਿਰ ਦੀ ਸਿਆਣਪ ਕਰ ਵੀ ਕੀ ਸਕਦੀ ਐ ? ਸਾਡੇ ਸਰਗਵਾਸੀ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਅਤੇ ਹੁਣ ਸ਼ਾਸਤ੍ਰੀ ਜੀ ਕਦੋਂ ਦੇ ਕੂਕਦੇ ਆਉਂਦੇ ਸੀ ਬਈ ਆਪਾਂ ਦੋਵੇਂ ਦੇਸ਼ ਆਪੋ ਵਿਚ ਲੜਾਈ ਨਾ ਕਰਨ ਦਾ ਸਮਝੌਤਾ ਕਰ ਲਈਏ, ਪਰ ਦੂਜੀ ਧਿਰ ਨਾ ਮੰਨੀ।"

"ਹੋਣੀ ਅਟੱਲ ਐ, ਪੁੱਤ", ਤੇ ਇਹ ਕਹਿ ਕੇ ਜਸਵੰਤ ਕੌਰ ਭੁੱਬ ਮਾਰ ਕੇ ਰੋ ਪਈ।

********

## ਅਭਿਆਸ-ਪ੍ਰਸ਼ਨ

1. ਗੁਰਜੀਤ ਦੇ ਘਰ ਦੀ ਆਰਥਿਕ ਹਾਲਤ ਕਿਹੋ ਜਿਹੀ ਸੀ ?

2. ਜਸਵੰਤ ਕੌਰ ਗੁਰਜੀਤ ਨੂੰ ਫੌਜ ਵਿੱਚ ਭਰਤੀ ਕਿਉਂ ਕਰਵਾਉਣਾ ਚਾਹੁੰਦੀ ਸੀ ?

3. ਜਸਵੰਤ ਕੌਰ ਇਸ ਤ੍ਰਾਸਦੀ ਦੀ ਜ਼ਿੰਮੇਵਾਰੀ ਆਪਣੇ ਉੱਪਰ ਲੈਂਦੀ ਹੋਈ ਕੀ ਕਹਿੰਦੀ ਹੈ ?

4. ਚਰਨਜੀਤ ਆਪਣੀ ਚਾਚੀ ਨੂੰ ਧਰਵਾਸ ਕਿਵੇਂ ਧਰਾਉਂਦਾ ਹੈ ?

5. ਕਹਾਣੀ 'ਸ਼ਹੀਦ ਦੀ ਮਾਂ' ਵਿੱਚ ਭਾਰਤ ਤੇ ਪਾਕਿਸਤਾਨ ਵਿੱਚਕਾਰ ਝਗੜੇ ਦਾ ਕੀ ਕਾਰਨ ਦੱਸਿਆ ਗਿਆ ਹੈ ?

6. ਚਾਚੀ ਪਿੰਡ ਵਿੱਚ ਹੋਏ ਕਤਲ ਦਾ ਜ਼ਿਕਰ ਕਿਵੇਂ ਕਰਦੀ ਹੈ ?

7. 'ਸ਼ਹੀਦ ਦੀ ਮਾਂ' ਕਹਾਣੀ ਸਾਨੂੰ ਕੀ ਸੁਨੇਹਾ ਦਿੰਦੀ ਹੈ ?

BSER

# ਸੰਤੋਖ ਸਿੰਘ ਧੀਰ

ਸੰਤੋਖ ਸਿੰਘ ਧੀਰ ਪੰਜਾਬੀ ਕਹਾਣੀ ਵਿਚ ਸਥਾਪਤ ਨਾਂ ਹੈ। ਉਸ ਦੀਆਂ ਕਹਾਣੀਆਂ ਹਾਸ਼ੀਆਗਤ ਸ਼੍ਰੇਣੀ ਦੀਆਂ ਤ੍ਰਾਸਦਕ ਸਥਿਤੀਆਂ ਨੂੰ ਵਿਸ਼ੇਸ਼ ਅਰਥਾਂ 'ਚ ਪ੍ਰਗਟਾਉਂਦੀਆਂ ਹਨ। ਗਰੀਬ, ਮਜ਼ਦੂਰ, ਦਲਿਤ ਸ਼੍ਰੇਣੀ ਦੀ ਹੋਣੀ ਨੂੰ ਜਿਸ ਤਰ੍ਹਾਂ ਧੀਰ ਨੇ ਪੇਸ਼ ਕੀਤਾ ਹੈ, ਸ਼ਾਇਦ ਹੀ ਹੋਰ ਕੋਈ ਕਹਾਣੀਕਾਰ ਉਸ ਦੇ ਤੁਲ ਬੈਠਦਾ ਹੋਵੇ। 'ਕੋਈ ਇਕ ਸਵਾਰ' ਵਰਗੀ ਕਹਾਣੀ ਇਸ ਦਾ ਪੁਖਤਾ ਪ੍ਰਮਾਣ ਹੈ। ਉਸਦੀ ਇਹ ਕਹਾਣੀ ਪਾਠਕ ਦੇ ਮਨ ਦੀ ਅੰਦਰਲੀ ਤਹਿ, ਤੱਕ ਅਸਰ ਕਰਦੀ ਹੈ।

ਸੰਤੋਖ ਸਿੰਘ ਧੀਰ ਦਾ ਜਨਮ 2 ਦਸੰਬਰ 1920 ਈ. ਵਿਚ ਬੱਸੀ ਪਠਾਣਾ, ਜ਼ਿਲ੍ਹਾ ਪਟਿਆਲਾ ਵਿਖੇ ਈਸ਼ਰ ਸਿੰਘ ਦਰਦ ਦੇ ਘਰ ਹੋਇਆ। ਉਸ ਨੇ ਦਸਵੀਂ ਤੇ ਗਿਆਨੀ ਤੱਕ ਦੀ ਵਿੱਦਿਆ ਹਾਸਲ ਕਰਨ ਉਪਰੰਤ ਪਿਤਾ ਪੁਰਖੀ ਕਿੱਤੇ ਦੇ ਨਾਲ-ਨਾਲ ਸੁਤੰਤਰ ਲੇਖਣੀ ਨੂੰ ਆਪਣੀ ਜੀਵਨ-ਸ਼ੈਲੀ ਦਾ ਹਿੱਸਾ ਬਣਾਇਆ। ਧੀਰ ਨੇ ਕਾਵਿ, ਨਾਵਲ, ਅਨੁਵਾਦਕ, ਸੰਪਾਦਕ ਆਦਿ ਪੱਖੋਂ ਆਪਣੀ ਕਲਮ ਅਜ਼ਮਾਈ। ਕਹਾਣੀ ਰਚਨਾ ਖੇਤਰ ਵਿਚ ਉਸ ਨੇ ਚੰਗਾ ਨਾਮਣਾ ਖੱਟਿਆ ਹੈ। ਇਸ ਦਾ ਸਬੂਤ 'ਪੱਖੀ' ਕਹਾਣੀ ਸੰਗ੍ਰਹਿ ਦਾ ਭਾਰਤੀ ਸਾਹਿਤ ਅਕਾਦਮੀ ਵੱਲੋਂ ਪੁਰਸਕ੍ਰਿਤ ਹੋਣਾ ਹੈ। ਉਸ ਦੀ ਮੌਤ 8 ਫ਼ਰਵਰੀ 2010 ਨੂੰ ਹੋਈ।

'ਸਿੱਟਿਆਂ ਦੀ ਛਾਂ', 'ਸਵੇਰ ਹੋਣ ਤੱਕ', 'ਸਾਂਝੀ ਕੰਧ', 'ਸ਼ਰਾਬ ਦਾ ਗਲਾਸ', 'ਪੱਖੀ' ਆਦਿ ਉਸ ਦੁਆਰਾ ਰਚਿਤ ਕਹਾਣੀ ਸੰਗ੍ਰਹਿ ਹਨ। ਉਸਦੀ ਰਚਨਾ ਦ੍ਰਿਸ਼ਟੀ ਪ੍ਰਗਤੀਵਾਦੀ ਹੋਣ ਕਰਕੇ ਉਸਨੇ ਆਰਥਕ ਸਮਾਜਕ ਵਿਤਕਰੇਬਾਜ਼ੀ ਨੂੰ ਆਪਣੀਆਂ ਕਹਾਣੀਆਂ ਵਿਚ ਪੂਰੀ ਸ਼ਿੱਦਤ ਨਾਲ ਪੇਸ਼ ਕੀਤਾ।

ਲੇਖਕ ਦੀਆਂ ਕੁਝ ਕਹਾਣੀਆਂ ਪੰਜਾਬ ਸੰਕਟ ਬਾਰੇ ਵੀ ਹਨ। ਸਾਹਸਪੂਰਨ-ਸੰਘਰਸ਼ੀਲ ਪਾਤਰਾਂ ਦੀ ਪੇਸ਼ਕਾਰੀ, ਮਲਵਈ ਉਪਭਾਸ਼ਾ ਦੀ ਵਰਤੋਂ, ਵਿਅੰਗ ਅਤੇ ਯਥਾਰਥ ਚਿਤਰਨ ਉਸ ਦੀਆਂ ਕਹਾਣੀਆਂ ਦੇ ਉੱਘੜਵੇਂ ਕਲਾਤਮਕ ਲੱਛਣ ਹਨ। ਪ੍ਰਗਤੀਵਾਦੀ, ਯਥਰਾਥਵਾਦੀ ਪ੍ਰਵਿਰਤੀ ਨੂੰ ਸਮਝਣ ਲਈ ਉਸ ਦੀਆਂ ਰਚਨਾਵਾਂ ਪਾਠਕ ਦੇ ਮਨ ਨੂੰ ਟੁੰਬਦੀਆਂ ਹਨ। ਉਸ ਦੀ ਪ੍ਰਸਿੱਧ ਕਹਾਣੀ 'ਕੋਈ ਇੱਕ ਸਵਾਰ' ਹਥਲੇ ਸੰਗ੍ਰਹਿ ਵਿੱਚ ਪੇਸ਼ ਕੀਤੀ ਜਾ ਰਹੀ ਹੈ।

BSEB

# 3. ਕੋਈ ਇਕ ਸਵਾਰ

ਸੂਰਜ ਦੀ ਟਿੱਕੀ ਨਾਲ ਤਾਂਗਾ ਜੋੜ ਕੇ ਅੱਡੇ ਵਿਚ ਲਾਉਂਦਿਆਂ ਬਾਰੂ ਤਾਂਗੇ ਵਾਲੇ ਨੇ ਹੋਕਾ ਦਿੱਤਾ, " ਜਾਂਦਾ ਕੋਈ ਇਕ ਸਵਾਰ ਖੰਨੇ ਦਾ ਬਈ ਓ...!"

ਸਿਆਲ ਵਿਚ ਏਨੇ ਸਾਂਝਰੇ ਸਬੱਬ ਨਾਲ ਭਾਵੇਂ ਕੋਈ ਸਵਾਰ ਆ ਜਾਵੇ, ਨਹੀਂ ਤਾਂ ਰੋਟੀ-ਟੁੱਕ ਖਾ ਕੇ ਧੁੱਪ ਚੜ੍ਹੇ ਹੀ ਘਰੋਂ ਬਾਹਰ ਨਿਕਲਦੈ ਬੰਦਾ। ਪਰ ਬਾਰੂ ਇਸ ਸਬੱਬ ਤੋਂ ਵੀ ਕਿਉਂ ਖੁੰਝੇ ? ਪਾਲੇ ਵਿਚ ਠਰਦਿਆਂ ਵੀ ਉਹ ਸਭ ਤੋਂ ਪਹਿਲਾਂ ਆਪਣਾ ਤਾਂਗਾ ਅੱਡੇ ਵਿਚ ਲਾਉਣ ਦੀ ਸੋਚਦਾ।

ਬਾਰੂ ਨੇ ਬਜ਼ਾਰ ਵੱਲ ਮੂੰਹ ਕਰਕੇ ਏਕਣ ਜ਼ੋਰ ਨਾਲ ਹੋਕਾ ਮਾਰਿਆ, ਜਿਵੇਂ ਉਹਨੂੰ ਕੁੱਲ ਇਕੋ ਸਵਾਰ ਚਾਹੀਦਾ ਹੈ। ਪਰ ਬਜ਼ਾਰ ਵਲੋਂ ਇਕ ਵੀ ਸਵਾਰ ਨਾ ਆਇਆ। ਫੇਰ ਉਹਨੇ ਪਿੰਡਾਂ ਤੋਂ ਆਉਂਦੀਆਂ ਵੱਖੋਂ-ਵੱਖ ਡੰਡੀਆਂ ਵੱਲ ਅੱਖਾਂ ਚੁੱਕ ਕੇ ਆਸ ਨਾਲ ਤੱਕਦਿਆਂ ਹੋਕੇ ਲਾਏ, ਪਤਾ ਨਹੀਂ ਕਦੇ-ਕਦੇ ਸਵਾਰੀਆਂ ਨੂੰ ਕੀ ਸੱਪ ਸੁੰਘ ਜਾਂਦਾ ਹੈ। ਬਾਰੂ ਸੜਕ ਦੇ ਇਕ ਪਾਸੇ ਫੜੀ ਵਾਲੇ ਕੋਲ ਬੈਠ ਕੇ ਬੀੜੀ ਪੀਣ ਲੱਗਾ। ਬਾਰੂ ਦਾ ਚੁਸਤ ਘੋੜਾ ਨਿਚੱਲਾ ਹੋ ਕੇ ਖਲੋਂ ਨਹੀਂ ਸੀ ਸਕਦਾ। ਦੋ-ਤਿੰਨ ਵਾਰ ਘੋੜੇ ਨੇ ਨ੍ਹਾਸਾਂ ਫੁਲਾ ਕੇ ਫਰਾਟੇ ਮਾਰੇ, ਪੂੰਛ ਹਿਲਾਈ ਤੇ ਫੇਰ ਆਪੇ ਦੋ-ਤਿੰਨ ਕਦਮ ਤੁਰ ਪਿਆ। "ਬੱਸ ਓ ਬੱਸ ਪੁੱਤਰ! ਕਾਹਲਾ ਕਿਉਂ ਪੈਨੈਂ- ਚਲਦੇ ਆਂ- ਆ ਲੈਣ ਦੇ ਕਿਸੇ ਅੱਖਾਂ ਦੇ ਅੰਨ੍ਹੇ ਤੇ ਗੱਠ ਦੇ ਪੂਰੇ ਨੂੰ।" ਮੌਜ ਨਾਲ ਹਸਦਿਆਂ ਬਾਰੂ ਨੇ ਨੱਠ ਕੇ ਘੋੜੇ ਦੀਆਂ ਵਾਗਾਂ ਫੜੀਆਂ ਤੇ ਉਨ੍ਹਾਂ ਨੂੰ ਕਸ ਕੇ ਤਾਂਗੇ ਦੇ ਬੰਬ ਨਾਲ ਬੰਨ੍ਹ ਦਿੱਤਾ। ਸਟੇਸ਼ਨ ਉਤੇ ਗੱਡੀ ਨੇ ਕੂਕ ਮਾਰੀ। ਰੇਲ ਦੀ ਕੂਕ ਬਾਰੂ ਦੇ ਦਿਲ ਵਿਚ ਖੁਭ ਗਈ। ਉਹਨੇ ਰੇਲ ਨੂੰ ਮਾਂ ਦੀ ਗਾਲ੍ਹ ਕੱਢੀ, ਤੇ ਨਾਲੇ ਰੇਲ ਬਨਾਉਣ ਵਾਲੇ ਨੂੰ। ਪਹਿਲੋਂ ਜਨਤਾ ਲੰਘੀ ਸੀ, ਹੁਣ ਡੱਬਾ। "ਸਾਲੀਆਂ ਘੰਟੇ-ਘੰਟੇ ਮਗਰੋਂ ਗੱਡੀਆਂ ਚੱਲਣ ਲਗ ਪਈਆਂ!" ਤੇ ਫੇਰ ਬਾਰੂ ਨੇ ਜ਼ੋਰ ਨਾਲ ਸੁਆਰ ਲਈ ਹੋਕਾ ਮਾਰਿਆ।

ਇਕ ਬੀੜੀ ਉਹਨੇ ਹੋਰ ਸੁਲ੍ਹਗਾਈ ਤੇ ਏਨਾ ਲੰਮਾ ਸੂਟਾ ਖਿੱਚਿਆ ਕਿ ਅੱਧੀ ਬੀੜੀ ਫੂਕ ਦਿੱਤੀ। ਬਾਰੂ ਨੇ ਧੂੰਏਂ ਦੇ ਫਰਾਟੇ ਛੱਡਦਿਆਂ ਬੀੜੀ ਨੂੰ ਗਾਲ੍ਹ ਕੱਢ ਕੇ ਸੁੱਟ ਦਿੱਤਾ। ਮਿਰਚਾਂ ਵਾਂਗ ਧੂੰਆ ਉਹਦੇ ਮੂੰਹ ਵਿਚ ਲੜਨ ਲੱਗਾ ਸੀ। ਘੋੜੇ ਤੋਂ ਟਿਕ ਨਹੀਂ ਸੀ ਹੁੰਦਾ। ਉਹਨੇ ਇਕ-ਦੋ ਵਾਰ ਪੌੜ ਚੁੱਕ-ਚੁੱਕ ਧਰਤੀ ਉਤੇ ਮਾਰੇ। ਮੂੰਹ ਵਿਚ ਲੋਹੇ ਦੀ ਲਗਾਮ ਚੱਬ-ਚੱਬ ਬੂਥੀ ਘੁਮਾਈ। ਗੱਡੀ ਦੀਆਂ ਚੂਲਾਂ ਖੜਕੀਆਂ, ਸਾਜ਼ ਯਰਕਿਆ, ਖੰਭਾਂ ਦੀ ਰੰਗ-ਬਰੰਗੀ ਕਲਗੀ ਹਵਾ ਵਿਚ ਫਰ੍ਹਕੀ ਤੇ ਗਲ ਨਾਲ ਲਟਕਦੇ ਰੇਸ਼ਮੀ ਰੁਮਾਲ ਹਿੱਲਣ ਲੱਗੇ। ਬਾਰੂ ਨੂੰ ਆਪਣੇ ਘੋੜੇ ਦੀ ਚੁਸਤੀ ਉਤੇ ਮਾਣ ਹੋਇਆ, ਉਹਨੇ ਬੁੱਲ੍ਹਾਂ ਨਾਲ ਪੁਚਕਾਰ ਕੇ ਆਖਿਆ, " ਬੱਸ ਓ ਵੈੱਲੀਆ, ਕਰਦੇ ਆਂ ਹੁਣੇ ਹਵਾ ਨਾਲ ਗੱਲਾਂ...!"

"ਘੋੜਾ ਤੇਰਾ ਚਤੰਨ ਬੜੈ ਬਾਰੂ-ਟਪੂੰ-ਟਪੂੰ ਕਰਦਾ ਰਹਿੰਦੈ।" ਫੜੀ ਵਾਲੇ ਨੇ ਆਖਿਆ।

"ਕੀ ਅੰਤ ਐ!" ਬਾਰੂ ਮਾਣ ਵਿਚ ਹੁੱਬ ਕੇ ਬੋਲਿਆ। "ਲਬਾਸ ਤਾਂ ਦੇਖ ਤੂੰ- ਪਿੰਡੇ ਉਤੇ ਮੱਖੀ ਤਿਲ੍ਹਕਦੀ ਐ- ਪੁੱਤਾਂ ਆਂਗਣ ਸੇਵਾ ਕਰੀਦੀ ਐ ਨੱਥਿਆ!"

"ਪਸ਼ੂ ਬਚਦਾ ਵੀ ਤਾਹੀਂ ਐਂ" ਨੱਥੂ ਨੇ ਯਕੀਨ ਨਾਲ ਕਿਹਾ।

ਦਿਨ ਚੰਗਾ ਚੜ੍ਹ ਆਇਆ, ਪਰ ਖੰਨੇ ਜਾਣ ਵਾਲਾ ਇਕ ਸਵਾਰ ਵੀ ਅਜੇ ਤਕ ਨਾ ਸੀ ਆਇਆ। ਹੋਰ ਵੀ ਤਿੰਨ-ਚਾਰ ਤਾਂਗੇ ਅੱਡੇ ਵਿਚ ਆ ਖੜ੍ਹੇ ਸਨ ਤੇ ਕੁੰਦਨ ਵੀ ਸੜਕ ਦੇ ਦੂਜੇ ਪਾਸੇ ਖੰਨੇ ਦੇ ਹੀ ਰੁਖ ਤਾਂਗਾ ਖਲਾਰ ਕੇ ਸਵਾਰੀਆਂ ਲਈ ਹੋਕੇ ਦੇਣ ਲੱਗ ਪਿਆ ਸੀ।

ਹੱਥ ਵਿਚ ਝੋਲਾ ਫੜੀਂ ਇਕ ਸ਼ੁਕੀਨ ਜਿਹਾ ਬਾਬੂ ਬਜ਼ਾਰ ਵੱਲੋਂ ਆਉਂਦਾ ਦਿਸਿਆ। ਬਾਰੂ ਉਹਦੀ ਚਾਲ ਪਛਾਨਣ ਲੱਗਾ। ਬਾਬੂ ਅੱਡੇ ਦੇ ਹੋਰ ਨੇੜੇ ਆ ਗਿਆ; ਪਰ ਅਜੇ ਤਕ ਉਹਦੇ ਪੈਰਾਂ ਨੇ ਕਿਸੇ ਪਾਸੇ ਦਾ ਰੁਖ ਨਾ ਸੀ ਕੀਤਾ।

" ਚੱਲ ਇਕ ਸਵਾਰ ਸਰੂੰਦ ਦਾ ...ਕੋਈ ਮਲੋਹ ਜਾਂਦਾ ਬਈਓ...!" ਵਾਜਾਂ ਉੱਚੀਆਂ ਹੋਣ ਲੱਗੀਆਂ; ਪਰ ਸਵਾਰ ਦੀ ਮਰਜ਼ੀ ਦਾ ਪਤਾ ਨਾ ਲੱਗਿਆ। ਬਾਰੂ ਨੇ ਖੰਨੇ ਦਾ ਹੋਕਾ ਲਾਇਆ। ਸਵਾਰ ਨੇ ਸਿਰ ਨਾ ਚੁੱਕਿਆ।'ਕਾਹਨੂੰ ਬੋਲਦੇ ਨੇ ਮੂੰਹੋਂ ਛੇਤੀ ਜੈਂਟਰਮੈਨ ਆਦਮੀ ਬਾਰੂ ਨੇ ਮਨ ਵਿਚ ਨਿੰਦਿਆ ਤੇ ਬਾਬੂ ਖੰਨੇ ਦੇ ਰੁਖ ਖੜ੍ਹੇ ਤਾਂਗੇ ਕੋਲ ਆ ਖਲੋਇਆ। "ਹੋਰ ਹੈ ਬਈ ਕੋਈ ਸਵਾਰੀ...?" ਉਹਨੇ ਮਸੀਂ ਬੋਲ ਕੇ ਪੁੱਛਿਆ।

ਬਾਰੂ ਨੇ ਅਦਬ ਨਾਲ ਝੋਲਾ ਫੜਨਾ ਚਾਹੁੰਦਿਆਂ ਆਖਿਆ, "ਤੁਸੀਂ ਬੈਠੋ ਬਾਬੂ ਜੀ ਮੂਹਰੇ– ਹੁਣੇ ਹੱਕ ਦਿੰਨੇ ਆਂ ਬੱਸ - ਇਕ ਸਵਾਰ ਲੈ ਲਈਏ।"

ਪਰ ਬਾਬੂ ਨੇ ਝੋਲਾ ਨਾ ਫੜਾਇਆ ਤੇ ਹਵਾ ਵਿਚ ਤੱਕਦਾ ਚੁੱਪ–ਚਾਪ ਖੜ੍ਹਾ ਰਿਹਾ। ਐਵੇਂ ਘੰਟਾ ਭਰ ਤਾਂਗੇ ਵਿਚ ਬੈਠੇ ਰਹਿਣ ਦਾ ਕੀ ਮਲਤਬ?

ਬਾਰੂ ਨੇ ਜ਼ੋਰ ਨਾਲ ਇਕ ਸਵਾਰ ਲਈ ਹੋਕਾ ਦਿੱਤਾ, ਜਿਵੇਂ ਉਹਨੂੰ ਬੱਸ ਇਕੋ ਸਵਾਰ ਚਾਹੀਦਾ ਹੈ। ਬਾਬੂ ਜ਼ਰਾ ਟਹਿਲ ਕੇ ਤਾਂਗੇ ਦੇ ਅਗਲੇ ਪਾਇਦਾਨ ਦੇ ਜ਼ਰਾ ਕੁ ਨੇੜੇ ਹੋ ਗਿਆ। ਬਾਰੂ ਨੇ ਹੌਂਸਲੇ ਨਾਲ ਇਕ ਹੋਕਾ ਹੋਰ ਦਿੱਤਾ।

ਬਾਬੂ ਨੇ ਆਪਣਾ ਝੋਲਾ ਤਾਂਗੇ ਦੀ ਅਗਲੀ ਗੱਦੀ ਉਤੇ ਰੱਖ ਦਿੱਤਾ ਤੇ ਆਪ ਪਤਲੂਨ ਦੀਆਂ ਜੇਬਾਂ ਵਿਚ ਹੱਥ ਪਾ ਕੇ ਟਹਿਲਣ ਲੱਗ ਪਿਆ। ਬਾਰੂ ਨੇ ਘੋੜੇ ਦੀ ਪਿੱਠ ਉਤੇ ਪਿਆਰ ਨਾਲ ਥਾਪੀ ਮਾਰੀ ਤੇ ਫੇਰ ਤਾਂਗੇ ਦੀਆਂ ਪਿਛਲੀਆਂ ਗੱਦੀਆਂ ਨੂੰ ਐਵੇਂ ਜ਼ਰਾ ਠੀਕ–ਠਾਕ ਕਰਨ ਲੱਗ ਪਿਆ। ਏਨੇ ਵਿਚ ਇਕ ਸਾਈਕਲ ਆਕੇ ਤਾਂਗੇ ਕੋਲ ਰੁਕ ਗਿਆ। ਥੋੜੀ ਜਿਹੀ ਗੱਲ ਚੜ੍ਹੇ–ਚੜ੍ਹਾਏ ਸਾਈਕਲ ਵਾਲੇ ਨੇ ਬਾਬੂ ਨਾਲ ਕੀਤੀ ਤੇ ਉਹ ਗੱਦੀ ਉਤੋਂ ਆਪਣਾ ਝੋਲਾ ਚੁੱਕਣ ਲੱਗਾ। ਬਾਰੂ ਨੇ ਘਟਦੇ ਦਿਲ ਨਾਲ ਆਖਿਆ, "ਹਵਾ ਸਾਹਮਣੀ ਐਂ ਬਾਬੂ ਜੀ...!" ਪਰ ਸਾਈਕਲ ਬਾਬੂ ਨੂੰ ਲੈ ਕੇ ਤੁਰਦਾ ਹੋਇਆ।

ਗੋਡੇ–ਗੋਡੇ ਦਿਨ ਚੜ੍ਹ ਆਇਆ।

ਠਿੱਠ ਜਿਹਾ ਹੋ ਕੇ ਬਾਰੂ ਫੇਰ ਸੜਕ ਦੇ ਇਕ ਪਾਸੇ ਫੜੀ ਵਾਲੇ ਕੋਲ ਬਹਿ ਗਿਆ। ਉਹਦਾ ਜੀ ਕੈਂਚੀ ਦੀ ਸਿਗਰਟ ਪੀਣ ਨੂੰ ਕੀਤਾ। ਪਰ ਦੋ ਪੈਸੇ ਵਾਲੀ ਸਿਗਰਟ ਅਜੇ ਉਹ ਕਿਹੜੇ ਹੌਂਸਲੇ ਪੀਵੇ? ਫੇਰਾ ਅੱਜ ਇਕੋ ਮਸੀਂ ਲਗਦਾ ਦੀਂਹਦਾ ਸੀ। ਚਾਰ ਆਨੇ ਸਵਾਰੀ ਐ ਖੰਨੇ ਦੀ। ਛੇ ਸਵਾਰੀਆਂ ਤੋਂ ਵੱਧ ਹੁਕਮ ਨ੍ਹੀ। ਤਿੰਨ ਰੁਪਏ ਤਾਂ ਘੋੜੇ ਦੇ ਈ ਢਿੱਡ 'ਚ ਪੈ ਜਾਂਦੇ ਨੇ...! ਉਹਦੇ ਮਨ ਵਿਚ ਲੂਹਣ ਜੇਹੀ ਲੱਗੀ। ਇਉਂ ਇਥੇ ਉਹ ਕਿਉਂ ਬੈਠੇ? ਉਹ ਉਠ ਕੇ ਤਾਂਗੇ ਵਿਚ ਪਿਛਲੀ ਗੱਦੀ ਉਤੇ ਬਹਿ ਗਿਆ, ਤਾਂ ਜੋ ਪਹਿਲੀ ਨਜ਼ਰੇ ਸੁਆਰ ਨੂੰ ਤਾਂਗਾ ਬਿਲਕੁਲ ਖ਼ਾਲੀ ਨਾ ਜਾਪੇ।

ਤਾਂਗੇ ਵਿਚ ਬੈਠਾ ਉਹ "ਲਾਰਾ ਲੱਪਾ, ਲਾਰਾ ਲੱਪਾ..." ਗੁਣਗੁਣਾਉਣ ਲੱਗਾ, ਤੇ ਫੇਰ ਹੀਰ ਦਾ ਟੱਪਾ। ਪਰ ਛੇਤੀ ਹੀ ਉਹਦੇ ਮਨ ਵਿਚ ਅਚੱਵੀ ਜਿਹੀ ਲੱਗੀ। ਟੱਪੇ ਉਹਦੇ ਬੁੱਲ੍ਹਾਂ ਨੂੰ ਭੁੱਲ ਗਏ। ਉਹ ਦੂਰ ਫ਼ਸਲਾਂ ਵੱਲ ਝਾਕਣ ਲੱਗਾ। ਪੈਲੀਆਂ ਵਿਚ ਵਲ ਖਾਂਦੀਆਂ ਡੰਡੀਆਂ ਉਤੇ ਕੁਝ ਰਾਹੀ ਤੁਰੇ ਆਉਂਦੇ ਸਨ। ਧਿਆਨ ਨਾਲ ਬਾਰੂ ਨੇ ਨੇੜੇ ਆਉਂਦੇ ਰਾਹੀਆਂ ਵੱਲ ਤੱਕਿਆ, ਡੱਬੇ ਤੇ ਚਿੱਟੇ ਖੇਸਾਂ ਦੀਆਂ ਬੁਕਲਾਂ ਮਾਰੀ ਚਾਰ ਕੁ ਜੱਟ ਜਿਹੇ ਸਨ। ਬਾਰੂ ਨੇ ਸੋਚਿਆ, ਪੇਸ਼ੀ ਉਤੇ ਜਾਣ ਵਾਲੇ ਹੁੰਦੇ ਨੇ ਇਹੋ ਜਿਹੇ ਚੌਧਰੀ। ਉਹਨੇ ਤਾਂਗੇ ਨੂੰ ਮੋੜ ਕੇ ਉਨ੍ਹਾਂ ਵੱਲ ਜਾਂਦਿਆਂ ਵਾਜ ਦਿੱਤੀ, "ਖੰਨੇ ਜਾਣੈ ਲੰਬੜਦਾਰੋ? ਆਓ ਬੈਠੋ, ਹੱਕੀਏ...!" ਸੁਆਰੀਆਂ ਨੇ ਕੁਝ ਜੱਕੋ–ਤੱਕੋ ਜਿਹਾ ਕੀਤਾ, ਫੇਰ ਵਿਚੋਂ ਕਿਸੇ ਆਖਿਆ, "ਜਾਣਾ ਤਾਂ ਹੈ - ਜੇ ਛੇੜ ਦਮੇ ਹੁਣੇ!"

"ਹੁਣੇ ਲਓ, ਬੈਠਣ ਦੀ ਦੇਰ ਐ...!" ਬਾਰੂ ਨੇ ਘੋੜੇ ਦੇ ਮੂੰਹ ਕੋਲੋਂ ਲਗਾਮ ਫੜ ਕੇ ਤਾਂਗੇ ਦਾ ਮੂੰਹ ਅੱਡੇ ਵੱਲ ਘੁਮਾ ਦਿੱਤਾ।

"ਤਸੀਲ ਅਪੜਨੈਂ ਅਸੀਂ, ਪੇਸ਼ੀ ਉਤੇ, ਸਮਰਾਲੇ।"

"ਮਖਾਂ ਬੈਠੋ ਤਾਂ ਸਹੀ - ਘੁੱਗੀ ਨ੍ਹੀ ਖੰਘਣ ਦਿੰਦਾ।"

ਸੁਆਰੀਆਂ ਤਾਂਗੇ ਵਿਚ ਬਹਿ ਗਈਆਂ। ਇਕ ਸਵਾਰ ਦਾ ਹੋਕਾ ਦਿੰਦਿਆਂ ਬਾਰੂ ਨੇ ਤਾਂਗੇ ਨੂੰ ਅੱਡੇ ਵੱਲ ਤੋਰ ਲਿਆ।

"ਅਜੇ ਹੋਰ ਚਾਹੀਦੀ ਐ ਇਕ ਸਬਾਰੀ?" ਵਿਚੋਂ ਇਕ ਸਵਾਰੀ ਨੇ ਤਾਂਗੇ ਵਾਲੇ ਨੂੰ 'ਆਖਰ ਤਾਂਗੇ ਵਾਲਾ ਹੀ ਨਿਕਲਿਆ' ਬੁਝ ਕੇ ਆਖਿਆ।

"ਚਲ ਕਰ ਲੈਣ ਦੇ ਇਹਨੂੰ ਵੀ ਆਪਣਾ ਘਰ ਪੂਰਾ..." ਵਿਚੋਂ ਹੀ ਕਿਸੇ ਨੇ ਉੱਤਰ ਦਿੱਤਾ, "ਅਸੀਂ ਜਾਣੋਂ ਬਿੰਦ ਮਗਰੋਂ ਅੱਪੜ ਲਾਂਗੇ।"

ਅੱਡੇ ਤੋਂ ਬਾਰੂ ਨੇ ਤਾਂਗਾ ਬਜ਼ਾਰ ਵੱਲ ਭਜਾ ਲਿਆ। ਬਜ਼ਾਰ ਦੇ ਗੱਭੇ ਬਾਰੂ ਨੇ ਤਾਂਗੇ ਦੇ ਬੰਬ ਉਤੋਂ ਤਣ ਕੇ ਹੋਕਾ ਮਾਰਿਆ, " ਜਾਂਦਾ ਕੋਈ ਕੱਲਾ ਸਵਾਰ ਖੰਨੇ ਬਈ ਓ ...!"

"ਕੱਲੇ ਸਵਾਰ ਨੂੰ ਲੁੱਟਣੈ ਰਾਹ ਵਿਚ...?" ਬਜ਼ਾਰ ਵਿਚੋ ਕਿਸੇ ਉੱਚੀ ਟੋਕ ਕੇ ਬਾਰੂ ਨੂੰ ਮਸ਼ਕਰੀ ਕੀਤੀ।

ਬਜ਼ਾਰ ਵਿਚ ਹਾਸਾ ਪੈ ਗਿਆ। ਬਾਰੂ ਦੇ ਚਿੱਟੇ ਦੰਦ ਤੇ ਲਾਲ ਮਸੂੜ੍ਹੇ ਦਿਸਣ ਲੱਗੇ। ਉਹਦੀਆਂ ਗੱਲ੍ਹਾਂ ਫੁੱਲ ਕੇ ਚਮਕੀਆਂ ਤੇ ਹਾਸੇ ਵਿਚ ਹਾਸਾ ਰਲਾ ਕੇ ਸਵਾਰ ਲਈ ਹੋਕਾ ਦਿੰਦਿਆਂ ਉਹਨੇ ਘੋੜਾ ਮੋੜ ਲਿਆ। ਅੱਡੇ ਵਿਚ ਆ ਕੇ ਸੜਕ ਦੇ ਇਕ ਪਾਸੇ ਖੰਨੇ ਦੇ ਰੁਖ ਤਾਂਗਾ ਲਾਇਆ ਤੇ ਆਪ ਫੜੀ ਵਾਲੇ ਕੋਲ ਆ ਬੈਠਾ।

"ਕੀਤੀ ਨਾ ਉਹੀ ਗੱਲ...!" ਤਾਂਗੇ ਵਾਲੇ ਨੂੰ ਟਲਿਆ ਦੇਖ ਕੇ ਇਕ ਸਵਾਰ ਬੋਲਿਆ।

" ਓ ਬਾਈ ਤਾਂਗੇ ਆਲਿਆ, ਸਾਨੂੰ ਹੁਣ ਏਵੇਂ ਹਰਾਨ ਕਰਨੈ?" ਇਕ ਹੋਰ ਸਵਾਰ ਨੇ ਆਖਿਆ।

" ਮਖਾਂ ਅਟਕਣਾ ਨ੍ਹੀਂ ਆਪਾਂ ਨੇ ਲੰਬੜਦਾਰਾ, ਬੱਸ ਇਕ ਸਵਾਰ ਦੀ ਝਾਕ ਐ, ਆ ਗਿਆ ਚੰਗਾ, ਨਹੀਂ ਤੁਰ ਪਾਂਗੇ।" ਬਾਰੂ ਨੇ ਦਿਲ ਧਰਾਇਆ।

ਸਵਾਰੀਆਂ ਨੂੰ ਕਾਹਲੀਆਂ ਪਈਆਂ ਦੇਖ ਕੇ ਕੁੰਦਨ ਨੇ ਆਪਣੇ ਤਾਂਗੇ ਨੂੰ ਇਕ ਕਦਮ ਹੋਰ ਅੱਗੇ ਕਰਦਿਆਂ ਹੋਕਾ ਦਿੱਤਾ, "ਚੱਲ ਚਾਰੇ ਸਵਾਰ ਲੈ ਕੇ ਤੁਰਦਾ ਖੰਨੇ ਨੂੰ...!" ਤੇ ਉਹ ਚਿੜਾਉਣ ਲਈ ਬਾਰੂ ਵੱਲ ਬਿਟ-ਬਿਟ ਝਾਕਣ ਲੱਗਾ।

"ਟਲ ਜਾ ਉਏ, ਟਲ ਜਾ ਨਾਈਆ - ਟਲ ਜਾ ਤੂੰ ਲੱਛਣਾਂ ਤੋਂ!" ਬਾਰੂ ਨੇ ਕੁੰਦਨ ਵਲ ਅੱਖਾਂ ਕੱਢੀਆਂ ਤੇ ਸਵਾਰੀਆਂ ਨੂੰ ਵਰਗਲਾਉਣ ਤੋਂ ਬਚਾਉਣ ਲਈ ਉਹਨੇ ਤੀਵੀਆਂ ਤੇ ਕੁੜੀਆਂ-ਕੱਤਰੀਆਂ ਦੀ ਆ ਰਹੀ ਰੰਗ-ਬਰੰਗੀ ਟੋਲੀ ਵੱਲ ਤੱਕਦਿਆਂ ਕਿਹਾ, "ਚਲਦੇ ਆਂ ਸਰਦਾਰੋ ਆਪਾਂ ਹੁਣੇ ਬੱਸ, ਔਹ ਆ ਗਈਆਂ ਸਵਾਰੀਆਂ!"

ਸਵਾਰੀਆਂ, ਟੋਲੀ ਵੱਲ ਦੇਖ ਕੇ ਫੇਰ ਟਿਕ ਰਹੀਆਂ।

ਟੋਲੀ ਵੱਲ ਤੱਕਦਾ ਬਾਰੂ ਸੋਚਣ ਲੱਗਾ: ਵਿਆਹ-ਮੁਕਲਾਵੇ ਦੀਆਂ ਸੱਗੀਆਂ-ਰੱਤੀਆਂ ਸੁਆਰੀਆਂ ਨੇ ਜਾਣੋ - ਦੋ ਤਾਂਗੇ ਭਰ ਜਾਣ ਭਾਵੇਂ - ਨਾਵਾਂ ਵੀ ਚੰਗਾ ਬਣਾ ਜਾਂਦੀਆਂ ਨੇ ਇਹੋ ਜੇਹੀਆਂ ਸੁਆਰੀਆਂ।

ਟੋਲੀ ਨੇੜੇ ਆ ਗਈ।

ਕੁਝ ਮਾਈਆਂ ਤੇ ਕੁੜੀਆਂ ਨੇ ਹੱਥਾਂ ਉਤੇ ਕੱਪੜਿਆਂ ਨਾਲ ਢਕੇ ਹੋਏ ਗੋਹਲੇ, ਬ੍ਹੋਈਏ ਤੇ ਥਾਲ ਚੁੱਕੇ ਹੋਏ ਸਨ। ਪਿੱਛੇ ਕੁਝ ਘੁੰਡ ਵਾਲੀਆਂ ਵਹੁਟੀਆਂ ਤੇ ਨਿੱਕੀਆਂ-ਨਿੱਕੀਆਂ ਕੁੜੀਆਂ ਸਨ। ਬਾਰੂ ਨੇ ਅੱਗੇ ਵਧ ਕੇ ਧੀਆਂ ਵਰਗਾ ਪੁੱਤ ਬਣਦਿਆਂ, ਇਕ ਮਾਈ ਨੂੰ ਆਖਿਆ, "ਆਓ ਮਾਈ ਜੀ, ਤਿਆਰ ਐ ਤਾਂਗਾ, ਬੱਸ ਥੋਨੂੰ ਈਂ 'ਡੀਕਦਾ ਸੀ - ਬੈਠੋ ਖੰਨੇ ਨੂੰ।"

"ਬੇ ਨਾ ਬੀਰ...।" ਮਾਈ ਨੇ ਸਰਸਰੀ ਆਖਿਆ। "ਅਸੀਂ ਤਾਂ ਮੱਥਾ ਟੇਕਣ ਚੱਲੀਆਂ ਮਾਤਾ ਦੇ ਥਾਨਾਂ 'ਤੇ।"

"ਚੰਗਾ ਮਾਈ ਚੰਗਾ" ਬਾਰੂ ਹਸ ਕੇ ਛਿੱਥਾ ਜਿਹਾ ਪੈ ਗਿਆ।

"ਓ ਬਈ ਤੁਰੇਂਗਾ ਕੇ ਨਹੀਂ ?" ਸਵਾਰੀਆਂ ਨੂੰ ਕਿਥੇ ਟੇਕ ਹੁੰਦੇ ਐ, ਤੇ ਹਰ ਘੜੀ ਬਾਰੂ ਵੀ ਉਨ੍ਹਾਂ ਨੂੰ ਕਿਹੜੀਆਂ ਜੁਗਤਾਂ ਨਾਲ ਟਾਲੀ ਜਾਂਦਾ। ਹਾਰ ਕੇ ਉਹਨੇ ਸਾਫ਼ ਗੱਲ ਕੀਤੀ, " ਚੱਲਦੇ ਆਂ ਬਾਬਾ - ਆ ਲੈਣ ਦੇ ਇਕ ਸਵਾਰ - ਕੁਛ ਭਾੜਾ ਤਾਂ ਬਣ ਲਵੇ।"

" ਤੂੰ ਆਪਣਾ ਭਾੜਾ ਬਣਾ, ਸਾਡੀ ਤਰੀਕ ਖੁੰਝ ਜੂ।" ਸਵਾਰੀਆਂ ਵੀ ਸੱਚੀਆਂ ਸਨ।

ਕੁੰਦਨ ਨੇ ਫੇਰ ਛੇੜ ਕਰਦਿਆਂ ਸੁਣਾ ਕੇ ਆਖਿਆ, " ਸਧਾਰਨ ਹੁੰਦੇ ਨੇ ਬਾਜੇ ਲੋਕ, ਕਿਥੇ ਫਸ ਗੇ। ਅੱਬਲਾ ਤੁਰਦਾ ਨ੍ਹੀਂ – ਜੇ ਤੁਰਿਆ ਤਾਂ ਕਿਤੇ ਮੂਧਾ ਪਿਆ ਹੋਊ – ਪੈਰ-ਪੈਰ 'ਤੇ ਨਹੁੰ ਲੈਂਦੇ ਘੋੜਾ - ਜੇ ਉਠ ਖੜ੍ਹਿਆ ਤਾਂ ਗੈਬ 'ਚ ਅੜ ਜੂ ਸਿਰੇ ਲਗਦਾ ਨ੍ਹੀਂ।

ਸਵਾਰੀਆਂ ਕੰਨਾਂ ਦੀਆਂ ਕੱਚੀਆਂ ਹੁੰਦੀਆਂ ਹਨ। ਬਾਰੂ ਨੂੰ ਇਕ ਚੜ੍ਹੇ, ਇਕ ਉੱਤਰੇ। ਪਰ ਉਹ ਛੇੜ ਨੂੰ ਅਜੇ ਵੀ ਜਰਦਿਆਂ ਕੁੰਦਨ ਵੱਲ ਕੌੜਾ ਝਾਕ ਕੇ ਬੋਲਿਆ, "ਨਾਈਆ, ਨਾਈਆ ! ਮੌਤ ਗੱਲਾਂ ਕਰੌਂਦੀ ਐ ਤੇਰੀ। ਗੱਡੀ ਤਾਂ ਸੰਵਰਾ ਲਿਆ ਪਹਿਲਾਂ ਮਾਂ ਕੋਲੋਂ ਜਾ ਕੇ, ਢੀਚਕੂੰ-ਢੀਚਕੂੰ ਕਰਦੀ ਐ, ਐਥੇ ਭੌਂਕੀ ਜਾਨੈਂ ਖੜ੍ਹਾ, ਗੁਟਾਰ ਜਾਤ...!"

ਲੋਕ ਹਸਣ ਲੱਗੇ। ਪਰ ਜਿਹੜੀ ਹਾਲਤ ਬਾਰੂ ਦੀ ਸੀ, ਉਹੀ ਕੁੰਦਨ ਤੇ ਹੋਰ ਤਾਂਗੇ ਵਾਲਿਆਂ ਦੀ । ਕਿਸ ਨੂੰ ਨਹੀਂ ਸਵਾਰੀਆਂ ਚਾਹੀਦੀਆਂ ? ਕੀਹਨੇ ਘੋੜੇ ਤੇ ਟੱਬਰ ਦਾ ਢਿੱਡ ਨਹੀਂ ਤੋਰਨਾ ? ਨਾ ਬਾਰੂ ਵਿਚੋਂ ਤੁਰੇ, ਨਾ ਕਿਸੇ ਹੋਰ ਨੂੰ ਤੁਰਨ ਦੇਵੇ। ਸਬਰ ਵੀ ਕੋਈ ਚੀਜ਼ ਐ। ਆਪੋ-ਆਪਣੇ ਭਾਗ ਨੇ। ਮੰਦਾ-ਠੰਡਾ ਬਣਿਆ ਹੋਇਐ। ਚਾਰੇ ਲੈ ਕੇ ਤੁਰ ਜਾਵੇ। ਕਿਸੇ ਹੋਰ ਨੂੰ ਵੀ ਰੋਜ਼ੀ ਕਮਾਉਣ ਦੇਵੇ। ਕਿਥੇ ਕਲਾਲ ਅੜਿਆ ਖੜ੍ਹੈ ਮਣ੍ਹੇ ਆਂਗੂੰ ਮੂਹਰੇ...! ਕੁੰਦਨ ਨੇ ਆਪਣੀ ਜੜ ਉਤੇ ਆਪੇ ਟੱਕ ਲਾਉਂਦਿਆਂ ਖਿਝ ਕੇ ਹੋਕਾ ਮਾਰਿਆ, " ਚੱਲ ਚਾਰੇ ਲੈ ਕੇ ਤੁਰਦਾ ਖੰਨੇ ਨੂੰ ਬੰਬੂਕਾਟ - ਚੱਲ ਜਾਂਦਾ ਮਿੰਟਾਂ-ਸੁਕਿੰਟਾਂ ਵਿਚ ਖੰਨੇ – ਚੱਲ ਭਾੜਾ ਵੀ ਤਿੰਨੇ-ਤਿੰਨੇ ਆਨੇ...!" ਤੇ ਤਾਂਗਾ ਉਹਨੇ ਇਕ ਕਦਮ ਹੋਰ ਅੱਗੇ ਕਰ ਲਿਆ।

ਸਵਾਰੀਆਂ ਬਾਰੂ ਦੀਆਂ ਅੱਗੇ ਹੀ ਅੱਕੀਆਂ ਹੋਈਆਂ ਸਨ, ਤੇ ਸਵਾਰੀਆਂ ਕਿਸੇ ਦੀਆਂ ਬੰਨ੍ਹੀਆਂ ਹੋਈਆਂ ਵੀ ਨਹੀਂ ਹੁੰਦੀਆਂ। ਬਾਰੂ ਦੀਆਂ ਸਵਾਰੀਆਂ ਵਿਗੜ ਕੇ ਤਾਂਗੇ ਵਿਚੋਂ ਲਹਿਣ ਲੱਗੀਆਂ।

ਬਾਰੂ ਨੇ ਗ਼ੁੱਸੇ ਵਿਚ ਲਲਕਾਰ ਕੇ ਕੁੰਦਨ ਨੂੰ ਮਾਂ ਦੀ ਗਾਲ੍ਹ ਕੱਢੀ ਤੇ ਆਪਣੀ ਧੋਤੀ ਦਾ ਲਾਂਗੜ ਮਾਰ ਕੇ ਆਖਿਆ, "ਉੱਤਰ ਪੁੱਤ ਹੇਠ ਤਾਂਗੇ ਤੋਂ!"

ਕੁੰਦਨ, ਬਾਰੂ ਨੂੰ ਗ਼ੁੱਸੇ ਵਿਚ ਤਣਿਆ ਦੇਖ, ਕੁਝ ਯਰਕ ਤਾਂ ਗਿਆ, ਪਰ ਉਹ ਤਾਂਗੇ ਉਤੋਂ ਹੇਠਾਂ ਉੱਤਰ ਆਇਆ ਤੇ ਬੋਲਿਆ, "ਮੂੰਹ ਸੰਭਾਲ ਕੇ ਕੱਢੀਂ ਓਏ ਗਾਲ੍ਹ ਕਲਾਲਾ!"

ਬਾਰੂ ਨੇ ਇਕ ਗਾਲ੍ਹ ਹੋਰ ਕੱਢ ਦਿੱਤੀ ਤੇ ਹੱਥ ਵਿਚ ਫੜੀ ਪਰੈਣੀ ਉਤੇ ਉਂਗਲੀ ਜੋੜ ਕੇ ਆਖਿਆ, "ਪਹੀਏ ਦੇ ਗਜਾਂ ਵਿਚੋਂ ਲੰਘਾ ਦੂੰ ਸਾਲੇ ਨੂੰ ਤੀਹਰਾ ਕਰ ਕੇ!"

"ਤੂੰ ਹੱਥ ਤਾਂ ਲਾ ਕੇ ਦੇਖ" ਕੁੰਦਨ ਅੰਦਰੋਂ ਡਰਦਾ ਸੀ, ਪਰ ਉਤੋਂ ਭੁੜਕਦਾ ਸੀ।

"ਓ ਮਖਾਂ ਟਿਕ ਜਾ ਤੂੰ, ਟਿਕ ਜਾ ਨਾਈਆ ! ਲਹੂ ਦਾ ਤੁਬਕਾ ਨ੍ਹੀ ਡੁਲ੍ਹਣ ਦਊਂਗਾ ਭੁੰਜੇ – ਸੀਰਮੇ ਪੀ ਜੂੰ !" ਬਾਰੂ ਨੂੰ ਖਿਝ ਸੀ ਕਿ ਕੁੰਦਨ ਉਹਨੂੰ ਕਿਉਂ ਨਹੀਂ ਬਰਾਬਰ ਗਾਲ੍ਹ ਕੱਢ ਬੈਠਦਾ।

ਸੁਆਰੀਆਂ ਆਲੇ-ਦੁਆਲੇ ਖੜ੍ਹੀਆਂ ਦੋਹਾਂ ਦੇ ਮੂੰਹਾਂ ਵੱਲ ਤੱਕਦੀਆਂ ਸਨ।

"ਤੈਨੂੰ ਮੈਂ ਕੀ ਕਿਹੈ ? ਤੂੰ ਨ੍ਹਾਸਾਂ ਫੁਲਾਉਨੈ ਵਾਧੂ!" ਕੁੰਦਨ ਨੇ ਜ਼ਰਾ ਕੁ ਡਟ ਕੇ ਆਖਿਆ।

"ਸਵਾਰੀਆਂ ਪੱਟਦੈਂ ਤੂੰ ਮੇਰੀਆਂ!"

"ਮੈਂ ਤਾਂ ਹਾਕਾਂ ਮਾਰਦਾਂ – ਤੂੰ ਬੰਨ੍ਹ ਲੈ ਸਵਾਰੀਆਂ!"

"ਮੈਂ ਸਵੇਰ ਦਾ ਦੇਖਦਾ ਤੇਰੇ ਮੂੰਹ ਕੰਨੀ - ਬੋਦੀਆਂ ਪੁੱਟ ਦੂੰ!"

"ਪੱਟ ਦਏਂਗਾ ਤੂੰ ਬੋਦੀਆਂ...!" ਕੁੰਦਨ ਬਰਾਬਰ ਜਿਦਣ ਲੱਗਾ।

"ਸਵਾਰੀਆਂ ਬਠਾਇੰਗਾਂ ਤੂੰ ਮੇਰੀਆਂ ?"

"ਆਹੋ - ਬਠਾਊਂਗਾ!"

"ਬਠਾ ਫੇਰ ..." ਬਾਰੂ ਨੇ ਹੂਰਾ ਉੱਗਰ ਲਿਆ।

"ਆ ਬਾਬਾ ..." ਕੁੰਦਨ ਨੇ ਇਕ ਸਵਾਰ ਨੂੰ ਮੋਢੇ ਤੋਂ ਫੜਿਆ।

ਬਾਰੂ ਨੇ ਝੱਟ ਕੁੰਦਨ ਨੂੰ ਝੱਗੇ ਦੇ ਗਲਾਵੇਂ ਤੋ ਫੜ ਲਿਆ। ਕੁੰਦਨ ਨੇ ਵੀ ਬਾਰੂ ਨੂੰ ਹੱਥ ਪਾ ਲਏ। ਦੋਵੇਂ ਉਲਝ ਪਏ। ਫੜੋ-ਛੁਡਾਓ ਹੋਣ ਲੱਗੀ। ਅਖ਼ੀਰ ਹੋਰ ਤਾਂਗੇ ਵਾਲਿਆਂ ਤੇ ਸਵਾਰੀਆਂ ਨੇ ਦੋਹਾਂ ਨੂੰ ਛੁਡਾ ਦਿੱਤਾ ਤੇ ਅੱਡੇ ਦੇ ਠੇਕੇਦਾਰ ਨੇ ਦੋਹਾਂ ਨੂੰ ਘੂਰ-ਘੱਪ ਕਰ ਦਿੱਤੀ। ਸਾਰੇ ਲੋਕਾਂ ਇਹੋ ਆਖਿਆ ਕਿ ਸਵਾਰੀਆਂ ਬਾਰੂ ਦੇ ਹੀ ਤਾਂਗੇ ਵਿਚ ਬੈਠਣ। ਤਿੰਨ-ਤੁੰਨ ਆਨੇ ਐਵੇਂ ਵਾਧੂ ਗੱਲ ਐ- ਕਿਸੇ ਲੈਣੇ ਨਾ ਦੇਣੇ - ਕੁੰਦਨ ਨੂੰ ਸਾਰਿਆਂ ਥੋੜੀ ਜਿਹੀ ਫਿਟ-ਲਾਹਣਤੀ ਦਿੱਤੀ ਤੇ ਸਵਾਰੀਆਂ ਮੁੜ ਬਾਰੂ ਦੇ ਤਾਂਗੇ ਵਿਚ ਬਹਿ ਗਈਆਂ।

ਬਾਰੂ ਨੂੰ ਅੱਕਿਆ ਤੇ ਦੁਖੀ ਹੋਇਆ ਦੇਖ ਕੇ ਸਾਰਿਆਂ ਨੂੰ ਹੁਣ ਉਹਦੇ ਨਾਲ ਹਮਦਰਦੀ ਜਿਹੀ ਹੋ ਗਈ ਸੀ। ਸਾਰੇ ਰਲ-ਮਿਲ ਉਹਦਾ ਤਾਂਗਾ ਭਰਵਾ ਕੇ ਤੁਰਾਉਣਾ ਚਾਹੁੰਦੇ ਸਨ। ਸਵਾਰੀਆਂ ਨੇ ਵੀ ਕਹਿ ਦਿੱਤਾ ਕਿ ਚਲੋ ਉਹ ਹੋਰ ਘੜੀ ਪੱਛੜ ਲੈਣਗੇ, ਇਹ ਆਪਣਾ ਘਰ ਪੂਰਾ ਕਰ ਲਵੇ - ਇਹਨੇ ਵੀ ਪਸ਼ੂ ਦਾ ਢਿੱਡ ਭਰ ਕੇ ਰੋਟੀ ਖਾਣੀ ਐਂ ਗ਼ਰੀਬ ਨੇ।

ਏਨੇ ਨੂੰ ਬਜ਼ਾਰ ਵੱਲੋਂ ਆਉਂਦੇ ਪੁਲਸ ਦੇ ਹੌਲਦਾਰ ਨੇ ਨੇੜੇ ਆਉਂਦਿਆਂ ਪੁੱਛਿਆ, "ਉਏ ਤਾਂਗਾ ਹੈ ਤਿਆਰ ਕੋਈ ਖੰਨੇ ਨੂੰ ਮੁੰਡਿਓ?"

ਪਲ ਭਰ ਲਈ ਬਾਰੂ ਨੇ ਸੋਚਿਆ; 'ਆ ਗਈ ਮੁਫ਼ਤ ਦੀ ਬਗਾਰ - ਨਾ ਪੈਸਾ ਨਾ ਧੇਲਾ - ਪਰ ਝੱਟ ਹੀ ਉਹਨੇ ਸੋਚਿਆ ਕਿ ਨਾਂਹ ਤਾਂ ਪੁਲਸ ਨੂੰ ਕਰ ਨਹੀਂ ਹੁੰਦੀ, ਸੁਆਰੀਆਂ ਤਾਂ ਦੋ ਵੱਧ ਬਠਾ ਲਊਂਗਾਂ ਇਹਦੇ ਕਰਕੇ - ਨਹੀਂ ਭਾੜਾ ਦਊ, ਨਾ ਸਹੀ।' ਤੇ ਬਾਰੂ ਨੇ ਆਖਿਆ, "ਆਓ ਹੌਲਦਾਰ ਜੀ, ਤਿਆਰ ਈ ਖੜ੍ਹੈ ਤਾਂਗਾ, ਬੈਠੋ ਮੂਹਰੇ।"

ਹੌਲਦਾਰ ਤਾਂਗੇ ਵਿਚ ਬਹਿ ਗਿਆ। ਬਾਰੂ ਨੇ ਇਕ ਸਵਾਰ ਲਈ ਇਕ- ਦੋ ਤਕੜੇ ਹੋਕੇ ਲਾਏ।

ਇਕ ਲਾਲਾ ਬਜ਼ਾਰ ਵੱਲੋਂ ਆਇਆ ਤੇ ਬਿਨਾਂ ਪੁੱਛੇ ਬਾਰੂ ਦੇ ਤਾਂਗੇ ਵਿਚ ਆ ਚੜ੍ਹਿਆ। ਦੋ ਕੁ ਬੁੱਢੀਆਂ ਜਿਹੀਆਂ ਅੱਡੇ ਵੱਲ ਸੜਕੋ-ਸੜਕ ਆ ਰਹੀਆਂ ਸਨ। ਬਾਰੂ ਨੇ ਕਾਹਲੀ ਨਾਲ ਵਾਜ ਮਾਰ ਕੇ ਪੁੱਛਿਆ, "ਮਾਈ ਖੰਨੇ ਜਾਣੈ?" ਬੁੱਢੀਆਂ ਛੇਤੀ-ਛੇਤੀ ਪੈਰ ਪੁੱਟਣ ਲੱਗੀਆਂ ਤੇ ਇਕ ਨੇ ਹੱਥ ਉਲਾਰ ਕੇ ਆਖਿਆ, "ਬੇ ਖੜ੍ਹਾ ਬੀਰ ..."

"ਛੇਤੀ ਕਰੋ ਮਾਈ ਛੇਤੀ!" ਬਾਰੂ ਦੇ ਜਿਵੇਂ ਪੈਰ ਮਚਦੇ ਸਨ।

ਬੁੱਢੀਆਂ ਛੇਤੀ-ਛੇਤੀ ਆ ਕੇ ਤਾਂਗੇ ਵਿਚ ਬੈਠਣ ਲੱਗੀਆਂ, "ਵੇ ਭਾਈ ਕੀ ਲਏਂਗਾ?"

"ਬਹਿ ਜਾਓ ਮਾਈ ਕੇਰਾਂ ਝੱਟ ਦੇ ਕੇ - ਥੋਤੋਂ ਵੱਧ ਨ੍ਹੀ ਮੰਗਦਾ।"

ਅੱਠਾਂ ਸਵਾਰੀਆਂ ਨਾਲ ਤਾਂਗਾ ਭਰ ਗਿਆ। ਦੋ ਰੁਪਏ ਬਣ ਗਏ ਸਨ। ਤੁਰਦੇ ਤਰਾਉਂਦਿਆਂ ਕੋਈ ਹੋਰ ਭੇਜ ਦੂ ਮਾਲਕ - ਦੋ ਫੇਰੇ ਲੱਗ ਜਾਣ ਇਸੇ ਤਰ੍ਹਾਂ ....। ਬਾਰੂ ਨੇ ਠੇਕੇਦਾਰ ਨੂੰ ਮਸੂਲ ਦੇ ਦਿੱਤਾ।

"ਲੈ ਬਾਈ, ਹੁਣ ਨਾ ਪਾਧਾ ਪੁੱਛ.....!" ਪਹਿਲੀਆਂ ਸਵਾਰੀਆਂ ਵਿਚੋਂ ਇਕ ਨੇ ਕਿਹਾ।

"ਲਉ ਜੀ, ਬੱਸ, ਲੈਨੇ ਆਂ ਰੱਬ ਦਾ ਨਾਉਂ ...." ਬਾਰੂ ਘੋੜੇ ਦੀ ਪਿੱਠ ਉੱਤੇ ਥਾਪੀ ਮਾਰ ਕੇ ਬੰਬ ਨਾਲੋਂ ਰਾਸਾਂ ਖੋਲ੍ਹਣ ਲੱਗਾ।

ਫੇਰ ਉਹਨੂੰ ਚੇਤਾ ਆਇਆ; ਇਕ ਸਿਗਰਟ ਵੀ ਲੈ ਲਵੇ। ਇਕ ਪਲ ਲਈ ਖ਼ਿਆਲ ਵਿਚ, ਉਹਨੇ ਆਪਣੇ ਆਪ ਨੂੰ ਟੱਪ-ਟੱਪ ਤੁਰਦੇ ਤਾਂਗੇ ਦੇ ਬੰਬ ਉਤੇ ਤਣ ਕੇ ਬੈਠਿਆਂ ਧੂੰਏਂ ਦੇ ਫਰਾਟੇ ਮਾਰਦਾ ਤੱਕਿਆ ਤੇ ਉਹ ਭਰੇ ਹੋਏ ਤਾਂਗੇ ਨੂੰ ਛੱਡ ਕੇ ਕੈਂਚੀ ਦੀ ਸਿਗਰਟ ਖ਼ਰੀਦਣ ਲਈ ਫੜੀ ਵਾਲੇ ਕੋਲ ਚਲਾ ਗਿਆ।

ਭੁੱਖੀ ਡੈਣ ਵਾਂਗ, ਝੱਟ, ਅੰਬਾਲਿਓਂ ਲੁਧਿਆਣੇ ਜਾਣ ਵਾਲੀ ਬਸ ਤਾਂਗੇ ਦੇ ਸਿਰ ਉਤੇ ਆ

ਖੜ੍ਹੀ। ਪਲੋ-ਪਲੀ ਵਿਚ ਤਾਂਗੇ ਤੋਂ ਸਵਾਰੀਆਂ ਲਹਿ ਕੇ ਬੱਸ ਦੇ ਅੱਡੇ ਢਿੱਡ ਵਿਚ ਖਪ ਗਈਆਂ। ਅੱਡੇ ਵਿਚ ਹੂੰਝਾ ਫੇਰ ਕੇ ਡੈਣ ਵਾਂਗ ਚੰਘਿਆੜਦੀ ਬਸ ਅੱਗੇ ਤੁਰ ਗਈ। ਧੂੰਏਂ ਦੀ ਸੜ੍ਹਿਆਣ ਤੇ ਉਡੀ ਹੋਈ ਧੂੜ ਉਹਦੇ ਮੂੰਹ ਉਤੇ ਪੈ ਰਹੀ ਸੀ।

ਬਾਰੂ ਨੇ ਅੱਡੇ ਦੇ ਵਿਚਕਾਰ, ਪਰੈਣੀ ਉੱਚੀ ਕਰਕੇ, ਦਿਲ ਤੇ ਸਰੀਰ ਦੇ ਪੂਰੇ ਜ਼ੋਰ ਨਾਲ ਇਕ ਵਾਰ ਫੇਰ ਹੋਕਾ ਮਾਰਿਆ, "ਜਾਂਦਾ ਕੋਈ ਇਕ ਸਵਾਰ ਖੰਨੇ ਦਾ ਬਈ ਓ.....!"

********

## ਅਭਿਆਸ-ਪ੍ਰਸ਼ਨ

1. ਬਾਰੂ ਸਾਂਝਰੇ ਹੀ ਆਪਣਾ ਤਾਂਗਾ ਅੱਡੇ 'ਚ ਲਾਉਣ ਦੀ ਕਿਉਂ ਸੋਚਦਾ ਸੀ?
2. ਬਾਰੂ ਗੱਡੀ ਨੂੰ ਮਾਂ ਦੀ ਗਾਲ੍ਹ ਕਿਉਂ ਦਿੰਦਾ ਹੈ?
3. ਬਾਰੂ ਦਾ ਘੋੜਾ ਕਿਹੋ ਜਿਹਾ ਸੀ?
4. ਕੁੰਦਨ ਤੇ ਬਾਰੂ ਦਾ ਝਗੜਾ ਕਿਉਂ ਹੁੰਦਾ ਹੈ ਤੇ ਲੋਕਾਂ ਦੀ ਹਮਦਰਦੀ ਬਾਰੂ ਨਾਲ ਕਿਵੇਂ ਬਣੀ ਰਹਿੰਦੀ ਹੈ?
5. ਬਾਰੂ ਦਾ ਹੋਕਾ ਬਜਾਰ 'ਚ ਹਾਸੇ ਦਾ ਕਾਰਨ ਕਿਵੇਂ ਬਣ ਜਾਂਦਾ ਹੈ?
6. ਜਦੋਂ ਬੱਸ ਤਾਂਗੇ 'ਚ ਬੈਠੀਆਂ ਸਵਾਰੀਆਂ ਨੂੰ ਹੂੰਝਾ ਫੇਰ ਲੈ ਜਾਦੀ ਹੈ ਤਦੋਂ ਬਾਰੂ ਤੇ ਕੀ ਬੀਤਦੀ ਹੈ?
7. ਬਾਰੂ ਦੀ ਪਾਤਰ ਉਸਾਰੀ ਆਪਣੇ ਸ਼ਬਦਾਂ ਵਿੱਚ ਕਰੋ।
8. 'ਕੋਈ ਇੱਕ ਸਵਾਰ' ਕਹਾਣੀ ਸਾਨੂੰ ਕੀ ਸੁਨੇਹਾ ਦਿੰਦੀ ਹੈ?

BSER

# ਕੁਲਵੰਤ ਸਿੰਘ ਵਿਰਕ

ਕੁਲਵੰਤ ਸਿੰਘ ਵਿਰਕ ਪੰਜਾਬੀ ਕਹਾਣੀ ਖੇਤਰ ਵਿੱਚ ਕਿਸੇ ਜਾਣ-ਪਛਾਣ ਦਾ ਮੁਥਾਜ਼ ਨਹੀਂ। ਉਸ ਨੂੰ ਸਾਧਾਰਨ ਮਨੁੱਖ ਦੀ ਸਾਧਾਰਨਤਾ ਪੇਸ਼ ਕਰਨ ਵਾਲਾ ਕਹਾਣੀਕਾਰ ਵੀ ਕਿਹਾ ਜਾਂਦਾ ਹੈ। ਉਸ ਨੇ ਪੰਜਾਬੀ ਕਹਾਣੀ ਨੂੰ ਪਹਿਲੀ ਵਾਰ ਪੰਜਾਬੀਅਤ ਦੇ ਭਰਪੂਰ ਜਲੌਅ ਸਹਿਤ ਪੇਸ਼ ਕੀਤਾ। ਪੰਜਾਬੀ ਕਹਾਣੀ ਦੇ ਇਸ ਸ਼ਾਹਸਵਾਰ ਨੇ ਨਿੱਕੇ-ਨਿੱਕੇ ਵਾਕਾਂ ਵਾਲੀਆਂ ਭਾਵਪੂਰਤ ਕਹਾਣੀਆਂ ਲਿਖੀਆਂ ਹਨ, ਜਿਹੜੀਆਂ ਪਾਠਕ ਦੇ ਮਨ ਉਪੱਰ ਗਹਿਰਾ ਪ੍ਰਭਾਵ ਛੱਡਦੀਆਂ ਹਨ।

ਕੁਲਵੰਤ ਸਿੰਘ ਵਿਰਕ ਦਾ ਜਨਮ 21 ਮਾਰਚ 1921 ਨੂੰ ਪਿੰਡ ਫੁਲੇਰਨ ਜ਼ਿਲ੍ਹਾ ਸ਼ੇਖੂਪੁਰਾ(ਪਾਕਿਸਤਾਨ) ਵਿਖੇ ਪਿਤਾ ਆਸਾ ਸਿੰਘ ਦੇ ਘਰ ਹੋਇਆ। ਉਸ ਨੇ ਪੰਜਵੀਂ ਦੀ ਪੜ੍ਹਾਈ ਨਨਕਾਣਾ ਸਾਹਿਬ ਤੋਂ ਪਾਸ ਕੀਤੀ। ਮੈਟ੍ਰਿਕ ਦੀ ਪੜ੍ਹਾਈ ਸ਼ੇਖੂਪੁਰਾ ਤੇ ਬੀ.ਏ., ਐੱਸ.ਡੀ. ਕਾਲਜ, ਲਾਹੌਰ ਤੋਂ ਪ੍ਰਾਪਤ ਕੀਤੀ। ਐਮ.ਏ. ਅੰਗਰੇਜ਼ੀ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਕੀਤੀ। ਕਾਨੂੰਨ ਦੀ ਡਿਗਰੀ ਲੈਣ ਉਪਰੰਤ ਉਹ ਫ਼ੌਜ ਵਿੱਚ ਭਰਤੀ ਹੋ ਗਿਆ। ਦੇਸ਼ ਵੰਡ ਤੋਂ ਬਾਅਦ ਉਸ ਦੀ ਡਿਊਟੀ ਸਾਬਕਾ ਫੌਜ਼ੀ ਹੋਣ ਨਾਤੇ ਉਧਾਲੇ ਗਏ ਹਿੰਦੂ-ਸਿੱਖ ਪਰਿਵਾਰਾਂ ਦੀ ਸਾਂਭ-ਸੰਭਾਲ ਵਿੱਚ ਲੱਗੀ। ਉਸ ਨੇ ਭਾਰਤ ਸਰਕਾਰ ਦੇ ਸੂਚਨਾ ਮਹਿਕਮੇ ਵਿੱਚ ਇਨਫ਼ਰਮੇਸ਼ਨ ਅਫ਼ਸਰ ਵਜੋਂ ਵੀ ਭੂਮਿਕਾ ਨਿਭਾਈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚ ਵੀ ਜੁਆਇੰਟ ਡਾਇਰੈਕਟਰ ਵਜੋਂ ਸ਼ਾਨਦਾਰ ਭੂਮਿਕਾ ਨਿਭਾਈ। 24 ਦਸੰਬਰ 1987 ਨੂੰ ਬੀਮਾਰੀ ਨਾਲ ਉਹਨਾਂ ਦੀ ਮੌਤ ਹੋ ਗਈ।

'ਛਾਹ ਵੇਲਾ', 'ਧਰਤੀ ਤੇ ਆਕਾਸ਼', 'ਤੂੜੀ ਦੀ ਪੰਡ', 'ਏਕਸ ਕੇ ਹਮ ਬਾਰਿਕ', 'ਦੁੱਧ ਦਾ ਛੱਪੜ', 'ਗੋਲ੍ਹਾਂ', 'ਨਵੇਂ ਲੋਕ', 'ਆਤਿਸ਼ਬਾਜ਼ੀ' ਆਦਿ ਉਸ ਦੇ ਪ੍ਰਸਿੱਧ ਕਹਾਣੀ ਸੰਗ੍ਰਹਿ ਹਨ। ਉਸ ਦੇ ਕਹਾਣੀ ਸੰਗ੍ਰਹਿ 'ਨਵੇਂ ਲੋਕ' ਨੂੰ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਹਾਸਿਲ ਹੋਣਾ, ਉਸ ਦੀ ਕਥਾ ਕਲਾ ਦਾ ਪ੍ਰਮਾਣ ਹੈ। ਉਸ ਨੇ ਪੰਜਾਬੀ ਜੀਵਨ ਬਾਰੇ ਡੂੰਘੀਆਂ, ਮਾਇਨੇਖ਼ੇਜ ਤੇ ਸਦੀਵੀਂ ਅਰਥਾਂ ਵਾਲੀਆਂ ਕਹਾਣੀਆਂ ਦੀ ਰਚਨਾ ਕਰਕੇ, ਕਹਾਣੀ ਪਿੜ ਵਿੱਚ ਨਵੀਂ ਲੀਹ ਤੋਰੀ। ਉਸ ਦੀਆਂ ਕਹਾਣੀਆਂ ਕਲਾਤਮਕ ਪੱਖੋਂ ਨਵੀਆਂ ਸਥਾਪਨਾਵਾਂ ਸਿਰਜਦੀਆਂ ਹਨ। ਸ਼ਾਇਦ ਇਹ ਹੀ ਕਾਰਣ ਹੈ ਕਿ ਉਹ ਨਿਰੰਤਰ ਵੱਡੇ ਪਾਠਕ ਸਮੂਹ ਦੁਆਰਾ ਹੁਣ ਤੱਕ ਪੜ੍ਹਿਆ ਜਾ ਰਿਹਾ ਹੈ।

ਉਸ ਦੀਆਂ ਕਹਾਣੀਆਂ ਦੇਸ਼ ਵੰਡ ਨਾਲ ਸੰਬੰਧਿਤ ਵੇਲੇ ਦੇ ਮਾਰਮਿਕ ਹਾਲਾਤਾਂ ਅਤੇ ਮਨੁੱਖੀ ਮਨ ਦੀਆਂ ਸੂਖ਼ਮ ਤੈਹਾਂ ਨੂੰ ਸਾਡੇ ਸਨਮੁੱਖ ਕਰਦੀਆਂ ਹਨ। ਵੰਡ ਦੇ ਦੁਖਾਂਤ ਨੂੰ ਆਪਣੇ ਪਿੰਡੇ ਉਪਰ ਹੰਢਾਉਣ ਵਾਲੇ ਪਾਤਰਾਂ ਦੀ ਉਸਾਰੀ, ਆਪਣੀਆਂ ਕਹਾਣੀਆਂ ਵਿੱਚ ਬਹੁਤ ਹੀ ਸ਼ਿੱਦਤ ਨਾਲ ਪੇਸ਼ ਕਰਨਾ ਉਸ ਦੀ ਕਹਾਣੀ ਕਲਾ ਦਾ ਪ੍ਰਮਾਣ ਹੈ।

BSEP

# 4. ਮੈਨੂੰ ਜਾਣਨੈ ?

ਮੈਨੂੰ ਟੋਕਰੀ ਵਿੱਚ ਫਲ ਪੁਆਂਦਿਆਂ ਵੇਖ ਕੇ ਉਹ ਚੁਕਣ ਲਈ ਦੁਕਾਨ ਤੇ ਆ ਖਲੋਤਾ।

"ਟੋਕਰੀ ਚੁਕਾਣੀ ਏਂ ?" ਉਸ ਹੌਲੀ ਜਿਹੀ ਪੁੱਛਿਆ।

ਇਹੋ ਜਿਹੀ ਦਿਸਣੀ ਵਾਲੇ ਚਿਹਰੇ ਵਿੱਚੋ ਮੈਨੂੰ ਇਸ ਤੋਂ ਉੱਚੀ ਆਵਾਜ਼ ਆਉਣ ਦੀ ਓਮੀਦ ਵੀ ਨਹੀਂ ਸੀ। ਓਪਰੀ ਜਿਹੀ ਨਜ਼ਰ ਨਾਲ ਵੇਖਿਆ ਵੀ ਇਹ ਦਿਸ ਪੈਂਦਾ ਸੀ ਕਿ ਉਸ ਦੇ ਹੋਸ਼ ਹਵਾਸ ਬਹੁਤੇ ਟਿਕਾਣੇ ਨਹੀ। ਅਸਲੋਂ ਹੀ ਮੁਰਦਾ ਦਿਲ ਜਾਪਦਾ ਸੀ।

ਮੈ ਨਾਂਹ ਕਰ ਦਿੱਤੀ। ਉਸ ਨੂੰ ਆਪਣੇ ਨਾਲ ਤੋਰਨ ਨੂੰ ਮੇਰਾ ਜੀ ਨਹੀਂ ਕਰਦਾ ਸੀ। ਜੇ ਉਸ ਨੂੰ ਅਜੇ ਵੀ ਮਨੁੱਖ ਕਿਹਾ ਜਾ ਸਕਦਾ ਸੀ ਤਾਂ ਉਹ ਮਨੁੱਖਤਾ ਦਾ ਬੜਾ ਮਿਧਿਆ ਹੋਇਆ ਨਮੂਨਾ ਸੀ। ਜ਼ਿੰਦਗੀ ਉਸ ਵਿੱਚ ਇੰਨੀ ਕੁ ਹੀ ਸੀ ਜਿੰਨੀ ਮਾਂਹ ਦੇ ਦਾਣੇ ਤੇ ਸਫ਼ੈਦੀ। ਉਸ ਦੇ ਮੱਥੇ, ਬੁੱਲ੍ਹ , ਧੌਣ, ਕਪੜੇ, ਪੈਰ ਸਾਰਿਆਂ ਤੇ ਜਿਵੇਂ ਇੱਕ ਸੁਹਾਗਾ ਵੱਜ ਗਿਆ ਹੋਇਆ ਸੀ। ਉਹਨਾਂ ਵਿੱਚੋਂ ਕੋਈ ਵੀ ਵੇਖਣ ਵਾਲੇ ਦੇ ਦਿਲ ਨੂੰ ਆਵਾਜ਼ ਨਹੀਂ ਮਾਰਦਾ ਸੀ। ਉਸ ਨਾਲ ਗੱਲ ਕੀਤਿਆਂ ਜਵਾਬ ਆਉਣ ਦੀ ਉਮੀਦ ਨਹੀਂ ਸੀ। ਸਾਮਾਨ ਚੁੱਕ ਕੇ ਨਾਲ ਤੁਰਨ ਵਾਲਾ ਵੀ ਤੇ ਆਖਰ ਸਾਥੀ ਹੀ ਹੁੰਦਾ ਹੈ। ਤੁਸੀਂ ਕਿਸੇ ਬੰਦੇ ਨੂੰ ਸਾਮਾਨ ਚੁੱਕਾ ਕੇ ਜਾਂ ਉਸ ਨਾਲ ਇਕ ਤਰ੍ਹਾਂ ਨਿਰਸੰਬੰਧ ਹੋ ਕੇ ਨਹੀਂ ਤੁਰ ਸਕਦੇ, ਜਿਵੇਂ ਖੋਤੇ ਜਾਂ ਮੋਟਰ ਤੇ ਸਾਮਾਨ ਰੱਖਿਆ ਹੋਇਆ ਹੁੰਦਾ ਹੈ। ਉਸ ਦੀ ਹੋਂਦ ਦਾ ਪ੍ਰਭਾਵ ਤੁਹਾਡੇ ਤੇ ਪੈਂਦਾ ਰਹਿੰਦਾ ਹੈ।

ਮੇਰੇ ਨਾਂਹ ਕਰਨ ਦਾ ਉਸ ਤੇ ਅਸਲੋਂ ਕੋਈ ਅਸਰ ਨਾ ਹੋਇਆ। ਪਤਾ ਨਹੀਂ ਉਸ ਨੇ ਸੁਣਿਆ ਵੀ ਕਿ ਨਾ। ਮੈਨੂੰ ਉਸ ਦੀ ਸੁਣਨ, ਬੋਲਣ, ਵੇਖਣ ਕਿਸੇ ਵੀ ਸ਼ਕਤੀ ਤੇ ਕੋਈ ਵੀ ਵਿਸ਼ਵਾਸ਼ ਨਹੀਂ ਸੀ। ਉਸ ਨੂੰ ਅਜੇ ਵੀ ਉੱਥੇ ਖਲੋਤਾ ਵੇਖ ਕੇ ਦੁਕਾਨਦਾਰ ਮੈਨੂੰ ਖੁਸ਼ ਕਰਨ ਲਈ ਉਸ ਨਾਲ ਤੱਤਾ ਹੋਣ ਲੱਗ ਪਿਆ। ਉਸ ਦੀ ਬੇਇਜ਼ਤੀ ਦਾ ਕਾਰਨ ਬਣ ਕੇ ਮੈਨੂੰ ਅਫ਼ਸੋਸ ਹੋਇਆ। ਆਖ਼ਰ ਮੈਂ ਕਿਸੇ ਨੂੰ ਤੇ ਫਲ ਚੁਕਾਣੇ ਹੀ ਸਨ। ਚਲੋ ਇਸੇ ਨੂੰ ਹੀ ਚੁਕਾ ਲੈਂਦੇ ਹਾਂ। ਮੈਂ ਮੰਨ ਗਿਆ।

ਅਸੀਂ ਟੁਰ ਪਏ। ਟੁਰਦਿਆਂ ਟੁਰਦਿਆਂ ਮੈ ਇਹ ਜਾਨਣ ਲਈ ਕਾਹਲਾ ਪੈ ਗਿਆ ਕਿ ਕਿਸ ਗੱਲ ਨੇ ਉਸ ਨੂੰ ਇਸ ਤਰ੍ਹਾਂ ਰਗੜ ਸੁੱਟਿਆ ਸੀ। ਭੁੱਖ ਨੰਗ ਦੇ ਮਿੱਧੇ ਹੋਏ ਲੋਕ ਮੈਂ ਅੱਗੇ ਵੇਖੇ ਸਨ। ਉਹਨਾਂ ਵਿੱਚੋਂ ਤਾਂ ਕਈਆਂ ਨੂੰ ਇਸ ਨਾਲ ਹੋਰ ਵੀ ਬਲ ਮਿਲ ਜਾਂਦਾ ਹੈ। ਤੇ ਉਹ ਹੋਰ ਵੀ ਵਧੇਰੇ ਚੇਤਨ ਹੋ ਜਾਂਦੇ ਨੇ। ਨਹੀਂ ਇਹ ਉਹਨਾਂ ਵਿੱਚੋਂ ਨਹੀਂ ਸੀ। ਉਸ ਨੂੰ ਤੇ ਸ਼ਾਇਦ ਇਹ ਵੀ ਪਤਾ ਨਹੀਂ ਸੀ ਕਿ ਉਹ ਕੁਮਲਾ ਗਿਆ ਹੈ। ਪੈਰ ਪੈਰ ਤੇ ਮੈਨੂੰ ਡਰ ਲੱਗਦਾ ਸੀ ਕਿ ਉਹ ਕਿਧਰੇ ਮੋਟਰ ਟਾਂਗੇ ਥੱਲੇ ਨਾ ਆ ਜਾਵੇ।

"ਤੂੰ ਇੱਥੋਂ ਦਾ ਹੈ ਕਿ ਉਧਰੋਂ ਆਇਆ ਏਂ ?" ਮੈਂ ਗੱਲ ਛੇੜ ਦਿੱਤੀ। 'ਉਧਰੋਂ' ਤੋਂ ਮੇਰਾ ਭਾਵ ਪਾਕਿਸਤਾਨ ਤੋਂ ਸੀ।

ਉਸ ਨੇ ਮੇਰੀ ਗੱਲ ਨਾ ਗੌਲੀ । ਮੇਰੇ ਸੁਆਲਾਂ ਦਾ ਜੁਆਬ ਦੇਣ ਨੂੰ ਉਹ ਕੋਈ ਕਾਹਲਾ ਨਹੀਂ ਸੀ। ਜਾਂ ਤੇ ਉਹ ਸੁਣਦਾ ਨਹੀਂ ਸੀ ਜਾਂ ਸੁਣ ਕੇ ਸਮਝਦਾ ਨਹੀਂ ਸੀ। ਪਿਛਲੀ ਗੱਲ ਸੱਚਾਈ ਦੇ ਵਧੇਰੇ ਨੇੜੇ ਦਿਸਦੀ ਸੀ। ਬਾਹਰਲੀਆਂ ਅਵਾਜ਼ਾਂ ਉਸ ਦੇ ਦਿਮਾਗ ਵਿੱਚ ਖੁੱਭ ਕੇ ਕੋਈ ਜਵਾਬ ਕੱਢਣ ਦੀ ਥਾਂ ਇਧਰ ਉਧਰ ਤਿਲਕ ਜਾਂਦੀਆਂ ਜਿਵੇਂ ਬਤਖ਼ ਦੇ ਪਿੰਡੇ ਤੋਂ ਪਾਣੀ। ਬੜੀ ਮੁਸ਼ਕਲ ਨਾਲ ਮੈਂ ਕੁਝ ਗੱਲਾਂ ਉਸ ਦੇ ਅੰਦਰੋਂ ਖੁਰਚੀਆਂ।

"ਤੂੰ ਪਾਕਿਸਤਾਨ ਵਿੱਚੋਂ ਆਇਆ ਹੋਇਆ ਏਂ ?"

"ਆਹੋ।"

"ਕਿਹੜੇ ਥਾਓਂ ?"

"ਸਾਂਗਲਿਓਂ।"

"ਇੱਥੇ ਕੀ ਕਰਨਾ ਏਂ ?"

"ਕੁਝ ਵੀ ਨਹੀਂ।"

"ਰਾਤ ਸੌਂਦਾ ਕਿਥੇ ਵੇ ?"

"ਏਥੇ ਈ ਸੜਕ ਤੇ ਸੌਂ ਰਹਿਨਾਂ ਵਾਂ!"

"ਰੋਟੀ ਕਿਥੋਂ ਖਾਨਾਂ ਏ ?"

"ਕਿਸੇ ਤਨੂਰ ਤੋਂ ਖਾ ਲੈਨਾਂ, ਦੋ ਆਨਿਆਂ ਦੀ।"

"ਤੇਰੀ ਵਹੁਟੀ, ਧੀ, ਪੁੱਤ੍ਰ, ਭੈਣ , ਭਰਾ ਕੁਝ ਨਹੀਂ ?"

"ਊਹੂੰ!" ਉਸ ਨੇ ਸਿਰ ਫੇਰ ਦਿੱਤਾ।

"ਤੂੰ ਦਿਹਾੜੀ ਵਿੱਚ ਕਿੰਨੇ ਪੈਸੇ ਖੱਟ ਲੈਨਾ ਏਂ ?"

"ਇਹੋ ਪੰਜ ਸੱਤ ਆਨੇ।"

ਉਹ ਸਾਂਗਲੇ ਤੋਂ ਆਇਆ ਸੀ। ਮੈਂ ਸੁਣਿਆ ਹੋਇਆ ਸੀ ਕਿ ਸਾਂਗਲੇ ਇੱਕ ਪਹਾੜੀ ਹੈ, ਜਿਸ ਤੋਂ ਪੱਥਰ ਕੱਟ ਕੇ ਗੱਡੀ ਦੀਆਂ ਲਾਈਨਾਂ ਤੇ ਵਿਛਾਇਆ ਜਾਂਦਾ ਹੈ। ਇਸੇ ਲਈ ਉਸ ਨੂੰ ਸਾਂਗਲਾ ਹਿੱਲ ਵੀ ਆਖਦੇ ਸਨ। "ਤੂੰ ਉੱਥੇ ਸਾਂਗਲੇ ਕਦੀ ਪਹਾੜੀ ਤੇ ਚੜ੍ਹਿਆ ਸੈ ?" ਮੈਂ ਗੱਲ ਟੋਰੀ ਰੱਖਣ ਲਈ ਕਿਹਾ।

"ਹੈਂ ?"

"ਤੂੰ ਸਾਂਗਲੇ ਤੋਂ ਆਇਆ ਏਂ ਨਾ। ਉੱਥੇ ਜਿਹੜੀ ਪਹਾੜੀ ਸੀ ਤੂੰ ਕਦੀਂ ਉਸ ਤੇ ਚੜ੍ਹਿਆ ਸੈਂ ?"

"ਤੂੰ ਮੈਨੂੰ ਜਾਣਨੈ ?" ਉਸ ਚਾਅ ਨਾਲ ਉੱਛਲ ਕੇ ਕਿਹਾ। ਪਹਾੜੀ ਨਾਲ ਜੋੜਿਆਂ ਜਿਵੇਂ ਉਸ ਨੂੰ ਅੰਮ੍ਰਿਤ ਦਾ ਟੀਕਾ ਲੱਗ ਗਿਆ ਹੋਵੇ। ਆਪਣੇ ਸਾਂਗਲੇ ਤੋਂ ਆਉਣ ਦੀ ਗੱਲ ਉਸ ਆਪ ਮੈਨੂੰ ਦੱਸੀ ਸੀ, ਇਹ ਉਸ ਨੂੰ ਯਾਦ ਨਹੀਂ ਸੀ ਰਿਹਾ।

"ਆਹੋ ਮੈਂ ਤੈਨੂੰ ਉੱਥੇ ਵੇਖਿਆ ਏ।" ਮੈਂ ਉਸ ਦਾ ਦਿਲ ਨਹੀਂ ਤੋੜਨਾ ਚਾਹੁੰਦਾ ਸਾਂ।

"ਹਲਾ!" ਉਸ ਦੇ ਮੂੰਹ 'ਤੇ ਖੇੜਾ ਖੇਡ ਰਿਹਾ ਸੀ। ਉਸ ਸਿਰ ਤੋ ਪੈਰਾਂ ਤੱਕ ਮੈਨੂੰ ਚੰਗੀ ਤਰ੍ਹਾਂ ਵੇਖਿਆ ਤੇ ਫਿਰ ਆਪਣੇ ਆਪ ਨੂੰ। ਜਦ ਦਾ ਉਹ ਮੇਰੇ ਨਾਲ ਤੁਰਿਆ ਸੀ, ਪਹਿਲੀ ਵਾਰ ਉਸ ਨੇ ਕੁਝ



BSER

ਦੇਖਣ ਦੀ ਕੋਸ਼ਿਸ਼ ਕੀਤੀ ਸੀ।

"ਤੂੰ ਮੈਨੂੰ ਉੱਥੇ ਵੇਖਿਐ ?" ਉਸ ਮੇਰੀ ਕੀਤੀ ਹੋਈ ਗੱਲ ਨੂੰ ਫੇਰ ਦੁਹਰਾਇਆ।

"ਆਹੋ।"

"ਮੈਨੂੰ ਤੇ ਨਹੀਂ ਤੇਰਾ ਚੇਤਾ ਆਉਂਦਾ।"

"ਤੈਨੂੰ ਨਹੀਂ ਆਉਂਦਾ ਪਰ ਮੈਂ ਤੈਨੂੰ ਉੱਥੇ ਵੇਖਿਐ।"

ਇੰਨੇ ਨੂੰ ਅਸੀਂ ਘਰ ਅੱਪੜ ਪਏ। ਮੈਂ ਉਸ ਦੀ ਮਜ਼ਦੂਰੀ ਦਿੱਤੀ!

"ਇੱਕ ਗੱਲ ਹੋਰ ਏ।"

"ਕੀ ?"

"ਮੈਨੂੰ ਕੋਈ ਪੁਰਾਣਾ ਕਮੀਜ਼ ਪਜਾਮਾ ਦੇਹ।"

ਨਵੀਂ ਗੰਢੀ ਵਾਕਫ਼ੀ ਕਰ ਕੇ ਮੈਂ ਉਸ ਨੂੰ ਨਾਂਹ ਨਹੀਂ ਕਰ ਸਕਦਾ ਸਾਂ। ਇੱਕ ਪੁਰਾਣੀ ਕਮੀਜ਼ ਤੇ ਪਜਾਮਾ ਮੈਂ ਅੰਦਰੋਂ ਲਿਆ ਕੇ ਉਸ ਨੂੰ ਦੇ ਦਿੱਤਾ। ਉਹ ਖ਼ੁਸ਼ੀ ਖ਼ੁਸ਼ੀ ਪਿਛਾਂਹ ਮੁੜ ਗਿਆ। ਉਸ ਦਾ ਪੈਰ ਹੁਣ ਕੁਝ ਤ੍ਰਿੱਖਾ ਸੀ।

ਤਿੰਨ ਚਾਰ ਦਿਨ ਲੰਘ ਗਏ। ਇੱਕ ਦਿਨ ਉਹ ਮੇਰੇ ਘਰ ਆ ਕੇ ਵਾਜਾਂ ਮਾਰਨ ਲੱਗ ਪਿਆ। ਮੈਂ ਬਾਹਰ ਆਇਆ ਤੇ ਉਸ ਨੂੰ ਵੇਖ ਕੇ ਹੈਰਾਨ ਰਹਿ ਗਿਆ। ਉਹ ਪਹਿਲੇ ਨਾਲੋਂ ਬਹੁਤ ਬਦਲਿਆ ਹੋਇਆ ਸੀ। ਉਸ ਨੇ ਮੇਰਾ ਦਿੱਤਾ ਹੋਇਆ ਕਮੀਜ਼ ਪਜਾਮਾ ਪਾਇਆ ਹੋਇਆ ਸੀ। ਉਸ ਦਾ ਮੂੰਹ ਅੱਖਾਂ ਨੱਕ ਸਭ ਨਿਖਰੇ ਹੋਏ ਸਨ। ਕੋਲ ਹੀ ਉਸ ਨੇ ਇੱਕ ਸਾਈਕਲ ਰਿਕਸ਼ਾ ਖੜੀ ਕੀਤੀ ਹੋਈ ਸੀ।

"ਸੈਰ ਕਰਨ ਜਾਣੈ ?" ਉਸ ਪੁੱਛਿਆ। ਓਹੁ ਹੁਣ ਰਿਕਸ਼ਾ ਵਾਹੁਣ ਲੱਗ ਪਿਆ ਸੀ ਤੇ ਆਪਣੇ ਰਿਕਸ਼ੇ ਤੇ ਬਿਠਾ ਕੇ ਮੈਨੂੰ ਇੱਧਰ ਉਧਰ ਘੁੰਮਾਣਾ ਚਾਹੁੰਦਾ ਸੀ। "ਨਹੀਂ ਭਾਈ ਮੈਂ ਵਾਂਢੇ ਜਾਣੈ। ਹੁਣ ਸਾਮਾਨ ਬੰਨ੍ਹ ਰਿਹਾ ਹਾਂ ਦਸਾਂ ਦਿਨਾਂ ਨੂੰ ਮੁੜ ਕੇ ਆਵਾਂਗਾ, ਫਿਰ ਤੇਰੇ ਨਾਲ ਸੈਰ ਕਰਨ ਚਲਾਂਗਾ।"

ਦਸਾਂ ਦਿਨਾਂ ਪਿਛੋਂ ਉਹ ਫਿਰ ਆਇਆ। ਮੈਂ ਉਸ ਦੇ ਰਿਕਸ਼ੇ ਤੇ ਬੈਠ ਗਿਆ। "ਕਿਥੇ ਦੀ ਸੈਰ ਕਰਨੀ ਏਂ ?" ਉਸ ਪੁੱਛਿਆ। ਮੈਂ ਕਿਹਾ "ਜਿੱਥੇ ਸਲਾਹ ਈ ਲੈ ਚਲ।"

ਇੱਕ ਗਲੀ ਵਿੱਚ ਜਾ ਕੇ ਉਸ ਨੇ ਰਿਕਸ਼ਾ ਖੜੀ ਕਰ ਦਿੱਤੀ। ਉਸ ਜੰਦਰਾ ਖੋਲ੍ਹਿਆ ਅਸੀਂ ਇੱਕ ਕੋਠੇ ਵਿੱਚ ਵੜ ਗਏ। ਉਥੇ ਇਕ ਮੰਜੀ ਡੱਠੀ ਹੋਈ ਸੀ। ਇਕ ਕੰਧ ਤੇ ਇਕ ਲਾਲਟੈਣ ਟੰਗੀ ਹੋਈ ਸੀ ਤੇ ਪੁਰਾਣੇ ਰਸਾਲਿਆਂ ਤੇ ਅਖ਼ਬਾਰਾਂ ਵਿੱਚੋਂ ਪਾੜੀਆਂ ਹੋਈਆਂ ਐਕਟ੍ਰੈਸਾਂ ਦੀਆਂ ਕੁਝ ਤਸਵੀਰਾਂ ਲੱਗੀਆਂ ਹੋਈਆਂ ਸਨ। ਮੈਂ ਮੰਜੀ 'ਤੇ ਬੈਠ ਗਿਆ।

"ਇਹ ਕੋਠਾ ਤੇਰਾ ਏ ?" ਮੈਂ ਪੁੱਛਿਆ।

"ਇਹ ਮੈਂ ਕਿਰਾਏ ਤੇ ਲਿਆ ਏ। ਮੈਂ ਕਿਹਾ ਤੈਨੂੰ ਸੈਰ ਕਰਾਣ ਲਿਆਵਾਂਗਾ ਕਿਥੇ। ਇਸ ਰਿਕਸ਼ੇ ਵਿੱਚੋਂ ਮੈਨੂੰ ਦੋ ਤਿੰਨ ਰੁਪਏ ਰੋਜ਼ ਬਚ ਜਾਂਦੇ ਨੇ। ਕਿਰਾਇਆ ਕਰ੍ਹਆ ਦੇ ਲਵਾਂਗੇ।"

"ਉਧਰ ਕੀ ਕੰਮ ਕਰਦਾ ਸੈਂ ਤੂੰ ?"

"ਉਧਰ ਮੈਂ ਕਈ ਕੰਮ ਕੀਤੇ, ਮੇਰਾ ਪਿਓ ਆਪਣੇ ਪਿੰਡ ਵਿੱਚ ਖੱਡੀ ਉਣਦਾ ਸੀ। ਪਹਿਲੇ ਮੈਂ ਖੱਡੀ ਉਣਨੀ ਸਿੱਖੀ। ਫਿਰ ਖੱਡੀਆਂ ਛੱਡ ਕੇ ਬਕਰੀਆਂ ਪਾਲੀਆਂ। ਫਿਰ ਮੇਰਾ ਪਿਓ ਮਰ ਗਿਆ। ਹੋਰ ਕੋਈ ਭੈਣ ਭਰਾ ਹੈ ਨਹੀਂ ਸੀ। ਉਹ ਹੱਟੀ ਚੁਕ ਕੇ ਮੈਂ ਸਾਂਗਲੇ ਸ਼ਹਿਰ ਲੈ ਆਂਦੀ ਤੇ ਉਥੇ ਹੀ ਮਿਸਰੀ ਨਸ਼ਾਦਰ ਦੇ ਡੱਬੇ ਪੀਪੇ ਭਰੇ ਭਰਾਇ ਛਡ ਕੇ ਇਧਰ ਆ ਗਿਆ। ਫਿਰ ਹੁਣ ਤੂੰ ਮਿਲ ਪਿਉਂ।"

"ਤੂੰ ਹੁਣ ਵਿਆਹ ਕਰਾ ਲੈ।" ਮੈਂ ਦਵਾਲੇ ਦੀ ਸੁੰਞ ਅਨੁਭਵ ਕਰਦਿਆਂ ਹੋਇਆਂ ਮਸ਼ਵਰਾ ਦਿੱਤਾ।

"ਵਿਆਹ ਤੇ ਮੈਂ ਉਧਰ ਵੀ ਕਰਾਇਆ ਸੀ। ਇੱਕ ਦਿਨ ਮੈਂ ਉਹਨੂੰ ਦੋ ਚਪੇੜਾਂ ਮਾਰ ਬੈਠਾ, ਰੋਣ ਪਿਟਣ ਲਗ ਪਈ। ਆਂਢ ਗੁਆਂਢ ਨੂੰ ਰੋ ਰੋ ਸੁਣਾਏ। ਆਖੇ ਮੈਂ ਮੁਫ਼ਤ ਲਭੀਆਂ ਤਾਂਹੀਓ ਈ ਤੇ ਮਾਰਦਾ ਏ। ਜੇ ਪੈਸੇ ਖ਼ਰਚ ਕੇ ਲਿਆਂਦੀ ਹੁੰਦੀ ਤਾਂ ਕਾਹਤੋਂ ਮਾਰਦਾ। ਅਗਲੇ ਦਿਨ ਉਹ ਪੇਕਿਆਂ ਦੇ ਘਰ ਟੁਰ ਗਈ। ਬਸ ਫਿਰ ਨਹੀਂ ਆਈ। ਹੁਣ ਜੇ ਵਿਆਹ ਕਰਾਇਆ ਤਾਂ ਪੈਸੇ ਦੇ ਕੇ ਹੀ ਕਰਾਂਗੇ। ਉਂਜ ਵੀ ਕਿਹੜਾ ਸਾਡੇ ਲਈ ਕੋਈ ਮੁਫ਼ਤ ਸਾਕ ਲਈ ਬੈਠਾ ਏ। ਏਧਰ ਆ ਕੇ ਵਰ੍ਹਿਆਂ ਪਿਛੋਂ ਤੇ ਸਿਞਾਣੂ ਬੰਦਾ ਮੱਥੇ ਲੱਗਾ ਏ। ਬਸ ਕੁਝ ਕਰੋ ਕੁਝ ਨਾ ਕਰੋ, ਕੋਈ ਵੇਖਦਾ ਈ ਨਹੀਂ, ਕੋਈ ਸਿਞਾਂਣਦਾ ਹੀ ਨਹੀਂ। ਪਤਾ ਨਹੀਂ ਲੋਕ ਕਿਧਰ ਨੂੰ ਲੱਗ ਗਏ ਨੇ। ਵਿਆਹ ਤੇ ਹੁਣ ਮੈਂ ਕਰਾ ਲੈਣੈ, ਬਸ ਪੈਸੇ ਇੱਕਠੇ ਹੋਣ ਦੀ ਡੇਰ ਏ।"

"ਜਦੋਂ ਦਾ ਤੂੰ ਇਧਰ ਆਇਆ ਏਂ, ਜੇ ਉਦੋਂ ਦਾ ਲੱਗਾ ਹੁੰਦਾ ਤਾਂ ਹੁਣ ਨੂੰ ਦੋ ਵਹੁਟੀਆਂ ਜੋਗੇ ਪੈਸੇ ਬਣਾ ਲੈਣੇ ਸਨ।" ਮੈਂ ਉਸ ਨੂੰ ਹੱਲਾ ਸ਼ੇਰੀ ਦਿੰਦੇ ਹੋਏ ਕਿਹਾ।

"ਕੋਈ ਸੁਰ ਈ ਨਹੀਂ ਲੱਗਾ। ਮੈਨੂੰ ਤੇ ਸੁਰਤ ਈ ਹੁਣ ਆਈ ਏ, ਜਿਉਂ ਦਾ ਪਰਾ ਟੱਪਿਆਂ। ਮੈਨੂੰ ਤੇ ਜਾਣਦਾ ਹੀ ਕੋਈ ਨਹੀਂ ਸੀ।"

********

## ਅਭਿਆਸ-ਪ੍ਰਸ਼ਨ

1. ਮੈਂ ਪਾਤਰ ਕਹਾਣੀ ਦੇ ਅਰੰਭ ਵਿੱਚ ਉਸ ਬਾਰੇ ਕੀ ਸੋਚਦਾ ਹੈ ?

2. ਮੈਂ ਪਾਤਰ ਉਸ ਬਾਰੇ ਕਿਹੜੀ ਗੱਲ ਜਾਣਨਾ ਚਾਹੁੰਦਾ ਹੈ ?

3. ਉਹ ਕਿੱਥੋਂ ਦਾ ਰਹਿਣ ਵਾਲਾ ਸੀ ?

4. ਮੈਂ ਪਾਤਰ ਨੇ ਸਾਂਗਲੇ ਸੰਬੰਧੀ ਕੀ ਸੁਣਿਆ ਹੋਇਆ ਸੀ ?

5. "ਤੂੰ ਮੈਨੂੰ ਜਾਣਨੈ ?" ਵਾਕ ਕਹਾਣੀ ਵਿੱਚ ਕਿਸ ਪ੍ਰਸੰਗ ਵਿੱਚ ਵਰਤਿਆ ਗਿਆ ਹੈ ?

6. ਵਿਆਹ ਸੰਬੰਧੀ ਉਸਦੇ ਕੀ ਵਿਚਾਰ ਸਨ ?

7. "ਮੈਨੂੰ ਜਾਣਨੈ ?" ਕਹਾਣੀ ਕੀ ਸੁਨੇਹਾ ਦਿੰਦੀ ਹੈ ?



BSEP

# 1. ਗੁਰਦਿਆਲ ਸਿੰਘ

ਗੁਰਦਿਆਲ ਸਿੰਘ ਪੰਜਾਬੀ ਸਾਹਿਤ ਦਾ ਬਹੁ-ਵਿਧਾਈ ਲੇਖਕ ਰਿਹਾ ਹੈ। ਨਾਵਲ, ਕਹਾਣੀ, ਨਾਟਕ, ਬਾਲਸਾਹਿਤ, ਅਨੁਵਾਦ ਆਦਿ ਵਿਧਾਵਾਂ ਵਿੱਚ ਉਸ ਨੇ ਰਚਨਾਕਾਰੀ ਕੀਤੀ। ਉਸ ਨੇ ਕਹਾਣੀ ਵਿਧਾ ਵਿੱਚ ਵੀ ਚੰਗਾ ਨਾਮਣਾ ਖੱਟਿਆ। ਉਸ ਨੇ ਆਪਣੀਆਂ ਕਹਾਣੀਆਂ ਵਿੱਚ ਮਾਲਵੇ ਖਿੱਤੇ ਵਿੱਚ ਵਿਚਰਦੇ ਨਿਮਨ ਕਿਰਤੀ ਵਰਗ ਦੀਆਂ ਸਮੱਸਿਆਵਾਂ ਨੂੰ ਕੇਂਦਰੀ ਵਿਸ਼ਾ ਬਣਾਇਆ।

ਗੁਰਦਿਆਲ ਸਿੰਘ ਦਾ ਜਨਮ 10 ਜਨਵਰੀ 1933 ਨੂੰ ਜਗਤ ਸਿੰਘ ਦੇ ਘਰ ਜੈਤੋ(ਜ਼ਿਲ੍ਹਾ ਫਰੀਦਕੋਟ) ਵਿਖੇ ਹੋਇਆ। ਉਸ ਨੇ ਮੁੱਢਲੀ ਵਿਦਿਆ ਗ੍ਰਹਿਣ ਕਰਨ ਉਪਰੰਤ ਅਧਿਆਪਨ ਕਿੱਤੇ ਨੂੰ ਅਪਣਾਇਆ। ਪੰਜਾਬੀ ਯੂਨੀਵਰਸਿਟੀ ਰਿਜ਼ਨਲ ਸੈਂਟਰ ਬਠਿੰਡਾ ਵਿਖੇ ਬਤੌਰ ਪੰਜਾਬੀ ਪ੍ਰਾਧਿਆਪਕ ਆਪਣੀ ਭੂਮਿਕਾ ਨਿਭਾਈ। ਉਸ ਦੀ ਸਾਹਿਤਕ ਘਾਲਣਾ ਕਰਕੇ ਉਸ ਨੂੰ ਦੇਸ਼ ਦੇ ਸਰਵੋਤਮ ਐਵਾਰਡ ਗਿਆਨਪੀਠ ਨਾਲ ਨਿਵਾਜਿਆ ਗਿਆ। ਉਸ ਨੂੰ ਭਾਰਤੀ ਸਾਹਿਤਕ ਅਕਾਦਮੀ ਦਾ ਪੁਰਸਕਾਰ 'ਅੱਧ ਚਾਨਣੀ ਰਾਤ' ਨਾਵਲ ਉੱਪਰ ਹਾਸਲ ਹੋਇਆ। ਉਸ ਦੀ ਮੌਤ 2016 ਨੂੰ ਹੋਈ।

ਨਾਵਲ ਰਚਨਾ ਦੇ ਨਾਲ-ਨਾਲ ਉਸ ਦਾ ਕਹਾਣੀ ਰਚਨਾ ਵਿੱਚ ਵੀ ਵਿਸ਼ੇਸ਼ ਯੋਗਦਾਨ ਹੈ। 'ਸੱਗੀ ਫੁੱਲ', 'ਓਪਰਾ ਘਰ', 'ਕੁੱਤਾ ਤੇ ਆਦਮੀ', 'ਰੁੱਖੇ-ਮਿੱਸੇ ਬੰਦੇ', 'ਪੱਕਾ ਟਿਕਾਣਾ', 'ਕਰੀਰ ਦੀ ਢੀਂਗਰੀ' ਆਦਿ ਮਹੱਤਵਪੂਰਨ ਕਹਾਣੀ ਸੰਗ੍ਰਹਿ ਹਨ।

ਉਹ ਆਪਣੀਆਂ ਕਹਾਣੀਆਂ ਵਿੱਚ ਪ੍ਰਗਤੀਵਾਦੀ ਰਚਨਾ-ਦ੍ਰਿਸ਼ਟੀ ਅਪਨਾਉਂਦਾ ਹੋਇਆ ਹੇਠਲੀ ਜਮਾਤ ਦੀ ਪੀੜ ਨੂੰ ਬਿਆਨਦਾ ਹੈ। ਦ੍ਰਿਸ਼ ਚਿਤਰਣ, ਮਲਵਈ ਸੰਵਾਦ, ਮਲਵਈ ਸਭਿਆਚਾਰ ਦੀ ਪੇਸ਼ਕਾਰੀ, ਵਿਅੰਗ ਆਦਿ ਉਸ ਦੀਆਂ ਕਥਾ ਵਿਧੀ ਦੀਆਂ ਵਿਸ਼ੇਸ਼ਤਾਵਾਂ ਹਨ। ਮਲਵਈ ਰਹਿਤਲ ਨੂੰ ਸਮਝਣ ਲਈ ਉਸ ਦੀਆਂ ਰਚਨਾਵਾਂ ਕਾਰਗਰ ਸਿੱਧ ਹੋ ਸਕਦੀਆਂ ਹਨ। ਉਸ ਦੀ ਪ੍ਰਸਿੱਧ ਕਹਾਣੀ 'ਘੜੀ ਤਾਂ ਖਰਾਬ ਹੋ-ਗੀ!' ਵਿਦਿਆਰਥੀਆਂ ਦੇ ਸਨਮੁੱਖ ਹੈ।

BSER

# 5. ਘੜੀ ਤਾਂ ਖਰਾਬ ਹੋ-ਗੀ!

ਅਚਾਨਕ ਕੇਲੂ ਇੱਕ ਦਿਨ ਪਿੰਡ ਆ ਗਿਆ। ਨਾ ਚਿੱਠੀ ਨਾ ਚੀਰਾ, ਨਾ ਕੋਈ ਸਨੇਹਾ। ਪਰ ਉਹਨੂੰ ਕੁਝ ਪੁੱਛਣ ਤੋਂ ਪਹਿਲਾਂ ਜਦੋਂ ਲਾਲਟੈਣ ਦੇ ਚਾਨਣੇ ਕੁੰਢੇ ਨੇ ਉਹਦੀ ਸ਼ਕਲ ਸੂਰਤ ਵੇਖੀ ਤਾਂ ਉਹਨੂੰ ਹੋਰ ਸਭ ਕੁਝ ਭੁੱਲ ਗਿਆ। ਟੂਟੀ ਵਾਲੀ ਵੱਡੀ ਸਾਰੀ ਪੱਗ ਤੇ ਪੁੱਠੀ, ਬਾਜ਼ ਨਾਲ਼ ਚਾੜ੍ਹੀ ਦਾੜ੍ਹੀ ਵੇਖ ਕੇ ਕੇਲੂ ਉਹਨੂੰ ਕੋਈ 'ਸਰਦਾਰ' ਲੱਗਿਆ। ਫੇਰ ਉਹਦਾ ਗੂੜ੍ਹੇ ਹਰੇ ਰੰਗ ਦਾ ਡੱਬੀਆਂ ਵਾਲਾ ਕਮੀਜ਼, ਲੱਕ ਨੂੰ ਲੱਗੀ ਤਿੰਨ- ਚਾਰ ਉਂਗਲਾਂ ਚੌੜੀ ਚਮੜੇ ਦੀ ਪੇਟੀ ਤੇ ਖੁੱਲ੍ਹੀ ਸਲਵਾਰ ਦੇ ਪੌਂਚਿਆਂ ਵਰਗੀਆਂ ਪੈਂਟ ਦੀਆਂ ਮੂਹਰੀਆਂ ਵੇਖ ਕੇ ਕੁੰਢਾ ਮੁੱਛਾਂ ਵਿੱਚ ਈ ਮੁਸਕਰਾਇਆ।

"ਇਹ ਤੂੰ ਬਣਿਆਂ ਕੀ ਫਿਰਦੈਂ ਬਈ ?" ਉਸ ਰਤਾ ਹਸਦਿਆਂ ਕਿਹਾ, "ਐਂ ਲੱਗਦੈਂ ਜਿਵੇਂ, ਮਰੀਕਾ 'ਚੋਂ ਆਇਆ ਹੁੰਨੈ"

"ਕਿਉਂ ਓਪਰਾ ਲਗਦੈਂ?" ਕੁਝ ਹੈਰਾਨੀ ਨਾਲ਼ ਆਪਣੇ ਕੱਪੜਿਆਂ ਨੂੰ ਵਿੰਹਦਿਆਂ ਕੇਲੂ ਨੇ ਕਿਹਾ।

ਕੁੰਢਾ ਚੁੱਪ ਕਰ ਗਿਆ। ਕੇਲੂ ਨੂੰ ਆਪਣੇ ਬਾਰੇ ਇਹ ਸੁਣ ਕੇ ਸੱਚੀਂ ਕੋਈ ਹੈਰਾਨੀ ਨਹੀਂ ਸੀ ਹੋਈ। ਕੁੰਢੇ ਨੂੰ ਵੀ ਇੰਜ ਜਾਪਿਆ ਜਿਵੇਂ ਉਹਨੇ ਮੁੰਡੇ ਦਾ ਕੋਈ ਚੰਗਾ ਸੁਆਗਤ ਨਹੀਂ ਸੀ ਕੀਤਾ। ਏਸੇ ਕਰਕੇ ਉਹ ਰਾਜ਼ੀ-ਖੁਸ਼ੀ ਪੁੱਛਣ ਲੱਗ ਪਿਆ।

ਕੁਝ ਚਿਰ ਪਿੱਛੋਂ ਜਦੋਂ ਕੇਲੂ ਨੇ ਆਪਣੇ ਬਿਸਤਰੇ ਵਿੱਚੋਂ ਕੱਢ ਕੇ ਇੱਕ ਚੌਰਸ ਜੇਬੀ ਘੜੀ ਤੇ ਦੂਹਰੀ ਮੁੱਠ ਵਾਲੀ ਖੂੰਡੀ ਉਹਨੂੰ ਫੜਾਈ ਤਾਂ ਬਿੰਦ ਦਾ ਬਿੰਦ ਉਹ ਲਿਸ਼ਕਦੀ ਘੜੀ ਤੇ 'ਨਾਗ ਵਰਗੀ' ਖੂੰਡੀ ਵੱਲ ਵਿੰਹਦਾ ਰਿਹਾ ਤੇ ਮੋੜ ਕੇ ਫੜਾਉਂਦਿਆਂ ਬੋਲਿਆ, "ਸਾਂਭ ਕੇ ਰੱਖ ਛੱਡ, ਤੜਕੇ ਵੇਖਾਂਗੇ; ਹੁਣ ਨੇਰ੍ਹੇ 'ਚ ਕੀ ਦਿਸਦੈ।"

ਕੇਲੂ ਘੜੀ ਤੇ ਖੂੰਡੀ ਸਾਂਭ ਕੇ ਆਪਣੀ ਨੌਕਰੀ ਦੀਆਂ ਗੱਲਾਂ ਦੱਸਣ ਲੱਗ ਪਿਆ। ਕੇਲੂ ਦੀ ਮਾਂ ਬੀਰੋ ਜਿੰਨਾਂ ਚਿਰ ਰੋਟੀ-ਟੁੱਕ ਦੇ ਆਹਰ ਲੱਗੀ ਰਹੀ, ਉਹ ਦੋਏ ਪਿਓ-ਪੁੱਤ ਆਪਣੇ 'ਗੁਰਮਤੇ' ਕਰਦੇ ਰਹੇ।

ਕੇਲੂ ਬੰਬਈ ਵੱਲ ਤੇਲ ਕਢਣ ਵਾਲ਼ੀ ਇੱਕ ਕੰਪਨੀ ਵਿੱਚ ਨੌਕਰ ਸੀ। ਦੋ ਸਾਲ ਮਗਰੋਂ ਤਰੱਕੀ ਹੋ ਜਾਣ ਕਰਕੇ ਬਦਲੀ ਅਸਾਮ ਵੱਲ ਕਰ ਦਿੱਤੀ ਗਈ ਸੀ। ਸੱਤ-ਅੱਠ ਦਿਨ ਉਹਨੂੰ ਓਥੇ ਜਾਣ ਲਈ ਮਿਲੇ ਸਨ, ਏਸ ਕਰਕੇ ਜਾਂਦਿਆਂ-ਜਾਂਦਿਆਂ, ਘਰੇ ਗੇੜਾ ਮਾਰਨ ਆ ਗਿਆ ਸੀ।

"ਮੈਂ ਕਿਹਾ ਫੇਰ ਖ਼ਬਰੇ ਕਦੋਂ ਆਇਆ ਜਾਊ-ਦੂਰ ਈ ਬਲਾ ਭੇਜ 'ਤਾ ਹੁਣ ਤਾਂ! ਸੋਚਿਆ ਪਿੰਡ ਹੋ ਕੇ ਈ ਜਾਊਂ।" ਕੇਲੂ ਨੇ ਸਾਰੀ ਗੱਲ ਦੱਸ ਕੇ ਕਿਹਾ।

"ਚੰਗਾ ਕੀਤਾ, ਚੰਗਾ ਕੀਤਾ।" ਕੁੰਢੇ ਨੇ ਖੁਸ਼ ਹੋ ਕੇ ਕਿਹਾ, "ਪਰਦੇਸਾਂ 'ਚੋਂ ਨਿੱਤ ਆਉਣਾ ਸੌਖਾ ਪਿਐ।"

ਕੋਲੋਂ ਕੇਲੂ ਦੀ ਬੇਬੇ ਨੇ ਸੱਧਰ-ਭਿਜੀ ਅਵਾਜ਼ ਨਾਲ਼ ਹੌਲੀ ਜਿਹੀ ਕਿਹਾ, "ਕੇਲੂ ਪੁੱਤ ਤੇਰੀ



BSEB

ਬਦਲੀ ਇਧਰ ਕਿਤੇ ਨੇੜੇ-ਤੇੜੇ ਨ੍ਹੀਂ ਹੁੰਦੀ?"

"ਨੇੜੇ-ਤੇੜੇ ਕਿਤੇ ਤੇਲ ਨਿਕਲ਼ੇ ਤਾਂ ਹੋ-ਜੂ ਬੇਬੇ, ਉ ਤਾਂ ਨ੍ਹੀ ਹੁੰਦੀ।"

ਪਰ ਬੇਬੇ ਵਿਚਾਰੀ ਕੀ ਜਾਣੇ ਤੇਲ ਕਿਵੇਂ, ਕਿੱਥੋਂ ਨਿਕਲਦਾ ਸੀ। ਇੱਕ ਲੰਮਾ ਹਉਕਾ ਭਰ ਕੇ ਚੁੱਪ ਕਰ ਗਈ।

ਅਗਲੀ ਸਵੇਰ ਕੁੰਢੇ ਨੇ ਨਹਾ-ਧੋ ਕੇ ਪੋਚਵੀਂ ਪੱਗ ਬੰਨ੍ਹੀ ਤੇ ਤਿਆਰ-ਬਰ-ਤਿਆਰ ਹੁੰਦਿਆਂ ਖੰਘੂਰਾ ਮਾਰ ਕੇ ਕੇਲੂ ਨੂੰ ਕਿਹਾ, "ਲਿਆ ਹੁਣ ਵੇਖੀਏ, ਕੇਹੋ ਜੀ ਐ ਤੇਰੀ ਘੜੀ।"

ਕੇਲੂ ਨੇ ਦੋਏ ਚੀਜ਼ਾਂ ਅੰਦਰੋਂ ਲਿਆ ਕੇ ਬਾਪ ਨੂੰ ਫੜਾ ਦਿੱਤੀਆਂ। ਪਹਿਲਾਂ ਹੱਥ ਵਿੱਚ ਫੜ ਕੇ ਉਹਨੇ ਘੜੀ ਨੂੰ ਗਹੁ ਨਾਲ ਵੇਖਿਆ ਤਾਂ ਕਿੰਨਾਂ ਚਿਰ ਚੌਰਸ ਤੇ ਕਾਲ਼ੀ-ਸ਼ਾਹ ਡੱਬੀ ਨੂੰ ਈ ਵਿੰਹਦਾ ਰਿਹਾ। ਡੱਬੀ ਦੇ ਚੌਹਾਂ ਖੂੰਜਿਆਂ ਉੱਤੇ ਪਿੱਤਲ ਦੇ (ਸ਼ਾਇਦ ਸੋਨੇ ਦੇ) ਫੁੱਲ ਬੂਟੇ ਉੱਕਰੇ ਜਾਂ ਖੁਣੇ ਹੋਏ ਸਨ। ਵਿਚਕਾਰ ਪੋਟੇ ਕੁ ਜਿੰਨੀ ਥਾਂ ਵਿੱਚ ਸਨਹਿਰੀ ਰੰਗ ਦਾ ਈ ਇੱਕ ਮੋਰ ਬਣਿਆ ਹੋਇਆ ਸੀ। ਮੋਰ ਪੈਲ ਪਾ ਰਿਹਾ ਸੀ। ਮੋਰ ਦੇ ਖੰਭਾਂ, ਕਲਗੀ ਤੇ ਧੌਣ ਵਿੱਚ ਸੱਚੀਂ-ਮੁੱਚੀਂ ਦੇ ਮੋਰ ਵਰਗੇ ਈ ਰੰਗ ਭਰੇ ਹੋਏ ਸਨ। ਕੁੰਢੇ ਦੀ ਨਿਗ੍ਹਾ ਅਜੇ ਖਾਸੀ ਤੇਜ਼ ਸੀ। ਮੋਰ ਦੀਆਂ ਅੱਖਾਂ ਵਾਲੇ ਤਾਂ ਜੜੇ ਖ਼ਸਖ਼ਸ ਦੇ ਦਾਣਿਆਂ ਵਰਗੇ ਮਣਕੇ ਵੀ ਉਹਨੂੰ ਦਿਸ ਪਏ। ਉਹਨੇ ਉਂਗਲ ਫੇਰ ਕੇ ਉਹਨਾਂ ਮਣਕਿਆਂ ਨੂੰ ਟੋਹ ਕੇ ਵੇਖਿਆ ਤਾਂ ਇੰਜ ਜਾਪਿਆ ਜਿਵੇਂ ਉਹ ਸੱਚੀ ਈ ਜਿਉਂਦੇ ਮੋਰ ਦੀਆਂ ਅੱਖਾਂ ਪਲ਼ੋਸ ਰਿਹਾ ਹੋਵੇ।

ਪਲ਼ ਕੁ ਪਿੱਛੋਂ ਵਰਾਛਾਂ ਖਿਲਾਰ ਕੇ ਉਹਨੇ ਘੜੀ ਕੇਲੂ ਵੱਲ ਵਧਾਉਂਦਿਆਂ ਕਿਹਾ, "ਇਹ ਖੁਲ੍ਹਦੀ ਕਿਮੇਂ ਐ ਬਈ?"

ਮੁਸਕਰਾ ਕੇ ਉਹਦੇ ਹੱਥੋਂ ਘੜੀ ਫੜਦਿਆਂ ਕੇਲੂ ਨੇ ਇਹਦੀ ਸਿਖਰਲੀ ਨੁੱਕਰ ਉੱਤੇ ਲੱਗਿਆ ਇੱਕ ਚਿੱਟਾ ਬਟਨ ਅੰਗੂਠੇ ਨਾਲ ਦੱਬਿਆ ਤਾਂ, ਕੜਿੱਕ ਕਰ ਕੇ ਘੜੀ ਦੀ ਡੱਬੀ ਵਿਚਕਾਰੋਂ ਪਾਟ ਕੇ ਦੋ ਤਿਕੋਣਾਂ ਜਿਹੀਆਂ ਵੱਖ ਹੋ ਗਈਆਂ। ਮੋਰ ਵੀ ਵਿਚਕਾਰੋਂ ਦੋ ਹੋ ਗਿਆ। ਵਿੱਚੋਂ ਲਿਸ਼ ਲਿਸ਼ ਕਰਦੀ ਸਟੀਲ ਦੀ ਚੌਰਸ ਘੜੀ ਦੀਆਂ ਲਾਲ ਸੂਈਆਂ ਚੀਚ-ਵਹੁਟੀ ਵਾਂਗ ਚਮਕਦੀਆਂ ਦਿਸੀਆਂ ਤਾਂ ਕੁੰਢਾ ਹੋਰ ਵੀ ਹੈਰਾਨ ਹੋ ਗਿਆ। ਫੇਰ ਕੇਲੂ ਨੇ ਉਹਨੂੰ ਘੜੀ ਦੇ ਸਿਖਰਲੇ ਖੂੰਜੇ ਲੱਗੀ ਚਾਬੀ ਦੇਣ ਤੇ ਉਸ ਨਾਲ਼ ਸੂਈਆਂ ਘੁਮਾਉਣ ਦਾ ਵੱਲ ਵੀ ਦੱਸਿਆ। ਘੜੀ ਦੀ ਜ਼ੰਜੀਰੀ ਨੂੰ ਕੁੜਤੇ ਦੇ ਕਾਜ ਵਿੱਚ ਅੜੰਗਣ ਲਈ ਜਿਹੜਾ ਲੰਮੂਤਰਾ-ਜਿਹਾ ਛੱਲਾ ਲੱਗਿਆ ਹੋਇਆ ਸੀ, ਉਹਨੂੰ ਖੋਲ੍ਹਣ-ਅੜਾਉਣ ਦਾ ਤਰੀਕਾ ਵੀ ਸਿਖਾਇਆ। ਕੁੰਢਾ ਨਿਆਣਿਆਂ ਵਾਂਗ ਹੈਰਾਨ ਜਿਹਾ ਹੋਇਆ ਸਭ ਕੁਝ ਬਾਰੇ ਮੁੜ-ਮੁੜ ਇਉਂ ਪੁੱਛਦਾ ਰਿਹਾ ਜਿਵੇਂ ਕੋਈ ਸੰਥਿਆ ਪਕਾ ਰਿਹਾ ਹੋਵੇ।

ਕੇਲੂ ਤਿੰਨ ਦਿਨ ਘਰੇ ਰਿਹਾ। ਤਿੰਨੇ ਦਿਨ ਘੜੀ ਤੇ ਖੂੰਡੀ ਕੁੰਢੇ ਨੇ ਸੰਦੂਕ ਵਿੱਚ ਸਾਂਭ ਕੇ ਰੱਖ ਛੱਡੀ। ਉਹਦਾ ਚਿੱਤ ਇਹਨਾਂ ਨੂੰ ਮੁੜ-ਮੁੜ ਦੇਖਣ ਨੂੰ ਕਾਹਲ਼ਾ ਪੈ ਰਿਹਾ ਸੀ, ਪਰ ਕੇਲੂ ਦੇ ਸਾਹਮਣੇ ਇਹ 'ਨਿਆਣਮੱਤ' ਲੱਗਦੀ ਸੀ। ਚੌਥੇ ਦਿਨ ਕੇਲੂ ਤੁਰਨ ਲੱਗਿਆ ਤਾਂ ਉਹਨੇ ਮਾਂ ਨੂੰ ਮੱਥਾ ਟੇਕਦਿਆਂ ਕਿਹਾ, "ਚੰਗਾ ਬੇਬੇ, ਮੈ ਪੰਜ-ਚਾਰ ਮਹੀਨਿਆਂ ਤਾਈਂ ਫੇਰ ਗੇੜਾ ਮਾਰੂੰ, ਫ਼ਿਕਰ ਨਾ ਕਰਿਓ।"

" ਲੈ ਫ਼ਿਕਰ ਕਾਹਦੈ ਪੁੱਤ!" ਕੁੰਢੇ ਨੇ ਹੌਂਸਲੇ ਨਾਲ ਕਿਹਾ, "ਰਜ਼ਗਾਰ 'ਤੇ ਚੱਲਿਐਂ, ਰਜ਼ਗਾਰ ਪਿੱਛੇ ਤਾਂ ਦੁਨੀਆਂ ਚੀਨੇ-ਮਚੀਨੇ ਤੁਰੀ ਫ਼ਿਰਦੀ ਐ!.........ਕਮਾਓ-ਖਾਓ, ਸੁਖੀ ਵਸੋ, ਸਾਨੂੰ ਫ਼ਿਕਰ ਕਾਹਦੈ!"

ਉਹਦੀ ਹਾਂ ਵਿੱਚ ਹਾਂ ਮਿਲਾਉਣ ਲਈ ਹੀ ਅੱਖਾਂ ਪੂੰਝਦਿਆਂ, ਭਰੇ ਗਲ਼ ਨਾਲ਼ ਬੀਰੋ ਨੇ ਵੀ ਕਹਿ ਦਿੱਤਾ, "ਰਾਜ਼ੀ ਖ਼ੁਸ਼ੀ ਰਹਿ ਪੁੱਤ........ਕੋਈ ਨ੍ਹੀਂ, ਉਹ ਜਾਣੇ, ਕਦੇ ਨੇੜੇ ਦੀ ਬਦਲੀ ਵੀ ਹੋ-ਜੂ।"

ਕੁੰਢੇ ਦੇ ਚਿੱਤ ਨੂੰ ਅੰਦਰੋਂ ਖੋਹ ਜਿਹੀ ਪੈ ਰਹੀ ਸੀ, ਪਰ ਉਹਨੇ ਚਿੱਤ ਕਰੜਾ ਕਰਕੇ ਫੇਰ ਕਿਹਾ, "ਕੋਈ ਨ੍ਹੀਂ ਵਾਖਰੂ ਸਭ ਭਲੀ ਕਰੂ।.......ਅਗਲੇ ਸਾਲ ਜਦੋਂ ਤੇਰਾ ਵਿਆਹ ਕਰਾਂਗੇ ਓਦੋਂ ਖਾਸੀ ਛੁੱਟੀ ਲੈ ਕੇ ਆ-ਜੀ, ਨਾਲੇ ਤੇਰੀ ਮਾਂ ਦਾ ਚਾਅ ਪੂਰਾ ਹੋ-ਜੂ।"

ਵਿਆਹ ਦੀ ਗੱਲ ਸੁਣ ਕੇ ਬੀਰੋ ਦੀਆਂ ਸਿਲ੍ਹੀਆਂ ਅੱਖਾਂ ਚਮਕ ਪਈਆਂ। ਪਰ ਕੇਲੂ ਚੁੱਪ ਰਿਹਾ।

ਅਗਲੇ ਦਿਨ ਤੜਕੇ ਈ ਨਵੇਂ ਖੱਦਰ ਦਾ ਟੋਟਾ ਲੈ ਕੇ ਕੁੰਢਾ ਫੰਗਣ ਦਰਜ਼ੀ ਕੋਲ ਜਾਂਦਾ ਰਿਹਾ। ਫੰਗਣ ਨੇ ਕੇਲੂ ਦੀਆਂ ਗੱਲਾਂ ਛੇੜ ਲਈਆਂ। ਪਰ ਕੁੰਢੇ ਨੇ ਕੁਝ ਕਾਹਲਾ ਪੈ ਕੇ ਕਿਹਾ, "ਤੂੰ ਐਂ ਕਰ; ਪਹਿਲਾਂ ਮੈਥੋਂ, ਕੁੜਤੇ ਦੀ ਬਾਬਤ ਸਾਰੀ ਗੱਲ ਸਮਝ ਲੈ।"

"ਸਮਝਾ!" ਫੰਗਣ ਨੇ ਆਪਣੀਆਂ ਉਲਝੀਆਂ ਮੁਛਾਂ ਵਿੱਚੋਂ ਉੱਚੇ ਦੰਦ ਹੋਰ ਬਾਹਰ ਕੱਢਦਿਆਂ ਵਿਅੰਗ ਨਾਲ਼ ਕਿਹਾ, "ਕੀ ਸਮਝਾਏਗਾ, ਬਈ ਐਥੇ ਟੋਈ-ਕਾਲਰ ਲੌਣੈ, ਐਥੇ ਸ਼ਟੱਡਾਂ ਵਾਲ਼ੇ ਕਫ ਬਣੌਣੇ-ਹੈਂ-ਇਹੋ ਨਾ?"

"ਤੂੰ ਫੰਗਣਾ ਐਵੇਂ ਭਕਾਈ ਨਾ ਮਾਰਿਆ ਕਰ, ਸਾਰਾ ਦਿਨ- ਵਖਤ ਵੀ ਬਚਾਰੀ ਦਾ ਹੁੰਦੈ!"

"ਹਲਾ!" ਫੰਗਣ ਨੇ ਆਪਣੇ ਵਿਰਲੇ, ਉੱਚੇ ਦੰਦਾਂ ਨੂੰ ਮੁੱਛਾਂ ਵਿੱਚ ਲੁਕੋਂਦਿਆਂ, ਤੇ ਹੜਬਾਂ ਨਿਕਲੇ ਚਿਹਰੇ ਉੱਤੇ ਗੰਭੀਰਤਾ ਲਿਆਉਣ ਦਾ ਸਾਂਗ ਰਚਦਿਆਂ ਕਿਹਾ, "ਚੰਗਾ, ਵਚਾਰ ਲਿਆ ਵਖਤ!....... ਦੱਸ ਹੁਣ ਕਿਮੇਂ ਬਣੌਣੈ।"

ਕੁੰਢੇ ਨੇ ਖੰਘੂਰਾ ਮਾਰ ਕੇ, ਸੱਚੀਂ ਈ ਬੜੀ ਗੰਭੀਰਤਾ ਨਾਲ਼ ਉਹਨੂੰ ਕੁੜਤੇ ਦੀ ਕਾਟ, ਸੰਵਾਈ, ਅੰਦਰਲੀ ਦੂਹਰੀ ਜੇਬ, ਗਲ਼ਮੇ ਦੇ ਕਾਜਾਂ ਬਾਰੇ ਅਜਿਹੀਆਂ ਹਦਾਇਤਾਂ ਦਿੱਤੀਆਂ ਕਿ ਫੰਗਣ ਨੂੰ ਦਾਲ 'ਚ ਕੁਝ ਕਾਲਾ ਨਜ਼ਰ ਆਉਣ ਲੱਗ ਪਿਆ। ਉਹਦੇ ਮੂੰਹੋਂ ਇਹ ਸ਼ਬਦ ਨਿਕਲ਼ਦੇ ਨਿਕਲ਼ਦੇ ਮਸਾਂ ਬਚੇ, 'ਕਿਉਂ ਪੱਕੀ ਤਿਆਰੀ ਐ ਕਿ?' ਪਰ ਕੁੰਢੇ ਦੇ ਰੌਂ ਨੂੰ ਵੇਖ ਕੇ ਈ ਉਹਦੇ ਹੋਠ ਨਹੀਂ ਖੁੱਲ੍ਹ ਸਕੇ।

ਚੌਥੇ-ਪੰਜਵੇਂ ਦਿਨ ਜਦੋਂ ਕੁੰਢਾ ਨਵਾਂ ਕੁੜਤਾ, ਨਵਾਂ ਪਜਾਮਾ ਤੇ ਚਿੱਟੀ ਮਲਮਲ ਦੀ ਪੱਗ ਬੰਨ੍ਹ ਕੇ, ਦੂਹਰੀ ਮੁੱਠ ਵਾਲੀ ਖੂੰਡੀ ਫੜੀ, ਸੱਥ ਵਿੱਚ ਆਇਆ ਤਾਂ ਉਹਦੇ ਸਾਰੇ ਹਾਣੀ ਉਹਦੀ ਖੂੰਡੀ ਤੇ ਘੜੀ ਵੱਲ ਹੀ ਵਿੰਹਦੇ ਰਹੇ।

ਰਤਨੇ ਭਿੰਡਰ ਨੇ ਮਲਕੜੇ ਜਿਹੇ ਉਹਦੇ ਹੱਥੋਂ ਖੂੰਡੀ ਫੜਦਿਆਂ ਉਹਨੂੰ ਹੇਠੋਂ-ਉੱਤੋਂ ਮੁੜ-ਮੁੜ ਵਿੰਹਦਿਆਂ ਕਿਹਾ, "ਹੁਣ ਬਣਿਐਂ ਤੂੰ ਅਸਲੀ 'ਪਿਲਸਣੀਆਂ' ਤਾਂ!" ਫੇਰ ਉਹਨੇ ਖੂੰਡੀ ਦੀਆਂ ਉਤਲੀਆਂ ਮੁੱਠਾਂ ਖੋਲ੍ਹ ਕੇ ਅੱਡ ਕੀਤੀਆਂ ਤਾਂ ਉਹ ਖੱਬੇ-ਸੱਜੇ ਸਿੱਧੀਆਂ ਹੋ ਗਈਆਂ; ਦੋਹਾਂ ਮੁੱਠਾਂ ਦੇ ਵਿਚਕਾਰ ਲੱਗਿਆ ਚਮੜੇ ਦਾ ਛੀ-ਸੱਤ ਉਂਗਲਾਂ ਚੌੜਾ ਲੱਪਾ ਜਿਹਾ ਆਰਾਮ ਕੁਰਸੀ ਦੇ ਕਪੜੇ ਵਾਂਗ ਖੁੱਲ੍ਹ ਕੇ ਕਸਿਆ ਗਿਆ।

"ਆਹ ਕੀ ਬਈ!" ਖੇਮੇ ਨੇ ਬੱਗੀਆਂ-ਬੱਗੀਆਂ ਅੱਖਾਂ ਟਮਕਾ ਕੇ, ਖੂੰਡੀ ਵੱਲ ਵੇਖਿਆ। "ਇਹ ਤਾਂ ਕੁਰਸੀ ਆਂਗੂੰ ਬਣਗੀ, ਸਾਹਬ ਲੋਕ!"

"ਹਾਂ! 'ਕੁੰਢੇ ਨੇ ਰਤਨੇ ਦੇ ਹੱਥੋਂ ਖੂੰਡੀ ਫੜ ਕੇ ਖੇਮੇ ਵੱਲ ਕਰਦਿਆਂ ਚਮੜੇ ਦੇ ਲੱਪੇ ਜਿਹੇ ਨੂੰ ਉੱਤੋਂ ਦਬਦਿਆਂ ਕਿਹਾ, "ਜੇ ਰਾਹ 'ਚ ਜਾਂਦੇ ਬੰਦੇ ਨੂੰ ਥਕੇਮਾਂ ਹੋ-ਜੇ ਤਾਂ ਇਹਦੀ ਘੋਪ ਭੁੰਜੇ ਗੱਡ ਕੇ 'ਰਾਮ ਨਾਲ ਉੱਤੇ ਬਹਿ-ਜੋ; ਬਿੰਦ ਰੈਸ਼ਟ ਕਰ-ਲੋ। ਨਹੀਂ ਤਾਂ ਆਵਦਾ, ਐਂ ਕਰਕੇ ਬੰਦ ਕਰ-ਲੋ ਤੇ ਮੌਜ ਨਾਲ਼ ਤੁਰੇ ਜਾਓ!"

ਤੇ ਕੁੰਢੇ ਨੇ ਖੱਬਿਓਂ-ਸੱਜਿਓਂ ਦੋਵੇਂ ਮੁੱਠਾਂ ਫੜ ਕੇ ਉਤਾਂਹ ਚੁੱਕੀਆਂ ਤਾਂ ਖੂੰਡੀ ਮੁੜ ਉਵੇਂ ਬਣ ਗਈ; ਉਹ ਲੱਪਾ ਜਿਹਾ ਮੁੱਠਾਂ ਦੇ ਵਿਚਕਾਰ ਲੁੱਕ ਗਿਆ। ਸਾਰੇ ਬੁੱਢੇ ਠੇਰੇ ਤਾਂ ਕੀ, ਅਧਖੜ ਉਮਰ ਦੇ ਬੰਦੇ ਤੇ ਗੱਭਰੂ ਮੁੰਡੇ ਵੀ ਉਸ ਖੂੰਡੀ ਨੂੰ ਮੁੜ-ਮੁੜ ਵਿੰਹਦੇ ਰਹੇ। ਉਹਦੇ ਹੇਠ ਨਾਗ ਵਰਗੀ ਸੋਟੀ ਦੇ ਹੇਠ ਜਿਹੜੀ ਸਿਲਵਰ ਦੀ ਘੋਪ ਲੱਗੀ ਹੋਈ ਸੀ, ਉਹ ਏਨੀ ਮਜ਼ਬੂਤ ਸੀ ਕਿ ਚਾਹੇ ਖੂੰਡੀ ਉੱਤੇ, ਸਾਢੇ ਚਾਰ ਮਣਾ ਚੰਨਣ ਨਿਆਮੀ ਆਲੀਆ ਬਹਿ ਜਾਂਦਾ ਤਾਂ ਵੀ ਉਹ ਨਹੀਂ ਸੀ ਜਮੂਕਦੀ। ਹਰੇਕ ਮੁੜ-ਮੁੜ ਕੁੰਢੇ ਨੂੰ ਇਹੋ ਪੁਛੱਦਾ ਸੀ, "ਬਈ ਇਹ ਲੱਕੜ ਕਾਹਦੀ ਐ, ਸੁਾਬ ਲੋਕ?"

ਕੁੰਢਾ ਪਹਿਲਾਂ ਤਾਂ ਚੁੱਪ ਕੀਤਾ ਸਿਰ ਹਿਲਾਉਂਦਾ ਰਿਹਾ ਪਰ ਫੇਰ ਕੁਝ ਰੋਅਬ ਨਾਲ ਖੰਘੂਰਾ ਮਾਰਦਿਆਂ, ਉਹਨੇ ਗੰਭੀਰਤਾ ਨਾਲ ਗੱਲ ਮੁੱਢੋਂ ਸ਼ੁਰੂ ਕੀਤੀ। "ਇਹ ਲਕੜੀ ਪਹਾੜ 'ਚ ਬੜੇ ਉੱਚੇ ਥਾਂ ਪੈਦਾ ਹੁੰਦੀ ਐ। ਤੇ ਇਹਦਾ ਦਰਖ਼ਤ ਪੰਜਾਹ ਹੱਥ ਉੱਚਾ ਹੁੰਦੈਂ। ......ਬਾਕੀ ਜੋ ਇਹਦੀਆਂ ਸਾਖਾਂ ਹੁੰਦੀਐਂ........"

ਤੇ ਸਾਰੀ ਗੱਲ ਪੂਰੀ ਕਰਨ ਉੱਤੇ ਉਹਨੇ ਕਿੰਨਾ ਚਿਰ ਲਾ ਦਿੱਤਾ। ਬੁੱਢਿਆਂ ਨੂੰ ਉਹਦੀ ਸਾਰੀ ਗੱਲ ਸੱਚੀ ਲੱਗੀ; ਪਰ ਗੱਭਰੂ ਮੁਸ਼ਕੜੀਏ ਹੱਸ ਪਏ। ਖੇਤ ਨੂੰ ਜਾਂਦੇ ਜਾਂਦੇ ਪਾਲੂ ਕੇ ਪਾੜ੍ਹੇ ਮੀਰੂ ਨੇ ਖੜੋ ਕੇ ਸਾਰੀ ਗੱਲ ਸੁਣ ਲਈ ਸੀ। ਉਹਨੇ ਹੱਸ ਕੇ ਕਿਹਾ, "ਤਾਇਆ, ਆਪਣਾ ਕੇਲੂ ਕੌਣ ਸੇ ਸਮੇਰ ਪਰਬਤ ਮੇਂ ਰਹਿਤੈ?"

ਕੁੰਢੇ ਨੇ ਪਾੜ੍ਹੇ ਦੀਆਂ ਅੱਖਾਂ ਵਿੱਚ ਸ਼ਰਾਰਤ ਵੇਖ ਕੇ, ਉਸ ਵੱਲ ਘੂਰਦਿਆਂ ਕਿਹਾ, "ਤੇਰੀ ਮਾਂ ਦੇ ਮੀਢੀਆਂ ਆਲੇ ਸਿਰ ਮੇਂ!"

ਸਾਰੇ ਕੁੰਢੇ ਦੀ ਖਿੱਝ ਉੱਤੇ ਹੱਸ ਪਏ। ਪਾੜ੍ਹਾ ਉੱਚੀ ਠਹਾਕਾ ਮਾਰ ਕੇ ਖੇਤ ਨੂੰ ਤੁਰ ਗਿਆ।

ਫੇਰ ਕਿੰਨੇਂ ਈ ਦਿਨ ਕੁੰਢੇ ਦੀ ਚੌਰਸ ਜੇਬੀ ਘੜੀ ਤੇ ਦੂਹਰੀ ਮੁੱਠ ਵਾਲੀ ਖੂੰਡੀ ਦੀਆਂ ਜਿਵੇਂ ਪਿੰਡ ਵਿੱਚ ਵਾਰਾਂ ਤੁਰਦੀਆਂ ਰਹੀਆਂ। ਸਾਰੇ ਉਹਦੇ ਭਾਗਾਂ ਨੂੰ ਸਲਾਹੁੰਦੇ, ਉਹਦੇ ਸਲੱਗ ਪੁੱਤ ਕੇਲੂ ਦੀਆਂ ਸਿਫ਼ਤਾਂ ਕਰਦੇ ਰਹੇ। ਖਾਸ ਕਰਕੇ ਰਤਨਾ ਭਿੰਡਰ ਤਾਂ ਜਦੋਂ ਮਿਲਦਾ ਇਹੋ ਗੱਲ ਛੇੜਦਾ।

"ਸਭ ਕਰਮਾਂ ਦੀਆਂ ਗੱਲੈਂ ਕੁੰਢਾ ਸਿਆਂ।" ਲੰਮਾ ਹਉਕਾ ਭਰ ਕੇ ਉਹ ਕਹਿੰਦਾ। "ਪਿਛਲੇ ਕਰਮਾਂ ਦਾ ਲਿਖਿਆ ਉਘੜ ਪਿਆ ਤੇਰਾ ਤਾਂ ਪਰ ਅਸੀਂ ਕਿਹੜੇ ਖੂਹ 'ਚ ਡਿੱਗੀਏ। ਚਾਰੇ ਸਾਲੇ ਐਂ ਵੱਢੂ ਖਾਊਂ ਕਰਦੇ ਐ। ਜਦੋਂ ਨੈਣ-ਪਰਾਣ ਚਲਦੇ ਸੀ, ਓਦੋਂ ਤਾਂ ਮੈਂ ਬੁੜ੍ਹਾ ਸਾਰਿਆਂ ਨੂੰ ਚੰਗਾ ਲੱਗਦਾ ਸੀ, ਹੁਣ ਕੋਈ ਸਾਲਾ ਖੱਟੀ ਲੱਸੀ ਕਿਹੜਾ ਫੜੌਣ ਔਂਦੈ। ਹੱਛਾ ਫੇਰ .......ਟੈਮ-ਟੈਮ ਦੀਆਂ ਗੱਲੈਂ, ਇਹ ਟੈਮ ਵੀ ਦੇਖਣਾ ਪੈਣਾ ਸੀ।"

ਕੁੰਢਾ ਉਹਨੂੰ ਧਰਵਾਸ ਦਿੰਦਿਆ ਕੁਝ ਭਰੋਸੇ ਨਾਲ ਕਹਿੰਦਾ," ਕੋਈ ਨ੍ਹੀ, ਮੈਂ ਸਮਝਾਊਂ! ਹੁਣ ਜੇ ਆਪਾਂ ਬੁੜ੍ਹੇ ਹੋ-ਗੇ ਤਾਂ ਪਰਾਣੀ ਮਸ਼ੀਨਰੀ ਆਂਗੂੰ ਆਪਾਂ ਨੂੰ ਕੰਡਮ ਕਰਕੇ ਕਬਾੜੀਆਂ ਦੇ ਤਾਂ ਨ੍ਹੀ ਸਿੱਟ ਦੇਣਾ ਕਮਲਿਆ। ਕੋਈ ਗੱਲ ਐ ਇਹ! ਮੁੰਡਿਆਂ 'ਤੇ ਨ੍ਹੀ ਕੱਲ੍ਹ ਨੂੰ ਇਹ ਟੈਮ ਆਉਣਾ?"

ਸਾਰੇ ਹੈਰਾਨ ਸਨ ਕਿ ਕੁੰਢੇ ਨੂੰ ਹੁਣ ਅੰਗਰੇਜ਼ੀ ਵੀ ਬਹੁਤੀ ਬੋਲਣੀ ਆ ਗਈ ਸੀ। ਏਸੇ ਕਰਕੇ ਮਾੜੇ-ਧੀੜੇ ਬੰਦੇ ਤਾਂ ਉਹਦਾ ਉਂਜ ਈ ਰੋਅਬ ਮੰਨਣ ਲੱਗ ਪਏ ਸਨ।



DSEP

ਇਹਨੀਂ ਦਿਨੀਂ ਇੱਕ ਹੋਰ ਅਲੋਕਾਰ ਗੱਲ ਇਹ ਹੋਈ ਸੀ ਕਿ ਕੁੰਢਾ ਆਪਣੀ ਜ਼ਮੀਨ ਛਡਾਉਣ ਦੀਆਂ ਸਲਾਹਾਂ ਕਰਨ ਲੱਗ ਪਿਆ ਸੀ। ਜਦੋਂ ਉਹਨੇ ਕੇਲੂ ਨੂੰ ਪੜ੍ਹਾਉਣ ਵਾਸਤੇ ਤੇਰਾਂ ਕਿੱਲਿਆਂ ਵਿੱਚੋਂ ਚਾਰ ਕਿੱਲੇ ਗਹਿਣੇ ਧਰੇ ਸਨ ਤਾਂ ਸਾਰੇ ਪਿੰਡ ਵਿੱਚ ਉਹ ਹੀਣਾ ਹੋ ਗਿਆ ਸੀ। ਲੋਕਾਂ ਨੇ ਉਹਨੂੰ 'ਮੱਤਾਂ' ਵੀ ਦਿੱਤੀਆਂ, ਪਰ ਕੁੰਢੇ ਨੇ ਜ਼ੇਰਾ ਰੱਖਿਆ। ਸਭ ਦੀਆਂ ਝੱਲ ਕੇ ਵੀ ਉਹਨੇ ਕੇਲੂ ਦੀ ਪੰਜ ਸਾਲ ਦੀ ਪੜ੍ਹਾਈ ਪੂਰੀ ਕਰਵਾ ਦਿੱਤੀ। ਤੇ ਜਦੋਂ ਉਹ ਨੌਕਰ ਹੋ ਗਿਆ ਤਾਂ ਕੁੰਢਾ ਜ਼ਮੀਨ ਠੇਕੇ ਉੱਤੇ ਦੇ ਕੇ, ਓਸੇ ਦਿਨ ਵਾਹੀ ਛੱਡ ਕੇ 'ਪਿਲਸਣੀਆਂ' ਬਣ ਬੈਠਾ। ਲੋਕਾਂ ਨੇ ਓਹਦਾ ਨਾਂ 'ਕੁੰਢਾ ਪਿਲਸਣੀਆਂ' ਈ ਪਕਾ ਲਿਆ। ਕਈ ਉਹਨੂੰ 'ਕੁੰਢਾ ਸਿਓ ਸਾਹਬ ਲੋਕ' ਕਹਿਣ ਲੱਗ ਪਏ।

ਕੁੰਢਾ ਜਦੋਂ ਫ਼ੌਜ ਵਿੱਚੋਂ ਮੁੜਿਆ ਸੀ ਤਾਂ ਕੇਲੂ ਦੀ ਉਮਰ ਚਹੁੰ ਵਰ੍ਹਿਆਂ ਦੀ ਸੀ। ਕੇਲੂ ਤੋਂ ਵੱਡੀਆਂ ਤਿੰਨ ਧੀਆਂ ਦਾ ਪਹਾੜ ਜਿੱਡਾ ਭਾਰ ਕੁੰਢੇ ਦੇ ਸਿਰ ਸੀ। ਇਕੱਲਾ ਕਮਾਊ, ਤੇਰ੍ਹਾਂ ਕਿੱਲੇ ਪੈਲ਼ੀ, ਦਿਨ-ਰਾਤ ਮਿੱਟੀ ਨਾਲ ਮਿੱਟੀ ਹੋ ਕੇ, ਉਹਨੇ ਪੰਦਰਾਂ ਵਰ੍ਹੇ 'ਦਸੌਂਟਾ' ਕੱਟਿਆ ਸੀ। ਪਰ ਜਦੋਂ ਸਾਰੀ ਕਬੀਲਦਾਰੀ ਕਿਉਂਟ ਲਈ, ਕੇਲੂ ਪੜ੍ਹ ਕੇ ਨੌਕਰੀ ਵੀ ਲੱਗ ਗਿਆ, ਉਹਦਾ ਮੰਗਣਾ ਵੀ ਉਹਨੇ ਸਰਦੇ-ਪੁੱਜਦੇ ਜਿਮੀਂਦਾਰਾਂ ਦੇ ਘਰ ਕਰ ਲਿਆ, ਤਾਂ ਉਹਨੂੰ ਆਪਣੀ ਸਾਰੀ ਮਿਹਨਤ ਰਾਸ ਆਈ ਜਾਪੀ। ਆਪਣੀ ਜ਼ਮੀਨ ਗਹਿਣੇ ਧਰਨ ਦੀ ਵੀ ਉਹਨੇ ਕੋਈ ਸੰਗ-ਸ਼ਰਮ ਮਹਿਸੂਸ ਨਹੀਂ ਸੀ ਕੀਤੀ।

"ਜੈਦਾਤਾਂ ਹੋਈਆਂ ਬੰਦਿਆਂ ਨਾਲ!.........ਬੰਦੇ ਬਣੌਂਦੇ ਆਏ। ਜੇ ਸਲੱਗ ਹੋਊ ਤਾਂ ਆਪੇ ਦੂਣੀ-ਚੌਣੀ ਬਣਾ-ਲੂ, ਨਹੀਂ ਤਾਂ ਮੇਰਾ ਕੀ ਐ? ਆਪਾਂ ਨੂੰ ਤਾਂ ਦੋ ਗੁੱਲੀਆਂ ਚਾਹੀਦੀਆਂ ਹੈ, ਪਿਨਸ਼ਨ ਦੇ ਪੈਸੇ ਈ ਨ੍ਹੀਂ ਮੁਕਦੇ; ਹੋਰ ਜੈਦਾਤਾਂ ਆਪਾਂ ਕੀ ਕਰਨੀਐਂ!" ਉਹ ਦਲੀਲ ਦਿੰਦਾ।

ਤੇ ਜਿੰਨ੍ਹਾਂ ਨੂੰ ਉਹਦੀਆਂ ਦਲੀਲਾਂ ਸੇਖ ਚਿਲੀ ਵਾਲੀਆਂ, ਫੁਕਰੀਆਂ ਗੱਲਾਂ ਵੀ ਲਗਦੀਆਂ ਹੁੰਦੀਆਂ, ਹੁਣ ਵੀ ਉਹ ਸ਼ਸ਼ੋਪੰਜ ਵਿੱਚ ਪੈ ਗਏ ਸਨ। ਉਹਦੇ ਨਾਲ ਰਸ਼ਕ ਕਰਨ ਲੱਗ ਪਏ ਸਨ। ਜਿਹੋ-ਜਿਹੀ ਘੜੀ ਤੇ ਖੂੰਡੀ ਕੁੰਢੇ ਕੋਲੇ ਸੀ, ਸਾਰੇ ਪਿੰਡ ਨੇ ਇਹੋ ਜਿਹੀ ਕਦੇ ਵੇਖੀ ਈ ਨਹੀਂ ਸੀ। ਘੜੀ ਏਨਾ ਸਹੀ ਟਾਈਮ ਦਸਦੀ ਸੀ ਕਿ ਪਿੰਡ ਦੇ ਮੀਰਾਬ ਦੂਜੇ-ਚੌਥੇ ਕੁੰਢੇ ਦੀ ਘੜੀ ਨਾਲ ਘੜੀ ਮਿਲਾ ਕੇ ਲਿਜਾਂਦੇ। ਕੁੰਢਾ ਵੀ ਜਦੋਂ ਟਾਈਮ ਦਸਦਾ ਤਾਂ ਨਾਲ ਸਕਿੰਟਾਂ ਵਾਲੀ ਸੂਈ ਵੇਖ ਕੇ ਕਹਿੰਦਾ, "ਸੱਤ ਵੱਜ ਕੇ ਤੇਈ ਮਿੰਟ ਤੇ........ ਕੋਈ ਤੀਹ, ਕ ਸਕਿੰਟ ਹੋਏ ਐ!"

ਕਮਾਲ ਨਹੀਂ ਸੀ ਕਿ ਕੁੰਢੇ ਦੀ ਜੇਬੀ ਘੜੀ ਸਕਿੰਟਾਂ ਦਾ ਵੀ ਫ਼ਰਕ ਨਹੀਂ ਸੀ ਪੈਣ ਦਿੰਦੀ?- ਨਾਲੇ ਉਹ ਸੋਹਣੀ ਈ ਏਨੀ ਸੀ ਕਿ ਉਸਦੀ ਜੇਬ ਵਿੱਚੋਂ ਮੁੜ-ਮੁੜ ਕਢਾਅ ਕੇ ਵੇਖਣ ਨੂੰ ਜੀਅ ਕਰਦਾ ਸੀ!

ਹੁਣ ਕੁੰਢੇ ਨੇ ਕਦੇ ਮੰਡੀ ਜਾਣਾ ਹੁੰਦਾ ਤਾਂ(ਉਹ ਪਹਿਲਾਂ ਨਾਲੋਂ ਬਹੁਤਾ ਈ ਮੰਡੀ ਜਾਣ ਲੱਗ ਪਿਆ ਸੀ) ਉਹ ਪਹਿਲਾਂ ਦੁਕਾਨਾਂ ਖੁਲ੍ਹਣ ਦੇ ਟਾਈਮ ਦਾ ਹਿਸਾਬ ਲਾਉਂਦਾ; ਫੇਰ ਰਾਹ ਵਿੱਚ ਲੱਗਣ ਵਾਲੇ ਵਕਤ ਦਾ ਅੰਦਾਜ਼ਾ ਲਾਉਂਦਾ ਤੇ ਉਸ ਹਿਸਾਬ ਨਾਲ਼ 'ਸੱਤ ਵੱਜ ਕੇ ਤੇਤੀ-ਚੌਂਤੀ ਮਿੰਟ' ਉੱਤੇ, 'ਸਹੀ' ਘਰੋਂ ਤੁਰਦਾ। ਜਦੋਂ ਆਪਣੀ ਖੂੰਡੀ ਸਹਾਰੇ ਬੋਚ-ਬੋਚ ਤੁਰਦਾ ਮੰਡੀ ਦੇ ਸ਼ੇਰਾਂ-ਵਾਲੇ ਗੇਟ ਕੋਲ ਪਹੁੰਚਦਾ ਤਾਂ ਸਭ ਦੁਕਾਨਾਂ ਖੁੱਲ੍ਹ ਚੁੱਕੀਆਂ ਹੁੰਦੀਆਂ। ਹਟਵਾਣੀਏਂ ਗੱਲਿਆਂ ਉੱਤੇ ਧੂਫ਼ ਧੁਖਾ ਰਹੇ ਹੁੰਦੇ। ਉਹ ਗੇਟ ਦੇ ਥਮ੍ਹਲੇ ਕੋਲ ਖੜੋ ਕੇ ਪਹਿਲਾਂ ਮੋਢੇ ਉੱਤੇ ਰੱਖੇ ਮੂਕੇ ਨਾਲ ਮੂੰਹ, ਹੱਥ, ਪੈਰ ਝਾੜਦਾ ਤੇ ਫੇਰ ਪੱਗ ਸੂਤ ਕਰਕੇ ਖੂੰਡੀ ਨੂੰ ਥਮ੍ਹਲੇ ਦੇ ਸਹਾਰੇ ਖੜ੍ਹੀ ਕਰਦਿਆਂ ਜੇਬ ਵਿੱਚੋਂ ਬੋਚ ਕੇ ਘੜੀ ਕਢਦਾ ਤੇ ਉਹਦਾ ਸਿਖਰਲਾ ਬਟਨ ਦੱਬ ਦਿੰਦਾ। 'ਕੜਿੱਕ' ਦੀ ਅਵਾਜ਼ ਨਾਲ ਘੜੀ ਦੀਆਂ ਲਾਲ ਸੂਈਆਂ ਜਿਵੇਂ ਉਹਨੂੰ 'ਝਾਤ' ਕਹਿੰਦੀਆਂ! ਉਹ ਮੁਸਕਰਾ ਪੈਂਦਾ। ਨੌਂ ਵੱਜਣ ਵਿੱਚ ਪੂਰੇ ਪੰਜ-ਛੇ ਮਿੰਟ ਬਾਕੀ ਹੁੰਦੇ ਸਨ-ਨਾ ਘੱਟ, ਨਾ ਵੱਧ।

ਇੱਕ ਦਿਨ ਕੇਲੂ ਦੀ ਚਿੱਠੀ ਆਈ। ਉਹ ਆਮ ਚਿੱਠੀਆਂ ਨਾਲੋਂ ਖਾਸੀ ਭਾਰੀ ਲਗਦੀ ਸੀ। ਕੁੰਢੇ ਨੇ ਖੋਲ੍ਹ ਕੇ ਵੇਖੀ ਤਾਂ ਕੇਲੂ ਦੀ ਇੱਕ ਫੋਟੋ ਸੀ। ਫੋਟੋ ਵਿੱਚ ਹੋਰ ਤਿੰਨ ਚਾਰ ਮੁੰਡੇ ਕੁੜੀਆਂ ਸਨ। ਜਿਹੜੀ ਕੁੜੀ ਕੇਲੂ ਦੇ ਨਾਲ ਮੋਢਾ ਜੋੜ ਕੇ ਖੜੋਤੀ ਹੋਈ ਸੀ, ਉਹਦਾ ਚਾਪੜ ਵਰਗਾ ਮੂੰਹ ਸੀ-ਭਰਵਾਂ ਚੌੜਾ। ਕੱਦ ਕੁਝ ਮਧਰਾ ਸੀ, ਪਰ ਸਰੀਰ ਮੱਲਾਂ ਵਰਗਾ ਨਰੋਆ। ਕੇਲੂ ਨੇ ਜਿਹੜੀ ਚਿੱਠੀ ਲਿਖੀ ਸੀ ਉਸ ਵਿੱਚ ਦੱਸਿਆ ਸੀ ਕਿ ਸਾਰੇ ਮੁੰਡੇ-ਕੁੜੀਆਂ ਨਾਲ ਕੇਲੂ ਦੀ 'ਦੋਸਤੀ' ਵਾਲੀ ਗੱਲ ਸਮਝ ਨਹੀਂ ਸੀ ਆ ਰਹੀ। ਫੇਰ ਆਪੇ ਈ ਉਸ ਹੋਰ ਤਰ੍ਹਾਂ ਸੋਚਣਾ ਸ਼ੁਰੂ ਕਰ ਦਿੱਤਾ- 'ਠੀਕ ਐ, ਜੈਸਾ ਦੇਸ, ਓਸਾ ਭੇਸ! ਅੰਗਰੇਜ਼ ਵੀ ਤਾਂ ਐਂ ਕੱਠੇ ਰਹਿੰਦੇ ਈ ਹੁੰਦੇ ਸੀ-ਕੁਆਰੇ ਮੁੰਡੇ, ਕੁਆਰੀਆਂ ਕੁੜੀਆਂ, ਕੱਠੇ ਈ ਤੁਰੇ ਫਿਰਦੇ।' ਪਰ ਇਹਦੇ ਬਾਵਜੂਦ ਵੀ ਉਹਨੂੰ ਕਈ ਦਿਨ ਕੇਲੂ ਦੀ ਇਹ ਫ਼ੋਟੋ ਓਪਰੀ-ਓਪਰੀ ਲਗਦੀ ਰਹੀ।

ਹੋਰ ਦੋ ਮਹੀਨਿਆਂ ਪਿਛੋਂ ਜਦੋਂ ਕੇਲੂ ਦੇ ਸਹੁਰਿਆਂ ਵਲੋਂ ਸੁਨੇਹੇ 'ਤੇ ਸੁਨੇਹਾ ਆਉਣ ਲੱਗ ਪਿਆ ਤਾਂ ਉਹਨੇ ਕੇਲੂ ਨੂੰ ਦੋ ਚਿੱਠੀਆਂ, ਉਪਰੋਥੱਲੀ ਲਿਖੀਆਂ। ਪਰ ਉਹ ਇਹ ਵੇਖ ਕੇ ਹੈਰਾਨ ਹੋਇਆ ਕਿ ਕੇਲੂ ਨੇ ਮਹੀਨਾ ਭਰ ਉਹਨਾਂ ਦਾ ਜੁਆਬ ਨਾ ਦਿੱਤਾ। ਅਖ਼ੀਰ ਉਹਨੇ ਮੰਡੀ ਜਾ ਕੇ ਆੜ੍ਹਤੀਆਂ ਦੇ ਮੁੰਡੇ ਤੋਂ ਜਵਾਬੀ ਤਾਰ ਪੁਆਈ। ਚਾਰ ਦਿਨ ਉਡੀਕਿਆ, ਉਹਦਾ ਵੀ ਕੋਈ ਉੱਤਰ ਨਾ ਆਇਆ, ਤਾਂ ਕੁੰਢੇ ਨੂੰ ਬੜਾ ਫ਼ਿਕਰ ਹੋਇਆ। ਉਹਨੇ ਕੇਲੂ ਦੀ ਮਾਂ ਨਾਲ ਸਲਾਹ ਕੀਤੀ ਕਿ ਥਹੁ ਪਤਾ ਕਰਕੇ ਉਹ ਆਪ ਕੇਲੂ ਕੋਲ ਜਾ ਆਵੇ; ਹੋ ਸਕਦੈ ਉਹ ਬੀਮਾਰ ਹੋਵੇ, ਤੇ ਉਹਨਾਂ ਦੇ ਫ਼ਿਕਰ ਤੋਂ ਡਰਦਾ ਈ ਜੁਆਬ ਨਾ ਦਿੰਦਾ ਹੋਵੇ। ਪਰ ਜਦੋਂ ਕੁੰਢਾ ਜਾਣ ਦੀ ਤਿਆਰੀ ਕਰ ਰਿਹਾ ਸੀ ਤਾਂ ਅਚਾਨਕ ਕੇਲੂ ਦੀ ਚਿੱਠੀ ਆ ਗਈ। ਇਹ ਵੀ ਲਿਫ਼ਾਫ਼ਾ ਸੀ, ਪਹਿਲੇ ਜਿੰਨਾਂ ਈ ਭਾਰਾ। ਖੋਲ੍ਹ ਕੇ ਵੇਖਿਆ ਤਾਂ ਉਸ ਵਿੱਚ ਕੋਰੇ ਕਾਗਜ਼ ਵਿੱਚ ਵਲ੍ਹੇਟੀ ਇੱਕ ਫੋਟੋ ਸੀ; ਚਿੱਠੀ ਕੋਈ ਨਹੀਂ ਸੀ। ਕੇਲੂ ਸਿਰ ਉੱਤੇ ਸਿਹਰੇ ਬੰਨ੍ਹੀ, ਉਸ ਚਾਪੜ ਵਰਗੇ ਮੂੰਹ ਵਾਲੀ ਕੁੜੀ ਦੇ ਬਰਾਬਰ ਖੜੌਤਾ ਮੁਸਕਰਾ ਰਿਹਾ ਸੀ, ਜਿਹੜੀ ਕੁੰਢੇ ਨੇ ਪਹਿਲੀ ਫੋਟੋ ਵਿੱਚ ਵੇਖੀ ਸੀ। ਕੁੜੀ ਨੇ ਪੂਰਾ ਸ਼ਿੰਗਾਰ ਕੀਤਾ ਹੋਇਆ ਸੀ; ਕੇਲੂ ਤੇ ਉਹਦਾ ਗੰਢ-ਜੋੜਾ ਵੀ ਹੋਇਆ-ਹੋਇਆ ਸੀ।

ਕੁੰਢਾ ਕਿੰਨਾਂ ਚਿਰ ਡੌਰ-ਭੌਰਾ ਉਸ ਫ਼ੋਟੋ ਵੱਲ ਵਿੰਹਦਾ ਰਿਹਾ। ਫੇਰ ਉਹਨੂੰ ਜਾਪਿਆ ਕੇਲੂ ਦਾ ਮੁਸਕਰਾਉਂਦਾ ਚਿਹਰਾ ਉਹਦੀਆਂ ਦੰਦੀਆਂ ਚਿੜਾ ਰਿਹਾ ਸੀ। ਉਸ ਵੇਲੇ ਉਹਨੇ ਇੱਕ ਮੋਟੀ ਸਾਰੀ ਗਾਲ੍ਹ ਕੱਢੀ ਤੇ ਫ਼ੋਟੋ ਦੇ ਟੁਕੜੇ-ਟੁਕੜੇ ਕਰਕੇ ਚੁੱਲ੍ਹੇ ਵਿੱਚ ਸੁਟਦਿਆਂ, ਵਿਹੜੇ ਵਿੱਚ ਪਏ ਮੰਜੇ ਉੱਤੇ ਲੰਮਾ ਜਾ ਪਿਆ। ਬੀਰੋ ਧੂਏਂ ਨਾਲ ਸਿੱਲੀਆਂ ਅੱਖਾਂ ਪੂੰਝਦਿਆਂ ਉਹਨੂੰ ਬਾਰ-ਬਾਰ ਪੁੱਛਦੀ ਰਹੀ, "ਕੇਲੂ ਨੇ ਕੀ ਲਿਖਿਐ?" ਪਰ ਉਹ ਚੁੱਪ ਕਰਕੇ ਪਿਆ ਰਿਹਾ। ਬੀਰੋ ਉਹਦੀ ਇਹ ਹਾਲਤ ਵੇਖ ਕੇ 'ਬਿਰ-ਬਿਰ' ਕਰਦੀ ਉਹਦੇ ਆਲ਼ੇ ਦੁਆਲ਼ੇ ਤੁਰੀ ਫਿਰੀ।

ਬਿੰਦ ਕੁ ਪਿੱਛੋਂ ਜਦੋਂ ਸ਼ੇਰੂ ਮੀਰਾਬ ਨੇ ਆ ਕੇ ਆਪਣੀ ਘੜੀ ਮਿਲਾਉਣ ਲਈ ਬੂਹਾ ਖੜਕਾਇਆ ਤਾਂ ਉਵੇਂ ਪਏ-ਪਏ ਈ ਕੁੰਢੇ ਨੇ ਘੱਗੀ ਆਵਾਜ਼ ਵਿੱਚ ਕਿਹਾ, "ਕੇਲੂ ਦੀ ਬੇਬੇ, ਇਹਨੂੰ ਕਹਿ ਦੇ ਘੜੀ ਤਾਂ ਖ਼ਰਾਬ ਹੋ-ਗੀ।" ਤੇ ਓਦੋਂ ਈ ਆਪਣੇ ਕੁੜਤੇ ਦੇ ਕਾਜ ਵਿੱਚੋਂ ਘੜੀ ਦੀ ਸੰਗਲ਼ੀ ਦਾ ਛੱਲਾ ਖੋਲ੍ਹਣ ਲੱਗ ਪਿਆ।

********

BSER

## ਅਭਿਆਸ-ਪ੍ਰਸ਼ਨ

1. ਕੇਲੂ ਨੌਕਰੀ ਕਿੱਥੇ ਕਰਦਾ ਸੀ ?

2. ਕੇਲੂ ਕੁੰਢੇ ਲਈ ਕੀ ਲੈ ਕੇ ਆਇਆ ਸੀ ?

3. ਕੁੰਢੇ ਦੀ ਖੂੰਡੀ ਅਤੇ ਘੜੀ ਦੀ ਕੀ ਵਿਸ਼ੇਸ਼ਤਾ ਸੀ ?

4. ਕੁੰਢਾ ਕੇਲੂ ਦੀ ਫੋਟੋ ਵੇਖ ਕੇ ਕਿਉਂ ਪਰੇਸ਼ਾਨ ਸੀ ?

5. ਕੁੰਢਾ ਘੜੀ ਖ਼ਰਾਬ ਹੋਣ ਦਾ ਬਹਾਨਾ ਕਿਉਂ ਕਰਦਾ ਹੈ ?

6. ਕੁੰਢੇ ਦੀ ਪਾਤਰ ਉਸਾਰੀ ਕਰੋ।

BSER

# ਗੁਰਦੇਵ ਸਿੰਘ ਰੁਪਾਣਾ

ਗੁਰਦੇਵ ਰੁਪਾਣਾ ਨੇ ਗ਼ਲਪ ਖੇਤਰ ਵਿੱਚ ਚੰਗਾ ਨਾਮਣਾ ਖੱਟਿਆ ਹੈ। ਗੁਰਦੇਵ ਰੁਪਾਣਾ ਦੀਆਂ ਰਚਨਾਵਾਂ ਦਾ ਵਸਤੂ ਜਗਤ ਮਾਲਵੇ ਦੀ ਪੇਂਡੂ ਰਹਿਤਲ ਤੋਂ ਲੈ ਕੇ ਮਹਾਂਨਗਰੀ ਜੀਵਨ-ਸ਼ੈਲੀ ਤੱਕ ਫੈਲਿਆ ਹੋਇਆ ਹੈ। ਮਨੁੱਖ ਦੇ ਲੁਕਵੇਂ ਤੇ ਅਲੋਕਾਰੀ ਅਨੁਭਵਾਂ ਦੀ ਪੇਸ਼ਕਾਰੀ ਵਿੱਚ ਉਸ ਨੂੰ ਪੂਰੀ ਮੁਹਾਰਤ ਹਾਸਿਲ ਹੈ।

ਗੁਰਦੇਵ ਰੁਪਾਣਾ ਦਾ ਜਨਮ 13 ਅਪ੍ਰੈਲ 1936 ਨੂੰ ਮੱਘਰ ਸਿੰਘ ਦੇ ਘਰ ਪਿੰਡ ਰੁਪਾਣਾ (ਜਿਲ੍ਹਾ ਸ਼੍ਰੀ ਮੁਕਤਸਰ ਸਾਹਿਬ) ਵਿਖੇ ਹੋਇਆ। ਉਸ ਨੇ ਐਮ.ਏ. ਪੰਜਾਬੀ ਤੇ ਪੀ.ਐਚ.ਡੀ. ਤੱਕ ਦੀ ਉਚੇਰੀ ਪੜ੍ਹਾਈ ਹਾਸਿਲ ਕੀਤੀ ਤੇ ਅਧਿਆਪਕ ਕਿੱਤੇ ਨੂੰ ਅਪਣਾਇਆ। ਨੌਕਰੀ ਕਾਰਨ ਦਿੱਲੀ ਵਰਗੇ ਮਹਾਂਨਗਰ ਦਾ ਅਨੁਭਵ ਵੀ ਹਾਸਲ ਕੀਤਾ। ਗ੍ਰਹਿਣ ਕੀਤੇ ਅਨੁਭਵਾਂ ਵਿੱਚੋ ਹੀ ਕਥਾ ਦ੍ਰਿਸ਼ਟੀ ਵਿਕਸਤ ਹੋਈ।

'ਇੱਕ ਟੋਟਾ ਔਰਤ', 'ਆਪਣੀ ਅੱਖ ਦਾ ਜਾਦੂ', 'ਡਿਫ਼ੈਂਸ ਲਾਈਨ', 'ਸ਼ੀਸ਼ਾ'(ਸਮੁੱਚੀਆਂ ਕਹਾਣੀਆਂ) ਉਸ ਦੀਆਂ ਮਹੱਤਵਪੂਰਨ ਕਹਾਣੀ ਰਚਨਾਵਾਂ ਦੇ ਸੰਗ੍ਰਹਿ ਹਨ। ਉਸ ਦੀਆਂ ਕਹਾਣੀਆਂ ਵਿੱਚੋਂ ਵਿਰਕ ਦੀ ਕਥਾ ਸ਼ੈਲੀ ਵਰਗੀ ਸਹਿਜ ਬਿਰਤਾਂਤ ਦੀ ਝਲਕ ਵੇਖੀ ਜਾ ਸਕਦੀ ਹੈ। ਉਸ ਦੀ ਮਾਨਵਵਾਦੀ ਦ੍ਰਿਸ਼ਟੀ ਉਸ ਨੂੰ ਅੱਡਰਾ ਕਹਾਣੀਕਾਰ ਸਥਾਪਿਤ ਕਰਦੀ ਹੈ। ਮਲਵਈ ਉਪਭਾਸ਼ਾ, ਕਥਾ-ਰਸ, ਸੂਖਮ ਵਿਅੰਗ ਆਦਿ ਉਸ ਦੀ ਕਹਾਣੀ ਕਲਾ ਦੀਆਂ ਪ੍ਰਮੁੱਖ ਵਿਧੀਆਂ ਹਨ। ਉਹ ਮਨੁੱਖ ਦੇ ਧੁਰ ਅੰਦਰ ਜਾ ਕੇ ਉਸ ਦੇ ਜਜ਼ਬਾਤਾਂ ਨੂੰ ਪਕੜਣ ਦੀ ਕੋਸ਼ਿਸ਼ ਕਰਦਾ ਹੈ। ਪਾਤਰਾਂ ਦੇ ਮਨੋਵਿਹਾਰ ਨੂੰ ਚਿਤਰਨ ਵਿੱਚ ਉਹ ਮਾਹਿਰ ਹੈ। ਇੱਥੇ ਉਸ ਦੀ ਕਥਾ-ਦ੍ਰਿਸ਼ਟੀ ਨੂੰ ਸਮਝਣ ਲਈ 'ਹਵਾ' ਕਹਾਣੀ ਪੇਸ਼ ਕੀਤੀ ਜਾ ਰਹੀ ਹੈ।

BSER

# 6. ਹਵਾ

ਬੱਚੇ ਦੇ ਰੋਣ ਦੀ ਆਵਾਜ਼ ਸੁਣ ਕੇ ਮਦਨ ਤ੍ਰੱਭਕ ਗਿਆ।

ਅੱਕਾਂ ਦੇ ਪਿੱਛੇ ਇਕ ਛੇ-ਸੱਤ ਮਹੀਨੇ ਦਾ ਬੱਚਾ ਮੂਧੇ ਮੂੰਹ ਪਿਆ ਰੋ ਰਿਹਾ ਸੀ। ਕਦੀ ਉਹਦਾ ਮੂੰਹ ਧਰਤੀ ਵਿੱਚ ਗੱਡਿਆ ਜਾਂਦਾ। ਕਦੀ ਉਹ ਸਿਰ ਨੂੰ ਉਪਰ ਚੁੱਕ ਲੈਂਦਾ। ਕਦੀ ਉਹਦੇ ਰੋਣ ਦੀ ਆਵਾਜ਼ ਮੱਧਮ ਸੁਣਦੀ, ਕਦੀ ਉੱਚੀ।

ਮਦਨ ਨੇ ਗੱਡੀ ਖੜੀ ਕਰ ਦਿੱਤੀ। ਬੱਚੇ ਨੂੰ ਚੁੱਕ ਕੇ ਆਪਣੀ ਪਗੜੀ ਦੇ ਲੰਮੇ ਲੜ ਨਾਲ ਉਹਦਾ ਮੂੰਹ ਪੂੰਝਿਆ। ਫੇਰ ਉਹਨੇ ਇਹ ਪਤਾ ਕੀਤਾ, ਉਹ ਮੁੰਡਾ ਸੀ ਜਾਂ ਕੁੜੀ। ਉਹ ਕੁੜੀ ਨਿਕਲੀ। ਬੱਚੀ ਉਹਦੇ ਵੱਲ ਵੇਖਣ ਲੱਗ ਪਈ।

ਕੋਲ ਹੀ ਇੱਕ ਦੁੱਧ-ਚਿੱਟਾ ਬੁਰਕਾ ਇਉਂ ਪਿਆ ਸੀ, ਜਿਵੇ ਹਨੇਰੀ ਨਾਲ ਉੱਡ ਕੇ ਆਇਆ ਹੋਵੇ।

"ਕੋਈ ਮਾਂ ਸਿੱਟ ਕੇ ਭੱਜ ਗਈ ਵਿਚਾਰੀ ਨੂੰ।" ਉਹਨੇ ਸੋਚਿਆ, "ਕਿਹੋ ਜਿਹੀ ਚੰਦਰੀ ਵਾ ਵਗ ਗਈ ਐ-ਮਾਵਾਂ ਤੋ ਬੱਚੇ ਨ੍ਹੀ ਸੰਭਾਲੇ ਗਏ।" ਉਸ ਨੇ ਬੱਚੀ ਦੀਆਂ ਬਾਹਵਾਂ ਖੋਹਲ ਕੇ ਆਪਣੇ ਗਲ਼ ਦੁਆਲ਼ੇ ਵਲ਼ ਲਈਆਂ।

ਸਾਹਮਣੇ ਛੋਟੇ ਜਿਹੇ ਖਾਲ਼ ਵਿੱਚ ਇਕ ਆਦਮੀ ਪਿਆ ਹੋਇਆ ਦਿੱਸਿਆ। ਅੱਗੇ ਹੋ ਕੇ ਵੇਖਿਆ ਤਾਂ ਉਹ ਇੱਕ ਲਾਸ਼ ਸੀ। ਮੱਥੇ ਉੱਤੇ ਕਾਲੀ ਸਿਆਹੀ ਨਾਲ ਖੁਣਿਆ ਹੋਇਆ ਚੰਦ ਤੇ ਤਾਰਾ। ਚਿਹਰੇ ਉੱਤੇ ਪੀੜ ਦੀਆਂ ਲੀਕਾਂ ਖਿੱਚੀਆਂ ਹੋਈਆਂ ਸਨ, ਜਿਸ ਕਰਕੇ ਚੰਦ ਤੇ ਤਾਰੇ ਦਾ ਰੂਪ ਵਿਗੜਿਆ ਹੋਇਆ ਸੀ। ਪੇਟ ਵਿੱਚੋ ਆਂਦਰਾ ਦਾ ਗੁੱਛਾ ਬਾਹਰ ਲਮਕ ਰਿਹਾ ਸੀ। ਪੈਰਾਂ ਕੋਲੋ ਜ਼ਮੀਨ ਪੁੱਟੀ ਹੋਈ ਸੀ। ਜਾਨ ਨਿਕਲਣ ਵੇਲੇ ਤੜਫਦਾ ਰਿਹਾ ਹੋਵੇਗਾ।

"ਹੈਂਸਿਆਰੇ ਪਿਉ ਨੂੰ ਮਾਰ ਕੇ ਸਿੱਟ ਗਏ, ਮਾਂ ਨੂੰ ਉਧਾਲ ਕੇ ਲੈ ਗਏ-ਤੇ ਏਸ ਜੁਆਕੜੀ ਨੂੰ ਰੁਲਦਾ ਛੱਡ ਗਏ..........", ਉਹਦੇ ਆਉਣ ਤੋਂ ਪਹਿਲਾਂ ਜੋ ਵਾਪਰਿਆ ਸੀ, ਉਹਨੇ ਉਸ ਦਾ ਅੰਦਾਜਾ ਲਾ ਕੇ ਕਿਹਾ।

ਬੱਚੀ ਦਾ ਮੁਹਾਂਦਰਾ ਆਪਣੇ ਅੱਬਾ ਨਾਲ ਮਿਲਦਾ ਸੀ। ਫੇਰ ਵੀ ਚਿੱਟੇ ਬੁਰਕੇ ਵੱਲ ਵੇਖ ਉਹਨੂੰ ਖਿਆਲ ਆ ਰਿਹਾ ਸੀ ਕਿ ਬੱਚੀ ਦੀ ਮਾਂ ਬਹੁਤ ਸੋਹਣੀ ਹੋਵੇਗੀ। ਉਹਦੀ ਸੁੰਦਰਤਾ ਹੀ ਉਹਦੇ ਖਾਵੰਦ ਦੀ ਦੁਸ਼ਮਣ ਬਣ ਗਈ ਹੋਵੇਗੀ। ਉਹ ਆਪ ਤਾਂ ਹੌਲੀ-ਹੌਲੀ ਕਿਸੇ ਦੇ ਘਰ ਨੂੰ ਆਪਣਾ ਘਰ ਕਹਿਣ ਲੱਗ ਜਾਵੇਗੀ ਤੇ ਕਿਸੇ ਨੂੰ ਆਪਣਾ ਘਰਵਾਲਾ। ਉਹਦੇ ਹੋਰ ਨਿਆਣੇ ਹੋ ਪੈਣਗੇ ਤੇ ਖ਼ਬਰੇ ਇਸ ਬੱਚੀ ਨੂੰ ਵੀ ਉਹ ਭੁੱਲ ਜਾਵੇ। ਪਰ ਜੇ ਉਹ ਮਾਂ ਦੇ ਨਾਲ਼ ਬੱਚੀ ਨੂੰ ਵੀ ਲੈ ਜਾਂਦੇ ਤਾਂ ਕੀ ਹਰਜ਼ ਸੀ................

"ਬੱਚੇ ਰੱਬ ਦਾ ਰੂਪ ਹੁੰਦੇ ਨੇ-ਬੱਚਿਆਂ ਸਾਹਮਣੇ ਆਦਮੀ ਪਾਪ ਕਰਨ ਤੋਂ ਡਰਦੈ।" ਮਦਨ ਨੂੰ ਮਾਂ ਦੀ ਕਹੀ ਗੱਲ ਯਾਦ ਆ ਗਈ।

"........ਤੇ ਜੋ ਉਹ ਕਰ ਗਏ ਨੇ, ਉਹ ਕਿਹੜਾ ਪੁੰਨ ਸੀ ?" ਫੇਰ ਉਹਨੂੰ ਮਾਂ ਦੀ ਗੱਲ ਝੂਠੀ

ਜਾਪੀ।

ਬੱਚੀ ਫੇਰ ਰੋਣ ਲੱਗ ਪਈ।

"ਦੁਰਗੀ ਵੀ ਆਂਹਦੀ ਹੁੰਦੀ ਸੀ, ਰੱਬ ਇੱਕ ਧੀ ਤਾਂ ਮੈਨੂ ਜ਼ਰੂਰ ਦਿੰਦਾ-ਦੁੱਖ ਸੁਖ ਕਰਨ ਵਾਸਤੇ.....ਲਓ ਰੱਬ ਨੇ ਉਹਦੇ ਵਾਸਤੇ ਧੀ ਘੱਲ ਦਿੱਤੀ ਐ......ਹਾਲੈ ਇਹਨੂੰ ਕੀ ਪਤੈ। ਨਾ ਇਹ ਹਿੰਦੂ, ਨਾ ਮੁਸਲਮਾਨ। ਬਿੱਲੂ ਨਾਲ ਖੇਡਦੀ ਫਿਰੂਗੀ-ਦੋਵੇਂ ਭੈਣ ਭਰਾ......"

ਮਦਨ ਦੀ ਬੀਵੀ ਦੁਰਗੀ ਦੇ ਤਿੰਨ ਬੱਚੇ ਹੋਏ ਸਨ। ਤਿੰਨੇ ਉਪਰੇਸ਼ਨ ਨਾਲ਼। ਦੋ ਮਰ ਗਏ। ਬਿੱਲੂ ਬਚ ਗਿਆ ਸੀ। ਬਿੱਲੂ ਦੇ ਪੈਦਾ ਹੋਣ ਵੇਲੇ ਡਾਕਟਰ ਨੇ ਕਿਹਾ ਸੀ ਦੁਰਗੀ ਫੇਰ ਹਾਮਲਾ ਹੋ ਗਈ ਤਾਂ ਉਹ ਮਰ ਜਾਵੇਗੀ, ਤੇ ਦੁਰਗੀ ਦੇ ਮਨ ਵਿੱਚ ਧੀ ਵਾਸਤੇ ਸਧਰ ਬਾਕੀ ਰਹਿ ਗਈ ਸੀ।

"ਕਿਉਂ ਦੁਰਗੀ ਨੂੰ ਮਾਂ ਬਣਾ ਲਏਂਗੀ ?" ਉਹ ਨੇ ਬੱਚੀ ਨੂੰ ਵਰਚਾਉਂਦਿਆਂ ਕਿਹਾ। ਤੇ ਫੇਰ ਕੱਸੀ ਵੱਲ ਲੈ ਤੁਰਿਆ ਪਾਣੀ ਪਿਆ ਕੇ ਉਹਨੇ ਮੂਕੇ ਦੇ ਲੜੋ ਗੁੜ ਖੋਹਲਕੇ ਉਹਦੇ ਮੂੰਹ ਵਿੱਚ ਪਾ ਦਿੱਤਾ ਤੇ ਉਸ ਨੂੰ ਗੱਡੀ ਵਿੱਚ ਲਿਟਾ ਕੇ ਗੱਡੀ ਹੱਕ ਲਈ।

ਦੋ ਕੁ ਫ਼ਰਲਾਂਗ ਗਿਆ ਹੋਵੇਗਾ ਕਿ ਉਹਨੂੰ ਦੋ ਹੋਰ ਲਾਸ਼ਾਂ ਦਿੱਸੀਆਂ। ਫੇਰ ਕੁਝ ਹੋਰ। ਉਹਨੇ ਸਾਹਮਣੇ ਨਜ਼ਰ ਮਾਰੀ ਤਾਂ ਸੜਕ ਲਾਸ਼ਾਂ ਨਾਲ ਭਰੀ ਪਈ ਸੀ। ਉਸ ਨੂੰ ਮਾਂ ਦੀ ਕਹੀ ਗੱਲ ਯਾਦ ਆ ਗਈ, "ਮਦਨ ਤੇਰੇ ਗੱਡੀ ਚਲਾਉਣ ਵਾਲੇ ਚਾਲੇ ਨਹੀਂ-ਭੇਡ ਵਾਂਗੂੰ ਨੀਂਵੀਂ ਪਾਈ ਰੱਖਦੈਂ। ਨੀਵਾਂ ਵੇਖੇ ਤੋਂ ਅੱਧੀ ਦੁਨੀਆਂ ਦਿਸਦੀ ਐ......"ਤੇ ਅੱਜ ਉਸ ਨੂੰ ਪਹਿਲੀ ਵਾਰ ਆਪਣੀ ਨੀਵਾਂ ਵੇਖਣ ਦੀ ਆਦਤ 'ਤੇ ਗੁੱਸਾ ਆਇਆ। ਜੇ ਉਹ ਕੱਸੀ ਤੋਂ ਹੀ ਸਾਹਮਣੇ ਵੇਖ ਲੈਂਦਾਂ ਤਾਂ ਉਹ ਪਿੱਛੇ ਹੀ ਮੁੜ ਜਾਂਦਾ। ਪਰ ਜਾਂਦਾ ਕਿੱਥੇ ? ਕਿਸੇ ਨੇ ਉਹਨੂੰ ਆਪਣੇ ਘਰ ਰਾਤ ਕੱਟਣ ਦੇਣੀ ਸੀ ? ਹੰਸ ਰਾਜ ਨੇ ਤਾਂ ਉਹਨੂੰ ਇਹ ਆਖ ਕੇ ਆਪਣੀ ਦੁਕਾਨ ਵਿੱਚੋਂ ਉਠਾ ਦਿੱਤਾ ਸੀ ਕਿ ਕਾਫਲਾ ਲੰਘ ਗਿਆ ਹੈ, ਹੁਣ ਕੋਈ ਡਰ ਨਹੀਂ। ਲੋਕ ਡਰੇ ਹੋਏ ਸਨ। ਘਰਾਂ ਦੇ ਬੂਹੇ ਬੰਦ ਸਨ। ਸਾਰੇ ਬਾਜ਼ਾਰ ਵਿੱਚ ਉਹਨੂੰ ਇੱਕ ਵੀ ਬੰਦਾ ਨਜ਼ਰ ਨਹੀਂ ਸੀ ਪਿਆ। ਹੋਰ ਤਾਂ ਹੋਰ, ਅੱਜ ਤਾਂ ਚੂੰਗੀ ਉੱਤੇ ਰਾਮਲਾਲ ਵੀ ਨਹੀਂ ਸੀ। ਚੂੰਗੀ ਬੰਦ ਸੀ। ਨਹੀ ਤਾਂ ਉਹ ਉਸਦਾ ਕੋਈ ਬੰਨ੍ਹ-ਸੁਬ੍ਹ ਕਰ ਦਿੰਦਾ।

ਚੁਫ਼ੇਰੇ ਲਾਸ਼ਾ ਦੀਆਂ ਲਾਸ਼ਾਂ ਵੇਖ ਕੇ ਊਠ ਭਵੰਤਰ ਗਿਆ। ਮਦਨ ਵੀ ਡਰ ਗਿਆ।

"ਪਾਣੀ .........।" ਇੱਕ ਆਵਾਜ਼ ਆਈ। ਸੜਕ ਦੇ ਕਿਨਾਰੇ ਇੱਕ ਲਾਸ਼ ਨੇ ਉਠਣ ਦਾ ਯਤਨ ਕੀਤਾ।

ਮਦਨ ਉਹਦੇ ਕੋਲ ਚਲਿਆ ਗਿਆ।

"ਪਾਣੀ.......ਅਸੀ ਮਰਦਾਨੇ ਕੇ ਹੁਨੇ ਆਂ ਪਰਭਾ ....ਬਾਬਾ ਨਾਨਕ ਤੈਨੂੰ ਤਾਰੇ....।"

ਉਹਦੇ ਸਿਰ ਵਿੱਚ ਸੱਟ ਸੀ। ਪਿਛਲੇ ਪਾਸੇ ਲਹੂ ਦੀ ਛੱਪੜੀ ਲੱਗੀ ਪਈ ਸੀ। ਅੱਧਾ ਕੁ ਉੱਠ ਕੇ ਉਹ ਫੇਰ ਡਿੱਗ ਪਿਆ।

ਸੜਕ ਉੱਤੇ ਘਰ ਦਾ ਬਹੁਤ ਸਾਰਾ ਸਮਾਨ ਖਿੰਡਿਆ ਪਿਆ ਸੀ। ਆਟਾ ਗੁੰਨ੍ਹਣ ਵਾਲੀ ਕਨਾਲੀ ਦੇ ਠਿਕਰੇ। ਟੁੱਟੀ ਹੋਈ ਸੁਰਾਹੀ। ਇੱਕ ਚਰਖਾ, ਉਖੜਿਆ ਹੋਇਆ। ਕੁਝ ਸਿਲਵਰ ਦੇ ਭਾਂਡੇ, ਚਿੱਬੇ ਹੋਏ-

ਹੋਏ। ਪਿੱਤਲ ਜਾਂ ਕਾਂਸੀ ਦਾ ਕੋਈ ਬਰਤਨ ਨਹੀਂ ਸੀ। ਮਦਨ ਨੇ ਇੱਕ ਸਿਲਵਰ ਦਾ ਕੌਲ ਸਿੱਧਾ ਕੀਤਾ ਤੇ ਛਪੜੀ ਤੋਂ ਪਾਣੀ ਲੈਣ ਤੁਰ ਪਿਆ।

ਕੁਝ ਲਾਸ਼ਾਂ ਅੱਧੀਆਂ ਛਪੜੀ ਦੇ ਪਾਣੀ ਵਿੱਚ ਸਨ, ਕੁਝ ਸਾਰੀਆਂ। ਮਦਨ ਨੇ ਗਿਣੀਆਂ ਕੁੱਲ ਤੀਹ ਸਨ। ਪਾਣੀ ਵਿੱਚ ਲਹੂ ਘੁਲਿਆ ਹੋਇਆ ਸੀ। ਮਦਨ ਨੇ ਕੋਈ ਸਾਫ਼ ਜਿਹੀ ਥਾਂ ਵੇਖ ਕੇ ਪਾਣੀ ਲੈਣ ਲਈ ਛਪੜੀ ਦਾ ਗੇੜਾ ਕੱਢਿਆ। ਪਰ ਕਿਧਰੇ ਵੀ ਸਾਫ ਪਾਣੀ ਨਹੀਂ ਸੀ। ਉਸ ਨੇ ਨਿਉਂ ਕੇ ਪਾਣੀ ਦਾ ਕਟੋਰਾ ਭਰ ਲਿਆ। ਕਟੋਰੇ ਵਿਚਲੇ ਪਾਣੀ ਨੂੰ ਵੇਖਿਆ, ਉਹਦੇ ਵਿੱਚ ਲਹੂ ਸੀ । ਫੇਰ ਪਤਾ ਨਹੀਂ ਉਹਦੇ ਦਿਲ ਵਿੱਚ ਕੀ ਆਈ, ਉਹ ਕਾਹਲੀ-ਕਾਹਲੀ ਤੁਰ ਪਿਆ।

"ਲੈ ਬਈ ਜੇ ਤੇਰੀ ਵਧੀ ਹੋਈ ਤਾਂ ਕਿਸੇ ਤਣ-ਪੱਤਣ ਲਗ ਜਾਏਂਗਾ.........ਏਸ ਪਾਣੀ 'ਚ ਤੇਰੇ ਵਰਗਿਆਂ ਦਾ ਲਹੂ ਰਲਿਆ ਹੋਇਆ ਐ.....।" ਮਦਨ ਨੇ ਉਹਦਾ ਸਿਰ ਪਰ੍ਹੇ ਪਈ ਪਗੜੀ ਨਾਲ ਕੱਸ ਕੇ ਬੰਨ੍ਹ ਦਿੱਤਾ। ਆਖਰੀ ਗੰਢ ਦੇਣ ਤੋਂ ਪਹਿਲਾਂ ਹੀ ਉਹ ਉਹਦੇ ਹੱਥਾਂ ਵਿੱਚ ਲੁੜ੍ਹਕ ਗਿਆ। ਮਦਨ ਦੇ ਅੰਦਰੋਂ ਇੱਕ ਕੰਬਣੀ ਜਿਹੀ ਛਿੜ ਪਈ ਤੇ ਉਹ ਤੁਰ ਪਿਆ।

" ਪਾਣੀ ......।" ਉਸ ਨੇ ਮੁੜ ਕੇ ਵੇਖਿਆ। ਸੜਕ ਦੇ ਦੂਜੇ ਕਿਨਾਰੇ ਇੱਕ ਲਾਸ਼ ਹੋਰ ਹਿੱਲ ਰਹੀ ਸੀ। ਮਦਨ ਨੇ ਸੜਕ ਉੱਤੋਂ ਪਾਣੀ ਵਾਲਾ ਕਟੋਰਾ ਚੁੱਕਿਆ। ਥੋੜ੍ਹਾ ਕੁ ਪਾਣੀ ਹੈ ਸੀ। ਉਹ ਸਿੱਧਾ-ਸਪਾਟ ਪਿਆ ਸੀ। ਉਹਦੀ ਵੱਖੀ ਕੋਲੋਂ ਲਹੂ ਵਹਿ-ਵਹਿ ਕੇ ਧਰਤੀ ਉੱਤੇ ਜੰਮ ਚੁੱਕਿਆ ਸੀ। ਮਦਨ ਨੇ ਉਹਨੂੰ ਬੈਠਾ ਕਰ ਕੇ ਗੋਡੇ ਦਾ ਆਸਰਾ ਦੇ ਦਿੱਤਾ। ਜਿੰਨਾ ਪਾਣੀ ਉਹਨੇ ਪੀਤਾ, ਸਾਰਾ ਵੱਖੀ ਵਿੱਚੋਂ ਦੀ ਬਾਹਰ ਨਿਕਲ ਗਿਆ। ਉਹਨੇ ਵੱਖੀ ਨੂੰ ਬੰਨ੍ਹ ਦੇਣ ਲਈ ਇਸ਼ਾਰਾ ਕੀਤਾ।

"ਹੁਣ ਤੂੰ ਮੈਨੂੰ ਉਸ ਕਿੱਕਰ ਦੇ ਮੁੱਢ ਨਾਲ ਬੈਠਾ ਕਰ ਦੇ।" ਉਸ ਨੇ ਕਿਹਾ, " ਮਿਲਟਰੀ ਵਾਲੇ ਕਿਧਰੇ ਮੈਨੂੰ ਜਿਉਂਦੇ ਨੂੰ ਹੀ ਨਾ ਦੱਬ ਜਾਣ।"

ਮਦਨ ਛੇਤੀਂ-ਛੇਤੀਂ ਸਾਰਾ ਕੰਮ ਮੁਕਾ ਕੇ ਤੁਰਦਾ ਹੋਇਆ। ਦਿਨ ਬਹੁਤ ਛੋਟਾ ਰਹਿੰਦਾ ਜਾਂਦਾ ਸੀ। ਉਹ ਦਿਨ ਖੜੇ-ਖੜੇ ਘਰ ਪਹੁੰਚਣਾ ਚਾਹੁੰਦਾ ਸੀ। ਹਾਲੇ ਵੀ ਥੋੜ੍ਹਾ ਕੁ ਡਰ ਉਹਦੇ ਅੰਦਰ ਕਿਧਰੇ ਲੁਕਿਆ ਹੋਇਆ ਸੀ।

ਉਹਨੇ ਗੱਡੀ ਤੋਰ ਲਈ। ਪੰਦਰਾਂ ਵੀਹ ਕਦਮ ਗਿਆ ਹੋਵੇਗਾ ਕਿ ਗੱਡੀ ਦਾ ਇੱਕ ਪਹੀਆ ਇੱਕ ਲਾਸ਼ ਦੀ ਲੱਤ ਉੱਤੋਂ ਦੀ ਲੰਘ ਗਿਆ। ਮਦਨ ਨੂੰ ਕ੍ਰੋਧ ਚੜ੍ਹ ਗਿਆ। ਉਹਨੇ ਗੱਡੀ ਵਿਚੋ ਡਾਂਗ ਚੁਕੀ ਤੇ ਧਲੀਰ ਕੇ ਊਠ ਦੇ ਦੋ ਜੜ੍ਹ ਦਿਤੀਆਂ। ਊਠ ਕੁਧਾੜੇ ਮਾਰਦਾ ਭੱਜ ਤੁਰਿਆ ਤੇ ਗੱਡੀ ਤਿੰਨ ਚਾਰ ਲਾਸ਼ਾ ਉੱਤੋਂ ਦੀ ਲੰਘ ਗਈ। ਮਦਨ ਨੇ ਉੱਤਰ ਕੇ ਉਠ ਦੀ ਮੁਹਾਰ ਅੱਗੋਂ ਫੜ ਲਈ ਤੇ ਲਾਸ਼ਾਂ ਤੋਂ ਬਚਾ-ਬਚਾ ਕੇ ਗੱਡੀ ਤੋਰਨ ਲੱਗਿਆ।

ਬੱਚੀ ਨੇ ਰੋਣਾ ਸ਼ੁਰੂ ਕਰ ਦਿੱਤਾ। ਮਦਨ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ, " ਮੈਨੂੰ ਪਾਣੀ ਨਾਲ ਲੈ ਕੇ ਤੁਰਨਾ ਚਾਹੀਦਾ ਸੀ ਜੁਆਕੜੀ ਵਾਸਤੇ।" ਗੱਡੀ ਖੜੀ ਕਰ ਕੇ ਉਹਨੇ ਬੱਚੀ ਨੂੰ ਕੁਛੜ ਚੁੱਕ ਲਿਆ । ਉਹ ਚੁਪ ਕਰ ਗਈ। ਹੋਰ ਪਾਸੇ ਵੀ ਕਿਸੇ ਬੱਚੇ ਦੇ ਰੋਣ ਦੀ ਆਵਾਜ਼ ਆ ਰਹੀ ਸੀ। ਇਕ ਟਾਹਲੀ ਹੇਠ ਚਾਰ-ਪੰਜ ਬੱਚੇ ਬੈਠੇ ਸਨ। ਇਕ ਰੋ ਰਿਹਾ ਸੀ। ਜਦੋਂ ਉਹ ਉਹਨਾਂ ਦੇ ਕੋਲ ਗਿਆ ਤਾਂ ਸਾਰਿਆ ਨੇ ਰੋਣਾ ਸ਼ੁਰੂ ਕਰ ਦਿੱਤਾ। ਇੱਕ ਵੱਡਾ ਬੱਚਾ ਇੱਕ ਲਾਸ਼ ਨਾਲ ਜਾ ਚੰਬੜਿਆ।

"ਡਰੋ ਨਾ......... ਮੈਂ ਮਾਰਨ ਵਾਲਾ ਨਹੀਂ।" ਉਸ ਨੇ ਕਿਹਾ, " ਇਹ ਤੇਰਾ ਅੱਬਾ ਐ ?" ਉਹਨੇ



BSEB

ਵੱਡੇ ਬੱਚੇ ਨੂੰ ਪੁੱਛਿਆ।

ਬੱਚੇ ਨੇ ਹਾਂ ਵਿੱਚ ਸਿਰ ਹਿਲਾ ਦਿੱਤਾ। ਸਭ ਬੱਚੇ ਚੁੱਪ ਹੋ ਗਏ। ਮਦਨ ਖੜਾ ਸੋਚਦਾ ਰਿਹਾ, ਉਹ ਉਹਨਾਂ ਨੂੰ ਹੋਰ ਕੀ ਕਹੇ ? ਕੁਝ ਬੱਚੇ ਸੜਕ ਦੇ ਦੂਜੇ ਪਾਸੇ ਵੀ ਕਿੱਕਰ ਹੇਠ ਬੈਠੇ ਸਨ। ਕੁਝ ਰੋ ਰਹੇ ਸਨ। ਕੋਈ ਆਪਣੀ ਮੋਈ ਪਈ ਮਾਂ ਦੀ ਛਾਤੀ ਉੱਤੇ ਸਿਰ ਰੱਖ ਕੇ ਡੁਸਕ ਰਿਹਾ ਸੀ। ਆਸੇ-ਪਾਸੇ ਫੱਟੜ ਪਾਣੀ ਮੰਗ ਰਹੇ ਸਨ। ਉਹ ਓਹਨਾਂ ਦਾ ਕੀ ਕਰੇ ? ਕਿਸ-ਕਿਸ ਨੂੰ ਸੰਭਾਲੇ ? ਕਿੱਥੋਂ ਪਾਣੀ ਲਿਆ ਕੇ ਪਿਆਵੇ, ਉਹ ਇੱਕਲਾ ? ਪਿਛੇ ਉਹ ਲਾਸ਼ਾਂ ਦਾ ਕਾਫਿਲਾ ਛੱਡ ਆਇਆ ਸੀ। ਅੱਗੇ ਇਸ ਤੋਂ ਵੱਡਾ ਕਾਫਿਲਾ ਬਾਕੀ ਸੀ, ਜਿਸ ਵਿੱਚੋਂ ਦੀ ਰਾਹ ਬਣਾ ਕੇ ਉਹਨੇ ਘਰ ਪੁੱਜਣਾ ਸੀ-ਦਿਨ ਖੜੇ-ਖੜੇ। ਪਤਾ ਨਹੀਂ ਕਿੱਥੋਂ ਤੱਕ ਇਹ ਕਾਫਲਾ ਵਿਛਿਆ ਪਿਆ ਹੋਵੇਗਾ। ਜਿਉਂਦੇ ਬੰਦਿਆ ਦਾ ਤਾਂ ਵੀਹ-ਵੀਹ ਮੀਲ ਲੰਮਾ ਕਾਫਲਾ ਸੁਣਿਆ ਸੀ।

ਕੁਝ ਚਿਰ ਉਹ ਚੁਪ-ਚਾਪ ਖੜਾ ਰਿਹਾ। ਫੇਰ ਉਸ ਨੇ ਬੱਚੀ ਨੂੰ ਉਹਨਾਂ ਬੱਚਿਆ ਕੋਲ ਲਿਟਾ ਦਿੱਤਾ ਤੇ ਛੇਤੀਂ-ਛੇਤੀਂ ਉੱਥੋਂ ਤੁਰਦਾ ਹੋਇਆ, ਮਤੇ ਫੇਰ ਉਸ ਦਾ ਦਿਲ ਨਾ ਬਦਲ ਜਾਵੇ।

ਉਹ ਓਸੇ ਤਰ੍ਹਾਂ ਮੁਹਾਰ ਫੜੀ ਗੱਡੀ ਨੂੰ ਲਾਸ਼ਾਂ ਤੋਂ ਬਚਾ-ਬਚਾ ਕੇ ਲੰਘਾਉਣ ਲੱਗਿਆ। ਫੇਰ ਵੀ ਕਦੇ ਕਿਸੇ ਦਾ ਪੈਰ ਹੇਠ ਆ ਜਾਂਦਾ ਤੇ ਕਦੇ ਕਿਸੇ ਦੀ ਲੱਤ ਉੱਤੋਂ ਦੀ ਪਹੀਆ ਲੰਘ ਜਾਂਦਾ। ਪਰ ਉਹਨੂੰ ਊਠ ਉੱਤੇ ਗੁੱਸਾ ਨਹੀਂ ਸੀ ਆ ਰਿਹਾ ਉਹਦਾ ਕੀ ਕਸੂਰ ਸੀ ਵਿਚਾਰੇ ਦਾ। ਸਗੋਂ ਉਹਦਾ ਤਾਂ ਜ਼ੋਰ ਲੱਗ ਰਿਹਾ ਸੀ, ਝਟੇ-ਝਟੇ ਪਹੀਏ ਅੱਗੇ ਓਟਾ ਲੱਗ ਜਾਂਦਾ ਸੀ।

ਅੱਧ ਵਾਲੀ ਕੱਸੀ 'ਤੇ ਪਹੁੰਚ ਕੇ ਉਹਨੂੰ ਮਹਿਸੂਸ ਹੋਇਆ, ਉਹ ਥੱਕ ਗਿਆ ਹੈ। ਜਿਸ ਬਾਂਹ ਨਾਲ ਊਠ ਦੀ ਮੁਹਾਰ ਕਦੀ ਇੱਧਰ ਕਦੀ ਉਧਰ ਖਿੱਚਦਾ ਆਇਆ ਸੀ, ਉਹ ਹੰਬ ਗਈ ਹੈ। ਤੇ ਹੁਣ ਉਸ ਤੋਂ ਉਹਦਾ ਭਾਰ ਨਹੀਂ ਚੁੱਕਿਆ ਜਾਂਦਾ। ਹੁਣ ਤਕ ਉਸ ਨੇ ਢਾਈ ਮੀਲ ਪੰਧ ਕੀਤਾ ਸੀ। ਸੜਕ ਦਾ ਏਨਾ ਹੀ ਸਫ਼ਰ ਬਾਕੀ ਸੀ। ਤੇ ਇੱਕ ਮੀਲ ਅੱਗੇ ਕੱਚਾ, ਜਿਹੜਾ ਅੱਜ ਪੱਕੀ ਸੜਕ ਨਾਲੋਂ ਸਾਫ਼ ਰਸਤਾ ਹੋਵੇਗਾ। ਸੂਰਜ ਡੁੱਬ ਚੁੱਕਿਆ ਸੀ। ਪੁਲ ਉੱਤੇ ਪਹੁੰਚ ਕੇ ਉਹਨੇ ਵੇਖਿਆ, ਕੱਸੀ ਦਾ ਪਾਣੀ ਪਟੜੀਆਂ ਦੇ ਉੱਤੋਂ ਦੀ ਵਗ ਰਿਹਾ ਸੀ। ਕੱਸੀ ਲਾਸ਼ਾਂ ਨਾਲ ਅੱਟੀ ਪਈ ਸੀ। ਉਹਨੇ ਗੱਡੀ ਰੋਕ ਦਿੱਤੀ।

ਊਠ ਨੇ ਚੀੜ੍ਹ ਕਰ ਲਿਆ ਤਾਂ ਉਹ ਗੱਡੀ ਦੇ ਉੱਤੇ ਚੜ ਬੈਠਾ ਤੇ ਊਠ ਦੀਆਂ ਮੁਹਾਰਾਂ ਢਿੱਲੀਆਂ ਛੱਡ ਦਿੱਤੀਆਂ। ਕਦੀ ਕੋਈ ਲਾਸ਼ ਧਿਆਨ ਪੈ ਜਾਂਦੀ ਤਾਂ ਊਠ ਦੀ ਮੁਹਾਰ ਇੱਕ ਪਾਸੇ ਖਿੱਚ ਦੇਂਦਾ, ਨਹੀਂ ਤਾਂ ਗੱਡੀ ਉੱਤੋਂ ਦੀ ਹੀ ਲੰਘ ਜਾਂਦੀ।

ਹੌਲੀ-ਹੌਲੀ ਹਨੇਰਾ ਵਧਣ ਲੱਗਿਆ। ਲਾਸ਼ਾਂ ਨਜ਼ਰ ਆਉਣੋਂ ਹਟ ਗਈਆਂ। ਬੱਸ ਉਦੋਂ ਪਤਾ ਲੱਗਦਾ, ਜਦੋਂ ਗੱਡੀ ਉਪਰੋਂ ਲੰਘ ਕੇ ਧੜੱਕ ਕਰ ਕੇ ਵੱਜਦੀ। ਮੀਲ ਕੁ ਚੱਲਣ ਪਿੱਛੋਂ ਉਹਨੂੰ ਇਹ ਪਤਾ ਲੱਗਣ ਲੱਗ ਪਿਆ, ਪਹੀਏ ਹੇਠ ਆਈ ਲਾਸ਼ ਕਿਸੇ ਵੱਡੇ ਬੰਦੇ ਦੀ ਹੈ ਜਾਂ ਬੱਚੇ ਦੀ। ਊਠ ਦੇ ਪੈਰਾਂ ਦੀ ਆਵਾਜ਼ ਤੋਂ ਜਾਣ ਜਾਂਦਾ ਕਿ ਸੜਕ ਸੁੱਕੀ ਹੈ ਜਾਂ ਲਹੂ ਲਿਬੜੀ।

ਹੁਣ ਉਹਦਾ ਡਰ ਬਿਲਕੁਲ ਲੱਥ ਗਿਆ ਸੀ। ਤੇ ਉਸ ਨੇ ਉਹ ਗੀਤ ਹੌਲੀ-ਹੌਲੀ ਗਾਉਣਾ ਸ਼ੁਰੂ ਕੀਤਾ, ਜਿਹੜਾ ਰਾਤ ਨੂੰ ਸਫਰ ਕਰਨ ਸਮੇਂ ਹਮੇਸ਼ਾ ਗਾਇਆ ਕਰਦਾ ਸੀ:

"ਨੀਂ ਤੂੰ ਮਾੜੀ ਕੀਤੀ ਸਾਹਿਬਾਂ,

ਨੀਂ ਤੂੰ ਯਾਰ ਦਿੱਤਾ ਮਰਵਾ ਨੀ।"

ਪਰ ਅੱਜ ਉਹਨੂੰ ਨਾ ਤਾ ਮਿਰਜੇ ਦੇ ਤਲਵਾਰਾਂ ਵੱਜਦੀਆਂ ਦਿੱਸੀਆਂ ਤੇ ਨਾ ਹੀ ਲਹੂ ਦੇ ਪਰਨਾਲੇ ਵਗਦੇ ਵਿਖਾਈ ਦਿੱਤੇ। ਉਹਨੂੰ ਆਪਣਾ ਗੀਤ ਰਸ-ਹੀਣ ਲੱਗਿਆ। ਤੇ ਉਹਨੇ ਬੰਦ ਕਰ ਦਿਤਾ।

ਪੱਕੀ ਸੜਕ ਦਾ ਸਫ਼ਰ ਮੁਕਿਆ ਤਾਂ ਕੱਚੇ ਰਾਹ ਮੁੜ ਕੇ ਊਠ ਆਪ ਹੀ ਰੁਕ ਗਿਆ। ਕੁਝ ਮਿੰਟ ਰੁਕਿਆ ਰਿਹਾ ਤੇ ਫਿਰ ਆਪ ਹੀ ਤੁਰ ਪਿਆ।

ਆਪਣੇ ਬੂਹੇ ਅੱਗੇ ਪਹੁੰਚਿਆ, ਤਾਂ ਕਿੰਨੇ ਹੀ ਆਂਢੀ ਗੁਆਂਢੀ ਬੋਲ ਪਏ– "ਆ ਗਿਆ। ਆ ਗਿਆ।"

ਉਹਨਾਂ ਦੇ ਘਰ ਵਿੱਚ ਰੋਣ ਦੀਆਂ ਆਵਾਜਾਂ ਹੋਰ ਉੱਚੀਆਂ ਹੋ ਗਈਆਂ। ਉਹ ਕੋਲ ਗਿਆ ਤਾਂ ਜੁੜੇ ਹੋਏ ਮਰਦ ਚੁੱਪ ਹੋ ਗਏ। ਉਹਨੇ ਗੱਡੀ ਨਾਲੋਂ ਊਠ ਨੂੰ ਛੱਡਿਆ ਤੇ ਵਿਹੜੇ ਵਿੱਚ ਚਰਨੇ ਉੱਤੇ ਬੰਨ੍ਹ ਦਿਤਾ। ਇੱਕ ਪਾਸੇ ਬਹੁਤ ਸਾਰੀਆਂ ਔਰਤਾਂ ਵੈਣ ਪਾ ਰਹੀਆਂ ਸਨ। ਉਹਨਾਂ ਵਿੱਚੋ ਮਦਨ ਦੀ ਮਾਂ ਉੱਠੀ ਤੇ ਉਹਦੇ ਗਲ ਲੱਗ ਕੇ ਧਾਹਾਂ ਮਾਰਨ ਲੱਗ ਪਈ।

" ਵੇ ਆਪਾਂ ਲੁੱਟੇ ਗਏ ਪੁੱਤਾ!"

" ਕੀ ਗੱਲ ਏ ਮਾਂ ?" ਉਹਨੇ ਮਾਂ ਦੀਆਂ ਬਾਹਵਾਂ ਆਪਣੇ ਦੁਆਲਿਓਂ ਲਾਹ ਕੇ ਪੁੱਛਿਆ।

"ਬਿੱਲੂ ਕੋਠੇ ਤੋਂ ਡਿੱਗ ਕੇ ਪੂਰਾ ਹੋ ਗਿਆ।" ਉਹਨੂੰ ਦਸਿਆ ਗਿਆ ।

ਉਹ ਚੁੱਪਚਾਪ ਬਹਿ ਗਿਆ। ਕੁਝ ਦੇਰ ਸਾਰੇ ਚੁੱਪ ਰਹੇ। ਫੇਰ ਕਿਸੇ ਨੇ ਕਿਹਾ, " ਮਦਨ ਲਾਲ ਚਲੋ ਸਸਕਾਰ ਕਰ ਆਈਏ। ਅਸੀਂ ਤੈਨੂੰ ਹੀ ਉਡੀਕਦੇ ਸਾਂ।"

"ਬਿੰਦ ਠਹਿਰੋ ਇਹ ਕੰਮ ਵੀ ਕਰ ਲੈਨੇ ਆਂ।" ਮਦਨ ਨੇ ਕਿਹਾ, " ਬਿੰਦ ਕੁ ਸੁਸਤਾ ਲਈਏ, ਥੱਕੇ ਬਹੁਤ ਹਾਂ, ਭੁੱਖ ਬਹੁਤ ਲੱਗੀ ਐ।"

ਮਾਂ ਨੇ ਉਹਨੂੰ ਮੋਢਿਆਂ ਤੋਂ ਫੜ ਲਿਆ।

" ਹੈਂਸਿਆਰਿਆ! ਤੂੰ ਇਹਨੂੰ ਕੰਮ ਦਸਦੈਂ, ਤੈਨੂੰ ਭੁੱਖ ਲੱਗੀ ਐ........ ਵੇ ਕੋਈ ਜਣਾ ਲਾਲਟਨ ਲਿਆਓ ਵੇ........।" ਉਹ ਦੁਹੱਥੜ ਪਿਟੱਣ ਲੱਗ ਪਈ।

ਕੋਈ ਜਣਾ ਲਾਲਟੈਨ ਲੈ ਆਇਆ।

" ਵੇ ਪਿੰਡਾਂ ਅਸੀਂ ਲੁਟੇ ਗਏ........ਮੈਂ ਛੋਟੇ ਨੂੰ ਰੋਂਦੀ ਸਾਂ......ਵੱਡੇ ਨੂੰ ਵੀ ਕੁਝ ਹੋ ਗਿਐ........ਪਤਾ ਨੀਂ ਕੀਹਦੀ 'ਵਾ ਲੱਗ ਗਈ ਐ.......ਵੇਖੋਂ ਕਿਵੇਂ ਦੀਦੇ ਪਾੜ-ਪਾੜ ਵੇਖੀ ਜਾਂਦੈ....।"

ਸਭ ਤੀਵੀਆਂ ਉੱਠ ਕੇ ਉਹਦੇ ਦੁਆਲੇ ਹੋ ਗਈਆਂ।

" ਕੋਈ ਓਪਰੀ ਹਵਾ ਲੱਗਦੀ ਐ।"

ਬਿੱਲੂ ਦੀ ਲਾਸ਼ ਇੱਕਲੀ ਪਈ ਸੀ, ਕਪੜੇ ਨਾਲ ਢਕੀ ਹੋਈ। ਮਦਨ ਉਹਦੇ ਵੱਲ ਵੇਖ ਰਿਹਾ ਸੀ, ਵੇਖੀ ਹੀ ਜਾ ਰਿਹਾ ਸੀ। ਉਹਨੂੰ ਇਉਂ ਲੱਗ ਰਿਹਾ ਸੀ, ਜਿਵੇਂ ਇੱਕ ਲਾਸ਼ ਬਾਕੀ ਲਾਸ਼ਾਂ ਨਾਲੋਂ ਇੱਕ ਮੀਲ ਦੇ ਫ਼ਾਸਿਲੇ ਉੱਤੇ ਪਈ ਹੋਵੇ-ਬੱਸ।

********

## ਅਭਿਆਸ ਪ੍ਰਸ਼ਨ

1. ਮਦਨ ਨਾਲ ਰਸਤੇ ਵਿੱਚ ਕੀ ਵਾਪਰਦਾ ਹੈ ?

2. ਮਦਨ ਜਖ਼ਮੀਆਂ ਨੂੰ ਬਚਾਉਣ ਲਈ ਕੀ ਯਤਨ ਕਰਦਾ ਹੈ ?

3. ਕਹਾਣੀ ਵਿੱਚ ਕਿਸ ਪ੍ਰਕਾਰ ਦਾ ਵਾਤਾਵਰਨ ਸਿਰਜਿਆ ਗਿਆ ਹੈ ?

4. ਮਦਨ ਦੇ ਮੁੰਡੇ ਦੀ ਮੌਤ ਕਿਵੇਂ ਹੁੰਦੀ ਹੈ ?

5. ਮਦਨ ਦੀ ਮਾਂ ਮਦਨ ਦੀ ਹਾਲਤ ਬਾਰੇ ਕੀ ਸ਼ੱਕ ਕਰਦੀ ਹੈ ?

6. ਮਦਨ ਉੱਤੇ ਕਿਹੜੀ ਹਵਾ ਦਾ ਪ੍ਰਭਾਵ ਪੈਂਦਾ ਹੈ ?

BSER

# ਵਰਿਆਮ ਸਿੰਘ ਸੰਧੂ

ਵਰਿਆਮ ਸੰਧੂ ਨਵੀਂ ਪੰਜਾਬੀ ਕਹਾਣੀ ਦੇ ਮੁਹਾਂਦਰੇ ਨੂੰ ਘੜਨ ਵਾਲਿਆਂ ਵਿੱਚੋਂ ਮੋਹਰੀ ਨਾਂ ਹੈ। ਵਰਿਆਮ ਸੰਧੂ ਨੇ ਪੰਜਾਬ ਸੰਕਟ, ਨਕਸਲਬਾੜੀ ਲਹਿਰ, ਦਲਿਤ ਚੇਤਨਾ ਤੇ ਕਿਸਾਨੀ ਸੰਕਟ ਨਾਲ ਜੁੜੇ ਵਿਸ਼ਿਆਂ ਨੂੰ ਆਪਣੀ ਰਚਨਾ-ਵਸਤੂ ਬਣਾਇਆ। ਦਹਿਸ਼ਤ ਦੇ ਦੌਰ ਵਿੱਚ ਵਰਿਆਮ ਸੰਧੂ ਨੇ ਪੰਜਾਬੀਆਂ ਦੇ ਸਾਹਸ ਤੇ ਜਿਗਰੇ ਨੂੰ ਪੂਰੀ ਦਿਆਨਤਦਾਰੀ ਨਾਲ ਮਾਨਵਵਾਦੀ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਹੈ।

ਵਰਿਆਮ ਸੰਧੂ ਦਾ ਜਨਮ 10 ਸਤੰਬਰ 1945 ਨੂੰ ਪਿੰਡ ਚਵਿੰਡਾ ਕਲਾਂ (ਨਾਨਕਾ ਪਿੰਡ) ਜਿਲ੍ਹਾ ਅੰਮ੍ਰਿਤਸਰ ਵਿਖੇ ਪਿਤਾ ਦੀਦਾਰ ਸਿੰਘ ਤੇ ਮਾਤਾ ਜੋਗਿੰਦਰ ਕੌਰ ਦੇ ਘਰ ਹੋਇਆ। ਉਸ ਨੇ ਬੀ.ਏ., ਬੀ.ਐੱਡ., ਐੱਮ.ਏ. ਪੰਜਾਬੀ, ਐਮ. ਫਿੱਲ., ਪੀ-ਐੱਚ.ਡੀ. ਤੱਕ ਦੀ ਡਿਗਰੀ ਪ੍ਰਾਪਤ ਕੀਤੀ। ਲੰਮਾਂ ਸਮਾਂ ਸਕੂਲ ਮਾਸਟਰ ਰਹਿਣ ਉਪਰੰਤ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਵਿਖੇ ਪ੍ਰਾਧਿਆਪਕ ਰਹੇ। ਵਰਿਆਮ ਸੰਧੂ 'ਤੇ ਜਵਾਨੀ ਸਮੇਂ ਨਕਸਲਬਾੜੀ ਲਹਿਰ ਦਾ ਵੀ ਪ੍ਰਭਾਵ ਰਿਹਾ। ਵਰਿਆਮ ਸੰਧੂ ਨੇ ਸ਼ੁਰੂਆਤ ਕਾਵਿ ਰਚਨਾ ਤੇ ਵਾਰਤਕ ਤੋਂ ਕੀਤੀ। ਫਿਰ ਕਹਾਣੀ ਵਿਧਾ ਉਪਰ ਵੀ ਕਲਮ ਅਜ਼ਮਾਈ।

'ਲੋਹੇ ਦੇ ਹੱਥ', 'ਕਰਵਟ'(ਸੰਪਾਦਿਤ), 'ਅੰਗਸੰਗ', 'ਭੱਜੀਆਂ ਬਾਹੀਂ', 'ਕਥਾ ਧਾਰਾ',(ਸੰਪਾਦਤ), 'ਚੌਥੀ ਕੂਟ', 'ਤਿਲ ਫੁਲ'(ਸਮੁੱਚੀਆਂ ਕਹਾਣੀਆਂ), 'ਜੱਟ ਦੀ ਜੂਨ'(ਚੋਣਵੀਆਂ ਕਹਾਣੀਆਂ) ਉਸ ਦੀਆਂ ਪ੍ਰਮੁੱਖ ਰਚਨਾਵਾਂ ਹਨ। ਉਸ ਦੇ ਕਹਾਣੀ ਸੰਗ੍ਰਹਿ 'ਚੌਥੀ ਕੂਟ' ਨੂੰ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲ ਚੁੱਕਾ ਹੈ।

ਉਸ ਦੀਆਂ ਕਹਾਣੀਆਂ ਸਮੇਂ-ਸਮੇਂ ਚਰਚਿਤ ਰਸਾਲਿਆਂ 'ਚ ਛਪਦੀਆਂ ਰਹੀਆਂ ਹਨ। ਉਸ ਦੀ ਰਚਨਾ ਦ੍ਰਿਸ਼ਟੀ ਨਵ-ਪ੍ਰਗਤੀਵਾਦ ਦੀ ਧਾਰਨੀ ਹੈ। ਜਟਿਲ, ਵਿਸਥਾਰਮਈ ਤੇ ਕਲਾਤਮਕ ਬਿਰਤਾਂਤ ਦੀ ਸਿਰਜਣਾ ਵਿੱਚ ਉਸ ਨੂੰ ਖਾਸ ਮੁਹਾਰਤ ਹਾਸਿਲ ਹੈ। ਇਸ ਕਰਕੇ ਉਸ ਨੂੰ 'ਲੰਮੀ ਕਹਾਣੀ ਲਿਖਣ ਵਾਲਾ ਕਹਾਣੀਕਾਰ' ਵੀ ਕਿਹਾ ਜਾਂਦਾ ਹੈ। ਵਿਧਾਗਤ ਪੱਖੋਂ ਉਸ ਦੀਆਂ ਕਹਾਣੀਆਂ ਨਿਵੇਕਲੀ ਕਿਸਮ ਦੀਆਂ ਹਨ। 'ਆਪਣਾ ਆਪਣਾ ਹਿੱਸਾ' ਕਹਾਣੀ ਇਸ ਸੰਗ੍ਰਹਿ ਵਿੱਚ ਦਰਜ ਕੀਤੀ ਗਈ ਹੈ।

BSEP

# 7. ਆਪਣਾ ਆਪਣਾ ਹਿੱਸਾ

ਮੱਝ ਨੂੰ ਬਾਹਰ ਕੱਢ ਕੇ, ਖੁਰਲੀ ਵਿਚ ਤੂੜੀ ਤੇ ਚਟਾਲਾ ਰਲਾਉਂਦਿਆਂ, ਘੁੱਦੂ ਨੇ ਮੱਝ ਦੀਆਂ ਨਾਸਾਂ ਵਿਚੋਂ ਉੱਡਦੀ ਹਵਾੜ ਨੂੰ ਤੱਕਿਆ ਤੇ ਧਾਰ ਕੱਢਣ ਲਈ, ਬਾਲਟੀ ਲਿਆਉਣ ਵਾਸਤੇ ਆਵਾਜ਼ ਦਿੱਤੀ। ਫਿਰ ਮੱਝ ਦੇ ਪਿੰਡੇ 'ਤੇ ਪਾਈ ਗੋਹੇ ਨਾਲ ਲਿਬੜੀ ਪਾਟੀ ਦਰੀ ਨੂੰ ਸੂਤ ਕੀਤਾ ਅਤੇ ਪਾਲੇ ਨਾਲ ਕੰਬਦੇ ਅੰਗਾਂ ਨੂੰ ਕਾਬੂ ਵਿਚ ਕਰਨ ਦੀ ਕੋਸ਼ਿਸ਼ ਕਰਦਾ ਧੁੰਦ ਵਿਚੋਂ ਦੂਰ ਚੜ੍ਹਦੇ ਸੂਰਜ ਵੱਲ ਵੇਖਣ ਲੱਗਾ। ਪਰ ਧੁੰਦ ਤਾਂ ਸੂਰਜ ਨੂੰ ਇੰਜ ਨੱਪ ਕੇ ਬੈਠੀ ਸੀ, ਜਿਵੇਂ ਕੋਈ ਤਕੜਾ ਭਲਵਾਨ ਮਾੜੇ ਭਲਵਾਨ ਦੀ ਗਿੱਚੀ 'ਤੇ ਗੋਡਾ ਦਿੱਤੀ ਬੈਠਾ ਹੋਵੇ। ਘੁੱਦੂ ਦਾ ਹੱਥ ਸਹਿਜੇ ਹੀ ਉਸ ਦੀ ਧੌਣ 'ਤੇ ਚਲਾ ਗਿਆ। ਕਈ ਸਾਲ ਪਹਿਲਾਂ ਭਲਵਾਨੀ ਕਰਦਿਆਂ; ਉਸ ਨੇ ਆਪਣੇ ਉਸਤਾਦ ਜਿੰਦੇ ਪੱਧਰੀ ਵਾਲੇ ਦੇ ਅਤੇ ਹੋਰ ਭਲਵਾਨਾਂ ਦੇ ਗੋਡਿਆਂ ਦੀ ਮਾਰ ਜ਼ੋਰ ਕਰਦਿਆਂ ਤੇ ਘੁਲਦਿਆਂ ਝੱਲੀ ਸੀ। ਉਂਜ ਵੀ ਉਸ ਦੀ ਵਿਸ਼ੇਸ਼ਤਾ ਢਾਹੁਣ ਨਾਲੋਂ ਢਹਿਣ ਵਿਚ ਵਧੇਰੇ ਰਹੀ ਸੀ। ਇਸੇ ਲਈ ਹੀ ਤਾਂ ਉਹਨਾਂ ਦੇ ਪਿੰਡ ਦੇ ਬਾਬੇ 'ਝਰਲ' ਨੇ ਉਹਨੂੰ ਮਖ਼ੌਲ ਨਾਲ ਕਿਹਾ ਸੀ, "ਉਏ ਧਰਮਿਆਂ! ਭੈਣ ਦੇਣਿਆਂ ਕਿੱਡਾ ਤੇਰਾ ਸਰੀਰ ਆ। ਜੇ ਰੋਜ਼ ਢਹਿਣ ਦਾ ਹੀ ਕੰਮ ਫੜਨਾ ਸੀ ਤਾਂ ਏਦੂੰ ਚੰਗਾ ਸੀ ਕੰਜਰਾ! ਤੇਰੇ ਸਰੀਰ 'ਚੋਂ ਮੌਛੇ ਕਰਕੇ ਦੋ ਬੰਦੇ ਬਣ ਜਾਂਦੇ – ਇਕ ਹਲ ਵਾਹਿਆ ਕਰਦਾ ਤੇ ਇਕ ਪੱਠੇ ਪਾਉਂਦਾ। ਰੱਬ ਵੀ ਸਹੁਰੇ ਨੂੰ ਟਕੇ ਦੀ ਅਕਲ ਨ੍ਹੀਂ...." ਤੇ ਸਾਰੇ ਭਰਾਵਾਂ 'ਚੋਂ ਛੋਟਾ ਧਰਮਾ 'ਘੁੱਦੂ' ਹੀ ਰਹਿ ਗਿਆ ਸੀ। ਹੁਣ ਉਹ ਨਾ ਭਲਵਾਨ ਸੀ ਤੇ ਨਾ ਹੀ ਧੌਣ ਉੱਤੇ ਕਿਸੇ ਦੇ ਗੋਡੇ ਦਾ ਡਰ। ਪਰ ਫਿਰ ਵੀ ਉਹਨੂੰ ਲੱਗਾ ਉਹਦੀ ਧੌਣ ਜਿਵੇਂ ਪੀੜ ਕਰ ਰਹੀ ਹੋਵੇ। ਉਸ ਦੀ ਧੌਣ 'ਤੇ ਇਹ ਕਿਸ ਦਾ ਗੋਡਾ ਸੀ।

ਮੱਝ ਚੋਣ ਲਈ ਭਾੜਾ ਤੇ ਬਾਲਟੀ ਲਈ ਆਉਂਦੀ ਭੈਣ ਬਚਨੋ; ਜਿਹੜੀ ਮਾਂ ਦੇ ਮਰਨ ਤੇ ਜਿਸ ਦਿਨ ਦੀ ਸਹੁਰਿਉਂ ਆਈ ਸੀ, ਇੱਥੇ ਹੀ ਸੀ – ਘੁੱਦੂ ਨੂੰ ਬਾਲਟੀ ਫੜਾ ਕੇ ਪੱਠਿਆਂ 'ਤੇ ਆਟਾ ਧੂੜਣ ਲੱਗੀ।

ਘੁੱਦੂ ਮੱਝ ਦੇ ਪਿੰਡੇ 'ਤੇ ਥਾਪੀ ਮਾਰ ਕੇ ਹੇਠਾਂ ਬਹਿ ਗਿਆ।

"ਹੈਂ ਵੀਰਾ ਵੇਖੇਂ ਨਾ! ਦੋਵੇਂ ਵੱਡੇ ਭਾਊ ਆਉਣ ਈ ਵਾਲੇ ਨੇ ... ਵੱਡਾ ਭਾਊ ਰਾਤ ਦਾ ਕਰਮ ਸੂੰਹ ਕੋਲ ਅੱਡੇ 'ਤੇ ਆ ਗਿਆ ਹੋਣਾ... ਵੇਖੇ ਨਾ ... ਤੂੰ ਜਿਹੜਾ ਸਾਬ੍ਹ ਕਤਾਬ ਬਣਦਾ ... ਉਹਨਾਂ ਨਾਲ ਨਬੇੜ ਲੈ ... ਵੇਖੇ ਨਾ ... ਮਾਂ ਦਾ 'ਕੱਠ ਵੀ ਕਰਨਾ ਹੋਇਆ ... ਉਹਦੇ ਫੁੱਲ ਵੀ ਹਰਦਵਾਰ ਲੈ ਕੇ ਜਾਣੇ ਆਂ... ਸਿਆਣਿਆ ਆਖਿਆ ਲੇਖਾ ਮਾਵਾਂ ਧੀਆਂ ਦਾ ... ਵੇਖੇਂ ਨਾ..."

ਘੁੱਦੂ ਨੂੰ ਬੜੀ ਖਿਝ ਆਈ।

"ਇਹ ਆਗੀ ਵੱਡੀ ਬੇਬੇ ਮਿੰਨੂੰ ਮੱਤਾਂ ਦੇਣ ਵਾਲੀ।"

ਉਹ ਆਪ ਤੋਂ ਛੋਟੀ ਬਚਨੋ ਬਾਰੇ ਸੋਚਦਾ ਜ਼ਹਿਰੀ ਥੁੱਕ ਅੰਦਰ ਲੰਘਾ ਗਿਆ, "ਕੱਲ੍ਹ ਦੀ ਭੂਤਨੀ..."

ਬਚਨੋਂ ਬੋਲੀ ਜਾ ਰਹੀ ਸੀ, "ਵੇਖੇਂ ਨਾ ... ਮੈਨੂੰ ਪਤਾ ਤੇਰਾ ਹੱਥ ਤੰਗ ਆ... ਪਰ ਇਹ ਕੰਮ ਵੀ ਅਕਸਰ ਕਰਨੇ ਹੋਏ। ਮੈਂ ਤਾਂ ਵੱਡਿਆਂ ਨੂੰ ਵੀ ਆਖਿਆ ਸੀ... ਤ੍ਹਾਡਾ ਸਰਦੈ ... ਤ੍ਹਾਡਾ ਹੱਥ ਖੁਲ੍ਹੈ ... ਕੋਈ ਨ੍ਹੀ ... ਵੇਖੇਂ ਨਾ ... ਉਹ ਅੱਗੋਂ ਆਂਹਦੇ ਅਸੀਂ ਖਾਣ ਲਈ ਦਾਣੇ ਈ ਖੜਦੇ ਆਂ। ... ਜ਼ਮੀਨ ਵੀ ਇਹ ਮੁਖਤ 'ਚ ਵਾਹੀ ਜਾਂਦੈ ... ਵੇਖੇਂ ਨਾ ... ਸਾਰੇ ਤੇਰੇ ਭਾਈਏ ਅਰਗੇ ਕਿਵੇਂ ਹੋ ਜਾਣ ... ਸਾਰੇ ਮੁਲਖ ਤੇ ਭੈਣਾਂ ਆਪਣਾ ਹਿੱਸਾ ਲਈ ਜਾਂਦੀਆਂ ਪਰ ਉਹਨੇ ਕਦੀ ਇਕ ਵਾਰ ਵੀ ਨ੍ਹੀਂ ਆਖਿਆ..."

BSEP

ਘੁੱਦੂ ਜਿਵੇਂ ਗਲ਼ ਵਿਚ ਡੱਕਾ ਦਿੱਤੀ ਬੈਠਾ ਸੀ, ਚੀਕ ਹੀ ਪਿਆ, "ਓ ਤੂੰ ਵੀ ਲੈ ਜਾਹ ਤੇ ਉਹ ਵੀ ਲੈ ਜਾਣ ... ਜ਼ਮੀਨ ਸਹੁਰੀ ਨੇ ਵੜਾ ਮੈਨੂੰ ਕਾਰੂੰ ਪਾਤਸ਼ਾਹ ਬਣਾ 'ਤਾ"

ਉੱਚੀ ਚੀਕਵੀਂ ਆਵਾਜ਼ ਸੁਣ ਕੇ ਤੇ ਜ਼ੋਰ ਨਾਲ ਥਣ ਨੱਪਿਆ ਜਾਣ ਕਰਕੇ ਮੱਝ ਭੂੜ੍ਹਕ ਪਈ। ਘੁੱਦੂ ਪਿੱਠਾਂ ਪਰਨੇ ਡਿੱਗ ਪਿਆ। ਬਚਾਉਂਦਿਆਂ ਵੀ ਥੋੜ੍ਹਾ ਕੁ ਦੁੱਧ ਡੁੱਲ੍ਹ ਹੀ ਗਿਆ। ਉਸ ਉਠ ਕੇ ਭੌਂੜਾ ਚੁੱਕ ਲਿਆ ਤੇ ਮੱਝ 'ਤੇ ਕਾੜ੍ਹ! ਕਾੜ੍ਹ!! ਵਰ੍ਹ ਪਿਆ।"

"... ਵੇਖੋਂ ਨਾ ... ਸਿੱਧਿਆਂ ਨੂੰ ਪੁੱਠਾ ਆਉਂਦੈ ..." ਬੁੜਬੁੜਾਉਂਦੀ ਬਚਨੋਂ "ਭੂੰ ਭੂੰ" ਕਰਦੀ ਬਾਲਟੀ ਫੜ ਕੇ ਤੁਰ ਗਈ।

"ਇਹਨੇ ਬੇਜ਼ਬਾਨ ਨੇ ਤੇਰਾ ਕੀ ਵਿਗਾੜਿਆ?" ਚੌਂਕੇ 'ਚੋਂ ਉਠ ਕੇ ਘੁੱਦੂ ਦੀ ਪਤਨੀ ਰਤਨੀ ਚੀਕੀ, "ਹੋਰਨਾਂ ਦਾ ਸਾੜ ਵਿਚਾਰੇ ਪਸ਼ੂ 'ਤੇ ਕਿਉਂ ਕੱਢਦਾ ਫਿਰਦਾਂ..."

ਮੱਝ ਡਰ ਕੇ ਖੁਰਲੀ ਦੇ ਇਕ ਬੰਨੇ ਕੰਨ ਖੜ੍ਹੇ ਕਰਕੇ, ਡੈਂਬਰੀਆਂ ਅੱਖਾ ਨਾਲ 'ਖਿਮਾਂ ਯਾਚਨਾ' ਦੀ ਮੁਦਰਾ ਵਿਚ ਖੜ੍ਹੀ ਕੰਬੀ ਜਾ ਰਹੀ ਸੀ।

ਦੂਰੋਂ ਮੋਟਰ ਸਾਈਕਲ ਦੀ ਆਵਾਜ਼ ਸੁਣਾਈ ਦਿੱਤੀ। ਘੁੱਦੂ ਡੰਗਰਾਂ ਦੀਆਂ ਖੁਰਲੀਆਂ ਵਿਚ ਐਵੇਂ ਹੱਥ ਮਾਰਨ ਲੱਗ ਪਿਆ। ਕੁੱਤਿਆ ਦੇ ਭੌਂਕਣ ਦੇ ਨਾਲ਼ ਨਾਲ਼ ਆਵਾਜ਼ ਨੇੜੇ ਆਉਂਦੀ ਗਈ ਤੇ ਥੋੜ੍ਹੀ ਦੇਰ ਬਾਅਦ ਮੋਟਰ ਸਾਈਕਲ ਉਹਨਾਂ ਦੇ ਦਰਵਾਜ਼ੇ ਅੱਗੇ ਆ ਖੜ੍ਹੋਤਾ। ਰਤਨੀ ਨੇ ਸਿਰ 'ਤੇ ਪੱਲਾ ਲੈਂਦਿਆਂ ਡਿਉਢੀ ਦਾ ਦਰਵਾਜ਼ਾ ਖੋਲ੍ਹਿਆ। ਉਹਦੇ ਦੋਵੇਂ ਜੇਠ ਸਵਰਨ ਸਿੰਘ ਤੇ ਕਰਮ ਸਿੰਘ ਸਨ। ਉਹਨਾਂ ਮੋਟਰ ਸਾਈਕਲ ਡਿਉਢੀ ਵਿਚੋਂ ਲੰਘਾ ਕੇ ਕੱਚੇ ਵਿਹੜੇ ਵਿਚ ਖੜ੍ਹਾ ਕਰ ਦਿੱਤਾ। ਵੱਡੇ ਸਵਰਨ ਸਿੰਘ ਨੇ ਆਪਣੀਆਂ ਅੱਖਾਂ ਤੋਂ ਐਨਕਾਂ ਲਾਹੀਆਂ, ਰੁਮਾਲ ਨਾਲ ਉਹਨਾਂ ਨੂੰ ਸਾਫ਼ ਕੀਤਾ ਤੇ ਫਿਰ ਦਸਤਾਨੇ ਪਹਿਨੇ ਹੱਥਾਂ ਨਾਲ ਓਵਰਕੋਟ ਤੋਂ ਸਿੱਲ੍ਹ ਨੂੰ ਪੂੰਝਦਾ ਡਿਉਢੀ ਵਿਚ ਪਏ ਆਪਣੇ ਪਿਉ ਬਿਸ਼ਨ ਸਿੰਘ ਦੇ ਬਿਸਤਰੇ ਵੱਲ ਵਧਿਆ। ਛੋਟੇ ਕਰਮ ਸਿੰਘ ਦੇ ਗਰਮ ਲੋਈ ਦੀ ਬੁੱਕਲ ਸਵਾਰੀ ਤੇ ਤਿੱਲੇ ਵਾਲੀ ਜੁੱਤੀ ਹੇਠਾਂ ਲੱਗਾ ਗੋਹਾ ਉਤਾਰਨ ਲਈ ਪੈਰ ਨੂੰ ਚੌਂਤਰੇ ਦੀ ਵੱਟ ਨਾਲ਼ ਘਸਾਉਂਦਿਆਂ ਬਚਨੋਂ ਵੱਲ ਮੂੰਹ ਕੀਤਾ।

"ਘੁੱਦੂ ਕਿੱਥੇ ਆ?"

ਬਚਨੋਂ ਨੇ ਬੁੱਕਲ 'ਚੋਂ ਬਾਹ ਕੱਢ ਕੇ ਡੰਗਰਾਂ ਵੱਲ ਕੀਤੀ; ਜਿਥੇ ਮੋਟਰ ਸਾਈਕਲ ਦੇ ਖੜਾਕ ਨਾਲ਼ ਕਿੱਲਾ ਪੁਟਾ ਗਏ ਵਹਿੜਕੇ ਨੂੰ ਘੁੱਦੂ ਫੜ ਰਿਹਾ ਸੀ।

"ਓ ਆ ਭਈ ਭਲਵਾਨਾ! ਰਤਾ ਮਸ਼ਵਰਾ ਕਰ ਲੀਏ। ਭਾ ਜੀ ਹੁਰਾਂ ਤੋਂ ਵੀ ਰੋਜ ਰੋਜ ਨੂੰ ਛੁੱਟੀ ਨੀਂ ਆਇਆ ਜਾਂਦਾ... ਮੈਨੂੰ ਵੀ ਸੌ ਕੰਮ ਰਹਿੰਦੇ ਨੇ .... ਨਾਲ਼ੇ ਬੁੱਢੜੀ ਦੇ ਫੁੱਲ ਜੇ ਤੂੰ ਜਾਣਾ ਤੂੰ ਸਹੀ ... ਤੇ ਜੇ ਮੈਂ ਜਾਣਾ ਤਾਂ ਸਹੀ ... ਗੰਗਾ ਪਾ ਆਈਏ ..."

"ਆਉਨਾਂ" ਘੁੱਦੂ ਨੇ ਬੇਪਰਵਾਹੀ ਨਾਲ ਜਵਾਬ ਦਿੱਤਾ ਤੇ ਪੁੱਟੇ ਹੋਏ ਕਿੱਲੇ ਨਾਲ ਬੱਝਾ ਵਹਿੜਕੇ ਦਾ ਰੱਸਾ ਖੋਲ੍ਹਦਾ ਆਪਣੇ ਮੁੰਡੇ ਨੂੰ ਕਹਿਣ ਲੱਗਾ, "ਓ ਕਾਕੂ ਮੰਜਾ ਕੱਢ ਕੇ ਬਾਪੂ ਆਵਦੇ ਕੋਲ਼ ਡਿਉਢੀ 'ਚ ਡਾਹ..."

ਇਸ ਤੋਂ ਪਹਿਲਾਂ ਕਿ ਕਾਕੂ ਮੰਜਾ ਲਿਆਉਂਦਾ, ਬੁੱਢੇ ਬਿਸ਼ਨ ਸਿੰਘ ਨੇ ਕਿਹਾ, "ਕਾਕੂ ਕੁਰਸੀ ਲੈ ਆ" ਤੇ ਉਹ ਸਿੱਧਾ ਹੋ ਕੇ ਇਕ ਪਾਸੇ ਨੂੰ ਖਿਸਕ ਕੇ ਬੈਠ ਗਿਆ ਤੇ ਸਵਰਨ ਸਿੰਘ ਲਈ 'ਓਨਾ ਚਿਰ'

ਬੈਠਣ ਲਈ ਮੰਜੀ 'ਤੇ ਥਾਂ ਖ਼ਾਲੀ ਕਰ ਦਿੱਤੀ। ਪਰ ਸਵਰਨ ਸਿੰਘ ਪੱਗ ਦਾ ਪੱਲਾ ਠੀਕ ਕਰਦਾ ਮੰਜੀ ਲਾਗੇ ਖੜੋਤਾ ਦਾੜ੍ਹੀ ਪਲੋਸਣ ਲੱਗਾ।

ਸਵਰਨ ਸਿੰਘ ਤਿੰਨਾਂ ਭਰਾਵਾਂ 'ਚੋਂ ਸਭ ਤੋਂ ਵੱਡਾ ਤੇ ਪੜ੍ਹਿਆ ਲਿਖਿਆ ਸੀ। ਆਪਣੀ ਹਿੰਮਤ ਨਾਲ ਪੜ੍ਹ ਕੇ ਉਹ ਓਵਰਸੀਅਰ ਲੱਗ ਗਿਆ ਸੀ ਤੇ ਚੰਗੀ 'ਕਮਾਈ' ਕਰਦਾ ਸੀ। ਉਹ ਸ਼ਹਿਰ ਹੀ ਕੋਠੀ ਪਾ ਕੇ ਰਹਿ ਰਿਹਾ ਸੀ। ਇਕੋ ਇਕ ਧੀ ਉਸ ਨੇ ਚੰਗੇ ਘਰ ਵਿਆਹ ਲਈ ਸੀ। ਦੋਵੇਂ ਮੁੰਡੇ ਵੀ ਚੰਗੀਆਂ ਨੌਕਰੀਆਂ 'ਤੇ ਲੱਗੇ ਹੋਏ ਹਨ। ਚੰਗੇ ਤੇ ਵੱਡੇ ਲੋਕਾਂ ਨਾਲ ਉਹਦਾ ਸੰਪਰਕ ਸੀ; ਲੈਣ ਦੇਣ ਸੀ; ਮਿਲਵਰਤਨ ਸੀ। ਉਸਦਾ ਇਕ ਆਪਣਾ ਹੀ ਵਿਸ਼ੇਸ਼ ਦਾਇਰਾ ਬਣ ਚੁੱਕਾ ਸੀ। ਪਿੰਡ ਉਸ ਦਾ ਆਉਣ ਜਾਣ ਘੱਟ ਹੀ ਸੀ। ਜਿਹੜੀ ਦੋ ਢਾਈ ਕਿੱਲੇ ਜ਼ਮੀਨ ਉਸ ਦੇ ਹਿੱਸੇ ਆਉਂਦੀ ਸੀ, ਉਹ ਘੁੱਦੂ ਹੀ ਵਾਹੁੰਦਾ ਸੀ ਤੇ ਉਹ ਬਕੌਲ ਉਸ ਦੇ, "ਖਾਣ ਲਈ ਸਾਲ ਦੇ ਦਾਣੇ ਹੀ ਖੜਦਾ ਸੀ।" ਆਪਣੇ ਅੰਗਾਂ-ਸਾਕਾਂ ਤੇ ਯਾਰਾਂ-ਦੋਸਤਾਂ ਵਿਚ ਉਹ ਇਹੋ ਹੀ ਕਹਿੰਦਾ ਕਿ ਉਸ ਨੇ ਜ਼ਮੀਨ ਘੁੱਦੂ ਨੂੰ ਮੁਫ਼ਤ ਹੀ ਦਿੱਤੀ ਹੋਈ ਹੈ।

ਕਾਕੂ ਕੁਰਸੀ ਲੈ ਆਇਆ। ਲੋਹੇ ਦੀ ਇਹ ਇਕੋ ਇਕ ਕੁਰਸੀ ਬੜੇ ਸਾਲਾਂ ਤੋਂ ਉਹਨਾਂ ਦੇ ਘਰ ਸੀ।

"ਪੁੱਤ! ਕੁਰਸੀ 'ਤੇ ਕੱਪੜਾ ਫੇਰ ਲੈ ਜ਼ਰਾ" ਬੁੱਢੜੇ ਬਿਸ਼ਨ ਸਿੰਘ ਨੇ ਆਪਣੀ ਉੱਡੇ ਰੰਗ ਵਾਲ਼ੀ, ਖੱਦਰ ਦੇ ਅਮਰੇ ਦੀ ਰਜਾਈ ਨੂੰ ਠੀਕ ਕੀਤਾ ਤੇ ਆਪਣੇ ਕੇਸਾਂ ਦੀ ਜਟੂਰੀ ਕਰਕੇ ਕੰਬਦੇ ਹੱਥਾਂ ਨਾਲ ਮੈਲੀ ਪੱਗ ਸਿਰ 'ਤੇ ਲਪੇਟਣ ਲੱਗਾ। ਬਿਸ਼ਨ ਸਿੰਘ ਜਦੋਂ ਵੀ ਸਵਰਨ ਸਿੰਘ ਦੇ ਸਾਹਮਣੇ ਹੁੰਦਾ ਸੀ, ਉਹਦੀ ਅਵਸਥਾ ਇੰਜ ਹੀ ਹੁੰਦੀ, ਜਿਵੇਂ ਕੋਈ ਜੱਟ ਤਹਿਸੀਲਦਾਰ ਦੇ ਸਾਹਮਣੇ ਖੜ੍ਹਾ ਹੋਵੇ। ਉਹ ਉਸ ਨੂੰ ਕਿਸੇ ਹੋਰ ਹੀ ਮਿੱਟੀ ਦਾ ਬਣਿਆ ਲੱਗਦਾ; ਜਿਹੜੀ ਡਾਢੀ ਸਾਫ਼, ਵਧੀਆ ਤੇ ਚੀਕਨੀ ਹੋਵੇ। ਜਿਸ ਦੇ ਖ਼ਬਰੇ ਗੁੱਡੀਆਂ ਤੇ ਬਾਵੇ ਬਣਦੇ ਹਨ। ਸਵਰਨ ਦੇ ਰਹਿਣ ਸਹਿਣ ਤੇ ਉਸ ਦੀ ਪੋਚਾ ਪਾਚੀ ਦੇ ਸਾਹਮਣੇ ਉਹ ਆਪਣੇ ਆਪ ਨੂੰ ਡਾਢਾ ਖੁਰਦਰਾ ਜਿਹਾ ਮਹਿਸੂਸ ਕਰਦਾ। ਇਸ ਲਈ ਸ਼ਹਿਰ ਜਾ ਕੇ ਉਹ ਕਦੀ ਵੀ ਸਵਰਨ ਦੇ ਘਰ ਦੇ ਕੂਲੇ ਜਿਹੇ ਮਾਹੌਲ ਵਿਚ ਬਹੁਤੀ ਦੇਰ ਨਹੀਂ ਸੀ ਟਿਕ ਸਕਿਆ। ਉਸ ਨੂੰ ਲੱਗਦਾ, ਜਿਵੇਂ ਉਹਦੇ ਪੈਰ ਉਸ ਘਰ ਵਿਚ ਠੀਕ ਤਰ੍ਹਾਂ ਨਾ ਉਠ ਰਹੇ ਹੋਣ। ਉਹਦੀ ਨੂੰਹ ਤੇ ਪੋਤਰੇ ਪੋਤਰੀਆਂ ਉਹਨੂੰ ਜਿਵੇਂ ਘੂਰ ਘੂਰ ਵੇਖਦੇ ਹੋਣ। ਉਹਨੂੰ ਲੱਗਦਾ ਜਿਵੇਂ ਕੋਈ ਮਿੱਟੀ ਦੇ ਘੁਰਨਿਆਂ ਵਿਚ ਖੇਡਦੇ ਸਹੇ ਨੂੰ ਸੰਗਮਰਮਰ ਦੀ ਗੁਫ਼ਾ ਵਿਚ ਛੱਡ ਆਇਆ ਹੋਵੇ।

ਕਾਕੂ ਨੇ ਕੁਰਸੀ ਸਾਫ਼ ਕਰ ਦਿੱਤੀ। ਬਿਸ਼ਨ ਸਿੰਘ ਸਵਰਨ ਨੂੰ ਇਕ-ਵਚਨ ਜਾਂ ਬਹੁ-ਵਚਨ ਵਿਚ ਸੰਬੋਧਨ ਕਰਨ ਦੀ ਦੋ-ਚਿਤੀ ਵਿਚ ਹੀ ਸੀ ਕਿ ਸਵਰਨ ਕੁਰਸੀ 'ਤੇ ਬੈਠ ਗਿਆ। ਅਜਿਹੇ ਸਮੇਂ ਬਿਸ਼ਨ ਸਿੰਘ ਕਈ ਵਾਰ ਆਪਣੇ ਆਪ 'ਚ ਡਾਢਾ ਕੱਚਾ ਜਿਹਾ ਹੁੰਦਾ। ਉਹਦਾ ਆਪਣੇ ਆਪ ਹੁੰਗਾਰਾ ਉਠਦਾ, "ਇਹ ਕਿਹੜਾ ਵੈਸਰਾਏ ਦਾ ਬੀ ਐ ਮੇਰਾ ਮੁੰਡਾ ਈ ਐ ... ਮੈਂ ਕਿਉਂ ...?"

ਕਰਮ ਸਿੰਘ ਆਪ ਹੀ ਮੰਜਾ ਚੁੱਕ ਕੇ ਡਿਉਢੀ ਵਿਚ ਲੈ ਆਇਆ। ਉਹ ਘੁੱਦੂ ਤੋਂ ਦੋ ਸਾਲ ਵੱਡਾ ਸੀ। ਪੜ੍ਹਾਈ ਵੱਲੋਂ ਲਾਪਰਵਾਹ ਤੇ ਸ਼ਰਾਰਤਾਂ 'ਚ ਨੰਬਰ ਇਕ। ਉਹ ਸੰਤੀ ਮਹਿਰੀ ਦੇ ਬਾਲਣ ਵਿਚ ਬਸਤਾ ਲੁਕਾ ਕੇ ਹਾਣੀਆਂ ਨਾਲ਼ ਖਿੱਦੋ-ਖੂੰਡੀ ਖੇਡਣ ਨਿਕਲ ਜਾਂਦਾ ਤੇ ਛੁੱਟੀ ਹੋਣ ਸਮੇਂ ਬਸਤਾ ਚੁੱਕ ਘਰ ਜਾ ਵੜਦਾ। ਛੋਟਾ ਹੋਣ ਕਰਕੇ ਘੁੱਦੂ ਉਹਦੇ ਨਾਲ਼ ਰਹਿੰਦਾ। ਇਕੱਠੇ ਹੀ ਉਹ ਸਕੂਲ ਗਏ ਤੇ ਇਕੱਠੇ ਹੀ ਪੜ੍ਹਾਈ ਵਿਚੋਂ ਛੱਡ ਕੇ ਉਹ ਘਰ ਦੇ ਕੰਮ ਵਿਚ ਪਿਉ ਦੀ ਮਦਦ ਕਰਾਉਣ ਲੱਗ ਪਏ।

ਜਵਾਨੀ ਚੜ੍ਹਦਿਆਂ ਹੀ ਕਰਮਾ ਤਾਂ ਪਾਂਡੀ ਬਣ ਕੇ ਸਮਗਲਿੰਗ ਦਾ ਮਾਲ਼ ਢੋਣ ਲੱਗ ਪਿਆ ਤੇ

ਘੁੱਦੂ ਜਿਸਮ ਦਾ ਤਾਜ਼ਾ ਤੇ ਹੱਡਾਂ ਪੈਰਾਂ ਦਾ ਖੁੱਲ੍ਹਾ ਹੋਣ ਕਰਕੇ ਭਲਵਾਨੀ। ਕਰਮੇਂ ਦਾ ਧਾਂਡੀ ਹੋਣਾ ਤਾਂ ਸੁਕਾਰਥੇ ਆਇਆ। ਹੌਲ਼ੀ ਹੌਲ਼ੀ ਉਹਨੇ ਬਲੈਕ ਦੇ ਮਾਲ ਵਿਚ ਆਪ ਹਿੱਸਾ ਪੱਤੀ ਰੱਖਣੀ ਸ਼ੁਰੂ ਕਰ ਦਿੱਤੀ। ਅੱਜ ਹੋਰ-ਕੱਲ ਹੋਰ – ਤੇ ਕਰਮਾ ਵੀ ਲਾਗਲੇ ਕਸਬੇ ਦੇ ਚੌਂਕ ਵਿਚ ਆਪਣਾ ਮਕਾਨ ਬਣਵਾ ਕੇ ਠਾਠ ਵਿਚ ਰਹਿ ਰਿਹਾ ਸੀ। ਡੇਅਰੀ ਤੇ ਮੁਰਗੀ-ਖ਼ਾਨਾ ਖੋਲ੍ਹ ਰੱਖਿਆ ਸੀ। ਉਹਦੇ ਘਰ ਪੂਰੀ ਲਹਿਰ-ਬਹਿਰ ਸੀ।

ਤੇ ਭਲਵਾਨੀ ਕਰਦਾ ਕਰਦਾ ਧਰਮ ਸਿੰਘ ਘੁੱਦੂ ਦਾ ਘੁੱਦੂ ਹੀ ਰਹਿ ਗਿਆ ਸੀ। ਪਿਉ ਵਾਲ਼ੀ ਹਲ਼ ਦੀ ਜੰਘੀ ਉਸ ਦੇ ਹੱਥ ਸੀ। ਬਾਬੇ 'ਝਰਲ' ਨੇ ਭਾਵੇਂ ਮਖ਼ੌਲ ਵਿਚ ਹੀ ਉਸਦੇ ਦੋ ਬੰਦੇ ਬਣ ਜਾਣ, ਇਕ ਦੇ ਹਲ਼ ਵਾਹੁਣ ਤੇ ਦੂਜੇ ਦੇ ਪੱਠੇ ਪਾਉਣ ਦੀ ਗੱਲ ਕੀਤੀ ਸੀ – ਪਰ ਘੁੱਦੂ ਸੱਚੀ ਹੀ ਵਾਹੀ ਵਿਚ ਦੂਣੇ ਜ਼ੋਰ ਨਾਲ ਲੱਗਾ ਰਿਹਾ ਸੀ। ਉਹ ਆਪਣੇ ਵੱਲੋਂ ਤਾਂ ਤੇਜ਼ ਦੌੜਨ ਦਾ ਬਹੁਤ ਯਤਨ ਕਰਦਾ, ਪਰ ਸੁਪਨੇ ਵਿਚ ਡਰ ਕੇ ਭੱਜਣ ਵਾਲਿਆਂ ਵਾਂਗ, ਉਸ ਦਾ ਹਰ ਚੁੱਕਿਆ ਪੈਰ ਅੱਗੇ ਧਰੇ ਜਾਣ ਦਾ ਨਾਂ ਹੀ ਨਹੀਂ ਸੀ ਲੈਂਦਾ। ਜਿਵੇਂ ਕੋਈ ਗ਼ੈਬੀ ਸ਼ਕਤੀ ਉਹਦੇ ਲੱਕ ਨੂੰ ਜੱਫਾ ਮਾਰੀ ਪਿਛਾਹ ਖਿੱਚੀ ਲਿਜਾ ਰਹੀ ਸੀ।

ਵਹਿੜਕੇ ਦਾ ਕਿੱਲਾ ਗੱਡਦਿਆਂ ਘੁੱਦੂ ਜਿਉਂ ਹੀ ਕਿੱਲੇ ਨੂੰ ਸੱਟ ਮਾਰ ਰਿਹਾ ਸੀ, ਉਹਨੂੰ ਲੱਗ ਰਿਹਾ ਸੀ ਜਿਵੇਂ ਇਹ ਸੱਟ ਉਹਦੇ ਆਪਣੇ ਸਿਰ ਵਿਚ ਵੱਜੀ ਹੋਵੇ ਅਤੇ ਉਹ ਹਰ ਸੱਟ ਨਾਲ ਹੀ ਧਰਤੀ ਦੇ ਅੰਦਰ ਨਿੱਘਰਦਾ ਜਾ ਰਿਹਾ ਹੋਵੇ। ਮਨ ਹੀ ਮਨ ਉਹ ਦੋਹਾਂ ਭਰਾਵਾਂ ਨਾਲ ਕੀਤੀ ਜਾਣ ਵਾਲੀ ਗੱਲ-ਬਾਤ ਬਾਰੇ ਸੋਚ ਰਿਹਾ ਸੀ। ਦੋਹਾਂ ਭਰਾਵਾਂ ਬਾਰੇ ਸੋਚ ਕੇ ਉਹ ਝੁੰਜਲਾ ਉਠਿਆ ਤੇ ਤੀਜੀ ਭੈਣ ਬਚਨੋਂ ! ... ਉਫ਼ ! ਇਹ ਕੇਹੇ ਰਿਸ਼ਤੇ ਸਨ।

ਵੱਡੇ 'ਤੇ ਉਸ ਨੂੰ ਖਿੱਝ ਸੀ ਕਿ ਉਹ ਅੰਗਾਂ-ਸਾਕਾਂ ਦੇ ਸਾਹਮਣੇ ਘੁੱਦੂ ਨੂੰ ਯਤੀਮ ਜਿਹਾ ਬਣਾ ਕੇ ਪੇਸ਼ ਕਰਦਾ ਸੀ। ਦਾਣੇ ਲਿਜਾ ਕੇ ਵੀ ਜ਼ਮੀਨ ਬਾਰੇ ਇੰਜ ਕਹਿੰਦਾ ਸੀ, ਜਿਵੇਂ ਘੁੱਦੂ ਨੂੰ ਦਾਨ ਕਰ ਦਿੱਤੀ ਹੋਵੇ। ਜ਼ਮੀਨ ਘੁੱਦੂ ਤੋਂ ਛੱਡੀ ਨਹੀਂ ਸੀ ਜਾਂਦੀ ਜਾਂ ਛੱਡਿਆਂ ਉਸ ਦਾ ਗੁਜ਼ਾਰਾ ਨਹੀਂ ਸੀ ਹੁੰਦਾ। ਪਰ ਏਦਾਂ 'ਮੁਫ਼ਤ ਦੇ ਅਹਿਸਾਨ' ਹੇਠਾਂ ਉਸ ਤੋਂ ਦੱਬਿਆ ਵੀ ਨਹੀਂ ਸੀ ਜਾਂਦਾ। –ਤੇ ਕਰਮ ਸਿੰਘ ਤਾਂ ਬਰਾਬਰ ਦਾ ਹਿੱਸਾ ਵੀ ਵੰਡਾ ਕੇ ਲੈ ਜਾਂਦਾ ਸੀ; ਪਰ ਇਹ ਵੀ ਇਤਰਾਜ਼ ਕਰਦਾ ਸੀ ਕਿ ਘੁੱਦੂ ਦੇ ਹੱਥਾਂ ਵਿਚ ਬਰਕਤ ਨਹੀਂ। ਉਹਨੂੰ ਹਿੱਸੇ ਵਿਚੋਂ ਕੁਝ ਨਹੀਂ ਬਚਦਾ। ਅਜੇ ਕੱਲ੍ਹ ਮਾਂ ਦੇ ਫੁੱਲ ਚੁਣਦਿਆਂ ਉਹ ਆਪਣੇ ਭਣਵੱਈਏ ਨੂੰ ਕਹਿ ਰਿਹਾ ਸੀ, "ਭਾਈਆ ! ਐਤਕੀਂ ਮੇਰੀ ਸਲਾਹ ਏ ਪਿੰਡ ਆਲੀ ਦੋ ਕਿੱਲੇ ਆਪ ਹੀ ਟਰੈਕਟਰ ਨਾਲ਼ ਵਾਹ ਕੇ ਮੱਝਾਂ ਲਈ ਪੱਠੇ ਨਾ ਬੀਜ ਛੱਡਾਂ ? ਇਸ 'ਚੋਂ ਬਚਦਾ ਬਚਾਉਂਦਾ ਤਾਂ ਅੱਗੇ ਕੁਛ ਨੀਂ।"

"ਮਾੜੀ ਗੱਲ ਨ੍ਹੀਂ ... ਮਾੜੀ ਗੱਲ ਨ੍ਹੀਂ ... ਚੰਗਾ ਰਹੇਂਗਾ ..." ਬਚਨੋਂ ਦਾ ਘਰ ਵਾਲ਼ਾ ਬੋਲਿਆ ਸੀ।

ਘੁੱਦੂ ਨੂੰ ਪਤਾ ਸੀ ਕਿ ਉਹ ਉਸ ਨੂੰ ਸੁਣਾ ਕੇ ਗੱਲਾਂ ਕਰ ਰਹੇ ਸਨ। ਉਹ ਅੰਦਰੇ ਅੰਦਰ ਭਰਿਆ ਪੀਤਾ ਬੈਠਾ ਸੀ। ਬੋਲਿਆ ਕੁਝ ਨਹੀਂ। ਜ਼ਮੀਨ ਤਾਂ ਅੱਗੇ ਹੀ ਥੋੜ੍ਹੀ ਸੀ; ਜੇ ਇਹ ਦੋ ਕਿੱਲੇ ਵੀ ਹੱਲ ਹੇਠੋਂ ਨਿਕਲ ਗਈ ? ਉਸ ਨੂੰ ਫ਼ਿਕਰ ਸੀ।

ਆਪ ਤਾਂ ਉਹ ਗੱਲ ਕਰਨੋਂ ਝਿਜਕਦਾ ਸੀ। ਲਾ ਪਾ ਕੇ ਵਿਚਲਾ ਬੰਦਾ ਭੈਣ-ਭਣਵੱਈਆ ਸੀ ਜਾਂ ਪਿਉ; ਜਿਨ੍ਹਾਂ ਨੂੰ ਉਹ ਆਪਣਾ ਦੁੱਖ ਦੱਸ ਸਕਦਾ ਸੀ। ਉਹਨਾਂ ਦੀ ਮਦਦ ਮੰਗ ਸਕਦਾ ਸੀ। ਪਰ ਭਣਵੱਈਆ ਤਾਂ ਉਸ ਦੇ ਸਾਹਮਣੇ ਕਰਮ ਸਿੰਘ ਨੂੰ ਜ਼ਮੀਨ ਛੁਡਾ ਲੈਣ ਲਈ ਕਹਿ ਰਿਹਾ ਸੀ। ਤੇ ਭੈਣ ਬਚਨੋਂ ਨੇ ਉਸ ਦੀ ਮਦਦ ਕੀ ਕਰਨੀ ਸੀ। ਉਸ ਨੂੰ ਤਾਂ ਅੱਗੇ ਹੀ ਇਤਰਾਜ਼ ਰਹਿੰਦਾ ਸੀ ਕਿ ਵੱਡੇ ਭਰਾ-ਭਰਜਾਈ ਉਸ ਨਾਲ ਚੰਗਾ ਵਰਤਦੇ ਸਨ। ਉਸ ਨਾਲ ਦੁਖ-ਸੁਖ ਵੰਡਾਉਣ ਆਉਂਦੇ ਜਾਂਦੇ ਸਨ। ਔਖੇ ਸੌਖੇ ਵੇਲ਼ੇ ਕੰਮ ਵੀ



BSEP

ਆਉਂਦੇ ਸਨ। ਸਾਲ ਛਿਮਾਹੀ ਸੂਟ ਵੀ ਬਣਾ ਦਿੰਦੇ ਸਨ। ਪਰ ਘੁੱਦੂ ਸੀ ਕਿ ਔਖੇ ਵੇਲ਼ੇ ਮਦਦ ਤਾਂ ਕੀ ਕਰਨੀਂ – ਉਹਨੂੰ ਮਿਲਣ ਤਾਂ ਕੀ ਜਾਣਾ! ਜੇ ਕਿਧਰੇ ਸਾਲ ਛਿਮਾਹੀ ਉਹਦਾ ਮੁੰਡਾ ਆ ਗਿਆ ਤਾਂ ਉਸ ਬਾਰੇ ਕਹਿੰਦੀ:

"ਹਾਇਆ! ਏਨਾ ਨਮੋਹਾ!... ਮੁੰਡਾ ਹੋਣ ਤੇ ਉਹੋ ਜਿਹੜੇ ਚਾਰ ਪਰੋਲੇ ਜਿਹੇ ਦਿੱਤੇ ਸੀ – ਬੱਸ ... ਮੇਰੀ ਜ਼ਬਾਨ ਸੜ ਜੇ – ਜੇ ਕਿਤੇ ਮੁੰਡੇ ਨੂੰ ਦੋ ਟਾਕੀਆਂ ਬਣਾ ਕੇ ਦਿੱਤੀਆਂ ਹੋਣ ਜਾਂ ਛਿੱਲੜ ਹੀ ਹੱਥ 'ਤੇ ਰੱਖਿਆ ਹੋਵੇ। ਵੇਖੇਂ ਨਾ ... ਅਸੀਂ ਕਿਤੇ ਇਹਦੇ ਪੈਸੇ ਲੀੜਿਆਂ ਤੇ ਤਾਂ ਨ੍ਹੀਂ ਬੈਠੇ ... ਪਰ ਫਿਰ ਵੀ ਭੈਣ-ਭਰਾ ਦਾ ਹੰਮਾ ਹੁੰਦਾ ... ਵੇਖੇਂ ਨਾ ..." ਤੇ ਉਹ ਅੱਖਾਂ 'ਤੇ ਚੁੰਨੀ ਫੇਰਨ ਲੱਗ ਪੈਂਦੀ।

ਘੁੱਦੂ ਬਚਨੋਂ 'ਤੇ ਅੰਦਰੇ ਅੰਦਰ ਭੁਜਿਆ ਪਿਆ ਸੀ। ਉਸ ਦਿਨ ਮਾਂ ਦਾ ਸਸਕਾਰ ਕਰਨ ਤੋਂ ਪਹਿਲਾਂ ਇਸ਼ਨਾਨ ਕਰਾਉਣ ਵੇਲੇ ਮਾਂ ਦੇ ਕੰਨਾਂ ਵਿਚ ਪਈਆਂ ਸੋਨੇ ਦੀਆਂ ਵਾਲ਼ੀਆਂ ਲਾਹ ਕੇ ਵਿਚਕਾਰਲੀ ਭਰਜਾਈ ਨੂੰ ਫੜਾ ਦਿੱਤੀਆਂ ਸਨ। ਉਹ ਜਿਵੇਂ ਵਾਲ਼ੀਆਂ 'ਤੇ ਲੱਤ ਫੇਰਦੀ ਰਹੀ ਸੀ।

ਇਕ ਪਲ ਉਹਨੂੰ ਮਾਂ 'ਤੇ ਵੀ ਖਿਝ ਆਈ। ਪਰ ਫੇਰ ਮਾਂ ਦਾ ਝੁਰੜੀਆਂ ਭਰਿਆ ਚਿਹਰਾ ਤੇ ਡੂੰਘੀਆਂ ਚਮਕਦੀਆਂ ਅੱਖਾਂ ਯਾਦ ਆਉਣ 'ਤੇ ਉਹ ਮਾਂ ਦੇ ਪਿਆਰ ਵਿਚ ਭਿੱਜ ਗਿਆ। ਇਕੋ ਮਾਂ ਹੀ ਸੀ, ਜਿਸ ਨੇ ਉਹਨੂੰ ਅੰਤਾਂ ਦਾ ਪਿਆਰ ਕੀਤਾ ਸੀ। ਸਦਾ ਉਹਦੇ ਹੱਕ ਵਿਚ ਡੱਟ ਕੇ ਬੋਲੀ ਸੀ। ਜਿਹੜੀ ਗੱਲ, ਜਿਹੜੀ ਭਾਸ਼ਾ ਵਿਚ, ਜਿੰਨੇ ਜ਼ੋਰ ਨਾਲ ਉਹ ਕਹਿਣਾ ਚਾਹੁੰਦਾ ਹੁੰਦਾ, ਉਹਦੀ ਮਾਂ ਉਹ ਗੱਲ ਉਸ ਨਾਲੋਂ ਜ਼ੋਰਦਾਰ ਅੰਦਾਜ਼ ਵਿਚ ਕਿਹਾ ਕਰਦੀ। ਉਹੋ ਹੀ ਸੀ; ਜਿਹੜੀ ਘੁੱਦੂ ਬਾਰੇ ਕਹਿੰਦੀ ਸੀ, "ਇਹ ਤਾਂ ਮੇਰਾ ਭੋਲੂ ਪੁੱਤ ਏ, ਭੋਲਾ ਭਾਲਾ-ਸ਼ਿਵਾਂ ਵਰਗਾ ... ਤੁਸੀ ਤਾਂ ਸਭ ਕਾਂਟੇ ਓ ..."

ਘੁੱਦੂ ਨੂੰ ਅਫ਼ਸੋਸ ਸੀ ਕਿ ਉਹ ਮਰਦੀ ਹੋਈ ਮਾਂ ਦੇ ਕੋਲ ਨਹੀਂ ਸੀ। ਸਾਰੀ ਉਮਰ ਮਾਂ ਉਹਦੇ ਕੋਲ ਰਹੀ ਪਰ ਮਰਨ ਸਮੇਂ ਉਸ ਕੋਲੋਂ ਚਲੀ ਗਈ। ਦੋ ਮਹੀਨੇ ਹੋਏ ਉਸਨੂੰ ਅਚਾਨਕ ਬੁੱਲਾ ਵੱਜ ਗਿਆ ਤੇ ਪਾਸਾ ਮਾਰਿਆ ਗਿਆ। ਸਵਰਨ ਸਿੰਘ ਮਾਂ ਦਾ ਪਤਾ ਕਰਨ ਆਇਆ ਤਾਂ ਉਹ ਮਾਂ ਦੇ ਵਰਜਦਿਆਂ ਵੀ ਉਸਨੂੰ ਆਪਣੇ ਨਾਲ ਸ਼ਹਿਰ ਲੈ ਗਿਆ ਤਾਂ ਕਿ ਉਸਨੂੰ ਵੱਡੇ ਹਸਪਤਾਲ ਵਿਚ ਦਾਖ਼ਲ ਕਰਵਾ ਕੇ ਇਲਾਜ ਕਰਵਾ ਸਕੇ।

ਲਗਪਗ ਡੇਢ ਮਹੀਨਾ ਇਲਾਜ ਚਲਦਾ ਰਿਹਾ, ਪਰ ਬੁੱਢੜਾ ਤੇ ਕਮਜ਼ੋਰ ਸਰੀਰ ਬਿਮਾਰੀ ਦੀ ਮਾਰ ਨਾ ਝੱਲ ਸਕਿਆ।

ਤੇ ਰਹਿ ਗਿਆ ਸੀ ਬਾਕੀ ਬੁੱਢੜਾ ਬਿਸ਼ਨ ਸਿੰਘ, ਜਿਹੜਾ ਉਸ ਦੀਆਂ ਔਖਿਆਈਆਂ ਨੂੰ ਸਮਝਦਾ ਸੀ। ਉਸਦੀ ਤੰਗੀ, ਜਿਸਦੀ ਆਪਣੀ ਤੰਗੀ ਸੀ। ਉਸਨੇ ਆਪ ਜੁ ਸਾਰੀ ਉਮਰ ਕਿਸਾਨ ਦੀ ਜੂਨ ਭੋਗੀ ਸੀ। ਪਰ ਉਹ ਵਿਚਾਰਾ ਏਨਾ ਨਿਰਮਾਣ ਤੇ ਦੱਬੂ ਜੱਟ ਸੀ ਜਾਂ ਇੰਜ ਕਹਿ ਲਈਏ ਕਿ ਉਹਦੇ ਵੱਡੇ ਪੁੱਤਾਂ ਦੇ ਪੈਸੇ ਦਾ ਜਬ੍ਹਾ ਉਸ ਤੇ ਕੁਝ ਇੰਜ ਬੈਠਾ ਸੀ ਕਿ ਉਹ ਉਭਾਸਰ ਕੇ ਕੋਈ ਗੱਲ ਉਹਨਾਂ ਨੂੰ ਕਹਿ ਹੀ ਨਹੀਂ ਸੀ ਸਕਦਾ।

" ... ਓ ਆ ਮਾਂ ਦਿਆ ਸ਼ਿਵ ਜੀ! ... ਹੈਥੇ ਕਿੱਲੇ ਨੂੰ ਈ ਠੱਕ ਠੱਕ ਕਰੀ ਜਾਨੈਂ ... ਅਸੀਂ ਹੋਰ ਵੀ ਕੰਮ ਕਰਨੈਂ ..." ਕਰਮ ਸਿੰਘ ਨੇ ਘੁੱਦੂ ਨੂੰ ਆਵਾਜ਼ ਮਾਰੀ।

ਘੁੱਦੂ ਮਿੱਟੀ ਨਾਲ ਲਿੱਬੜੇ ਹੱਥ ਤੇੜ ਦੀ ਚਾਦਰ ਨਾਲ ਪੂੰਝਦਾ ਉੱਠ ਖੜਾ ਹੋਇਆ ਤੇ ਹੌਲੀ ਹੌਲੀ ਤੁਰਦਾ ਡਿਉਢੀ ਵਿਚ ਆਣ ਕੇ ਉਨ੍ਹਾਂ ਕੋਲ ਖੜ੍ਹਾ ਹੋ ਗਿਆ।



BSEP

"ਬਹਿ ਜਾ" ਕਰਮ ਸਿੰਘ ਨੇ ਘੁੱਦੂ ਨੂੰ ਮੰਜੇ 'ਤੇ ਬੈਠ ਜਾਣ ਲਈ ਇਸ਼ਾਰਾ ਕੀਤਾ। ਬਚਨੋਂ ਵੀ ਬੁੱਕਲ ਸਵਾਰਦੀ ਪਿਉ ਦੀ ਪੁਆਂਦੀ ਆ ਬੈਠੀ।

"ਬਜ਼ੁਰਗਾ! ਭਾ ਜੀ ਰਾਤੀਂ ਮੇਰੇ ਕੋਲ ਆਗੇ ਸੀ। ਅਸੀਂ ਤਾਡ੍ਹੇ ਨਾਲ਼ ਮਸ਼ਵਰਾ ਕਰਨ ਆਏ ਆਂ..."

"ਕਰੋ ਪੀ ਮਸ਼ਵਰਾ... ਜਿਹੜਾ ਕਰਨਾਂ ... ਕੀ ਗੱਲ ਐ ..." ਬਿਸ਼ਨ ਸਿੰਘ ਨੇ ਹੌਲੀ ਜਿਹੀ ਦਾੜ੍ਹੀ ਖੁਰਕੀ।

"ਵੇਖ ਸਲਾਹ ਨਾਲ਼ ਰਲਕੇ- ਆਪੋ ਵਿਚ ਅਸੀਂ ਜਿਹੜੀ ਗੱਲ ਕਰਾਂਗੇ ... ਉਹਦੇ ਨਾਲ ਦੀ ਰੀਸ ਨ੍ਹੀਂ ..." ਕਰਮ ਸਿੰਘ ਇਕ ਪਲ ਰੁਕਿਆ ਤੇ ਸਾਰਿਆਂ ਦੇ ਚਿਹਰਿਆਂ ਵੱਲ ਤੱਕਿਆ। ਫਿਰ ਖੰਘੂਰਾ ਮਾਰ ਕੇ ਬੋਲਿਆ, "ਗੱਲ ਇਕ ਤਾਂ ਇਹ ਐ ਕਿ ਮਾਂ ਦਾ ਕੱਠ ਕਰਨਾਂ ਗੱਜ ਵਜਾ ਕੇ ... ਸਾਰੇ ਅੰਗ-ਸਾਕ ਸੱਦਣੇ ਨੇ ... ਬੁੱਢੜੀ ਕਰਮਾਂ ਆਲੀ ... ਦੋਹਤਿਆਂ ਪੋਤਿਆਂ ਵਾਲੀ ਹੋ ਕੇ ... ਉਮਰ ਭੋਗ ਕੇ ਗਈ ਆ ... ਉਹਨੂੰ ਵੱਡਿਆਂ ਕਰਨਾਂ ... ਹੈਂ ਕੀ ਸਲਾਹ ਐ ?"

"ਪੁੱਤ! ਮੇਰੀ ਸਲਾਹ ਕੀ ਹੋਣੀ ਐ... ਪਰ ਸਾਡੇ ਅਰਗੇ ਛੋਟੇ ਬੰਦਿਆਂ ਨੂੰ ਕਾਹਦਾ ਵੱਡਾ ਕਰਨਾ ਹੋਇਆ... " ਬਿਸ਼ਨ ਸਿੰਘ ਦੀ ਟੁੱਟਵੀਂ ਆਵਾਜ਼ ਸੀ।

"ਮੈਂ ਵੀ ਕਰਮ ਨੂੰ ਕਿਹਾ ਕਿ ਇਹ ਫ਼ਜ਼ੂਲ ਖ਼ਰਚੀ ਐ ... ਇਹ ਮੰਨਦਾ ਨ੍ਹੀਂ ..." ਸਵਰਨ ਸਿੰਘ ਨੇ ਰਾਇ ਦਿੱਤੀ।

"ਓ ਭਾ ਜੀ! ਭਾਈਚਾਰਾ ਕੀ ਆਖੂ! ਚੰਗੇ ਭਲੇ ਪੁੱਤ ਕਮਾਉਂਦੇ ... ਪੈਸੇ ਵਾਲੇ ... ਕੀ ਮਰੀ ਪੈਗੀ ... ਤੁਹਾਡੇ ਪੜ੍ਹਿਆਂ ਲਿਖਿਆਂ ਲਈ ਹੋਊ ਫ਼ਜ਼ੂਲ ਖ਼ਰਚੀ ... ਨਾਲ਼ੇ ਤੁਹਾਨੂੰ ਕੀ ... ਤੁਸੀਂ ਤਾਂ ਸ਼ਹਿਰ ਰਹਿਣਾ। ਏਥੇ ਮਿਹਣੇ ਤਾਂ ਸਾਨੂੰ ਵੱਜਣੇ ਨੇ ..." ਕਰਮ ਸਿੰਘ ਅਜੇ ਬੋਲ ਹੀ ਰਿਹਾ ਸੀ ਕਿ ਬਚਨੋਂ ਉਹਦੀ ਗੱਲ ਟੁੱਕ ਕੇ ਬੋਲ ਪਈ:

"... ਹਾਹੋ ... ਨਹੀਂ ਨਹੀਂ ਭਾ ਜੀ, ਤੁਸੀਂ ਵੀ ਕਿਹੋ ਜਿਹੀਆਂ ਗੱਲਾਂ ਕਰਦੇ ਓ..." ਬਚਨੋਂ ਸਵਰਨ ਸਿੰਘ ਨੂੰ ਤਿੱਖੀ ਹੋ ਕੇ ਪਈ, ਭਾਊ ਕਰਮ ਸੂੰਹ ਠੀਕ ਆਂਹਦਾ ਏ ... ਓਧਰ ਮੇਰੇ ਸਹੁਰੇ ਤਾਂ ਤਿਆਰੀਆਂ ਵੀ ਕੱਸੀ ਬੈਠੇ ਹੋਣੇ ਨੇ ... ਮੈਨੂੰ ਤਾਂ ਦਰਾਣੀਆਂ ਜਠਾਣੀਆਂ ਛਿੱਬੀਆਂ ਦੇ ਦੇ ਮਾਰ ਛੱਡਣਾ ..."

ਘੁੱਦੂ ਨੂੰ ਪਤਾ ਸੀ; ਬਿਸ਼ਨ ਸਿੰਘ ਦੇ ਰਾਹੀਂ ਗੱਲ ਉਸ ਨਾਲ਼ ਹੀ ਹੋ ਰਹੀ ਸੀ। ਉਸਦਾ ਜੀਅ ਕੀਤਾ ਬਚਨੋਂ ਦੇ ਵੱਟ ਕੇ ਚਪੇੜ ਮਾਰੇ। ਸਵਰਨ ਸਿੰਘ ਠੀਕ ਹੀ ਕਹਿ ਰਿਹਾ ਸੀ ਕਿ ਇਹ ਫ਼ਜ਼ੂਲ ਖ਼ਰਚੀ ਹੈ। ਘੁੱਦੂ ਨੂੰ ਆਪਣਾ ਘਰ ਦਿਸ ਰਿਹਾ ਸੀ।

"ਵੇਖੋ ਭਈ! ਮੈਂ ਪਿੱਛੇ ਤਾਂ ਨ੍ਹੀ ਹਟਦਾ। ਜਿੰਨਾ ਖ਼ਰਚ ਮੇਰੇ ਹਿੱਸੇ ਆਉਂਦਾ, ਦਸ ਦਿਓ ਅਟਾ ਸਟਾ ... ਪਰ ਮੇਰਾ ..." ਸਵਰਨ ਸਿੰਘ ਬੋਲਿਆ।

ਘੁੱਦੂ ਨੂੰ ਆਸ ਸੀ ਸਵਰਨ ਸਿੰਘ ਇਸਦੇ ਵਿਰੋਧ ਵਿਚ ਡਟੇਗਾ। ਪਰ ਉਹਦੇ ਸਹਾਰੇ ਦੀ ਲੱਜ ਛੇਤੀ ਹੀ ਉਹਦੇ ਹੱਥੋਂ ਡਿਗ ਪਈ ਤੇ ਉਹ ਸੋਚਾਂ ਤੇ ਫ਼ਿਕਰਾਂ ਦੇ ਖੂਹ ਵਿਚ ਧੜੰਮ ਡਿੱਗ ਪਿਆ। ਉਹ ਧੁਖ ਰਿਹਾ ਸੀ ਤੇ ਉਹਦੇ ਅੰਦਰ ਹੀ ਅੰਦਰ ਧੂੰਆਂ ਇਕੱਠਾ ਹੋ ਰਿਹਾ ਸੀ।



BSER

"ਪੰਜ ਸੱਤ ਹਜ਼ਾਰ ਤਾਂ ਸਹਿਜੇ ਲੱਗ ਜੂ। ਨਾਲ਼ੇ ਭਾ ਜੀ ਹੁਰੀਂ ਕਹਿੰਦੇ ਆ, ਸਤਾਈ ਸੌ ਰੁਪੈਆ ਮਾਂ ਦੀ ਬਿਮਾਰੀ 'ਤੇ ਇਹਨਾਂ ਖ਼ਰਚ ਕੀਤਾ। ਆਪਾਂ ਤਿੰਨਾਂ ਨੂੰ ਨੌਂ ਨੌਂ ਸੌ ਆਉਂਦਾ..." ਕਰਮ ਸਿੰਘ ਸਾਰੇ ਖ਼ਰਚ ਦਾ ਵਿਸਥਾਰ ਦੱਸ ਰਿਹਾ ਸੀ।

ਮਾਂ ਦੀ ਬਿਮਾਰੀ ਦਾ ਖ਼ਰਚਾ ਵੰਡੇ ਜਾਣ ਦੀ ਗੱਲ ਸੁਣ ਕੇ ਘੁੱਦੂ ਨੂੰ ਧੱਕਾ ਲੱਗਾ। ਉਹ ਦੰਦਾਂ ਵਿਚ ਬੁੱਲ੍ਹ ਟੁੱਕਣ ਲੱਗਾ। ਉਹਨੂੰ ਸੁੱਝ ਨਹੀਂ ਸੀ ਰਹੀ, ਕੀ ਕਹੇ-ਕੀ ਨਾ ਕਹੇ ?

"ਮਾਂ ਦੀ ਬਿਮਾਰੀ 'ਤੇ ਖ਼ਰਚ ਕੀਤਾ। ਫਿਰ ਕੀ ਐ ? ਇਹਨੇ ਵਿਚਾਰੇ ਨੇ ਸਾਰੀ ਉਮਰ ਉਹਨੂੰ ਰੋਟੀ ਵੀ ਤਾਂ ਖਵਾਈ ਹੈ।" ਬਿਸ਼ਨ ਸਿੰਘ ਨੇ ਹਿੰਮਤ ਕਰਕੇ ਜਿਵੇਂ ਗੱਲ ਕਹਿ ਹੀ ਦਿੱਤੀ।

"ਲੈ ਵੇਖੇਂ ਨਾ ਬਾਪੂ... ਆਹ ਰਈ ਨ੍ਹੀਂ ਠੀਕ ... ਜੇ ਇਹਨੇ ਰੋਟੀ ਖਵਾਈ ਤਾਂ ਸਾਰੀ ਉਮਰ ਗਲੱਮ ਵੀ ਤਾਂ ਉਹ ਇਹਦਾ ਈ ਕਰਦੀ ਰਹੀ ਐ। ਇਹਦੇ ਨਿਆਣੇ ਸਾਂਭੇ, ਗੂੰਹ-ਮੂਤ ਧੋਤਾ..." ਬਚਨੋਂ ਬੁੱਕਲ 'ਚੋਂ ਹੱਥ ਕੱਢ ਕੇ ਪੰਜਾ ਹਿਲਾ ਹਿਲਾ ਗੱਲਾਂ ਕਰ ਰਹੀ ਸੀ, "ਵੇਖੇਂ ਨਾ ਮਾਂ ਪਿਉ ਦੇ ਹਿੱਸੇ ਦੀ ਜੈਦਾਦ ਵੀ ਤਾਂ ਫਿਰ ਇਹੋ ਖਾਂਦਾ ਸੀ..."

" ... ਤੂੰ ... ਤੂੰ ਚੁਪ ਵੀ ਕਰ। ਵੱਡੀ ਵਕੀਲਣੀ ਆ 'ਗੀ।" ਘੁੱਦੂ ਤਮਕ ਕੇ ਪਿਆ। ਉਹਦੀਆਂ ਨਾਸਾਂ ਫ਼ਰਕ ਰਹੀਆਂ ਸਨ। ਏਨੀ ਠੰਢ ਵਿਚ ਵੀ ਉਹਦਾ ਮੱਥਾ ਭਖ ਰਿਹਾ ਸੀ।

"ਲੈ ... ਮੈਂ ਨ੍ਹੀਂ ਬਹਿੰਦੀ .. ਵੇਖੇਂ ਨਾ ਇਹਨੂੰ ਤਾਂ ਮੈਂ ਜ਼ਹਿਰ ਲੱਗਦੀ ਆਂ ਨਿਰ੍ਹੀ ... ਵੇਖੇਂ ਨਾ... ਲੈ ਮੈਂ ਨ੍ਹੀਂ ਬਹਿੰਦੀ ..." ਬਚਨੋਂ ਹੱਥ ਮਾਰਦੀ ਗੁੱਸੇ ਵਿਚ ਉਬਲਦੀ ਤੁਰ ਪਈ।

ਤਣਾਉ ਵਾਲ਼ਾ ਮਾਹੌਲ ਬਣ ਜਾਣ ਕਰਕੇ ਕਰਮ ਸਿੰਘ ਨੇ ਗੱਲ ਟਾਲਣੀ ਚਾਹੀ ਕਿ ਬਚਨੋਂ ਮੂੰਹ ਭੁਆਂ ਕੇ ਫਿਰ ਬੋਲ ਪਈ।

" .. ਵੇਖੇਂ ਨਾ ... ਮੇਰਾ ਹਿੱਸਾ ਵੀ ਆ ਏਦਾਂ ਜ਼ਮੀਨ 'ਚ ... ਤੂੰ ਬਹੁਤ ਆਇਆਂ... ਵਕੀਲਣੀ ਤੇ ਵਕੀਲਣੀ ਸਹੀ ..."

"ਚੱਲੋ ਛੱਡੋ ! ਬਾਕੀ ਗੱਲਾਂ ਫਿਰ ਕਰ ਲਾਂਗੇ ... ਸ਼ਾਂਤ ਹੋਵੋ ..." ਤੇ ਕਰਮ ਸਿੰਘ ਐਤਕੀਂ ਸਿੱਧਾ ਘੁੱਦੂ ਨੂੰ ਸੰਬੋਧਨ ਹੋਇਆ, "ਭਾ ਜੀ ਕੋਲ ਤਾਂ ਟੈਮ ਨ੍ਹੀਂ ... ਬੁੱਢੜੀ ਦੇ ਫੁੱਲ ਦੱਸ ਤੂੰ ਗੰਗਾ ਲੈ ਕੇ ਜਾਣੇ ਜਾਂ ਮੈਂ ..."

ਦੋ ਮਿੰਟ ਘੁੱਦੂ ਚੁੱਪ ਕਰਕੇ ਬੈਠਾ ਰਿਹਾ। ਉਹਦੇ ਅੰਦਰ ਅਨੇਕਾਂ ਵਿਚਾਰ ਇਕ ਦੂਸਰੇ ਨੂੰ ਲਿਤਾੜਦੇ ਹੋਏ, ਕੱਟ-ਵੱਢ ਕੇ ਭੱਜੇ ਜਾ ਰਹੇ ਸਨ। ਪਲ ਭਰ ਲਈ ਬਾਹਰਲੀ ਧੁੰਦ ਜਿਵੇਂ ਉਹਦੇ ਅੰਦਰ ਪਸਰ ਗਈ ਸੀ। ਉਹ ਸੁੰਨ ਹੋਇਆ ਗੁੰਮ ਸੁੰਮ ਬੈਠਾ ਰਿਹਾ । ਤੇ ਫਿਰ ਜਿਵੇਂ ਉਹਦਾ ਧੁਖਦਾ ਅੰਦਰ ਮੱਚ ਪਿਆ ਹੋਵੇ। ਉਹ ਇਕ-ਦਮ ਉਠ ਕੇ ਖੜੋ ਗਿਆ।

"ਵੇਖੋ ਜੀ ! ਤੁਹਾਡੇ ਤੋਂ ਕੋਈ ਗੁੱਝੀ ਛਿਪੀ ਗੱਲ ਨ੍ਹੀਂ ... ਆਪਾਂ ਆਂ ਮਰੜੇ ... ਆਪਣੇ ਤੋਂ ਤਾਂ

ਅਜੇ ਨ੍ਹੀਂ ਜੇ ਇਹ ਗੰਗਾ ਗੁੰਗਾ ਪੁੱਗਦੀਆਂ ...।" ਉਹ ਪਲ ਭਰ ਲਈ ਰੁਕਿਆ। ਸੰਘ 'ਚ ਰੁਕਿਆ ਥੁੱਕ ਲੰਘਾਇਆ ਤੇ ਸਿਰ ਝਟਕ ਕੇ ਬੋਲਿਆ, "ਜੇ ਬਹੁਤੀ ਗੱਲ ਐ ... ਤਾਂ ਬੁੱਢੜੀ ਦੇ ਫੁੱਲ ਤੁਸੀਂ ਗੰਗਾ ਪਾ ਆਓ ... ਤੇ ਐਹ ਬੁੱਢੜਾ ਬੈਠਾ ਤੁਹਾਡੇ ਸਾਹਮਣੇ ਜਿਊਂਦਾ ਜਾਗਦਾ ..." ਉਸ ਬਿਸ਼ਨ ਸਿੰਘ ਵੱਲ



DSEP

ਇਸ਼ਾਰਾ ਕੀਤਾ – “ਇਹਦੇ ਮੈਂ ’ਕੱਲ੍ਹਾ ਈ ਗੰਗਾ ਪਾ ਆਊਂ…”

ਤਿੰਨੇ ਪਿਉ-ਪੁੱਤ ਹੈਰਾਨ ਹੋਏ ਉਸ ਦੇ ਮੂੰਹ ਵੱਲ ਵੇਖ ਰਹੇ ਸਨ। ਪਰ ਉਹ ਰੁਕਿਆ ਨਹੀਂ।

“… ਸੱਚੀ ਗੱਲ ਆ … ਅਜੇ ਆਪਣੀ ਪੁੱਜਤ ਨ੍ਹੀਂ … ਤੇ ਜੇ ਇਹ ਸੌਦਾ ਵੀ ਨ੍ਹੀਂ ਮਨਜ਼ੂਰ ਤਾਂ ਸਰਦਾਰ ਜੀ … ਔਹ ਕਿੱਲੀ ’ਤੇ ਮੇਰੇ ਤੀਜੇ ਹਿੱਸੇ ਦੇ ਫੁੱਲ ਲਿਆ ਕੇ ਟੰਗ ਦਿਓ.. ਜਦੋਂ ਮੇਰੀ ਪਹੁੰਚ ਪਈ … ਮੈਂ ਆਪੇ ਪਾ ਆਊਂ… ”

ਤੇ ਉਹ ਉਹਨਾਂ ਦੇ ਵਿੰਹਦਿਆਂ ਵਿੰਹਦਿਆਂ ਮੂੰਹ ਘੁੱਟ ਕੇ ਅੰਦਰ ਨੂੰ ਤੁਰ ਗਿਆ।

********

## ਅਭਿਆਸ-ਪ੍ਰਸ਼ਨ

1. ਮੱਝ ਦੀ ਧਾਰ ਕੱਢ ਰਹੇ ਘੁੱਦੂ ਨੂੰ ਬਚਨੋ ਕੀ ਮਸ਼ਵਰਾ ਦਿੰਦੀ ਹੈ ?
2. ਸਵਰਨ ਸਿੰਘ ਕੀ ਕੰਮ ਕਰਦਾ ਸੀ ਤੇ ਉਸਦੀ ਆਰਥਕ ਹਾਲਤ ਕਿਹੋ ਜਿਹੀ ਸੀ ?
3. ਕਰਮ ਸਿੰਘ ਦੀ ਪੜ੍ਹਾਈ ਲਿਖਾਈ ਕਿਵੇਂ ਹੋਈ ਸੀ ਤੇ ਉਸਨੇ ਆਪਣੇ ਘਰ ਲਹਿਰ-ਬਹਿਰ ਕਿਵੇਂ ਕੀਤੀ ?
4. ਘੁੱਦੂ ਨੂੰ ਆਪਣੇ ਭਰਾਵਾਂ ਪ੍ਰਤੀ ਕਿਹੜੀਆਂ-ਕਿਹੜੀਆਂ ਗੱਲਾਂ ਕਰਕੇ ਖਿਝ ਸੀ ?
5. ਕਰਮ ਸਿੰਘ ਤੇ ਬਚਨੋ ਮਾਂ ਦਾ ਇਕੱਠ ਕਿਵੇਂ ਕਰਨਾ ਚਾਹੁੰਦੇ ਸਨ ?
6. ਘੁੱਦੂ ਗੁੱਸੇ ਵਿਚ ਤੰਗ ਆ ਕੇ ਫੁੱਲ ਪਾਉਣ ਬਾਰੇ ਕੀ ਫੈਸਲਾ ਸੁਣਾਉਂਦਾ ਹੈ ?
7. ਕਹਾਣੀ ‘ਆਪਣਾ-ਆਪਣਾ ਹਿੱਸਾ’ ਰਾਹੀਂ ਕਹਾਣੀਕਾਰ ਕੀ ਸੁਨੇਹਾ ਦਿੰਦਾ ਹੈ ?

BSER

# ਹਰਪਾਲ ਸਿੰਘ ਲੱਖੀਆਂ

ਹਰਪਾਲ ਸਿੰਘ ਲੱਖੀਆਂ ਰਾਜਸਥਾਨ ਵਿੱਚ ਰਚੀ ਜਾ ਰਹੀ ਪੰਜਾਬੀ ਕਹਾਣੀ ਦਾ ਮੋਢੀ ਕਹਾਣੀਕਾਰ ਹੈ। ਉਸ ਦੀਆਂ ਕਹਾਣੀਆਂ ਸਮੇਂ ਦੇ ਚਰਚਿਤ ਪੰਜਾਬੀ ਰਸਾਲਿਆਂ 'ਨਾਗਮਣੀ', 'ਪ੍ਰੀਤਲੜੀ', 'ਸੰਖ', 'ਆਰਸੀ', 'ਪੰਜ ਦਰਿਆ' ਆਦਿ ਦਾ ਹਿੱਸਾ ਬਣਦੀਆਂ ਰਹੀਆਂ ਹਨ। ਉਸ ਦੀਆਂ ਕਹਾਣੀਆਂ ਦੇ ਵਿਸ਼ਿਆਂ ਵਿੱਚ ਜਿੱਥੇ ਵਿਵਿਧਤਾ ਵੇਖਣ ਨੂੰ ਮਿਲਦੀ ਹੈ, ਉੱਥੇ ਕਲਾਤਮਕ ਪੱਖ ਤੋਂ ਵੀ ਕਹਾਣੀਆਂ ਵਿੱਚ ਰਾਜਸਥਾਨ ਦੀ ਭੋਇੰ ਮੰਡਲ ਨੂੰ ਵੀ ਤਲਾਸ਼ਿਆ ਜਾ ਸਕਦਾ ਹੈ।

ਹਰਪਾਲ ਸਿੰਘ ਲੱਖੀਆਂ ਦਾ ਜਨਮ ਪਿੰਡ ਗੁਲਾਬੇਵਾਲਾ ਜਿਲ੍ਹਾ ਫਿਰੋਜ਼ਪੁਰ (ਹਾਲ ਜਿਲ੍ਹਾ ਸ਼੍ਰੀ ਮੁਕਤਸਰ ਸਾਹਿਬ) ਵਿਖੇ ਪਿਤਾ ਸਰਦਾਰ ਦਲ ਸਿੰਘ ਦੇ ਘਰ ਮਾਤਾ ਨਿਹਾਲ ਕੌਰ ਦੀ ਕੁੱਖੋਂ 5 ਮਾਰਚ 1942 ਈ. ਨੂੰ ਹੋਇਆ। ਹਰਪਾਲ ਸਿੰਘ ਲੱਖੀਆਂ ਨੇ ਮੈਟ੍ਰਿਕ ਤੱਕ ਦੀ ਪੜ੍ਹਾਈ ਖ਼ਾਲਸਾ ਹਾਈ ਸਕੂਲ, ਸ਼੍ਰੀ ਮੁਕਤਸਰ ਸਾਹਿਬ ਤੋਂ ਪ੍ਰਾਪਤ ਕੀਤੀ। ਪੜ੍ਹਾਈ ਉਪਰੰਤ ਉਸ ਨੇ ਖੇਤੀਬਾੜੀ ਦੇ ਨਾਲ-ਨਾਲ ਲੇਖਣੀ ਨੂੰ ਵੀ ਆਪਣੀ ਜੀਵਨ ਸ਼ੈਲੀ ਦਾ ਹਿੱਸਾ ਬਣਾਇਆ। ਉਹ ਨਿਰੰਤਰ ਕਹਾਣੀ ਵਿਧਾ ਨਾਲ ਜੁੜਿਆ ਹੋਇਆ ਹੈ। ਉਸ ਦੀਆਂ ਕੁਝ ਕਹਾਣੀਆਂ ਹਿੰਦੀ ਵਿੱਚ ਅਨੁਵਾਦ ਹੋ ਕੇ ਵੀ ਛਪ ਚੁੱਕੀਆਂ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਉਸ ਨੂੰ ਰਾਜਸਥਾਨ ਵਿੱਚ ਪੰਜਾਬੀ ਭਾਸ਼ਾ ਪ੍ਰਤੀ ਸੇਵਾਵਾਂ ਸਦਕਾ ਸਨਮਾਨਿਤ ਕੀਤਾ ਜਾ ਚੁੱਕਾ ਹੈ। ਅੱਜਕੱਲ੍ਹ ਲੇਖਕ ਪਿੰਡ ਲੱਖੀਆਂ ਜ਼ਿਲ੍ਹਾ ਸ਼੍ਰੀ ਗੰਗਾਨਗਰ(ਰਾਜਸਥਾਨ) ਵਿੱਚ ਆਪਣਾ ਜੀਵਨ ਬਿਤਾ ਰਿਹਾ ਹੈ। 'ਰੁੱਤ ਆਵੇ ਰੁੱਤ ਜਾਵੇ', 'ਮੇਰੀ ਚੁੱਪ ਦੇ ਬੋਲ ' ਅਤੇ 'ਪਿਓਂਦ ਕੀਤੀ ਬੇਰੀ ' ਹੁਣ ਤੱਕ ਉਸ ਦੇ ਤਿੰਨ ਕਹਾਣੀ ਸੰਗ੍ਰਿਹ ਛਪ ਚੁੱਕੇ ਹਨ।

ਉਸ ਦੀਆਂ ਕਹਾਣੀਆਂ ਵਿੱਚੋਂ ਮਨੋਵਿਗਿਆਨ ਦੀਆਂ ਸੂਖ਼ਮ ਪਰਤਾਂ ਨੂੰ ਤਲਾਸ਼ਿਆ ਜਾ ਸਕਦਾ ਹੈ। ਪਾਠਕ ਉਸ ਦੀਆਂ ਕਹਾਣੀਆਂ ਦੇ ਪਾਤਰ ਆਪਣੇ ਆਲੇ-ਦੁਆਲੇ ਵਿਚਰਦੇ ਮਹਿਸੂਸ ਕਰ ਸਕਦੇ ਹਨ। ਉਸ ਦੀਆਂ ਕਹਾਣੀਆਂ ਦਾ ਆਰੰਭ ਤੇ ਅੰਤ ਤਿੱਖਾ ਤੇ ਵੇਗਮਈ ਹੁੰਦਾ ਹੈ। 'ਸੱਚ ਵੀ ਮੁਥਾਜ ਹੈ' ਕਹਾਣੀ ਵਿਦਿਆਰਥੀਆਂ ਦੇ ਲਈ ਪ੍ਰਸਤੁਤ ਕੀਤੀ ਜਾ ਰਹੀ ਹੈ।

BSER

# 8. ਸੱਚ ਵੀ ਮੁਥਾਜ ਹੈ

ਗੁਰਬੰਤਾ ਤੀਜੀ ਵਾਰੀ ਵੀ ਸਰਪੰਚ ਚੁਣਿਆ ਗਿਆ ਸੀ।

ਉਸ ਨੇ ਆਪਣੇ ਵਿਰੋਧੀ ਉਮੀਦਵਾਰ ਨੂੰ ਪਹਿਲਾਂ ਵਾਂਗ ਹੀ ਬਹੁਤ ਸਾਰੀਆਂ ਵੋਟਾਂ ਦੇ ਫ਼ਰਕ ਨਾਲ ਹਰਾਇਆ ਸੀ।

ਇਹ ਤੀਜੀ ਚੋਣ ਸੀ। ਮੁਕਾਬਲਾ ਇਹਨਾਂ ਦੋਹਾਂ ਉਮੀਦਵਾਰਾਂ ਵਿਚ ਹੀ ਹੁੰਦਾ ਆਇਆ ਸੀ। ਪਹਿਲੀਆਂ ਦੋ ਚੋਣਾਂ ਵਿਚ ਹਾਰ ਚੁੱਕਿਆ ਕਰਮ ਸਿੰਘ ਏਸ ਵਾਰ ਹਰ ਤਰ੍ਹਾਂ ਜੇਤੂ ਬਣਨਾ ਚਾਹੁੰਦਾ ਸੀ। ਉਸ ਨੇ ਵੋਟਾਂ ਪੈਣ ਤੋਂ ਕਈ ਦਿਨ ਪਹਿਲਾਂ ਤੋਂ ਹੀ ਵੋਟਰਾਂ ਨੂੰ ਪਿਆਣੀ ਸ਼ੁਰੂ ਕਰ ਦਿੱਤੀ। ਗਰੀਬ ਵੋਟਰਾਂ ਨੂੰ ਉਸ ਨੇ ਬੜੇ ਖੁੱਲ੍ਹੇ ਦਿਲ ਨਾਲ ਦਾਣੇ ਅਤੇ ਪੈਸੇ ਦਿੱਤੇ ਸਨ। ਇਹਨਾਂ ਦਿਨਾਂ ਵਿਚ ਕਿਸੇ ਨੂੰ, ਕਿਸੇ ਵੀ, ਕੰਮ ਘਰ ਆਏ ਨੂੰ ਉਹਨੇ ਨਾਂਹ ਕਰ ਕੇ ਨਿਰਾਸ਼ ਨਹੀਂ ਸੀ ਕੀਤਾ।

ਕਈਆਂ ਦਾ ਕਿਆਸ ਸੀ ਏਸ ਵਾਰ ਕਰਮ ਸਿੰਘ ਜਿੱਤੇਗਾ।

ਪਰ ਤੀਜੀ ਵਾਰੀ ਵੀ ਗੁਰਬੰਤਾ ਹੀ ਸਰਪੰਚ ਚੁਣਿਆ ਗਿਆ ਸੀ।

ਕਰਮ ਸਿੰਘ ਦੇ ਦਿਲ ਵਿਚ ਜਿਵੇਂ ਸਾਰੇ ਵੋਟਰਾਂ ਲਈ ਗੁੱਸੇ ਦੀ ਅੱਗ ਬਲ ਪਈ ਸੀ। ਸ਼ਰਾਬਾਂ ਉਹ ਪਿਆਉਂਦਾ ਰਿਹਾ, ਪੈਸੇ ਉਹ ਦਿੰਦਾ ਰਿਹਾ, ਦਾਣੇ ਉਹ ਤੋਲਦਾ ਰਿਹਾ ਪਰ ਅੰਦਰ ਜਾ ਕੇ ਵੋਟਾਂ ਉਹਨਾਂ ਗੁਰਬੰਤੇ ਨੂੰ ਪਾ ਦਿੱਤੀਆਂ ਸਨ।

ਵੋਟਰਾਂ ਦੀਆਂ ਕਈ ਗੱਲਾਂ ਕਰਮ ਸਿੰਘ ਕੋਲ ਵੀ ਪੁੱਜ ਗਈਆਂ ਸਨ, "ਕਰਮ ਸਿੰਘ ਦੇ ਦਾਣਿਆਂ ਨਾਲ ਸਾਡੀ ਉਮਰ ਤਾਂ ਨਹੀਂ ਲੰਘ ਜਾਣੀ, ਸਾਡੀ ਪੂਰੀ ਓਥੋਂ ਹੀ ਪੈਣੀ ਐ।"

"ਦਿਨ ਨੂੰ, ਰਾਤ ਨੂੰ ਅਸੀਂ ਗੁਰਬੰਤਾ ਸਿੰਘ ਨੂੰ ਕਿਧਰੇ ਤੋਰ ਲਈਏ, ਵਿਚਾਰੇ ਨੇ ਕਦੇ ਮੱਥੇ ਵੱਟ ਨਹੀਂ ਪਾਇਆ। ਅੱਜ ਅਸੀਂ ਉਹਦੇ ਨਾਲ ਧੋਖਾ ਕਿਵੇਂ ਕਰੀਏ?"

ਤੇ ਕਰਮ ਸਿੰਘ ਦੇ ਦਿਲ ਵਿਚ ਸਭ ਨਾਲੋਂ ਵਧ ਗੁੱਸਾ ਗੁਰਬੰਤੇ ਲਈ ਸੀ – 'ਜੇ ਗੁਰਬੰਤਾ ਨਾ ਹੋਵੇ ਤਾਂ ..."

ਗੁਰਬੰਤਾ ਮੇਰੇ ਚਾਚੇ ਦਾ ਲੜਕਾ ਸੀ।

ਮਿੱਠ ਬੋਲੜਾ, ਸਾਫ਼, ਵੇਲੇ ਸਿਰ ਕੰਮ ਆਉਣ ਵਾਲਾ, ਘਰ ਆਏ ਨਾਲ ਅੱਧ ਕੁ ਦਾ ਹੋ ਕੇ ਬੋਲਦਾ ਸੀ।

ਪਰ ਕਰਮੇ ਤੋਂ ਇਹ ਸਾਰਾ ਕੁਝ ਜ਼ਰਿਆ ਨਹੀਂ ਸੀ ਗਿਆ – ਜੇ ਗੁਰਬੰਤਾ ਨਾ ਹੋਵੇ ਤਾਂ ਪਿੰਡ ਵਿਚ ਹੋਰ ਕੌਣ ਉਸ ਸਾਹਮਣੇ ਅੜ ਸਕਦਾ ਸੀ।

ਤੇ ਇਕ ਦਿਨ, ਦਿਨ-ਦਿਹਾੜੇ ਗੁਰਬੰਤੇ ਦੇ ਬੂਹੇ ਅੱਗੇ ਸ਼ਰਾਬੀ ਕਰਮ ਸਿੰਘ ਨੇ ਗੁਰਬੰਤੇ ਨੂੰ ਬੰਦੂਕ ਨਾਲ ਕਤਲ ਕਰ ਦਿੱਤਾ ਸੀ।

"ਕਰਮ ਸਿਆਂ ਤੂੰ ਇਹ ਚੰਗਾ ਨਹੀਂ ਕੀਤਾ!" ਜਿਹੜੇ ਕੋਲ ਸਨ ਉਹ ਦਸਦੇ ਨੇ, ਗੁਰਬੰਤਾ



BSEB

ਏਨਾ ਹੀ ਬੋਲਿਆ ਸੀ। ਖੜਾਕ ਸੁਣ ਕੇ ਜਦ ਮੈਂ ਬਾਹਰ ਆਇਆ ਸਾਂ ਤਾਂ ਗੁਰਬੰਤਾ ਜਿਵੇਂ ਕਦੇ ਦਾ ਸੁੱਤਾ ਪਿਆ ਸੀ।

"ਗੁਰਬੰਤਿਆ! ਬਾਈ ਗੁਰਬੰਤਿਆ!" ਮੈਂ ਆਵਾਜਾਂ ਦਿੱਤੀਆਂ ਸਨ ਪਰ ਗੁਰਬੰਤਾ ਏਸ ਦੁਨੀਆਂ ਵਿਚ ਨਹੀਂ ਸੀ ਰਿਹਾ।

ਚੌਧਰੀ ਜੱਸਾ ਰਾਮ ਦੇ ਖੇਤ ਬੜੇ ਮੌਕੇ ਤੇ ਸਨ। ਦੋ ਸੌ ਕਿੱਲਾ ਇੱਕੋ ਥਾਂ। ਨਹਿਰ ਦੇ ਨਾਲ ਲੱਗਵੇਂ ਅਤੇ ਸੜਕ ਵੀ ਬਿਲਕੁਲ ਕੋਲੋਂ ਦੀ ਲੰਘਦੀ ਹੈ। ਕੁਝ ਦਿਨ ਹੋਏ ਤਾਂਗੇ ਉੱਤੇ ਸ਼ਹਿਰ ਨੂੰ ਜਾ ਰਿਹਾ ਸਾਂ। ਉਹਨਾਂ ਦੇ ਖੇਤ ਦੇ ਬਰਾਬਰ ਆਏ ਤਾਂ ਕਿਸੇ ਨੇ ਗੱਲ ਛੇੜ ਲਈ, "ਜੱਸਾ ਰਾਮ ਦੇ ਕੰਮ ਲੋਟ ਆਇਆ, ਦੋ ਸੌ ਦਾ ਦੋ ਸੌ ਕਿੱਲਾ ਇੱਕੋ ਮੂੰਹ ਭਰ ਲਿਆ। ਨਹਿਰ ਤੋੜੀ ਦਾ ਫ਼ਾਇਦਾ ਤਾਂ ਨਰਮੇ ਨੂੰ ਵੀ ਬਹੁਤ ਹੋਇਆ ਪਰ ਕਣਕ ਤਾਂ ਹੁਣ ਕੋਰ ਈ ਪੱਕੂਗੀ।"

"ਸੁਣਿਐ ਏਸ ਵਾਰ ਖਰਚ ਬਹੁਤ ਹੋ ਗਿਆ, ਆਂਹਦੇ ਆ ਵੀਹ ਹਜ਼ਾਰ ਰੁਪਈਆ ਲੱਗ ਗਿਆ ਤਾਂ ਜਾ ਕੇ ਕਿਤੇ ਕੇਸ ਨਿੱਬੜਿਆ।"

"ਤੁਸੀਂ ਤਾਂ ਭੋਲੀਆਂ ਗੱਲਾਂ ਕਰਦੇ ਓਂ, ਓਵਰਸੀਅਰ ਤੇ ਐਸ.ਡੀ.ਓ. ਤਾਂ ਸੈਂਕੜਿਆਂ ਦੀ ਮਾਰ ਹੁੰਦੇ ਆ। ਵੀਹ ਹਜ਼ਾਰ ਤਾਂ ਅੱਜਕਲ ਕਤਲ ਉਤੇ ਨਹੀਂ ਲੱਗਦਾ। ਮੈਨੂੰ ਦਿਓ ਪੰਦਰਾ ਹਜ਼ਾਰ ਜੀਹਨੂੰ ਸਲਾਹ ਚੁੱਕ ਦਿਉ ਜੇ ਇਕ ਦਿਨ ਦੀ ਵੀ ਸਜ਼ਾ ਹੋ ਗਈ ਤਾਂ ਪੰਜਾਹ ਹਜ਼ਾਰ ਦਿਉਂਗਾ।"

'ਕਰਮ ਸਿੰਘ ਨੂੰ ਵੀ ਕੋਈ ਇਹੋ ਜਿਹਾ ਮਿਲ ਗਿਆ ਹੋਵੇਗਾ,' ਮੈਂ ਸੋਚਿਆ।

ਥਾਣੇਦਾਰ ਗੁਰਬੰਤੇ ਦਾ ਲਿਹਾਜ਼ੀ ਸੀ, ਵਲ ਭੰਨ ਕੇ ਵੀ ਉਸ ਕੋਲ ਆ ਕੇ ਠਹਿਰਿਆ ਕਰਦਾ ਸੀ। ਮੈਂ ਥਾਣੇ ਰਪਟ ਲਿਖਾਉਣ ਗਿਆ ਤਾਂ ਉਸ ਸਾਧਾਰਨ ਅਫ਼ਸੋਸ ਵੀ ਨਾ ਕੀਤਾ। ਸਿਪਾਹੀਆਂ ਨੂੰ ਤਿਆਰ ਹੋਣ ਦਾ ਹੁਕਮ ਦਿਤਾ ਤੇ ਮੈਨੂੰ ਜੀਪ ਲਿਆਉਣ ਲਈ ਆਖਿਆ।

ਪਿੰਡ ਜਾ ਕੇ ਉਸ ਨੇ ਤਸੱਲੀ ਕਰ ਲਈ– ਗੁਰਬੰਤੇ ਨੂੰ ਮਾਰਨ ਵਾਲਾ ਕਰਮ ਸਿੰਘ ਹੀ ਸੀ।

ਗੁਰਬੰਤੇ ਦੇ ਲਿਹਾਜ਼ੀ ਥਾਣੇਦਾਰ ਨੇ ਮੈਨੂੰ ਪਾਸੇ ਸੱਦ ਕੇ ਪੁੱਛਿਆ, "ਕਰਮੇ ਨੂੰ ਬੰਨ੍ਹਾਉਣਾ ਕਿ ਛੁਡਾਉਣਾ?"

ਮੈਨੂੰ ਉਹਦਾ ਇਹ ਸਵਾਲ ਬੜਾ ਬੇਢੰਗਾ ਲੱਗਿਆ। ਮੇਰੀਆਂ ਅੱਖਾਂ ਭਰ ਆਈਆਂ। ਮੈਂ ਕੁਝ ਬੋਲ ਨਾ ਸਕਿਆ। ਨੀਵੀਂ ਪਾ ਲਈ।

"ਸੰਗ ਸ਼ਰਮ ਵਾਲੀ ਗੱਲ ਨਹੀਂ ਜਿਵੇਂ ਆਖੋਗੇ ਹੋ ਜਾਵੇਗਾ, ਅਜੇ ਤਾਂ ਇਹ ਆਪਣੇ ਹੱਥ-ਵੱਸ ਐ।"

"ਬੰਨ੍ਹਾਉਣਾ ਕਿਉਂ ਨਹੀਂ?" ਮੇਰੇ ਕੋਲੋਂ ਬੜੀ ਔਖ ਨਾਲ ਬੋਲਿਆ ਗਿਆ, "ਕਰਮਾ ਫਾਹੇ ਆ ਜਾਵੇ ਤਾਂ ਵੀ ਸਾਡਾ ਹੱਕ ਤਾਂ ਪੂਰਾ ਨਹੀਂ ਹੁੰਦਾ। ਉਹ ਤਾਂ ਹੁਣ ਮੁੜਦਾ ਨਹੀਂ ਕਰਮਾ ਹੀ ਨਾ ਦਿਸੇ ਤਾਂ ਘਰਦਿਆਂ ਦਾ ਕਾਲਜਾ ਤਾਂ ਨਾ ਮੱਚੂ।"

ਮੈਂ ਮੁਕੱਦਮੇਬਾਜ਼ੀ ਤੋਂ ਅਨਜਾਣ ਸਾਂ।



BSEP

"ਘਰੇ ਜਾ ਕੇ ਸਲਾਹ ਕਰ ਕੇ ਦੱਸ।"

ਮੈਂ ਘਰ ਗਿਆ। ਲੋਕਾਂ ਵਿਚੋਂ ਉਠਾ ਕੇ ਘਰਦਿਆਂ ਨਾਲ ਗੱਲ ਕੀਤੀ। ਉਹਨਾਂ ਵੀ ਮੇਰੇ ਵਾਲੀ ਗੱਲ ਹੀ ਆਖੀ ਪਰ ਜਿਹੜੀ ਗੱਲ ਦਾ ਮੈਨੂੰ ਖ਼ਿਆਲ ਵੀ ਨਹੀਂ ਸੀ ਆਇਆ, ਉਹ ਵੀ ਗੁਰਬੰਤੇ ਦੀ ਮਾਂ ਨੇ ਆਖ ਦਿੱਤਾ, "ਪੁੱਤ ਜੋ ਕੁਝ ਵੀ ਉਹ ਮੰਗਦਾ ਦੇ ਦੇ ਪਰ ਕਰਮਾਂ ਅੱਖੀਂ ਨਾ ਦਿਸੇ। ਕਿੱਲੇ ਦੋ ਘੱਟ ਵਾਹ ਲਾਂਗੇ ਪਰ ਮੇਰੇ ਪੁੱਤ ਦਾ ਬਦਲਾ ਲੈਣਾ। ਊਂ ਹੁਣ ਥੋਡੇ ਈ ਵੱਸ ਐ।" ਪਰਲ-ਪਰਲ ਹੰਝੂ ਚਾਚੀ ਜੀ ਦੀਆਂ ਅੱਖਾਂ 'ਚੋਂ ਵਹਿ ਰਹੇ ਸਨ।

ਗੱਲ ਥਾਣੇਦਾਰ ਨਾਲ ਮੁੱਕ ਗਈ। ਜਿਵੇਂ ਸਾਡਾ ਵਕੀਲ ਕਹੇਗਾ, ਉਸੇ ਤਰ੍ਹਾਂ ਉਹ ਕਰੀ ਚੱਲੇਗਾ। ਡੀ.ਐਸ.ਪੀ. ਨੂੰ ਉਹ ਸੰਭਾਲੇਗਾ ਅਤੇ ਜੇ ਤਫ਼ਸੀਸ ਐਸ.ਪੀ. ਨੇ ਆਪ ਕਰਨੀ ਚਾਹੀ ਤਾਂ ਉਹ ਜ਼ਿੰਮੇਵਾਰ ਨਹੀਂ ਹੋਵੇਗਾ। "ਸਰਕਾਰੀ ਵਕੀਲ ਨੂੰ ਵੀ ਤੁਸੀਂ ਖ਼ੁਸ਼ ਕਰਨਾ ਹੋਵੇਗਾ।" ਉਸ ਨੇ ਸਲਾਹ ਦਿੱਤੀ।

"ਰੋਟੀ ਦਾ ਓਧਰ ਤਾਂ ਕੋਈ ਸੁਆਦ ਨਹੀਂ ਆਉਣਾ ਏਧਰ ਹੀ ਮੁਰਗਾ ਮੰਗਵਾ ਲੈ, ਨਾਲੇ ਇਕ ਬੋਤਲ ਘੁੱਟ-ਘੁੱਟ ਲੈ ਲਵਾਂਗੇ ਐਵੇਂ ਚਿੱਤ ਜਿਹਾ ਖੁੱਸੀ ਜਾਂਦੈ।"

ਮੈਂ ਉਸ ਵੱਲ ਵੇਖਿਆ। 'ਚੰਗਾ ਜੀ' ਆਖਣ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ। ਆਂਢ-ਗੁਆਂਢ ਗੁਰਬੰਤੇ ਦੀ ਮੌਤ ਤੋਂ ਪਿਛੋਂ ਕਿਸੇ ਘਰ ਵੀ ਅੱਗ ਨਹੀਂ ਸੀ ਬਲੀ- ਮੈਂ ਤਰਲਾ ਲਿਆ, " ਜੇ ਇਹ ਪ੍ਰੋਗਰਾਮ ਆਪਾਂ ਕਿਸੇ ਹੋਰ ਦਿਨ ਤੇ ਹੀ ਰੱਖ ਲਈਏ ਤਾਂ ?"

ਉਹ ਖੁੱਲ੍ਹ ਕੇ ਹੱਸਿਆ, "ਸਾਡਾ ਤਾਂ ਇਹੋ ਜਿਹੇ ਦਿਨਾਂ ਤੇ ਹੀ ਮੌਕਾ ਲੱਗਦੈ। ਸਾਨੂੰ ਵਿਆਹਾਂ ਦੇ ਨਿਉਂਦੇ ਕੌਣ ਘੱਲਦੈ ?"

ਮੈਨੂੰ ਕਹਿਰਾਂ ਦਾ ਗੁੱਸਾ ਆਇਆ। ਮੇਰਾ ਦਿਲ ਕੀਤਾ ਕਿ ਮੈਂ ਇਸ ਨੂੰ ਹੁਣੇ ਘਰੋਂ ਨਿਕਲ ਜਾਣ ਲਈ ਆਖ ਦੇਵਾਂ, ਪਰ ਓਸੇ ਪਲ ਚਾਚੀ ਜੀ ਦੀਆਂ ਭਿੱਜੀਆਂ ਅੱਖਾਂ ਮੇਰੇ ਸਾਹਮਣੇ ਆ ਗਈਆਂ ਤੇ ਮੈਂ ਦਿਲ ਉਤੇ ਪੱਥਰ ਰੱਖ ਕੇ ਬੋਤਲ ਅਤੇ ਕੁੱਕੜ ਮੰਗਵਾ ਲਿਆ।

ਸਾਰੀ ਉਮਰ ਵਿਚ ਮੇਰੇ ਭਰਾ ਨੇ ਸ਼ਰਾਬ ਅਤੇ ਮੀਟ ਨੂੰ ਮੂੰਹ ਲਾ ਕੇ ਨਹੀਂ ਸੀ ਵੇਖਿਆ ਪਰ ਉਹਦੀ ਲਾਸ਼ ਦੇ ਸਸਕਾਰ ਤੋਂ ਪਹਿਲਾਂ ਹੀ ਮੇਰੇ ਘਰ ਮੁਰਗਾ ਬਣ ਰਿਹਾ ਸੀ। ਬੈਠਕ ਵਿਚ ਬੂਹੇ ਬੰਦ ਕਰ ਕੇ ਉਹ ਬੋਤਲ ਨੂੰ ਖ਼ਾਲੀ ਕਰ ਰਹੇ ਸਨ।

"ਮੇਰਾ ਭਾਵੇਂ ਸਾਰਾ ਘਰ ਲੱਗ ਜਾਵੇ ਪਰ ਕਰਮਾਂ ਮੈਨੂੰ ਪਿੰਡ 'ਚ ਫਿਰਦਾ ਨਾ ਦਿਸੇ।" ਬਿੰਦੇ-ਬਿੰਦੇ ਚਾਚੀ ਜੀ ਦੀ ਇਹ ਆਵਾਜ਼ ਮੇਰੇ ਕੰਨਾਂ 'ਚ ਭਿੰਨ-ਭਿਨਾਉਣ ਲੱਗ ਪੈਂਦੀ ਸੀ।

"ਜੇ ਕਿਸੇ ਹੋਰ ਨਾਲ ਦੁਖ ਰੰਜ ਐ ਤਾਂ ਅੱਜ ਮੌਕਾ ਹੈ, ਆਪਣਾ ਕੀ ਜ਼ੋਰ ਲੱਗਦੈ ਉਹਦਾ ਨਾਂ ਵੀ ਵਿਚੇ ਦੱਬ ਦਿਆਂਗੇ।" ਦੋ ਪੈੱਗ ਲਾ ਲੈਣ ਪਿਛੋਂ ਪੂਰਾ ਦਿਆਲ ਹੋ ਕੇ ਥਾਣੇਦਾਰ ਮੈਨੂੰ ਪੁੱਛ ਰਿਹਾ ਸੀ।

ਮੈਂ ਅਤੇ ਗੁਰਬੰਤਾ ਸਿੰਘ ਦੀ ਨੌਂ-ਦਸ ਵਰ੍ਹਿਆਂ ਦੀ ਲੜਕੀ ਮੌਕੇ ਦੇ ਗਵਾਹ ਬਣ ਗਏ। ਸਾਰਿਆਂ ਨੇ ਸਲਾਹ ਦਿੱਤੀ ਸੀ ਗਵਾਹ ਉਹ ਚਾਹੀਦੇ ਹਨ। ਜਿਹੜੇ ਹਿੱਲਣ ਵਾਲੇ ਨਾ ਹੋਣ। ਨਾ ਉਹ ਡਰਨ ਅਤੇ ਨਾ ਲਾਲਚ ਵਿਚ ਹੀ ਆਉਣ।

ਪੰਜਵੀਂ ਵਿਚ ਪੜ੍ਹਦੀ ਪਰਮਜੀਤ ਕਾਫ਼ੀ ਚੁਸਤ ਸੀ ਅਤੇ ਸਾਰਿਆਂ ਨੂੰ ਯਕੀਨ ਸੀ ਕਿ ਜਿਵੇਂ

ਸਿਖਾਵਾਂਗੇ ਉਹ ਉਸੇ ਤਰ੍ਹਾਂ ਹੀ ਅਦਾਲਤ ਵਿਚ ਬਿਆਨ ਦੇ ਦੇਵੇਗੀ। ਬੱਚੇ ਦੀ ਗੁਆਹੀ ਦਾ ਜਿੰਨਾ ਅਸਰ ਹੁੰਦੈ, ਵੱਡੇ ਦਾ ਨਹੀਂ ਹੋ ਸਕਦਾ। ਥਾਣੇਦਾਰ ਨੇ ਸਲਾਹ ਦਿੱਤੀ ਸੀ।

"ਥੋਡਾ ਕੰਮ ਸੋਲਾਂ ਆਨੇ ਸਹੀ ਹੋਵੇਗਾ।" ਥਾਣੇਦਾਰ ਤੁਰਨ ਸਮੇਂ ਮੈਨੂੰ ਦੱਸਣ ਲੱਗਿਆ, "ਜਿਹੜੀ ਆਪਣੀ ਗੱਲ ਹੋਈ ਐ ਏਸ ਵਿਚ ਕੋਈ ਫ਼ਰਕ ਨਹੀਂ ਆਉਣਾ ਪਰ ਪੁੱਤ ਮੈਂ ਕਰਮੇ ਨੂੰ ਵੀ ਬਣਾਊਂ। ਤੁਸੀਂ ਏਸ ਗੱਲ ਦਾ ਰੰਜ ਨਾ ਮੰਨਿਓ। ਥੋੜਾ ਬਹੁਤ ਸੇਕ ਬੰਦਾ ਮਾਰਨ ਦਾ ਉਹਨੂੰ ਵੀ ਲੱਗਣਾ ਚਾਹੀਦੈ।" ਥਾਣੇਦਾਰ ਦੀ ਏਸ ਗੱਲ ਦਾ ਮੇਰੇ ਕੋਲ ਕੋਈ ਜਵਾਬ ਨਹੀਂ ਸੀ।

ਡਾਕਟਰ ਨਾਲ ਵੀ ਗੱਲ ਮੈਨੂੰ ਹੀ ਕਰਨੀ ਪਈ।

ਅਗਲੇ ਦਿਨ ਸਵੇਰੇ ਹੀ ਮੈਂ ਉਸ ਦੀ ਕੋਠੀ ਗਿਆ।

"ਕੱਲ੍ਹ ਜਿਹੜਾ ਕੇਸ ਤੁਹਾਡੇ ਕੋਲ ਆਇਆ ਸੀ, ਉਸ ਬਾਬਤ ਆਇਆਂ।" ਮੈਂ ਆਪਣੇ ਆਉਣ ਦਾ ਕਾਰਨ ਦੱਸਿਆ।

"ਤੁਸੀਂ ਕਿਹੜੀ ਪਾਰਟੀ ਵੱਲੋਂ ਹੋ-ਮੁਲਜ਼ਮ ਵੱਲੋਂ ਕਿ ਦੂਸਰੇ ਪਾਸਿਓਂ ?"

"ਦੂਸਰੇ ਪਾਸਿਓਂ ?"

"ਮੇਰੀ ਹਮਦਰਦੀ ਹਮੇਸ਼ਾ ਹੀ ਕਤਲ ਹੋਣ ਵਾਲੇ ਨਾਲ ਹੁੰਦੀ ਹੈ।" ਉਸ ਨੇ ਆਖਿਆ, "ਹਾਂ ਦੱਸੋ, ਤੁਸੀਂ ਕੀ ਚਾਹੁੰਦੇ ਹੋ ?"

"ਮੈਂ ਤਾਂ ਪਹਿਲਾਂ ਕਦੀ ਅਜਿਹੇ ਕੰਮ ਵਿਚ ਨਹੀਂ ਆਇਆ, ਤੁਸੀਂ ਤਾਂ ਅਜਿਹੇ ਅਣ-ਗਿਣਤ ਕੇਸ ਭੁਗਤੇ ਹੋਣਗੇ।"

"ਹਾਂ, ਹਾਂ ਸਾਡਾ ਤਾਂ ਇਹ ਰੋਜ਼ ਦਾ ਹੀ ਕੰਮ ਹੈ।" ਉਹ ਮੁਸਕਰਾਇਆ।

"ਹੱਸਣ ਦੀ ਏਸ ਵਿੱਚ ਕੀ ਗੱਲ ਸੀ ?" ਮੈਂ ਗੁੱਸੇ ਨਾਲ ਸੋਚਿਆ ਪਰ ਮੈਂ ਬੋਲ ਰਿਹਾ ਸਾਂ,"ਅਸੀਂ ਚਾਹੁੰਨੇ ਆਂ ਕਿ ਕਾਤਲ ਕਿਸੇ ਤਰ੍ਹਾਂ ਨਿਕਲ ਨਾ ਜਾਵੇ।"

"ਤੁਸੀਂ ਬੜਾ ਚੰਗਾ ਕੀਤਾ, ਮੌਕੇ ਉੱਤੇ ਹੀ ਆ ਗਏ ਜੇ, ਉਹਨਾਂ ਨਾਲ ਕੋਈ ਗੱਲ ਹੋ ਜਾਂਦੀ ਤਾਂ ਬੜੀ ਔਖ ਹੋਣੀ ਸੀ।"

ਉਹ ਕੁਝ ਦੇਰ ਰੁਕ ਗਿਆ।

"ਤੁਸੀਂ ਆਪਣੇ ਵਕੀਲ ਨਾਲ ਸਲਾਹ ਕਰ ਲਵੋ ਜਿਵੇਂ ਉਹ ਕਹਿਣਗੇ ਉਸੇ ਤਰ੍ਹਾਂ ਰਿਪੋਰਟ ਕਰ ਦਿਆਂਗਾ। ਸ਼ਾਮ ਨੂੰ ਆ ਜਾਣਾ। "ਉਸ ਨੇ ਕੁਝ ਅਟਕ ਕੇ ਆਖਿਆ, "ਜੇ ਕੁਝ ਲਿਆਏ ਹੋ ਤਾਂ ਦੇ ਜਾਵੋ ?"

"ਡਾਕਟਰ ਸਾਹਿਬ ਗਰੀਬ ਜਿਹੇ ਆਦਮੀ ਹਾਂ। ਨਾਲੇ ਘਰੋਂ ਬੰਦਾ ਗਿਆ, ਨਾਲੇ ਖਰਚ।" ਮੈਂ ਤਰਲਾ ਲਿਆ-ਹੱਥ ਜੋੜੇ।

"ਉਹ ਤਾਂ ਏਸ ਕੇਸ ਵਿੱਚ ਢਾਈ-ਤਿੰਨ ਹਜ਼ਾਰ ਵੀ ਦੇ ਦੇਣਗੇ ਪਰ ਤੁਸੀਂ ਸ਼ਾਮ ਨੂੰ ਪੰਦਰਾਂ ਸੌ



BSER

ਲੈਂਦੇ ਆਇਓ।” ਉਸ ਨੇ ਉਦਾਰਤਾ ਵਿਖਾਈ।

‘ਬਾਰਾਂ ਸੌ ਦੇ ਕੇ ਪੈਰ ਫੜ ਲਵਾਂਗਾ।’ ਵਾਪਸ ਜਾਂਦਿਆਂ ਮੈਂ ਸੋਚ ਰਿਹਾ ਸਾਂ।

ਮੈਜਿਸਟਰੇਟ ਨੇ ਮੇਰੀ ਗੁਆਹੀ ਲੈ ਕੇ ਹੀ ਕੇਸ ਸੈਸ਼ਨ ਦੇ ਸਪੁਰਦ ਕਰ ਦਿੱਤਾ।

ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਏਸ ਕੇਸ ਬਾਬਤ ਲੋਕ ਕਰਦੇ ਸਨ। ਕਰਮੇ ਕੇ ਪੈਸਾ ਪਾਣੀ ਵਾਂਗ ਵਹਾ ਰਹੇ ਸਨ।

‘ਕਚਹਿਰੀ ਵਿੱਚ ਤਾਂ ਕੰਧਾਂ ਵੀ ਪੈਸੇ ਮੰਗਦੀਆਂ ਹਨ।’ ਮੇਰੇ ਤਜ਼ਰਬੇ ਵਿੱਚ ਇਹ ਗੱਲ ਹੁਣ ਆਈ ਸੀ।

ਕਦੀ-ਕਦੀ ਬੜੀ ਖਿੱਝ ਆ ਜਾਂਦੀ ਸੀ, ਬੜਾ ਅਕੇਵਾਂ ਹੋ ਜਾਂਦਾ ਸੀ, ਪਰ ਬੇਵੱਸ ਸਾਂ। ਸੱਪ ਦੇ ਮੂੰਹ ਵਿੱਚ ਕੋਹੜ ਕਿਰਲੀ ਵਾਲੀ ਗੱਲ ਸੀ।

ਅੰਤ ਸੈਸ਼ਨ ਦੇ ਪੇਸ਼ੀ ਦੀ ਤਰੀਕ ਨਿਕਲ ਆਈ।

ਪੰਦਰਾਂ ਦਿਨ ਪਹਿਲਾਂ ਹੀ ਵਕੀਲ ਨੇ ਸਾਨੂੰ ਬਿਆਨ ਸਿਖਾਉਣ ਲਈ ਆਪਣੇ ਕੋਲ ਬੁਲਾ ਲਿਆ। ਕਿਸੇ ਨਿੱਕੀ ਜਿਹੀ ਗੱਲ ਤੋਂ ਥਿੜਕਿਆਂ ਵੀ ਕਰਮ ਸਿੰਘ ਬਰੀ ਹੋ ਸਕਦਾ ਸੀ। ਵਕੀਲ ਨੂੰ ਮੂੰਹ ਮੰਗੇ ਪੈਸੇ ਦਿੱਤੇ ਸਨ ਅਤੇ ਹੁਣ ਉਹ ਤਨੋਂ-ਮਨੋਂ ਕੇਸ ਲੜ ਰਿਹਾ ਸੀ।

ਜੋ ਸਾਡੇ ਬਿਆਨ ਥਾਣੇਦਾਰ ਨੇ ਲਿਖੇ ਸਨ, ਉਹਨਾਂ ਦੀ ਨਕਲ ਮੇਰੇ ਕੋਲ ਸੀ ਤੇ ਪਰਮਜੀਤ ਨੂੰ ਉਹ ਮੈਂ ਕਈ ਵਾਰ ਪੜ੍ਹਾਈ ਸੀ। ਇਹ ਵੀ ਮੈਂ ਉਹਨੂੰ ਦੱਸਿਆ ਸੀ ਕਿ ਆਪਾਂ ਬਿਆਨ ਏਸੇ ਤਰ੍ਹਾਂ ਹੀ ਦੇਣੇ ਹਨ। ਜੇ ਕੋਈ ਫ਼ਰਕ ਕਰਨਾ ਹੋਇਆ ਤਾਂ ਉਹ ਵਕੀਲ ਦੱਸ ਦੇਵੇਗਾ।

ਵਕੀਲ ਨੇ ਪਰਮਜੀਤ ਨੂੰ ਸਮਝਾਇਆ ਕਿ ਪਹਿਲਾਂ ਉਹ ਕੁਝ ਸਵਾਲ ਪੁੱਛੇਗਾ ਅਤੇ ਉਸ ਦੇ ਸਮਝਾਏ ਮੁਤਾਬਕ ਹੀ ਕਚਹਿਰੀ ਵਿੱਚ ਉਸ ਨੇ ਜਵਾਬ ਦੇਣੇ ਹੋਣਗੇ। ਤੂੰ ਸਕੂਲ ਜਾਣ ਵਾਸਤੇ ਘਰੋਂ ਨਿਕਲੀ ਸੈਂ ਜਦੋਂ ਕਰਮੇਂ ਨੇ ਤੇਰੇ ਭਾਪੇ ਦੇ ਬੰਦੂਕ ਮਾਰੀ। ਬੰਦੇ ਉਥੇ ਨੇੜੇ ਹੀ ਧਰਮਸ਼ਾਲਾ ਤੇ ਹੋਰ ਵੀ ਕਈ ਬੈਠੇ ਸਨ। ਤੇਰਾ ਇਹ ਚਾਚਾ ਕਾਰੀਗਰਾਂ ਦੇ ਘਰ ਵੱਲੋਂ ਹਲ ਚੁੱਕ ਕੇ ਆ ਰਿਹਾ ਸੀ। ਹੋਰ ਬੰਦਿਆਂ ਦੇ ਤੂੰ ਆਖ ਦੇਈਂ ਮੈਂ ਨਾਂ ਨਹੀਂ ਜਾਣਦੀ। ਫੇਰ ਤੈਨੂੰ ਦੂਸਰਾ ਵਕੀਲ ਸਵਾਲ ਪੁੱਛੇਗਾ। ਉਹ ਤੈਨੂੰ ਕਿੰਨਾ ਵੀ ਥਿੜਕਾਵੇ ਤੂੰ ਇਹ ਨਹੀਂ ਆਖਣਾ ਕਿ ਤੂੰ ਤੇ ਤੇਰਾ ਇਹ ਚਾਚਾ ਕਰਮੇ ਨੂੰ ਵੇਖਦੇ ਨਹੀਂ ਸੀ। ਤੁਸੀਂ ਉਸ ਨੂੰ ਬੰਦੂਖ ਚਲਾਉਦੇ ਨੂੰ ਆਪਣੀਆਂ ਅੱਖਾਂ ਨਾਲ ਵੇਖਿਆ ਸੀ। ਤੇਰਾ ਭਾਪਾ ਬੈਠਾ ਸੀ, ਜਦੋਂ ਉਸ ਦੇ ਬੰਦੂਕ ਵੱਜੀ। ਉਹ ਕੁਝ ਬੋਲਿਆ ਸੀ ਪਰ ਤੈਨੂੰ ਰੌਲੇ ਵਿੱਚ ਸੁਣਿਆ ਨਹੀਂ ਸੀ। ਬੰਦੂਕ ਦੀ ਗੋਲੀ ਲੱਗਣ ਪਿੱਛੋਂ ਤੇਰਾ ਭਾਪਾ ਪਿਛਾਂਹ ਨੂੰ ਡਿੱਗ ਪਿਆ ਅਤੇ ਉਸ ਦੀ ਕੰਧ ਨਾਲ ਢੋ ਲੱਗ ਗਈ।

ਵਕੀਲ ਨੇ ਕਾਫ਼ੀ ਸਮਝਾਉਣ ਪਿਛੋਂ ਕੁਝ ਸਵਾਲ ਪੁੱਛੇ ਅਤੇ ਪਰਮਜੀਤ ਉਹਦੇ ਦੱਸੇ ਅਨੁਸਾਰ ਉਤਰ ਦਿੰਦੀ ਰਹੀ। ਜਿੱਥੇ ਉਹ ਜਵਾਬ ਠੀਕ ਨਾ ਦਿੰਦੀ, ਉੱਥੇ ਵਕੀਲ ਉਸ ਨੂੰ ਸਮਝਾ ਦਿੰਦਾ।

ਵਾਪਸ ਆਉਂਦਿਆ ਮੈਂ ਪਰਮਜੀਤ ਨੂੰ ਆਖਿਆ, “ਸਿਆਣੀ ਬਣੀਂ ਬੇਟਾ, ਜਿਵੇਂ ਇਹ ਤੈਨੂੰ ਦਸਦੇ ਹਨ ਓਵੇਂ ਯਾਦ ਰੱਖੀਂ। ਉੱਥੇ ਜਵਾਬ ਦੇਣ ਦੀ ਬਹੁਤੀ ਕਾਹਲ ਨਾ ਕਰੀਂ। ਹੌਲੀ-ਹੌਲੀ ਸੋਚ ਕੇ ਜਵਾਬ ਦਿਆ ਕਰੀਂ। ਅਜੇ ਦਿਨ ਬਹੁਤੇ ਪਏ ਆ। ਆਪਾਂ ਰੋਜ਼ ਬਿਆਨ ਸਿੱਖਣ ਆਇਆ ਕਰਾਂਗੇ।

ਉਦੋਂ ਤਕ ਇਹ ਆਪਾਂ ਨੂੰ ਸੁਆਰ ਕੇ ਯਾਦ ਕਰਵਾ ਦੇਣਗੇ।"

"ਤੁਸੀਂ ਚਾਚਾ ਕੋਲ ਸੀ, ਜਦੋਂ ਭਾਪੇ ਨੂੰ ਮਾਰਿਆ?"

"ਹਾਂ।" ਮੈਂ ਸੁਭਾਵਿਕ ਹੀ ਕਹਿ ਦਿੱਤਾ, "ਕਿਉਂ?"

"ਤੁਸੀਂ ਉਹਨੂੰ ਫੜ ਲੈਂਦੇ, ਆਪਾਂ ਉਹਨੂੰ ਮਾਰ ਦਿੰਦੇ।"

"ਨਹੀਂ ਬੱਲਿਆ ਅਸਲ 'ਚ ਮੈਂ ਉੱਥੇ ਨਹੀਂ ਸਾਂ, ਮੈਂ ਤਾਂ ਘਰੇ ਸਾਂ ਪਰ ਆਪਾਂ ਇਹ ਗੱਲ ਕਚਹਿਰੀ 'ਚ ਨਹੀਂ ਕਰਨੀ।"

"ਚਾਚਾ ਜੀ ਤੁਸੀਂ ਵੀ ਨਹੀਂ ਸੀ, ਮੈਂ ਵੀ ਕੋਲ ਨਹੀਂ ਸੀ, ਜਦੋਂ ਸਾਰਿਆਂ ਨੂੰ ਪਤੈ ਕਿ ਭਾਪਾ ਜੀ ਨੂੰ ਕਰਮੇ ਨੇ ਮਾਰਿਐ, ਫੇਰ ਆਪਾਂ ਤੋਂ ਇਹ ਝੂਠ ਕਿਉਂ ਬੁਲਾਉਂਦੇ ਆ।"

"ਕੀ ਪਤਾ ਆਪਣੇ ਝੂਠਾਂ ਤੋਂ ਪਿਛੋਂ ਵੀ........ " ਮੈਂ ਚੁੱਪ ਕਰ ਗਿਆ। ਮੇਰਾ ਗੱਚ ਭਰ ਆਇਆ ਸੀ।

ਮੈਂ ਪਰਮਜੀਤ ਨੂੰ ਸਮਝਾਉਣਾ ਚਾਹਿਆ, "ਭਾਵੇਂ ਸਾਨੂੰ ਬਚਪਨ ਤੋਂ ਹੀ ਸਿਖਾਇਆ ਜਾਂਦਾ ਹੈ ਕਿ ਝੂਠ ਬੋਲਣਾ ਪਾਪ ਹੈ ਅਤੇ ਸੱਚ ਬੋਲਣਾ ਪੁੰਨ। ਪਰ ਕਈ ਵਾਰ ਸੱਚ ਨੂੰ ਸਾਬਤ ਕਰਨ ਲਈ ਝੂਠ ਦਾ ਸਹਾਰਾ ਲੈਣਾ ਪੈਂਦਾ ਹੈ........"

ਪਰ ਮੈਂ ਕੁਝ ਵੀ ਨਾ ਬੋਲ ਸਕਿਆ।

ਭਰੀਆਂ ਅੱਖਾਂ ਨਾਲ ਮੈਂ ਪਰਮਜੀਤ ਵੱਲ ਵੇਖਿਆ।

"ਚਾਚਾ ਜੀ ਤੁਸੀਂ ਰੋਂਦੇ ਕਿਉਂ ਹੋ?" ਪਰਮਜੀਤ ਨੇ ਪੁੱਛਿਆ।

********

BSER

## ਅਭਿਆਸ-ਪ੍ਰਸ਼ਨ

1. ਕਰਮ ਸਿੰਘ ਗੁਰਬੰਤੇ ਸਰਪੰਚ ਦਾ ਕਤਲ ਕਿਉਂ ਕਰਦਾ ਹੈ ?

2. ਸਰਪੰਚ ਦੇ ਕਤਲ ਹੋ ਜਾਣ ਮਗਰੋਂ ਥਾਣੇਦਾਰ ਦਾ ਵਿਹਾਰ ਕਿਹੋ ਜਿਹਾ ਹੋ ਜਾਂਦਾ ਹੈ ? ਬਿਆਨ ਕਰੋ।

3. ਕਾਤਲ ਨੂੰ ਸਜ਼ਾ ਦਵਾਉਣ ਲਈ ਕਿਸ-ਕਿਸ ਨੂੰ ਰਿਸ਼ਵਤ ਦੇਣ ਦੀ ਜ਼ਰੂਰਤ ਪੈਂਦੀ ਹੈ ?

4. ਮੁਕਦਮੇ ਸਮੇਂ ਗਵਾਹ ਕਿਹੋ ਜਿਹੇ ਹੋਣੇ ਚਾਹੀਦੇ ਹਨ ? ਕਹਾਣੀ ਅਨੁਸਾਰ ਗਵਾਹ ਕੌਣ-ਕੌਣ ਬਣੇ ?

5. "ਕਚਹਿਰੀ ਵਿੱਚ ਤਾਂ ਕੰਧਾਂ ਵੀ ਪੈਸੇ ਮੰਗਦੀਆਂ ਹਨ ?" ਦਲੀਲ ਸਹਿਤ ਸਮਝਾਓ।

6. "ਫੇਰ ਆਪਾਂ ਤੋਂ ਇਹ ਝੂਠ ਕਿਉਂ ਬੁਲਾਉਂਦੇ ਆ।" ਪਰਮਜੀਤ ਇਹ ਸ਼ਬਦ ਕਦੋਂ ਤੇ ਕਿਉਂ ਬੋਲਦੀ ਹੈ ?

7. 'ਸੱਚ ਵੀ ਮੁਥਾਜ ਹੈ' ਕਹਾਣੀ ਰਾਹੀਂ ਕਹਾਣੀਕਾਰ ਸਾਨੂੰ ਕੀ ਸੁਨੇਹਾ ਦੇਣਾ ਚਾਹੁੰਦਾ ਹੈ ?

BSER

# ਬਲਵਿੰਦਰ ਸਿੰਘ ਗਰੇਵਾਲ

ਸਮਕਾਲੀ ਪੰਜਾਬੀ ਕਹਾਣੀ ਵਿੱਚ ਬਲਵਿੰਦਰ ਸਿੰਘ ਗਰੇਵਾਲ ਵਿਸ਼ੇਸ ਨਾਂ ਹੈ। ਬਲਵਿੰਦਰ ਗਰੇਵਾਲ ਕੋਲ ਕਹਾਣੀ ਕਹਿਣ ਦੀ ਅਸਾਧਾਰਨ ਜਾਚ ਹੈ। ਉਹ ਪੰਜਾਬੀ ਸਮਾਜ ਵਿੱਚ ਪਰਵਰਤਿਤ ਹੋ ਰਹੀਆਂ ਸਥਿਤੀਆਂ ਨੂੰ ਹਰ ਕੋਣ ਤੋਂ ਵਾਚਣ ਦੀ ਸਮਰੱਥਾ ਰੱਖਦਾ ਹੈ। ਉਸ ਦੀ ਕਥਾ ਸੰਵੇਦਨਾ ਬਿਰਤਾਂਤਕ ਅੰਦਾਜ ਕਰਕੇ ਖਾਸ ਧਿਆਨ ਦੀ ਮੰਗ ਕਰਦੀ ਹੈ।

ਬਲਵਿੰਦਰ ਗਰੇਵਾਲ ਦਾ ਜਨਮ 25 ਮਈ 1960 ਨੂੰ ਤੇਜਾ ਸਿੰਘ ਦੇ ਘਰ ਪਿੰਡ ਬੂਥਗੜ੍ਹ ਜਿਲ੍ਹਾ ਲੁਧਿਆਣਾ ਵਿਖੇ ਹੋਇਆ। ਐੱਮ. ਏ., ਬੀ. ਐੱਡ. ਦੀ ਪੜ੍ਹਾਈ ਉਪਰੰਤ ਉਸ ਨੇ ਅਧਿਆਪਨ ਕਿੱਤੇ ਨੂੰ ਚੁਣਿਆ। ਖੰਨੇ ਵਿੱਚ 'ਨਵਦੀਪ ਅਕੈਡਮੀ' ਦੀ ਸਥਾਪਨਾ ਵੀ ਕੀਤੀ।

ਉਸ ਨੂੰ ਸਾਹਿਤਕ ਗੁੜ੍ਹਤੀ ਬਚਪਨ ਵਿੱਚ ਮਿਲੇ ਮਾਹੌਲ ਤੋਂ ਪ੍ਰਾਪਤ ਹੋਈ। ਉਹ ਆਪਣੇ ਗਿਆਨ ਜਗਤ ਵਿੱਚ ਬਾਪੂ ਦੇ ਯੋਗਦਾਨ ਨੂੰ ਵਿਸ਼ੇਸ਼ ਹਵਾਲਿਆਂ ਨਾਲ ਪੇਸ਼ ਕਰਦਾ ਹੈ। ਕਹਾਣੀ ਦੇ ਨਾਲ-ਨਾਲ ਆਲੋਚਨਾ ਵੀ ਉਸ ਦਾ ਸਾਹਿਤਕ ਖੇਤਰ ਹੈ। 'ਯੁੱਧ ਖੇਤਰ' ਉਸ ਦਾ ਪਲੇਠਾ ਕਹਾਣੀ ਸੰਗ੍ਰਹਿ ਹੈ। ਉਸ ਦੀਆਂ ਕਹਾਣੀਆਂ ਵਿੱਚ ਪੰਜਾਬੀ ਰਹਿਤਲ ਦੇ ਨਿੱਕੇ ਵੱਡੇ ਮਸਲੇ ਪੇਸ਼ ਹੋਏ ਹਨ। ਪੰਜਾਬੀ ਵਿਹਾਰ ਦੇ ਬਦਲਦੇ ਪ੍ਰਤੀਮਾਨ ਤੇ ਨਾਰੀ ਸਰੋਕਾਰ ਉਸ ਦੀਆਂ ਕਹਾਣੀਆਂ ਦੇ ਵਿਸ਼ਾ-ਵਸਤੂ ਦਾ ਹਿੱਸਾ ਹਨ। ਜਟਿਲ ਬਿਰਤਾਂਤ ਸਿਰਜਦੀਆਂ ਇਹ ਕਹਾਣੀਆਂ ਆਕਾਰ ਪੱਖੋਂ ਲੰਮੀਆਂ ਵੀ ਹੋ ਜਾਂਦੀਆਂ ਹਨ। ਪਿੱਛਲ ਝਾਤ ਦੀ ਜੁਗਤ ਵਿੱਚ ਉਸ ਨੂੰ ਪੂਰੀ ਮੁਹਾਰਤ ਹਾਸਲ ਹੈ। 'ਮੋਹ ਪਾਸ਼' ਹਥਲੇ ਸੰਗ੍ਰਹਿ ਵਿੱਚ ਦਿੱਤੀ ਗਈ ਗਰੇਵਾਲ ਦੀ ਖ਼ੂਬਸੂਰਤ ਕਹਾਣੀ ਹੈ, ਜਿਸ ਵਿੱਚ ਪਿੰਡਾਂ 'ਚ ਵੱਸਦੇ ਲੋਕਾਂ ਦੇ ਮੋਹ-ਪਿਆਰ, ਵੈਰ-ਵਿਰੋਧ, ਸਾਂਝ ਆਦਿ ਦੇ ਸੰਤਾਪ ਨੂੰ ਪੇਸ਼ ਕੀਤਾ ਗਿਆ ਹੈ।

BSEP

# ੯. ਮੋਹ-ਪਾਸ਼

ਗੋਰੇ ਖੂਹ ਦੀ ਮੌਣ 'ਤੇ ਬੈਠੇ ਭਾਗ ਦੀ ਗੱਲ ਨੇ ਮੋੜ ਮੁੜਦੇ ਚਰਨੇ ਦੇ ਜਾਣੀ ਪੈਰ ਜਕੜ ਲਏ। ਉਹਨੂੰ ਪਤਾ ਸੀ ਅੱਜ ਇੱਕਲਾ ਭਾਗ ਕੀ, ਪਿੰਡ ਦਾ ਜੀਓ ਜੀਅ ਮੁਨਸਫ਼ ਬਣਿਆ ਹੋਇਆ ਸੀ।

– ਐਡਾ ਕਿਹੜਾ ਜਿਊਣਾ ਮੌੜ ਐ ਲੰਬੜਾਂ 'ਚੋਂ, ਬਈ ਬਦਲਾ ਲਊ। ਉਹ ਤਾਂ ਕੇਸ ਵੀ ਤੱਤੇ ਘਾਅ ਕਰਗੇ। ਐਥੀ ਦਖਾ ਦੂੰ ਤੈਨੂੰ ਮਿਣ ਮਿਣ ਕਰਦਿਆਂ ਨੂੰ -

– ਗੱਲ ਐ ਨਾ ਵੀਰਾ, ਅਣਖ ਕਿਹੜਾ ਜਣੇ ਖਣੇ 'ਚ ਹੁੰਦੀ ਐ-ਰੌਣੀ ਨੇ ਜਰਦੇ ਦੀ ਚੁਟਕੀ ਮੂੰਹ 'ਚ ਪਾਉਂਦਿਆਂ ਕਿਹਾ ਸੀ।

ਜੁੱਤੀ ਝਾੜਦਾ ਚਰਨਾਂ ਗਲੀ ਦੇ ਮੋੜ ਤੋਂ ਖੂਹ ਨੂੰ ਸਾਹਮਣੇ ਆਇਆ ਤਾਂ ਚਲਦੀ ਗੱਲ ਜਿਵੇਂ ਬਰੇਕ ਖਾ ਗਈ। ਨੇੜੇ ਆਏ ਤੋਂ ਭਾਗ ਬੋਲਿਆ ਸੀ:

– ਆ ਬਈ ਛੋਟੇ ਭਾਈ, ਥੋਡੀਆਂ ਈ ਗੱਲਾਂ ਕਰਦੇ ਤੀ, ਬਈ ਦੇਖ ਲੈ ਅਖੇ ਡਾਢੇ ਦਾ ਸੱਤੀ ਵੀਹੀਂ ਸੌ –

– ਗੱਲ ਐ ਨਾ ਵੀਰਾ– ਨਾਲੇ ਮੁੰਡਾ ਗਾਲਤਾ, ਨਾਲੇ ਦੇਖ ਲੈ ਆਪਣੇ ਮਨਜੀਤ ਨੂੰ ਕੌੜਿਆਂ ਨੇ ਅਜਾਂ ਨੀ ਲੱਗਣ ਦਿੱਤੀ। ਕਹਿੰਦੇ ਛੁੱਤ ਵਰੀ ਆਊ-ਰੌਣੀ ਨੇ ਭਾਗ ਦੀ ਗੱਲ ਵਿਚਾਲਿਓਂ ਫੜਦਿਆਂ ਪੂਰੀ ਕੀਤੀ ਸੀ।

– ਸਭ ਕਿਸਮਤ ਦੇ ਖੇਡੇ ਨੇ ਭਤੀਜ ਊਂ ਬਚਨੇ ਨੇ ਮਾੜਾ ਤਾਂ ਕਦੇ ਚਿਤਵਿਆ ਨੀ ਕਿਸੇ ਦਾ - ਮਿੱਟੀ ਫਰੋਲਦੇ ਹੋਏ ਰਲੇ ਬੁੜ੍ਹੇ ਨੇ ਜਿਵੇਂ ਹਉਕਾ ਭਰਿਆ ਸੀ।

– ਕਿਸਮਤ -ਕੁਸਮਤ ਕੋਈ ਨੀ ਤਾਇਆ, ਪੈਸੇ ਦੇ ਖੇਡੇ ਕਹਿ ਪੈਸੇ ਦੇ। ਨਹੀਂ ਗਵਾਹ ਊਏਂ ਤਾਂ ਨੀ ਮੁੱਕਰਦੇ-ਭਾਗ ਨੇ ਫੈਸਲਾ ਦੇਣ ਵਾਂਗ ਕਿਹਾ ਸੀ।

– ਗੱਲ ਐ ਨਾ ਵੀਰਾ ਸੱਚੀ–

ਚਰਨਾਂ ਰੌਣੀ ਦੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਤੁਰ ਪਿਆ। ਹੱਥ ਦਾ ਸੰਗਲ ਉਵੇਂ ਫੜੀਂ ਉਹ ਅਚੇਤ ਹੀ ਕਾਰਖਾਨੇ ਜਾਣ ਦੀ ਥਾਂ ਘਰ ਨੂੰ ਮੁੜ ਪਿਆ ਸੀ।

ਪਹਿਲਾਂ ਹੀ ਤੰਗ ਵੀਹੀ ਉਹਨੂੰ ਹੋਰ ਵੀ ਤੰਗ ਲੱਗੀ। ਕੰਧਾਂ ਉਸ ਵੱਲ ਉਲਰਦੀਆਂ ਜਾਪੀਆਂ। ਭਾਗ ਤੇ ਰੌਣੀ ਦੇ ਬੋਲਾਂ ਦਾ ਘੜਮੱਸ ਉਹਨੂੰ ਬੇਚੈਨ ਕਰਨ ਲਗਿਆ। ਲੋਕ ਉਹਨਾਂ ਤੋਂ ਬਦਲੇ ਦੀ ਆਸ ਕਰਦੇ ਸਨ। ਸੰਗਲ ਦੇ ਕੁੰਡੇ ਨੂੰ ਪਾਇਆ ਉਸ ਦਾ ਹੱਥ ਘੁੱਟਿਆ ਗਿਆ। ਵਿਹੜੇ ਵੜਦਿਆਂ ਕੋਈ ਹੋਰ ਵੀ ਉਹਦੇ ਨਾਲ ਵੜਿਆ ਸੀ। ਜਿਉਣੇ ਮੌੜ ਦੀ ਰੂਹ ਵਰਗਾ ਕੋਈ।

ਸੰਗਲ ਉਵੇਂ ਟੋਕੇ ਵਾਲੀ ਮਸ਼ੀਨ ਦੇ ਪਾੜਛੇ 'ਚ ਰੱਖ ਉਹ ਬੈਠਕ 'ਚ ਜਾ ਬੈਠਿਆ। ਬਿੱਕਰ ਦੀ ਮੌਤ ਤੋਂ ਬਾਅਦ ਘਰ ਦੇ ਸਾਰੇ ਜੀਆਂ ਲਈ, ਇਹ ਬੈਠਕ ਰੋਣ ਅਤੇ ਰੋ ਕੇ ਚੁੱਪ ਕਰ ਜਾਣ ਲਈ ਇਕ ਸਹਾਰਾ ਬਣਕੇ ਰਹਿ ਗਈ ਸੀ। ਕੰਸ 'ਤੇ ਪਈਆਂ ਬਿੱਕਰ ਦੀਆਂ ਇਨਾਮ ਲੈਂਦੇ ਦੀਆਂ ਫੋਟੋਆਂ, ਅਲਮਾਰੀ



BSER

'ਚ ਸਜਾ ਕੇ ਰਖੇ ਹੋਏ ਸ਼ੀਲਡਾਂ ਤੇ ਕੱਪ, ਬਿੱਕਰ ਦੀ ਸਾਵੀਂ ਹਾਜ਼ਰੀ ਭਰਦੇ ਸਨ।

ਹਾਜ਼ਰ ਤਾਂ ਮਨਜੀਤ ਵੀ ਹੁੰਦਾ ਸੀ। ਬਿੱਕਰ ਦੇ ਨਾਲ ਹੀ। ਭਾਵੇਂ ਇਹਦਾ ਹਰ ਚਿੰਨ੍ਹ ਮਿਟਾਉਣ ਦੀ ਕੋਸ਼ਿਸ਼ ਕੀਤੀ ਗਈ ਸੀ। ਉਹਦੀਆਂ ਸਾਰੀਆਂ ਫੋਟੋਆਂ ਹਟਾ ਦਿੱਤੀਆਂ ਗਈਆਂ ਸਨ, ਪਰ ਫਿਰ ਵੀ ਬਿੱਕਰ ਦੇ ਨਾਲ ਹੀ, ਹਵਾ 'ਚ ਮਨਜੀਤ ਦੀ ਹਾਜ਼ਰੀ ਦੀ ਗੰਧ ਵੀ ਆਉਂਦੀ ਸੀ।

ਮਨਜੀਤ ਦੀ ਇਹ ਹਾਜ਼ਰੀ ਹੀ ਤਾਂ ਘਰ ਵਿਚ ਕਲੇਸ਼ ਦਾ ਕਾਰਨ ਬਣ ਗਈ ਸੀ ਉਦੋਂ ਵੀ।

ਕੌੜਿਆਂ ਨਾਲ ਇਕ ਪੀੜ੍ਹੀ ਦੀ ਦੁਸ਼ਮਣੀ ਤੇ ਬਿੱਕਰ ਉਹਨਾਂ ਦੇ ਮਨਜੀਤ ਤੋਂ ਕਬੱਡੀ ਵਿਚ ਮਾਰ ਖਾ ਆਇਆ ਸੀ।

– ਲੱਤਾਂ ਵੱਢ ਦੂੰ ਸਾਲੇ ਦੀਆਂ ਜੇ ਗਾਹਾਂ ਤੋਂ ਗਰਾਊਂਡ 'ਚ ਗਿਐਂ– ਨ੍ਹਾਉਣ ਲਈ ਪਾਣੀ ਗੇੜਦੇ ਬਿੱਕਰ ਨੂੰ ਬਚਨ ਸਿਉਂ ਕੜਕਿਆ ਸੀ। -ਸਾਲੀ ਗੋਹ ਜਿਹੀ। ਉਹ ਸੀਂਖ ਜੀ, ਤੇਰੀ ਇਕ ਲੱਤ ਬਰੋਬਰ ਐ–

–ਐਂ ਭੱਜਿਆਂ ਤਾਂ ਨੀ ਪੂਰੀਆਂ ਪੈਣੀਆਂ ਬਚਨ ਸਿਆਂ। ਮੁੰਡੇ ਨੂੰ ਤਕੜਾ ਕਰ, ਫੇਰ ਭਿੜਨ ਦੇ – ਕੌੜੇ ਸਾਲੇ ਕੀ ਕਹਾਉਣ। ਕੱਲੇ ਨੂੰ ਬੰਨ੍ਹ ਦੇ ਮੱਝ–

ਹੱਥਲਾ ਪੈਂਗ ਮੰਜੇ ਦੀ ਦੌਣ 'ਚ ਫਸਾਉਦਿਆਂ, ਬਿੱਕਰ ਹੋਰਾਂ ਦਾ ਫੁੱਫੜ ਬੋਲਿਆ ਸੀ।

–ਓ ਕਾਹਨੂੰ ਪ੍ਰਾਹੁਣਿਆ, ਉਹ ਤਾਂ ਸਾਲਾ ਕੁਸ਼ ਵੀ ਨੀ ਇਹਦੇ ਮੂਹਰੇ। ਊਈਂ ਐਂ ਬਚੀ ਜੀ, ਇਹੀ ਕੰਜਰ ਦਾ ਡਰਕੇ ਹੱਥ ਪਾਉਂਦੈ–

ਪਰ ਬਿੱਕਰ ਜਾਣਦਾ ਸੀ, ਮਨਜੀਤ ਦੀ ਚੁਸਤੀ ਉਹਦੇ ਜ਼ੋਰ ਉਤੇ ਭਾਰੂ ਰਹਿੰਦੀ ਸੀ। ਨਹੀਂ ਪਿੰਡ 'ਚ ਤਾਂ ਕੀ, ਹੋਰ ਕੋਈ ਨੇੜੇ ਪਰੀਹੇ, ਬਿੱਕਰ ਦੇ ਉਤੋਂ ਦੀ ਗੇੜਾ ਦੇਣਾ ਤਾਂ ਇਕ ਪਾਸੇ ਬਰਾਬਰ ਤਕ ਚੜ੍ਹਨ ਦੀ ਜੁਰਅਤ ਨਹੀਂ ਸੀ ਕਰਦਾ। ਬਿੱਕਰ ਦੀਆਂ ਦੂਰ ਤਕ ਫੈਲੀਆਂ ਬਾਹਾਂ ਤੇ ਥੰਮ੍ਹ ਵਾਂਗ ਖੜ੍ਹੀਆਂ ਲੱਤਾਂ, ਰੇਡਰ ਅਤੇ ਪਾੜੇ ਵਿਚਕਾਰ ਕੰਧ ਉਸਾਰ ਦਿੰਦੀਆਂ ਸਨ। ਜਦੋਂ ਇਕ ਹੱਥ ਨਾਲ ਗੁੱਟ ਫੜਕੇ ਦੂਜਾ ਹੱਥ ਹਵਾ 'ਚ ਖੁਲ੍ਹਾ ਛੱਡ ਦਿੰਦਾ ਜਾਂ ਲੱਤਾਂ ਦੀ ਕੈਂਚੀ ਪਾ, ਦੋਵੇਂ ਹੱਥ ਹਵਾ 'ਚ ਲਹਿਰਾਉਂਦਾ ਤਾਂ ਬਿੱਕਰ ਦੀ ਪਕੜ ਵੇਖਣ ਆਏ ਲੋਕਾਂ ਦੀਆਂ ਤਾੜੀਆਂ ਅਸਮਾਨ ਗੂੰਜਾ ਦਿੰਦੀਆਂ ਤੇ ਬੜੇ ਬੜੇ ਰੇਡਰ ਖੜ੍ਹੇ ਈ ਮੰਨ ਜਾਂਦੇ।

ਪਰ ਮਨਜੀਤ ਖੜ੍ਹਾ ਮੰਨਣ ਲਈ ਤਿਆਰ ਨਹੀਂ ਸੀ ਤੇ ਹੱਥ ਉਹਦੇ 'ਤੇ ਟਿਕਦਾ ਕੋਈ ਨੀ ਸੀ।

–ਤੂੰ ਅੱਜ ਊਏਂ ਰਹਿਜੀਂ ਓਏ ਦੋ ਕੁ ਬਾਰ, ਬੁੜ੍ਹਾ ਠੰਢਾ ਹੋਜੂ–ਸ਼ਾਮ ਨੂੰ ਪ੍ਰੈਕਟਿਸ ਕਰਨ ਜਾਂਦੇ ਬਿੱਕਰ ਨੇ ਕੌੜਿਆਂ ਦੇ ਮਨਜੀਤ ਨੂੰ ਰਾਤ ਵਾਲੀ ਗੱਲ ਦੱਸਦਿਆਂ ਕਿਹਾ ਸੀ– ਸਾਲੇ ਚਰਨੇ ਨੇ ਭਖਾ ਤਾ ਬੁੜ੍ਹਾ–ਫੁੱਫੜ ਕਰਕੇ ਬਚਾ ਹੋ ਗਿਆ, ਨਹੀਂ ਉਹ ਤਾਂ ਲੱਤੀਓਂ ਪੈ ਗਿਆ ਤੀ–

–ਸਾਡੇ ਬਾਬੇ ਸੰਤੋਖੇ ਨੂੰ ਜਾਣਦੈਂ ? ਉਹਦੇ ਕਰਕੇ ਈ ਕੌੜੇ ਕਹਿੰਦੇ ਐ ਸਾਨੂੰ ਜੇ ਤੇਤੋਂ ਰਹਿ ਗਿਆ ਨਾ– ਖੂੰਡਾ ਮਾਰ ਕੇ ਸਿਰ ਪਾੜਦੂ ਮੇਰਾ। ਸਵੇਰੀਓਂ ਕੋਲ ਖੜ੍ਹਕੇ ਜ਼ੋਰ ਕਰਾਉਂਦੈ– ਮਨਜੀਤ ਨੇ ਹਸਦਿਆਂ ਕਿਹਾ ਸੀ।

–ਮੈਂ ਤਾਂ ਕਦੇ ਜਾਣਕੇ ਨੀ ਗੱਲ ਕਰੀ ਤੇਰੇ ਕੋਲ। ਤੇਰੇ ਨਾਉਂ 'ਤੇ ਦੁੱਧ ਪਲਾ ਪਲਾ ਬਾਬਾ ਬਦਹਜ਼ਮੀ ਕਰੀਂ ਰੱਖਦੈ ਮੈਨੂੰ -

–ਤਾਂ ਠੀਕ ਐ ਮਿੱਤਰਾ, ਲਾਹ ਕੱਪੜੇ ਮੇਰੀਆਂ ਲੱਤਾਂ ਜਾਂ ਤੇਰੇ ਸਿਰ ’ਚੋਂ ਇਕ ਤਾਂ ਹੈ ਨੀ ਫੇਰ ਅੱਜ। - ਬਿੱਕਰ ਨੇ ਗੱਲ ਹਾਸੇ ’ਚ ਹੀ ਖ਼ਤਮ ਕੀਤੀ ਸੀ।

ਪਰ ਉਸ ਦੀ ਗੱਲ ’ਤੇ ਮਨਜੀਤ ਹਸਿਆ ਨਹੀਂ ਸੀ। ਬੱਸ ਗੰਭੀਰ ਹੋ ਕੇ ਬੋਲਿਆ ਸੀ।

–ਮੇਰੇ ਸਿਰ ਦੀ ਤਾਂ ਖੈਰ ਐ, ਪਰ ਤੇਰੀਆਂ ਲੱਤਾਂ ਦਾ ਪ੍ਰਬੰਧ ਮਾਲਵਾ ਕਲੱਬ ਆਲੇ ਕਰੀਂ ਫਿਰਦੇ ਐ–

–ਕਿਉਂ...

–ਐਤਕੀਂ ਟੂਰਨਾਮੈਂਟ ’ਤੇ ਦੀਪਾ ਬੁਲਾਇਐ ਉਹਨਾਂ ਤੇਰੇ ਲਈ, ਮਿਲਕਫੌਂਡ ਆਲਾ–

–ਅਛਿਆ.....ਬਿੱਕਰ ਚੁਕੰਨਾ ਹੁੰਦਾ ਬੋਲਿਆ ਸੀ। ਬੜੇ ਬੜੇ ਸਟਾਪਰ ਦੀਪੇ ਤੋਂ ਕੰਨ ਭੰਨਦੇ ਸਨ। ਪਰ ਬਿੱਕਰ ਛੇਤੀ ਹੀ ਸਹਿਜ ਹੋ ਗਿਆ ਸੀ।

– ਆਹ ਤਾਂ ਚੰਗੀ ਸੁੱਝੀ ਸਾਲੇ ਮਲੰਗਾਂ ਨੂੰ। ਚਲ ਇਕ ਗੱਲੋਂ ਤਾਂ ਚੰਗਾ ਈ ਹੋਇਆ। ਐਤਕੀਂ ਦੀਪੇ ਨੂੰ ਵੀ ਹੱਥ ਪਾ ਕੇ ਵੇਖਾਂਗੇ। ਖੇਡਦਾ ਮੈਂ ਵੇਖਿਐ ਊਂ–

–ਖੇਡਦਾ ਤਾਂ ਮੈਂ ਵੀ ਅੱਜ ਵੇਖ ਕੇ ਆਇਆਂ। ਪ੍ਰੈਕਟਿਸ ਕਰਦਾ ਵੇਖਿਐ ਚੋਰੀ– ਹੁਣ ਦੋ ਤਿੰਨ ਦਿਨ ਮੈ ਉਵੇਂ ਰੇਡ ਕਰੂੰ ਤੂੰ ਪ੍ਰੈਕਟਿਸ ਕਰਲੈ। ਬੱਸ ਗੁੱਟ ਦਾ ਖਿਆਲ ਰੱਖੀਂ, ਗੁੱਟ ਦਊ ਦੀਪਾ, ਖੱਬਾ–ਗੁੱਟ ਤੋਂ ਈ ਰਹੂ ਵੀ–

ਪ੍ਰੈਕਟਿਸ ਦਾ ਦੂਹਰਾ ਫਾਇਦਾ ਹੋਇਆ ਸੀ। ਦੀਪੇ ਦੀ ਨਕਲ ਕਰਦਾ ਮਨਜੀਤ ਤਿੰਨ ਵਾਰ ਗੁੱਟ ਫੜਾ ਬੈਠਾ ਸੀ ਤੇ ਲੰਬੜਦਾਰ ਬਚਨ ਸਿੰਘ ਨੇ ਉਸੇ ਸ਼ਾਮ ਐਂਟਰੀ ਫੀਸ ਬਿੱਕਰ ਦੀ ਜੇਬ ਪਾ ਦਿੱਤੀ ਸੀ।

ਤੇ ਦੂਜਾ ਸਿੱਧਾ ਫਾਇਦਾ ਟੂਰਨਾਮੈਂਟ ’ਚ ਖੇਡਦਿਆਂ ਹੋਇਆ ਸੀ।

ਦੀਪੇ ਦੀ ਪਹਿਲੀ ਰੇਡ ’ਤੇ ਹੀ ਬਿੱਕਰ ਨੂੰ ਅਹਿਸਾਸ ਹੋ ਗਿਆ ਸੀ ਕਿ ਮਨਜੀਤ ਨੇ ਕਿੰਨੀ ਮਿਹਨਤ ਨਾਲ ਦੀਪੇ ਦੀ ਨਕਲ ਕਰਕੇ ਉਸ ਨੂੰ ਪ੍ਰੈਕਟਿਸ ਕਰਵਾਈ ਸੀ। ਦੀਪੇ ਦਾ ਰੇਡ ਸਟਾਇਲ ਉਹਦੇ ਸਾਹਮਣੇ ਕਿਤਾਬ ਵਾਂਗ ਖੁਲ੍ਹਾ ਪਿਆ ਸੀ।

ਬੱਸ ਫਰਕ ਸੀ ਤਾਂ ਜ਼ੋਰ ਦਾ । ਦੀਪਾ ਜ਼ੋਰ ਵਿਚ ਵੀ ਬਿੱਕਰ ਨਾਲ ਮਿੱਕਦਾ ਸੀ। ਇਸੇ ਲਈ ਪਹਿਲੀਆਂ ਦੋ ਰੇਡਾਂ ਉਹ ਫੜਿਆ ਹੋਇਆ ਗੁੱਟ ਛੁਡਾ ਗਿਆ ਸੀ।

ਬਿੱਕਰ ਦੇ ‘ਲਾਕ’ ਚੋਂ ਕਿਸੇ ਦਾ ਦੋ ਵਾਰ ਨਿਕਲ ਜਾਣਾ ਅਚੰਭਾ ਹੀ ਤਾਂ ਸੀ। ਦੀਪਾ ਤਾਂ ਇਸ ਇਲਾਕੇ ’ਚ ਪਹਿਲੀ ਵਾਰ ਆਇਆ ਸੀ। ਪਰ ਬਿੱਕਰ ਦੀ ਭੱਲ ਆਪਣੇ ਸਿਖਰ ’ਤੇ ਸੀ। ਉਹ ਥੋੜ੍ਹਾ ਡੋਲ ਗਿਆ ਸੀ। ਹੱਥੋਂ ਨਿਕਲੇ ਦੀਪੇ ਦੀ ਘਬਰਾਹਟ ਵਿਚ ਉਸ ਨੂੰ ਆਪਣੇ ਕੋਲ ਆ ਖੜ੍ਹੇ ਮਨਜੀਤ ਦਾ ਵੀ ਅਹਿਸਾਸ ਕੁਝ ਪਲ ਰੁਕ ਕੇ ਹੀ ਹੋਇਆ ਸੀ।

–ਕੌੜਿਆ, ਐਤਕੀਂ ਸਾਲੇ ਮਲੰਗ ਹਰਾਉਣਗੇ ਆਪਾਂ ਨੂੰ–ਦੀਪਾ ਸਾਲਾ ਮੇਰਾ ਫੜਿਆ ਈ ਨੀ ਰਹਿੰਦਾ–ਉਹਨੇ ਮਨਜੀਤ ਨੂੰ ਕਿਹਾ ਸੀ।



BSER

–ਨਹੀਂ ਹਾਰਦੇ ਤਾਂ ਨੀ। ਸਟਾਪਰ ਕੋਈ ਵੀ ਨੀ ਇਹਨਾਂ ਕੋਲ।ਤੂੰ ਘਬਰਾ ਨਾ, ਮੈਂ ਤੇ ਭਿੰਦਾ ਦੋਏ ਨੀ ਰੁਕਦੇ ਇਹਨਾਂ ਤੋਂ – ਮਨਜੀਤ ਨੇ ਰੇਡ ਕਰਨ ਗਏ ਭਿੰਦੇ ਵੱਲ ਇਸ਼ਾਰਾ ਕਰਦਿਆਂ ਕਿਹਾ ਸੀ–

–ਨਾਲੇ ਦੀਪਾ ਵੀ ਰਹੂ !ਐਤਕੀਂ ਉਤੇ ਚੜ੍ਹਾ ਕੇ ਫੜੀਂ, ਫੇਰ ਹੇਠਲੇ ਪਾਸੇ ਰਹੀਂ, ਮਨਜੀਤ ਸਾਵਾਂ ਕੋਚ ਬਣਿਆ ਖੜ੍ਹਾ ਸੀ।

ਦੀਪੇ ਦੀ ਅਗਲੀ ਰੇਡ 'ਤੇ ਮਨਜੀਤ ਵੀ ਬਿੱਕਰ ਦੇ ਬਰਾਬਰ ਹੀ ਖੜ੍ਹ ਗਿਆ ਸੀ। ਉਹਦੇ ਸਣੇ ਚਾਰੇ ਸਟਾਪਰ ਇਕ ਦੂਜੇ ਦਾ ਹੱਥ ਫੜੀਂ, ਸਹਾਮਣੇ ਮਿਹਲਦੇ ਦੀਪੇ 'ਤੇ ਇਕਾਗਰ ਸਨ।ਮਨਜੀਤ ਜਾਣਦਾ ਸੀ, ਦੀਪਾ ਹਰ ਹਾਲਤ ਬਿੱਕਰ ਨੂੰ ਹੀ 'ਟੱਚ' ਕਰੇਗਾ। ਹੱਥ ਪਾਉਣ ਵਾਲੇ ਨਾਲ ਖੁੰਦਕ ਰੱਖਣਾ ਦੀਪੇ ਦੇ ਸੁਭਾਅ 'ਚ ਸ਼ਾਮਿਲ ਸੀ।

ਦੀਪੇ ਦੀ ਫੈਲੀ ਹੋਈ ਬਾਂਹ ਅਤੇ ਡਮਰੂ ਵਾਂਗ ਹਿਲਦਾ ਖੱਬਾ ਹੱਥ ਬਿੱਕਰ ਲਈ ਅਰਜਨ ਵਾਲੀ ਮੱਛੀ ਦੀ ਅੱਖ ਬਣਿਆ ਹੋਇਆ ਸੀ।ਉਹਨੇ ਦੋ ਕੁ ਵਾਰ ਫੜਨ ਦਾ ਭੁਲੇਖਾ ਪਾਉਂਦਾ ਹੱਥ ਹੇਠ ਲਾਇਆ, ਤਾਂ ਦੀਪਾ ਇਕ ਦਮ ਪਿੱਛੇ ਜੰਪ ਕਰ ਗਿਆ। ਪਰ ਸਿਰਫ ਪਲ ਕੁ ਲਈ, ਹੱਥ ਫਿਰ ਆਪਣੀ ਥਾਵੇਂ ਹਿੱਲ ਰਿਹਾ ਹੁੰਦਾ। ਇਕ ਵਾਰ ਥਾਪੀ ਮਾਰਨ ਦਾ ਭੁਲੇਖਾ ਦੇ ਕੇ ਬਿੱਕਰ ਝਪਟਿਆ ਤੇ ਬਾਜ ਵਾਂਗ ਉਸ ਦੇ ਦੋਵੇਂ ਹੱਥ, ਉੜ ਕੇ, ਦੀਪੇ ਦੇ ਗੁੱਟ 'ਤੇ ਜੰਮ ਗਏ।ਦੀਪੇ ਨੇ ਇਕਦਮ ਮਰੋੜ ਕੇ ਗੁੱਟ ਖਿਚਿਆ।ਪਰ ਗੁੱਟ ਦੀ ਥਾਂ ਸਾਰਾ ਬਿੱਕਰ ਹੀ ਨਾਲ ਖਿਚਿਆ ਗਿਆ। ਬਿੱਕਰ ਦੀ ਪਕੜ ਤੋੜਨ ਲਈ ਦੀਪੇ ਨੇ ਸੱਜਾ ਹੱਥ ਉਸਦੇ ਖੱਬੇ ਮੋਢੇ ਤੇ ਗਿੱਚੀ ਕੋਲ ਰਖਿਆ ਤਾਂ ਹਵਾ ਜਿਵੇਂ ਥੰਮ ਗਈ।ਜ਼ੋਰ ਨਾਲ ਉਭਰ ਆਈਆਂ, ਦੀਪੇ ਦੇ ਡੌਲਿਆਂ ਦੀਆਂ ਮੱਛਲੀਆਂ, ਤੇ ਦਿਓ ਵਾਂਗ ਅੜਿਆ ਖੜ੍ਹਾ ਬਿੱਕਰ, ਲੋਕਾਂ ਨੇ ਸਾਹ ਰੋਕ ਲਏ। ਗਰਾਊਂਡ 'ਤੇ ਹੋ ਰਿਹਾ ਘੋਲ ਜਿਵੇ ਕਿਤੇ ਲੋਕਾਂ ਦੇ ਅੰਦਰ ਘੁਲਿਆ ਜਾ ਰਿਹਾ ਸੀ।ਪੈਰਾਂ ਪਰਨੇ ਬੈਠੇ ਕਿੰਨੇ ਹੀ ਦਰਸ਼ਕ ਕਦੋਂ ਉਲਾਰ ਹੁੰਦੇ ਹੁੰਦੇ ਖੜ੍ਹੇ ਹੋ ਗਏ, ਉਹਨਾਂ ਦੇ ਜਿਸਮ ਦੀਆਂ, ਸੂਤੀਆਂ ਨਾੜਾਂ ਨੂੰ ਪਤਾ ਵੀ ਨੀ ਲੱਗਿਆ।

ਸਟੇਜ ਤੋ ਚੀਕ ਚੀਕ ਕੰਮੈਂਟਰੀ ਕਰਦੇ ਅਨਾਊਂਸਰ ਦੀ ਆਵਾਜ਼ ਜਿਵੇਂ ਲੋਕਾਂ ਦੇ ਤਣੇ ਆਪੇ ਦੇ ਉਪਰੋਂ ਬੇ–ਲਾਗ ਨਿਕਲ ਗਈ।

ਬਿੱਕਰ ਨੇ ਹੇਠਾਂ ਨੂੰ ਖਿੱਚ ਕੇ, ਦੀਪੇ ਦਾ ਗੁੱਟ ਆਪਣੇ ਲੱਕ ਨਾਲ ਲਾ ਲਿਆ ਸੀ। ਦਰਸ਼ਕਾਂ ਸਾਹਮਣੇ ਸਾਨ੍ਹਾਂ ਵਾਂਗ ਭਿੜਦੇ ਦੋ ਜਿਸਮ ਸਨ ਤੇ ਗਰਾਊਂਡ ਵਿੱਚ ਉਹਨਾਂ ਦੇ ਪੈਰਾਂ ਨਾਲ ਪੱਟਿਆ ਜਾ ਰਿਹਾ ਘੌਰੂ ਸੀ।

ਥਾਏ ਵੱਜਦੀ ਰੈਫਰੀ ਦੀ ਵਿਸਲ ਤੋਂ ਬਾਅਦ ਵੀ ਕੁਝ ਪਲ ਲੋਕਾਂ ਨੂੰ ਆਪੇ 'ਚ ਪਰਤਣ ਲਈ ਲੱਗੇ ਸਨ। 30 ਸਕਿੰਟ ਦਾ ਇਕ ਯੁੱਗ ਲੋਕਾਂ ਨੇ ਬਿਨਾਂ ਸਾਹ ਲਏ ਬਿਤਾਇਆ ਸੀ।

ਕਿੰਨੇ ਹੀ ਪਲ, ਮਨਜੀਤ ਬਿੱਕਰ ਦੇ ਲਾਲ ਹੋਏ ਹੱਥਾਂ ਵੱਲ ਵੇਖਦਾ ਰਿਹਾ ਸੀ, ਤੇ ਫਿਰ ਉਸ ਨੇ ਬਿੱਕਰ ਦੇ ਖੋਲਦੇ ਜਿਸਮ ਨੂੰ ਆਪਣੀ ਨਿੱਘੀ ਜੱਫੀ 'ਚ ਘੁੱਟ ਲਿਆ ਸੀ।

ਮਨਜੀਤ ਦੀ ਗਲਵੱਕੜੀ 'ਚ ਘੁਟੇ ਬਿੱਕਰ ਦੀ ਮੁੱਠੀ ਲੋਕਾਂ ਨੇ ਨੋਟਾਂ ਨਾਲ ਤੁੰਨ ਦਿੱਤੀ ਸੀ।

ਮੈਚ ਉਹਨਾਂ ਤਕੜੇ ਫਰਕ ਨਾਲ ਜਿੱਤ ਲਿਆ ਸੀ।ਭਾਵੇਂ ਕਿੰਨੇ ਹੀ ਟੂਰਨਾਮੈਂਟਾਂ ਬਾਅਦ ਅਜਿਹਾ ਹੋਇਆ ਸੀ ਕਿ ਕੋਈ ਰੇਡਰ ਬਿੱਕਰ ਨੂੰ ਹੱਥ ਲਾਵੇ ਤੇ ਪਰਤ ਜਾਵੇ।ਤੇ ਉਹ ਵੀ ਗਿਣਨਯੋਗ ਗਿਣਤੀ 'ਚ।

ਸ਼ਾਮ ਨੂੰ ਮਨਜੀਤ ਦੇ ਨਾਨਕਿਆਂ ਦੀ ਮੋਟਰ 'ਤੇ ਸ਼ਰਾਬ ਨਾਲ ਮਸਤ ਹੋਇਆ ਬਿੱਕਰ ਕਿੰਨੀ ਹੀ

ਦੇਰ ਕਿਲਕਾਰੀਆਂ ਮਾਰਦਾ ਰਿਹਾ ਸੀ- ਬਾਈ ਖੁੱਚਾਂ ਤੋੜ ਦੂੰ ਮੇਰੇ ਸਾਲੇ ਦੀਆਂ-

ਖੱਬੇ ਮੋਢੇ ਸ਼ੀਲਡਾਂ ਨਾਲ ਡੱਕਿਆ ਬੈਗ ਅਤੇ ਸੱਜੇ ਹੱਥ ਨਾਲ ਝੂਲਦੇ ਬਿੱਕਰ ਨੂੰ ਸਾਂਭੀ ਜਾਂਦੇ ਮਨਜੀਤ ਦੇ ਵੀ ਖੁਸ਼ੀ ਵਿਚ ਧਰਤੀ ਪੈਰ ਨਹੀਂ ਸੀ ਲੱਗ ਰਹੇ। ਬਿੱਕਰ ਨੇ ਸਭ ਦੀ ਰੱਖ ਵਿਖਾਈ ਸੀ।

ਪਿਛਲੇ ਚਾਰ ਸਾਲਾਂ ਤੋਂ ਇਹ ਟੂਰਨਾਮੈਂਟ ਹਮੇਸ਼ਾ ਉਹਨਾਂ ਦੇ ਨਾਂ ਰਿਹਾ ਸੀ। ਬਿੱਕਰ ਦੀ ਪਕੜ ਅਤੇ ਮੋਰ ਵਾਂਗ ਪੈਲ ਪਾਉਂਦੇ ਮਨਜੀਤ ਦੀ ਰੇਡ ਵੇਖਣ ਨੂੰ ਲੋਕ ਹਰ ਸਾਲ ਉਡੀਕਦੇ। ਟੂਰਨਾਮੈਂਟ ਮਨਜੀਤ ਦੇ ਨਾਨਕੇ ਪਿੰਡ ਸੀ, ਇਸ ਲਈ ਟੀਮ ਸ਼ੀਲਡ ਲਈ ਵਾਰੀ ਦੀ ਉਡੀਕ ਨਹੀਂ ਸੀ ਕੀਤੀ ਜਾਂਦੀ। ਉਹ ਹਮੇਸ਼ਾਂ ਹੀ ਮਨਜੀਤ ਦੀ ਬੈਠਕ ਦਾ ਸ਼ਿੰਗਾਰ ਬਣਦੀ। ਉਹਦਾ ਹੱਕ ਵੀ ਸੀ।

-ਪਰ ਐਤਕੀ ਹੱਕ ਬਿੱਕਰ ਦਾ ਹੀ ਬਣਦੈ-ਉਸ ਰਾਤ, ਲੰਘੇ ਦਿਨ ਨੂੰ ਫੇਰ ਮਾਣਦੇ ਹੋਏ ਮਨਜੀਤ ਨੇ ਸੋਚਿਆ ਸੀ।

-ਦੀਪੇ ਨੂੰ ਬਾਂਹ ਫੜਕੇ ਰੋਕਣਾ ਵੇਲਣੇ 'ਚ ਬਾਂਹ ਦੇਣ ਵਾਲੀ ਗੱਲ ਐ-ਮਨਜੀਤ ਸੌਣ ਤਕ ਰੁਮਾਂਚਿਤ ਰਿਹਾ ਸੀ। ਐਡੀ ਜਿੱਤ ਮਗਰੋਂ ਨੀਂਦ ਕਿਹੜਾ ਸੌਖੀ ਆਉਂਦੀ ਐ।

ਰਾਤੀਂ ਸੁਪਨੇ ਵਿਚ ਵੀ ਇਕ ਹੱਥ ਨਾਲ ਦੀਪੇ ਨੂੰ ਥੰਮ੍ਹੀ ਖੜ੍ਹਾ ਬਿੱਕਰ ਬਾਘੀਆਂ ਪਾਉਂਦਾ ਰਿਹਾ ਸੀ।

ਪਰ ਹੁਣ ਬਾਹਰ ਫੜਾਈ ਸ਼ੀਲਡ ਬਿੱਕਰ ਨੇ ਫੜਨੀ ਨਹੀਂ ਸੀ ਇਹ ਗੱਲ ਮਨਜੀਤ ਜਾਣਦਾ ਸੀ। ਸਗੋਂ ਗਾਲ੍ਹਾਂ ਦੀ ਤੀਹਰੀ ਲੜੀ 'ਚ ਪਰੋਕੇ ਹੋਰ ਪਤਾ ਨਹੀਂ ਕੀ ਕੁਝ ਕਹੇ।

ਇਕ ਦੂਜੇ ਦੇ ਘਰ ਜਾਣ ਬਾਰੇ ਉਹਨਾਂ ਕਦੇ ਸੋਚਿਆ ਨਹੀਂ ਸੀ। ਸੋਚਿਆ ਤਾਂ ਕਦੇ ਇਉਂ ਰਲਕੇ ਖੇਡਣ ਬਾਰੇ ਵੀ ਨਹੀਂ ਸੀ।

ਪਹਿਲਾਂ ਪਹਿਲਾਂ ਘਰਦਿਆਂ ਦੀ ਪੜ੍ਹਤੀ ਪੜ੍ਹੇ ਉਹ ਇਕ ਦੂਜੇ ਨਾਲ ਖਹਿੰਦੇ ਵੀ ਰਹੇ ਸਨ। ਇਕ ਦੂਜੇ ਨੂੰ ਹਰਾਉਣਾ ਮਿਥ ਕੇ ਖੇਡਦੇ ਵੀ ਰਹੇ ਸਨ। ਟੂਰਨਾਮੈਂਟ 'ਤੇ ਪੌਆਇੰਟ ਲੈ ਕੇ ਮੁੜਦੇ ਮਨਜੀਤ ਨੂੰ ਬਿੱਕਰ ਦੀਆਂ ਤਾੜੀਆਂ ਓਪਰੀਆਂ ਅਤੇ ਖੁਸ਼ੀ ਬਨਾਉਟੀ ਲਗਦੀ ਰਹੀ ਸੀ।

ਪਰ ਪਤਾ ਨਹੀਂ ਕਿਉਂ ਉਸਨੂੰ ਪਹਿਲੀ ਵਾਰ ਹੀ ਬਿੱਕਰ ਦਾ ਗੁੱਸਾ ਬਣਾਉਟੀ ਨਹੀਂ ਸੀ ਲਗਿਆ।

ਮਨਜੀਤ ਦੋ ਪੌਆਇੰਟ ਲਗਾਤਾਰ ਦੇ ਆਇਆ ਸੀ। ਤੀਜੀ ਰੇਡ ਪਾੜੇ ਤੇ ਤੁਰਨ ਲੱਗੇ ਮਨਜੀਤ ਦੇ ਕੰਨੀ ਬਿੱਕਰ ਦੇ ਕੜਕਦੇ ਬੋਲ ਪਏ ਸਨ।

-ਕੌੜਿਆ ਲੱਤਾ ਤੋੜ ਦੂੰ ਜੇ ਐਂਤਕੀ ਰਹਿ ਗਿਆ-

ਆਵਾਜ਼ ਉੱਚੀ, ਬੋਲ ਸਖ਼ਤ ਅਤੇ ਗਾਲ੍ਹ ਵਰਗੇ ਸਨ। ਫੇਰ ਵੀ ਪਤਾ ਨਹੀਂ ਕਿਉਂ ਉਨ੍ਹਾਂ 'ਚੋਂ ਅਪਣੱਤ ਵਰਗਾ ਕੁਝ ਮਨਜੀਤ ਦੀ ਰੂਹ ਨੂੰ ਹਲੂਣ ਗਿਆ ਸੀ। ਪੌਆਇੰਟ ਲੈ ਕੇ ਮੁੜਦੇ ਮਨਜੀਤ ਨੂੰ ਪਹਿਲੀ ਵਾਰ ਬਿੱਕਰ ਦੀ ਖੁਸ਼ੀ ਬਣਾਉਟੀ ਤੇ ਤਾੜੀਆਂ ਓਪਰੀਆਂ ਨਹੀਂ ਸਨ ਲੱਗੀਆਂ।

ਉਸੇ ਸ਼ਾਮ ਉਹਨਾਂ ਦੋਸਤੀ ਦਾ ਹੱਥ ਮਿਲਾਇਆ ਸੀ ਅਤੇ ਬਾਕਾਇਦਾ ਫੈਸਲਾ ਲਿਆ ਸੀ ਕਿ ਉਹ ਘਰ ਦਿਆਂ ਦੀ ਲੜਾਈ ਨੂੰ ਆਪਣੇ ਵਿਚ ਚੀਰ ਨਹੀਂ ਪਾਉਣ ਦੇਣਗੇ। ਇਸ ਲਈ ਹੀ ਉਨ੍ਹਾਂ ਕਦੇ



BSER

ਘਰ ਦੀ ਗੱਲ ਤਕ ਸਾਂਝੀ ਨਹੀਂ ਸੀ ਕੀਤੀ। ਪਰ ਸ਼ੀਲਡ ਬਿੱਕਰ ਨੂੰ ਦੇਣ ਲਈ ਉਹਨਾਂ ਦੇ ਘਰ ਜਾਣਾ ਜ਼ਰੂਰੀ ਸੀ। ਮਨਜੀਤ ਦੀ ਭਾਵੁਕਤਾ, ਉਹਦੇ ਬਾਬੇ ਦਾ ਖੂੰਡਾ, ਬਿੱਕਰ ਦੇ ਘਰਦਿਆਂ ਦੀਆਂ ਗੁੱਸੇ ਭਰੀਆਂ ਅੱਖਾਂ ਅਤੇ ਦੋਹਾਂ ਘਰਾਂ ਵਿਚ ਜਮ੍ਹਾ ਈ ਸੱਜਰੇ ਛਿੜੇ, ਪਹੀ ਵਾਲੇ ਖੇਤ ਦੇ ਰੱਫੜ ਨੂੰ ਜਾਲੇ ਵਾਂਗ ਪਰੇ ਹਟਾ ਕੇ, ਬਿੱਕਰ ਦੇ ਘਰ ਲੈ ਹੀ ਗਈ ਸੀ।

ਉਹਦੇ ਜਾਣ ਨਾਲ ਘਰ ਵਿੱਚ ਵਰਤ ਗਈ ਸੁੰਨ ਉਹਨੂੰ ਇਕ ਪਲ ਘੁਟਣ ਵਾਂਗ ਮਹਿਸੂਸ ਵੀ ਹੋਈ ਸੀ। ਖੱਬੇ ਹੱਥ ਸ਼ੀਲਡ ਫੜੀਂ ਉਹ ਬੇਬੇ ਦੇ ਪੈਰਾਂ ’ਤੇ ਝੁਕਿਆ ਸੀ। ਭਾਂਡੇ ਮਾਂਜਦੀ ਸੰਤੀ ਨੇ ਸੁਆਹ ਵਾਲਾ ਹੱਥ ਝਾੜਕੇ, ਪੋਲਾ ਜਿਹਾ ਉਹਦੇ ਸਿਰ ’ਤੇ ਰੱਖਦਿਆਂ ਅਸੀਸ ਦਿੱਤੀ ਸੀ।

-ਜਿਉਂਦਾ ਵਸਦਾ ਰਹਿ ਪੁੱਤ, ਜਵਾਨੀਆਂ ਮਾਣੇ-

ਪਰ ਲੰਬੜਦਾਰ ਬਚਨ ਸਿਉਂ ਦਾ ਉਹਦੀ ਸਤਿ ਸ੍ਰੀ ਅਕਾਲ ਦੇ ਜਵਾਬ ਵਿਚ ਮਸਾਂ ਹਿਲਿਆ ਸਿਰ ਕੋਈ ਚੰਗਾ ਸ਼ਗਨ ਨਹੀਂ ਸੀ।

ਪਹਿਲਾਂ ਤਾਂ ਉਹਨੂੰ ਵੇਖ ਕੇ, ਚਾਹ ਪੀਂਦਾ ਬਿੱਕਰ ਵੀ ਸਕਤੇ ਜਿਹੇ ਵਿਚ ਆ ਗਿਆ ਸੀ। ਪਰ ਫਿਰ ਚੁੱਪ ਦਾ ਤਣਾਅ ਉਹਨੇ ਹੀ ਤੋੜਿਆ ਸੀ

-ਕਿਵੇਂ ਆਉਣੇ ਹੋਏ, ਕਦੇ ਅੱਗੇ ਨਾ ਪਿੱਛੇ-

-ਸ਼ੀਲਡ ਤੈਨੂੰ ਦੇਣ ਆਇਐਂ, ਮੈਂ ਕਿਹਾ ਬਾਹਰ ਤਾਂ ਤੈਂ ਫੜਨੀ ਨੀਂ - ਤੇ ਫੇਰ ਬਚਨ ਸਿਉਂ ਦੀ ਪੈਂਦ ਠੀਕ ਹੋ ਕੇ ਬੈਠਦਿਆਂ ਮਨਜੀਤ ਚਾਹ ਫੜਾਉਣ ਆਈ ਸੰਤੀ ਨੂੰ ਸੰਬੋਧਿਤ ਹੋਇਆ ਸੀ।

-ਕੱਲ੍ਹ ਤਾਈ, ਬਿੱਕਰ ਦੀ ਕਰਾਮਾਤ ਨਾਲ ਆਈ ਐ ਸ਼ੀਲਡ-ਤੂੰ ਤਾਂ ਤਾਇਆ ਕੱਲ੍ਹ ਗਿਆ ਨੀ, ਉਥੇ ਹੁੰਦਾ ਤਾਂ ਵੇਖਦਾ ਆਪਣੇ ਬਿੱਕਰ ਦੇ ਹੱਥ। ਦੀਪਾ ਸਾਰੇ ਦੁਆਬੇ ’ਚ ਨੀ ਰਹਿੰਦਾ ਕਿਸੇ ਤੋਂ, ਇਹਨੇ ਹਿਲਣ ਨੀ ਦਿੱਤਾ- ਮਨਜੀਤ ਕਿਵੇਂ ਨਾ ਕਿਵੇਂ ਲੰਬੜਦਾਰ ਨੂੰ ਨਰਮ ਕਰਨਾ ਚਾਹੁੰਦਾ ਸੀ।

-ਮੈਂ ਵੀ ਆਊਂ ਜੇ ਤੇਰਾ ਬਾਬਾ ਸਾਹ ਲੈਣ ਦਿਊ। ਬਹੂ ਆਲੀ ਜ਼ਮੀਨ ਦੀ ਪੈਰਵੀ ਕਰਦੇ ਫਿਰਦੇ ਐਂ-ਲੰਬੜਦਾਰ ਦੇ ਬੋਲਾਂ ’ਚ ਗੁੱਸਾ ਤੇ ਖਿਝ ਸਾਫ ਸੀ।

ਸ਼ੀਲਡ ਬਿੱਕਰ ਨੂੰ ਫੜਾ ਉੱਠਣ ਲੱਗੇ ਮਨਜੀਤ ਨੂੰ ਸੰਤੀ ਨੇ ਕਿਹਾ ਸੀ-

-ਤੂੰ ਆ ਜਿਆ ਕਰ ਪੁੱਤ, ਇਹਨਾਂ ਦੇ ਰੌਲੇ ਤਾਂ ਮੁੱਕਣੇ ਈ ਨੀ ਸਾਰੀ ਉਮਰ। ਮੈਨੂੰ ਤਾਂ ਜਿਹੇ ਮੇਰੇ ਬਿੱਕਰ ਤੇ ਚਰਨਾ, ਤਿਹਾ ਤੂੰ .....ਇਹ ਜਿੱਦਾਂ ਤਾਂ ਜੈ ਖਾਣੇ ਦੀਆਂ ਪੱਟ ਕੇ ਵਗਾਹ ਦਿੰਦੀਐਂ-ਸੰਤੀ ਨੇ ਹਉਕਾ ਭਰਿਆ ਸੀ।

..... ਹਉਕਾ ਤਾਂ ਚਰਨੇ ਨੇ ਵੀ ਭਰਿਆ ਹੈ, ਬਿੱਕਰ ਦੀ ਅੱਧੀ ਪਾੜੀ ਹੋਈ ਫੋਟੋ ਵੱਲ ਵੇਖਦਿਆਂ। ਮਨਜੀਤ ਤੇ ਬਿੱਕਰ ਦੀ ਇਕੱਠੀ ਫੋਟੋ ਸੀ। ਬਿੱਕਰ ਦੇ ਮਰਨ ਬਾਅਦ ਬਚਨ ਸਿੰਘ ਨੇ ਮਨਜੀਤ ਵਾਲਾ ਅੱਧ ਪਾੜ ਕੇ ਟੁਕੜੇ ਕਰ ਦਿੱਤਾ ਸੀ। ਉਸ ਅੱਧ ਦੇ ਨਾਲ ਹੀ, ਮਨਜੀਤ ਦੇ ਮੋਢੇ ਤੋਂ ਵਲਾਈ ਬਿੱਕਰ ਦੀ ਸੱਜੀ ਬਾਂਹ ਵੀ ਉਹਨਾਂ ਟੁਕੜਿਆਂ ਵਿਚ ਹੀ ਚਲੀ ਗਈ ਸੀ।

ਬਾਹਰ ਰੁਕਦੇ ਸਕੂਟਰ ਦੀ ਆਵਾਜ਼ ਸੁਣ ਕੇ, ਚਰਨੇ ਨੇ ਕਾਹਲੀ ਨਾਲ ਅੱਖਾਂ ਪੂੰਝੀਆਂ ਤੇ ਬਾਹਰ ਨਿਕਲ ਆਇਆ।

ਬਚਨ ਸਿਉਂ ਦੇ ਨਾਲ ਜੈਲਾ ਸੀ।

ਜੈਲਾ-ਬਿੱਕਰ ਹੋਰਾਂ ਦੀ ਭੂਆ ਦਾ ਵੱਡਾ ਪੁੱਤ ਸੀ। ਬਾਹਰ-ਅੰਦਰ ਫਿਰਿਆ ਹੋਣ ਕਰਕੇ, ਬਿੱਕਰ ਵਾਲੇ ਕੇਸ ਦੀ ਜ਼ਿਆਦਾ ਤਰ ਪੈਰਵਈ ਵਿਚ ਇਹਦਾ ਹੀ ਹੱਥ ਸੀ। ਉਂਝ ਵੀ ਬਿੱਕਰ ਹੋਰਾਂ ਦੀ ਮਦਦ ਫੁੱਫੜ ਹੋਰਾਂ ਨੇ ਹੋਰ ਕਿਸੇ ਤੋਂ ਵੀ ਵੱਧ ਕੀਤੀ ਸੀ। ਸਵੇਰੇ ਫੁੱਫੜ ਗਿਆ ਸੀ ਅਤੇ ਹੁਣ ਜੈਲਾ ਆ ਗਿਆ ਸੀ।

ਚਰਨੋ ਨੇ ਬਚਨ ਸਿਉਂ ਦੇ ਚਿਹਰੇ ’ਤੇ ਜੰਮੀ ਹੋਈ ਧੂੜ ਅਤੇ ਫੈਲੀ ਹੋਈ ਨਿਰਾਸ਼ਾ ਵੇਖੀ ਤਾਂ ਪਿੰਡ ਵਿਚ ਹੋ ਰਹੀ ਚਰਚਾ ਉਹਨੂੰ ਸੱਚੀ ਲੱਗੀ। ਕੇਸ ਉਹਨਾਂ ਦੇ ਹੱਥੋਂ ਨਿਕਲ ਗਿਆ ਸੀ।

- ਕਿ ਕਹਿੰਦੈ ਵਕੀਲ- ਉਹਨਾਂ ਨੂੰ ਪਾਣੀ ਫੜਾਉਂਦੀ ਸੰਤੀ ਨੇ ਰਵਾਜਨ ਹੀ ਪੁੱਛਿਆ।

- ਵਕੀਲ ਨੇ ਕੀ ਕਹਿਣੈ ਮਾਸੀ- ਜਦ ਗਵਾਹਾਂ ਦੀ ਓ ਬੇੜੀ ਬਹਿ ਗਈ। ਦੱਸਿਆ ਈ ਹੋਊ ਮਾਮੇ ਹੋਰਾਂ ਨੇ, ਪਿਛਲੀ ਤਰੀਕ ’ਤੇ ਦੋਏ ਉੱਖੜਗੇ ਸਾਲੇ-ਜਵਾਬ ਜੈਲੇ ਨੇ ਦਿੱਤਾ ਸੀ।

-ਗਵਾਹ ਕੀ ਕਰਨ ਭਾਈ, ਜਦ ਪਾਏ ਈ ਝੂਠੇ ਹੋਏ ਤੀ। ਮੈਂ ਤਾਂ ਪਹਿਲਾਂ ਈ ਕਿਹੈ - ਮਨਜੀਤ ਨੇ ਬਿੱਕਰ ਨੂੰ ਕਿਉਂ ਮਾਰਨਾ ਤੀ- ਇਹ ਤਾਂ ਹੋਣੀਓ ਹੋਈ ਐ। ਪਰ ਮੇਰੀ ਕੋਈ ਸੁਣੇ ਵੀ ਐਥੇ-

-ਕਿਉਂ ਸੁਣਨ ਨੂੰ ਤੂੰ ਬਚਨ ਕਰਦੀ ਐਂ- ਬਚਨ ਸਿਉਂ ਉੱਖੜ ਕੇ ਬੋਲਿਆ ਸੀ।

-ਤੇਰੇ ਈ ਕਾਰੇ ਨੇ, ਅਖੇ ਆ ਗਿਆ ਮਨਜੀਤ ਸਿਓ, ਚਾਹ ਦਿਉ, ਦੁੱਧ ਦਿਓ ਘਿਓ ਪਾ ਕੇ। ਵਥੇਰਾ ਕਿਹੈ ਬਈ ਇਹ ਸਾਲੇ ਕੌੜੇ ਵੀ ਸਕੇ ਹੋਏ ਨੇ ਕਿਸੇ ਦੇ । ਪਰ ਕਾਹਨੂੰ ਇਹ ਮਾਂ-ਪੁੱਤ ਇਕੋ ਲੱਤ ਰਹੇ ਨੇ-

-ਨਾਲੇ ਜੇ ਕੌੜੇ ਐਡੇ ਈ ਸੱਚੇ ਤੀ, ਫਿਰ ਪੈਸੇ ਦੇ ਕੇ ਗਵਾਹ ਭੰਨਣ ਦੀ ਕੀ ਲੋੜ ਤੀ, ਹੈਂ ਬਚਨ ਸਿਉਂ ਦੇ ਅੰਦਰ ਕਚਹਿਰੀ ’ਚ ਸੁਣੀ ਇਹ ਗੱਲ ਸਵੇਰ ਦੀ ਹੀ ਉਬਲੀ ਜਾਂਦੀ ਸੀ ਕਿ ਪੁਲਸ ਦੇ ਗਵਾਹ ਪੈਸੇ ਬਿਨਾਂ ਨੀ ਹਿਲਦੇ।

-ਪੈਸੇ ਦੇਣ ਆਲੀਓ ਗੱਲ ਭਾਗ ਕਹਿੰਦਾ ਤੀ ਅੱਜ ਗੋਰੇ ਖੂਹ ’ਤੇ । ਗਵਾਹਾਂ ਨੂੰ ਪੈਸੇ ਦਿੱਤੇ ਨੇ ਕੌੜਿਆਂ ਨੇ। ਮੈਂ ਤਾਂ ਸਾਲਾ ਕੌੜਿਆਂ ਦਾ ਬੁੜ੍ਹਾ ਅਰ ਮਨਜੀਤ ਦੋਏ ਮਾਰ ਦੇਣੇ ਨੇ- ਆਉਣ ਦੇ ਸਾਲੇ ਮੇਰੇ ਨੂੰ ਛੁੱਟ ਕੇ-ਚਰਨੀ ਦੀ ਗੁੱਸੇ ਭਰੀ ਆਵਾਜ਼ ਕੰਬ ਗਈ ਸੀ।

-ਲੋਕ ਤਾਂ ਲੜਾ ਕੇ ਮਰਾਉਣ ਨੂੰ ਫਿਰਦੇ ਐ ਥੋਨੂੰ-ਅੱਛਿਆ- ਉਹਨਾਂ ਨੇ ਤਾਂ ਤਮਾਸ਼ਾ ਦੇਖਣੈ- ਅੱਗੇ ਪਹੀ ਆਲੇ ਰੌਲੇ ’ਚ ਨੀ ਦੇਖਿਆ-ਦੋ ਗੱਠੇ ਪਹੀ ਪਿਛੇ ਈ ਕਿਵੇਂ ਖੰਭ ਪਟਾਏ ਨੇ ਤੁਸੀਂ-

-ਤੈਨੂੰ ਲਗਦਾ ਹੋਊ ਬਈ ਕੌੜਿਆਂ ਨੇ ਪੁੰਨ ਨੂੰ ਛੱਡਤਾ ਖੇਤ, ਨਾ ਛੱਡਦੇ, ਅਦਾਲਤ ਸਣੇ ਪਹੀ ਛੁਡਾ ਦਿੰਦੀ- ਉਹ ਤਾਂ ਪਹੀ ਵੀ ਵਾਧੂ ਲੈਗੇ। ਮੈਂ ਓ ਬਿੱਕਰ ਦੇ ਮੂੰਹ ਨੂੰ ਚੁੱਪ ਰਿਹਾ-

ਬਚਨ ਸਿਉਂ ਫੇਰ ਤੜਪ ਕੇ ਬੋਲਿਆ ਸੀ। ਉਹ ਕਿਸੇ ਹਾਲਤ ਵੀ ਪਹੀ ਕੌੜਿਆਂ ਨੂੰ ਦੇਣੀ ਨਹੀਂ ਸੀ ਚਾਹੁੰਦਾ। ਪਰ ਬਿੱਕਰ ਦੀ ਕਹੀ, ਉਹਤੋਂ ਉਲੱਦ ਨਹੀਂ ਸੀ ਹੋਈ।

ਕੌੜਿਆਂ ਦੇ ਖੂਹ ਨੂੰ ਰਾਹ ਫੇਰ ਪਾ ਕੇ ਆਉਂਦਾ ਸੀ। ਸੜਕ ਤੋਂ ਅੱਧਾ ਕਿੱਲਾ ਹਟਵੇਂ ਉਹਨਾਂ ਦੇ ਖੇਤ ਤੋਂ ਪਹਿਲਾਂ ਬਚਨ ਸਿਉਂ ਦੇ ਭਤੀਜੇ ਦੀ ਜ਼ਮੀਨ ਲਗਦੀ ਸੀ। ਕੌੜਿਆ ਨੇ ਮੁੰਡਾ ਹੱਥ ’ਤੇ ਕਰਿਆ ਤੇ ਅੱਧਾ ਕਿੱਲਾ ਬੈ ਕਰਾ ਕੇ, ਸੜਕ ਨਾਲ ਲਗਦੇ ਹੋ ਗਏ। ਉਹਨਾਂ ਦੀ ਕੋਹ ਭਰ ਵਾਟ ਬਚ ਗਈ ਸੀ।

ਪਤਾ ਲਗਦੀ ਸਾਰ ਬਚਨ ਸਿੰਘ ਨੇ ਆਪਣੀ ਭਤੀਜ ਨੋਂਹ ਵੱਲੋਂ ਕੇਸ ਕਰਵਾ ਕੇ ਸਟੇਅ ਲੈ ਲਈ ਤੇ ਇੰਤਕਾਲ ਰੁਕ ਗਿਆ।

ਬੱਸ ਫਿਰ ਕੀ ਸੀ, ਪਹਿਲਾਂ ਹੀ ਕਿੰਨੀ ਵਾਰ ਰਿੜਕੇ ਪਾਣੀ ਵਿਚ ਫਿਰ ਤੋ ਮਧਾਣੀ ਪੈ ਗਈ ਸੀ। ਲੰਬੜਦਾਰ ਤੇ ਕੌੜਿਆਂ ਵਿਚ ਅਦਾਲਤੀ ਰੱਸਾਕਸ਼ੀ, ਆਹਮੋ ਸਾਹਮਣੀ ਟੱਕਰ ਦਾ ਖਤਰਾ ਬਣ ਗਈ ਸੀ।

ਉਦੋਂ ਹੀ ਬਿੱਕਰ ਤੇ ਮਨਜੀਤ ਨੇ ਹੌਸਲਾ ਕੀਤਾ ਸੀ। ਉਹਨਾਂ ਗੱਲ ਵੱਧਦੀ ਵੇਖ, ਘਰਦਿਆਂ ਤੋ ਬਾਹਰ ਖੁਦ ਹੀ ਨਿਬੇੜ ਲਈ ਸੀ।

ਬਿੱਕਰ ਨੇ ਤਿੰਨ ਗੱਠੇ ਦੀ ਪਹੀ ਛੱਡ ਕੇ ਵੱਟ ਪਾ ਦਿਤੀ ਸੀ ਤੇ ਮਨਜੀਤ ਨੇ ਬਿੱਕਰ ਹੋਰਾਂ ਦੇ ਟ੍ਰੈਕਟਰ ਨਾਲ ਬਾਕੀ ਬਚਦੀ ਜ਼ਮੀਨ ਵਾਹ ਕੇ, ਲੰਬੜਦਾਰ ਦੇ ਭਤੀਜੇ ਦੇ ਖੇਤ ਵਿਚ ਮਿਲਾ ਦਿੱਤੀ ਸੀ।

ਦੋਹੀਂ ਘਰੀਂ ਕਲੇਸ਼ ਤਾਂ ਹੋਇਆ ਸੀ, ਪਰ ਮਾਮਲਾ ਇਕਦਮ ਨਜਿਠਿਆ ਗਿਆ ਸੀ। ਇਕੱਲਾ ਪਹੀ ਦਾ ਝਗੜਾ ਕੀ ਦੋਹਾਂ ਘਰਾਂ ਵਿਚ ਉਪਰੋਂ ਦਿਸਦਾ ਵਿਰੋਧ ਵੀ ਬਹੁਤ ਹੱਦ ਤਕ, ਬਿੱਕਰ ਤੇ ਮਨਜੀਤ ਦੀ ਦੋਸਤੀ ਦੇ ਸੇਕ ਵਿਚ ਪਿਘਲ ਗਿਆ ਸੀ।

ਪਰ ਬਿੱਕਰ ਦੀ ਮੌਤ ਬਿਜਲੀ ਬਣ ਕੇ ਡਿੱਗੀ ਸੀ ਦੋਹਾਂ ਘਰਾਂ ’ਤੇ। ਇਕ ਦਾ ਮਰ ਗਿਆ, ਦੂਜੇ ਦਾ ਅੰਦਰ ਹੋ ਗਿਆ–ਮਰਿਆਂ ਬਰੋਬਰ।

ਮਰਿਆਂ ਬਰਾਬਰ ਤਾਂ ਸੰਤੀ ਵੀ ਹੋ ਗਈ ਐ, ਚਰਨੇ ਦੀ ਗੱਲ ਸੁਣਕੇ। ਮਰਨ ਮਾਰਨ ’ਤੇ ਉਤਾਰੂ ਹੋਇਆ ਚਰਨਾ ਜੈਲੇ ਨੂੰ ਕਹਿ ਰਿਹਾ ਹੈ– ਥੋਡੇ ਆਲੀ ਬਾਰਾਂ ਬੋਰ ਕਿੱਥੇ ਐਂ ? ਅੱਜੇ ਦੇਹ ਲਿਆ ਕੇ। ਆਪਾਂ ਨੀ ਕਲ੍ਹ ਨੂੰ ਤਰੀਕ ’ਤੇ ਜਾਣਾ। ਐਥੇ ਉਡੀਕੂੰ– ਰਾਤ ਨੂੰ ਘਰ ਬੈਠੇ ਨੂੰ ਉਡਾਊਂ ਮੇਰੇ ਸਾਲੇ ਨੂੰ–

– ਨਾ ਵੇ ਚਰਨਿਆ, ਨਾ ਮੇਰਾ ਪੁੱਤ, ਐਂ ਨੀ ਕਹੀਦਾ– ਲੋਕ ਤਾਂ ਭੌਂਕਦੇ ਹੀ ਹੁੰਦੇ ਐ–

–ਭੌਂਕੀ ਤਾਂ ਤੂੰ ਜਾਨੀ ਐ ਹੁਣ– ਅੱਛਿਆ ! ਮੇਰੇ ਤਾਂ ਆਪ ਸਵੇਰ ਦੀ ਅੱਗ ਲੱਗੀ ਹੋਈ ਐ– ਮੇਰਾ ਪੁੱਤ ਮਾਰ ਕੇ ਕੌੜਿਆ ਦਾ ਜਰ ਹੋਜੂ, ਹਿੱਕ ਕੱਢੀ ਫਿਰਦਾ–

ਮੈਂ ਤਾਂ ਆਪ ਫਿਰਦਾ ਤੀ ਹਥਿਆਰ ਦਾ ਪ੍ਰਬੰਧ ਕਰਨ ਨੂੰ– ਲੰਬੜਦਾਰ ਬੋਲਦਾ ਬੋਲਦਾ ਲਾਲ ਹੋ ਗਿਆ ਸੀ–

–ਹਥਿਆਰ ਦਾ ਪ੍ਰਬੰਧ ਕਰਕੇ ਦੇਣੇ ਆਲੇ ਤਾਂ ਬਥੇਰੇ ਮਿਲ ਜਾਣਗੇ – ਪਰ ਬਿੱਕਰ ਦੇ ਬਾਪੂ ਤੂੰ ਤਾਂ ਸਿਆਣਾ ਬਣ–ਜਲਣਾ ਤਾਂ ਮੁਰਦੇ ਨੇ ਐ, ਕਾਨ੍ਹੀਆਂ ਦਾ ਸਾਥ ਤਾਂ ਚਿਤਾ ਤਕ ਹੁੰਦੈ– ਨਾਲ ਕੋਈ ਨੀ ਜਲਦੀ– ਸੰਤੀ ਕਿਵੇਂ ਨਾ ਕਿਵੇਂ ਇਸ ਭਾਣੇ ਨੂੰ ਰੋਕੂ ਸੀ।

–ਮੁਰਦੇ ਨੂੰ ਤਾਂ ਜਲਣਾ ਈ ਪੈਣੇ ਮਾਸੀ– ਨਹੀਂ ਜਲੂ ਤਾਂ ਕੌ ਕੁੱਤੇ ਚੂੰਡ ਚੂੰਡ ਖਾ ਜਾਣਗੇ–

ਜੈਲੇ ਨੇ ਸੰਤੀ ਦੀ ਗੱਲ ਥਾਂਏ ਕੱਟ ਦਿੱਤੀ ਸੀ। ਸਮਝੌਤੇ ਜਾਂ ਨਰਮਾਈ ਦੀ ਹਰ ਗੱਲ ਉਹਨੇ ਕੱਟਣੀ ਹੀ ਕੱਟਣੀ ਸੀ। ਗਵਾਹ ਟੁੱਟਣ ਮਗਰੋਂ ਜਦੋਂ ਤੋਂ ਮੁਕੱਦਮੇ ਦਾ ਰੁਖ ਪਲਟ ਗਿਆ ਸੀ, ਉਹ ਤੇ ਉਹਦਾ ਬਾਪੂ ਅੰਦਰੋਂ–ਅੰਦਰੀ ਚਰਨੇ ਹੱਥੋਂ ਮਨਜੀਤ ਦੇ ਕਤਲ ਦੀ ਤਿਆਰੀ ਕਰਦੇ ਰਹੇ ਸਨ।

ਅੱਜ ਸਵੇਰੇ ਤੁਰਨ ਵੇਲੇ ਵੀ ਬਾਪੂ ਨੇ ਉਹਨੂੰ ਕਿਹਾ ਸੀ:



BSER

–ਜੈਲਿਆ ਹੁਣ ਮੌਕੈ ਜੇ ਚਰਨੇ ਤੋ ਕਰ ਕਰਾ ਦਵੇਂ ਕੁਸ਼। ਸਿੱਧਾ ਵੀਹ ਸਾਲੀ 'ਚ ਠੂਕੂ। ਮਗਰੋਂ ਸਭ ਕੁਝ ਥੋੜਾ ਈ ਐ ਤਿੰਨ ਭਾਈਆਂ ਦਾ, ਮੌਜ ਕਰਿਓ–

–ਭੰਡਣ ਤੋਂ ਤਾਂ ਲੋਕ ਮੇਰੇ ਸਾਲੇ ਦੇ ਚੰਗੇ ਭਲੇ ਨੀ ਹਟਦੇ–ਫਿਰ ਕੀਹਨੇ ਬਖਸ਼ਣੈ– ਤੂੰ ਰਫਲ ਆਲੀ ਗੱਲ ਕਰ–ਚਰਨਾ ਆਪਣੀ ਥਾਂ ਅੜਿਆ ਖੜ੍ਹਾ ਸੀ।

–ਰਫ਼ਲਾਂ ਬੜੀਆਂ– ਪਿਸਤੌਲ ਤਾਂ ਨਾਜਾਇਜ਼ ਵੀ ਮਿਲਜੂ ਇਕ, ਹੈਗੇ ਐ ਬੰਦੇ ਆਪਣੇ ਕੋਲ–

ਪਰਨਾ ਲਪੇਟਦਾ ਚਰਨਾ ਜੈਲੇ ਦੇ ਸਕੂਟਰ 'ਤੇ ਜਾ ਬੈਠਿਆ ਸੀ । ਮੰਜੇ ਦੀ ਬਾਹੀ 'ਤੇ ਇਕ ਪੈਰ ਟਿਕਾਈ ਤੇ ਹੱਥ 'ਚ ਚਾਹ ਵਾਲੇ ਗਲਾਸ ਫੜੀ ਖੜ੍ਹੀ ਸੰਤੀ ਉਹਨੂੰ ਆਵਾਜ਼ਾਂ ਮਾਰਦੀ ਹੀ ਰਹਿ ਗਈ ਸੀ।

ਇਸ ਤਰ੍ਹਾਂ ਹੀ ਬਿੱਕਰ ਨੇ ਵੀ ਦੁਸਹਿਰੇ ਵਾਲੇ ਦਿਨ ਉਸ ਦੀ ਆਵਾਜ਼ ਦੀ ਪ੍ਰਵਾਹ ਨਹੀਂ ਸੀ ਕੀਤੀ। ਦਸਾਂ ਨਰਾਤਿਆਂ ਦਾ ਮੱਥਾ ਟੇਕ ਕੇ ਥਾਲੀ ਵਿੱਚ ਪਾਏ ਚੌਲ ਹੱਥ 'ਚ ਫੜੀਂ ਉਹ ਆਵਾਜ਼ਾਂ ਮਾਰਦੀ ਹੀ ਰਹਿ ਗਈ ਸੀ। ਬਿੱਕਰ ਦੇਹਲੀ ਲੰਘ, ਬਾਹਰ ਖੜ੍ਹੇ ਮਨਜੀਤ ਦੇ ਸਕੂਟਰ 'ਤੇ ਜਾ ਬੈਠਿਆ ਸੀ।

ਉਹਨਾਂ ਦੀਆਂ ਕਾਸ਼ਣੀ ਪੱਗਾਂ ਤੇ ਉਸੇ ਰੰਗ ਦੀਆਂ ਸ਼ਰਟਾਂ 'ਚ ਗੋਰੇ ਨਿਸ਼ੋਹ ਚਮਕਦੇ ਚਿਹਰੇ ਵੇਖ ਸੰਤੀ ਨੇ ਸੱਤ ਵਾਰ ਧਰਤੀ ਨਿਸ਼ਕਾਰੀ ਸੀ।

ਸ਼ਹਿਰ ਜਾ ਉਹਨਾਂ ਹਰ ਸਾਲ ਵਾਂਗ ਪਹਿਲਾਂ ਪਿਕਚਰ ਵੇਖੀ ਸੀ ਤੇ ਫਿਰ ਠੇਕੇ ਮੂਹਰੇ ਲੱਗੀ ਗਾਉਣ ਵਾਲੀ ਸੁਣਦਿਆਂ ਸੁਣਦਿਆਂ ਆਪਣਾ ਸ਼ਰਾਬ ਦਾ ਕੋਟਾ ਪੂਰ ਕਰਕੇ ਬਿੱਕਰ ਸ਼ਰਾਬੀ ਹੋ ਗਿਆ ਸੀ। ਮਨਜੀਤ ਨੇ ਉਹਨੂੰ ਬਾਹੋਂ ਫੜ ਮਸਾਂ ਤੋਰਿਆ ਸੀ । ਥੋੜ੍ਹੇ ਮੋਟੇ ਫਰਕ ਨਾਲ ਹਰ ਸਾਲ ਇਵੇਂ ਹੁੰਦੀ ਸੀ। ਮਨਜੀਤ ਅੱਧਾ ਮੇਲਾ ਵੇਖਦਾ ਤੇਂ ਅੱਧ 'ਚ ਬਿੱਕਰ ਨੂੰ ਸਾਂਭਦਾ।

ਆਪਣੇ ਪੈਰਾਂ ਤੋਂ ਹਿੱਲਿਆ ਬਿੱਕਰ ਰੋਕਦੇ ਰੋਕਦੇ ਵੀ ਸਕੂਟਰ ਤੇ ਬੋਤਲ ਰੱਖੀਂ ਦਾਰੂ ਪੀਂਦੇ ਦੋ ਮੁੰਡਿਆਂ 'ਚ ਜਾ ਵਜਿਆ ਸੀ।

–ਰਾਹ ਤਾਂ ਐਧਰੋਂ ਦੀ ਜਾਂਦੈ, ਬਾਈ ਜ਼ਿਆਦਾ ਹੋ ਗਿਐ ਲਗਦੈ– ਡਿਗਦੀ ਬੋਤਲ ਬੋਚਦਿਆਂ ਸਕੂਟਰ ਵਾਲੇ ਮੁੰਡੇ ਨੇ ਸਹਿਜ ਭਾਅ ਮਖੌਲ 'ਚ ਕਿਹਾ ਸੀ।

–ਕਿਉਂ ! ਜ਼ਿਆਦਾ ਤੇਰੇ ਪਿਉ ਦੀ ਪੀਕੇ ਹੋਇਆਂ, ਪਲਿਉਂ ਪੈਸੇ ਖਰਚੇ ਐ– ਮੇਰਾ ਸਾਲਾ ਰਾਹ ਦੱਸਦੈ–

ਮਨਜੀਤ ਦੇ ਕੁਝ ਵੀ ਬੋਲਣ ਤੋਂ ਪਹਿਲਾਂ ਬਿੱਕਰ ਉਹਨਾਂ ਦੋਹਾਂ ਨਾਲ ਉਲਝ ਗਿਆ ਸੀ। ਉਹਨਾਂ ਨੂੰ ਸਮਝਾਉਂਦਾ ਮਨਜੀਤ ਬਿੱਕਰ ਨੂੰ ਮਸਾਂ ਹੀ ਉੱਥੋਂ ਤੋਰ ਸਕਿਆ ਸੀ।

ਉਹਦੇ ਗਲ ਵਿਚ ਪਈ ਪੱਗ ਨੂੰ ਠੀਕ ਕਰਨ ਲਈ ਮਨਜੀਤ ਨੇ ਹੱਥ ਵਧਾਇਆ ਹੀ ਸੀ ਕਿ ਬਿੱਕਰ ਉਹਦੇ ਗਲ ਪੈ ਗਿਆ।

–ਤੂੰ ਸਾਲਿਆ ਕੌੜਿਆ ਪਿੱਛੇ ਹਟਦੈਂ ਹੁਣ– ਉਹ ਮੇਰੇ ਸਾਲੇ ਮੇਰੀ ਬੇਇਜ਼ਤੀ ਕਰ ਗਏ–ਮੈਂ ਤਾਂ ਹੁਣੇ ਟੱਕਰੂੰ ਸਾਲਿਆਂ ਨੂੰ।

–ਓ ਕੋਈ ਨੀ, ਆਪਣੀ ਕੀ ਵੱਟ ਵਾਹਲੀ ਉਨ੍ਹਾਂ ਨੇ, ਤੂੰ ਚੱਲ ਐਥੋਂ– ਮਨਜੀਤ ਕਿਵੇਂ ਨਾ ਕਿਵੇਂ

ਉਹਨੂੰ ਪਰੇ ਕਰਨਾ ਚਾਹੁੰਦਾ ਸੀ।

ਡਿਗਦੇ ਢਹਿੰਦੇ ਉਹ ਇਕੱਠ 'ਚੋਂ ਬਾਹਰ ਆਏ ਤਾਂ ਬਿੱਕਰ ਦਾ ਨਸ਼ਾ ਅਜੇ ਵੀ ਗੁੱਸੇ ਵਿਚ ਉੱਬਲ ਰਿਹਾ ਸੀ। ਕਿੰਨੀ ਹੀ ਦੇਰ ਉਹ ਫੜ ਫੜ ਰੱਖਦੇ ਮਨਜੀਤ ਨੂੰ ਤੋੜ ਤੋੜ ਸੁੱਟਦਾ ਤੇ ਮਨਜੀਤ ਉਹਨੂੰ ਤੋੜ ਤੋੜ ਸੁੱਟਦੇ ਨੂੰ ਫੜਦਾ ਰਿਹਾ ਸੀ। ਸ਼ਰਾਬੀ ਹੋਇਆ ਬਿੱਕਰ ਕਿੰਨੀਆਂ ਹੀ ਗਾਲ੍ਹਾਂ ਕੌੜਿਆਂ ਦੇ ਖਾਨਦਾਨ ਨੂੰ ਵੀ ਕੱਢਦਾ ਰਿਹਾ ਸੀ। ਆਲੇ ਦੁਆਲੇ ਹੋ ਰਹੇ ਇਕੱਠ ਨੇ ਮਨਜੀਤ ਦੀ ਖਿਝ ਨੂੰ ਜ਼ਰਬ ਦੇ ਦਿੱਤੀ ਸੀ।

-ਚਲ ਮਾਰ ਜੀਹਦੇ 'ਚ ਟੱਕਰ ਮਾਰਨੀ ਐ- ਵੀਹ ਵਾਰ ਕਿਹੈ ਬਈ ਘੱਟ ਮਰ ਲਿਆ ਕਰ-ਖਿਝ ਕੇ ਮਨਜੀਤ ਨੇ ਪੋਲਾ ਜਿਹਾ ਧੱਕਾ ਬਿੱਕਰ ਨੂੰ ਦੇ ਦਿੱਤਾ ਸੀ।

ਪਹਿਲਾਂ ਹੀ ਪੈਰੋਂ ਉਖੜਿਆ ਹੋਇਆ ਬਿੱਕਰ ਸੰਭਲ ਨਹੀਂ ਸੀ ਸਕਿਆ। ਉਸ ਦਾ ਛੇ ਫੁੱਟਾ ਕਸਰਤੀ ਸਰੀਰ, ਦੂਰ ਤਕ ਲਹਿਰਾ ਕੇ ਸੜਕ ਕਿਨਾਰੇ ਖੜ੍ਹੇ ਸਾਈਕਲਾਂ 'ਤੇ ਜਾ ਡਿਗਿਆ ਸੀ।

ਵਾਤਾਵਰਣ ਵਿਚ ਗੂੰਜੀ ਰੂਹ-ਕੰਬਾਊ ਚੀਕ ਨੇ, ਡਿੱਗੇ ਬਿੱਕਰ ਵੱਲ ਵਧਦੇ ਮਨਜੀਤ ਦੇ ਕਦਮ ਕੰਬਾ ਦਿਤੇ ਸਨ।

ਉਹਨਾਂ ਦੇ ਆਲੇ ਦੁਆਲੇ ਆਵਾਜ਼ਾ ਦਾ ਸ਼ੋਰ ਉੱਚਾ ਉਠਿਆ। ਪਰ ਮਨਜੀਤ ਦੇ ਅੰਦਰ ਜਿਵੇਂ ਦੂਰ ਤਕ ਇਕ ਖਾਮੋਸ਼ੀ ਪਸਰ ਗਈ ਸੀ। ਬਿੱਕਰ ਦਾ ਸਿਰ ਚੁੱਕਣ ਲਗੇ ਮਨਜੀਤ ਦੇ ਹੱਥਾਂ ਦੇ ਨਾਲ ਹੀ, ਹੇਠ ਪਿਆ ਸਾਈਕਲ ਵੀ ਉੱਚਾ ਉਠਿਆ ਸੀ। ਸਾਈਕਲ ਦੇ ਪੈਡਲ ਦੀ ਟੁੱਟੀ ਹੋਈ ਕੀਲੀ ਬਿੱਕਰ ਦੀ ਪੁੜਪੁੜੀ ਵਿਚ ਡੂੰਘੀ ਜਾ ਧਸੀ ਸੀ।

ਡੌਰ-ਭੌਰ ਹੋਏ, ਬਿੱਕਰ ਨੂੰ ਸਾਂਭਣ ਦਾ ਯਤਨ ਕਰਦੇ ਮਨਜੀਤ ਨੂੰ ਦੋ ਬੰਦਿਆਂ ਨੇ ਥੰਮ੍ਹਿਆ ਸੀ। ਬਿੱਕਰ ਦੇ ਬੇ-ਜਾਨ ਸਿਰ 'ਚੋਂ ਕੀਲੀ ਵੀ ਪੁਲਸ ਨੇ ਹੀ ਆ ਕੇ ਕੱਢੀ ਸੀ।

ਬਿੱਕਰ ਦੀ ਦੇਹ ਨੂੰ ਸਿਵਲ ਹਸਪਤਾਲ ਅਤੇ ਮਨਜੀਤ ਨੂੰ ਥਾਣੇ ਪਹੁੰਚਾ ਦਿੱਤਾ ਗਿਆ ਸੀ।

ਐਨ ਉਦੋਂ, ਜਦੋਂ ਤ੍ਰੇਲੀਓ ਤ੍ਰੇਲੀ ਹੋਏ ਮਨਜੀਤ ਦੇ ਬਿਆਨ ਲਏ ਜਾ ਰਹੇ ਸਨ, ਥਾਣਿਓਂ ਸੁਨੇਹਾ ਲੈ ਕੇ ਗਿਆ ਸਿਪਾਹੀ ਲੰਬੜਦਾਰ ਦੇ ਦਰਾਂ 'ਤੇ ਦਸਤਕ ਦੇ ਰਿਹਾ ਸੀ।

ਖੀਰ ਧਰਨ ਲਈ ਚੌਲ ਚੁਗਦੀ ਸੰਤੀ ਦੀ ਰੱਖੀ ਥਾਲੀ ਫੇਰ ਥਾਏਂ ਹੀ ਪਈ ਰਹਿ ਗਈ ਸੀ।

ਲੰਬੜਦਾਰ ਅਤੇ ਕੌੜੇ ਇਕੱਠੇ ਹੀ ਪਿੰਡੋਂ ਤੁਰੇ ਸਨ। ਪਰ ਸ਼ਹਿਰ ਵੜਦਿਆਂ ਹੀ ਉਹਨਾਂ ਦੇ ਰਾਹ ਪਾਟ ਗਏ ਸਨ। ਲੰਬੜਦਾਰ ਹੋਰੀਂ ਹਸਪਤਾਲ ਅਤੇ ਕੌੜਿਆਂ ਦਾ ਲਾਣਾ ਥਾਣੇ ਦੇ ਰਾਹ ਪੈ ਗਿਆ ਸੀ।

-ਮੌਕੇ ਤੋਂ ਕੀਤੀ ਪੁੱਛ-ਗਿੱਛ ਅਤੇ ਹਾਲਾਤ ਮਨਜੀਤ ਦੇ ਬਿਆਨ ਦੀ ਤਸਦੀਕ ਕਰਦੇ ਸਨ। ਇਸੇ ਲਈ ਥਾਣੇਦਾਰ ਨਰਮਾਈ ਨਾਲ ਬੋਲਿਆ ਸੀ-

-ਕਸੂਰ ਤਾਂ ਨੀ ਥੋਡੇ ਮੁੰਡੇ ਦਾ ਲਗਦਾ। ਪਰ ਫੇਰ ਵੀ ਮੌਤ ਮੇਲੇ 'ਚ ਹੋਈ ਐ, ਕਾਗ਼ਜ਼ਾਂ ਦਾ ਢਿੱਡ ਤਾਂ ਭਰਨਾ ਈ ਪਊ। ਤੁਸੀਂ ਸਰਦਾਰ ਜੀ, ਦੂਜੇ ਮੁੰਡੇ ਦੀ ਮਿੱਟੀ ਕਿਉਂਟ ਕੇ ਆ ਜਿਓ-

ਥਾਣੇਦਾਰ ਨੂੰ ਉਹਨਾਂ ਦੀ ਆਪਸੀ ਖਹਿਬਾਜ਼ੀ ਦਾ ਭੇਤ ਨਹੀਂ ਸੀ। ਪਰ ਫੇਰ ਵੀ ਥਾਣੇ ਤੋਂ ਬਾਹਰ ਤਕ ਉਹਨਾਂ ਦੇ ਨਾਲ ਆਇਆ ਸਿਪਾਹੀ ਹੌਲੀ ਦੇ ਕੇ ਕਹਿ ਗਿਆ ਸੀ:

–ਥਾਣੇਦਾਰ ਊਂ ਤਾਂ ਚੰਗਾਂ ਬੰਦੈ–ਪਰ ਤੁਸੀਂ ਸਿਆਣੇ ਓਂ–ਟੋਭੇ 'ਚ ਇੱਟ ਐ– ਸੁੱਕੀ ਤਾਂ ਨਿਕਲਨੀ ਨੀ–

ਇਸ ਤਰ੍ਹਾਂ ਟੋਭੇ 'ਚ ਡਿੱਗੀ ਇੱਟ ਉਵੇਂ ਛੱਡਕੇ, ਦੋਵੇਂ ਧਿਰਾਂ ਫਿਰ ਹਸਪਤਾਲ ਵਿਚ ਇੱਕਠੀਆ ਹੋ ਗਈਆਂ ਸਨ। ਪੋਸਟ–ਮਾਰਟਮ ਤੋਂ ਬਾਅਦ ਲਾਸ਼ ਮਿਲਦੇ ਕਰਦੇ ਨ੍ਹੇਰਾ ਹੋ ਗਿਆ ਸੀ। ਉਸ ਰਾਤ ਪਹਿਲੀ ਵਾਰ ਮਨਜੀਤ ਤੋ ਬਿਨਾਂ ਕੌੜਿਆਂ ਦਾ ਕੋਈ ਜੀਅ, ਮਨਜੀਤ ਦਾ ਬਾਪੂ, ਲੰਬੜਦਾਰ ਦੇ ਘਰ ਰਾਤ ਭਰ ਰਿਹਾ ਸੀ। ਬਿੱਕਰ ਦੀ ਲਾਸ਼ ਦੇ ਸਿਰਹਾਣੇ।

ਥਾਣੇਦਾਰ ਨੇ ਮਨਜੀਤ ਦੇ ਬਿਆਨ 'ਤੇ ਇਤਬਾਰ ਕਰ ਲਿਆ ਸੀ, ਪਰ ਲੋਕਾਂ ਲਈ ਗੱਲ ਐਨੀ ਛੋਟੀ ਨਹੀਂ ਸੀ।

–ਕਮਲਿਆ ਬੰਦਾ ਕਿਤੇ ਮਿੱਟੀ ਦਾ ਬਣਿਆ ਹੁੰਦੈ ਬਈ ਕੀਲੀ ਨਾਲੇ ਮਰਜੂ–ਗੋਰੇ ਖੂਹ ਦੀ ਸੱਥ 'ਚ ਭਾਗ ਨੇ ਸ਼ੱਕ ਦਾ ਬੀਜ ਬੀਜਿਆ ਸੀ।

–ਗੱਲ ਐ ਨਾ ਵੀਰਾ–ਰੌਣੀ ਜਰਦੇ 'ਚ ਕਲੀ ਦੀ ਚੂੰਢੀ ਮਿਲਾਉਂਦਿਆਂ ਬੋਲਿਆ ਸੀ–

–ਨਾਲੇ ਬਿੱਕਰ ਤਾਂ ਚਹੁੰ ਬੰਦਿਆ ਦਾ ਕੁੱਟਿਆ ਨੀ ਤੀ ਮਰਦਾ–

–ਮੈਨੂੰ ਤਾਂ ਸਬੱਬੇ ਕੋਈ ਹੋਰ ਲਗਦੈ ਬਈ– ਮੱਘਰ ਨੇ ਬੋਲਣ ਲੱਗੇ ਉਠਿਆ ਰਲੇ ਬੁੜ੍ਹੇ ਦਾ ਹੱਥ ਥਾਏਂ ਫੜਦਿਆ ਕਿਹਾ ਸੀ।

–ਓ ਸਬੱਬ ਹੋਰ ਕੀ ਹੋਣੈ–ਬੈਠਾ ਨੀ ਸੰਤੋਖਾ ਕੌੜਾ–ਆਪਣਾ ਬਦਲਾ ਲੈਣ ਨੂੰ ਪੋਤਾ ਸ਼ਿੰਗਾਰ ਲਿਆ–

–ਭਾਗ ਦੇ ਬੋਲ ਇੱਟ ਵਾਂਗ ਗੋਰੇ ਖੂਹ ਦੇ ਪਾਣੀ 'ਚ ਡਿਗੇ ਸਨ। ਪਾਣੀ ਦੀ ਛੱਲ ਨਾਲ, ਕੌੜਿਆਂ ਤੇ ਲੰਬੜਾ ਦੀ ਵੀਹ ਸਾਲ ਪੁਰਾਣੀ ਦੁਸ਼ਮਣੀ ਦੀ ਗੱਲ ਸੱਥ 'ਚ ਵਹਿ ਤੁਰੀ ਸੀ।

ਦੋ ਦਹਾਕੇ ਪਹਿਲਾਂ, ਬਚਨ ਸਿਉਂ ਦੀ ਗਵਾਹੀ ਸੰਤੋਖੇ ਕੌੜੇ ਲਈ ਸੱਤ ਸਾਲ ਦੀ ਸਜ਼ਾ ਬਣ ਗਈ ਸੀ। ਇਹ ਗਵਾਹੀ ਹੀ ਸੀ ਜੋ ਦੋਵਾਂ ਲਾਣਿਆਂ ਦੇ ਪਿੰਡੇ 'ਤੇ ਦੁਸ਼ਮਣੀ ਵਰਗਾ ਕੋੜ੍ਹ ਬਣ ਕੇ ਬੈਠ ਗਈ ਸੀ। ਸਜ਼ਾ ਕੱਟ ਕੇ ਆਇਆ ਸੰਤੋਖਾ ਬਦਲੇ ਦੀ ਤਾੜ 'ਚ ਰਹਿੰਦਾ ਸੀ– ਲੋਕ ਕਹਿੰਦੇ ਸਨ।

–ਜੱਟ ਤੇ ਝੋਟੇ ਦਾ ਖੋਰ ਬੁਰਾ ਹੁੰਦਾ ਬਚਨ ਸਿਆਂ–ਬਿੱਕਰ ਦੇ ਸੱਥਰ 'ਤੇ ਬੈਠੇ ਬਚਨ ਸਿਉਂ ਦੇ ਭਣੋਈਏ ਨੇ ਕਿਹਾ ਸੀ।

ਭਣੋਈਏ ਦਾ ਇਹ ਵਿਚਾਰ, ਉਹਦੇ ਅੰਦਰ ਘਰ ਕਰੀ ਬੈਠੀ ਸ਼ੱਕ, ਅਤੇ ਉਸ ਤਕ ਪਹੁੰਚੀ ਪਿੰਡ ਵਿਚ ਹੁੰਦੀ ਚਰਚਾ, ਥਾਣੇ 'ਚ ਮਨਜੀਤ ਦੀ ਰਿਹਾਈ ਲਈ ਉਸਦੀ ਨਾਂਹ ਬਣ ਗਈ ਸੀ।

ਲੰਬੜਦਾਰ ਦੀ ਜੇਬ 'ਚ ਖੜਕਦੇ ਨੋਟਾਂ ਨੇ ਥਾਣੇਦਾਰ ਦੀ ਬੋਲੀ ਹੀ ਬਦਲ ਦਿੱਤੀ ਸੀ।

–ਹੱਥੋਪਾਈ ਹੁੰਦੇ ਤਾਂ ਉਹ ਅੱਧੇ ਮੇਲੇ ਨੇ ਵੇਖੇ ਨੇ। ਨਾਲੇ ਕਤਲ ਦਾ ਕਾਰਨ ਵੀ ਸਾਫ ਪਿਐ–

ਸਰਪੰਚ ਨੂੰ ਨਾਲ ਲੈ ਕੇ ਟੋਭੇ 'ਚੋਂ ਇੱਟ ਕੱਢਣ ਗਏ ਕੌੜਿਆਂ ਦਾ ਹੱਥ ਵੀ ਉਹਨੇ ਇੱਟ ਦੇ ਹੇਠ

ਹੀ ਦੱਬ ਦਿੱਤਾ ਸੀ। ਮਨਜੀਤ ਨਾਲ ਮਿਲਣਾ ਤਾਂ ਇਕ ਪਾਸੇ, ਉਹਨਾਂ ਨੂੰ ਮਨਜੀਤ ਦਿਖਾਇਆ ਵੀ ਨਹੀਂ ਸੀ।

–ਹਾਲੇ ਮੈਂ ਆਪ ਟੈਸਟ ਕਰਨੈ ਮੁੰਡਾ। ਜੇ ਨਾ ਕੋਈ ਗੱਲ ਹੋਈ ਤਾਂ ਆਪੇ ਛੁੱਟ ਜੂ। ਐਥੋਂ ਨੀ ਛੁੱਟੂ ਅਦਾਲਤ ਛੱਡ ਦੂ–

ਉਹਨੇ ਕੌੜਿਆਂ ਨੂੰ ਕਚਹਿਰੀ ਦੇ ਰਾਹ ਪਾ ਦਿੱਤਾ ਸੀ। ਪਰ ਪੁਲਸ ਵੱਲੋਂ ਖੜ੍ਹੇ ਕੀਤੇ ਮੌਕੇ ਦੇ ਦੋ ਗਵਾਹਾਂ ਨੇ ਮਨਜੀਤ ਦੀ ਜ਼ਮਾਨਤ ਤਕ ਨਹੀਂ ਸੀ ਹੋਣ ਦਿੱਤੀ।

ਕੌੜਿਆਂ ਦਾ ਵਕੀਲ ਵੱਖ ਖਿਝਿਆ ਪਿਆ ਸੀ। ਜ਼ਮਾਨਤ ਦੀ ਤਾਂ ਗੱਲ ਹੀ ਕੀ ਸੀ, ਜੇ ਮਨਜੀਤ ਉਹਦੇ ਅਨੁਸਾਰ ਬਿਆਨ ਦੇ ਦਿੰਦਾ ਤਾਂ ਉਹ ਹਿੱਕ ਥਾਪੜ ਕੇ ਰਿਹਾਈ ਦਾ ਦਾਅਵਾ ਕਰਦਾ ਸੀ। ਵਕੀਲ ਦੇ ਹਰ ਸਵਾਲ ਦੇ ਜਵਾਬ ਵਿਚ, ਮਨਜੀਤ ਨੇ ਇਕੋ ਗੱਲ ਕਹੀ ਸੀ–

–ਗਵਾਹ ਝੂਠੇ ਨੇ– ਕੇਸ ਝੂਠੈ, ਫਿਰ ਮੈਂ ਕਿਉਂ ਝੂਠ ਬੋਲਾਂ–ਅਦਾਲਤ ਨੂੰ ਵੀ ਉਹਨੇ, ਬਿਆਨ ਤੋ ਬਿਨਾਂ ਸਿਰਫ ਇਕ ਵਾਰ ਆਪਣੀ ਸਫਾਈ ਵਿਚ ਦਲੀਲ ਦਿੱਤੀ ਸੀ–

–ਕੋਈ ਆਪਣਾ ਕਤਲ ਆਪ ਨਹੀਂ ਕਰਦਾ ਜਨਾਬ–ਬਿੱਕਰ ਤੇ ਮੈਂ ਦੋ ਨਹੀਂ ਸਾਂ–

ਵਿਰੋਧੀ ਵਕੀਲ, ਲੱਖ ਵਲ ਫੇਰ ਪਾ ਕੇ ਪੁੱਛੇ ਗਏ ਸਵਾਲਾਂ ਨਾਲ ਵੀ ਉਹਨੂੰ ਚੱਕਰ ਵਿਚ ਨਹੀਂ ਪਾ ਸਕੇ ਸਨ।

ਮੁਲਾਕਾਤ ਲਈ ਆਇਆ ਘਰ ਦਾ ਕੋਈ ਵੀ ਜੀਅ ਬੱਸ ਆਪਣੀ ਨੱਠ–ਭੱਜ ਦੀ ਗੱਲ ਕਰਦਾ ਤਾਂ ਮਨਜੀਤ ਸਿਰਫ਼ ਬਿੱਕਰ ਦੀ ਮਾਂ, ਸੰਤੀ ਤਾਈ ਦੀ ਗੱਲ ਪੁੱਛਦਾ। ਉਹਦਾ ਜੀਅ ਕਰਦਾ ਕਿ ਉਹ ਉਹਦੀ ਮੁਲਾਕਾਤ ਨੂੰ ਆਵੇ, ਸੱਚ ਜਾਣੇ ਤੇ ਮਨਜੀਤ ਨੂੰ ਉਹ ਮੋਢਾ ਦੇਵੇ ਜਿਸ ’ਤੇ ਸਿਰ ਰੱਖ ਉਹ ਅੰਦਰ ਡੱਕਿਆ, ਬਿੱਕਰ ਦੀ ਮੌਤ ਦਾ ਦੁੱਖ ਉਲੱਦ ਦੇਵੇ। ਇਕੱਲੇ ਬਹਿ ਕੇ ਰੋਇਆ ਤਾਂ ਜਾ ਸਕਦਾ ਸੀ, ਪਰ ਹੌਲਾ ਹੋਣਾ ਹੋਰ ਹੁੰਦੈ।

ਰੋਣ ਤਾਂ ਚੱਜ ਨਾਲ ਕਿਸੇ ਨੇ ਸੰਤੀ ਨੂੰ ਵੀ ਨੀ ਸੀ ਦਿੱਤਾ। ਮਕਾਣ ਆਏ ਲੋਕ ਵੀ, ਬਿੱਕਰ ਦੀ ਮੌਤ ਦੀ ਘੱਟ, ਮੁਕੱਦਮੇ ਦੀ ਗੱਲ ਜ਼ਿਆਦਾ ਕਰਦੇ ਸਨ। ਘਰ ਵਿਚ ਸੋਗ ਦੀ ਥਾਂ ਨੱਸ–ਭੱਜ ਜ਼ਿਆਦਾ ਸੀ। ਭੋਗ ਤੋਂ ਬਾਅਦ ਤਾਂ ਬਿੱਕਰ ਦੀ ਮੌਤ ਜਿਵੇਂ ਮੁਕੱਦਮੇ ਦੇ ਦਾਅ–ਪੇਚਾਂ ਵਿਚ ਹੀ ਗੁਆਚ ਗਈ ਸੀ।

ਉਹਨੂੰ ਲਗਦਾ ਸੀ ਮਨਜੀਤ ਨਿਰਦੋਸ਼ ਐ। ਖਾਸ ਤੌਰ ’ਤੇ ਜਦੋਂ ਦੀ ਕੰਮ ਕਰਨ ਆਈ ਮਹਿਰੀ ਨੇ ਉਹਨੂੰ ਮਨਜੀਤ ਦੀ ਇਹ ਗੱਲ ਦੱਸੀ ਸੀ, ਕਿ ਉਹ ਤਰੀਕ ’ਤੇ ਉਹਦੀ ਖ਼ਬਰ ਪੁਛਦੈ, ਉਹਨੂੰ ਯਕੀਨ ਹੋ ਗਿਆ ਸੀ।

ਤਾਂ ਹੀ ਤਾਂ ਜਿਸ ਖਬਰ ਨੂੰ ਸਾਰੇ ਪਰਿਵਾਰ ਨੇ ਬਹੁਤ ਸੋਗ ਨਾਲ ਵਿਚਾਰਿਆ ਸੀ, ਉਹਨੇ ਸੰਤੀ ਨੂੰ ਅੰਦਰੋਂ ਕਿਤੇ ਤਸਕੀਨ ਦਿੱਤੀ ਸੀ।

ਖ਼ਬਰ ਸੀ ਵੀ ਇਕ ਦਮ ਅਚੰਭੇ ’ਚ ਪਾਉਣ ਵਾਲੀ।

ਉਦੋਂ ਜਦੋਂ ਮਨਜੀਤ ਦੀ ਸਜ਼ਾ ਯਕੀਨੀ ਲਗਦੀ ਸੀ, ਕੌੜਿਆਂ ਦੇ ਵਕੀਲ ਨੇ ਦੋਹਾਂ ਗਵਾਹਾਂ ਨੂੰ ਜੜੋਂ ਹਿਲਾ ਲਿਆ ਸੀ। ਦੁਸਹਿਰੇ ਵਾਲੇ ਦਿਨ, ਇਕ ਵਿਆਹ ਵਿਚ ਵਾਰਨੇ ਪਾਉਂਦੇ ਚਸ਼ਮਦੀਦ ਗਵਾਹ

ਦੀ ਤਸਵੀਰ ਨੇ ਮੁਕੱਦਮੇ ਦਾ ਰੁਖ ਪਲਟ ਦਿੱਤਾ ਸੀ। ਦੂਜੇ ਗਵਾਹ ਦੀ ਦੋ ਹੋਰ ਮੁਕੱਦਮਿਆਂ ਵਿਚ ਸਾਬਤ ਹੋ ਚੁੱਕੀ ਝੂਠੀ ਗਵਾਹੀ ਦੀ ਨਕਲ, ਪਹਿਲੇ ਦੀ ਤਸਵੀਰ ਨਾਲ ਨੱਥੀ ਕਰ ਦਿੱਤੀ ਗਈ ਸੀ।

ਮਨਜੀਤ ਦਾ ਬਰੀ ਹੋਣਾ ਯਕੀਨੀ ਹੋ ਗਿਆ ਸੀ। ਇਹੀ ਉਹ ਯਕੀਨ ਸੀ ਜਿਸਨੇ, ਲੰਬੜਦਾਰਾਂ ਦੀ ਰੁਚੀ ਮੁਕੱਦਮੇ 'ਚੋਂ ਖਤਮ ਕਰ ਦਿੱਤੀ ਸੀ।

ਚਰਨਾ ਤੇ ਜੈਲਾ ਤਾਂ ਕਚਹਿਰੀ ਗਏ ਹੀ ਨਹੀਂ ਸਨ। ਤੇ ਲੰਬੜਦਾਰ ਬਚਨ ਸਿਉਂ ਵੀ, ਫੈਂਸਲਾ ਸੁਣਨ ਨਹੀਂ ਸਗੋਂ ਕਤਲ ਤੋਂ ਬਾਅਦ ਫਰਾਰ ਹੋਣ ਲਈ ਵਰਤੀ ਜਾਣ ਵਾਲੀ ਕਾਰ ਦਾ ਪ੍ਰਬੰਧ ਕਰਨ ਗਿਆ ਸੀ। ਥਾਣੇਦਾਰ ਤੇ ਵਕੀਲ ਨਾਲ ਰਾਤੋ-ਰਾਤ ਗੰਢ-ਤੁੱਪ ਕਰ ਲਈ ਗਈ ਸੀ। ਕਤਲ ਦੇ ਸਮੇਂ, ਚਰਨੇ ਤੇ ਜੈਲੇ ਦੀ ਹਾਜ਼ਰੀ ਦੀ ਗਵਾਹੀ ਵਕੀਲ ਨੇ ਆਪਣੇ ਘਰ ਹੋਣ ਦੀ ਦੇਣੀ ਸੀ। ਕਤਲ ਤੋਂ ਬਾਅਦ ਉਨ੍ਹਾਂ ਸਿੱਧੇ ਉੱਥੇ ਹੀ ਪਹੁੰਚਣਾ ਸੀ।

ਗੋਲੀ ਚਰਨੇ ਨੇ ਚਲਾਉਣੀ ਸੀ ਪਰ ਉਹਦੇ ਹੱਥ ਹੁਣੇ ਕੰਬੀ ਜਾਂਦੇ ਸਨ- ਤੇ ਬੋਲਣ ਲਗੇ ਉਹਦੀ ਆਵਾਜ਼ ਦੀ ਘਬਰਾਹਟ ਵੀ ਸਾਫ਼ ਝਲਕਦੀ ਸੀ।

– ਬਾਪੂ ਆਇਆ ਈ ਨੀ, ਐਨਾ ਟੈਮ ਲਾਉਣ ਆਲੀ ਤਾਂ ਗੱਲ ਨੀ ਤੀ –

– ਮਾਮਾ, ਵੀ ਆ ਜੂ- ਪਰ ਤੇਰੇ ਹੱਥ ਕਾਹਤੋਂ ਕੰਬੀ ਜਾਂਦੇ ਐ – ਜੈਲੇ ਨੇ ਪੁੱਲ – ਥਰੂ ਬਾਰਾਂ ਬੋਰ 'ਚੋਂ ਖਿਚਦਿਆਂ ਕਿਹਾ ਸੀ।

– ਨਹੀਂ ਐ ਤਾਂ ਕੈਮ ਐਂ – ਬੱਸ ਜੱਦੀ ਬਿੱਕਰ ਬਾਈ ਦੀ ਮੌਤ ਹੋਈ ਐ ਨਾ, ਸਰੀਰ ਊਏਂ ਢੇਰੀ ਜਿਹਾ ਹੋਇਆ ਰਹਿੰਦੈ –

– ਤੂੰ ਘੁੱਟ ਲਾ ਪਹਿਲਾਂ ਇੱਕ- ਜੈਲੇ ਨੇ ਰੂੜੀ ਮਾਰਕਾ ਦੀ ਬੋਤਲ ਨੂੰ ਹਿਲਾਉਂਦਿਆਂ ਢਲਦੇ ਸੂਰਜ ਵੱਲ ਵੇਖਦਿਆਂ ਕਿਹਾ ਸੀ – ਨਾਲੇ ਮਾਮਾ ਵੀ ਆਉਣ ਆਲਾ ਈ ਹੋਊ – ਫੈਸਲਾ ਤਾਂ ਕਦੋਂ ਦਾ ਸੁਣਾਤਾ ਹੋਣੈ-

ਰਾਈਫਲ ਕੀਲੇ ਟੰਗ, ਚਰਨੇ ਨੇ ਸ਼ਰਾਬ ਵਾਲਾ ਗਲਾਸ ਫੜਿਆ ਤਾਂ ਓਟੇ ਨਾਲ ਢੋ ਲਾਈ ਖੜ੍ਹੀ ਸੰਤੀ ਦਾ ਜੀਅ ਕੀਤਾ ਉਹ ਚਰਨੇ ਦੇ ਹੱਥ ਫੜ ਲਵੇ – ਉਹਦੀ ਮਿੰਨਤ ਕਰੇ –

ਪਰ ਹੁਣ ਤਕ ਕਿਹੜਾ ਉਹਨੇ ਥੋੜ੍ਹੀਆਂ ਮਿੰਨਤਾ ਕੀਤੀਆਂ ਸਨ। ਉਹਦੀ ਕਿਸੇ ਨਹੀਂ ਸੀ ਸੁਣੀ। ਉਹ ਸਭ ਕਾਸੇ ਦੀ ਦਰਸ਼ਕ ਬਣ ਕੇ ਰਹਿ ਗਈ ਸੀ –

– ਬਾਈ ਉਡਾ ਤੋਤੇ ਦਿਊਂ ਮੇਰੇ ਸਾਲੇ ਦੇ – ਚਰਨੇ ਨੇ ਗਲਾਸ ਰੱਖਦਿਆਂ, ਪੁੱਠੇ ਹੱਥ ਨਾਲ ਮੂੰਹ ਪੂੰਝਦਿਆਂ ਬੜ੍ਹਕ ਮਾਰੀ ਸੀ। ਪਰ ਬਾਹਰ ਆ ਕੇ ਰੁਕੀ ਕਾਰ ਦੀ ਆਵਾਜ਼ ਨੇ, ਸੱਚਮੁੱਚ ਹੀ ਵਿਹੜੇ 'ਚ ਖੜ੍ਹੀ ਨਿੰਮ ਤੋਂ ਤੋਤੇ ਉਡਾ ਦਿੱਤੇ ਸਨ-

– ਲੈ ਆ ਗਿਆ ਮਾਮਾ ਵੀ – ਜੈਲੇ ਦੀ ਉਤਸ਼ਾਹ ਭਰੀ ਆਵਾਜ਼ ਦੇ ਨਾਲ ਹੀ ਤਿੰਨ ਜੋੜੀ ਅੱਖਾਂ ਇਕ ਦਮ ਹੌਲੀ ਹੌਲੀ ਖੁਲ੍ਹ ਰਹੀ ਗੇਟ ਦੀ ਖਿੜਕੀ ਵੱਲ ਉਠ ਗਈਆਂ ਸਨ।

ਪਰ ਖੁਲ੍ਹੀ ਖਿੜਕੀ 'ਚੋਂ ਬਚਨ ਸਿੰਘ ਦੀ ਦੁਖੱਲੀ ਜੁੱਤੀ ਨਹੀਂ, ਕੋਈ ਕੱਢਵੀਂ ਜੁੱਤੀ ਦਾ ਜੋੜਾ

BSER

ਅੰਦਰ ਆਇਆ ਸੀ।

ਸਰੀਰ ਦਾ ਬੋਝ ਮਸਾਂ ਚੁੱਕੀ ਲਈ ਜਾਂਦੀਆਂ ਲੱਤਾਂ ਓਟੇ ਕੋਲ ਖੜ੍ਹੀ ਸੰਤੀ ਵੱਲ ਵਧ ਗਈਆਂ ਸਨ। ਮਨਜੀਤ ਨੂੰ ਸਾਹਮਣੇ ਦੇਖ ਕੇ ਜੈਲੇ ਦੇ ਮੂੰਹ ਨੂੰ ਲਾਇਆ ਪੈੱਗ ਛਲਕ ਗਿਆ ਸੀ। ਪਰ ਉਹਨਾਂ ਦੇ ਕੁਝ ਵੀ ਸਮਝਣ ਤੋਂ ਪਹਿਲਾਂ, ਇਕ ਦੂਜੇ ਨੂੰ ਜੱਫੀ ਵਿੱਚ ਘੁੱਟੀ ਖੜ੍ਹੇ ਮਨਜੀਤ ਅਤੇ ਸੰਤੀ ਦੀਆਂ ਚੀਕਾਂ ਨੇ ਅੰਬਰ ਦੀ ਰੂਹ ਕੰਬਾ ਦਿਤੀ ਸੀ -

ਰਾਈਫਲ ਦੇ ਵੱਟ ਨੂੰ ਹੱਥ ਪਾਈ ਖੜ੍ਹੇ ਚਰਨੇ ਦਾ ਅੰਦਰ ਕੰਬਿਆ। ਉਸ ਦੇ ਅੰਦਰ ਜਿਵੇਂ ਕੁਝ ਨਿੱਸਲ ਹੁੰਦਾ ਚਲਿਆ ਗਿਆ। ਉਹਨੂੰ ਲੱਗਿਆ, ਸੰਤੀ ਦੀਆਂ ਬਾਹਾਂ ਦੇ ਮੋਹ-ਪਾਸ਼ 'ਚ ਵਲਿਆ ਮਨਜੀਤ ਉਹਨਾਂ ਦੇ ਕੀਲੀਆਂ-ਟੰਗੇ ਹਥਿਆਰਾਂ ਦੀ ਪਹੁੰਚ ਤੋਂ ਉਪਰ ਉਠ ਰਿਹਾ ਸੀ, ਉਠਦਾ ਜਾ ਰਿਹਾ ਸੀ - ਉਠਦਾ ਜਾ ਰਿਹਾ ਸੀ -

********

## ਅਭਿਆਸ-ਪ੍ਰਸ਼ਨ

1. ਭਾਗ ਤੇ ਰੌਣੀ ਕਿਹੋ ਜਿਹੇ ਸੁਭਾਅ ਦੇ ਮਨੁੱਖ ਸਨ ?
2. ਮੇਲੇ ਵਿੱਚ ਬਿੱਕਰ ਦੀ ਮੌਤ ਕਿਵੇਂ ਹੋਈ ਸੀ ?
3. ਦੀਪੇ ਦੀ ਰੇਡ ਸਮੇਂ ਬਿੱਕਰ ਅਤੇ ਉਸ ਵਿੱਚ ਹੋਏ ਘੋਲ ਦਾ ਵਰਣਨ ਕਰੋ ਅਤੇ ਇਹ ਵੀ ਦਸੋ ਕਿ ਜਿੱਤ ਕਿਸ ਦੀ ਹੋਈ ?
4. ਜਦੋਂ ਕਬੱਡੀ ਵਿੱਚ ਜਿੱਤੀ ਸ਼ੀਲਡ ਮਨਜੀਤ ਬਿੱਕਰ ਦੇ ਘਰ ਦੇਣ ਗਿਆ ਤਾਂ ਉਸ ਨਾਲ ਕਿਹੋ ਜਿਹਾ ਸਲੂਕ ਕੀਤਾ ਗਿਆ ?
5. ਮੋਹ-ਪਾਸ਼ ਕਹਾਣੀ ਦੀ ਪਾਤਰ 'ਬੇਬੇ ਸੰਤੀ' ਦੀ ਪਾਤਰ ਉਸਾਰੀ ਆਪਣੇ ਸ਼ਬਦਾਂ ਵਿੱਚ ਕਰੋ।
6. 'ਖੇਡਾਂ ਆਪਸੀ ਦੁਸ਼ਮਣੀ ਮਿਟਾ ਸਕਦੀਆਂ ਹਨ।' ਕਹਾਣੀ ਦੇ ਆਧਾਰ ਤੇ ਦਲੀਲਾਂ ਦੇ ਕੇ ਸਪੱਸ਼ਟ ਕਰੋ।
7. ਮੋਹ-ਪਾਸ਼ ਕਹਾਣੀ ਸਾਨੂੰ ਕੀ ਸੁਨੇਹਾ ਦਿੰਦੀ ਹੈ ?

BSER

# ਗੁਰਮੀਤ ਕੜਿਆਲਵੀ

ਅਜੋਕੀ ਪੰਜਾਬੀ ਕਹਾਣੀ ਵਿੱਚ ਗੁਰਮੀਤ ਕੜਿਆਲਵੀ ਚਰਚਿਤ ਨਾਂ ਹੈ। ਉਸ ਦੀਆਂ ਕਹਾਣੀਆਂ ਹਾਸ਼ੀਆਗਤ ਲੋਕਾਂ ਦੀਆਂ ਸਮੱਸਿਆਵਾਂ ਦਾ ਵਾਹਕ ਬਣਦੀਆਂ ਹਨ। ਸਮੇ ਦੀਆ ਦਰਪੇਸ਼ ਚੁਣੌਤੀਆਂ ਦੀ ਪੇਸ਼ਕਾਰੀ ਕਰਨ ਵਾਲਾ ਉਹ ਚੇਤੰਨ ਕਹਾਣੀਕਾਰ ਹੈ। ਉਸ ਦੀਆਂ ਕਹਾਣੀਆਂ ਦੇ ਵਿਸ਼ੇ ਉੱਤਰ ਆਧੁਨਿਕਤਾ ਦੇ ਮਾਰੂ ਪ੍ਰਭਾਵ, ਬਾਜ਼ਾਰੀਕਰਨ 'ਚੋਂ ਉਪਜੇ ਨਿਮਨ ਮੱਧਵਰਗ ਦੇ ਸੰਤਾਪ ਨੂੰ ਬਿਆਨਦੇ ਹਨ।

ਗੁਰਮੀਤ ਕੜਿਆਲਵੀ ਦਾ ਜਨਮ 23 ਦਸੰਬਰ 1968 ਨੂੰ ਪਿਤਾ ਬਾਬੂ ਸਿੰਘ ਤੇ ਮਾਤਾ ਸੁਖਦੇਵ ਕੌਰ ਦੀ ਕੁੱਖੋਂ, ਪਿੰਡ ਕੜਿਆਲ(ਜਿਲ੍ਹਾ ਮੋਗਾ) ਵਿਖੇ ਹੋਇਆ। ਉਸ ਨੇ ਸਿਵਲ ਇੰਜਨੀਅਰਿੰਗ ਦਾ ਡਿਪਲੋਮਾ, ਐਮ.ਏ. ਪੰਜਾਬੀ ਤੇ ਰਾਜਨੀਤੀ ਦੀ ਵਿੱਦਿਆ ਹਾਸਿਲ ਕੀਤੀ। ਉਸ ਨੇ ਵਿੱਦਿਆ ਪ੍ਰਾਪਤੀ ਉਪਰੰਤ ਪਬਲਿਕ ਹੈਲਥ ਮਹਿਕਮੇ ਵਿੱਚ ਸਰਕਾਰੀ ਨੌਕਰੀ ਪ੍ਰਾਪਤ ਕੀਤੀ। 'ਅੱਕ ਦਾ ਬੂਟਾ', 'ਊਣੇ', 'ਆਤੂ ਖੋਜੀ', 'ਟਾਂਗੇ ਵਾਲਾ ਸੰਤਾ'(ਬਾਲ ਕਹਾਣੀ ਸੰਗ੍ਰਹਿ) ਆਦਿ ਉਸ ਦੇ ਮਹੱਤਵਪੂਰਨ ਕਹਾਣੀ ਸੰਗ੍ਰਹਿ ਹਨ। ਉਸ ਦੀ ਬਾਲ ਨਾਟਕ, ਕਵਿਤਾ, ਵਾਰਤਕ ਆਦਿ ਵਿਧਾਵਾਂ ਉਪਰ ਵੀ ਪੂਰੀ ਪਕੜ ਹੈ। ਉਸ ਦੀ ਸਾਹਿਤਕ ਦੇਣ ਕਰਕੇ ਗੁਰਬਖ਼ਸ਼ ਸਿੰਘ ਪ੍ਰੀਤਲੜੀ ਅਵਾਰਡ, ਪ੍ਰਿੰ. ਸੁਜਾਨ ਸਿੰਘ ਅਵਾਰਡ, ਸ਼ਾਹ ਚਮਨ ਯਾਦਗਾਰੀ ਪੁਰਸਕਾਰ ਆਦਿ ਅਨੇਕਾਂ ਮਾਨ-ਸਨਮਾਨ ਮਿਲ ਚੁੱਕੇ ਹਨ।

ਉਸ ਦੀਆਂ ਕਹਾਣੀਆਂ ਵਿੱਚ ਲੋਕ ਮਨ ਦੀ ਪੀੜ ਪੂਰੀ ਸ਼ਿੱਦਤ ਨਾਲ ਪੇਸ਼ ਹੋਈ ਹੈ। ਸਮਾਜਿਕ, ਆਰਥਿਕ, ਸਭਿਆਚਾਰਕ ਨਾ-ਬਰਾਬਰੀ ਦਾ ਸੰਤਾਪ ਭੋਗਦੇ ਹੋਏ ਪਾਤਰ, ਪਾਠਕ ਨੂੰ ਧੁਰ ਅੰਦਰ ਤੱਕ ਝੰਜੋੜਦੇ ਹਨ। ਉਸ ਦੀ ਵਿੱਲਖਣ ਭਾਸ਼ਾ ਸ਼ਕਤੀ ਵਿਸ਼ਿਆਂ ਨੂੰ ਪ੍ਰਭਾਵੀ ਬਣਾਉਂਦੀ ਹੈ। ਪ੍ਰਮਾਣਿਕ ਵੇਰਵਿਆਂ ਦੀ ਵਰਤੋਂ, ਯਥਾਰਥਕ ਚਿਤਰਨ, ਵਿਅੰਗ ਸਿਰਜਣਾ ਆਦਿ ਉਸ ਦੀ ਕਹਾਣੀ ਕਲਾ ਦੀਆਂ ਖ਼ੂਬੀਆਂ ਹਨ। ਇੱਥੇ ਵਿਦਿਆਰਥੀਆਂ ਲਈ ਉਸਦੀ 'ਆਤੂ ਖੋਜੀ' ਕਹਾਣੀ ਪ੍ਰਸਤੁਤ ਕੀਤੀ ਜਾ ਰਹੀ ਹੈ। ਜੋ ਨਿਸ਼ਚਿਤ ਹੀ ਉਸ ਦੀ ਕਥਾ ਵਿਚਾਰਧਾਰਾ ਨੂੰ ਸਮਝਣ ਲਈ ਸਹਾਇਕ ਹੋਵੇਗੀ।

BSER

# 10. ਆਤੂ ਖੋਜੀ

ਆਤੂ ਦੇ ਨਾਂਹ-ਨਾਂਹ ਕਰਦਿਆਂ ਵੀ ਮੈਂ ਦੂਜਾ ਪੈਗ ਉਸਦੀ ਗਲਾਸੀ ਵਿਚ ਪਾ ਦਿੱਤਾ। ਆੜ ਵਿਚ ਵਗਦੇ ਪਾਣੀ 'ਚੋਂ ਕੱਪ ਭਰਿਆ ਤੇ ਥੋੜਾ ਜਿਹਾ ਉਸਦੀ ਗਲਾਸੀ ਵਿਚ ਪਾਉਂਦਿਆਂ ਆਖਿਆ,

– ਚੱਕਦੇ ... ਚੱਕਦੇ ਤਾਇਆ। ਕੁਛ ਨੀ ਕਹਿੰਦੀ ਤੈਨੂੰ। ਥੋੜੀਆਂ ਪੁਰਾਣੀਆਂ ਖੁਰਾਕਾਂ ਖਾਧੀਆਂ। ਥੋਨੂੰ ਏਹ ਕੁਛ ਨੀ ਕਰਦੀ। ਨਾਲੇ ਏਹਦੇ 'ਚ ਹੈ ਕੀ, ਤੱਤੇ ਪਾਣੀ ਵਿਚ ਗੁੜ ਤੇ ਕਿੱਕਰ ਦਾ ਸੱਕ ਜਾਂ ਚਾਰ ਛਿਲੜ ਸੰਤਰੇ ਦੇ। ਹੋਰ ਕੀ ? ਨਾਲੇ ਪਰਖ ਕਰੀਂ ... ਕੈਹੇ ਜੀ ਬਣੀ ਐ। ਤੂੰ ਤਾਂ ਫੇਰ ਵੀ ਖੋਜੀ ਬੰਦਾ।"

– ਚੀਜ ਤਾਂ ਮਛਟਰਾ ਠੀਕੈ। ਅੰਦਰ ਜ੍ਹਾ ਨੀ ਵੱਢਦੀ ਪਰ ਹੁਣ ਪਚਦੀ ਨੀ। ਬਥੇਰੀ ਪੀਤੀ ਜਵਾਨੀ ਵਾਰੇ। ਮੱਟਾਂ ਦੇ ਮੱਟ ਖਾਲੀ ਕਰਤੇ ਪਰ ਹੁਣ ਉਹ ਗੱਲ ਰਹੀ ਕਿੱਥੇ। ਉਂ ਮਛਟਰਾ, ਗੱਲ ਤੇਰੀ ਵੀ ਸੋਲਾਂ ਆਨ੍ਹੇ। ਸਾਡੀ ਹੱਡੀ ਚੀੜ੍ਹੀ ਹੁੰਦੀ ਐ। ਤੇਰੇ ਹਿਸਾਬ ਨਾਲ ਮੇਰੀ ਉਮਰ ਕੈ ਸਾਲ ਹੋਊ ?" ਆਤੂ ਨੇ ਇੱਕੋ ਸਾਹੇ ਗਿਲਾਸੀ ਖਾਲੀ ਕਰਕੇ ਪਾਸੇ ਰੱਖ ਦਿੱਤੀ। ਸਰੋਂ ਦੀ ਗੰਦਲ ਤੋੜ ਕੇ ਉਸ ਨੇ ਮੂੰਹ 'ਚ ਪਾ ਲਈ।

– ਹੋਊ ਕੋਈ ਪਚਵੰਜਾ-ਸੱਠ ਦੇ ਲਾਗੇ-ਚਾਗੇ।" ਮੈਂ ਐਵੇਂ ਅਟੇ-ਸੱਟੇ ਨਾਲ ਆਖ ਦਿੱਤਾ ਉਂਜ ਆਤੂ ਦੀ ਸੇਹਤ ਮੁਤਾਬਕ ਉਸਦੀ ਉਮਰ ਪੰਜਾਹਾਂ ਕੁ ਦੇ ਨੇੜੇ ਤੇੜੇ ਲੱਗਦੀ ਸੀ।

– ਖਾ ਗਿਆ ਕਨ੍ਹੀਂ ਟਪਲਾ। ਐਸ ਟੈਮ ਮੇਰੀ ਉਮਰ ਪੂਰੇ ਦੋ ਘੱਟ ਅੱਸੀ ਸਾਲ ਐ। ਜੇਹੜੇ ਸਾਲ ਕੱਤੇ ਦੀ ਤਪਾਲੀ ਪਈ ਸੀ, ਉਸ ਵਰ੍ਹੇ ਦਾ ਜਰਮ ਆ ਮੇਰਾ।"

– ਲਗਦਾ ਨੀ ... ਕਮਾਲ ਐ!" ਸਚਮੁੱਚ ਮੇਰੇ ਲਈ ਇਹ ਹੈਰਾਨੀ ਦਾ ਸਬੱਬ ਸੀ।

– ਆਹੀ ਸਾਡੀ ਕੌਮ 'ਚ ਖਾਸੀਅਤ ਐ। ਮਛਟਰਾ! ਸਾਡੀ ਕੌਮ 'ਚ ਨਾ ਮਿਲੂ ਥੋਨੂੰ ਕੋਈ ਡਿੱਗਿਆ ਢੱਠਿਆ ਜਿਆ। ਜਮ੍ਹਾਂ ਨੌਂ ਬਰ ਨੌਂ ਮਿਲਣਗੇ। ਸਾਡਾ ਬੰਦਾ ਛੇਤੀ ਕੀਤਿਆਂ ਗੋਡੇ ਰਗੜ-ਰਗੜ ਕੇ ਨ੍ਹੀ ਮਰਦਾ। ਤੁਰਦਾ ਫਿਰਦਾ ਚੜ੍ਹਾਈ ਕਰਜੂ।"

– ਹੈਂ ?" ਮੈਂ ਆਤੂ ਦੀ ਬਿਰਾਦਰੀ ਨਾਲ ਸੰਬੰਧਿਤ ਪਿੰਡ ਦੇ ਲੋਕਾਂ ਤੇ ਨਿਗਾਹ ਮਾਰੀ, ਸੱਚਮੁੱਚ ਕੋਈ ਬਜ਼ੁਰਗ ਮੰਜੇ ਤੇ ਪੈ ਕੇ ਹੱਡ-ਗੋਡੇ ਨਹੀਂ ਸੀ ਰਗੜ ਰਿਹਾ ਜਦ ਕਿ ਬਾਕੀ ਪਿੰਡ ਵਿਚਲੇ ਸਰਦਾਰਾਂ ਦੇ ਕਈ ਬਜ਼ੁਰਗ ਮੰਜੇ ਤੇ ਪਏ ਪਏ ਗਲ ਸੜ ਰਹੇ ਸਨ ਅਤੇ ਘਰਦਿਆਂ ਦੀਆਂ ਗਾਹਲਾਂ ਦੁੱਪੜਾਂ ਖਾਂਦੇ ਰੱਬ ਨੂੰ ਚੱਕ ਲੈਣ ਦੀਆਂ ਅਰਦਾਸਾਂ ਕਰਦੇ ਰਹਿੰਦੇ ਸਨ।

–ਮਛਟਰਾ ਸਾਡੀ ਕੌਮ ਅਣਖੀ ਐ। ਅਸੀਂ ਰਾਜਪੂਤਾਂ ਦੀ ਅਣਸ਼ 'ਚੋਂ ਹੁੰਨੇ ਆ। ਚੌਹਾਨ ਰਾਜਪੂਤ। ਤੂੰ ਤਾਂ ਲਿਖਿਆ ਪੜ੍ਹਿਆਂ। ਮਹਾਂਰਾਣੇ ਪ੍ਰਤਾਪ ਅਤੇ ਪ੍ਰਿਥੀ ਚੌਹਾਨ ਰਾਜੇ ਬਾਰੇ ਸੁਣਿਆ ਈ ਹੋਊ। ਉਹ ਸਾਡੇ ਵੱਡ-ਵਡੇਰੇ ਆ। ਤੁਸੀਂ ਸਾਰੇ ਮੈਨੂੰ ਆਤੂ-ਆਤੂ ਕਹੀ ਜਾਨੇ ਓਂ। ਅਸਲੀ ਨਾਉਂ ਮੇਰਾ ਥੋਨੂੰ ਪਤਾ ਨੀ ਹੋਣਾ। ਮੇਰਾ ਸਿੱਧਾ ਨਾਉਂ 'ਆਤਮਾ ਰਾਮ ਚੌਹਾਨ' ਐ। ਕਿਸੇ ਟੈਮ ਦੂਰ-ਦੂਰ ਤੱਕ ਰਾਜ ਪਾਟ ਹੁੰਦਾ ਸੀ ਸਾਡਾ। ਫਿਰ ਜਦੋਂ ਮੁਗਲਾਂ ਹੱਥੋਂ ਹਾਰ ਹੋਗੀ, ਸਾਡੀ ਕੌਮ ਜੰਗਲਾਂ-ਪਹਾੜਾਂ ਅੱਲੀਂ ਚਲੇ ਗਈ। ਜੰਗਲਾਂ-ਬੇਲਿਆਂ 'ਚ ਰਹਿ ਗੁਜ਼ਾਰਾ ਕਰ ਲਿਆ ਪਰ ਮੁਗਲਾਂ ਦੀ ਈਨ ਨੀ ਮੰਨੀ। ਜੈਮਲ ਫੱਤਾ ਸਾਡੀਓ ਕੌਮ ਦੇ ਯੋਧੇ ਆ ਜਿੰਨਾ ਨੇ ਅਕਬਰ ਬਾਦਸ਼ਾਹ ਦੀ ਗੁਲਾਮੀ ਕਬੂਲ ਨੀ ਸੀ ਕੀਤੀ। ਸਾਢੇ ਚਾਰ ਸੌ ਸਾਲ ਜੰਗਲਾਂ-ਪਹਾੜਾਂ 'ਚ ਰਹੀ ਐ ਸਾਡੀ ਕੌਮ। ਚੋਰੀ ਕਰਨ ਦੀ ਵਾਦੀ ਵੀ ਪੈਗੀ। ਫੇਰ ਗਰੇਜ਼ ਆਗੇ। ਸਾਡੀ ਕੌਮ ਨੇ ਈਨ ਏਹਨਾਂ ਦੀ ਵੀ ਨ੍ਹੀ ਮੰਨੀ। ਮਛਟਰਾ! ਸਾਲੀ ਗਰੇਜ਼ ਕੌਮ ਬੜੀ ਚਾਲੂ ਸੀ ਸਾਡੇ ਤੋਂ। ਗਰੇਜ਼ ਨੇ ਪਾਬੰਦੀ ਲਾਈ ਰੱਖੀ ਸਾਡੀ ਕੌਮ 'ਤੇ।" ਮੈਂ ਗਹੁ ਨਾਲ ਆਤੂ ਦੀਆਂ ਅੱਖਾਂ ਵਿਚ ਵੇਖਿਆ, ਉਸ ਵਿਚ ਸਵੈਮਾਣ ਤਾਰੀਆਂ ਲਾ ਰਿਹਾ ਸੀ। ਮੈਨੂੰ ਉਸਦੀ ਗੱਲ ਸੌ ਫੀਸਦੀ ਸੱਚ ਲੱਗੀ। ਅਜਿਹੇ ਲੋਕ ਕਿਸੇ ਦੀ ਈਨ ਮੰਨ ਈ

ਕਿਵੇਂ ਸਕਦੇ ਸਨ। ਇਨ੍ਹਾਂ ਕਿਹੜਾ ਰਾਏਬਹਾਦਰੀਆਂ, ਸਰਦਾਰੀਆਂ, ਚੋਬਦਾਰੀਆਂ, ਸਫੈਦਪੋਸ਼ੀਆਂ, ਜੰਗੀਰਦਾਰੀਆਂ ਜਾਂ ਲੰਬੜਦਾਰੀਆਂ ਲੈਣੀਆਂ ਸਨ। ਮੈਂ ਪਿੰਡ ਵਿਚ, ਆਲੇ ਆਲੇ ਦੁਆਲੇ ਬਾਰੇ ਸੋਚਿਆ। ਆਤੂ ਦੀ ਗੱਲ ਅਜੇ ਵੀ ਕਿੰਨੀ ਸੱਚ ਸੀ। ਜਿੱਥੇ ਹੋਰ ਅਖੌਤੀ ਨੀਵੀਆਂ ਕਹੀਆਂ ਜਾਂਦੀਆਂ ਜਾਤਾਂ ਦੇ ਲੋਕ ਜੱਟਾਂ ਨਾਲ ਸੀਰੀ ਸਾਂਝੀ ਰਲੇ ਹੋਏ ਸਨ ਉਥੇ ਬੌਰੀਆ ਬਰਾਦਰੀ ਦੇ ਲੋਕ ਆਪਣੇ-ਆਪਣੇ ਕੰਮਾਂ ਧੰਦਿਆਂ ਵਿਚ ਲੱਗੇ ਹੋਏ ਸਨ। ਕੋਈ ਸਬਜ਼ੀ ਵੇਚਦਾ ਸੀ, ਕੋਈ ਸਾਈਕਲ ਤੇ ਫੇਰੀ ਲਾਉਂਦਾ ਸੀ, ਕਿਸੇ ਪਰਿਵਾਰ ਨੇ ਜੱਟਾਂ ਤੋਂ ਜ਼ਮੀਨ ਠੇਕੇ 'ਤੇ ਲੈ ਕੇ ਸਬਜ਼ੀ ਭਾਜ਼ੀ, ਖੱਖੜੀਆਂ-ਖਰਬੂਜ਼ੇ, ਤਰਾਂ-ਮਤੀਰੇ ਆਦਿ ਬੀਜੇ ਹੋਏ ਸਨ। ਕਈ ਘਰ ਬੇਰੀਆਂ ਦੇ ਠੇਕੇ ਲੈਣ ਲਈ ਦੂਰ-ਦੂਰ ਗਏ ਹੋਏ ਸਨ। ਕਈ ਬੰਦੇ ਸ਼ਹਿਰ ਰਿਕਸ਼ਾ ਚਲਾਉਣ ਲੱਗੇ ਸਨ।

– ਸਾਲੀ ਅੰਗਰੇਜ਼ ਕੌਮ ਨੂੰ ਕੀ ਤਕਲੀਫ਼ ਸੀ ? ਮੰਨਿਆ ਕੋਈ ਇਕ-ਅੱਧ ਬੰਦਾ ਮਾੜਾ ਪਰ ਕੋਈ ਕੌਮ ਤਾਂ ਨੀ ਮਾੜੀ ਸਾਰੀ। ਇਹ ਤਾਂ ਜੱਗੋਂ ਤੇਰਵੀਂ ਗੱਲ ਸੀ ਅਖੇ ਸਾਰੀ ਕੌਮ 'ਤੇ ਈ ਪਾਬੰਦੀ ਲਾਤੀ।" ਜਦੋਂ ਬਾਪੂ ਜਿਉਂਦਾ ਸੀ ਅਕਸਰ ਅਜਿਹੀਆਂ ਗੱਲਾਂ ਸੁਣਾਉਂਦਾ ਰਹਿੰਦਾ ਸੀ। ਬੌਰੀਆ ਬਿਰਾਦਰੀ ਨੂੰ ਜ਼ਰਾਇਮ ਪੇਸ਼ਾ ਕਰਾਰ ਦੇਣ ਅਤੇ ਅਠਾਰਾਂ ਸਾਲਾਂ ਤੋਂ ਵੱਧ ਉਮਰ ਵਾਲੇ ਬੌਰੀਆ ਬਿਰਾਦਰੀ ਦੇ ਹਰੇਕ ਨੌਜੁਆਨ ਅਤੇ ਬਜ਼ੁਰਗ ਲਈ ਥਾਣੇ ਹਾਜ਼ਰੀ ਲਵਾਉਣੀ ਜ਼ਰੂਰੀ ਰਹੀ ਹੋਣ ਬਾਰੇ ਬਾਪੂ ਨੇ ਹੀ ਜਾਣਕਾਰੀ ਦਿੱਤੀ ਸੀ।

– ਮਛਟਰਾ ! ਹੁਣ ਕਿੱਥੇ ਰਹੀਆਂ ਉਹ ਗੱਲਾਂ ... ਬੜੇ ਮਾੜੇ ਦਿਨ ਦੇਖੇ। ਗਰੇਜ਼ ਕੌਮ ਬੜੀ ਚਾਲੂ ਸੀ ਸਾਡੇ ਤੋਂ। ਉਹ ਤਾਂ ਸਾਡੀ ਬੋਲੀ ਤੋਂ ਵੀ ਡਰਦੀ ਸੀ। ਕੁੱਲ ਦੁਨੀਆਂ 'ਤੇ ਰਾਜ ਕੀਤਾ ਉਹਨੇ। ਘਾਟ-ਘਾਟ ਦਾ ਪਾਣੀ ਵੀ ਪੀਤਾ ਪਰ ਪਤੰਦਰ ਨੂੰ ਸਾਡੀ ਬੋਲੀ ਸਮਝ ਨ੍ਹੀ ਆਈ। ਬਥੇਰਾ ਮੱਥਾ ਮਾਰਿਆ। ਕੁੱਲ ਦੁਨੀਆਂ ਦੀਆਂ ਪੋਥੀਆਂ ਫਰੋਲ ਮਾਰੀਆਂ। ਪਰ ਏਹ ਨ੍ਹੀ ਪਤਾ ਲੱਗਾ ਵਈ ਏਹ ਬੋਲੀ ਹੈ ਕਿਹੜੀ। ਏਹਦਾ ਨਾਂ ਕੀ ਐ ? ਮਛਟਰਾ ਤੂੰ ਤਾਂ ਲਿਖਿਆ ਪੜ੍ਹਿਆਂ। ਸਾਡੇ ਆਲੀ ਬੋਲੀ, ਕਿਤੇ ਲਿਖਣ-ਪੜ੍ਹਨ ਵਿਚ ਤਾਂ ਆਉਂਦੀ ਨੀ, ਪੱਲੇ ਕੀ ਪੈਣਾ ਸੀ ਛਣਕਣਾ ?"

– ਤਾਇਆ ਸਾਡੇ ਨਾਲ ਤਾਂ ਤੁਸੀਂ ਚੰਗੀ-ਭਲੀ ਪੰਜਾਬੀ 'ਚ ਗੱਲਾਂ ਕਰਦੇ ਓਂ, ਜਦੋਂ ਕਦੇ ਆਪਸ ਵਿਚ ਬੈਠੇ ਹੋਵੇਂ, ਥੋਡੀ ਗਿੱਟ-ਮਿੱਟ, ਗਿੱਟ-ਮਿੱਟ ਕਿਸੇ ਦੇ ਪੱਲੇ ਨੀ ਪੈਂਦੀ।" ਮੈਨੂੰ ਅੱਠਵੀਂ ਤੱਕ ਨਾਲ ਪੜ੍ਹਦੇ ਰਹੇ ਸੁਖਦੇਵ ਅਤੇ ਖੁਸ਼ਹਾਲਾ ਚੇਤੇ ਆਏ।ਅਸੀਂ ਦੋ-ਤਿੰਨ ਮੁੰਡੇ ਉਨ੍ਹਾਂ ਤੋਂ ਬੋਲੀ ਸਿੱਖਣ ਦੀ ਕੋਸ਼ਿਸ਼ ਕਰਦੇ ਰਹੇ। ਬਹੁਤ ਮੱਥਾ ਮਾਰਨ ਤੋਂ ਬਾਅਦ ਵੀ ਸਾਡੇ ਪਿੜ ਪੱਲੇ ਕੁੱਝ ਨਹੀਂ ਸੀ ਪਿਆ।

– ਮਛਟਰਾ ! ਬੱਸ ਏਸੇ ਗਿੱਟ-ਮਿੱਟ, ਗਿੱਟ-ਮਿਟ ਤੋਂ ਈ ਡਰਦੀ ਸੀ ਗਰੇਜ਼ ਕੌਮ।" ਆਤੂ ਹਿੜ-ਹਿੜ ਕਰਕੇ ਕਿੰਨਾ ਚਿਰ ਹੱਸਦਾ ਰਿਹਾ।

– ਮਛਟਰਾ ! ਇਕ ਗੱਲ ਦਾ ਮੈਨੂੰ ਬੜਾ ਫ਼ਿਕਰ ਆ। ਸਾਡੇ ਹੁਣ ਆਲੇ ਛੋਹਰ, ਲੌਂਡੀ ਦੇਣੇ, ਆਵਦੀ ਬੋਲੀ ਭੁੱਲੀ ਜਾਂਦੇ। ਹੁਣ ਤੂੰ ਈ ਦੱਸ, ਜਦੋਂ ਬੰਦੇ ਦੀ ਬੋਲੀ ਈ ਨਾ ਰਹੀ, ਪਿਛੇ ਕੀ ਰਹਿਜੂ, ਛਣਕਣਾ ?" ਦਿਨੋ ਦਿਨ ਖਤਮ ਹੁੰਦੀਆਂ ਜਾਂਦੀਆਂ ਖੇਤਰੀ ਅਤੇ ਕਬੀਲਾਈ ਬੋਲੀਆਂ ਬਾਰੇ ਚਿੰਤਾ ਕਰਨ ਵਾਲੇ ਭਾਸ਼ਾ ਵਿਗਿਆਨੀਆਂ ਜਿਹੀ ਚਿੰਤਾ ਆਤੂ ਵਰਗੇ ਸਾਧਾਰਨ ਅਨਪੜ੍ਹ ਬੰਦੇ ਅੰਦਰ ਵੇਖਕੇ ਮੈਂ ਹੈਰਾਨ ਰਹਿ ਗਿਆ। ਮੈਨੂੰ ਆਤੂ ਕੋਈ ਚੇਤੰਨ ਭਾਸ਼ਾ ਵਿਗਿਆਨੀ ਜਾਪਿਆ।

"ਮਛਟਰਾ ! ਗਰੇਜ਼ ਕੌਮ ਨੇ ਪਾਬੰਦ ਪਤਾ ਕਦੋਂ ਲਾਈ ?" ਆਤੂ ਨੇ ਮੈਨੂੰ ਗੁਆਚਿਆ ਜਿਹਾ ਦੇਖਕੇ ਮੇਰਾ ਹੁੰਗਾਰਾ ਭਰਾਇਆ।

ਕਦੋਂ ?"

– ਫਰੀਦਕੋਟੀਏ ਰਾਜੇ ਦਾ ਮਹਿਲ ਸੀ ਬੜਾ ਉੱਚਾ। ਉਹਦੇ ਚਾਰੇ ਚੁਫ਼ੇਰੇ ਸ਼ੀਸ਼ੇ ਅਰਗਾ ਪੱਥਰ ਲੱਗਾ, ਤਿਲਕਵਾਂ। ਮਹਿਲ ਉੱਤੇ ਬਣਾਇਆ ਗੁੰਬਦ। ਗੁੰਬਦ ਉੱਤੇ ਸੋਨੇ ਦਾ ਕਲਸ। ਮਹਿਲ ਐਸ ਹਸਾਬ ਨਾਲ ਬਣਾਇਆ ਵਈ ਬੰਦਾ ਤਾਂ ਕੀ, ਜਾਨਵਰ ਵੀ ਉੱਤੇ ਨਾ ਚੜ ਸਕੇ। ਚੜਨਾ ਕੀ ? ਚਾਰ-ਚੁਫੇਰੇ ਤਿਲਕਵਾਂ ਪੱਥਰ 'ਤੇ ਹੱਥ ਪਾਉਣ ਨੂੰ ਥਾਂ ਕੋਈ ਨਾ। ਰਾਜੇ ਦੇ ਰੱਖੇ ਵੱਡੇ-ਵੱਡੇ ਕੁੱਤੇ। ਬੰਦੇ ਨੂੰ ਪਾੜ ਕੇ ਖਾ ਜਾਣ ਵਾਲੇ। ਸਾਡੀ ਕੌਮ ਦੇ ਚੋਰ ਹੋਏ ਆ ਟੇਕੂ ਤੇ ਪੇਕੂ। ਸਾਦਕ ਕੰਨੀ ਦੇ ਸੀਗੇ। ਬੜੀ ਮਸ਼ਹੂਰੀ ਸੀਗੀ ਦੋਵਾਂ ਭਰਾਵਾਂ ਦੀ। ਰਾਜੇ ਨੇ ਲਾਨ ਕਰਤਾ ਵਈ ਜੇ ਟੇਕੂ ਤੇ ਪੇਕੂ ਏਡੇ ਈ ਸ਼ੇਰ ਨੇ ਮੇਰੇ ਮਹਿਲਾਂ 'ਚੋਂ ਚੋਰੀ ਕਰਕੇ ਵਿਖਾਉਣ। ਜਦੋ ਟੇਕੂ ਤੇ ਪੇਕੂ ਨੂੰ ਪਤਾ ਲੱਗਾ ਉਨ੍ਹਾਂ ਰਾਜੇ ਦੀ ਹਿੰਡ ਭੰਨਣ ਦੀ ਸਕੀਮ ਬਣਾਲੀ। ਉਨ੍ਹਾਂ ਪਾਲੀ ਹੋਈ ਸੀ ਗੋਹ। ਇਹ ਬੜਾ ਔਂਤਰਾ ਜੀਅ ਐ। ਸ਼ੈਂਤ ਤੂੰ ਕਿਤੇ ਦੇਖੀ ਹੋਵੇ। ਅੱਬਲ ਤਾਂ ਅਜਕੱਲ ਕਿਤੇ ਦਿਖਦੀ ਨੀ। ਜਿਮੇ ਪਾਥੀ ਹੁੰਦੀ ਐ, ਐਕਣ ਦੀ ਹੁੰਦੀਓ। ਜਿੱਥੇ ਚੁੰਬੜ ਜੇ ਲਹਿੰਦੀ ਨੀ। ਸੁਣਿਆ ਨੀ ਅਖੇ ਫਲ੍ਹਾਣੇ ਦਾ ਜੱਫ਼ਾ ਤਾਂ ਗੋਹ ਆਲਾ। ਉਨ੍ਹਾਂ ਰੱਬ ਦਿਆਂ ਬੰਦਿਆਂ ਗੋਹ ਦੀ ਪੂਛ ਨੂੰ ਪਾਇਆ ਲੰਮਾ ਰੱਸਾ ਤੇ ਵਗਾਹ ਮਾਰੀ ਬੰਗਲੇ ਦੇ ਗੁੰਬਦ 'ਤੇ। ਮਰੇ ਜਾਨਵਰ ਦੇ ਸਿੰਗ ਲੈਗੇ ਸੀ ਨਾਲ। ਸਿੰਗਾਂ ਦੇ ਪੋਪਲਿਆਂ ਵਿਚ ਕੁੱਟ-ਕੁੱਟ ਕੇ ਚੂਰੀ ਭਰੀ ਸੀ। ਸਿੰਗ ਹੌਲੀ ਜਏ ਕੁੱਤਿਆਂ ਵੱਲ ਨੂੰ ਚਲਾ ਮਾਰੇ। ਕੁੱਤੇ ਸਿੰਗਾਂ 'ਚ ਮੂੰਹ ਫਸਾ ਕੇ ਲੱਗੇ ਚੂਰੀ ਕੱਢਣ। ਕੁੱਤਿਆਂ ਨੂੰ ਐਸਾ ਆਹਰ ਲਾਇਆ, ਉਹ ਤਾਂ ਕਿਸੇ ਪਾਸੇ ਝਾਕਣ ਈ ਨਾ। ਉਧਰ ਗੋਹ ਨੇ ਜੱਫਾ ਪਾ ਲਿਆ ਗੁੰਬਦ ਨੂੰ। ਦੋਵੇਂ ਭਾਈ ਚੜ ਗਏ ਉਤਾਂਹ ਮਿਲਟੀਂ-ਸਕਿਲਟੀਂ। ਸੋਨੇ ਦਾ ਕਲਸ ਲਾਹਿਆ ਤੇ ਹੋਗੇ ਰਫੂ ਚੱਕਰ। ਦਿਨ ਚੜੇ ਰਾਜੇ ਦੇ ਨੌਕਰਾਂ ਨੇ ਰੌਲਾ ਪਾਤਾ ਅਖੇ ਕਲਸ ਹੈਨੀ। ਰਾਜਾ ਹੈਰਾਨ-ਪਰੇਸ਼ਾਨ, ਏਹ ਹੋ ਕੀ ਗਿਆ ? ਲੈ ਵੀ ਮਛਟਰਾ, ਉਹਨੇ ਮੁਨਿਆਦੀ ਕਰਵਾਤੀ ਵਈ ਜੀਹਨੇ ਚੋਰੀ ਕੀਤੀ ਐ, ਆਪ ਆ ਕੇ ਪੇਸ਼ ਹੋਜੇ। ਚੋਰ ਨੂੰ ਸਜ਼ਾ ਕੋਈ ਨ੍ਹੀ, ਸਗੋਂ ਅਨਾਮ ਦਿੱਤਾ ਜਾਊ। ਸਾਡੇ ਆਲੇ ਸੂਰਮੇ ਜਾ ਪੇਸ਼ ਹੋਏ। ਰਾਜਾ ਉਨ੍ਹਾਂ ਦੇ ਅੱਗੇ-ਪਿੱਛੇ, ਉੱਤੇ ਹੇਠਾਂ ਦੇਖੀ ਜਾਵੇ, ਨਾਲੇ ਸੋਚੀ ਜਾਵੇ ਵਈ ਆਹ ਚਿੱਬ-ਖੜਿੱਬੇ ਜਏ ਦੇਗੇ ਦੱਖੂ-ਦਾਣਾ। ਲੈ ਵਈ ਮਛਟਰਾ ਰਾਜਾ ਜ਼ੁਬਾਨ ਦਾ ਬੜਾ ਪੱਕਾ ਸੀ। ਉਨ੍ਹੇ ਭਲੇਮਾਨਸਾਂ ਨੂੰ ਆਖਿਆ ਵੀ ਕੁੱਛ ਨਾ, ਇਨਾਮ ਵੀ ਦਿੱਤਾ ਤੇ ਕਲਸ਼ ਵੀ ਉਨ੍ਹਾਂ ਕੋਲ ਈ ਰਹਿਣ ਦਿੱਤਾ। ਰਾਜੇ ਨੇ ਸਾਰੀ ਰਾਮ ਘਾਣੀ ਜਾ ਸੁਣਾਈ ਵੱਡੇ ਲਾਟ ਸਾਬ ਨੂੰ ਵਈ ਕੌਮ ਬੜੀ ਖ਼ਤਰਨਾਕ ਆ। ਲਾਟ ਸਾਬ੍ਹ ਨੇ ਉਸੇ ਟੈਮ ਕੌਮ 'ਤੇ ਪਾਬੰਦ ਲਾਤੀ। ਕਰਨੀ ਦੋ ਬੰਦਿਆਂ ਦੀ ਸਜ਼ਾ ਦੇਤੀ ਸਾਰੀ ਕੌਮ ਨੂੰ। ਬੱਸ ਜੀ ਉਦੋਂ ਲੱਗੀ ਫਿਰ ਕੌਮ 'ਤੇ ਪਾਬੰਦ।"

– ਤਾਇਆ ਸਿਆਂ ! ਆਏਂ ਈ ਹੁੰਦਾ।" ਮੈਂ ਗੋਲ-ਮੋਲ ਜਿਹਾ ਜੁਆਬ ਦਿੱਤਾ। ਉਂਜ ਮੇਰਾ ਜੀਅ ਕੀਤਾ ਸੀ ਕਿ ਆਤੂ ਨੂੰ ਆਖਾਂ, "ਬੀਬੀ ਮਾਰੀ ਤਾਂ ਦੋ ਬੰਦਿਆਂ ਨੇ ਸੀ, ਸਜ਼ਾ ਸਾਰੀ ਕੌਮ ਨੂੰ ਭੁਗਤਣੀ ਪਈ।" ਪਰ ਮੈਂ ਚੁੱਪ ਹੀ ਰਿਹਾ।

– ਪਰ ਏਹ ਨਸਾਫ਼ ਆਲੀ ਤਾਂ ਗੱਲ ਹੈਨੀ ਸੀ। ਹੋਰ ਦੇਖਲਾ ਗੋਰੇ ਦੀ ਲਾਈ ਪਾਬੰਦ ਆਜ਼ਾਦੀ ਮਿਲਣ ਤੋਂ ਬਾਅਦ ਵੀ ਪੰਜ ਸਾਲ ਲੱਗੀ ਰਈ।"

– ਹਾਂ ! ਆਹੋ ...।" ਮੈਨੂੰ ਪਤਾ ਨਾ ਲੱਗਾ, ਮੈਂ ਆਪਣੀ ਹੀ ਗੱਲ ਦਾ ਜੁਆਬ ਦਿੱਤਾ ਸੀ ਕਿ ਆਤੂ ਦੀ ਗੱਲ ਦਾ।

– ਇਨਸਾਫ਼ ਹੈ ਕਿੱਥੇ ?" ਮੇਰੇ ਅੰਦਰੋਂ ਆਪ ਮੁਹਾਰੇ ਠੰਡਾ ਹਾਉਕਾ ਨਿਕਲ ਗਿਆ। ਮੇਰੇ ਆਪਣੇ ਸਮੇਤ ਪੀਰਾਂ ਵਾਲੀ ਹਾਈ ਸਕੂਲ ਵਿਚ ਪੜ੍ਹਾਉਂਦੇ ਚਾਰ ਮਾਸਟਰਾਂ ਨਾਲ ਹੋਈ ਧੱਕੇਸ਼ਾਹੀ ਸਾਹਮਣੇ ਆ ਖਲੋਤੀ। ਅਸੀਂ ਨਵੇਂ-ਨਵੇਂ ਭਰਤੀ ਹੋਏ ਚਾਰੇ ਹੀ ਮਾਸਟਰਾਂ ਨੇ ਦਿਨ-ਰਾਤ ਮਿਹਨਤ ਕਰਕੇ ਸਕੂਲ ਨੂੰ

ਨੰਬਰ ਇੱਕ ’ਤੇ ਲੈ ਆਂਦਾ ਸੀ। ਸਾਡੀ ਦੇਖਾ-ਦੇਖੀ ਕੁਝ ਹੋਰ ਅਧਿਆਪਕ ਵੀ ਮਿਹਨਤ ਕਰਨ ਲੱਗੇ ਸਨ। ਲੋਕਾਂ ਨੇ ਨੇੜੇ ਤੇੜੇ ਚਾਹ-ਗੁੜ ਦੀਆਂ ਦੁਕਾਨਾਂ ਵਾਂਗ ਖੁੱਲ੍ਹੇ ਪ੍ਰਾਈਵੇਟ ਸਕੂਲਾਂ ’ਚੋਂ ਜੁਆਕ ਹਟਾ ਕੇ ਸਰਕਾਰੀ ਸਕੂਲ ਵਿਚ ਦਾਖਲ ਕਰਵਾ ਦਿੱਤੇ। ਸਾਡੇ ਈ ਸਕੂਲ ਪੜਾਉਂਦੇ ਗਲਵੰਤ ਸਿੰਘ ਨੂੰ ਇਸ ਦੀ ਬੜੀ ਤਕਲੀਫ਼ ਸੀ। ਇਸ ਤਕਲੀਫ਼ ਦੇ ਛੋਟੇ ਛੋਟੇ ਕਾਰਨ ਤਾਂ ਹੋਰ ਵੀ ਸਨ ਪਰ ਵੱਡਾ ਕਾਰਨ ਇਹ ਸੀ ਕਿ ਉਸਦੀ ਬਾਰਾਂ ਜਮਾਤਾਂ ਪਾਸ ਘਰਵਾਲੀ ਵੱਲੋਂ ਪੰਜ-ਸੱਤ ਮ੍ਰੈਟਿਕ ਪਾਸ ਕਰੀ ਬੈਠੀਆਂ ਕੁੜੀਆਂ ਰੱਖ ਕੇ, ਸਾਡੇ ਸਕੂਲ ਦੇ ਨੇੜੇ ਹੀ ‘ਪਬਲਿਕ ਮਾਡਲ ਸਕੂਲ’ ਚਲਾਇਆ ਜਾ ਰਿਹਾ ਸੀ। ਸਾਡੀ ਮਿਹਨਤ ਸਦਕਾ ਉਸਦੇ ਸਕੂਲ ਵਿਚ ਭਾਂਅ ਭਾਂਅ ਹੋਣ ਲੱਗੀ ਸੀ। ਸਾਨੂੰ ਆਪਣੀ ਮਿਹਨਤ ’ਤੇ ਮਾਣ ਸੀ। ਅਸੀਂ ਸਾਰੀ ਛੁੱਟੀ ਤੋਂ ਬਾਅਦ ਚੌੜੇ ਹੋ ਹੋ ਕੇ ਸਾਈਕਲਾਂ ਸਕੂਟਰਾਂ ’ਤੇ ਘਰਾਂ ਨੂੰ ਜਾਂਦੇ। ਸਾਡਾ ਮਾਣ ਉਸ ਦਿਨ ਕੱਚ ਵਾਂਗ ਤਿੜਕ ਗਿਆ ਸੀ ਜਿਸ ਦਿਨ ਪ੍ਰਬੰਧਕੀ ਅਧਾਰ ’ਤੇ ਹੋਈਆਂ ਬਦਲੀਆਂ ਦੇ ਆਰਡਰ ਹੈਡਮਾਸਟਰ ਨੇ ਸਾਡੇ ਹੱਥਾਂ ਵਿਚ ਫੜਾ ਦਿੱਤੇ ਸਨ। ਪਰਾਂਹ ਟਾਹਲੀ ਥੱਲੇ ਖੜੇ ਗੁਲਵੰਤ ਸਿੰਘ ਦੀਆਂ ਕਰੜ-ਬਰੜੀਆਂ ਚੂਹੇ ਦੀ ਪੂਛ ਵਰਗੀਆਂ ਮੁੱਛਾਂ ਖਚਰੀ ਹਾਸੀ ਹੱਸਦੀਆਂ ਸਨ। ਅਸੀਂ ਬਦਲੀ ਦਾ ਕਾਰਨ ਜਾਨਣ ਲਈ ਡੀ.ਈ.ਓ. ਦਫ਼ਤਰ ਜਾ ਵੱਜੇ। ਸਾਡੇ ਚਾਰਾਂ ’ਤੇ ਸਕੂਲ ਵਿਚ ਸ਼ਰਾਬ ਪੀਣ, ਲੜਕੀਆਂ ਨੂੰ ਗੁੰਮਰਾਹ ਕਰਨ ਅਤੇ ਮਾਸਟਰਾਣੀਆਂ ਨੂੰ ਅਸ਼ਲੀਲ ਇਸ਼ਾਰੇ ਕਰਨ ਦਾ ਦੋਸ਼ ਲਾਇਆ ਸੀ। ਸਾਡੇ ਖਿਲਾਫ਼ ਦਰਖ਼ਾਸਤ ਵੀ ਪਿੰਡ ਦੀ ਪੰਚਾਇਤ ਵੱਲੋਂ ਸੀ। ਹਿਸਾਬ ਵਾਲਾ ਮਾਸਟਰ ਤਾਂ ਹੁਬਕੀਂ-ਹੁਬਕੀਂ ਰੋਣ ਲੱਗ ਪਿਆ ਸੀ। ਇਸ ਸ਼ਿਕਾਇਤ ’ਤੇ ਉੱਚ ਅਧਿਕਾਰੀ ਵੱਲੋਂ ਸਕੂਲ ਵਿਚ ਜਾ ਕੇ ਕੀਤੀ ਇਨਕੁਆਰੀ ਦੀ ਰਿਪੋਰਟ ਵੀ ਦਰਜ ਸੀ। ਇਹ ਇਨਕੁਆਰੀ ਹੋਈ ਕਦੋਂ ? ਇਹ ਘਟਨਾ ਚੇਤੇ ਆਉਂਦਿਆਂ ਹੀ ਮੂੰਹ ਕੁੱੜਤਣ ਨਾਲ ਭਰ ਗਿਆ ਜਿਵੇਂ ਕਨੈਨ ਪੀਤੀ ਹੋਵੇ। ਮੈਂ ਬੋਤਲ ਚੁੱਕੀ ਮੂੰਹ ’ਤੇ ਲੱਗਾ ਗੁੱਲ ਬਾਹਰ ਖਿੱਚਿਆ ਤੇ ਦੂਰ ਵਗਾਹ ਮਾਰਿਆ ਜਿਵੇਂ ਗੁਲਵੰਤ ਸਿੰਘ ਦੇ ਮੂੰਹ ’ਤੇ ਮਾਰਿਆ ਹੋਵੇ।

– ਲੈ ਤਾਇਆ, ਨਬੇੜੀਏ ਕੰਮ!” ਮੈਂ ਬਾਕੀ ਬਚਦੀ ਸ਼ਰਾਬ ਦੋਵਾਂ ਗਿਲਾਸੀਆਂ ਵਿਚ ਪਾ ਕੇ ਬੋਤਲ ਟਿੱਬੇ ਵੱਲ ਵਗਾਹ ਮਾਰੀ। ਆਤੂ ਨੇ ਵੀ ਹੁਣ ਕੋਈ ਨਾਂਹ-ਨੁਕਰ ਨਹੀਂ ਸੀ ਕੀਤੀ ਸ਼ਾਇਦ ਪਹਿਲਾਂ ਪੀਤੀ ਦੇ ਸਰੂਰ ਵਿਚ ਹੀ। ਮੈਂ ਕੱਪੀ ਨਾਲ ਥੋੜਾ ਥੋੜਾ ਪਾਣੀ ਦੋਵਾਂ ਗਿਲਾਸੀਆਂ ਵਿਚ ਪਾਇਆ। ਆਤੂ ਨੇ ਅੱਧੀ ਗਿਲਾਸੀ ਚਾੜ ਕੇ ਬਾਕੀ ਵੱਟ ’ਤੇ ਰੱਖ ਦਿੱਤੀ।

– ਤਾਇਆ! ਬੰਦਾ ਕਾਹਨੂੰ ਬੁੱਢਾ ਹੁੰਦਾ, ਬੰਦੇ ਨੂੰ ਤਾਂ ਬੱਸ ਐਧਰ-ਉਧਰ ਦੀਆਂ ਸੱਟਾਂ ਬੁੱਢਾ ਕਰਦੀਆਂ।” ਮੈਂ ਆਵਦੇ ਵਲੋਂ ਇਧਰ-ਉਧਰ ਦੀਆਂ ਬੇਇਨਸਾਫ਼ੀਆਂ ਬੁੱਢਾ ਕਰਦੀਆਂ, ਕਹਿਣਾ ਸੀ ਪਰ ਪਤਾ ਨਹੀਂ ਕਿਉਂ ਮੈਥੋਂ ਇਧਰ-ਉਧਰ ਦੀਆਂ ਸੱਟਾਂ ਕਹਿ ਹੋ ਗਿਆ ਸੀ। ਮੈਨੂੰ ਆਪਣੇ ਨਾਲ ਹੋਈ ਬੇਇਨਸਾਫ਼ੀ ਅੰਦਰੋਂ-ਅੰਦਰੀਂ ਵੱਢਦੀ ਰਹਿੰਦੀ ਸੀ। ਅਸੀਂ ਇਸ ਬੇਇਨਸਾਫ਼ੀ ਦੇ ਖਿਲਾਫ਼ ਡੀ.ਪੀ.ਆਈ. ਦਫ਼ਤਰ, ਸੈਕਟਰੀਏਟ ਅਤੇ ਮੰਤਰੀਆਂ ਦੇ ਘਰਾਂ ਦੀਆਂ ਪੌੜੀਆਂ ਚੜ੍ਹਦੇ ਉਤਰਦੇ ਰਹੇ, ਪਰ ਇਨਸਾਫ਼ ਕਿਤੋਂ ਨਹੀਂ ਸੀ ਮਿਲਿਆ। ਵਾਹ ਨਾ ਚੱਲਦੀ ਵੇਖਕੇ ਅਸੀਂ ਚਾਰਾਂ ਨੇ ਹੀ ਨਵੇਂ ਸਕੂਲਾਂ ਵਿਚ ਜੁਆਇੰਨ ਕਰ ਲਿਆ ਸੀ।

– ਮਛਟਰਾ! ਤੀਹ ਸਾਲ ਨੀ ਸਾਂ ਮਰਦਾ ਹਜੇ ਮੈਂ। ਜਮਦੂਤ ਲੈਣ ਵੀ ਆਉਂਦੇ, ਸਾਲਿਆਂ ਨੂੰ ਡਾਂਗਾਂ ਮਾਰ-ਮਾਰ ਤੋੜ ਦੇਣਾ ਸੀ ਪਰ ਧੀਆਂ ਦਾ ਦੁੱਖ ਬੁਰਾ, ਏਹ ਲੈ ਬੈਠਾ। ਏਹਨੇ ਅੰਦਰੋਂ-ਅੰਦਰੀ ਖੋਰਤਾ ਲੂਣ ਦੀ ਡਲੀ ਵਾਂਗੂੰ। ਰੱਬ ਨੇ ਪੁੱਤ ਦਿੱਤਾ ਕੋਈ ਨਾ, ਸੋਚਿਆ ਜਵਾਈ ਪੁੱਤਾਂ ਵਰਗੇ ਈ ਹੁੰਦੇ। ਧੀ ਦੇ ਕੇ ਪੁੱਤ ਬਣਾਈਦੇ। ਰੱਬ ਦੀ ਕੈਸੀ ਮਰਜ਼ੀ ... ਦੋ ਧੀਆਂ, ਔਖੇ ਹੋ ਕੇ ਵਿਆਹੀਆਂ, ਦੋਵੇਂ ਈ ਬਾਪ ਦੇ ਬੂਹੇ ਆ ਬੈਠੀਆਂ।” ਅੱਥਰੂ ਆਤੂ ਦੀਆਂ ਅੱਖਾਂ ਵਿਚੋਂ ਨਿਕਲਕੇ ਉਸਦੀ ਵਿਰਲੀ-ਵਿਰਲੀ ਤੇ ਖੋਦੀ ਜਿਹੀ ਦਾੜ੍ਹੀ ਵਿਚ ਗੁਆਚ ਗਏ।

– ਮਛਟਰਾ ! ਪੂਰੇ ਪੱਚੀ ਸਾਲ ਐਨਾ ਬੁੱਢੇ ਹੱਡਾਂ ਨਾਲ ਮੇਹਨਤ ਕਰਕੇ ਦੋਵੇਂ ਧੀਆਂ ਦੇ ਜੀਅ-ਜੰਤ ਨੂੰ ਪਾਲਿਆ। ਜਿੰਨ੍ਹਾ ਚਿਰ ਵਿਧਵਾ ਧੀਆਂ ਦੀ ਕਬੀਲਦਾਰੀ ਨੀ ਕਿਉਂਟੀ ਗਈ, ਡੋਲ੍ਹਣ ਨੀ ਦਿੱਤਾ ਆਪਣੇ ਆਪ ਨੂੰ, ਪਰ ਹੁਣ ? ਬੱਸ ਹੋਗੀ। ਮਛਟਰਾ, ਕੀ ਦੱਸਾਂ ? ਧੀਆਂ ਦੇ ਦੁੱਖ ਬੁਰੇ।"

– "ਤਾਇਆ ... ਰੱਬ ਨੂੰ ਕੌਣ ਆਖੇ ਇਉਂ ਨੀ ਇਉਂ ਕਰ !" ਮੈਨੂੰ ਸਮਝ ਨਹੀਂ ਸੀ ਆਈ ਕਿ ਆਤੂ ਨਾਲ ਕਿਹੜੇ ਸ਼ਬਦਾਂ ਦੁਆਰਾ ਹਮਦਰਦੀ ਪ੍ਰਗਟਾਈ ਜਾਵੇ।

– "ਮਛਟਰਾ ! ਵੱਡੀ ਕੁੜੀ ਦੇ ਘਰ ਆਲਾ, ਮੋਟਰ ਲਾਰੀ ਦੇ ਅਕਸੀਡੰਟ 'ਚ ਪੂਰਾ ਹੋ ਗਿਆ। ਮੈਂ ਸਬਰ ਕਰ ਲਿਆ ਚਲੋ-ਕੁਜ਼ਰਤ ਦੀ ਮਰਜ਼ੀ। ਛੋਟੀ ਤਾਂ ਸਮਝ ਲੈ ਆਵਦੇ ਹੱਥੀਂ ਰੰਡੀ ਕੀਤੀ।" ਆਤੂ ਨੇ ਗਿਲਾਸੀ ਮੂੰਹ ਨੂੰ ਲਾ ਲਈ।

– "ਆਵਦੇ ਹੱਥੀਂ... ?"

– ਹਾਂਅ ... ਆਵਦੇ ਹੱਥੀਂ।"

– "ਆਵਦੇ ਹੱਥੀਂ ?"

– "ਬਸ ਕਿਸਬ ਈ ਵੈਰੀ ਬਣ ਖਲੋਤਾ ...।" ਆਤੂ ਖਿਲਾਅ ਵਿਚ ਦੇਖਣ ਲੱਗਾ ਜਿਵੇਂ ਬੀਤੀਆਂ ਘਟਨਾਵਾਂ ਦੀਆਂ ਤੰਦਾਂ ਫੜ ਰਿਹਾ ਹੋਵੇ।

–ਤਾਇਆ, ਪੂਰੀ ਗੱਲ ਦੱਸ ... ਮਨ ਹੌਲਾ ਹੋਜੂ।" ਮੈਂ ਆਤੂ ਦੇ ਰਿਸਦੇ ਜ਼ਖ਼ਮ 'ਚੋਂ ਪੱਸ ਕੱਢ ਦੇਣ ਦੀ ਨੀਅਤ ਨਾਲ ਪੁੱਛਿਆ। ਮੈਂ ਸੋਚਿਆ, ਇਸ ਨਾਲ ਆਤੂ ਨੂੰ ਆਰਾਮ ਮਿਲੇਗਾ।

ਆਤੂ ਨੇ ਦੋ ਤਿੰਨ ਲੰਮੇ ਲੰਮੇ ਹਾਉਂਕੇ ਭਰੇ।

– ਮਛਟਰਾ ! ਵਖਤ-ਵਖਤ ਦੀਆਂ ਗੱਲਾਂ। ਕੋਈ ਟੈਮ ਆ, ਆਤੂ ਤੇਰੇ ਸਾਹਮਣੇ ਰਿੱਗੀ ਢਾਹੀ ਬੈਠਾ, ਕੋਈ ਟੈਮ ਸੀ ਏਹੀ ਆਤੂ ਸੌ-ਸੌ ਕੋਹ ਤੱਕ ਮਸ਼ਹੂਰ ਸੀ। ਤੂੰ ਤਾਂ ਹਜੇ ਕੱਲ੍ਹ ਜੰਮਿਆਂ। ਤੇਰਾ ਪਿਉ ਵੀ ਮੈਂ ਹੱਥੀ ਖਿਡਾਇਆ। ਤੈਨੂੰ ਕੀ ਪਤਾ ਆਤੂ ਖੋਜੀ ਬਾਰੇ। ਬਾਹਰਲੇ ਪਿੰਡਾਂ ਆਲੇ ਆਪਣੇ ਪਿੰਡ ਨੂੰ ਆਤੂ ਖੋਜੀ ਆਲਾ ਬੁੱਟਰ ਆਂਹਦੇ ਸੀ। ਮਾਰ ਬਠਿੰਡੇ ਮਾਨਸੇ ਤੱਕ ਦੇ ਲੋਕ ਲਿਜਾਂਦੇ ਸੀ ਪੈੜ ਕਢਵਾਉਣ ਵਾਸਤੇ।" ਆਤੂ ਉਠ ਕੇ ਗੰਦਲ ਤੋੜਨ ਚਲਾ ਗਿਆ। ਭਾਵੇਂ ਉਹ ਮੇਰੀ ਸੁਰਤ ਤੋਂ ਪਹਿਲਾਂ ਹੀ ਖੋਜ ਪੁਣੇ ਦਾ ਕੰਮ ਛੱਡ ਚੁੱਕਾ ਸੀ ਪਰ ਉਸ ਦੇ ਇਕ ਮੰਨਿਆ ਦੰਨਿਆ ਖੋਜੀ ਰਿਹਾ ਹੋਣ ਬਾਰੇ ਮੈਨੂੰ ਪਤਾ ਸੀ। ਆਤੂ ਨੂੰ ਪਿੰਡ ਦੇ ਲੋਕ ਅਜੇ ਵੀ ਆਤੂ ਖੋਜੀ ਹੀ ਆਖਦੇ ਸਨ। ਆਤੂ ਬਾਰੇ ਮਸ਼ਹੂਰ ਸੀ ਕਿ ਚੋਰੀ ਦੇ ਜਿਸ ਮਾਮਲੇ ਦੀ ਪੈੜ ਕੱਢਣ ਦਾ ਕੰਮ ਆਪਣੇ ਹੱਥ ਲੈ ਲੈਂਦਾ ਸੀ, ਚੋਰ ਫੜ੍ਹੇ ਜਾਣ ਦੇ ਡਰੋਂ ਰਾਤ-ਬਰਾਤੇ ਚੋਰੀ ਕੀਤਾ ਸਮਾਨ ਮਾਲਕਾਂ ਦੇ ਘਰ ਸੁੱਟ ਜਾਂਦਾ ਸੀ। ਕਈ ਤਾਂ ਗਿੜਗਿੜਾ ਕੇ ਘਰਵਾਲਿਆਂ ਤੋਂ ਜਾਨ ਬਖਸ਼ੀ ਕਰਵਾ ਲੈਂਦੇ ਸਨ। ਮੈਂ ਇਹ ਵੀ ਸੁਣਿਆ ਸੀ ਕਿ ਜਿਥੇ ਦੂਜੇ ਖੋਜੀ ਕਈ ਵਾਰ ਚੋਰਾਂ ਨਾਲ ਰਲ ਜਾਂਦੇ ਸਨ ਉਥੇ ਆਤੂ ਅਜਿਹਾ ਨਹੀਂ ਸੀ ਕਰਦਾ। ਬਾਪੂ ਦਸਦਾ ਹੁੰਦਾ ਸੀ ਕਿ ਆਤੂ ਖੋਜੀ ਦੇ ਨਾਂ ਤੋਂ ਹੀ ਚੋਰ-ਭੈਅ ਖਾਂਦੇ ਸਨ। ਇਲਾਕੇ ਦੇ ਪੱਕੇ ਚੋਰਾਂ ਪੈਸੇ ਦੇ ਕੇ ਆਤੂ ਨੂੰ ਆਪਣੇ ਨਾਲ ਗੰਢਣ ਦੀ ਕੋਸ਼ਿਸ਼ ਵੀ ਕੀਤੀ। ਫੇਰ ਵਾਹ ਨਾ ਚੱਲਦੀ ਵੇਖ ਕੇ ਆਤੂ ਨੂੰ ਮਾਰਨ ਦੀ ਚਾਲ ਵੀ ਚੱਲੀ ਪਰ ਚੰਗੀ ਕਿਸਮਤ ਨੂੰ ਆਤੂ ਬਚ ਗਿਆ ਸੀ।

–ਮਛਟਰਾ ! ਆਪਣੇ ਕਿਸਬ ਨੂੰ ਇਮਾਨਦਾਰੀ ਨਾਲ ਕਰਨਾ ਈ ਬੰਦੇ ਦਾ ਧਰਮ ਹੁੰਦਾ। ਜਿਮੇਂ ਤੂੰ ਮਛਟਰੀ ਕਰਦੈਂ, ਪੜ੍ਹਾਉਣਾ ਤੇਰਾ ਧਰਮ ਐ। ਬਾਜੇ ਬਾਜੇ ਬੰਦੇ ਏਹ ਗੱਲ ਨ੍ਹੀਂ ਸਮਝਦੇ। ਆਹ ਸੂਰਜ ਮੱਥੇ ਲੱਗਦਾ, ਮੈਂ ਆਪਣੇ ਕਿਸਬ ਨੂੰ ਧਰਮ ਸਮਝਦਾ ਰਿਹਾਂ, ਏਸੇ ਕਰਕੇ ਛੋਟੀ ਕੁੜੀ ਬੂਹੇ ਬਹਾਈ।" ਆਪਣੀ

ਗੱਲ ਦੇ ਹੁੰਗਾਰੇ ਲਈ ਆਤੂ ਗਹੁ ਨਾਲ ਮੇਰੀਆਂ ਅੱਖਾਂ ਵਿਚ ਝਾਕਿਆ। ਮੈਨੂੰ ਆਪਣੇ ਆਪ ਤੇ ਸ਼ਰਮ ਆਈ। ਮੈਂ ਤਲਵੰਡੀ ਆਪਣੇ ਹੁਣ ਵਾਲੇ ਸਕੂਲ ਪਹੁੰਚ ਗਿਆ ਸਾਂ। ਕਲਾਸ ਅੰਦਰ ਕੁਰਸੀ ਵਿਚ ਘੁਸਿਆ ਅਤੇ ਮੂਹਰਲੇ ਟੇਬਲ ਤੇ ਲੱਤਾਂ ਪਸਾਰੀ ਪਿਆ ਸਾਇੰਸ ਮਾਸਟਰ ਮੱਖਣ ਸਿੰਘ ਮੇਰੀਆਂ ਅੱਖਾਂ ਅੱਗੇ ਆ ਖੜੋਤਾ।

– ਸੰਘੂ ਸੈਬ੍ਹ ... ਐਸ਼ ਕਰਿਆ ਕਰੋ ਐਸ਼। ਐਵੇਂ ਨਾ ਮੱਥਾ ਮਾਰਿਆ ਕਰੋ ਕੋਟੇ ਆਲਿਆਂ ਨਾਲ ... ਇਨ੍ਹਾਂ ਪੜ੍ਹਕੇ ਆਪਣੇ ਹੈਡਮਾਸਟਰ ਵਾਂਗੂੰ ਆਪਣੇ ਜੁਆਕਾਂ 'ਤੇ ਈ ਅਫ਼ਸਰ ਆ ਲੱਗਣਾ। ਆਪਣੇ ਐਕਸ਼ਨ ਦਾ ਉਲਟਾ ਰੀਐਕਸ਼ਨ ਹੋਣਾ। ਸੁਣਿਆ ਨੀ, ਐਕਸ਼ਨ ਐਂਡ ਰੀਐਕਸ਼ਨ ਆਰ ਈਕੁਅਲ ਐਂਡ ਆਪੋਜ਼ਿਟ। ਇਹ ਸਾਲਾ ਚੀਂਗਰਪੋਟ ਅਨਪੜ੍ਹ ਈ ਠੀਕ ਐ। ਨਾ ਪੜ੍ਹਨ ਨਾ ਕੁਰਸੀਆਂ ਸਾਂਭਣ। ਕੀ ਖਿਆਲ ?" ਮਾਸਟਰ ਮਾਨ ਹੱਥ 'ਤੇ ਹੱਥ ਮਾਰ ਕੇ ਹੱਸਿਆ, ਜਿਵੇਂ ਸਾਰੇ ਸਿੱਖਿਆ ਢਾਂਚੇ ਨੂੰ ਦੰਦੀਆਂ ਚਿੜਾ ਰਿਹਾ ਹੋਵੇ। ਮੈਂ ਉਸਦੀ ਗੱਲ ਅਣਸੁਣੀ ਕਰਕੇ ਤੁਰ ਪਿਆ ਸਾਂ।

– ਇਕ ਤਾਂ ਇਨ੍ਹਾਂ ਨੂੰ ਕਾਮਰੇਡੀ ਨੀ ਟਿਕਣ ਦਿੰਦੀ ...।" ਆਵਦੇ ਵਲੋਂ ਉਸ ਨੇ ਮੈਨੂੰ ਭੱਦੀ ਗਾਲ ਕੱਢੀ ਸੀ।

– ਸੁਣਦੈਂ ?" ਆਤੂ ਦੀ ਆਵਾਜ਼ ਨੇ ਮੈਨੂੰ ਨੀਂਦ 'ਚੋਂ ਕੱਢ ਲਿਆਂਦਾ।

– ਹਾਂਅ !"

– ਕੀ ਆਖਿਆ ਭਲਾ ?" ਆਤੂ ਨੂੰ ਲੱਗਾ ਸੀ ਜਿਵੇਂ ਮੈਂ ਉਸ ਦੀ ਗੱਲ ਧਿਆਨ ਨਾਲ ਨਹੀਂ ਸੀ ਸੁਣ ਰਿਹਾ।

– ਏਹੀ ਕਿ ਆਪਣੇ ਕਿਸਬ ਨੂੰ ਇਮਾਨਦਾਰੀ ਨਾਲ ਕਰਨਾ ਈ ਬੰਦੇ ਦਾ ਅਸਲੀ ਧਰਮ ਹੁੰਦਾ। ਏਸ ਧਰਮ ਨੂੰ ਨਿਭਾਉਣ ਲਈ ਕੁਰਬਾਨੀਆਂ ਵੀ ਕਰਨੀਆਂ ਪੈਂਦੀਆਂ।" ਮੇਰੇ ਜੁਆਬ ਨਾਲ ਆਤੂ ਸੰਤੁਸ਼ਟ ਹੋ ਗਿਆ ਸੀ।

–ਮਛਟਰਾ ! ਮਾੜਾ ਜਿਹਾ ਧਰਮ ਛੱਡਣ ਦੀ ਲੋੜ ਸੀ, ਰੁਪਈਏ ਭਮੇ ਫਹੁੜੀ ਨਾਲ ਕੱਠੇ ਕਰ ਲੈਂਦਾ। ਨਹੀਂ ਛੱਡਿਆ। ਮਛਟਰਾ, ਧਰਮ ਨੀਂ ਛੱਡਿਆ ਮੈਂ। ਧੀ ਜ਼ਰੂਰ ਬੂਹੇ ਬਹਾਲੀ ਪਰ ਧਰਮ ਨੀ ਛੱਡਿਆ ਆਤੂ ਖੋਜੀ ਨੇ।" ਨਸ਼ਾ ਆਤੂ ਦੇ ਸਿਰ ਉੱਤੋਂ ਦੀ ਹੋ ਗਿਆ ਸੀ ਜਾਂ ਫਿਰ ਯਾਦਾਂ ਨੇ ਹੀ ਆਤੂ ਨੂੰ ਬੌਰਾ ਕਰ ਦਿੱਤਾ ਸੀ।

– ਹੱਲੂ ਪੱਤੀ ਆਲੇ ਜੂੰ ਖਾਣੇ ਲੱਭੂ ਨੂੰ ਜਾਣਦੈਂ ?"

– "ਜਾਣਦਾਂ !"

– ਏਹਨਾਂ ਦਾ ਬੁੜਾ ਹੁੰਦਾ ਸੀ ਨੌਹਰੀਆਂ। ਬੜਾ ਔਂਤਰਾ ਬੁੜਾ ਸੀ। ਕੰਜਰ ਨੇ ਗਰੀਬ–ਗੁਰਬੇ ਨੂੰ ਦਾਸਾ–ਬੀਸਾ ਦੇ ਕੇ ਵਹੀ ਤੇ ਗੂੰਠਾ ਲਵਾ ਲੈਣਾ। ਵਿਆਜ 'ਤੇ ਵਿਆਜ ਲਾ ਕੇ ਡੂਢਾ–ਸਵਾਇਆ ਕਰੀ ਜਾਣਾ। ਰੱਤ ਚੂਸ ਲੈਂਦਾ ਸੀ ਅਗਲੇ ਦੀ। ਏਨ੍ਹਾਂ ਦੇ ਸੀਰੀ ਹੁੰਦਾ ਸੀ ਗੁੱਦੜ ਮਜ਼੍ਹਬੀ। ਕੇਰਾਂ ਵਿਚਾਰੇ ਦੀ ਘਰਆਲੀ ਬਿਮਾਰ–ਠਮਾਰ ਹੋਗੀ। ਉਸਨੂੰ ਦਾਸਾ–ਬੀਸਾ ਫੜਨਾ ਪੈ ਗਿਆ ਜੂੰ ਖਾਣੀਏ ਤੋਂ। ਏਹਨੇ ਵਿਆਜ 'ਤੇ ਵਿਆਜ, ਵਿਆਜ 'ਤੇ ਵਿਆਜ ਲਾ ਕੇ ਬਣਾ ਧਰੀ ਰਕਮ। ਗੁੱਦੜ ਵਿਚਾਰੇ ਤੋਂ ਦੇ ਕਿੱਥੋਂ ਹੋਣੀ ਸੀ। ਨੌਹਰੀਏ ਨੇ ਏਸੇ ਰਕਮ ਦੇ ਵੱਟੇ ਗੁੱਦੜ ਦੀ ਸੱਜਰ ਸੂਈ ਝੋਟੀ ਕਿੱਲੇ ਤੋਂ ਖੋਹਲ ਲੀ। ਵਿਚਾਰੇ ਗਰੀਬ ਦੇ

ਢਿੱਡ 'ਤੇ ਲੱਤ ਮਾਰੀ।"

– ਹੱਤ ਤੇਰੇ ...।" ਮੈਂ ਨੌਹਰੀਆਂ ਬੁੜਾ ਦੇਖਿਆ ਨਹੀਂ ਸੀ ਪਰ ਉਸਦੀ ਥਾਵੇਂ ਗੁਲਵੰਤ ਸਿੰਘ ਦਾ ਚਿਹਰਾ ਮੇਰੀਆਂ ਅੱਖਾਂ ਅੱਗੇ ਆ ਗਿਆ।

– ਮਛਟਰਾ! ਕਰਨੀ ਰੱਬ ਦੀ, ਜੁੰ ਖਾਨਿਆਂ ਦੇ ਕਿੱਲੇ ਤੋਂ ਚੋਰ ਰਾਤ-ਬਰਾਤੇ ਝੋਟੀ ਖੋਹਲਣ ਆ ਪਿਆ। ਨੌਹਰੀਏ ਕਾ ਬਿਮਾਰੀ ਖਾਧਾ ਬੁੜਾ ਪਿਆ ਸੀ ਪਸ਼ੂਆਂ ਦੀ ਰਾਖੀ। ਮਾੜੀ ਕਿਸਮਤ, ਉਹਨੂੰ ਕਿਤੇ ਜਾਗ ਆਗੀ। ਉਹਨੇ ਚੋਰ ਨੂੰ ਪਿੱਛੋਂ ਜੱਫ਼ਾ ਮਾਰ ਲਿਆ। ਅੱਗਿਉਂ ਚੋਰ ਸੀ ਮੁੰਡਾ-ਖੁੰਡਾ, ਉਹਨੇ ਬੁੜੇ ਨੂੰ ਭੁਆਂ ਮਾਰਿਆ। ਬੁੜਾ ਕਿਤੇ ਰੌਲਾ ਨਾ ਪਾ ਦੇਵੇ ਚੋਰ ਨੇ ਗੋਹਾ ਹਟਾਉਣ ਆਲਾ ਫਹੁੜਾ ਬੁੜੇ ਦੇ ਸਿਰ 'ਚ ਟਿਕਾਤਾ। ਬੁੜਾ ਤਾਂ ਰੇਲ ਦੇ ਕੰਨ ਆਗੂੰ ਉਥੇ ਹੀ ਟੇਡਾ ਹੋ ਗਿਆ। ਚੋਰ ਲੈ ਗਿਆ ਸਣੇ ਕਟਰੂ ਝੋਟੀ ਖੋਹਲ ਕੇ।"

– ਸੁਆਦ ਆ ਗਿਆ!" ਮੈਨੂੰ ਅਥਾਹ ਖੁਸ਼ੀ ਹੋਈ। ਬਿਲਕੁਲ ਉਸੇ ਤਰ੍ਹਾਂ ਦੀ ਖੁਸ਼ੀ ਜਿਹੋ ਜਿਹੀ ਮਾਸਟਰ ਮੱਖਣ ਸਿੰਘ ਦੇ ਫਰਜ਼ੰਦ ਦੇ ਪ੍ਰੀਪ ਵਿਚੋਂ ਲਗਾਤਾਰ ਦੂਜੀ ਵਾਰ ਫ਼ੇਹਲ ਹੋ ਜਾਣ ਬਾਰੇ ਪਤਾ ਲੱਗਣ 'ਤੇ ਹੋਈ ਸੀ। ਮੱਖਣ ਸਿੰਘ ਮਾਸਟਰ ਆਪਣੇ ਇਸ ਫਰਜ਼ੰਦ ਨੂੰ ਡਾਕਟਰ ਬਣਾਉਣ ਦੇ ਸੁਪਨੇ ਲੈਂਦਾ ਰਹਿੰਦਾ ਸੀ।

– ਲਉ ਜੀ, ਦੁਪਹਿਰ ਨੂੰ ਥਾਣਾ ਚੜ੍ਹਕੇ ਆ ਗਿਆ। ਚੋਰੀ ਤੋਂ ਵਧ ਕੇ ਮਾਮਲਾ ਕਤਲ ਅਤੇ ਡਾਕੇ ਦਾ ਬਣ ਗਿਆ। ਸਪਾਟਿਆਂ ਨੇ ਖੋਜੀ ਕੁੱਤੇ ਲਿਆਂਦੇ। ਉਹਨ੍ਹਾਂ ਇਧਰ-ਉਧਰ ਨੱਕ ਮੂੰਹ ਮਾਰਿਆ। ਪੈੜਾਂ ਸੁੰਘਦੇ ਥੋੜੀ ਦੂਰ ਗਏ ਤੇ ਪਿੰਡ ਆਲੇ ਟਿੱਬਿਆਂ 'ਚ ਜਾ ਕੇ ਬਹਿਗੇ। ਅਗਾਂਹ ਤੁਰਨ ਈ ਨਾ। ਥਾਣੇਦਾਰ ਤੇ ਸਪਾਟੇ ਸਿਰ ਫੇਰ ਗਏ। ਜਾਣ ਤਾਂ ਕਿਧਰ ਜਾਣ? ਫੇਰ, ਜੁੰ ਖਾਨਿਆ ਸਪਾਟਿਆਂ ਨੂੰ ਹੱਥ ਪੱਲਾ ਝਾੜਿਆ ਕੋਈ ਨਾ। ਉਹਨਾਂ ਕਾਗਤੀਂ ਪੱਤਰੀਂ, ਤਿੰਨ ਪੰਜ ਕੀਤੀ ਤੇ ਤੁਰਗੇ। ਪਿੰਡ 'ਦੇ ਸਿਆਣੇ ਬੰਦਿਆਂ ਜੁੰ ਖਾਨਿਆਂ ਨੂੰ ਰੈਅ ਦਿੱਤੀ ਅਖੇ ਆਤੂ ਨੂੰ ਲਿਆਉ। ਉਹ ਕੱਢੂ ਖੁਰਾ ਖੋਜ। ਬੰਦੇ ਕੱਠੇ ਹੋ ਕੇ ਮੇਰੇ ਕੋਲ ਆਗੇ। ਮੈਂ ਅੱਗੋਂ ਸਤਿ ਬਚਨ ਆਖ ਦਿੱਤਾ। ਤੈਨੂੰ ਪਤਾ ਸਾਡੀ ਕੌਮ ਗੁਰੂ ਗੁਸਾਂਈ ਨੂੰ ਬੜਾ ਮੰਨਦੀ ਆ। ਮੈਂ ਗੁਰੂ ਗੁਸਾਂਈ ਨੂੰ ਧਿਆਇਆ, ਮੱਥਾ ਟੇਕਿਆ ਤੇ ਜਾ ਪੈੜ ਨੱਪੀ।"

– ਖੋਜੀ ਨੂੰ ਪੈੜ ਦੀ ਪਛਾਣ ਕਿਵੇਂ ਆ ਜਾਂਦੀ?" ਮੈਂ ਪੁੱਛਿਆ।

– ਮਛਟਰਾ ! ਜਿਵੇਂ ਤੁਸੀਂ ਜੁਆਕਾਂ ਦੀ ਲਿਖਾਈ ਪਛਾਣ ਲੈਨੇ ਓਂ, ਉਵੇਂ-ਜਿਵੇਂ ਸਾਨੂੰ ਪੈੜ ਦੀ ਸਿਆਣ ਆ ਜਾਂਦੀ। ਕੁਜ਼ਰਤ ਵਲੋਂ ਕਿਸੇ ਬੰਦੇ ਦਾ ਪੈਰ ਦੂਜੇ ਬੰਦੇ ਦੇ ਪੈਰ ਨਾਲ ਨੀ ਰਲਦਾ। ਇਕ ਦੀ ਤੋਰ ਵੀ ਨਈਂ ਰਲਦੀ ਦੂਜੇ ਨਾਲ। ਕਿਸੇ ਦਾ ਪੈਰ ਲੰਮਾ ਹੁੰਦਾ ਕਿਸੇ ਦਾ ਮਧਰਾ। ਕੋਈ ਚਪਟਾ ਹੁੰਦਾ, ਕੋਈ ਡੂੰਘ ਆਲਾ। ਕਿਸੇ ਦੀਆਂ ਉਂਗਲਾਂ ਲੰਮੀਆਂ ਹੁੰਦੀਆਂ ਕਿਸੇ ਦੀਆਂ ਛੋਟੀਆਂ। ਕਿਸੇ ਦੇ ਪੈਰ ਦਾ ਅੰਗੂਠਾ ਮੋਟਾ ਹੁੰਦਾ ਕਿਸੇ ਦਾ ਪਤਲਾ। ਕਿਸੇ ਦੀ ਅੱਡੀ ਚੌੜੀ ਹੁੰਦੀ, ਚਾਪੜ ਅਰਗੀ। ਇਵੇਂ ਤੋਰ ਦਾ ਹੁੰਦਾ। ਤੁਰਨ ਲੱਗੇ ਕਿਸੇ ਦਾ ਪੱਬ ਧਰਤੀ 'ਤੇ ਪੂਰਾ ਲੱਗਦਾ ਕਿਸੇ ਦਾ ਅੱਧਾ। ਕੋਈ ਉਂਗਲਾਂ ਦਬਾ ਕੇ ਤੁਰਦਾ ਏ ਤਾਂ ਕੋਈ ਅੱਡੀ 'ਤੇ ਜ਼ੋਰ ਦੇ ਕੇ। ਕਈਆਂ ਦੇ ਤੁਰਦਿਆਂ ਅੱਡੀ ਭੁੰਜੇ ਲੱਗਦੀ ਈ ਨ੍ਹੀ। ਕਈ ਟੇਡੇ ਰੋਕ ਪੈਰ ਚੱਕਦੇ। ਕਈ...।"

– ਤਾਇਆ ਸਿਆ! ਤੂੰ ਪੈੜ ਜਾ ਨੱਪੀ, ਫੇਰ ਕੀ ਹੋਇਆ?" ਮੈਂ ਵਿਚਾਲਿਉਂ ਟੋਕ ਦਿੱਤਾ। ਮੈਨੂੰ ਲੱਗਾ ਪੈੜਾਂ ਦੀ ਤਫ਼ਸੀਲ ਦੱਸਦਾ ਆਤੂ ਕਿਤੇ ਸ਼ੁਰੂ ਕੀਤੀ ਤਵਾਰੀਖ਼ ਭੁੱਲ ਹੀ ਨਾ ਜਾਵੇ।

– ਭਤੀਜ ! ਮੈਂ ਪੈੜ ਫੜੀ ਤੇ ਹੋ ਲਿਆ ਪੈੜ ਦੇ ਮਗਰ ! ਪਿੰਡ ਦੀ ਖ਼ਲਕਤ ਮੇਰੇ ਮਗਰ–ਮਗਰ। ਤੈਨੂੰ ਪਤਾ ਈਆ, ਤਮਾਸ਼ਾ ਦੇਖਣ ਆਲੇ ਭੂੰਡਾਂ ਦੀ ਖੱਖਰ ਆਗੂੰ ਆ ਜੁੜਦੇ। ਹੋ–ਹੋਅ ਕਰਦੀ ਮੁੰਡੀਹਰ ਮਗਰੇ ਤੁਰੀ ਆਵੇ। ਮੈਂ ਪੈੜ ਸਿਆਣਦਾ–ਸਿਆਣਦਾ ਲੈ ਆਇਆ ਗੱਜੂਪੁਰੇ। ਬੁੱਟਰਾਂ ਤੋਂ ਪੰਜਵੇਂ ਪਿੰਡ। ਗੱਜੂਪੁਰੇ ਪਿੰਡ 'ਚ ਆ ਕੇ ਪੈੜ ਔਂਟਲ ਗੀ। ਮੈਂ ਜੂੰ ਖਾਣੀਏ ਨੌਂਹਰੀਏ ਨੂੰ ਆਖਿਆ ਥੋਡਾ ਚੋਰ ਐਸੇ ਪਿੰਡ ਐ। ਥੋਡੀ ਮੱਝ ਐਦੂੰ ਗਾਂਹ ਨੀ ਗਈ। ਚੋਰ ਵੀ ਐਸ ਪਿੰਡ ਤੋਂ ਗਾਂਹ ਨਹੀਂ ਗਿਆ।"

– ਗੱਜੂਪੁਰੇ ਆ ਕੇ ਪੈੜ ਕਿਵੇਂ ਗੁਆਚਗੀ ?" ਗੱਲ ਮੇਰੀ ਸਮਝੋਂ ਬਾਹਰ ਹੋ ਚੱਲੀ ਸੀ।

– ਮਛਟਰਾ ! ਚੋਰੀ ਆਲੀ ਗੱਲ ਨੂੰ ਤੀਆ ਦਿਨ ਹੋ ਗਿਆ ਸੀ। ਪਿੰਡ 'ਚ ਸੁਆਣੀਆਂ ਬਹੁਕਰ–ਬਹਾਰੀ ਕਰ ਦਿੰਦੀਆਂ। ਮਿਟ ਜਾਂਦੀਆਂ ਪੈੜਾਂ। ਬਾਕੀ ਪਿੰਡ 'ਚ ਆਵਾਜਾਈ ਵੀ ਹੁੰਦੀ ਰਹਿੰਦੀ ਆ। ਪੈੜਾਂ ਤੇ ਪੈੜਾਂ ਚੜ ਜਾਂਦੀਆਂ। ਆਏਂ ਪੈੜ ਦਾ ਪੂਰਾ ਲੱਖਣ ਨੀ ਲੱਗਦਾ। ਡਰ ਰਹਿੰਦਾ ਐ ਨਜ਼ੈਜ਼ ਬੰਦੇ ਘਰ ਨਾ ਚਲੇ ਜਾਈਏ। ਐਮੇ ਖਾਹ–ਮਖਾਹ ਕੋਈ ਔਬੜ ਬੰਦਾ ਫਸਜੇ। ਕਈ ਬਾਜੇ–ਬਾਜੇ ਖੋਜੀ ਫਸਾ ਵੀ ਦਿੰਦੇ ਸੀਗੇ ਮਾਤੜ–ਤੁਮਾਤੜ ਨੂੰ।"

– ਰਹਿਗੀ ਫਿਰ ਵਿੱਚੇ ਕੀਤੀ ਕੱਤਰੀ ?"

– ਕਾਹਨੂੰ ? ਆਤੂ ਦੇ ਹੁੰਦਿਆਂ–ਸੁੰਦਿਆਂ ਕਿੱਥੇ ਰਹਿਣੀ ਸੀ। ਮੈਂ ਆਖਿਆ ਮੈਨੂੰ ਪਿੰਡ ਦੇ ਕੱਲੇ–ਕੱਲੇ ਬੰਦੇ ਦੀ ਪੈੜ ਦਿਖਾ ਦਿਉ, ਮੈਂ ਚੋਰ ਦੀ ਪੈੜ ਸਿਆਣ ਦੂੰ। ਨਾਲ ਗਏ ਬੰਦਿਆਂ ਗੱਜੂਪੁਰੀਏ ਸਰਪੈਂਚ ਨਾਲ ਗੱਲ ਕੀਤੀ। ਸਰਪੈਂਚ ਮੇਰਾ ਵੀ ਵਾਕਫ਼ ਸੀ। ਛੋਟੀ ਕੁੜੀ ਉਥੇ ਈ ਤਾਂ ਵਿਆਹੀ ਸੀ। ਕੁੜੀ ਕੋਲ ਆਉਣ–ਜਾਣ ਤਾਂ ਬਣਿਆ ਈ ਰਹਿੰਦਾ ਸੀ। ਨਾਲੇ ਇਲਾਕੇ 'ਚ ਐਹੇ ਜਾ ਕਿਹੜਾ ਬੰਦਾ ਸੀ ਜਿਹੜਾ ਆਤੂ ਨੂੰ ਭੁੱਲਿਆ ਹੋਵੇ। ਸਰਪੈਂਚ ਨੇ ਆਵਦੇ ਪੰਚੈਤੀ ਬੰਦਿਆਂ ਨਾਲ ਗੱਲ ਕੀਤੀ। ਫੈਂਸਲਾ ਹੋਇਆ ਵਈ ਪਿੰਡ ਦੇ ਅਠਾਰਾਂ ਸਾਲ ਤੋਂ ਉੱਤੇ ਆਲੇ ਬੰਦਿਆਂ ਦੀ ਪੈੜ ਵੇਖੀ ਜਾਵੇ। ਸਪੀਕਰ 'ਚ ਲੋਸਮੈਂਟ ਕਰਤੀ ਵਈ ਜਿਹੜਾ ਘਰੇ ਰਿਹਾ, ਸਮਝ ਲੋ ਉਹੀ ਚੋਰ ਆ ਬੁੱਟਰ ਆਲਿਆਂ ਦੀ ਚੋਰੀ ਉਹਦੇ ਨਾਉਂ ਲੱਗੂ। ਘਰੇ ਫਿਰ ਕੀਹਨੇ ਰਹਿਣਾ ਸੀ ? ਸਾਰਾ ਪਿੰਡ ਆ ਕੱਠਾ ਹੋਇਆ ਸ਼ਾਮਲਾਟ 'ਚ।"

– ਲੈ ...!" ਆਤੂ ਦੀ ਸਿਖਰ ਵੱਲ ਜਾਂਦੀ ਕਹਾਣੀ ਨੇ ਮੇਰੀ ਉਤਸੁਕਤਾ ਵਧਾ ਦਿੱਤੀ।

– ਮੇਲਾ ਲੱਗ ਗਿਆ ਉਥੇ ਤਾਂ। ਦੋ ਪਿੰਡ ਤਾਂ ਜੁੜੇ ਵੇ ਸੀ। ਮੈਂ ਕਹੀ ਮੰਗਾ ਕੇ ਥੋੜੀ ਜਿਹੀ ਥਾਂ ਪੁੱਟ ਕੇ ਮਿੱਟੀ ਪੋਲੀ ਕਰਾ ਲਈ। ਵਾਰੋ–ਵਾਰੀ ਕੱਲਾ ਬੰਦਾ ਮਿੱਟੀ 'ਤੋਂ ਦੀ ਲੰਘਣ ਲੱਗਾ। ਆਪਣੀ ਕੁੜੀ ਦੇ ਪ੍ਰਹੁਣੇ ਹੱਥੀਂ ਝਾੜੂ ਫੜਿਆ ਵਿਐ ਸੀ। ਜਦੋਂ ਕੋਈ ਬੰਦਾ ਲੰਘਜੇ, ਮੈਂ ਪੈੜ ਧਿਆਨ ਨਾਲ ਦੇਖਾਂ। ਮੇਰੇ ਨਾਂਹ ਵਿਚ ਸਿਰ ਫੇਰਦਿਆਂ ਹੀ ਪ੍ਰਾਹੁਣਾ ਪੈੜ ਸਾਫ਼ ਕਰ ਦੇਵੇ। ਲਉ ਜੀ, ਇਕ–ਇਕ ਕਰਕੇ ਸਾਰਾ ਪਿੰਡ ਲੰਘ ਗਿਆ। ਕੱਠ 'ਚੋਂ ਆਵਾਜਾਂ ਵੀ ਆਈ ਜਾਣ ਅਖੇ ਆਤੂਆ, ਕਿਉਂ ਭਕਾਈ ਕਰਾਉਨਾ ਪਿੰਡ ਆਲਿਆਂ ਦੀ, ਐਂਤਕੀ ਨੀ ਚੱਲਣੀ ਤੇਰੀ ਕਾਰਾਗਰੀ। ਪਰੇਸ਼ਾਨ ਮੈਂ ਵੀ ਸੀਗਾ। ਪਿਛੇ ਰਹਿ ਗਿਆ ਕੱਲ੍ਹਾ ਜੁਆਈ। ਉਹਦੇ ਬਾਰੇ ਕਿਸੇ ਪਿੰਡ ਆਲੇ ਨੂੰ ਚਿੱਤ ਚੇਤਾ ਈ ਨਾ। ਮੈਂ ਪ੍ਰਾਹੁਣੇ ਨੂੰ ਆਖਿਆ, "ਲਿਆ ਵਈ ਜੁਆਨਾ, ਝਾੜੂ ਫੜਾ ਮੈਨੂੰ ਤੇ ਲੰਘ ਤੂੰ ਵੀ ਭਉਜਲ।" ਲਉ ਜੀ ਪ੍ਰਾਹੁਣਾ ਪੋਲੇ ਪੋਲੇ ਪੈਰੀਂ ਲੰਘ ਗਿਆ। ਮੈਂ ਧਿਆਨ ਨਾਲ ਪੈੜ ਦੇਖੀ ਗਿਆ। ਮੇਰਾ ਸਿਰ ਚਕਰਾਉਣ ਲੱਗ ਪਿਆ। ਸਿਰ ਵਿੱਚ ਜਿਵੇਂ ਬੰਬ ਫਟਣ ਲੱਗੇ। ਮੈਂ ਸਿਰ ਫੜ ਕੇ ਬੈਠ ਗਿਆ। ਲੋਕ ਹੈਰਾਨ।"

–"ਹੱਛਾ !" ਆਪ ਮੁਹਾਰੇ ਮੇਰੇ ਮੂੰਹੋਂ ਨਿਕਲ ਗਿਆ।

– ਡਮਾਕ ਕੁਛ ਦਾ ਕੁਛ ਸੋਚ ਗਿਆ। ਸੋਚਿਆ ਜੂੰ ਖਾਣੀਏ ਦੀ ਕਿਹੜਾ ਦਸਾਂ ਨੂੰਹਾਂ ਦੀ ਕਿਰਤ ਐ। ਇਹਨੇ ਵਿਚਾਰੇ ਗਰੀਬ ਗੁੱਦੜ ਨਾਲ ਗਰੀਬ ਮਾਰ ਕੀਤੀ ਐ। ਜੇ ਚੋਰੀ ਨਾ ਵੀ ਫੜੀ ਗਈ ਕਿਹੜਾ ਸਾਲੇ ਜੂੰ ਖਾਣੇ ਨੌਹਰੀਏ ਦੀ ਕੋਈ ਗੁੱਠ ਲਿਸੀ ਪੈਜੂ। ਮਛਟਰਾ! ਵਿਧਵਾ ਹੋ ਕੇ ਘਰੇ ਬੈਠੀ ਧੀ ਮੇਰੀਆਂ ਅੱਖਾਂ ਅੱਗੇ ਆ ਖੜੋਤੀ। ਵਾਰ-ਵਾਰ ਡਮਾਕ 'ਚ ਏਹੀ ਆਈ ਜਾਵੇ ਵਈ ਇਕ ਤਾਂ ਵਿਧਵਾ ਹੋ ਕੇ ਆਈ ਆ, ਦੂਜੀ ਨੂੰ ਕਿਉਂ ਬਹਾਵਾਂ। ਕਤਲ ਡਾਕੇ ਦੇ ਕੇਸ 'ਚ ਪ੍ਰਾਹੁਣਾ ਫਾਹੇ ਲੱਗੂ, ਨਹੀਂ ਵੀਹ ਸਾਲੀ ਤਾਂ ਬੱਝੂ ਈ ਬੱਝੂ। ਮੈਂ ਨਾਂਹ ਵਿਚ ਸਿਰ ਮਾਰਨ ਦਾ ਫੈਸਲਾ ਕੀਤਾ ਪਰ ਸਿਰ ਤਾਂ ਸੱਜੇ-ਖੱਬੇ ਹਿੱਲੇ ਈ ਨਾ। ਫੇਰ ਜਾਣੀਦਾ ਅੰਦਰੋਂ ਵਾਜ਼ ਆਈ, 'ਆਤੂਆ ਏਹ ਕੋਈ ਧਰਮ ਨ੍ਹੀਂ। ਨਸਾਫ਼ ਨ੍ਹੀ। ਤੇਰੇ ਆਵਦੇ ਨਾਲ ਵੀ ਨਸਾਫ਼ ਨੀ, ਰੱਬ ਨਾਲ ਵੀ ਨਸਾਫ਼ ਨ੍ਹੀ। ਕੁਜ਼ਰਤ ਨੇ ਤੇਰੇ ਹੱਥ ਨਸਾਫ਼ ਦੀ ਤੱਕੜੀ ਦਿੱਤੀ ... ਸੱਚੋ-ਸੱਚ ਤੋਲ।' ਫੇਰ ਮਛਟਰਾ ...।" ਆਤੂ ਦੀ ਆਵਾਜ਼ ਭਾਰੀ ਹੋਣ ਲੱਗੀ। ਉਹਦਾ ਗੱਚ ਭਰ ਆਇਆ ਸੀ। ਉਹਨੇ ਨੱਕ 'ਚ ਵਗ ਆਏ ਪਾਣੀ ਨੂੰ ਸਾਫ਼ ਕੀਤਾ ਤੇ ਬੋਲਿਆ,

– ਲਉ ਫੜੋ ਐਹ ਜੇ ਥੋਡਾ ਚੋਰ।" ਮਛਟਰਾ! ਮੈਂ ਪ੍ਰਾਹੁਣੇ ਨੂੰ ਗਲ੍ਹਮਿਓਂ ਫੜ ਕੇ ਨੌਹਰੀਏ ਵਲ ਧੱਕ ਦਿੱਤਾ ਤੇ ਵਾਹੋ-ਦਾਹੀ ਪਿੰਡ ਵੱਲ ਨੂੰ ਭੱਜ ਪਿਆ।"

ਮੈਂ ਆਤੂ ਦੀ ਗੱਲ ਦਾ ਕੋਈ ਹੁੰਗਾਰਾ ਨਾ ਭਰ ਸਕਿਆ। ਮੇਰੇ ਤਾਂ ਦੰਦ ਹੀ ਜੁੜ ਗਏ ਸਨ। ਮੈਨੂੰ ਮਹਿਸੂਸ ਹੋਇਆ ਜਿਵੇਂ ਹਵਾ ਵੀ ਆਤੂ ਦੇ ਨਾਲ ਨਾਲ ਹੀ ਹੁਬਕੀਂ-ਹੁਬਕੀਂ ਰੋਣ ਲੱਗੀ ਸੀ। ਕਿੰਨਾ ਚਿਰ ਚੁੱਪ ਛਾਈ ਰਹੀ।

–ਮਛਟਰਾ! ਪ੍ਰਾਹੁਣੇ ਕੋਲੋਂ ਚੋਰੀ ਬਰਾਮਦ ਹੋਗੀ। ਕਤਲ ਪੈ ਗਿਆ। ਮੈਂ ਦਾਲਤਾਂ ਦੇ ਚੱਕਰ ਕੱਟੇ। ਪੈਰਵਾਈ ਕੀਤੀ। ਏਹ ਵੀ ਮੇਰਾ ਧਰਮ ਸੀ। ਜੁਆਈ ਸੀ, ਕਰਨੀਓ ਸੀ। ਪਰ ... ਹੋਣੀਹਾਰ। ਦੂਜੀ ਕੁੜੀ ਵੀ ਸਿਰੋਂ ਨੰਗੀ ਹੋ ਕੇ ਪਿਉ ਦੇ ਬੂਹੇ ਆ ਬੈਠੀ। ਮੇਰਾ ਬੁਢਾਪਾ ਰੁਲ ਗਿਆ।" ਆਤੂ ਨੇ ਲੰਮਾ ਸਾਹ ਲਿਆ।

ਮੈਂ ਆਤੂ ਨਾਲ ਅੱਖਾਂ ਨਾ ਮਿਲਾ ਸਕਿਆ। ਵਗਦੀ ਆੜ 'ਚੋਂ ਪਾਣੀ ਦੇ ਅੱਖਾਂ 'ਚ ਸਿੰਮ ਆਇਆ ਪਾਣੀ ਸਾਫ਼ ਕੀਤਾ। ਵਗਦੀ ਆੜ 'ਚੋਂ ਪਾਣੀ ਦੇ ਛਿੱਟੇ ਅੱਖਾਂ 'ਤੇ ਮਾਰੇ। ਕਿੰਨਾ ਚਿਰ ਆਵਾਗੌਣ ਹੀ ਵੱਟਾਂ 'ਤੇ ਫਿਰਦਾ ਰਿਹਾ। ਇਕ ਹਲਚਲ ਜਿਹੀ ਮੇਰੇ ਦਿਮਾਗ ਵਿਚ ਮੱਚ ਗਈ ਸੀ। ਮਾਸਟਰ ਮੱਖਣ ਸਿੰਘ ਮੇਰਾ ਜ਼ਿਹਨ ਮੱਲ ਖੜ੍ਹੋਤਾ ਸੀ। ਇਸ ਸਾਲ ਅਧਿਆਪਕ ਦਿਵਸ 'ਤੇ ਸਿੱਖਿਆ ਮੰਤਰੀ ਨੇ ਉਸ ਨੂੰ ਸਟੇਟ ਐਵਾਰਡ ਨਾਲ ਸਨਮਾਨਿਤ ਕੀਤਾ ਸੀ। ਅੱਜਕੱਲ ਉਹ ਆਪਣੇ ਨਾਂ ਨਾਲ ਸਟੇਟ ਐਵਾਰਡੀ ਲਿਖਣ ਲੱਗਿਆ ਸੀ। ਉਸ ਦੇ ਬਾਰੇ ਲੇਖ ਵੀ ਅਖ਼ਬਾਰਾ ਵਿਚ ਛਪੇ ਸਨ।

– ਤਾਇਆ! ਤੂੰ ਪ੍ਰਾਹੁਣੇ ਨੂੰ ਬਚਾਅ ਸਕਦਾ ਸੀ ਨਾ? ਕੀ ਲੋੜ ਸੀ ਤੈਨੂੰ ਚੋਰੀ ਫੜਾਉਣ ਦੀ? ਠੀਕ ਕੀਤੈ ਸੀ ਤੂੰ?

– ਮਛਟਰਾ! ਆਵਦੇ ਜਾਣੀ ਤਾਂ ਠੀਕ ਕੀਤਾ ਸੀ। ਬਾਕੀ ਤੂੰ ਜ਼ਿਆਦਾ ਸਿਆਣਾ। ਤੂੰ ਦੱਸ ਠੀਕ ਕੀਤੈ ਮੈਂ?" ਆਤੂ ਨੇ ਉਲਟਾ ਸੁਆਲ ਕਰ ਦਿੱਤਾ ਸੀ। ਕੀ ਜੁਆਬ ਦਿੰਦਾ ਮੈਂ?

********

BSER

## ਅਭਿਆਸ-ਪ੍ਰਸ਼ਨ

1.ਆਤੂ ਆਪਣੀ ਕੌਮ ਨੂੰ ਅਣਖੀ ਸਿੱਧ ਕਰਨ ਲਈ ਕਿਹੜੀਆਂ ਦਲੀਲਾਂ ਦਿੰਦਾ ਹੈ ?

2. ਆਤੂ ਆਪਣੀ ਬੋਲੀ ਦੀ ਕੀ ਵਿਸ਼ੇਸ਼ਤਾ ਦੱਸਦਾ ਹੈ ? ਅਤੇ ਉਸਨੂੰ ਆਪਣੀ ਬੋਲੀ ਬਾਰੇ ਕੀ ਫ਼ਿਕਰ ਹੈ ?

3. ਫ਼ਰੀਦਕੋਟੀਏ ਰਾਜੇ ਦੇ ਮਹਿਲ ਵਿੱਚ ਟੇਕੂ ਤੇ ਪੇਕੂ ਨੇ ਚੋਰੀ ਕਿਵੇਂ ਕੀਤੀ ਸੀ ? ਅਤੇ ਇਹਨਾਂ ਦੀ ਕਰਨੀ ਦੀ ਸਜਾ ਕੌਮ ਨੂੰ ਕਿਸ ਤਰ੍ਹਾਂ ਭੁਗਤਣੀ ਪਈ ?

4. ਪੀਰਾਂ ਵਾਲੀ ਹਾਈ ਸਕੂਲ ਦੇ ਚਾਰ ਮਾਸਟਰਾਂ ਨਾਲ ਕੀ ਬੇ-ਇਨਸਾਫ਼ੀ ਹੋਈ ਅਤੇ ਕਿਉਂ ਹੋਈ ?

5. ਆਤੂ ਨੇ ਆਪਣੇ ਕਸਬ ਦਾ ਧਰਮ ਕਿਵੇਂ ਨਿਭਾਇਆ ਸੀ ? ਵੇਰਵਾ ਲਿਖੋ।

6. ਆਤੂ ਖੋਜੀ ਦੇ ਸੁਭਾਅਗਤ ਲੱਛਣਾਂ ਉੱਪਰ ਨੋਟ ਲਿਖੋ ?

7. 'ਆਤੂ ਖੋਜੀ' ਕਹਾਣੀ ਸਾਨੂੰ ਕੀ ਸੁਨੇਹਾ ਦਿੰਦੀ ਹੈ ?

BSER

# ਅਮਨਪਾਲ ਸਾਰਾ

ਪੰਜਾਬੀ ਕਹਾਣੀ ਦੀ ਵਿਕਾਸ ਰੇਖਾ ਵਿੱਚ ਪਰਵਾਸੀ ਪੰਜਾਬੀ ਕਹਾਣੀਕਾਰਾਂ ਦਾ ਵਿਸ਼ੇਸ਼ ਯੋਗਦਾਨ ਹੈ। ਇੰਨ੍ਹਾਂ ਕਹਾਣੀਕਾਰਾਂ ਵਿੱਚੋਂ ਇੱਕ ਵਿਸ਼ੇਸ਼ ਨਾਂ ਅਮਨਪਾਲ ਸਾਰਾ ਹੈ। ਅਮਨਪਾਲ ਸਾਰਾ ਕਨੇਡਾ ਵਿੱਚ ਰਹਿ ਰਿਹਾ ਪੰਜਾਬੀ ਗਲਪਕਾਰ ਹੈ। ਉਸ ਨੇ ਆਪਣੀਆਂ ਕਹਾਣੀਆਂ ਵਿੱਚ ਪੰਜਾਬੀ ਬੰਦੇ ਦੀ ਹੋਣੀ ਨੂੰ ਨੇੜਿਓਂ ਪੇਸ਼ ਕੀਤਾ ਹੈ।

ਅਮਨਪਾਲ ਸਾਰਾ ਦਾ ਜਨਮ 2 ਅਗਸਤ 1957 ਨੂੰ ਨੌਨਿਹਾਲ ਸਿੰਘ ਦੇ ਘਰ ਹੁਸ਼ਿਆਰਪੁਰ ਵਿਖੇ ਹੋਇਆ। ਬੀ.ਏ. ਪੱਧਰ ਦੀ ਪੜ੍ਹਾਈ ਕਰਨ ਉਪਰੰਤ ਉਸ ਨੇ ਵਿਦੇਸ਼ ਦਾ ਰਾਹ ਚੁਣਿਆ। ਪਰਵਾਸ ਲਈ ਉਸ ਨੇ ਕਨੇਡਾ ਦੀ ਧਰਤੀ ਨੂੰ ਚੁਣਿਆ। ਉੱਥੇ ਰਹਿੰਦਿਆਂ ਉਸ ਨੇ ਪਹਿਲਾਂ ਟੈਕਸੀ ਚਾਲਕ ਵਜੋਂ ਆਪਣੇ-ਆਪ ਨੂੰ ਸਥਾਪਿਤ ਕੀਤਾ ਤੇ ਫਿਰ ਸਾਹਿਤਕ ਖੇਤਰ ਵਿੱਚ ਨਾਮਣਾ ਖੱਟਣਾ ਸ਼ੁਰੂ ਕੀਤਾ। 'ਸਰਦ ਰਿਸ਼ਤੇ', 'ਵੀਹਾਂ ਦਾ ਨੋਟ' ਆਦਿ ਉਸ ਦੇ ਕਹਾਣੀ ਸੰਗ੍ਰਹਿ ਛਪ ਚੁੱਕੇ ਹਨ।

ਪੱਛਮੀਂ ਮੁਲਕਾਂ ਵਿੱਚ ਵਿਚਰਦੇ ਪੰਜਾਬੀ ਅਨੇਕਾਂ ਸਮੱਸਿਆਵਾਂ ਨਾਲ ਜੂਝਦੇ ਹਨ। ਨਸਲੀ, ਭਾਸ਼ਾਈ, ਸਭਿਆਚਾਰਕ, ਆਰਥਿਕ ਆਦਿ ਵਖਰੇਵੇਂ ਪੰਜਾਬੀ ਬੰਦੇ ਲਈ ਪਰੇਸ਼ਾਨ ਸਥਿਤੀਆਂ ਪੈਦਾ ਕਰਦੇ ਹਨ। ਅਜਿਹੇ ਦਰਦ ਨੂੰ ਅਮਨਪਾਲ ਸਾਰਾ ਆਪਣੀਆਂ ਰਚਨਾਵਾਂ ਦਾ ਕੇਂਦਰ ਬਣਾਉਂਦਾ ਹੈ। ਜਟਿਲ ਬਿਰਤਾਂਤ, ਪੰਜਾਬੀ-ਅੰਗਰੇਜ਼ੀ ਸ਼ਬਦਾਵਲੀ ਦਾ ਮਿਲ ਗੋਭਾ ਆਦਿ ਉਸ ਦੀਆਂ ਕਥਾ ਜੁਗਤਾਂ ਹਨ। ਇੱਥੇ ਪਰਵਾਸੀ ਜੀਵਨ ਸ਼ੈਲੀ ਦੀ ਝਾਤ ਪਾਉਂਦੀ ਉਸ ਦੀ ਕਹਾਣੀ 'ਗੁੱਡ ਡੀਅਲ' ਪੇਸ਼ ਕੀਤੀ ਜਾ ਰਹੀ ਹੈ।

BSER

# 11. ਗੁੱਡ ਡੀਅਲ

ਫਲਾਈਟ ਠੀਕ ਵਕਤ ਉੱਪਰ ਹੀ ਏਅਰ ਪੋਰਟ ’ਤੇ ਆਣ ਪਹੁੰਚੀ। ਲੰਡਨ ਤੋਂ ਉੱਥੋਂ ਦੇ ਸਮੇਂ ਅਨੁਸਾਰ ਸਵੇਰੇ ਦਸ ਕੁ ਵਜੇ ਚੱਲ ਕੇ ਦਿਨ ਦੇ ਗਿਆਰਾਂ ਕੁ ਵਜੇ ਵੈਨਕੂਵਰ ਆ ਗਈ ਸੀ। ਸਾਰੀ ਵਾਟ ਗੁਰਨਾਮ ਸੌਣ ਦੀ ਕੋਸ਼ਿਸ਼ ਕਰਦਾ ਰਿਹਾ, ਕਿੰਤੂ ਨੀਂਦ ਕਿਵੇਂ ਆਉਂਦੀ, ਜਹਾਜ਼ ਚੜ੍ਹਨ ਤੋਂ ਤਿੰਨ ਚਾਰ ਘੰਟੇ ਪਹਿਲਾਂ ਤਾਂ ਸੁੱਤਾ ਉੱਠਿਆ ਸੀ।

ਟਰਮੀਨਲ ਬਿਲਡਿੰਗ ਤੋਂ ਬਾਹਰ ਨਿਕਲ ਕੇ ਉਸਨੇ ਟੈਕਸੀ ਲਈ ਤੇ ਡਰਾਈਵਰ ਨੂੰ ਘਰ ਦਾ ਐਡਰੈੱਸ ਸਮਝਾ ਕੇ ਉਂਘਣ ਲੱਗ ਪਿਆ। ਪੰਦਰਾਂ ਕੁ ਮਿੰਟਾਂ ਬਾਅਦ ਉਹ ਆਪਣੇ ਘਰ ਦਾ ਲਾਕ ਖੋਲ੍ਹ ਰਿਹਾ ਸੀ। ਮਿੱਲ ਦੇ ਲਾਗੇ ਘਰ ਲੈਣ ਨਾਲ ਕੰਮ ਤੋਂ ਨੇੜਾ ਹੋਣ ਦੇ ਨਾਲ ਨਾਲ ਏਅਰ ਪੋਰਟ ਤੋਂ ਵੀ ਨੇੜਾ ਸੀ। ਮਿੱਲ ਦਾ ਖ਼ਿਆਲ ਆਉਂਦਿਆਂ ਹੀ ਉਸਨੂੰ ਆਪਣੇ ਪੇਂਡੂ ਗੇਜੂ ਤੇ ਉਸਦੇ ਬਾਪ ਸਾਧੂ ਸਿੰਘ ਦੀ ਯਾਦ ਆ ਗਈ ਤੇ ਇਕ ਵਾਰੀ ਫਿਰ ਉਸਦੇ ਮੂੰਹੋਂ ਨਿਕਲਿਆ, “ਵਿਚਾਰਾ ਸਾਧੂ ਸਿੰਘ !.... ਕੀ ਮਿਲਿਆ ਉਸਨੂੰ ਕੈਨੇਡਾ ਆ ਕੇ ? ਜੇ ਪਿੱਛੇ ਪਿੰਡ ਵਿਚ ਰਹਿੰਦਾ ਤਾਂ ਅੱਠ ਦਸ ਸਾਲ ਉਸਨੇ ਹੋਰ ਚੰਗੇ ਭਲੇ ਕੱਟ ਜਾਣੇ ਸਨ।”

ਗੇਜੂ ਗੁਰਨਾਮ ਤੋਂ ਤਿੰਨ ਕੁ ਸਾਲ ਪਹਿਲਾਂ ਕੈਨੇਡਾ ਆ ਗਿਆ ਸੀ। ਗੁਰਨਾਮ ਕੈਨੇਡਾ ਆ ਕੇ ਪਹਿਲਾਂ ਗੇਜੂ ਕੋਲ ਹੀ ਠਹਿਰਿਆ ਸੀ ਕੁਝ ਚਿਰ ਬਾਅਦ ਉਸਨੇ ਗੁਰਨਾਮ ਦੀ ਸਿਫ਼ਾਰਿਸ਼ ਆਪਣੇ ਸੁਪਰ ਵਾਈਜ਼ਰ ਕੋਲ ਕਰਕੇ ਉਸਨੂੰ ਆਪਣੀ ਮਿੱਲ ਵਿਚ ਕੰਮ ਉੱਪਰ ਵੀ ਲਵਾ ਲਿਆ।

“ਬੜਾ ਲੱਕੀ ਏਂ ਤੂੰ ਭਰਾਵਾ ਕਿ ਤੇਰੇ ਲਈ ਗੇਜੂ ਨੇ ਆਪਣੀ ਜੀਭ ਨੂੰ ਇੰਨਾ ਕੁ ਕਸ਼ਟ ਦੇ ਲਿਆ, ਅਸੀਂ ਐਨੇ ਚਿਰ ਦੀਆਂ ਇਸ ਦੀਆਂ ਮਿੰਨਤਾਂ ਕਰਦੇ ਆਂ ਕਿ ਤੇਰੀ ਸੁਪਰ ਵਾਈਜ਼ਰ ਜੈਰੀ ਨਾਲ ਭਾਈ ਬੰਦੀ ਹੈਗੀ, ਕੋਈ ਸਾਡਾ ਬੰਦਾ ਵੀ ਕੰਮ ’ਤੇ ਲਵਾ ਦੇ...ਪਰ ਇਹ ਤਾਂ ਕਿਸੇ ਦੀ ਵੱਢੀ ਉਂਗਲ ’ਤੇ ਨੀ ਮੂਤਦਾ, ਤੇਰੀ ਸਿਫ਼ਾਰਿਸ਼ ਪਤਾ ਨਹੀਂ ਇਹਨੇ ਕਿੱਦਾਂ ਕਰ ਦਿੱਤੀ।” ਕੰਮ ਉੱਪਰ ਪਹਿਲੇ ਹੀ ਦਿਨ ਗੁਰਨਾਮ ਨਾਲ ਕੰਮ ਕਰਦੇ ਦਿਲਬਾਗ ਨੇ ਜ਼ਰਾ ਹੈਰਾਨੀ ਨਾਲ ਕਿਹਾ ਸੀ। ਗੁਰਨਾਮ ਦਾ ਇਕ ਵਾਰੀ ਤਾਂ ਦਿਲ ਕੀਤਾ ਕਿ ਉਹ ਆਪਣੇ ਪਰਿਵਾਰ ਵੱਲੋਂ ਗੇਜੂ ਦੇ ਪਰਿਵਾਰ ਉੱਪਰ ਕੀਤੇ ਅਹਿਸਾਨਾਂ ਦੀ ਲਿਸਟ ਸੁਣਾ ਦੇਵੇ, ਪਰ ਉਸਨੇ ਦਿਲਬਾਗ ਨੂੰ ਕੇਵਲ ਇਤਨਾ ਹੀ ਕਿਹਾ, “ਮੇਰੇ ਬਚਪਨ ਦਾ ਆੜੀ ਹੈ ਗੇਜੂ, ਪਿੰਡ ਅਸੀਂ ਇਕੱਠੇ ਭਰਾਵਾਂ ਵਾਂਗ ਹੀ ਰਹਿੰਦੇ ਸੀ।”

ਕੁਝ ਹੀ ਦਿਨਾਂ ਵਿਚ ਗੁਰਨਾਮ ਨੇ ਮਹਿਸੂਸ ਕੀਤਾ ਕਿ ਮਿੱਲ ਵਿਚ ਕੰਮ ਕਰਦੇ ਬਾਕੀ ਪੰਜਾਬੀ ਬੰਦੇ ਗੇਜੂ ਨਾਲ ਈਰਖਾ ਜਿਹੀ ਕਰਦੇ ਸਨ। ਉਂਝ ਤਾਂ ਗੇਜੂ ਦਾ ਬਚਪਨ ਤੋਂ ਹੀ ਸੁਭਾਅ ਅਜਿਹਾ ਸੀ ਕਿ ਉਹ ਸਿਰਫ਼ ਆਪਣੇ ਕੰਮ ਨਾਲ ਹੀ ਮਤਲਬ ਰੱਖਦਾ ਸੀ।

ਘਰ ਦੇ ਅੰਦਰ ਦਾਖਲ ਹੋ ਕੇ ਗੁਰਨਾਮ ਨੇ ਇਸ਼ਨਾਨ ਕੀਤਾ। ਬੱਚੇ ਅਜੇ ਸਕੂਲ ਵਿਚ ਸਨ ਤੇ ਉਸਦੀ ਪਤਨੀ ਹਰਕਿਰਨ ਵੀ ਅਜੇ ਕੰਮ ਉੱਪਰ ਹੀ ਸੀ। ਡਾਇਨਿੰਗ ਟੇਬਲ ਉੱਪਰ ਅਣਖੋਲੀ ਡਾਕ ਖਿਲਰੀ ਪਈ ਸੀ। ਕੁਝ ਇਕ ਬਿੱਲ ਸਨ ਦੇਣ ਵਾਲੇ ਤੇ ਇਕ ਪਾਠ ਦੇ ਭੋਗ ਦਾ ਕਾਰਡ ਸੀ ਸਾਧੂ ਸਿੰਘ ਦੀ ਰੂਹ ਦੀ ਸ਼ਾਂਤੀ ਲਈ।

“ਚਾਚੇ ਦੀ ਰੂਹ ਨੂੰ ਸ਼ਾਂਤੀ ਕਿਵੇਂ ਮਿਲ ਜਾਊਗੀ ?” ਗੁਰਨਾਮ ਸਿੰਘ ਸੋਚਣ ਲੱਗਾ। ਗੇਜੂ ਅਜੇ ਪੰਦਰਾਂ ਦਾ ਵੀ ਨਹੀਂ ਸੀ ਹੋਇਆ ਕਿ ਉਸਦੀ ਮਾਂ ਨਸੀਬ ਕੌਰ ਜੋ ਆਮ ਕਰਕੇ ਚਾਚੀ ਸੀਬੋ ਦੇ ਨਾਂ ਨਾਲ ਜਾਣੀ ਜਾਂਦੀ ਸੀ, ਗੁਜਰ ਗਈ। ਉਧਰ ਗੇਜੂ ਦੀ ਵੱਡੀ ਭੈਣ ਦੀਪੋ ਨੂੰ ਉਸਦੇ ਲਾਲਚੀ ਸਹੁਰੇ ਤੰਗ ਕਰ-ਕਰ ਕੇ ਪੇਕੀਂ ਛੱਡ ਗਏ ਤੇ ਉਦੋਂ ਤੋਂ ਹੀ ਚਾਚੀ ਸੀਬੋ ਨੇ ਮੰਜਾ ਮੱਲ ਲਿਆ। ਬਥੇਰਾ ਇਲਾਜ ਕਰਾਇਆ ਸੀ ਵਿੱਤ ਮੁਤਾਬਕ ਚਾਚੇ ਨੇ ਪਰ ਚਾਚੀ ਸੀਬੋ ਦੁਬਾਰਾ ਨਾ ਉੱਠ ਸਕੀ। ਉਦੋਂ ਤੋਂ ਚਾਚੇ ਸਾਧੂ



BSEP

ਨੇ ਬਿਲਕੁਲ ਹੀ ਆਪਣੇ ਆਪ ਨੂੰ ਕੰਮ ਵਿਚ ਡੁਬੋ ਲਿਆ ਸੀ। ਕਿਸੇ ਵੀ ਵਾਧੂ ਘਾਟੂ ਗੱਲ ਵਿਚ ਨਾ ਆਉਂਦਾ। ਬੱਸ ਜਦੋਂ ਕਿਧਰੇ ਜ਼ਰੂਰਤ ਪਵੇ ਤਾਂ ਗੁਰਨਾਮ ਦੇ ਬਾਪੂ ਦੀਦਾਰ ਸਿੰਘ ਨੂੰ ਹੀ ਦੱਸਦਾ। ਦੀਦਾਰ ਸਿੰਘ ਵੀ ਉਸਨੂੰ ਬੜੇ ਭਰਾ ਵਾਂਗ ਹੀ ਸਮਝਦਾ ਸੀ। ਗੁਰਨਾਮ ਨੂੰ ਯਾਦ ਸੀ ਕਿ ਜਦੋਂ ਗੇਜੂ ਨੇ ਕੈਨੇਡਾ ਆਉਣਾ ਸੀ ਤਾਂ ਆਪਣੇ ਹਿੱਸੇ ਦੀ ਅੱਧੀ ਜ਼ਮੀਨ ਉਸਨੇ ਦੀਦਾਰ ਸਿੰਘ ਕੋਲ ਗਹਿਣੇ ਧਰੀ ਸੀ। ਅਗਾਂਹ ਦੇ ਦੋ ਸਾਲ ਉਹ ਠੇਕੇ ਉੱਪਰ ਜ਼ਮੀਨ ਲੈ ਕੇ ਘਰ ਦਾ ਗੁਜ਼ਾਰਾ ਤੋਰਦਾ ਰਿਹਾ ਸੀ।

"ਥੋੜ੍ਹੀ 'ਚ ਗੁਜ਼ਾਰਾ ਕਰਨਾ ਤਾਂ ਕੋਈ ਸਾਧੂ ਤੋਂ ਸਿੱਖੇ", ਉਸਦਾ ਬਾਪੂ ਅਕਸਰ ਕਹਿ ਉੱਠਦਾ। ਗੁਰਨਾਮ ਨੂੰ ਯਾਦ ਸੀ ਕਿ ਸਵੇਰ ਤੋਂ ਸ਼ਾਮ ਤੱਕ ਸਾਧੂ ਸਿੰਘ ਇਕ ਮਿੰਟ ਵੀ ਵਿਹਲਾ ਨਹੀਂ ਸੀ ਰਹਿੰਦਾ। ਖੇਤ ਦੇ ਇਕ ਖੂੰਜੇ ਉਸਨੇ ਦੋ ਕੁ ਕਨਾਲ ਜਗ੍ਹਾ ਵਿਚ ਮਟਰ ਬੀਜ ਲੈਣੇ। ਫ਼ਸਲ ਪੱਕਣ 'ਤੇ ਤੀਜੇ ਚੌਥੇ ਦਿਨ ਬੋਰੀ ਭਰ ਮਟਰ ਉੱਤਰਨੇ। ਪਿੰਡ ਦੇ ਹੋਰ ਛੋਟੇ ਜ਼ਿੰਮੀਦਾਰਾਂ ਨੇ ਤਾਂ ਆਪਣੀ ਆਪਣੀ ਫ਼ਸਲ ਖੜ੍ਹੀ ਹੀ ਵੇਚ ਦੇਣੀ ਵਿਉਪਾਰੀਆਂ ਨੂੰ ! ਪਰ ਸਾਧੂ ਸਿੰਘ ਨੇ ਖ਼ੁਦ ਤੋੜਕੇ ਤੀਜੇ ਚੌਥੇ ਦਿਨ ਲੌਢੇ ਵੇਲੇ ਇਕ ਬੋਰੀ ਮਟਰਾਂ ਦੀ ਭਰਕੇ ਸਾਈਕਲ ਉੱਪਰ ਰੱਖ ਪਹਿਲਾਂ ਤਾਂ ਪੱਕੀ ਸੜਕ ਤੱਕ ਲਿਜਾਣੀ ਫਿਰ ਸਾਈਕਲ ਉੱਥੇ ਕਿਸੇ ਟਿਊਬਵੈੱਲ ਦੇ ਕੋਠੇ 'ਚ ਰੱਖ ਸ਼ਹਿਰ ਵੱਲ ਨੂੰ ਜਾ ਰਹੇ ਕਿਸੇ ਟਰੈਕਟਰ ਟਰਾਲੀ ਜਾਂ ਟਰੱਕ ਉੱਪਰ ਰੱਖ ਸ਼ਹਿਰ ਸਬਜ਼ੀ ਮੰਡੀ ਲੈ ਆਉਣੀ ਤੇ ਉਥੇ ਚੰਗੇ ਭਾਅ ਵੇਚਕੇ ਸ਼ਾਮ ਹੋਣ ਤਕ ਪਿੰਡ ਵੱਲ ਨੂੰ ਪੈਦਲ ਹੀ ਤੁਰ ਪੈਣਾ। ਸ਼ਹਿਰੋਂ ਦੋ ਤਿੰਨ ਮੀਲ ਬਾਹਰ ਆ ਕੇ ਆਪਣੇ ਪਿੰਡ ਵੱਲ ਜਾਂਦੀ ਆਖਰੀ ਬੱਸ ਫੜ ਲੈਣੀ ਤਾਂ ਕਿ ਕਿਰਾਏ ਤੇ ਸਮੇਂ ਦੀ ਬੱਚਤ ਹੋ ਸਕੇ। ਕਦੇ ਕਦਾਈਂ ਆਖਰੀ ਬੱਸ ਲੰਘ ਜਾਣੀ ਤਾਂ ਉਸਨੂੰ ਪੂਰਾ ਦਸ ਮੀਲ ਦਾ ਫ਼ਾਸਲਾ ਪੈਦਲ ਤੁਰਨਾ ਪੈਂਦਾ। ਸਾਧੂ ਦਾ ਇਹੀ ਮਿਹਨਤੀ ਸੁਭਾਅ ਗੇਜੂ ਦੇ ਵੀ ਹਿੱਸੇ ਆਇਆ ਸੀ।

ਗੇਜੂ ਵੀ ਵਾਹ ਲੱਗਦੀ ਕਦੀ ਓਵਰ ਟਾਈਮ ਕਰਨ ਦਾ ਮੌਕਾ ਨਾ ਖੁੰਝਣ ਦਿੰਦਾ। ਕੰਮ ਲੱਗਣ ਤੋਂ ਕੁਝ ਦੇਰ ਬਾਅਦ ਹੀ ਫਸਟ ਏਡ ਦਾ ਕੋਰਸ ਕਰ ਲਿਆ ਸੀ ਇਸ ਕਾਰਨ ਉਸਨੂੰ ਓਵਰ ਟਾਈਮ ਕਰਨ ਦੀ ਸੌਖ ਹੋ ਗਈ ਸੀ। ਕਾਲਜ ਪੜ੍ਹਦਿਆਂ ਵੀ ਗੁਰਨਾਮ ਨੇ ਕਦੀ ਗੇਜੂ ਨੂੰ ਕੋਈ ਧੇਲਾ ਵਾਧੂ ਖਰਚਦਿਆਂ ਨਹੀਂ ਸੀ ਦੇਖਿਆ। ਬੱਸ ਦਾ ਕਿਰਾਇਆ ਬਚਾਉਣ ਖ਼ਾਤਰ ਉਹ ਨਿੱਤ ਸਾਈਕਲ ਉੱਪਰ ਪਿੰਡੋਂ ਆਉਂਦਾ ਤੇ ਕਲਾਸ ਖ਼ਤਮ ਹੁੰਦੇ ਸਾਰ ਹੀ ਮੁੜ ਪਿੰਡ ਨੂੰ ਸਾਈਕਲ ਚੁੱਕ ਪਰਤ ਜਾਂਦਾ। ਕਦੀ ਕਿਸੇ ਨੇ ਉਸਨੂੰ ਕਾਲਜ ਦੀ ਕੈਨਟੀਨ ਵਿਚ ਜਾਂ ਹੋਰ ਇਧਰ ਉੱਧਰ ਤੁਰੇ ਫਿਰਦੇ ਨੂੰ ਨਹੀਂ ਸੀ ਦੇਖਿਆ। ਦੋ ਕੁ ਵਾਰ ਸਿਰਫ਼ ਗੁਰਨਾਮ ਦੇ ਜ਼ਿਆਦਾ ਜ਼ੋਰ ਦੇਣ 'ਤੇ ਉਹ ਉਸਦੇ ਸਾਥੀ ਮੁੰਡਿਆ ਨਾਲ ਕਾਲਜ ਤੋਂ ਫਿਲਮ ਦੇਖਣ ਗਿਆ ਸੀ। ਫ਼ਿਲਮ ਖ਼ਤਮ ਹੁੰਦਿਆ ਬਲਕਿ ਖ਼ਤਮ ਹੋਣ ਤੋਂ ਕੁਝ ਪਹਿਲਾਂ ਹੀ ਗੇਜੂ ਨੇ ਸਾਈਕਲ ਚੁੱਕ ਪਿੰਡ ਪਰਤਣ ਦੀ ਕੀਤੀ । ਘਰ ਆ ਕੇ ਉਹ ਵਾਹ ਲੱਗਦੀ ਖੇਤਾਂ ਵਿਚ ਵੀ ਕੰਮ ਕਰਵਾਉਂਦਾ ਸੀ।

ਕਾਲਜ ਵਿਚ ਬੀ.ਏ. ਦੇ ਆਖਰੀ ਸਾਲ ਦੌਰਾਨ ਗੇਜੂ ਦਾ ਰਿਸ਼ਤਾ ਕੈਨੇਡਾ ਵਿਚ ਹੋ ਗਿਆ। ਲੜਕੀ ਦਾ ਪਾਲਣ ਪੋਸ਼ਣ ਕੈਨੇਡਾ ਵਿਚ ਹੀ ਹੋਇਆ ਸੀ। ਸਾਧੂ ਸਿੰਘ ਦੇ ਤਾਏ ਦੀ ਲੜਕੀ ਬੰਸੋ ਨੇ ਆਪਣੀ ਦਰਾਣੀ ਦੀ ਭਤੀਜੀ ਨਾਲ ਗੇਜੂ ਦਾ ਰਿਸ਼ਤਾ ਕਰਵਾਇਆ ਸੀ। ਬੰਸੋ ਦੇ ਭਰਾਵਾਂ ਨੂੰ ਆਸ ਸੀ ਕਿ ਮੁੰਡੇ ਨੂੰ ਕੈਨੇਡਾ ਭੇਜਣ ਖ਼ਾਤਰ ਖੇਤ ਗਹਿਣੇ ਜਾਂ ਬੈਅ ਕਰਨੇ ਪੈਣਗੇ ਤੇ ਉਨ੍ਹਾਂ ਦਾ ਦਾਅ ਲੱਗ ਜਾਵੇਗਾ ਪਰ ਸਾਧੂ ਸਿੰਘ ਦਾ ਵਕਤ ਟਪਾ ਦਿੱਤਾ ਸੀ ਗੁਰਨਾਮ ਦੇ ਪਿਉ ਦੀਦਾਰ ਸਿੰਘ ਨੇ।

"ਦੱਸ ਚਾਚੇ ਸਾਧੂ ਨੇ ਕੈਨੇਡਾ ਆ ਕੇ ਕੀ ਦੇਖਿਆ ?" ਸਟੋਵ ਉੱਪਰ ਚਾਹ ਲਈ ਰੱਖੇ ਪਾਣੀ ਦੇ ਉਬਲਣ ਨਾਲ ਗੁਰਨਾਮ ਦੀ ਸੋਚ ਇਧਰ ਪਰਤੀ ਗੇਜੂ ਨੂੰ ਚੰਗਾ ਭਲਾ ਪਤਾ ਸੀ ਆਪਣੀ ਪਤਨੀ ਕੈਲੀ ਉਰਫ਼ ਕੁਲਵੰਤ ਦੇ ਸੁਭਾਅ ਦਾ। ਉਹ ਅੱਗੇ ਕਿਹੜੀ ਸਲਾਹ ਨਾਲ ਚੱਲਦੀ ਹੈ। ਬਜ਼ੁਰਗ ਨੂੰ ਇਧਰ ਸੱਦਣ ਨਾਲੋਂ ਮੈਂ ਤਾਂ ਸਲਾਹ ਦਿੱਤੀ ਸੀ ਕਿ ਤੁਸੀਂ ਚਾਰੇ ਘਰ ਦੇ ਜੀਅ ਦੇਸ ਜਾ ਕੇ ਇੱਕ ਵਾਰੀ ਮਿਲ ਆਵੋ ਤੇ ਦੋ ਮਹੀਨੇ ਰਹਿ ਆਵੋ, ਪਰ ਉਸੇ ਸਾਲ ਏਅਰ ਲਾਈਨਾਂ ਦੇ ਕਿਰਾਏ ਵਧ ਗਏ ਤੇ ਚਹੁੰ ਟਿਕਟਾਂ ਦਾ ਖਰਚ ਦੇਖਕੇ ਉਨ੍ਹਾਂ ਨੇ ਪ੍ਰੋਗਰਾਮ ਕੈਂਸਲ ਕਰ ਦਿੱਤਾ।

ਗੇਜੂ ਨੂੰ ਦੇਸੋਂ ਆਇਆਂ ਸਤਾਰਾਂ ਸਾਲ ਹੋ ਗਏ ਸਨ ਤੇ ਵੱਡਾ ਮੁੰਡਾ ਰਾਜਵਿੰਦਰ ਉਰਫ਼ ਰੌਜਰ ਸੋਲਾਂ ਸਾਲਾਂ ਦਾ ਸੀ। ਗੇਜੂ ਤਾਂ ਸੂਮ ਪੁਣੇ ਵਿੱਚ ਚਾਚੇ ਸਾਧੂ ਦਾ ਵੀ ਪਿਉ ਨਿਕਲਿਆ। ਹੁਣ ਤਾਂ ਉਨ੍ਹਾਂ ਨੂੰ ਕਿਸੇ ਚੀਜ਼ ਦੀ ਵੀ ਘਾਟ ਨਹੀ ਸੀ ਪਰ ਉਂਝ ਹੀ ਪੈਸੇ ਖਰਚਣ ਦਾ ਹੌਂਸਲਾ ਨਹੀਂ ਪੈਂਦਾ ਦਿਸਦਾ, ਗੁਰਨਾਮ ਚਾਹ ਪੀਂਦਾ ਸੋਚ ਰਿਹਾ ਸੀ।

"ਜਦੋਂ ਚਾਚੇ ਸਾਧੂ ਦਾ ਟਿਕਟ ਲੈਣਾ ਸੀ ਤਾਂ ਮੈਨੂੰ ਨਾਲ ਲੈ ਕੇ ਏਜੰਟ ਦੇ ਗਿਆ ਸੀ ਕਿਉਂਕਿ ਉਹ ਏਜੰਟ ਥੋੜ੍ਹਾ ਬਹੁਤ ਮੇਰਾ ਵਾਕਫ਼ ਸੀ। ਸਿਰਫ਼ ਪੰਜਾਹ ਡਾਲਰ ਬਚਾਉਣ ਦੀ ਖਾਤਰ ਇਸਨੇ ਉਹ ਟਿਕਟ ਲੈ ਕੇ ਭੇਜੀ ਜਿਹੜੀ ਰਾਹ ਵਿੱਚ ਵੀਹੀਂ ਥਾਂਈਂ ਫ਼ਲਾਈਟ ਰੁਕ ਕੇ ਆਉਂਦੀ ਸੀ। ਦਿੱਲੀ ਤੋਂ ਚੱਲ ਕੇ ਬੰਦਾ ਤਿੰਨ ਦਿਨ ਬਾਅਦ ਇਥੇ ਪਹੁੰਚਦਾ ਸੀ। ਚਾਚਾ ਸਾਧੂ ਜਿਸਨੇ ਕਦੀ ਲੰਬਾ ਸਫ਼ਰ ਬੱਸ ਵਿੱਚ ਵੀ ਨਹੀਂ ਸੀ ਕੀਤਾ, ਉਸ ਦਾ ਵੈਨਕੂਅਰ ਤੱਕ ਪਹੁੰਚਦੇ ਦਾ ਭੁੱਖ ਤੇ ਪਿਆਸ ਨਾਲ ਬੁਰਾ ਹਾਲ ਹੋ ਗਿਆ। ਨਾ ਉਸਨੂੰ ਜਹਾਜ਼ ਵਾਲਿਆਂ ਤੋਂ ਮੰਗਣਾ ਆਵੇ ਤੇ ਨਾ ਹੀ ਉਹਨਾਂ ਦਾ ਦਿੱਤਾ ਉਸ ਦੇ ਅੰਦਰ ਲੰਘੇ।

ਇੱਥੇ ਆਉਂਦਿਆਂ ਹੀ ਉਸ ਨੂੰ ਇੱਕਲੇ ਘਰ ਦੀ ਬੇਸਮੈਂਟ ਦੇ ਕਮਰੇ ਵਿੱਚ ਵਾੜ ਦਿੱਤਾ ਕਿ ਤੂੰ ਏਥੇ ਹੀ ਰਿਹਾ ਕਰ ਸਿਰਫ਼ ਰੋਟੀ ਪਾਣੀ ਛਕਣ ਵੇਲੇ ਉਪਰ ਨੂੰ ਆਇਆ ਕਰ। ਚਾਚਾ ਸਾਧੂ ਰਹਿਣ ਤਾਂ ਆਪਣੇ ਟੱਬਰ ਵਿੱਚ ਆਇਆ ਸੀ, ਨਾ ਕਿ ਮਿੱਠੀ ਜੇਲ੍ਹ ਵਿੱਚ ਕੈਦ ਕੱਟਣ।

ਸੋਚਾਂ ਵਿੱਚੋਂ ਪਰਤ ਕੇ ਉਸਨੇ ਡਾਕ ਫ਼ਰੋਲੀ ਤੇ ਦੇਣ ਵਾਲੇ ਬਿੱਲਾਂ ਦਾ ਮੋਟਾ-ਮੋਟਾ ਹਿਸਾਬ ਮਨ ਵਿੱਚ ਲਾ ਲਿਆ। ਅੰਤ ਵਿੱਚ ਚਾਚੇ ਸਾਧੂ ਦੀ ਅੰਤਿਮ ਅਰਦਾਸ ਦੇ ਭੋਗ ਵਾਲੇ ਕਾਰਡ ਦਾ ਲਿਫ਼ਾਫ਼ਾ ਖੋਲ੍ਹਿਆ। ਉਂਝ ਤਾਂ ਚਾਚੇ ਸਾਧੂ ਦੇ ਅਚਾਨਕ ਗੁਜ਼ਰ ਜਾਣ ਬਾਰੇ ਗੁਰਨਾਮ ਨੂੰ ਇੰਗਲੈਂਡ ਪਹੁੰਚਦਿਆਂ ਹੀ ਪਤਾ ਲੱਗ ਗਿਆ ਸੀ ਤੇ ਉਸ ਨੇ ਇੰਗਲੈਂਡ ਤੋਂ ਹੀ ਗੇਜੂ ਨੂੰ ਫ਼ੋਨ ਕਰ ਲਿਆ ਸੀ, ਪਰ ਉਸ ਨੂੰ ਇਉਂ ਜਾਪਦਾ ਸੀ ਜਿਵੇਂ ਚਾਚੇ ਸਾਧੂ ਦੇ ਇਸ ਤਰ੍ਹਾਂ ਅਚਾਨਕ ਚਲੇ ਜਾਣ ਵਿੱਚ ਉਸ ਦਾ ਆਪਣਾ ਵੀ ਕੋਈ ਹੱਥ ਹੋਵੇ। ਉਹ ਖੁਦ ਨੂੰ ਮੱਲੋ-ਮੱਲੀ ਦੋਸ਼ੀ ਜਿਹਾ ਮਹਿਸੂਸ ਕਰ ਰਿਹਾ ਸੀ। "ਪਰ ਆਹ ਕੀ ?" ਕਾਰਡ ਉਪਰ ਚਾਚੇ ਸਾਧੂ ਦੇ ਭੋਗ ਦਾ ਦਿਨ ਤੇ ਤਾਰੀਖ਼ ਪੜ੍ਹ ਕੇ ਉਸ ਨੂੰ ਜ਼ਰਾ ਹੈਰਾਨੀ ਹੋਈ। ਭੋਗ ਅੱਜ ਤੋਂ ਤਿੰਨਂ ਦਿਨ ਬਾਅਦ ਸ਼ੁਕਰਵਾਰ ਦੁਪਹਿਰ ਦੇ ਦੋ ਵਜੇ ਦਾ ਸੀ।

"ਇਹ ਕੀ ਗੱਲ, ਬਈ ਬੰਦਾ ਵੀਕ ਐਂਡ 'ਤੇ ਭੋਗ ਰੱਖਦਾ, ਚਹੁੰ ਪੇਂਡੂਆਂ ਨੇ ਵੀ ਆਉਣਾ ਸੀ। ਕੁਝ ਇੱਕ ਹੋਰਨਾਂ ਸ਼ਹਿਰਾਂ ਤੋਂ ਵੀ ਆਉਣ ਵਾਲੇ ਸਨ, ਉਹ ਕਿਵੇਂ ਪਹੁੰਚਣਗੇ ? ਇਹਦੇ ਗੇਜੂ ਦੇ ਕੰਮ ਤਾਂ ਇਹੋ ਜਿਹੇ ਹੀ ਰਹੇ, ਇਹਨੂੰ ਆਪ ਤਾਂ ਕਿਸੇ ਨਾਲ ਮਿਲਣ ਵਰਤਣ ਦਾ ਸ਼ੌਂਕ ਨੀ, ਪਰ ਚਾਚੇ ਦੀ ਤਾਂ ਪਿੰਡ ਵਿੱਚ ਸੌ ਲਿਹਾਜ਼ ਸੀ।" ਪਰ ਮੈਂ ਜੇ ਇੱਥੇ ਹੁੰਦਾ ਤਾਂ ਵੀ ਗੇਜੂ ਨੇ ਕਿਹੜਾ ਮੇਰੇ ਕਹੇ ਲੱਗਣਾ ਸੀ। ਹੈ ਤਾਂ ਮੇਰੇ ਨਾਲੋਂ ਉਮਰ ਵਿੱਚ ਸਾਲ ਡੇਢ ਸਾਲ ਵੱਡਾ, ਪਰ ਪੜ੍ਹਦਾ ਮੇਰੇ ਨਾਲ ਹੀ ਸੀ। ਜਦੋਂ ਗੇਜੂ ਅੱਠਵੀਂ ਜਮਾਤ ਵਿੱਚੋਂ ਫੇਲ੍ਹ ਹੋਇਆ ਤਾਂ ਚਾਚਾ ਬਹੁਤ ਨਾਰਾਜ਼ ਹੋਇਆ ਸੀ।

ਗੇਜੂ ਦੀ ਭੈਣ ਦੀਪੋ ਨੂੰ ਵੀ ਉਸ ਦੇ ਸਹੁਰੇ ਉਸੇ ਸਾਲ ਘੱਟ ਦਾਜ ਲਿਆਉਣ ਕਰਕੇ ਪੇਕੀਂ ਛੱਡ ਗਏ ਸਨ, ਜਿਸ ਕਾਰਨ ਚਾਚੀ ਸੀਬੋ ਵੀ ਕੁਝ ਮਹੀਨੇ ਮੰਜਾ ਮੱਲਣ ਤੋਂ ਬਾਅਦ ਤੁਰ ਗਈ ਸੀ। ਗੇਜੂ ਜਦੋਂ ਫੇਲ੍ਹ ਹੋ ਕੇ ਨਿਮੋਝੂਣਾ ਜਿਹਾ ਹੋਇਆ ਬੈਠਾ ਸੀ ਤਾਂ ਚਾਚੇ ਸਾਧੂ ਨੇ ਗਿੱਲੀਆਂ ਅੱਖਾਂ ਨਾਲ ਉਸਨੂੰ ਕਿਹਾ ਸੀ, "ਪੁੱਤ ਮੇਰੇ ਕੋਲ ਕਿਹੜਾ ਮੁਰੱਬੇ ਰੱਖਿਓ ਆ ? ਜਿਹੜੇ ਘਰ ਵਿੱਚ ਚਾਰ ਛਿੱਲੜ ਸੀਗੇ, ਉਹ ਤੇਰੀ ਬੇਬੇ ਦੇ ਇਲਾਜ 'ਤੇ ਲੱਗ ਗਏ। ਉਧਰ ਅਗਲੇ ਕੁੜੀ ਨੂੰ ਮੇਰੇ ਦਰ ਬਹਾ ਗਏ। ਜੇ ਤਾਂ ਤੂੰ ਚਾਰ ਅੱਖਰ ਪੜ੍ਹ ਜਾਏਂਗਾ ਤਾਂ ਕਿਤੇ ਨੌਕਰੀ ਕਰਕੇ ਗੁਜ਼ਾਰਾਂ ਸੌਖਾ ਹੋ ਜੂ, ਨਹੀਂ ਤਾਂ ਦੇਖ ਲਾ ਮੇਰਾ ਹਾਲ ਸਾਰੀ ਉਮਰ ਮਿੱਟੀ ਨਾਲ ਮਿੱਟੀ ਹੋ ਕੇ ਪੂਰੀ ਨਹੀਂ ਪੈਂਦੀ।" ਚਾਚੇ ਨੇ ਗਿੱਟਿਆਂ ਤੋਂ ਪਰੈਣ ਨਾਲ ਗਾਰਾ ਖੁਰਚਦਿਆਂ ਕਿਹਾ ਸੀ।

ਗੁਰਨਾਮ ਨੂੰ ਯਾਦ ਸੀ ਕਿ ਉਸ ਦਿਨ ਤੋਂ ਬਾਅਦ ਗੇਜੂ ਦੇ ਜਿਵੇਂ ਸਾਰੇ ਸ਼ੌਕ ਹੀ ਮਰ ਗਏ ਹੋਣ। ਜਾਂ ਉਹ ਸਕੂਲੇ ਤੇ ਜਾਂ ਖੇਤਾਂ ਵਿੱਚ। ਅਗਲੇ ਸਾਲ ਅੱਠਵੀਂ ਵਿੱਚੋਂ ਚੰਗੇ ਨੰਬਰ ਲੈ ਕੇ ਪਾਸ ਹੋਇਆ ਸੀ। ਅਸੀਂ ਦੋਵੇਂ ਅਗਲੇ ਸਾਲ ਨਾਲ ਦੇ ਪਿੰਡ ਹਾਈ ਸਕੂਲ ਵਿੱਚ ਦਾਖਲਾ ਲਿਆ ਸੀ। ਡੇਢ-ਦੋ ਕੁ ਮੀਲ ਦੀ ਵਾਟ ਅਸੀਂ ਪੈਦਲ ਹੀ ਤੈਅ ਕਰਦੇ ਸਾਂ। ਪਰ ਮਜ਼ਾਲ ਕੀ ਗੇਜੂ ਨੇ ਰਾਹ ਜਾਂਦਿਆਂ ਬਾਕੀ ਨਿਆਣਿਆਂ ਵਾਂਗ ਕੋਈ ਇੱਲਤ ਕੀਤੀ ਹੋਵੇ ਜਾਂ ਜ਼ਿੰਦਗੀ ਪ੍ਰਤੀ ਕੋਈ ਗਿਲਾ ਕੀਤਾ ਹੋਵੇ। ਗੱਲ ਵੀ ਉਹ ਤਦ ਹੀ ਕਰਦਾ ਸੀ ਜੇਕਰ ਅਗਲਾ ਉਸਨੂੰ ਬੁਲਾ ਲਵੇ।

"ਗੁਰਨਾਮ! ਅਸੀਂ ਉਹ ਜੈਰੀ ਵਾਲੇ ਘਰ ਦਾ ਸੌਦਾ ਮਾਰ ਲਿਆ। 'ਗੁੱਡ ਡੀਅਲ' ਮਿਲ ਗਈ, ਜੈਰੀ ਅਗਲੇ ਮਹੀਨੇ ਰੀਟਾਇਰ ਹੋਣ ਵਾਲਾ, ਪਹਿਲਾਂ ਤਾਂ ਮੰਨਦਾ ਨਹੀਂ ਸੀ ਵੇਚਣ ਲਈ ਅਖੇ ਮੈਂ ਇਹ ਆਪਣਾ ਰੀਟਾਇਰਮੈਂਟ ਹੋਮ ਬਣਾਇਆ ਆਪਣੇ ਰਹਿਣ ਲਈ, ਮੈਂ ਕਿਸੇ ਕੀਮਤ 'ਤੇ ਨਹੀਂ ਵੇਚਣਾ, ਮੇਰਾ ਬਹੁਤ ਟਾਈਮ ਲੱਗਾ ਇਸ ਨੂੰ ਬਣਾਉਣ 'ਤੇ।" ਇਕ ਦਿਨ ਲੰਚ ਵੇਲੇ ਗੇਜੂ ਨੇ ਜ਼ਰਾ ਚਾਅ ਜਿਹੇ ਨਾਲ ਗੁਰਨਾਮ ਨੂੰ ਦੱਸਿਆ।

"ਅੱਛਾਅ ! ਫੇਰ ਤੂੰ ਕਿਵੇਂ ਉਸਨੂੰ ਲਾਈਨ ਉੱਪਰ ਲਿਆਂਦਾ?" ਗੁਰਨਾਮ ਨੇ ਪੁੱਛਿਆ।

"ਮੈਂ ਉਸਨੂੰ ਕਿਹਾ ਜੈਰੀ ਜ਼ਰਾ ਸੋਚ ਇਕ ਪਾਸੇ ਤਾਂ ਤੂੰ ਕਹਿੰਦਾ ਆਂ ਕਿ ਤੇਰੀ ਵਾਈਫ਼ ਨੇ ਤੇਰੇ ਰੀਟਾਇਰ ਹੁੰਦੇ ਹੀ ਮੋਟਰ ਹੋਮ ਲੈ ਕੇ ਸਾਰੇ ਅਮਰੀਕਾ ਦੀ ਸੈਰ ਕਰਨੀ ਹੈ।"

"ਆਹੋ ਇਹ ਤਾਂ ਉਹ ਕਈ ਸਾਲਾਂ ਦੀ ਕਹਿੰਦੀ ਆਂ।"

"ਮੈਂ ਕਿਹਾ, ਸਾਲ ਭਰ ਤੇਰੇ ਘਰ ਦੀ ਨਿਗਰਾਨੀ ਕੌਣ ਕਰੂ? ਨਿਆਣੇ ਤੇਰੇ ਤਾਂ ਐਥੋਂ ਦੂਰ ਆਪਣੇ-ਆਪਣੇ ਘਰੀਂ ਰਹਿੰਦੇ ਆ, ਇਕ ਤਾਂ ਤੂੰ ਉਦਾਂ ਖਾਲੀ ਘਰ ਦੀਆਂ ਕਿਸ਼ਤਾਂ ਦੇਵੇਂਗਾ, ਸਾਲ ਭਰ ਤੂੰ ਬਿੱਲ ਭਰੂੰ। ਇਸ ਘਰ ਦਾ ਤਾਂ ਮਿਉਂਨਿਸੀਪਲ ਟੈਕਸ ਵੀ ਸਾਲ ਦਾ ਤਿੰਨ ਹਜ਼ਾਰ ਡਾਲਰ ਤੋਂ ਵੱਧ ਬਣ ਜਾਣਾ ਹੈ। ਜੇਕਰ ਤੂੰ ਕਿਸੇ ਏਜੰਟ ਰਾਹੀਂ ਵੇਚੇਂ ਤਾਂ ਉਹਨੇ ਘੱਟੋਂ ਘੱਟ ਵੀਹ ਹਜ਼ਾਰ ਦੇ ਲਾਗੇ ਵੇਚਣ ਦਾ ਕਮਿਸ਼ਨ ਰੱਖ ਲੈਣਾ। ਹੁਣ ਜ਼ਰਾ ਹਿਸਾਬ ਲਾ ਕੇ ਦੇਖ, ਐਨੇ ਪੈਸਿਆਂ ਵਿਚ ਤੇਰਾ ਮੋਟਰ ਹੋਮ ਤੇ ਤੇਰੇ ਸਾਲ ਭਰ ਘੁੰਮਣ ਦਾ ਤੇ ਤੇਲ ਦਾ ਖਰਚਾ ਖੁੱਲ੍ਹਾ ਡੁੱਲ੍ਹਾ ਨਿਕਲ ਆਉਣਾ ਹੈ। ਘਰ ਦੇ ਪੈਸੇ ਰੱਖ ਬੈਂਕ ਵਿਚ ਫ਼ਿਕਸਡ ਡੀਪਾਜ਼ਟ ਵਿਚ ਤੇ ਆਪਣੇ ਟ੍ਰਿਪ ਤੋਂ ਮੁੜਕੇ ਆ ਕੇ ਇਸ ਬਿਜ਼ੀ ਇਲਾਕੇ ਨਾਲੋਂ ਕਿਸੇ ਛੋਟੇ ਜਿਹੇ ਸ਼ਹਿਰ ਵਿਚ ਕਿਸੇ ਲੇਅਕ ਲੂਅਕ ਦੇ ਕੰਢੇ ਤੇ ਘਰ ਲਵੀਂ ਆਰਾਮ ਨਾਲ ਤੇ ਸਾਰਾ ਦਿਨ ਮੱਛੀਆਂ ਮੁੱਛੀਆਂ ਫੜਿਆ ਕਰੀਂ। ਐਥੇ ਨਾਲੋਂ ਅੱਧੇ ਪੈਸਿਆਂ ਨਾਲ ਸਰ ਜਾਣਾ ਤੇਰਾ ਹੈ ਕਿ ਨਹੀਂ ਗੁੱਡ ਡੀਅਲ?"

"ਤੇ ਉਸਨੇ ਹਾਂ ਕਰ ਦਿੱਤੀ?" ਗੁਰਨਾਮ ਨੇ ਜ਼ਰਾ ਉਤਸਕ ਹੁੰਦਿਆਂ ਪੁੱਛਿਆ।

"ਹੋਰ ਉਹਨੂੰ ਕੀ ਵੜੇਵੇਂ ਚਾਹੀਦੇ ਸੀ? ਉਹਦੇ ਲਈ ਵੀ 'ਗੁੱਡ ਡੀਅਲ' ਤੇ ਮੇਰੇ ਲਈ ਵੀ । ਹੋਰ ਚਹੁੰ ਮਹੀਨਿਆਂ ਨੂੰ ਭਾਈਏ ਨੇ ਆ ਜਾਣਾ।"

"ਬੱਲੇ ਓਇ ਗੇਜੂ ਗੁੱਡ ਡੀਅਲ।" ਗੁਰਨਾਮ ਦੇ ਮੂੰਹੋਂ ਨਿਕਲਿਆ। ਮਿੱਲ ਵਿਚ ਕਈ ਜਣੇ ਹੋਰ ਵੀ ਗੇਜੂ ਨੂੰ ਉਸਦੀ ਪਿੱਠ ਪਿੱਛੇ ਇਸੇ ਨਾਉਂ ਨਾਲ ਪੁਕਾਰਦੇ ਸਨ। ਦਰਅਸਲ ਜਦੋਂ ਨਵਾਂ ਨਵਾਂ ਪਿੰਡੋਂ ਆ ਕੇ ਉਹ ਕੰਮ ਉੱਪਰ ਲੱਗਾ ਸੀ ਤਾਂ ਕੋਈ ਨਾ ਕੋਈ ਕਾਰ, ਫਰਿੱਜ ਜਾਂ ਟੀ.ਵੀ. ਆਦਿ ਜਿਸ ਵਿਚ ਮਾੜਾ ਮੋਟਾ ਨੁਕਸ ਹੁੰਦਾ ਸਸਤੀ ਕੀਮਤ ਉਪਰ ਖਰੀਦ ਲੈਂਦਾ ਤੇ ਥੋੜ੍ਹੀ ਬਹੁਤ ਮੁਰੰਮਤ ਤੋਂ ਬਾਅਦ ਵੇਚ ਛੱਡਦਾ। ਜਦੋਂ ਕਦੇ ਕੋਈ ਮਹਿੰਗੀ ਚੀਜ਼ ਅਖ਼ਬਾਰ ਵਿਚੋਂ ਦੇਖਕੇ ਕਾਫ਼ੀ ਸਸਤੀ ਕੀਮਤ ਤੇ ਖਰੀਦ ਲਿਆਉਂਦਾ ਤੇ ਖੁਸ਼ੀ ਜਿਹੀ ਨਾਲ ਆਪਣੇ ਦੋਂਹ ਚਹੁੰ ਭਾਈ ਬੰਦਾਂ ਨੂੰ ਉਸ ਬਾਰੇ ਦੱਸਕੇ ਪੁੱਛਦਾ, "ਹੈ ਕਿ ਨਹੀਂ 'ਗੁੱਡ ਡੀਅਲ'?"

ਗੇਜੂ ਬਾਰੇ ਆਮ ਮਸ਼ਹੂਰ ਸੀ ਕਿ ਉਸਨੇ ਕਦੇ ਵੀ ਘਾਟੇ ਦਾ ਸੌਦਾ ਨਹੀਂ ਸੀ ਕੀਤਾ। ਉਸਦੇ



DRAFT

ਭਾਈਬੰਦ ਅੱਖਾਂ ਮੀਟ ਕੇ ਅਜਿਹੇ ਮਾਮਲਿਆਂ ਵਿਚ ਉਸਦੀ ਰਾਇ ਮੰਨ ਲੈਂਦੇ ਸਨ। ਇਸੇ ਤਰ੍ਹਾਂ ਵਾਧੂ ਕੰਮ ਕਰ ਕਰ ਕੇ ਹੁਣ ਉਹ ਚਹੁੰ ਘਰਾਂ ਦਾ ਮਾਲਕ ਬਣ ਬੈਠਾ ਸੀ। ਰਿਹਾਇਸ਼ ਤੋਂ ਇਲਾਵਾ ਉਸਨੇ ਬਾਕੀ ਕਿਰਾਏ ਉੱਪਰ ਦਿੱਤੇ ਹੋਏ ਸਨ। ਅਜੇ ਵੀ ਵਾਹ ਲੱਗਦੀ ਉਹ ਕਦੀ ਵੀ ਓਵਰ ਟਾਈਮ ਦਾ ਚਾਨਸ ਮਿੱਸ ਨਹੀਂ ਸੀ ਕਰਦਾ।

ਸ਼ਾਮ ਨੂੰ ਗੁਰਨਾਮ ਚਾਚੇ ਸਾਧੂ ਦੇ ਅਫ਼ਸੋਸ ਨੂੰ ਗੇਜੂ ਦੇ ਘਰ ਗਿਆ, ਹਰਕਿਰਨ ਤੇ ਕੈਲੀ ਕੋਈ ਖ਼ਾਸ ਆਪਸ ਵਿਚ ਭਿੱਜਦੀਆਂ ਨਹੀਂ ਸਨ, ਇਸ ਲਈ ਉਹ ਇਕੱਲਾ ਹੀ ਆਇਆ, ਕੈਲੀ ਨੇ ਹੀ ਦਰਵਾਜ਼ਾ ਖੋਲ੍ਹਿਆ।

"ਵੈਰੀ ਸੈਡ! ਦੀ ਓਲਡ ਮੈਨ ਪਾਸਡ ਸੋ ਕੁਇੱਕਲੀ।" ਗੁਰਨਾਮ ਨੇ ਸੋਫ਼ੇ ਉਪਰ ਬੈਠਦਿਆਂ ਕਿਹਾ।

"ਯਾਅ, ਬੱਟ ਆਈ ਡੋਂਟ ਥਿੰਕ ਹੀ ਲਾਈਕਡ ਇੱਟ ਹੀਅਰ ਵੈਰੀ ਮੱਚ।"

ਕੈਲੀ ਨੇ ਦੂਸਰੇ ਸੋਫੇ ਉਪਰ ਬੈਠਦਿਆਂ ਕਿਹਾ।

ਕੈਲੀ ਦੀ ਗੱਲ ਸੁਣਕੇ ਇਕ ਵਾਰ ਤਾਂ ਗੁਰਨਾਮ ਦੇ ਮਨ ਵਿਚ ਆਇਆ ਕਿ ਆਪਣੇ ਦਿਲ ਦੀ ਭੜਾਸ ਕੱਢ ਦੇਵੇ ਕਿ "ਲਾਈਕ ਉਹ ਸੁਆਹ ਕਰਦਾ ਇੱਥੇ? ਚੰਗੇ ਭਲੇ ਭਰੇ ਹੋਏ ਸਮਾਜ ਵਿਚੋਂ ਲਿਆ ਕੇ ਇੱਥੇ ਉਸਨੂੰ ਤੁਸੀਂ ਬੇਸਮੈਂਟ ਵਿਚ ਕੈਦ ਕਰਕੇ ਰੱਖ ਦਿੱਤਾ ਸੀ। ਨਾ ਤੁਹਾਡੇ ਆਂਢ ਗੁਆਂਢ ਉਸ ਨਾਲ ਕੋਈ ਗੱਲ ਕਰਨ ਵਾਲਾ ਤੇ ਨਾ ਹੀ ਤੁਹਾਨੂੰ ਚੱਜ ਨਾਲ ਪੰਜਾਬੀ ਬੋਲਣੀ ਆਉਂਦੀ ਹੈ। ਜੇਕਰ ਤੁਹਾਨੂੰ ਆਉਂਦੀ ਵੀ ਹੁੰਦੀ ਤਾਂ ਵੀ ਕਿਹੜਾ ਤੁਸੀਂ ਖ਼ੁਸ਼ੀ ਖ਼ੁਸ਼ੀ ਉਸ ਵਿਚਾਰੇ ਨੂੰ ਬੁਲਾਉਣਾ ਸੀ। ਉਹ ਜਿੱਦਣ ਦਾ ਦੇਸੋਂ ਆਇਆ ਸੀ ਅੰਦਰ ਹੀ ਵੜਿਆ ਰਿਹਾ। ਗੇਜੂ ਸਾਹਿਬ ਨੂੰ ਉਂਞ ਕੰਮਾਂ ਤੋਂ ਵਿਹਲ ਨਹੀਂ ਮਿਲੀ ਉਸਦੀ ਬਾਤ ਪੁੱਛਣ ਲਈ। ਪਿੰਡੋਂ ਆ ਕੇ ਜਿਹੜੇ ਪੰਜ ਛੇ ਮਹੀਨੇ ਉਹ ਕੱਟ ਗਿਆ। ਉਹ ਇਸ ਆਸ ਤੇ ਕੱਟ ਗਿਆ ਕਿ ਕਦੀ ਤਾਂ ਦੁਬਾਰਾ ਉਹ ਪਿੰਡ ਪਰਤ ਸਕੇਗਾ ਈ।

ਜਦੋਂ ਮੈਂ ਇੰਗਲੈਂਡ ਰਵਾਨਾ ਹੋਣ ਤੋਂ ਦੋ ਕੁ ਹਫ਼ਤੇ ਪਹਿਲਾਂ ਉਸਨੂੰ ਆਪਣੇ ਪਿੰਡ ਵਾਲੇ ਅਟਵਾਲਾਂ ਦੇ ਮੁੰਡੇ ਦੇ ਵਿਆਹ 'ਤੇ ਗੁਰਦੁਆਰੇ ਮਿਲਿਆ ਤਾਂ ਕਿਵੇਂ ਮੇਰੀ ਬਾਂਹ ਫੜਕੇ ਮੈਨੂੰ ਪਰ੍ਹਾਂ ਨੂੰ ਲੈ ਗਿਆ। ਉਹ ਤਾਂ ਜਿਵੇਂ ਗੱਲਾਂ ਨਾਲ ਭਰਿਆ ਪਿਆ ਸੀ। ਮੈਨੂੰ ਕਹਿਣ ਲੱਗਾ "ਦੱਸ ਯਾਰ ਮੈਂ ਕਿਤੇ ਪਿੰਡੋਂ ਰੋਟੀ ਦਾ ਭੁੱਖਾਂ ਤਾਂ ਨਹੀਂ ਇਨ੍ਹਾਂ ਦੇ ਦਰ 'ਤੇ ਆ ਬੈਠਾ। ਮੈਂ ਤਾਂ ਆਪਣੇ ਟੱਬਰ 'ਚ ਰਹਿਣ ਆਇਆ ਸੀ...ਪਰ ਮੈਨੂੰ ਹੁਣ ਲੱਗਦਾ ਕਿ ਮੇਰਾ ਟੱਬਰ ਤਾਂ ਸੀਬੋ ਦੇ ਨਾਲ ਹੀ ਮੁੱਕ ਗਿਆ। ਪਰਸੋਂ ਚੌਥੇ ਮੈਂ ਗੇਜੇ ਨੂੰ ਕਿਹਾ ਕਿ ਮੈਨੂੰ ਪਿੰਡ ਨੂੰ ਮੋੜ ਦੇਹ ਮੈਂ ਜਿਥੇ ਐਨੇ ਸਾਲ ਉੱਥੇ ਕੱਟੇ ਆ ਬਾਕੀ ਚਾਰ ਵੀ ਔਖਾ ਸੌਖਾ ਉੱਥੇ ਹੀ ਕੱਟ ਲਊਂਗਾ। ਏਸ ਕੈਦ 'ਚ ਤਾਂ ਨਾ ਰਹੂੰਗਾ। ਗੇਜੇ ਤੋਂ ਪਹਿਲਾਂ ਹੀ ਉਹਦੀ ਘਰ ਵਾਲੀ ਬੋਲੀ, "ਤੁਸੀਂ ਹੋਰ ਕੀ ਮੰਗਦੇ ਆਂ? ਤੁਹਾਨੂੰ ਵਧੀਆ ਖਾਣ ਲਈ, ਵਧੀਆ ਰਹਿਣ ਲਈ, ਕੱਲਿਆਂ ਕੋਲ ਟੀ.ਵੀ. ਆ, ਪੂਰੀ ਪ੍ਰਾਈਵੇਸੀ ਆ, ਹੋਰ ਕੀ ਮੰਗਦੇ ਓ? ਪਹਿਲਾਂ ਇੱਥੇ ਆਉਣ ਲਈ ਟਿਕਟ ਲਾਇਆ, ਹੁਣ ਮੁੜਕੇ ਜਾਣ ਨੂੰ ਵੀ ਲਾਈਏ?"

ਗੱਲਾਂ ਤਾਂ ਉਹ ਬਹੁਤ ਦੱਸਣੀਆਂ ਚਾਹੁੰਦਾ ਸੀ ਪਰ ਗੇਜੂ ਦਾ ਮੁੰਡਾ ਰੌਜਰ ਉਹਨੂੰ ਲੱਭਦਾ ਉੱਧਰ ਆ ਨਿਕਲਿਆ। ਮੈਂ ਰੌਜਰ ਨੂੰ ਜ਼ਰਾ ਹਾਸੇ ਨਾਲ ਕਿਹਾ,"ਓਇ ਗਰੈਂਡ ਪਾ ਨੂੰ ਜ਼ਰਾ ਖ਼ੁਸ਼ ਰੱਖਿਆ ਕਰੋ, ਆਪਣੇ ਡੈਡੀ ਨੂੰ ਵੀ ਕਹਿ ਦੇਈਂ।" ਰਾਜਵਿੰਦਰ ਅਗੋਂ ਬੋਲਿਆ, "ਅੰਕਲ ਜੇ ਤੁਸੀਂ ਓਲਡ ਮੈਨ ਨੂੰ ਲਾਈਕ ਕਰਦੇ ਆਂ, ਤਾਂ ਤੁਸੀਂ ਆਪਣੇ ਕੋਲ ਰੱਖਣਾ ਮੰਗਦੇ ਆਂ?"

"ਹਲਾਅ ਫੇਰ...। ਕਿਸੇ ਦਿਨ ਆਮੀਂ, ਮੈਂ ਤੇਰੇ ਨਾਲ ਬਹੁਤ ਗੱਲਾਂ ਕਰਨੀਆਂ। ਹੁਣ ਮੈਂ ਚੱਲਦਾ ਫੇਰ। ਗੇਜੇ ਨੇ ਕਿਤੇ ਜਾਣਾ ਹੋਊ, ਐਮੀਂ ਮੈਨੂੰ ਕਹੂ ਕਿ ਮੈਂ ਲੇਟ ਕਰਾਤਾ।" ਕਹਿ ਕੇ ਚਾਚਾ ਰੌਜਰ ਨਾਲ ਤੁਰ ਪਿਆ।

ਗੁਰਨਾਮ ਨੂੰ ਸੋਫ਼ੇ ਉੱਪਰ ਬੈਠਾ ਆਪਣੀਆਂ ਸੋਚਾਂ ਵਿਚ ਡੁੱਬਿਆ ਛੱਡ ਕੈਲੀ ਸ਼ਾਇਦ ਉਹਦੇ ਲਈ ਚਾਹ ਬਣਾਉਣ ਚਲੀ ਗਈ ਤੇ ਅੰਦਰੋਂ ਰੌਜਰ ਨੂੰ ਗੁਰਨਾਮ ਕੋਲ ਬੈਠਣ ਲਈ ਭੇਜ ਦਿੱਤਾ।

"ਹੈਲੋ ਅੰਕਲ! ਹਾਉ ਵਾਜ਼ ਯੂਅਰ ਇੰਗਲੈਂਡ ਟ੍ਰਿੱਪ?"

"ਓ ਹੈਲੋ ਰਾਜੇ..." ਗੁਰਨਾਮ ਹਮੇਸ਼ਾ ਰਾਜਵਿੰਦਰ ਨੂੰ ਪਿਆਰ ਨਾਲ 'ਰਾਜੇ' ਕਹਿੰਦਾ ਹੁੰਦਾ ਸੀ। "ਆਈ ਜਸਟ ਰੀਟਰਨਡ ਦਿਸ ਮੌਰਨਿੰਗ...ਇੱਟ ਵਾਜ਼ ਓ. ਕੇਅ...ਬਟ ਯੂਅਰ ਗਰੈਂਡ ਪਾ ਲੈਫ਼ਟ ਅਸ ਸੋ ਸੂਨ।"

"ਯਾਅ !ਆਈ ਥਿੰਕ ਹੀ ਹੈਡ ਏ ਹਾਅਰਟ ਅਟੈਕ ਔਰ ਸਮਥਿੰਗ ...ਦੈਟ ਈਵਨਿੰਗ ਹੀ ਡਿਡਨ ਈਵਨ ਈਅਟ ਹਿਜ਼ ਡਿਨਰ...ਹੀ ਜਸਟ ਸੈਟ ਵਿਦ ਅਸ ਔਨ ਦਾ ਟੇਬਲ।"

"ਤੇਰਾ ਡੈਡੀ ਕਿੱਥੇ ਆ ?" ਗੁਰਨਾਮ ਨੇ ਜ਼ਰਾ ਆਲਾ ਦੁਆਲਾ ਦੇਖ ਕੇ ਪੁੱਛਿਆ।

"ਓਅ ਅੰਕਲ, ਜਦੋਂ ਆਹਾ ਘਰ ਲਿਆ ਸੀ ਤਾਂ ਡੈਡ ਨੇ ਸਾਰਾ ਫਰਨੀਚਰ ਵੀ ਜੈਰੀ ਤੋਂ ਖਰੀਦ ਲਿਆ ਸੀ। ਬੜੀ 'ਗੁੱਡ ਡੀਅਲ' ਮਿਲ ਗਈ ਸੀ। ਹੁਣ ਫੇਅ ਗਰੈਂਡਪਾ ਵਾਲਾ। ਬੇਸਮੈਂਟ ਦਾ ਸਮਾਨ ਸੇਲ 'ਤੇ ਲਾਇਆ ਹੋਇਆ ਸੀ। ਇਕ ਗੋਰਾ ਆਇਆ ਸੀ ਦੋ ਤਿੰਨ ਛੋਟੀਆਂ ਚੀਜ਼ਾਂ ਖਰੀਦਣ, ਫੇਰ ਉਹਨੇ ਬੈੱਡ ਤੇ ਸੋਫ਼ੇ ਦਾ ਵੀ ਸੌਦਾ ਕਰ ਲਿਆ। ਪਰ ਉਹਦੇ ਕੋਲ ਐਨਾ ਸਾਮਾਨ ਕੈਰੀ ਕਰਨ ਲਈ ਕੁਝ ਨਹੀਂ ਸੀ। ਕਹਿੰਦਾ ਮੈਂ ਅਗਲੇ ਵੀਕ ਕਿਸੇ ਦਾ ਪਿੱਕ ਅੱਪ ਟਰੱਕ ਲੈ ਕੇ ਆਊਂਗਾ।...। ਹੁਣ ਡੀਅਲ ਹੁੰਦੀ ਕਿਉਂ ਰੋਕਣੀ ਆਂ।" ਸੋ ਡੈਡ ਉਹਦਾ ਸਾਮਾਨ ਛੱਡਣ ਗਿਆ, ਆਉਣ ਵਾਲਾ ਹੀ ਹੋਣਾ ...ਕਹਿੰਦਾ ਸੀ ਕੰਮ ਮੁੱਕੂ ਮੰਥ ਐਂਡ ਆਉਣ ਵਾਲਾ, ਬੇਸਮੈਂਟ ਰੈਂਟ 'ਤੇ ਵੀ ਚੜ੍ਹ ਜਾਊਗੀ।"

"ਬੁੜ੍ਹੇ ਦਾ ਭੋਗ ਤਾਂ ਪੈ ਲੈਣ ਦਿੰਦੇ।" ਗੁਰਨਾਮ ਨੇ ਮਨ ਵਿਚ ਕਿਹਾ, ਫੇਰ ਕੁਝ ਚੇਤਾ ਕਰਕੇ ਰੌਜਰ ਨੂੰ ਪੁੱਛਣ ਲੱਗਾ।

"ਓਅ ਤੁਸੀਂ ਚਾਚੇ ਦੀ ਫਿਊਨਰਲ ਵੀ ਵੀਅਕ ਦੇ ਵਿਚਾਲੇ ਰੱਖ ਲਿਆ, ਤੇ ਹੁਣ ਆਹ ਭੋਗ ਵੀ ਫਰਾਈ ਡੇ ਦਾ ਰੱਖਿਆ...ਆਪਣੇ ਲੋਕ ਕਿੱਦਾਂ ਪੰਹੁਚਣਗੇ ਕੰਮ ਕਾਰ ਛੱਡਕੇ ?"

"ਓਅ ਐਕਚੁਅਲੀ ਅੰਕਲ, ਉਹ ਜਿਹੜਾ ਨਵਾਂ ਫਿਊਨਰਲ ਹੋਮ ਬਣਿਆ ਆਪਣੇ ਭਾਈਆਂ ਦਾ, ਉਨ੍ਹਾਂ ਨੇ ਵੀਕ ਡੇਅਜ ਵਿਚ ਫਿਉਨਰਲ ਕਰਨ ਤੇ ਭੋਗ ਪੁਆਉਣ ਕਰਕੇ ਸਾਨੂੰ ਅੱਧ ਤੋਂ ਵੀ ਘੱਟ ਚਾਰਜ ਕੀਤਾ, ਅਸੀਂ ਫੇਰ 'ਗੁੱਡ ਡੀਅਲ' ਮਿਲਦੀ ਕਰਕੇ ਇੱਦਾਂ ਹੀ ਰੱਖ ਲਿਆ...।"

ਗੁਰਨਾਮ ਨੂੰ ਜਾਪਿਆ ਜਿਵੇਂ ਉਹ ਗਲਤ ਜਗ੍ਹਾ ਤੇ ਗਲਤ ਕੰਮ ਆ ਗਿਆ ਹੋਵੇ। " ਤਾਂ ਫੇਰ ਗੇਜੂ ਪਤਾ ਨਹੀਂ ਕਦੋਂ ਮੁੜੇ, ਮੈਂ ਫੇਰ ਕਦੀਂ ਆਊਂਗਾ" ...ਕਹਿੰਦਾ ਹੋਇਆ ਗੁਰਨਾਮ ਬਗੈਰ ਜਵਾਬ ਸੁਣੇ ਦਰਵਾਜਿਉਂ ਬਾਹਰ ਹੋ ਗਿਆ।

********

## ਅਭਿਆਸ-ਪ੍ਰਸ਼ਨ

1. ਸਾਧੂ ਸਿੰਘ ਦੇ ਮਿਹਨਤੀ ਸੁਭਾਅ ਦਾ ਪਤਾ ਕਹਾਣੀ ਵਿੱਚ ਕਿਹੜੀਆਂ- ਕਿਹੜੀਆਂ ਗੱਲਾਂ ਤੋਂ ਲੱਗਦਾ ਹੈ ?
2. ਉਹ ਕਿਹੜੀਆਂ ਗੱਲਾਂ ਹਨ ਜਿਹੜੀਆਂ ਗੇਜ਼ੂ ਦੇ ਸੂਮਪੁਣੇ ਨੂੰ ਸਿੱਧ ਕਰਦੀਆਂ ਹਨ ?
3. ਕਨੈਡਾ ਪਹੁੰਚਣ ਤੇ ਸਾਧੂ ਸਿੰਘ ਨੂੰ ਘਰ ਵਿੱਚ ਕਿਹੜੇ ਕਮਰੇ 'ਚ ਠਹਿਰਾਇਆ ਗਿਆ ਸੀ ?
4. ਗੇਜ਼ੂ ਕਿਹੜੀ-ਕਿਹੜੀ ਗੁੱਡ ਡੀਅਲ ਕਰਦਾ ਹੈ ?
5. ਸਾਧੂ ਸਿੰਘ ਅਟਵਾਲਾਂ ਦੇ ਮੁੰਡੇ ਦੇ ਵਿਆਹ ਸਮੇਂ ਗੁਰਨਾਮ ਸਿੰਘ ਨਾਲ ਆਪਣੇ ਕਿਹੜੇ ਦੁਖੜੇ ਫਰੋਲਦਾ ਹੈ ? ਬਿਆਨ ਕਰੋ।
6. ਰੋਜ਼ਰ ਸਾਧੂ ਸਿੰਘ ਦੇ ਫਿਉਨਰਲ ਅਤੇ ਭੋਗ ਬਾਰੇ ਗੁਰਨਾਮ ਸਿੰਘ ਨੂੰ ਕੀ ਦੱਸਦਾ ਹੈ ?
7. 'ਗੁੱਡ ਡੀਅਲ' ਕਹਾਣੀ ਸਾਨੂੰ ਕੀ ਸੁਨੇਹਾ ਦਿੰਦੀ ਹੈ ?

BSER

# ਹਰਪ੍ਰੀਤ ਸਿੰਘ ਸੇਖਾ

ਹਰਪ੍ਰੀਤ ਸਿੰਘ ਸੇਖਾ ਇੱਕ ਅਜਿਹਾ ਪ੍ਰਤਿਭਾਸ਼ਾਲੀ ਸਿਰਜਕ ਹੈ, ਜਿਸ ਨੇ ਆਪਣਾ ਸਿਰਜਨਾਤਮਕ ਸਫ਼ਰ ਬੇਗਾਨੀ ਧਰਤੀ ਤੋਂ ਸ਼ੁਰੂ ਕੀਤਾ। ਕਨੇਡਾ ਵਿੱਚ ਵਸਦਾ ਇਹ ਨੌਜਵਾਨ ਕਥਾਕਾਰ ਪ੍ਰਵਾਸੀ ਅਨੁਭਵ ਵਾਲੀ ਪੰਜਾਬੀ ਕਹਾਣੀ ਨੂੰ ਵਿਸਥਾਰਨ ਵਿੱਚ ਅਹਿਮ ਯੋਗਦਾਨ ਪਾ ਰਿਹਾ ਹੈ।

ਹਰਪ੍ਰੀਤ ਸਿੰਘ ਸੇਖਾ ਦਾ ਜਨਮ 1967 ਈ.ਵਿੱਚ ਕੋਟ ਈਸੇ ਖਾਂ(ਜਿਲ੍ਹਾ ਮੋਗਾ) ਵਿਖੇ ਪਿਤਾ ਹਰਚੰਦ ਸਿੰਘ ਦੇ ਘਰ ਹੋਇਆ। ਉਸ ਨੇ ਮਕੈਨੀਕਲ ਇੰਜਨੀਅਰਿੰਗ ਵਿੱਚ ਡਿਪਲੋਮਾ ਕੀਤਾ ਅਤੇ ਕਨੇਡਾ ਪ੍ਰਵਾਸ ਕਰ ਲਿਆ। ਉਸ ਦੀਆਂ ਕਹਾਣੀਆਂ ਸਮੇਂ-ਸਮੇਂ ਪੰਜਾਬੀ ਦੇ ਚਰਚਿਤ ਰਸਾਲਿਆਂ ਵਿੱਚ ਪ੍ਰਕਾਸ਼ਿਤ ਹੁੰਦੀਆਂ ਆ ਰਹੀਆਂ ਹਨ। ਪ੍ਰਦੇਸਾਂ ਵਿੱਚ ਵੱਸਦੇ ਪੰਜਾਬੀਆਂ ਦੇ ਸਮਾਜਿਕ ਸਭਿਆਚਾਰਕ ਸੰਕਟਾਂ ਨੂੰ ਉਸ ਨੇ ਆਪਣੀਆਂ ਕਹਾਣੀਆਂ ਵਿੱਚ ਪੇਸ਼ ਕੀਤਾ ਹੈ। ਉਸ ਦੀਆਂ ਕਹਾਣੀਆਂ ਪ੍ਰਵਾਸੀ ਪੰਜਾਬੀਆਂ ਦੀ ਮਾਨਸਿਕ ਵਿਖੰਡਤਾ ਦਾ ਚਿਤਰਨ ਕਰਦੀਆਂ ਹੋਈਆਂ ਉਹਨਾਂ ਦੀ ਦੁਚਿੱਤੀ ਨੂੰ ਬਿਆਨ ਕਰਦੀਆਂ ਹਨ।

ਸੰਖੇਪਤਾ ਤੇ ਸਹਿਜਤਾ ਨਾਲ ਕਹਾਣੀ ਲਿਖਣਾ ਉਸ ਦੀ ਕਹਾਣੀ ਕਲਾ ਦੀ ਵਿਲੱਖਣਤਾ ਹੈ। ਥੋੜੇ ਸਮੇਂ ਵਿੱਚ ਹੀ ਉਸ ਨੇ ਪ੍ਰਵਾਸੀ ਪੰਜਾਬੀ ਕਹਾਣੀ ਵਿੱਚ ਆਪਣਾ ਨਾਮ ਬਣਾ ਲਿਆ ਹੈ। ਉਸ ਦੀ ਕਹਾਣੀ 'ਪੰਜ ਡਾਲਰ ਦਾ ਨੋਟ' ਪੇਸ਼ ਕੀਤੀ ਜਾ ਰਹੀ ਹੈ।

BSER

# 12. ਪੰਜ ਡਾਲਰ ਦਾ ਨੋਟ

ਲਿਵਿੰਗ-ਰੂਮ ਵਿੱਚ ਪਏ ਸੋਫੇ ਦੀ ਇੱਕ ਨੁੱਕਰੇ ਜੈਮਲ ਸਿਓਂ ਪਾਲੇ-ਮਾਰੀ ਕੁਕੜੀ ਵਾਂਗ ਸੁੰਗੜਿਆ ਜਿਹਾ ਬੈਠਾ ਸੀ। ਸਵੇਰ ਦਾ ਹੀ ਉਹ ਹਾਰੇ ਹੋਏ ਜੁਆਰੀਏ ਵਾਂਗ ਸਿਰ ਸੁੱਟੀ ਫਿਰਦਾ ਸੀ। ਵਾਰ-ਵਾਰ ਉਸ ਦੇ ਮਨ ਵਿੱਚ ਖ਼ਿਆਲ ਆਉਂਦਾ ਕਿ ਉਹ ਅੱਜ ਮਿਲ ਕੇ ਵਾਪਸ ਜਾਣ ਲੱਗੀ ਆਪਣੀ ਧੀ ਨੂੰ ਕੀ ਦੇਵੇਗਾ। ਸਵੇਰੇ ਚਾਹ ਪੀ ਕੇ ਉਹ ਫਿਰ ਬਿਸਤਰੇ ਵਿੱਚ ਵੜ ਗਿਆ ਅਤੇ ਰਾਤ ਆਏ ਸੁਪਨੇ ਬਾਰੇ ਸੋਚਣ ਲੱਗਾ। ਉਸ ਨੂੰ ਇਹ ਵੀ ਪੱਕਾ ਯਕੀਨ ਨਹੀਂ ਸੀ ਕਿ ਉਹ ਸੁਪਨਾ ਹੀ ਸੀ ਜਾਂ ਉਸ ਦੇ ਜਾਗਦੇ ਪਏ ਦੇ ਹੀ ਚਿੱਤ 'ਚ ਖਿਆਲ ਆਇਆ ਸੀ। ਅੱਧੀ ਰਾਤ ਤੋਂ ਬਾਅਦ ਉਸ ਨੂੰ ਸਵਾਰ ਕੇ ਨੀਂਦ ਵੀ ਨਹੀਂ ਸੀ ਆਈ, ਜਦ ਉਸ ਨੂੰ ਆਪਣੀ ਗੁਜ਼ਰ ਚੁੱਕੀ ਘਰਵਾਲੀ ਬੰਤੀ ਦਾ ਖਿਆਲ ਜਾਂ ਸ਼ਾਇਦ ਸੁਪਨਾ ਆਇਆ ਸੀ। ਉਸ ਜਿਵੇਂ ਕਿਹਾ ਹੋਵੇ, "ਐਵੇ ਨਾ ਮੁੱਠ ਘੁੱਟ ਲਈਂ ਕੁੜੀ ਨੂੰ ਤੋਰਨ ਮੌਕੇ"। 'ਮੁੱਠ ਘੁੱਟਣ ਨੂੰ ਜਿਵੇ ਮੈ ਖ਼ਜਾਨੇ 'ਤੇ ਬੈਠਾਂ ਹੋਵਾਂ,' ਜੈਮਲ ਸਿਓਂ ਨੇ ਹਉਕਾ ਲੈਣ ਵਾਂਗ ਸਾਹ ਲਿਆ।

"ਗੁਰਮੇਲ ਦੇ ਬਾਪੂ, ਤੂੰ ਐਵੇਂ ਚਿੱਤ ਛੋਟਾ ਕਰ ਲੈਨੇਂ", ਜੈਮਲ ਸਿਓਂ ਨੂੰ ਬੰਤੀ ਦਾ ਕਿਹਾ ਫਿਰ ਸੁਣਿਆ। ਉਹ ਇਸੇ ਤਰ੍ਹਾਂ ਹੀ ਆਖਦੀ ਹੁੰਦੀ ਸੀ।

ਉਸ ਦਿਨ ਵੀ ਬੰਤੀ ਨੇ ਇਵੇਂ ਹੀ ਕਿਹਾ ਸੀ, ਜਿਸ ਦਿਨ ਜੈਮਲ ਸਿਓਂ ਦੀ ਛੋਟੀ ਭੈਣ ਨੇ ਦਿਨ ਛਿਪੇ ਜਿਹੇ ਆਣ ਸਿਰ ਕੱਢਿਆ ਸੀ। ਸਾਹੋ-ਸਾਹ ਹੋਈ ਨੇ ਉਸ ਕਿਹਾ ਸੀ,"ਬਾਈ ਹੁਣ ਤਾਂ ਤੇਰੇ ਰੱਖੀਦੇ ਆਂ। ਬੰਕ ਵਾਲੇ ਕੱਲ੍ਹ ਤੱਕ ਦੀ ਮੋਹਲਤ ਦੇ ਕੇ ਗਏ ਆ ਜੇ ਟਰੈਟ ਦੀ ਕਿਸ਼ਤ ਨਾ ਭਰੀ ਤਾਂ ਅਗਲਿਆਂ ਲੈ ਜਾਣੈ।"

"ਕੋਈ ਨਾ ਕਰਦੇ ਆਂ ਭੰਨ-ਘੜ ਕੋਈ। ਤੂੰ ਫਿਕਰ ਨਾ ਕਰ," ਜੈਮਲ ਸਿਓਂ ਨੇ ਉਸ ਦਾ ਸਿਰ ਪਲੋਸ ਦੇ ਨੇ ਆਖ ਤਾਂ ਦਿੱਤਾ ਸੀ ਪਰ ਉਸ ਨੂੰ ਅਚਵੀ ਜਿਹੀ ਲੱਗ ਗਈ ਸੀ। 'ਭੰਨ-ਘੜ' ਬਾਰੇ ਸੋਚਦਾ ਉਹ ਮੰਜੇ ਤੇ ਪਿਆ ਉਸੱਲਵੱਟੇ ਜਿਹੇ ਲੈ ਰਿਹਾ ਸੀ, ਜਦ ਬੰਤੀ ਬੋਲੀ ਸੀ, "ਸੌਂ ਜਾ ਰਾਮ ਨਾਲ। ਜਦੋਂ ਸਵੇਰ ਆਊ, ਦੇਖੀ ਜਾਊ।"

"ਸਵੇਰੇ 'ਸਮਾਨੋਂ ਡਿੱਗ ਪੈਣਗੇ', ਹਾੜ੍ਹੀ ਤਾਂ ਸਾਰੀ ਖਾਈ ਬੈਠੇ ਆਂ", ਜੈਮਲ ਸਿਓਂ ਨੇ ਫ਼ਿਕਰਮੰਦ ਆਵਾਜ਼ 'ਚ ਕਿਹਾ।

"ਮੇਰੇ ਕੋਲ ਰੱਖੇ ਵੇ ਆ, ਸੋਚਦੀ ਸੀ ਬਈ ਪਿੰਦਰ ਦੀ ਕੋਈ ਚੀਜ਼ ਬਣਾ ਕੇ ਰੱਖ ਲਾਂ, ਕੁੜੀ 'ਤੇ ਨਿੱਤ ਨਵਾਂ ਵਾਰ ਆਉਂਦੈ, ਡੇਕ ਵਾਂਗ ਵਧਦੀ ਜਾਂਦੀ ਐ"।

"ਕੁੜੀ ਹਾਲੇ ਦਸਾਂ ਵਰ੍ਹਿਆਂ ਦੀ ਹੋਈ ਐ, ਤੈਨੂੰ ਹੁਣੇ ਈ ਤਿਉਰ ਜੋੜਨ ਦਾ ਫਿਕਰ ਲੱਗ ਗਿਐ।"

"ਜੇ ਹੁਣੇ ਤੋ ਜੋੜਣ ਲੱਗਾਂਗੇ ਫੇਰ ਈ ਉਦੋਂ ਤੱਕ ਪੂਰੀਆਂ ਪੈਣਗੀਆਂ, ਚੱਲ ਫੇਰ ਜੁੜ ਜਾਣਗੇ ਆਪਾਂ ਬੀਬੀ ਦਾ ਬੁੱਤਾ ਸਾਰੀਏਂ।"

'ਕੱਢ ਕਿਤੇ ਬੰਤੀਏ ਅੱਜ ਵੀ ਸੰਦੂਕ 'ਚੋਂ ਇਹ ਸੋਚਦੇ ਜੈਮਲ ਸਿਓਂ ਦੀਆਂ ਅੱਖਾਂ ਦੇ ਕੋਇਆ 'ਚੋਂ ਪਾਣੀ ਸਿੰਮ ਆਇਆ। ਹਉਕਾ ਲੈਂਦਿਆਂ ਉਸ ਚਿੱਤ 'ਚ ਹੀ ਕਿਹਾ, 'ਮਾਰ ਕੇ ਸੁੱਟਗੀ ਬੰਤੀਏ।'

"ਬੇਬੇ ਤਾਂ ਮਾਰ ਕੇ ਸੁੱਟਗੀ। ਕਈ ਸਾਲ ਪਿੱਛੇ ਜਾ ਪਏ", ਇਵੇਂ ਹੀ ਇੱਕ ਦਿਨ ਗੁਰਮੇਲ ਨੇ ਵੀ



BSEP

ਕਿਹਾ ਸੀ।

"ਉਹ ਕਿਵੇਂ ?" ਕੋਲ ਬੈਠੇ ਜੈਮਲ ਸਿਓਂ ਨੇ ਪੁੱਛਿਆ।

"ਕਿਵੇਂ ਕੀ, ਸੋਚਦੇ ਸੀ ਜਦੋਂ ਬੇਬੇ-ਬਾਪੂ ਆ ਗਏ ਇੱਥੇ, ਫੇਰ ਜਵਾਕ ਦੀ ਸਕੀਮ ਕਰਾਂਗੇ। ਬੇਬੇ ਜਵਾਕ ਸੰਭਾਲਦੀ, ਤੈਨੂੰ ਫਾਰਮਾਂ 'ਚ ਭੇਜਦੇ, ਅਸੀਂ ਦੋਹੇ ਜੀਅ ਡਟ ਕੇ ਕੰਮ ਕਰਦੇ। ਘਰ ਦੀ ਮੌਰਗੇਜ ਬੜ੍ਹਕਾਅ ਕੇ ਮਾਰਦੇ। ਪਰ ਗੇੜ ਈ ਪੁੱਠਾ ਪੈ ਗਿਆ। ਜਦੋਂ ਥੋਡੀ ਡਾਕਟਰੀ ਹੋ ਗਈ ਅਸੀਂ ਸੋਚਿਆ ਹੁਣ ਛੇ ਮਹੀਨਿਆਂ 'ਚ ਪਹੁੰਚੇ ਲੈ। ਅਸੀਂ ਜਵਾਕ ਦੀ ਸਕੀਮ ਕਰ ਲਈ। ਘਰ ਲੈ ਲਿਆ ਓਧਰ ਬੇਬੇ ਤੁਰ ਗਈ। 'ਡੀਕਦੇ ਥੋਨੂੰ ਐਥੇ ਸੀ ਤੇ ਜਾਣਾ ਮੈਨੂੰ ਓਥੇ ਪੈ ਗਿਆ।"

"ਵੱਸ ਐ ਕੋਈ", ਆਖ ਕੇ ਜੈਮਲ ਸਿਓਂ ਨੇ ਗੁਰਮੇਲ ਦੇ ਮੋਢੇ 'ਤੇ ਹੱਥ ਰੱਖਿਆ।

ਉਸ ਰਾਤ ਬਿਸਤਰੇ 'ਚ ਉੱਸਲਵੱਟੇ ਲੈਂਦੇ ਜੈਮਲ ਸਿਓਂ ਨੂੰ ਲੱਗਿਆ ਸੀ ਜਿਵੇਂ ਬੰਤੀ ਨੇ ਕਿਹਾ ਹੋਵੇ, 'ਜਵਾਂ ਤੇਰੇ 'ਤੇ ਗਿਐ, ਐਵੇਂ ਚਿੱਤ ਛੱਡ ਜਾਂਦੈਂ, ਜੇ ਦੋ-ਚਾਰ ਸਾਲ ਪਿੱਛੋਂ ਕਰਜ਼ਾ ਲਹਿ ਜਾਊ ਤਾਂ ਕੀ 'ਸਮਾਨ ਉੱਤੇ ਡਿੱਗ ਪਊ। ਸਮਝਾ ਉਹਨੂੰ।'

'ਮੈਂ ਕੀ ਸਮਝਾਵਾਂ, ਮੇਰੀ ਕਿਹੜਾ ਸੁਣਦੈ। ਕਦੇ ਹਾਲ-ਚਾਲ ਨੀ ਪੁਛਿਆ, ਮੈ ਜਿਵੇਂ ਵਾਧੂ ਦਾ ਜੀਅ ਆਂ। ਭੋਰਾ ਜੀਅ ਨੀ ਲੱਗਦਾ, ਸੱਦ ਲਾ ਆਵਦੇ ਕੋਲ ਹੁਣ ਤਾਂ,' ਜੈਮਲ ਸਿਓਂ ਨੇ ਆਪਣੇ ਚਿੱਤ 'ਚ ਹੀ ਕਿਹਾ।

"ਮੇਰੇ ਪੋਤੇ ਨੂੰ ਕੌਣ ਸਾਂਭੂ ਫਿਰ ? ਨੂੰਹ-ਪੁੱਤ ਤਾਂ ਕੰਮ 'ਤੇ ਚਲੇ ਜਾਂਦੇ ਆ। ਕਿੱਥੇ ਛੱਡਦੇ ਫਿਰਨਗੇ ਮੇਰੇ ਭੋਰਾ-ਭਰ ਲਵੀ ਨੂੰ ? ਆਪਣੇ ਸਿਰ ਤਾਂ ਉਨ੍ਹਾਂ ਜਵਾਕ ਜੰਮਿਐ। ਜੇ ਮੇਰੇ ਮਰੀ ਤੋਂ ਉਹ ਪਿੱਛੇ ਜਾ ਪਏ ਆ, ਤਾਂ ਤੇਰੇ ਗਏ ਤੋ ਤਾਂ ਹੋਰ ਵੀ ਔਖੇ ਹੋ ਜਾਣਗੇ", ਜਿਵੇਂ ਬੰਤੀ ਨੇ ਕਿਹਾ ਹੋਵੇ।

"ਸਾਂਭੀ ਤਾਂ ਜਾਨੈ, ਆਵਦੇ ਜਵਾਕਾਂ ਦੇ ਤਾਂ ਪੋਤੜਿਆਂ ਨੂੰ ਕਦੇ ਹੱਥ ਨਹੀਂ ਸੀ ਲਾਇਆ, ਹੁਣ ਪੋਤੇ ਦੀ ਸਾਰੀ ਸਾਂਭ ਕਰਦੈ"

"ਮੇਹਣੈ ਕੋਈ ? ਆਵਦਾ ਖੂਨ ਐ।"

ਯਾਦ ਕਰਕੇ ਜੈਮਲ ਸਿਓਂ ਨੇ ਲੰਮਾ ਸਾਹ ਛੱਡਦਿਆਂ ਪਾਸਾ ਲਿਆ, 'ਪਰ ਸਮਝਣ ਵੀ, ਕੋਈ ਕਦਰ ਵੀ ਜਾਣੇ ? ਕੋਈ ਲਿਆਕਤ ਹੁੰਦੀ ਤਾਂ ਆ ਕੇ ਪੁੱਛਦਾ ਬਈ ਬਾਪੂ ਪਿੰਦਰ ਨੂੰ ਕੀ ਦੇਈਏ, ਬੰਦੇ ਦਾ ਮਾਣ ਹੋ ਜਾਂਦੈ'। ਕਮਰੇ ਅੰਦਰ ਆਈ ਰੁਪਿੰਦਰ ਨੇ ਜੈਮਲ ਸਿਓਂ ਨੂੰ ਸੋਚਾਂ 'ਚੋ ਕੱਢਿਆ। ਉਸ ਕਿਹਾ,"ਬਾਪੂ ਜੀ ਤੁਸੀਂ ਠੀਕ ਐਂ ? ਉੱਠਣਾ ਨਹੀਂ ਹਾਲੇ ?"

"ਨਹੀਂ-ਨਹੀਂ ਠੀਕ ਆਂ, ਉਈ ਜਾਣੀ ਜੀਅ ਜਾ ਨੀਂ ਕੀਤਾ ਉੱਠਣ ਨੂੰ", ਬਿਸਤਰੇ 'ਚ ਬੈਠਦਾ ਜੈਮਲ ਸਿਓਂ ਬੋਲਿਆ। ਫਿਰ ਉਸ ਨੇ ਬੈੱਡ ਦੇ ਇੱਕ ਸਿਰੇ ਤੋਂ ਰਜ਼ਾਈ ਪਾਸੇ ਹਟਾਉਂਦੇ ਹੋਏ ਕਿਹਾ,"ਆ ਜਾ ਬਹਿਜਾ, ਛੇ-ਸੱਤ ਦਿਨ ਤਾਂ ਵੇਂਹਦੇ ਹੀ ਨਿਕਲ ਗਏ, ਜਾਣੀ ਪਤਾ ਹੀ ਨੀਂ ਲੱਗਿਆ ਕਦੋਂ ਆਈ ਤੇ ਕਦੋਂ ਮੁੜ ਚੱਲੀ ਏਂ। ਊਂ ਤਾਂ ਵਾਹਵਾ ਰੌਣਕ ਲੱਗੀ ਵੀ ਸੀ, ਨਹੀਂ ਤਾਂ ਸਾਰਾ ਦਿਨ ਲਵੀ ਕੋਲ; ਇਕੱਲਾ ਬੈਠਾ ਰਹਿਨੈ। ਤੂੰ ਐਥੇ ਐਂ ਤਾਂ ਪਤਾ ਹੀ ਨਹੀਂ ਲੱਗਦਾ ਗੱਲਾਂ ਕਰਦਿਆਂ ਕਿਵੇਂ ਦਿਹਾੜੀ ਨਿੱਕਲ ਜਾਂਦੀ ਐ, "ਜੈਮਲ ਸਿਓਂ ਦੀ ਆਵਾਜ਼ 'ਚ ਉਦਾਸੀ ਸੀ।"



BSEB

"ਚੱਲੋ ਮੇਰੇ ਨਾਲ ਹੀ ਚੱਲੋ, ਨਾਲ ਹੀ ਲਵੀ ਨੂੰ ਲੈ ਚੱਲਦੇ ਆਂ।"

"ਕੁੜੀਆਂ ਤੇ ਮੁੰਡਿਆਂ 'ਚ ਕੀ ਫਰਕ ਐ ? ਚਲੋ ਜੇ ਥੋਡਾ ਇਹੀ ਵਿਚਾਰ ਐ ਤਾਂ ਮੈਂ ਛੇਤੀਂ ਗੇੜਾ ਮਾਰ ਜਾਊਂ, ਆਹ ਤਾਂ ਕੈਲਗਰੀ ਖੜ੍ਹੀ ਐ, ਘੰਟੇ 'ਚ ਪਹੁੰਚ ਜਾਈਦੈ ਜਹਾਜ਼ 'ਤੇ।"

"ਹਾਂ ਕੋਈ ਫ਼ਰਕ ਨੀਂ ਮੁੰਡਿਆਂ-ਕੁੜੀਆਂ 'ਚ। ਸਗੋਂ ਕੁੜੀਆਂ ਤਾਂ ... ਆਖ ਜੈਮਲ ਸਿਓਂ ਚੁੱਪ ਕਰ ਗਿਆ। ਉਸ ਦੇ ਦਿਮਾਗ ਵਿਚ ਉਸ ਦੀ ਵੱਡੀ ਭੈਣ ਆ ਗਈ। ਉਹ ਸੋਚਣ ਲੱਗਾ ਕਿ ਉਹ ਵੀ ਤਾਂ ਕੁੜੀ ਹੀ ਸੀ, ਜਿਸ ਨੇ ਸਾਰਾ ਟੱਬਰ ਕਨੇਡਾ ਮੰਗਵਾ ਦਿੱਤਾ ਸੀ। ਨਹੀਂ ਕੌਣ ਐਨਾ ਕਰਦੈ। ਪਹਿਲਾਂ ਉਸ ਪਿੰਦਰ ਨੂੰ ਮਤਬੰਨਾ ਬਣਾ ਕੇ ਸੱਦਿਆ। ਫੇਰ ਗੁਰਮੇਲ ਦਾ ਐਧਰ ਕੁੜੀ ਲੱਭ ਕੇ ਵਿਆਹ ਕੀਤਾ। ਮੇਰੀ ਸਾਰੀ ਕਬੀਲਦਾਰੀ ਕਿਓਂਟ ਦਿੱਤੀ। ਮੈਥੋਂ ਤਾਂ ਘਰਦੀ ਰੋਟੀ ਮਸਾਂ ਤੁਰਦੀ ਸੀ ਪਰ ਹੁਣ ਕਿਹੜਾ ਮੈਂ ਸ਼ਾਹ ਹੋ ਗਿਐਂ। ਕੁੜੀ ਦੇ ਹੱਥ 'ਤੇ ਧਰਨ ਲਈ ਤਾਂ ਚਾਰ ਛਿੱਲੜ ਜੇਬ 'ਚ ਨੀਂ ਤੇ ਓਥੇ ....' ਜੈਮਲ ਸਿਓਂ ਦੀਆਂ ਸੋਚਾਂ ਨੇ ਪਲਟਾ ਖਾਧਾ ਅਤੇ ਉਸ ਦੀਆਂ ਯਾਦਾਂ 'ਚ ਦੋ ਸਾਲ ਪਹਿਲਾਂ ਦਾ ਸਮਾਂ ਹਾਵੀ ਹੋ ਗਿਆ ਜਦ ਉਹ ਹਾਲੇ ਇੰਡੀਆ ਵਿਚ ਹੀ ਸੀ। ਰੁਪਿੰਦਰ ਦੀ ਚਿੱਠੀ ਗਈ ਸੀ ਕਿ ਉਹ ਮੋਨਿਕਾ ਦੇ ਨਾਲ ਇੰਡੀਆ ਆ ਰਹੀ ਹੈ। ਉਦੋਂ ਨਰਮੇ ਦੀ ਹਾਲੇ ਪਹਿਲੀ ਚੋਣੀ ਹੀ ਚੁਗੀ ਸੀ। ਜੈਮਲ ਸਿਓਂ ਸਾਰਾ ਨਰਮਾ ਮੰਡੀ ਵੇਚ ਆਇਆ ਸੀ। ਫਿਰ ਜਿੰਨਾਂ ਚਿਰ ਰੁਪਿੰਦਰ ਪਿੰਡ ਰਹੀ ਸੀ, ਟੈਕਸੀ ਵਾਲੇ ਊਧਮ ਨੂੰ ਉੱਨਾਂ ਚਿਰ ਗੇੜੇ ਦੀ ਭਾਲ ਲਈ ਟੈਕਸੀ ਸ਼ਹਿਰ ਦੇ ਸਟੈਂਡ 'ਤੇ ਨਹੀਂ ਸੀ ਲਾਉਣੀ ਪਈ। ਜੈਮਲ ਸਿਓਂ ਰੁਪਿੰਦਰ ਨੂੰ ਰਿਸ਼ਤੇਦਾਰੀਆਂ 'ਚ ਮਿਲਾਉਣ ਲਈ ਤੁਰਿਆ ਰਹਿੰਦਾ। ਦੋ ਸਾਲਾਂ ਦੀ ਮੋਨਿਕਾ ਨੂੰ ਉਹ ਆਪਣੇ ਮੋਢਿਆਂ 'ਤੇ ਚੁੱਕੀ ਫਿਰਦਾ। ਰੁਪਿੰਦਰ ਨੇ ਜਦ ਵਾਪਸ ਮੁੜਨਾ ਸੀ, ਉਸ ਤੋਂ ਪੰਜ-ਛੇ ਦਿਨ ਪਹਿਲਾਂ ਬੰਤੀ ਸੰਦੂਕ 'ਚੋਂ ਚਾਦਰਾਂ ਅਤੇ ਦਰੀਆਂ ਕੱਢਦੀ ਬੋਲੀ ਸੀ, "ਪਿੰਦਰੇ ਆਹ ਸਾਰੀਆਂ ਤੇਰੇ ਵਾਸਤੇ ਬਣਾਈਆਂ ਸੀ, ਪਰ ਤੇਰਾ ਕਾਰਜ ਤਾਂ ਜਿਉਣ ਜੋਗੀ ਤੇਰੀ ਭੂਆ ਨੇ ਓਧਰ ਈ ਕਰਤਾ। ਏਹ ਲੈ ਜੀਂ ਭਾਈ ਉੱਥੇ, ਤੇਰੀਆਂ ਐਂ ਸਾਰੀਆਂ।"

"ਬੇਬੇ ਜੀ ਮੇਰੇ ਨੀ ਕੰਮ ਆਉਣੀਆਂ ਓਧਰ, ਦਰੀਆਂ ਦੀ ਨੀ ਲੋੜ ਪੈਂਦੀ ਓਥੇ। ਜੇ ਥੋਡਾ ਬਹੁਤਾ ਈ ਜੀਅ ਕਰਦੈ ਤਾਂ ਕੋਈ ਸੂਟ-ਸਾੜ੍ਹੀ ਲੈ ਦਿਓ," ਪਿੰਦਰ ਨੇ ਕਿਹਾ।

"ਸੂਟ ਵੀ ਲੈ ਦੂੰ ਪਰ ਇਕ ਤਾਂ ਲੈ ਜਾ ਨਸ਼ਾਨੀ ਵਜੋਂ, ਬਹੁਤਾ ਨੀ ਥਾਂ ਘੇਰਦੀ ਤੇਰਾ," ਆਖਦੀ ਬੰਤੀ ਨੇ ਮੱਲੋ-ਮੱਲੀ ਇਕ ਚਾਦਰ ਰੁਪਿੰਦਰ ਦੇ ਅਟੈਚੀ ਵਿਚ ਪਾ ਦਿੱਤੀ। ਫਿਰ ਸ਼ਹਿਰੋਂ ਰੁਪਿੰਦਰ ਦੀ ਪਸੰਦ ਦੇ ਸੱਤ ਸੂਟ ਵੀ ਲਿਆ ਕੇ ਦਿੱਤੇ।

ਜੈਮਲ ਸਿਓਂ ਦੀਆਂ ਸੋਚਾਂ ਦੀ ਸੂਈ ਫਿਰ 'ਜਾਣ ਲੱਗੀ ਰੁਪਿੰਦਰ ਨੂੰ ਕੀ ਦੇਵਾਂਗਾ' ਉੱਪਰ ਆ ਟਿਕੀ, 'ਬੰਤੀ ਹੁੰਦੀ ਤਾਂ ਕੋਈ ਸੂਟ-ਸਾਟ ਈ ਕੱਢ ਲੈਂਦੀ ਕਿਤੋਂ, ਵਹੁਟੀ ਵੀ ਦੇਊਗੀ ਈ ਕੋਈ, ਮੈਂ ਐਵੇਂ ਸੰਸਾ ਕਰੀ ਜਾਨੈ। ਪਰ ਸਹੁਰੀਂ ਮੁੜਦੀ ਕੁੜੀ ਨੂੰ ਪਿਆਰ ਦਿੰਦਾ ਖਾਲੀ ਹੱਥ ਵੀ ਚੰਗਾ ਨੀ ਲੱਗਦਾ। ਚੱਲ ਪੰਜਾਂ ਦਾ ਨੋਟ ਜਿਹੜਾ ਪਿਐ ਓਹ ਦੇ ਦੇਂਊ। ..... ਫੇਰ ਮੇਰੇ ਕੋਲ ਨੀ ਕੁਛ ਬਚਣਾ। ਪੰਜਾਹ ਸੀ ਜਦੋਂ ਦੇਸੋਂ ਆਇਆ ਸੀ। ਛੇਆਂ-ਸੱਤਾਂ ਮਹੀਨਿਆਂ 'ਚ ਸਾਰੇ ਖੁਰਗੇ, ਇਹੀ ਇਕ ਬਚਿਐ। ਕਦੇ ਲੋੜ ਪੈ ਜਾਂਦੀ ਐ। ਜੇਬ 'ਚ ਪਾਂਜਾ-ਸਾਤਾ ਚੰਗਾ ਰਹਿੰਦੈ। ਗੁਰਮੇਲ ਤਾਂ ਪੰਜੀ ਨੀਂ ਦਿੰਦਾ। ਓਦਨ ਮੰਗੇ ਈ ਸੀ ਦਸ-ਵੀਹ ਡਾਲਰ। ਅੱਗੋਂ ਪੁੱਠਾ ਹੀ ਬੋਲਿਆ ਅਖੇ, "ਤੈਂ ਕਿਹੜਾ ਬਲਦ ਲੈਣ ਜਾਣੈ। ਘਰ ਬੈਠੇ ਨੂੰ ਰੋਟੀ ਟੁੱਕ ਮਿਲ ਜਾਂਦੈ।" ਪੁੱਛਣ ਵਾਲਾ ਹੋਵੇ ਰੋਟੀ-ਟੁੱਕ ਤੋਂ ਬਿਨਾਂ ਵੀ ਤਾਂ ਬੰਦੇ ਨੂੰ ਲੋੜ ਹੁੰਦੀ ਐ। ਜਵਾਂ ਪੈਸੇ ਦਾ ਪੁੱਤ ਬਣ ਗਿਆ ਗੁਰਮੇਲ ਤਾਂ। ਓਦਣ ਕਿੰਨਾਂ ਔਖਾ-ਭਾਰਾ ਹੋਇਆ ਸੀ ਜਿੱਦਣ ਖੇਮ ਸਿਓਂ ਕੇ ਘਰੇ ਪਾਠ ਵਾਲੇ ਦਿਨ ਦੂਜਿਆਂ ਦੀ ਦੇਖਾ-ਦੇਖੀ ਰਾਗੀ ਨੂੰ ਦੋ ਛਿੱਲੜ ਦੇ ਬੈਠਾ ਸੀ। ਅਖੇ, "ਬਾਪੂ ਇਹ ਦਰੱਖਤਾਂ ਤੋਂ ਨੀ

ਝੜਦੇ ਤੇ ਤੂੰ ਰਾਗੀਆਂ ਨੂੰ ਲੁਟਾਈ ਜਾਨੈ। ਮੈਂ ਵੀ ਬੈਠਾ ਈ ਸੀ, ਮੈਂ ਨੀ ਦਿੱਤਾ ਕੁਛ, ਮੈਂ ਤਾਂ ਮੱਥਾ ਵੀ ਚੁਆਨੀ ਤੋਂ ਵੱਧ ਨੀ ਟੇਕਿਆ ਕਦੇ, ਹੱਦ ਈ ਹੋਗੀ ਏਹਦੇ ਵਾਲੀ।

"ਆ ਜੋ ਬਾਪੂ ਜੀ ਰੋਟੀ ਬਣਗੀ, ਖਾ ਲੋ ਉੱਠ ਕੇ" ਨੂੰਹ ਦੀ ਆਵਾਜ਼ ਸੁਣ ਉਹ ਉੱਠਿਆ। ਬਿਸਤਰੇ ਉੱਪਰ ਰਜ਼ਾਈ ਵਿਛਾ ਕੇ ਖਾਣੇ ਵਾਲੇ ਮੇਜ਼ ਦੁਆਲੇ ਬੈਠ ਗਿਆ। ਉਸ ਆਸੇ-ਪਾਸੇ ਵੇਖਿਆ, ਫਿਰ ਰੋਟੀਆਂ ਪਕਾ ਰਹੀ ਆਪਣੀ ਨੂੰਹ ਨੂੰ ਪੁੱਛਣ ਲੱਗਾ, "ਗੁਰਮੇਲ ਕੰਮ 'ਤੇ ਗਿਐ ਅੱਜ ਵੀ?"

"ਹਾਂ, ਬਾਪੂ ਜੀ।"

"ਮੁੜ ਆਊ ਜਦੋਂ ਤੱਕ ਪਿੰਦਰ ਨੇ ਜਾਣੈ?"

"ਕਹਿੰਦੇ ਸੀ ਤਿਆਰ ਰਿਹੋ, ਜਦੋਂ ਵੀ ਏਅਰਪੋਰਟ 'ਤੇ ਜਾਣ ਦਾ ਟੈਮ ਹੋਇਆ ਪਹੁੰਚ ਜਾਊਂ।"

"ਅੱਛਾ!" ਆਖ ਜੈਮਲ ਸਿਓਂ ਰੋਟੀ ਖਾਣ ਲੱਗ ਪਿਆ। ਰੋਟੀ ਖਾ ਕੇ ਉਸ ਦੇ ਚਿੱਤ 'ਚ ਆਈ ਕਿ ਨੂੰਹ ਘਰ ਹੈ, ਪਾਰਕ ਤੱਕ ਗੇੜਾ ਲਾ ਆਵੇ, ਪਰ ਉਸ ਦਾ ਮਨ ਨਾ ਮੰਨਿਆ ਅਤੇ ਉਹ ਲਿੰਵਿਗ-ਰੂਮ ਵਿਚ ਪਏ ਸੋਫੇ ਦੀ ਇਕ ਨੁੱਕਰੇ ਬੈਠ ਸੋਚਾਂ ਵਿਚ ਡੁੱਬ ਗਿਆ, "ਅੱਜ ਵੀ ਸਹੁਰਾ ਕੰਮ 'ਤੇ ਚਲਾ ਗਿਆ। ਘੜੀ ਬਹਿ ਜਾਂਦਾ ਭੈਣ ਕੋਲ। ਕੁੜੀ ਵੀ ਕੀ ਸੋਚਦੀ ਹੋਊ ਬਈ ਭਰਾ ਨੂੰ ਮਿਲਣ ਆਈ ਆਂ ਤੇ ਭਰਾ ਕੰਮਾਂ 'ਚ ਰੁੱਝਿਆ ਫਿਰਦੈ। ਪਿੰਦਰ ਕਹਿੰਦੀ ਵੀ ਸੀ 'ਬਈ ਮੈਂ ਤਾਂ ਸੋਚਦੀ ਸੀ ਗੁਰਮੇਲ ਕਿਤੇ ਤੋਰ-ਫੇਰ ਕੇ ਲਿਆਊਗਾ। ਪਰ ਏਹਨੂੰ ਤਾਂ ਵੇਹਲ ਈ ਨੀ ਮਿਲਦੀ।' ਕੀ ਹੁੰਦਾ ਜਾਂਦੈ ਏਹਨੂੰ? ਏਹੋ-ਜਿਹਾ ਤਾਂ ਹੈ ਨੀ ਸੀ ਗੁਰਮੇਲ। ਇਹ ਤਾਂ ਮੋਹ ਈ ਬਥੇਰਾ ਕਰਦਾ ਸੀ ਸਭ ਦਾ। ਆਵਦੀ ਭੂਆ ਜਾਂ ਮਾਮਿਆਂ ਦੇ ਆਇਆ ਤੋਂ ਤਾਂ ਉਨ੍ਹਾਂ ਦੇ ਨਾਲ ਲੱਗ-ਲੱਗ ਬਹਿੰਦਾ ਹੁੰਦਾ ਸੀ। ਐਥੇ ਆ ਕੇ ਤਾਂ ਜਵਾਂ ਈ ਬਦਲ ਗਿਐ। ਕੈਸਾ ਪਾਣੀ ਐ ਏਸ ਮੁਲਖ ਦਾ? ਬੰਦੇ ਨੂੰ ਜਵਾਂ ਈ ਬਦਲ ਧਰਦੈ। ਪੈਸੇ ਦਾ ਐਨਾ ਪਿਆਰ ਵੀ ਕੀ ਆਖ? ਓਦਣ ਆਖ ਦਿੱਤਾ ਬਈ ਟੁੱਟ-ਟੁੱਟ ਨਾ ਮਰਿਆ ਕਰ, ਤਾਂ ਕਹਿੰਦਾ ਅਖੇ 'ਆਪਣੇ ਸਾਰੇ ਰਿਸ਼ਤੇਦਾਰਾਂ 'ਚੋਂ ਸਾਰਿਆਂ ਨਾਲੋਂ ਪੁਰਾਣਾ ਘਰ ਐ ਆਪਣੈ, ਇਓਂ ਕੰਮ ਕਰਕੇ ਈ ਓਨ੍ਹਾਂ ਵਰਗਾ ਬਣੂਗਾ।" ਪੁੱਛਣ ਵਾਲਾ ਹੋਵੇ ਬਈ ਸਾਡੀ ਕਿਸੇ ਨਾਲ ਜਦਾਈ ਐ। ਜਦੋਂ ਓਨ੍ਹਾਂ ਜਿੰਨਾ ਟੈਮ ਹੋ ਗਿਆ ਐਥੇ ਆਇਆ ਨੂੰ, ਆਪਣਾ ਵੀ ਓਨ੍ਹਾਂ ਵਰਗਾ ਬਣਜੂ"

ਦੋਹਤਰੀ ਮੋਨਿਕਾ ਨੇ ਬਾਂਹ ਤੋਂ ਖਿੱਚ ਕੇ ਉਸ ਨੂੰ ਸੋਚਾਂ ਵਿਚੋਂ ਕੱਢਿਆ। ਸੋਫੇ 'ਤੇ ਨਾਲ ਬੈਠੀ ਮੋਨਿਕਾ ਵੱਲ ਉਸ ਦਾ ਧਿਆਨ ਹੀ ਨਹੀਂ ਸੀ ਗਿਆ। ਮੋਨਿਕਾ ਹੌਲੀ-ਹੌਲੀ ਸਿਰਕਦੀ ਉਸ ਦੇ ਨਾਲ ਆ ਲੱਗੀ ਸੀ ਪਰ ਫੇਰ ਵੀ ਜੈਮਲ ਸਿਓਂ ਨੇ ਆਪਣੇ ਸੱਜੇ ਹੱਥ ਦੀ ਟੁੰਡੀ ਉਂਗਲ ਨਾਲ ਉਸ ਨੂੰ ਨਾ ਡਰਾਇਆ, ਤਾਂ ਮੋਨਿਕਾ ਨੇ ਉਸ ਨੂੰ ਬਾਂਹ ਤੋਂ ਫੜਕੇ ਉਠਾਉਣ ਦੀ ਕੋਸ਼ਿਸ਼ ਕਰਦੀ ਨੇ ਕਿਹਾ, "ਆਓ ਬਾਪੂ ਜੀ ਖੇਡੀਏ।"

"ਜਾ ਪੁੱਤ ਲਵੀ ਨਾਲ ਖੇਡ ਲਾ, ਮੇਰਾ ਚਿੱਤ ਨੀ ਠੀਕ," ਆਖ ਕੇ ਜੈਮਲ ਸਿਓਂ ਨੇ ਮੋਨਿਕਾ ਨੂੰ ਟਰਕਾਉਣ ਦੀ ਕੋਸ਼ਿਸ਼ ਕੀਤੀ ਪਰ ਮੋਨਿਕਾ ਉੱਥੇ ਹੀ ਬੈਠੀ ਰਹੀ। ਜੈਮਲ ਸਿਓਂ ਨੂੰ ਉਸ ਵੱਲ ਵੇਖ ਆਪਣੇ ਅੰਦਰੋਂ ਕੁਝ ਖੁਸਦਾ ਜਿਹਾ ਮਹਿਸੂਸ ਹੋਇਆ। ਉਸ ਨੇ ਮੋਨਿਕਾ ਦੇ ਸਿਰ ਤੇ ਹੱਥ ਫੇਰਦੇ ਨੇ ਕਿਹਾ, "ਅੱਜ ਮੇਰੇ ਪੁੱਤ ਨੇ ਚਲੇ ਜਾਣੈ?" ਫੇਰ ਉਸ ਦਾ ਹੱਥ ਆਪਣੀ ਜੇਬ 'ਤੇ ਚਲਾ ਗਿਆ। ਪੰਜਾਂ ਦੇ ਨੋਟ ਨੂੰ ਟੋਹਦਿਆਂ ਉਸ ਸੋਚਿਆ ਕਿ ਇਹ ਨੋਟ ਉਹ ਪਿੰਦਰ ਨੂੰ ਦੇ ਦੇਵੇਗਾ। ਪਰ ਅਗਲੇ ਹੀ ਪਲ ਉਸ ਨੂੰ ਲੱਗਾ ਜਿਵੇਂ ਬੰਤੀ ਆਖ ਰਹੀ ਹੋਵੇ, 'ਏਸ ਪੰਜਾਂ ਦੇ ਨੋਟ ਨਾਲ ਕੀ ਗੰਜੀ ਨਹਾਊ ਤੇ ਕੀ ਨਚੋੜੂ? ਕੀ ਦੱਸੂ ਕੁੜੀ ਸਹੁਰੀਂ ਜਾ ਕੇ ਬਈ ਪਿਓ ਮੇਰੇ ਤੋ ਆਹ ਪੰਜਾਂ ਦਾ ਨੋਟ ਸਰਿਐ?

'ਹੋਰ ਮੈਂ ਕਿੱਥੋਂ ਲਿਆਵਾਂ ? ਆਹ ਦੇ ਕੇ ਮੇਰੀ ਜੇਬ ਖਾਲੀ ਹੋ ਜਾਣੀ ਐ। .... ਖਾਲੀ ਜੇਬ ਨੀ ਚੰਗੀ ਹੁੰਦੀ। ਵੇਲੇ-ਕੁਵੇਲੇ ਕਦੇ ਬੱਸ-ਬੁੱਸ ਈ ਫੜਨੀ ਪੈ ਜਾਂਦੀ ਐ। ਬੱਸ ਦਾ ਖਿਆਲ ਆਉਂਦੇ ਹੀ ਉਸ ਦੇ ਚੇਤਿਆਂ 'ਚ ਪੰਦਰਾਂ ਦਿਨ ਪਹਿਲਾਂ ਵਾਲਾ ਐਤਵਾਰ ਘੁੰਮ ਗਿਆ, ਜਦ ਬਿੱਕਰ ਸਿਓਂ ਨੇ ਕਿਹਾ ਸੀ, "ਆ ਜੈਮਲ ਸਿਆਂ ਕੌਡੀ ਵੇਖ ਕੇ ਆਈਏ, ਗੁਰਦੁਆਰੇ ਆਲਿਆਂ ਨੇ ਟੂਰਨਾਮੈਂਟ ਰੱਖਿਐ।"

"ਨਾ ਬਈ ਭਰਾਵਾ ਕੌਡੀ ਬੜੀ ਮੈਂਹਗੀ ਪੈਂਦੀ ਐ। ਸਵਾ ਡਾਲਾ ਬੱਸ 'ਤੇ ਜਾਣ ਦਾ ਲੱਗ ਜਾਣੈ ਤੇ ਸਵਾ ਡਾਲਾ ਆਉਣ ਦਾ। ਤੇਰਾ ਸੂਤ ਐ ਕਾਟ ਬਣਿਐ ਤੇਰਾ। ਟੁੱਕ ਜਾ ਦਿਖਾ ਕੇ ਜਿਹੜੀ ਮਰਜੀ ਬੱਸੇ ਚੜ੍ਹ ਜਾਨੈ," ਜੈਮਲ ਸਿਓਂ ਨੇ ਇਨਕਾਰ ਕਰਦਿਆਂ ਕਿਹਾ।

"ਕੋਈ ਨੀ ਤੇਰਾ ਵੀ ਬਣਜੂ ਦਸ ਸਾਲ ਡੀਕਣਾ ਪੈਂਦੈ, ਨਾਲੇ ਪੈਹਟਾਂ ਸਾਲਾਂ ਦਾ ਹੋ ਜਾ।"

"ਓਦੋਂ ਚੱਲਿਆ ਕਰਾਂਗੇ ਫੇਰ।"

"ਓ ਆਜਾ, ਐ ਈਂ ਚੜ੍ਹਜੀਂ ਮੇਰੇ ਮਗਰ ਕੋਈ ਨੀ ਪੁੱਛਦਾ। ਮੈਂ ਹੁਣ ਤਾਈਂ ਐਂ ਈ ਦਬੜੂ-ਘੁਸੜੂ ਸਾਰਿਐ," ਆਖ ਬਿੱਕਰ ਸਿਓਂ ਨੇ ਉਸ ਨੂੰ ਬਾਂਹ ਤੋਂ ਫੜ ਆਪਣੇ ਨਾਲ ਤੋਰ ਲਿਆ। ਬਿੱਕਰ ਸਿਓਂ ਦੇ ਮਗਰ ਬੱਸ 'ਚ ਚੜ੍ਹਦੇ ਨੂੰ ਜਦ ਬੱਸ ਡਰਾਈਵਰ ਨੇ ਸਿਨੀਅਰ ਸਿਟੀਜ਼ਨ ਕਾਰਡ ਦਿਖਾਉਣ ਲਈ ਕਿਹਾ ਤਾਂ ਉਹ ਸਮਝ ਕੇ ਵੀ ਨਾ-ਸਮਝ ਹੋਣ ਦਾ ਨਾਟਕ ਕਰਦਾ ਪਾਣੀ-ਪਾਣੀ ਹੋ ਗਿਆ ਸੀ।

'ਕੀ ਰਹਿੰਦੈ ਬੰਦੇ ਦਾ ? ਅਗਾਂਹ ਨੂੰ ਨੀ ਚੜ੍ਹਦੇ ਬਿਨਾਂ ਟਿਕਟੋਂ,' ਸੋਚ ਉਸ ਫਿਰ ਆਪਣੀ ਜੇਬ ਨੂੰ ਟੋਹਿਆ।

"ਬਾਪੂ ਜੀ ਜੈਕਟ ਪਾ ਕੇ ਵੇਖੀ ਸੀ ? ਮੇਚ ਐ ?" ਰੁਪਿੰਦਰ ਨੇ ਉਸ ਕੋਲ ਆ ਕੇ ਪੁੱਛਿਆ।

"ਤੂੰ ਕਾਹਨੂੰ ਲਿਆਉਣੀ ਸੀ ? ਕੁੜੀਆਂ ਨੀ ਲਿਆਉਂਦੀਆਂ ਹੁੰਦੀਆਂ", ਆਖ ਜੈਮਲ ਸਿਓਂ ਸੋਚਣ ਲੱਗਾ, 'ਕਮਲੀ ਐ ਕੁੜੀ, ਸਾਰੇ ਟੱਬਰ ਵਾਸਤੇ ਕੁਛ ਨਾ ਕੁਛ ਚੁੱਕ ਲਿਆਈ ਐ। ਗੁਰਮੇਲ ਹੋਰੀਂ ਪਤਾ ਨੀ ਕੀ ਦੇਣਗੇ ਜਾਣ ਲੱਗੀ ਨੂੰ ? ਪੁੱਛਾਂ ਨਾ ਵਹੁਟੀ ਤੋਂ ?' ਉਹ ਸੋਫੇ ਤੋਂ ਉੱਠਿਆ ਹੀ ਸੀ ਕਿ ਉਸ ਦੇ ਚੇਤੇ 'ਚ ਉਹ ਦਿਨ ਆ ਗਿਆ, ਜਿਸ ਦਿਨ ਉਸ ਦੇ ਚਾਚੇ ਦੀ ਧੀ ਉਸ ਨੂੰ ਮਿਲਣ ਆਈ ਸੀ ਅਤੇ ਜੈਮਲ ਸਿਓਂ ਮੁੜ ਸੋਫੇ 'ਤੇ ਬੈਠ ਗਿਆ।

ਉਸ ਦਿਨ ਵਾਪਿਸ ਮੁੜਦੀ ਆਪਣੀ ਚਚੇਰੀ ਭੈਣ ਦਾ ਸਿਰ ਪਲੋਸਦੇ ਹੋਏ ਉਸ ਦੋ ਡਾਲਰ ਦਿੰਦਿਆਂ ਕਿਹਾ ਸੀ, "ਲੈ ਕੁੜੇ, ਜਿਉਂਦੀ ਰਹਿ"।

"ਨਾ ਬਾਈ ਰਹਿਣ ਦੇ ਏਹਨੂੰ ਕੀ ਐ," ਭੈਣ ਨੇ ਦੋ ਡਾਲਰ ਮੋੜਦਿਆਂ ਕਿਹਾ। "ਮੈਂ ਕੋਈ ਉੱਠ-ਘੋੜਾ ਦਿੰਨੈਂ। ਇਹ ਤਾਂ ਸ਼ਗਨ ਹੁੰਦੈ। ਕੁੜੀਆਂ ਨੂੰ ਘਰੋਂ ਖਾਲੀ ਨੀ ਜਾਣ ਦੇਈਦਾ ਹੁੰਦਾ, ਲੈ ਫੜ," ਆਖਦੇ ਜੈਮਲ ਸਿਓਂ ਨੇ ਦੋ ਡਾਲਰ ਦਾ ਨੋਟ ਉਸ ਦੀ ਮੁੱਠ ਵਿਚ ਦੇ ਦਿੱਤਾ ਸੀ। ਮੁੱਠ ਘੁੱਟੀ ਜਿਓਂ ਹੀ ਉਹ ਬਾਹਰ ਨਿਕਲੀ ਗੁਰਮੇਲ ਹਿਰਖ਼ ਕੇ ਬੋਲਿਆ, "ਬਾਪੂ, ਤੂੰ ਲੈਣ-ਦੇਣ ਦਾ ਬਹੁਤਾ ਫ਼ਿਕਰ ਨਾ ਕਰਿਆ ਕਰ। ਐਥੋਂ ਦੇ ਜਿਹੜੇ ਹਿਸਾਬ-ਕਿਤਾਬ ਨੇ, ਅਸੀਂ ਉਸੇ ਤਰ੍ਹਾਂ ਮਿਲ ਵਰਤ ਲੈਨੇ ਆਂ"।

ਸੋਫੇ 'ਤੇ ਬੈਠਾ ਜੈਮਲ ਸਿਓਂ ਸੋਚਣ ਲੱਗਾ, 'ਕੁੜੀਆਂ ਨਾਲ ਕਾਹਦੇ ਹਿਸਾਬ-ਕਿਤਾਬ। ਜੇ ਹੋਰ ਮੁਲਖ ਆ ਗੇ ਤਾਂ ਰਹੁ-ਰੀਤਾਂ ਤਾਂ ਨੀ ਬਦਲ ਜਾਂਦੀਆਂ।'

ਮੋਨਿਕਾ ਦਾ ਰੌਲਾ ਸੁਣ ਉਹ ਸੋਚਾਂ 'ਚੋਂ ਨਿਕਲਿਆ। ਮੋਨਿਕਾ ਬਾਹਰ ਖੜ੍ਹੇ ਆਈਸਕਰੀਮ ਟਰੱਕ ਵਾਲੇ ਤੋਂ ਕੁਲਫੀ ਲੈਣ ਦੀ ਜ਼ਿੱਦ ਕਰ ਰਹੀ ਸੀ। ਪਰ ਰੁਪਿੰਦਰ ਉਸ ਨੂੰ ਝਿੜਕ ਕੇ ਚੁੱਪ ਕਰਾ ਰਹੀ ਸੀ। ਫੇਰ ਮੋਨਿਕਾ ਜੈਮਲ ਸਿਓਂ ਕੋਲ ਆ ਕੇ ਕਹਿਣ ਲੱਗੀ, "ਬਾਪੂ ਜੀ, ਮਨੀ ਦਿਓ ਕੁਲਫੀ ਲੈਣੀ ਆ।" ਪਰ ਜੈਮਲ ਸਿਓਂ ਨੇ ਕੋਈ ਜਵਾਬ ਨਾ ਦਿੱਤਾ ਅਤੇ ਉਸ ਨੇ ਆਪਣਾ ਹੱਥ ਜੇਬ ਉੱਪਰ ਰੱਖ ਲਿਆ। ਮੋਨਿਕਾ ਨੇ ਉਸ ਨੂੰ ਬਾਂਹ ਤੋਂ ਖਿੱਚ ਫਿਰ ਆਖਿਆ, "ਬਾਪੂ ਜੀ ਓਹ ਜਾਂਦੈ, ਮਨੀ ਦਿਓ ਮਨੀ।"

"ਮਨੀ ਦਿਓ ਮਨੀ, ਬਾਪੂ ਨੂੰ ਪਿਲਸਨ ਲੱਗੀ ਐ ? ਜੈਮਲ ਸਿਓਂ ਦਾ ਖਰ੍ਹਵਾ ਬੋਲ ਸੁਣ ਮੋਨਿਕਾ ਠਠੰਬਰ ਜਿਹੀ ਗਈ, ਜਿਵੇਂ ਉਸ ਨੇ ਬਾਪੂ ਦੇ ਭੁਲੇਖੇ ਕਿਸੇ ਹੋਰ ਦੀ ਬਾਂਹ ਖਿੱਚੀ ਹੋਵੇ। ਜੈਮਲ ਸਿਓਂ ਨੂੰ ਆਪਣੇ ਰੁੱਖੇ ਬੋਲ 'ਤੇ ਹੈਰਾਨੀ ਜਿਹੀ ਹੋਈ। ਉਸ ਨੂੰ ਲੱਗਾ ਜਿਵੇਂ ਬੰਤੀ ਆਖ ਰਹੀ ਹੋਵੇ, 'ਗੁਰਮੇਲ ਦੇ ਬਾਪੂ ਤੈਨੂੰ ਵੀ ਕਨੇਡੇ ਦਾ ਪਾਣੀ ਲੱਗ ਗਿਆ ਲੱਗਦੈ'। ਇਸ ਤੋਂ ਪਹਿਲਾਂ ਕਿ ਮੋਨਿਕਾ ਦੇ ਟੇਰੇ ਬੁੱਲ੍ਹ ਰੋਣ 'ਚ ਬਦਲਦੇ, ਜੈਮਲ ਸਿਓਂ ਨੇ ਆਪਣਾ ਇੱਕਲੌਤਾ ਪੰਜ ਡਾਲਰ ਦਾ ਨੋਟ ਮੋਨਿਕਾ ਨੂੰ ਦੇ ਦਿੱਤਾ।

********

## ਅਭਿਆਸ-ਪ੍ਰਸ਼ਨ

1. ਜੈਮਲ ਸਿਓਂ ਨੂੰ ਮਿਲਣ ਆਈ ਛੋਟੀ ਭੈਣ ਨੇ ਆਪਣੀ ਕਿਹੜੀ ਸਮੱਸਿਆ ਦਾ ਜ਼ਿਕਰ ਕੀਤਾ ਤੇ ਬੰਤੀ ਨੇ ਉਸ ਦਾ ਹੱਲ ਕਿਵੇਂ ਖੋਜਿਆ ?

2. "ਬੇਬੇ ਤਾਂ ਮਾਰ ਕੇ ਸੁੱਟਗੀ। ਕਈ ਸਾਲ ਪਿੱਛੇ ਜਾ ਪਏ।" ਗੁਰਮੇਲ ਨੇ ਇਹ ਗੱਲ ਕਦੋਂ ਆਖੀ ਤੇ ਕਿਉਂ ਆਖੀ ? ਉਸਦੀ ਸੋਚ ਨੂੰ ਖੋਲ੍ਹ ਕੇ ਬਿਆਨ ਕਰੋ ?

3. ਜੈਮਲ ਸਿਓਂ ਨੂੰ ਮਿਲਣ ਆਈ ਧੀ ਰੁਪਿੰਦਰ ਬਾਰੇ ਉਹ ਕੀ-ਕੀ ਸੋਚਾਂ ਸੋਚ ਕੇ ਦੁਖੀ ਹੋ ਰਿਹਾ ਸੀ ?

4. ਬੰਤੀ ਦੇ ਸੁਭਾਅ ਦੀ ਪਾਤਰ ਉਸਾਰੀ ਕਰੋ।

5. ਗੁਰਮੇਲ ਦੀ ਕਾਰਗੁਜਾਰੀ ਵੇਖ ਕੇ ਦੂਸਰੇ ਮੁਲਖ ਬਾਰੇ ਜੈਮਲ ਸਿਓਂ ਦੇ ਮਨ 'ਚ ਕੀ-ਕੀ ਖਿਆਲ ਆ ਰਹੇ ਸਨ ?

6. ਬਿੱਕਰ ਸਿਓਂ ਦੇ ਨਾਲ ਬੱਸ ਵਿੱਚ ਚੜੇ ਜੈਮਲ ਸਿਓਂ ਨੂੰ ਕਿਹੜੀ ਖੱਜਲ-ਖੁਆਰੀ ਦਾ ਸਾਹਮਣਾ ਕਰਨਾ ਪਿਆ ਸੀ ?

7. 'ਪੰਜ ਡਾਲਰ ਦਾ ਨੋਟ' ਕਹਾਣੀ ਸਾਨੂੰ ਕੀ ਸੁਨੇਹਾ ਦਿੰਦੀ ਹੈ ? ਆਪਣੇ ਸ਼ਬਦਾ ਵਿੱਚ ਬਿਆਨ ਕਰੋ।

BSER

# ਖੰਡ -3
# (ਸਾਹਿਤ ਰੂਪ-ਵਿਧਾਨ ਅਤੇ ਇਤਿਹਾਸ)

BSER

# ਸਾਹਿਤ ਦੇ ਰੂਪ

## (ੳ) ਕਵਿਤਾ

ਕਵਿਤਾ ਨੂੰ ਸਾਹਿਤ ਦਾ ਸਭ ਤੋਂ ਪਹਿਲਾ ਰੂਪ ਸਵੀਕਾਰ ਕੀਤਾ ਜਾਂਦਾ ਹੈ। ਆਰੰਭ ਤੋਂ ਹੀ ਕਵਿਤਾ ਮਨੁੱਖ ਦੀ ਸੁਹਜ-ਭੁੱਖ ਨੂੰ ਪੂਰਾ ਕਰਦੀ ਰਹੀ ਹੈ। ਕਵਿਤਾ ਨੂੰ ਸਾਹਿਤ ਦਾ ਸਭ ਤੋਂ ਹਰਮਨ-ਪਿਆਰਾ ਰੂਪ ਮੰਨਿਆ ਜਾਂਦਾ ਹੈ।

### ਅਰਥ ਤੇ ਪਰਿਭਾਸ਼ਾ

ਕਵਿਤਾ ਇੱਕ ਸ਼ਬਦ-ਕਲਾ ਹੈ। ਜਿਸ ਵਿੱਚ ਮਨੁੱਖੀ ਅਨੁਭਵ ਨੂੰ ਪ੍ਰਤੀਬਿੰਬਤ ਕੀਤਾ ਜਾਂਦਾ ਹੈ। ਕਵਿਤਾ ਤੋਂ ਭਾਵ ਅਜਿਹੀ ਸ਼ਬਦ ਰਚਨਾ ਹੈ, ਜਿਸ ਵਿੱਚ ਜਜ਼ਬਾ, ਖਿਆਲ, ਲੈਅ-ਤਾਲ ਤੇ ਕਲਪਨਾ ਦਾ ਸੁੰਦਰ ਸੁਮੇਲ ਹੋਵੇ। ਕਵਿਤਾ ਵਿੱਚ ਮਨੁੱਖੀ ਜਜ਼ਬੇ ਸ਼ਬਦਾਂ ਦੁਆਰਾ ਪ੍ਰਗਟ ਹੁੰਦੇ ਹਨ।

**ਪ੍ਰੋ. ਪੂਰਨ ਸਿੰਘ** ਨੇ ਕਵਿਤਾ ਨੂੰ 'ਪਿਆਰ ਵਿੱਚ ਮੋਏ ਬੰਦਿਆਂ ਦੇ ਮਿੱਠੇ ਬਚਨ' ਆਖਿਆ ਹੈ। ਉਹ ਕਵਿਤਾ ਨੂੰ ਰੂਹਾਂ ਦੀ ਬੋਲੀ ਮੰਨਦਾ ਹੈ।

ਕਵਿਤਾ ਦਿਲ ਦੀ ਬੋਲੀ ਹੈ। ਕਵਿਤਾ ਦੀ ਆਵਾਜ਼ ਲੋਕ ਆਤਮਾ ਦੀ ਆਵਾਜ਼ ਹੈ। ਕਵਿਤਾ ਵਿੱਚ ਸੋਹਣੇ ਬਿੰਬਾਂ ਜਾਂ ਸ਼ਬਦ-ਚਿੱਤਰਾਂ ਦੁਆਰਾ ਆਪਣੇ ਵਿਚਾਰਾਂ ਤੇ ਮਨੁੱਖੀ ਭਾਵਨਾਵਾਂ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ। ਇਸ ਲਈ ਕਵਿਤਾ ਮਨੁੱਖੀ ਮਨ ਦੀਆਂ ਸ੍ਰੇਸ਼ਟ ਤੇ ਤੀਬਰ ਭਾਵਨਾਵਾਂ ਦਾ ਪ੍ਰਗਟਾ ਹੈ। ਭਾਵਾਂ ਦੀ ਰਸਮਈ ਤੇ ਲੈਅ-ਆਤਮਕ ਅਭਿਵਿਅਕਤੀ ਨੂੰ ਹੀ ਕਵਿਤਾ ਕਿਹਾ ਜਾਂਦਾ ਹੈ।

**ਕਾਰਲਾਇਲ** ਅਨੁਸਾਰ, "ਕਵਿਤਾ ਇੱਕ ਗਾਉਂਦਾ ਜਜ਼ਬਾ ਹੈ।"

**ਮੈਥਿਊ ਆਰਨਲਡ** ਅਨੁਸਾਰ, "ਕਵਿਤਾ ਜੀਵਨ ਦੀ ਪੜਚੋਲ ਹੈ।"

ਕਵਿਤਾ ਨੂੰ ਮਨੁੱਖੀ ਜਜ਼ਬਿਆਂ ਤੇ ਵਲਵਲਿਆਂ ਦਾ ਬੇਰੋਕ ਉਛਾਲਾ ਵੀ ਕਿਹਾ ਜਾਂਦਾ ਹੈ। ਮਨੁੱਖੀ ਦਿਲ ਵਿੱਚ ਜਦੋਂ ਖੁਸ਼ੀ ਤੇ ਗਮੀਂ ਦੇ ਤਿੱਖੇ ਵਲਵਲੇ ਬੇਕਾਬੂ ਹੋ ਜਾਂਦੇ ਹਨ ਤਾਂ ਉਹ ਬੋਲੀ ਦੀਆਂ ਧੁਨਾਂ ਵਿੱਚ ਉੱਛਲ ਪੈਂਦੇ ਹਨ। ਇਹ ਉਛਾਲਾ ਹੀ ਕਵਿਤਾ ਦੇ ਰੂਪ ਵਿੱਚ ਪ੍ਰਗਟ ਹੋ ਜਾਂਦਾ ਹੈ।

ਕਵਿਤਾ ਦੀ ਸਿਰਜਨਾ ਹਰ ਵਿਅਕਤੀ ਨਹੀਂ ਕਰ ਸਕਦਾ। ਕਵਿਤਾ ਦੀ ਰਚਨਾ ਕਰਨ ਲਈ ਸੁਹਜ-ਸੁਆਦ ਦਾ ਰਸੀਆ, ਬੋਲੀ ਦਾ ਧਨੀ ਤੇ ਚੇਤੰਨ ਹੋਣਾ ਜ਼ਰੂਰੀ ਹੈ। ਕਵੀ ਦੂਸਰੇ ਦੇ ਦੁੱਖ-ਦਰਦ ਮਹਿਸੂਸ ਕਰਦਾ ਹੈ। ਇਸ ਲਈ ਕਿਹਾ ਜਾਂਦਾ ਹੈ ਕਿ ਜਿੱਥੇ ਰਵੀ ਨਹੀਂ ਪਹੁੰਚਦਾ ਉੱਥੇ ਕਵੀ ਪਹੁੰਚਦਾ ਹੈ।

### ਕਵਿਤਾ ਦੇ ਤੱਤ

ਕਵਿਤਾ ਦੀ ਰਚਨਾ ਕਈ ਪ੍ਰਕਾਰ ਦੇ ਤੱਤਾਂ ਤੋਂ ਹੁੰਦੀ ਹੈ। ਇਸ ਲਈ ਕਵਿਤਾ ਦੀ ਗੁਣਾਤਮਕਤਾ ਬਣਾਉਣ ਲਈ ਕਈ ਤਰ੍ਹਾਂ ਦੀਆਂ ਜੁਗਤਾਂ ਜਾਂ ਤੱਤਾਂ ਦੀ ਵਰਤੋਂ ਕੀਤੀ ਜਾਂਦੀ ਹੈ।

BSEP

ਆਧੁਨਿਕ ਯੁੱਗ ਵਿੱਚ ਕਵਿਤਾ ਦਾ ਅਧਿਐਨ ਕਰਨ ਲਈ ਕਈ ਤਰ੍ਹਾਂ ਦੇ ਨਵੇਂ ਮਾਪਦੰਡ ਸਾਹਮਣੇ ਆ ਗਏ ਹਨ। ਇਹਨਾਂ ਮਾਪਦੰਡਾਂ ਅਨੁਸਾਰ ਕਵਿਤਾ ਦਾ ਅਧਿਐਨ ਕਰਨ ਲਈ ਰੂਪ ਤੇ ਵਸਤੂ ਨੂੰ ਵੱਖ-ਵੱਖ ਕਰਨਾ ਉਚਿਤ ਨਹੀਂ ਹੈ। ਰੂਪ ਤੇ ਵਸਤੂ ਦੋਵੇਂ ਹੀ ਕਵਿਤਾ ਦੇ ਅਨਿੱਖੜ ਅੰਗ ਹਨ।

ਕਵਿਤਾ ਦਾ ਸੁਹਜਾਤਮਕ ਪ੍ਰਭਾਵ ਵਸਤੂ ਤੇ ਰੂਪ ਦੋਹਾਂ ਦੇ ਸੁਮੇਲ ਦਾ ਹੀ ਸਿੱਟਾ ਹੈ। ਨਵੀਂ ਆਲੋਚਨਾ-ਪ੍ਰਣਾਲੀ ਵਿੱਚ ਰੂਪ ਤੇ ਵਸਤੂ ਦੀ ਥਾਂ ਸੰਰਚਨਾ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਅਨੁਸਾਰ ਵਸਤੂ ਤੇ ਰੂਪ ਆਦਿ ਤੱਤ ਸੰਗਠਿਤ ਰੂਪ ਹੀ ਵਿੱਚ ਕਵਿਤਾ ਦੀ ਰਚਨਾ ਕਰਦੇ ਹਨ। ਕਵਿਤਾ ਦੇ ਪ੍ਰਮੁੱਖ ਤੱਤਾਂ ਦਾ ਵਰਨਣ ਇਸ ਤਰ੍ਹਾਂ ਹੈ -

## 1.ਕਾਵਿ ਭਾਸ਼ਾ-

ਭਾਸ਼ਾ ਕਵਿਤਾ ਦਾ ਪ੍ਰਮੱਖ ਤੱਤ ਹੈ। ਕਵੀ ਬੋਲਚਾਲ ਦੀ ਭਾਸ਼ਾ ਨੂੰ ਵਿਉਂਤਬੱਧ ਕਰਕੇ ਕਵਿਤਾ ਦੀ ਸਿਰਜਨਾ ਕਰਦਾ ਹੈ। ਕਵੀ ਦੀ ਭਾਸ਼ਾ ਵਿੱਚ ਕੋਮਲਤਾ, ਅਰਥ-ਸ਼ਕਤੀ ਤੇ ਅਲੌਕਿਕ ਸੁੰਦਰਤਾ ਹੋਣੀ ਚਾਹੀਦੀ ਹੈ।

ਕਵਿਤਾ ਵਿੱਚ ਸ਼ਬਦਾਂ ਦੀ ਚੋਣ ਵਿਸ਼ੇ ਨੂੰ ਸਪਸ਼ਟ ਕਰਨ ਵਾਲੀ ਹੋਣੀ ਚਾਹੀਦੀ ਹੈ। ਕਵਿਤਾ ਦੀ ਭਾਸ਼ਾ ਦਾ ਸਹਿਜ-ਸੁਭਾਵਿਕ ਹੋਣਾ ਇੱਕ ਹੋਰ ਪ੍ਰਮੁੱਖ ਗੁਣ ਹੈ। ਭਾਸ਼ਾਈ ਸ਼ਬਦਾਂ ਦੀ ਜੜ੍ਹਤ ਲੋਕ ਪੱਧਰੀ ਭਾਸ਼ਾ ਦੇ ਅਨੁਕੂਲ ਹੋਣੀ ਚਾਹੀਦੀ ਹੈ ਤਾਂ ਕਿ ਅਰਥ-ਸੰਚਾਰ ਦੀ ਸਮੱਸਿਆ ਪੈਦਾ ਨਾ ਹੋਵੇ।

## 2. ਪ੍ਰਤੀਕ -

ਪ੍ਰਤੀਕ ਕਵਿਤਾ ਦੇ ਮਹੱਤਵਪੂਰਨ ਤੱਤ ਹੈ। ਕਈ ਸ਼ਬਦ ਪ੍ਰਤੀਕ ਦੇ ਰੂਪ ਵਿੱਚ ਅਣਕਹੇ ਅਤੇ ਅਣਵੇਖੇ ਵਿਸ਼ੇ ਦੀ ਪ੍ਰਤੀਨਿਧਤਾ ਕਰਦੇ ਹਨ। ਮੋਹਨ ਸਿੰਘ ਦੀ ਕਵਿਤਾ ਵਿੱਚੋਂ ਪ੍ਰਤੀਕਾਂ ਦੀ ਉਦਾਹਰਣ ਵੇਖੀ ਜਾ ਸਕਦੀ ਹੈ-

"ਦੋ ਟੋਟਿਆਂ ਵਿੱਚ ਭੋਂ ਟੁੱਟੀ,

ਇਕ ਮਹਿਲਾਂ ਦਾ ਇੱਕ ਢੋਕਾਂ ਦਾ।

ਦੋ ਧੜਿਆਂ ਵਿੱਚ ਖਲਕਤ ਵੰਡੀ,

ਇਕ ਲੋਕਾਂ ਦਾ ਇੱਕ ਜੋਕਾਂ ਦਾ।"

ਮਹਿਲਾਂ, ਢੋਕਾਂ ਅਤੇ ਜੋਕਾਂ ਇਹ ਤਿੰਨ ਸ਼ਬਦ ਇਸ ਕਵਿਤਾ ਵਿੱਚ ਪ੍ਰਤੀਕ ਹਨ। ਮਹਿਲਾਂ ਸ਼ਬਦ ਅਮੀਰ ਲੋਕਾਂ, ਢੋਕਾਂ ਸ਼ਬਦ ਝੁੱਗੀ ਝੋਂਪੜੀਆਂ ਵਿੱਚ ਰਹਿਣ ਵਾਲੇ ਗਰੀਬ ਲੋਕਾਂ ਅਤੇ ਜੋਕਾਂ ਸ਼ਬਦ ਪੂੰਜੀਪਤੀ ਸ਼ੋਸ਼ਕ ਵਰਗ ਦੀ ਪ੍ਰਤੀਨਿਧਤਾ ਕਰਦੇ ਹੋਏ ਕਵੀ ਨੇ ਕਾਵਿ ਪੇਸ਼ਕਾਰੀ ਦਾ ਮਾਧਿਅਮ ਬਣਾਏ ਹਨ। ਇਹ ਤਿੰਨੋਂ ਪ੍ਰਤੀਕ ਕਵਿਤਾ ਵਿੱਚ ਵਿਸ਼ਾਲ ਅਰਥ-ਸੰਚਾਰ ਕਰਦੇ ਹਨ।

## 3. ਬਿੰਬ ਤੇ ਬਿੰਬਾਵਲੀ-

ਬਿੰਬ ਤੇ ਬਿੰਬਾਵਲੀ ਕਵਿਤਾ ਦਾ ਇੱਕ ਹੋਰ ਮਹੱਤਵਪੂਰਨ ਤੱਤ ਹੈ। ਬਿੰਬ ਕਿਸੇ ਕਵਿਤਾ ਦੇ ਚਿੱਤਰ ਹਨ। ਜਿਸ ਤਰ੍ਹਾਂ ਚਿੱਤਰਕਾਰ ਲਕੀਰਾਂ ਤੇ ਰੰਗਾਂ ਨਾਲ ਚਿੱਤਰ ਬਣਾਉਂਦਾ ਹੈ, ਉਸੇ ਤਰ੍ਹਾਂ ਕਵੀ



BSEP

ਸ਼ਬਦਾਂ ,ਧੁਨੀਆਂ ਤੇ ਬੋਲਾਂ ਦੁਆਰਾ ਕਾਵਿ-ਚਿੱਤਰ ਸਿਰਜਦਾ ਹੈ।

### 4. ਛੰਦ-

ਛੰਦ ਕਵਿਤਾ ਦਾ ਅਹਿਮ ਤੱਤ ਹੈ। ਕਵਿਤਾ ਵਿੱਚ ਅੱਖਰਾਂ ਦੀ ਖਾਸ ਗਿਣਤੀ-ਮਿਣਤੀ ਦੁਆਰਾ ਤੁਕਾਂਤ ਦਾ ਜੋ ਸਹੀ ਮੇਲ ਹੁੰਦਾ ਹੈ, ਉਸ ਨੂੰ ਛੰਦ ਕਿਹਾ ਜਾਂਦਾ ਹੈ। ਛੰਦ ਕਵਿਤਾ ਦੇ ਭਾਵਾਂ ਤੇ ਵਿਚਾਰਾਂ ਨੂੰ ਤਿੱਖਾ ਕਰਦੇ ਹਨ ਅਤੇ ਕਵਿਤਾ ਦੇ ਪ੍ਰਭਾਵ ਨੂੰ ਦਰਸਾਉਂਦੇ ਹਨ। ਪੁਰਾਤਨ ਤੇ ਮੱਧਕਾਲ ਵਿੱਚ ਛੰਦ ਤੋਂ ਬਿਨਾਂ ਕਵਿਤਾ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਸੀ। ਅੱਜ-ਕੱਲ੍ਹ ਭਾਵੇਂ ਖੁੱਲੀ ਕਵਿਤਾ ਵੀ ਲਿਖੀ ਜਾਣ ਲੱਗ ਪਈ ਹੈ, ਪਰ ਖੁੱਲੀ ਕਵਿਤਾ ਵਿੱਚ ਵੀ ਛੰਦ ਦੇ ਨਵੇਂ ਪਾਸਾਰ ਉਭਰਦੇ ਦਿੱਸਦੇ ਹਨ। ਖੁੱਲੀ ਕਵਿਤਾ ਵਿੱਚ ਵੀ ਵਜ਼ਨ, ਤੋਲ, ਵਿਸ਼ਰਾਮ, ਲੈਅ ਆਦਿ ਦਾ ਖਿਆਲ ਰੱਖਣਾ ਲਾਜ਼ਮੀਂ ਹੈ।

### 5. ਅਲੰਕਾਰ-

ਅਲੰਕਾਰ ਕਵਿਤਾ ਨੂੰ ਵਿਸ਼ੇਸ਼ ਅਰਥ ਪ੍ਰਦਾਨ ਕਰਦੇ ਹਨ। ਅਲੰਕਾਰਾਂ ਨੂੰ ਕਵਿਤਾ ਦੇ ਗਹਿਣੇ ਵੀ ਕਿਹਾ ਜਾਂਦਾ ਹੈ। ਕਵਿਤਾ ਵਿੱਚ ਸ਼ਬਦ ਅਤੇ ਅਰਥ ਦੋਵੇਂ ਅਲੰਕਾਰ ਵਰਤੇ ਜਾਂਦੇ ਹਨ। ਕਵਿਤਾ ਵਿੱਚ ਕਵੀ ਧੁਨੀਆਂ, ਸੰਵਾਦਾਂ, ਵਰਨਾਂ ਤੇ ਮੁਹਾਵਰਿਆਂ ਦੀ ਵਰਤੋਂ ਦੁਆਰਾ ਕਾਵਿ-ਸੁਹਜ ਪੈਦਾ ਕਰਦਾ ਹੈ। ਇਸ ਨੂੰ ਹੀ ਅਲੰਕਾਰ ਕਹਿੰਦੇ ਹਨ। ਇਸ ਲਈ ਅਲੰਕਾਰ ਕਵਿਤਾ ਦੇ ਅਹਿਮ ਤੱਤ ਹਨ। ਅਲੰਕਾਰਾਂ ਦੀਆਂ ਉਦਾਹਰਨਾਂ ਇਸ ਪ੍ਰਕਾਰ ਹਨ:

- "ਲੱਸੇ ਨੀ ਉਹਦਾ ਮੱਥਾ ਤਾਰਿਆਂ ਵਾਂਗੂੰ" (ਉਪਮਾ ਅਲੰਕਾਰ)
- "ਬਿਰਹੋ ਦਾ ਇੱਕ ਖਰਲ ਬਲੌਰੀ
  ਜਿੰਦਗੀ ਦਾ ਅਸਾਂ ਸੁਰਮਾ ਪੀਠਾ।" (ਰੂਪਕ ਅਲੰਕਾਰ)
- "ਫਿਰ ਰੂਪ ਸਰੂਪ ਅਨੂਪ ਦਿੱਸੇ
  ਜਿੰਦ ਜਵਾਨੀ ਝੱਲੀ ਝੱਲੀ।" (ਅਨੁਪ੍ਰਾਸ ਅਲੰਕਾਰ)

### 6. ਕਲਪਨਾ-

ਕਲਪਨਾ ਕਵਿਤਾ ਦਾ ਇੱਕ ਹੋਰ ਜ਼ਰੂਰੀ ਤੱਤ ਹੈ। ਅੰਗਰੇਜ਼ੀ ਕਵੀ **ਕਾਲਰਿਜ** ਅਨੁਸਾਰ, "ਕਵਿਤਾ ਤਾਂ ਕਲਪਨਾ ਦੀ ਪੈਦਾਵਾਰ ਹੈ।" ਕਲਪਨਾ ਨੂੰ ਰਚਨਾਤਮਕ-ਸ਼ਕਤੀ ਮੰਨਿਆ ਜਾਂਦਾ ਹੈ। ਕਲਪਨਾ ਦੀ ਸ਼ਕਤੀ ਨਾਲ ਕਵੀ ਅਣਜਾਣੇ ਦ੍ਰਿਸ਼ਾਂ ਤੇ ਵਸਤੂਆਂ ਨੂੰ ਸਾਡੇ ਸਾਹਮਣੇ ਇਸ ਤਰ੍ਹਾਂ ਚਿੱਤਰਦਾ ਹੈ ਕਿ ਉਹ ਸੱਚਮੁੱਚ ਵੇਖੇ ਹੀ ਲੱਗਦੇ ਹਨ। ਕਲਪਨਾ ਕਵੀ ਦੀ ਕਵਿਤਾ ਨੂੰ ਪ੍ਰੇਰਨਾ ਦੇਣ ਵਾਲੀ ਇੱਕ ਮਾਨਸਿਕ ਸ਼ਕਤੀ ਹੈ।

### 7. ਭਾਵ-

ਭਾਵ, ਅਨੁਭਾਵ ਤੇ ਜ਼ਜ਼ਬੇ ਕਵਿਤਾ ਦੀ ਰਚਨਾ ਵਿੱਚ ਮਹੱਤਵਪੂਰਨ ਰੋਲ ਅਦਾ ਕਰਦੇ ਹਨ। ਜ਼ਜ਼ਬਿਆਂ ਦੇ ਤਿੱਖੇ ਵਹਿਣ ਵਿੱਚੋਂ ਹੀ ਕਵਿਤਾ ਜਨਮ ਲੈਂਦੀ ਹੈ। ਮਨੁੱਖ ਦੇ ਦਿਲ ਵਿੱਚ ਵੱਖ-ਵੱਖ ਕਿਸਮ ਦੇ ਭਾਵ ਪੈਦਾ ਹੁੰਦੇ ਹਨ। ਪਿਆਰ, ਤਰਸ, ਡਰ, ਖੁਸ਼ੀ ਆਦਿ ਜਾਗ੍ਰਿਤ ਜ਼ਜ਼ਬਿਆਂ ਦੇ ਭਾਵਾਂ ਅਧੀਨ ਹੀ



BSEP

ਕਵੀ ਸ਼ਬਦਾਂ ਨੂੰ ਜੋੜਦਾ ਅਤੇ ਵਿਉਂਤਦਾ ਹੈ। ਇਸ ਤਰ੍ਹਾਂ ਭਾਵ ਕਵਿਤਾ ਦਾ ਖਾਸ ਤੱਤ ਹੈ।

### 8.ਵਿਚਾਰ–

ਵਿਚਾਰ, ਖ਼ਿਆਲ ਤੇ ਅਨੁਭਵ ਕਵਿਤਾ ਦੀ ਜਿੰਦ-ਜਾਨ ਹਨ। ਵਿਚਾਰ ਤੇ ਅਨੁਭਵ ਤੋਂ ਰਹਿਤ ਕਵਿਤਾ ਸਾਰਥਕ ਨਹੀਂ ਹੋ ਸਕਦੀ। ਕਵਿਤਾ ਵਿੱਚ ਜੋ ਵੀ ਵਿਸ਼ੇ ਦੀ ਸ਼ਕਲ ਵਿੱਚ ਪੇਸ਼ ਹੁੰਦਾ ਹੈ, ਉਹ ਵਿਚਾਰ ਹਨ। ਵਿਚਾਰ ਤੇ ਅਨੁਭਵ ਹੀ ਸਾਨੂੰ ਟੁੰਬਦੇ, ਪ੍ਰੇਰਦੇ ਤੇ ਆਲੇ-ਦੁਆਲੇ ਪ੍ਰਤੀ ਚੇਤੰਨ ਕਰਦੇ ਹਨ।

### 9. ਰਸ–

ਕਵਿਤਾ ਵਿੱਚ ਰਸ ਇੱਕ ਹੋਰ ਜ਼ਰੂਰੀ ਤੱਤ ਹੈ। ਜਦੋਂ ਸਾਡੇ ਮਨੋਭਾਵ ਪ੍ਰਬਲ ਤੇ ਪ੍ਰਪੱਕ ਹੋ ਜਾਂਦੇ ਹਨ ਤਾਂ ਇਹ ਰਸ ਬਣ ਜਾਂਦੇ ਹਨ। ਸ਼ਿੰਗਾਰ, ਬੀਰ, ਅਦਭੁੱਤ ਆਦਿ ਰਸਾਂ ਅੰਦਰ ਵੱਖ-ਵੱਖ ਕਿਸਮ ਦੇ ਜ਼ਜ਼ਬੇ ਮੌਜੂਦ ਰਹਿੰਦੇ ਹਨ। ਕਵਿਤਾ ਇਹਨਾਂ ਜ਼ਜ਼ਬਿਆਂ ਨੂੰ ਉਤੇਜਿਤ ਕਰਦੀ ਹੈ। ਅਸੀਂ ਹਾਸ-ਰਸ ਕਵਿਤਾ ਨਾਲ ਹੱਸਦੇ ਅਤੇ ਕਰੁਣਾਮਈ ਕਵਿਤਾ ਨਾਲ ਦੁਖੀ ਹੁੰਦੇ ਹਨ। ਰਸ ਨੌਂ ਪ੍ਰਕਾਰ ਦੇ ਹੁੰਦੇ ਹਨ। ਰਸ ਦੀਆਂ ਵੱਖ-ਵੱਖ ਉਦਾਹਰਨਾਂ ਇਸ ਪ੍ਰਕਾਰ ਹਨ–

– "ਵੇ ਦਰਦ ਮੰਦਾ ਦਿਆ ਦਰਦੀਆ
ਉਠ ਤਕ ਆਪਣਾ ਪੰਜਾਬ
ਅੱਜ ਬੇਲੇ ਲਾਸ਼ਾਂ ਵਿਛੀਆਂ
ਤੇ ਲਹੂ ਭਰੀ ਚਨਾਬ।" (ਕਰੁਣਾ-ਰਸ)

– "ਝੰਡੇ ਨਿਕਲੇ ਕੂਚ ਦਾ ਹੁਕਮ ਹੋਇਆ
ਚੜ੍ਹੇ ਸੂਰਮੇ ਸਿੰਘ ਦਲੇਰ ਮੀਆ
ਚੜ੍ਹੇ ਪੁੱਤ ਸਰਦਾਰਾ ਦੇ ਛੈਲ ਬਾਂਕੇ
ਜਿਵੇਂ ਬੇਲਿਓ ਨਿਕਲਦੇ ਸ਼ੇਰ ਮੀਆਂ।" (ਬੀਰ-ਰਸ)

ਇਸ ਪ੍ਰਕਾਰ ਆਖਿਆ ਜਾ ਸਕਦਾ ਹੈ ਕਿ ਕਵਿਤਾ ਸਾਹਿਤ-ਰੂਪ ਦੇ ਆਪਣੇ ਵਿਸ਼ੇਸ਼ ਗੁਣ ਤੇ ਤੱਤ ਹਨ, ਜਿੰਨ੍ਹਾਂ ਦੇ ਸੁਮੇਲ ਰਾਹੀਂ ਹੀ ਕਵਿਤਾ ਜਨਮ ਲੈਂਦੀ ਤੇ ਰੂਪਗਤ ਪਾਸਾਰ ਗ੍ਰਹਿਣ ਕਰਦੀ ਹੈ।

## ਅਭਿਆਸ-ਪ੍ਰਸ਼ਨ

1. ਕਵਿਤਾ ਦੇ ਅਰਥ ਅਤੇ ਪਰਿਭਾਸ਼ਾ ਉੱਪਰ ਚਾਨਣਾ ਪਾਉ।
2. ਕਵਿਤਾ ਕਿੰਨ੍ਹਾਂ ਤੱਤਾਂ ਦੇ ਸੁਮੇਲ ਰਾਹੀਂ ਰੂਪ ਗ੍ਰਹਿਣ ਕਰਦੀ ਹੈ ? ਵਰਨਣ ਕਰੋ।

BSER

## (ਅ) ਗੀਤ

ਗੀਤ ਅੰਤਰਮੁਖੀ ਕਵਿਤਾ ਦਾ ਪ੍ਰਧਾਨ ਅੰਗ ਹੈ। ਜਦੋਂ ਕਵੀ ਅੰਤਰਮੁਖੀ ਹੋ ਕੇ ਆਪਣੀ ਪ੍ਰੇਰਨਾ, ਨਿੱਜਤਾ ਅਤੇ ਨਿੱਜੀ ਵਲਵਲਿਆਂ ਨੂੰ ਆਪਣੀਆਂ ਅਨੁਭੂਤੀਆਂ, ਵਿਚਾਰਾਂ ਤੇ ਭਾਵਾਂ ਨਾਲ ਜੋੜਦਾ ਹੈ ਤਾਂ ਉਹ ਗੀਤ ਦੀ ਸਿਰਜਨਾ ਕਰਦਾ ਹੈ। ਇਸ ਤਰ੍ਹਾਂ ਗੀਤ ਦਾ ਸੰਬੰਧ ਸੰਗੀਤ ਨਾਲ ਜੁੜਦਾ ਹੈ। ਗੀਤ ਦੀ ਮੁੱਖ ਵਿਸ਼ੇਸ਼ਤਾ ਉਸ ਦੇ ਗਾਏ ਜਾਣ ਵਿੱਚ ਹੈ, ਇਹ ਹੀ ਅੱਗੋਂ ਉਸ ਵਿੱਚ ਸੰਗੀਤਾਤਮਕਤਾ ਦਾ ਗੁਣ ਪੈਦਾ ਕਰਦੀ ਹੈ। ਗੀਤ-ਕਾਵਿ ਦਾ ਜਨਮ ਸੰਗੀਤ ਯੰਤਰ 'ਲਾਇਰ' ਨਾਲ ਗਾਏ ਜਾਣ ਲਈ ਹੋਇਆ।

### ਗੀਤ ਦੀ ਪਰਿਭਾਸ਼ਾ

**ਰਵਿੰਦਰ ਨਾਥ ਟੈਗੋਰ** ਅਨੁਸਾਰ, "ਮਨ ਵਿੱਚ ਜਦੋਂ ਇੱਕ ਵੇਗ ਭਰੇ ਅਨੁਭਵ ਦਾ ਜਨਮ ਹੁੰਦਾ ਹੈ ਤਾਂ ਉਸਨੂੰ ਗੀਤ ਵਿੱਚ ਪ੍ਰਗਟਾਏ ਬਿਨਾਂ ਨਹੀਂ ਰਿਹਾ ਜਾਂਦਾ।"

**ਹੇਗਲ** ਅਨੁਸਾਰ, "ਗੀਤ ਵਿੱਚ ਕਵੀ ਬਾਹਰੀ ਤੱਤਾਂ ਨੂੰ ਆਪਣੇ ਵਿੱਚ ਸਮੇਟ ਕੇ, ਉਹਨਾਂ ਨੂੰ ਸਵੈ ਦੇ ਰੰਗ ਵਿੱਚ ਰੰਗਦਾ ਹੈ ਤੇ ਫਿਰ ਕਾਵਿ-ਰਚਨਾ ਕਰਦਾ ਹੈ।"

### ਗੀਤ ਦੇ ਤੱਤ

**1. ਭਾਵ-** ਗੀਤ ਆਤਮ-ਨਿਸ਼ਠ ਰੁਚੀ ਵਾਲਾ ਹੁੰਦਾ ਹੈ ਅਤੇ ਗੀਤ ਦੀ ਰਚਨਾ ਕਿਸੇ ਭਾਵ ਦੀ ਪ੍ਰੇਰਨਾ ਤੋਂ ਹੁੰਦੀ ਹੈ। ਭਾਵ ਗੀਤ ਦੀ ਆਤਮਾ ਹੈ। ਗੀਤ ਦਾ ਜਨਮ ਹੀ ਤੀਬਰ ਭਾਵ ਦੀ ਸਥਿਤੀ ਵਿੱਚ ਹੁੰਦਾ ਹੈ। ਸੱਚਾ ਗੀਤ ਸਰਲ, ਖਿਣਮਈ ਤੇ ਤੀਬਰ ਮਨੋਵੇਗਾਂ ਦਾ ਸਿੱਟਾ ਹੁੰਦਾ ਹੈ। ਗੀਤ ਇਕ ਵਿਸ਼ੇਸ਼ ਮਨੋਦਸ਼ਾ ਵਿੱਚ ਲਿਖਿਆ ਜਾਂਦਾ ਹੈ ਅਤੇ ਭਾਵਾਂ ਦੀ ਤੀਬਰਤਾ ਇਸ ਵਿਸ਼ੇਸ਼ ਮਨੋਦਸ਼ਾ ਦਾ ਪਹਿਚਾਨ-ਚਿੰਨ੍ਹ ਹੁੰਦੀ ਹੈ।

**2. ਨਿੱਜਤਾ-** ਬਾਹਰੀ ਤੱਤ ਗੀਤ ਵਿੱਚ ਦੂਜੈਲੀ ਭੂਮਿਕਾ ਰੱਖਦੇ ਹਨ। ਸਵੈ ਦਾ ਪ੍ਰਗਟਾਵਾ, ਭਾਵਨਾਵਾਂ ਅਤੇ ਕਲਪਨਾਵਾਂ ਦਾ ਗੀਤ ਵਿੱਚ ਪ੍ਰਕਾਸ਼ਨ, ਕਵੀ ਦਾ ਮੁੱਖ ਉਦੇਸ਼ ਹੁੰਦਾ ਹੈ। ਗੀਤ ਵਿੱਚ ਕਵੀ ਆਪਣੀ ਨਿੱਜੀ ਪੀੜ, ਦੁੱਖ-ਸੁੱਖ, ਖ਼ੁਸ਼ੀ-ਗ਼ਮੀ, ਆਸ਼ਾ-ਨਿਰਾਸ਼ਾ, ਹਰਸ਼-ਵਿਸ਼ਾਦ, ਕਰੁਣਾ, ਦਯਾ, ਗੁੱਸਾ, ਗਿਲਾਨੀ ਅਤੇ ਲੱਜਾ ਆਦਿ ਦੇ ਭਾਵ ਨੂੰ ਸਾਧਾਰਨੀਕ੍ਰਿਤ ਰੂਪ ਵਿੱਚ ਅਭਿਵਿਅਕਤ ਕਰਦਾ ਹੈ।

**3. ਸੰਖੇਪਤਾ-** ਗੀਤ ਸੰਖੇਪ ਹੋਣਾ ਚਾਹੀਦਾ ਹੈ। ਲੰਮੇ ਗੀਤ ਵਿੱਚ ਭਾਵ ਦੇ ਖੀਣ ਹੋਣ ਦੀ ਸੰਭਾਵਨਾ ਸਦਾ ਬਣੀ ਰਹਿੰਦੀ ਹੈ। ਇਸ ਲਈ ਬਹੁਤੀ ਦੇਰ ਤੱਕ ਗੀਤ ਨੂੰ ਖਿੱਚਣਾ ਜਾਂ ਲਮਕਾਉਣਾ ਗੀਤ ਨੂੰ ਅਕਾਊ ਤੇ ਪ੍ਰਭਾਵਹੀਣ ਬਣਾ ਸਕਦਾ ਹੈ। ਇਸ ਕਾਰਨ ਆਵੇਗ ਦੀ ਪ੍ਰਬਲਤਾ ਤੇ ਗੀਤ ਦੇ ਪ੍ਰਭਾਵ ਦੀ ਤੀਖਣਤਾ ਲਈ ਸੰਖੇਪਤਾ ਬਹੁਤ ਮਹੱਤਵਪੂਰਨ ਹੈ।

### 4. ਸੰਗੀਤਾਤਮਕਤਾ-

ਸੰਗੀਤਾਤਮਕਤਾ ਗੀਤ ਨੂੰ ਗੁੜ੍ਹਤੀ ਵਿੱਚ ਮਿਲੀ ਹੈ। ਸੰਗੀਤਾਤਮਕਤਾ ਤੋਂ ਭਾਵ ਸੁਰ ਤਾਲ ਯੁਕਤ ਸੰਗੀਤ ਨਹੀਂ ਹੈ, ਇਹ ਤਾਂ ਸਾਰੀ ਅੰਤਰਮੁਖੀ ਕਵਿਤਾ ਦਾ ਪ੍ਰਧਾਨ ਗੁਣ ਹੈ। ਕੋਮਲ ਸ਼ਬਦ, ਸੁਚੱਜੀ ਸ਼ਬਦ ਜੜ੍ਹਤ, ਵਰਨਾਂ ਦਾ ਜੋੜ, ਅੱਖਰਾਂ ਦਾ ਢੁਕਾ, ਸੁਰ ਸਮਾਨਤਾ ਆਦਿ ਦੁਆਰਾ ਪੈਦਾ ਸੰਗੀਤ



BSER

ਹੀ ਸੰਗੀਤਾਤਮਕਤਾ ਦਾ ਆਧਾਰ ਹੈ। ਸੰਗੀਤ ਸ਼ਬਦ ਵਿੱਚ ਹੀ ਹੁੰਦਾ ਹੈ। ਬਾਹਰੀ ਸੰਗੀਤ ਨਾਲੋਂ ਆਂਤਰਿਕ ਸੰਗੀਤ ਵੱਧ ਮਹੱਤਵਪੂਰਨ ਹੈ, ਜੋ ਗੀਤ ਵਿੱਚ ਭਾਵ ਦੀ ਤੀਖਣਤਾ ਤੇ ਉਤੇਜਨਾ ਭਰਦਾ ਹੈ।

### 5. ਭਾਵ-ਏਕਤਾ-

ਗੀਤਕਾਰ ਆਪਣੇ ਗੀਤ ਵਿੱਚ ਇੱਕ ਵਿਸ਼ੇਸ਼ ਭਾਵ ਸਿਰਜਦਾ ਹੈ। ਇਸ ਭਾਵ ਦੇ ਪ੍ਰਭਾਵ ਹੇਠ ਪਾਠਕ ਜਾਂ ਸਰੋਤਾ ਕੋਲ ਕਿਸੇ ਹੋਰ ਭਾਵਨਾ ਨੂੰ ਵਿਚਾਰਨ ਦਾ ਮੌਕਾ ਹੀ ਨਹੀਂ ਰਹਿ ਜਾਂਦਾ। ਜਦੋਂ ਅਸੀਂ ਗੀਤ ਨੂੰ ਇੱਕ ਸਵੈ-ਪੂਰਨ ਰਚਨਾ ਕਹਿੰਦੇ ਹਾਂ ਤਾਂ ਗੀਤ ਦੀ ਇਹ ਪੂਰਨਤਾ ਉਸ ਵਿੱਚ ਸੰਚਾਰਤ ਭਾਵ ਦੀ ਆਪਣੇ ਆਪ ਵਿੱਚ ਪੂਰਨਤਾ ਹੀ ਹੁੰਦੀ ਹੈ।

### 6. ਸਹਿਜ ਅੰਤਰ-ਪ੍ਰੇਰਨਾ ਅਤੇ ਸੁਭਾਵਿਕ ਪ੍ਰਗਟਾ-

ਗੀਤ ਦੀ ਰਚਨਾ ਲਈ ਅੰਤਰ-ਪ੍ਰੇਰਨਾ ਅਤੇ ਹਾਰਦਿਕਤਾ ਦਾ ਮੂਲ ਰੂਪ ਵਿੱਚ ਫੁੱਟਣਾ ਜ਼ਰੂਰੀ ਹੈ। ਭਾਵਾਂ ਦਾ ਇਹ ਸਹਿਜ, ਸ਼ਕਤੀਸ਼ਾਲੀ ਅਤੇ ਪ੍ਰਚੰਡ ਵੇਗ ਗੀਤ ਦਾ ਜ਼ਰੂਰੀ ਅੰਗ ਹੈ। ਗੀਤ ਵਿੱਚ ਕਵੀ ਦੀ ਸਿੱਧੀ ਤੇ ਸਹਿਜ ਅਭਿਵਿਅਕਤੀ ਦੁਆਰਾ ਹੀ ਪਾਠਕ/ਸਰੋਤੇ ਦੇ ਮਨ ਨੂੰ ਛੂਹਣ ਦੀ ਸਮਰੱਥਾ ਹੋਣੀ ਚਾਹੀਦੀ ਹੈ। ਇੱਥੋਂ ਹੀ ਕਵੀ ਦੀ ਕੁਸ਼ਲਤਾ ਦਾ ਪ੍ਰਮਾਣ ਮਿਲਦਾ ਹੈ। ਸੁਭਾਵਿਕਤਾ ਗੀਤ ਦਾ ਜ਼ਰੂਰੀ ਤੱਤ ਹੈ। ਇਸ ਦੀ ਘਾਟ ਵਿੱਚ ਗੀਤ ਦਾ ਪ੍ਰਭਾਵ ਖੰਡਿਤ ਹੋ ਜਾਂਦਾ ਹੈ ਅਤੇ ਗੀਤ ਦੇ ਲੋੜੀਂਦੇ ਭਾਵ ਵੇਗ ਨੂੰ ਸਿਰਜਨ ਵਿੱਚ ਵੀ ਸਫ਼ਲਤਾ ਪ੍ਰਾਪਤ ਨਹੀਂ ਕਰ ਸਕਦਾ।

### 7. ਸੰਰਚਨਾ, ਸ਼ੈਲੀ ਅਤੇ ਵਿਸ਼ਾ-

ਗੀਤ ਦੇ ਵਿਸ਼ੇ ਦੇ ਸੰਬੰਧ ਵਿੱਚ ਕੋਈ ਵਿਸ਼ੇਸ਼ ਨਿਯਮ ਨਹੀਂ ਹੈ। ਗੀਤ ਤਾਂ ਛੋਟੇ ਛੋਟੇ ਵਿਸ਼ਿਆਂ ਤੇ ਲਿਖਿਆ ਜਾਂਦਾ ਹੈ। **ਵਰਡਜ਼ਵਰਥ** ਦੇ ਅਨੁਸਾਰ ਛੋਟੀ ਤੋਂ ਛੋਟੀ ਚੀਜ਼ ਤੋਂ ਕਵੀ ਦੇ ਮਨ ਵਿੱਚ ਗੰਭੀਰ ਭਾਵ ਉਤੇਜਿਤ ਹੋ ਸਕਦੇ ਹਨ।

ਗੀਤ ਦੀ ਸੰਰਚਨਾ ਲਈ ਏਕਤਾ ਤੇ ਇਕਾਗਰਤਾ ਜ਼ਰੂਰੀ ਲੱਛਣ ਹਨ। ਗੀਤ ਵਿੱਚ ਇੱਕ ਪ੍ਰਮੁੱਖ ਤੇ ਕੇਂਦਰੀ ਭਾਵਨਾ ਹੁੰਦੀ ਹੈ, ਜਿਸ ਦਾ ਪ੍ਰਗਟਾਅ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਹੁੰਦਾ ਹੈ। ਇਸ ਲਈ ਭਾਵਨਾ ਦੀ ਏਕਤਾ ਵੀ ਅਤਿ ਲੋੜੀਂਦੀ ਹੈ। ਗੀਤ ਦੀ ਸੰਰਚਨਾ ਦੀ ਦੂਜੀ ਵਿਸ਼ੇਸ਼ਤਾ ਇਸ ਦਾ ਆਂਤਰਿਕ ਵਿਕਾਸ ਹੈ। ਇਹ ਆਂਤਰਿਕ ਵਿਵਸਥਾ ਵਿਸ਼ੇਸ਼ ਤਰ੍ਹਾਂ ਦੀ ਸੁੰਦਰਤਾ ਨੂੰ ਜਨਮ ਦਿੰਦੀ ਹੈ। ਸ਼ਬਦ, ਸੰਗੀਤ ਨੂੰ ਲੈਅ ਦੇ ਨਾਲ ਜੋੜ ਕੇ ਕਵੀ ਵਿਸ਼ੇਸ਼ ਕੋਮਲਤਾ ਅਤੇ ਮਧੁਰਤਾ ਦੀ ਸਿਰਜਨਾ ਕਰਦਾ ਹੈ। ਤੀਬਰ ਭਾਵਨਾਵਾਂ ਦਾ ਵੇਗ ਜਦੋਂ ਤਰਦੀ ਲੈਅ ਅਤੇ ਸ਼ਬਦ ਸੰਗੀਤ ਨਾਲ ਹੁੰਦਾ ਹੈ ਤਾਂ ਇਸ ਨਾਲ ਗੀਤ ਵਿੱਚ ਅਲੌਕਿਕ ਆਨੰਦ ਪੈਦਾ ਕਰਨ ਦੀ ਸਮਰੱਥਾ ਆ ਜਾਂਦੀ ਹੈ। ਇਹੀ ਕਾਰਨ ਹੈ ਕਿ ਗੀਤ ਸਦਾ ਹੀ ਮਨ ਅਤੇ ਭਾਵਨਾ ਨੂੰ ਟੁੰਬਦਾ ਹੈ।

## ਅਭਿਆਸ-ਪ੍ਰਸ਼ਨ

1. ਗੀਤ ਦੀ ਪਰਿਭਾਸ਼ਾ ਤੇ ਤੱਤਾਂ ਬਾਰੇ ਸੰਖੇਪ ਵਿੱਚ ਚਰਚਾ ਕਰੋ।

2. ਗੀਤ ਕਾਵਿ-ਰੂਪ ਬਾਰੇ ਆਪਣੇ ਵਿਚਾਰ ਪੇਸ਼ ਕਰੋ।



BSEP

## (ੲ) ਗ਼ਜ਼ਲ

ਪੰਜਾਬੀ ਵਿੱਚ ਗ਼ਜ਼ਲ ਫ਼ਾਰਸੀ ਕਾਵਿ-ਪਰੰਪਰਾ ਦੀ ਦੇਣ ਹੈ। ਭਾਰਤ ਤੇ ਪੰਜਾਬ ਵਿੱਚ ਇਸ ਦਾ ਪ੍ਰਵੇਸ਼ ਮੁਸਲਮਾਨਾਂ ਦੇ ਪ੍ਰਵੇਸ਼ ਨਾਲ ਹੀ ਸੰਬੰਧ ਰੱਖਦਾ ਹੈ। ਆਧੁਨਿਕ ਪੰਜਾਬੀ ਕਵਿਤਾ ਵਿੱਚ ਗ਼ਜ਼ਲ ਰੂਪਾਕਾਰ ਉਰਦੂ ਗ਼ਜ਼ਲ ਤੋਂ ਪ੍ਰਭਾਵਿਤ ਹੈ।

### ਅਰਥ ਅਤੇ ਪਰਿਭਾਸ਼ਾ

ਗ਼ਜ਼ਲ ਦੇ ਸ਼ਾਬਦਿਕ ਅਰਥ ਹਨ- ਮਹਿਬੂਬ ਨਾਲ ਖੇਡਣਾ, ਔਰਤਾਂ ਨਾਲ ਇਸ਼ਕ ਤੇ ਮੁਹੱਬਤ ਦੀਆਂ ਗੱਲਾਂ ਕਰਨਾ ਅਤੇ ਉਹ ਸ਼ਿਅਰ ਜਿਹੜੇ ਔਰਤਾਂ ਦੇ ਜ਼ਿਕਰ ਵਿੱਚ ਕਹੇ ਗਏ ਹੋਣ। ਪਰ **ਆਬਿਦ ਅਲੀ** ਦੇ ਅਨੁਸਾਰ ਗ਼ਜ਼ਲ ਉਸ ਦਰਦਨਾਕ ਆਵਾਜ਼ ਨੂੰ ਕਹਿੰਦੇ ਹਨ ਜੋ ਸ਼ਿਕਾਰੀ ਕੁੱਤਿਆਂ ਤੋਂ ਜਾਨ ਬਚਾਉਣ ਵਿੱਚ ਨਿਰਾਸ਼ ਹੋਇਆ ਹਿਰਨ ਸੰਕਟ ਦੇ ਸਮੇਂ ਕੱਢਦਾ ਹੈ। ਕਾਵਿ ਖੇਤਰ ਵਿੱਚ ਇਹ ਸ਼ਬਦ ਦਰਦਮਈ ਅਤੇ ਪ੍ਰੇਮ ਦੀ ਤੜਪ ਵਾਲੀ ਕਵਿਤਾ ਲਈ ਵਰਤਿਆ ਜਾਣ ਲੱਗਿਆ, ਪਰ ਬਾਅਦ ਵਿੱਚ ਹੋਰ ਵੀ ਸਮਾਜਕ ਵਿਸ਼ੇ ਗ਼ਜ਼ਲ ਦਾ ਹਿੱਸਾ ਬਨਣ ਲੱਗ ਪਏ ਹਨ।

ਅਰਬੀ-ਫ਼ਾਰਸੀ ਗ਼ਜ਼ਲ ਵਿੱਚ ਇਸ਼ਕ ਕੇਂਦਰੀ ਮਹਤੱਤਾ ਰੱਖਦਾ ਹੈ। ਇਸ਼ਕ ਕੇਂਦਰਿਤ ਹੋਣ ਕਰਕੇ ਹੀ ਕਿਹਾ ਜਾਂਦਾ ਸੀ ਕਿ ਗ਼ਜ਼ਲ ਵਿੱਚ ਵਿਸ਼ੇ ਪੱਖੋਂ ਬੜੀ ਸੰਕੀਰਨਤਾ ਹੁੰਦੀ ਹੈ, ਇਸ ਵਿੱਚ ਬਹੁਤੇ ਵਿਸ਼ੇ ਪ੍ਰਗਟਾਏ ਨਹੀਂ ਜਾ ਸਕਦੇ ਪਰ ਪੰਜਾਬੀ ਕਵੀਆਂ ਨੇ ਗ਼ਜ਼ਲ ਕਾਵਿ-ਰੂਪ ਨੂੰ ਵਿਸ਼ੇ ਪੱਖੋਂ ਵਿਸ਼ਾਲਤਾ ਪ੍ਰਦਾਨ ਕੀਤੀ ਹੈ। ਆਧੁਨਿਕ ਮਨੁੱਖ ਦੀ ਹਰ ਸੰਵੇਦਨਾ ਅਤੇ ਵੇਦਨਾ ਨੂੰ ਪੰਜਾਬੀ ਗ਼ਜ਼ਲ ਵਿੱਚ ਬਾਖ਼ੂਬੀ ਬਿਆਨ ਕੀਤਾ ਗਿਆ ਹੈ।

### ਵਿਸ਼ੇਸ਼ਤਾਵਾਂ ਅਤੇ ਪ੍ਰਕਾਰ

**ਡਾ. ਦੀਵਾਨ ਸਿੰਘ** ਅਨੁਸਾਰ ਗ਼ਜ਼ਲ ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਹੁੰਦੀਆਂ ਹਨ-

1. ਇਸ਼ਕ ਦੇ ਬਹੁਪੱਖੀ ਵਿਸ਼ਿਆਂ ਦੀ ਪ੍ਰਧਾਨਤਾ
2. ਤਸੱਵੁਫ਼ ਜਾਂ ਸੂਫ਼ੀ ਰਹੱਸਵਾਦ
3. ਅਸ਼ਲੀਲ ਵਿਚਾਰਾਂ ਤੋਂ ਸੰਕੋਚ
4. ਬਿਆਨ ਦੀ ਨਵੀਨਤਾ, ਮੌਲਿਕਤਾ ਤੇ ਰੌਚਕਤਾ
5. ਤਕਨੀਕ ਦੀ ਨਿਪੁੰਨਤਾ
6. ਸਮੁੱਚੀ ਗ਼ਜ਼ਲ ਪਰੰਪਰਾ ਦਾ ਗਿਆਨ

ਭਾਵਗਤ ਤੌਰ ਤੇ ਗ਼ਜ਼ਲ ਨੂੰ ਦੋ ਕਿਸਮਾਂ ਵਿੱਚ ਵੰਡਿਆ ਜਾ ਸਕਦਾ ਹੈ- ਮੁਸਲਸਲ ਅਤੇ ਗ਼ੈਰ-ਮੁਸਲਸਲ। ਮੁਸਲਸਲ ਗ਼ਜ਼ਲ ਦੇ ਹਰ ਸ਼ਿਅਰ ਵਿੱਚ ਭਾਵ ਤੇ ਵਿਚਾਰ ਅੰਤਰ-ਸੰਬੰਧਤ ਹੁੰਦੇ ਹਨ, ਜਦੋਂ ਕਿ ਗ਼ੈਰ-ਮੁਸਲਸਲ ਗ਼ਜ਼ਲ ਵਿੱਚ ਹਰ ਸ਼ਿਅਰ ਇੱਕ ਸੁਤੰਤਰ ਹੋਂਦ ਅਤੇ ਭਾਵ ਪ੍ਰਧਾਨ ਹੁੰਦਾ ਹੈ। ਗ਼ਜ਼ਲਾਂ ਦੇ ਸੰਗ੍ਰਹਿ ਨੂੰ 'ਦੀਵਾਨ' ਕਹਿੰਦੇ ਹਨ।



BSEP

## ਗ਼ਜ਼ਲ ਦੀ ਤਕਨੀਕ

ਗ਼ਜ਼ਲ ਦੀ ਇੱਕ ਵਿਸ਼ੇਸ਼ ਤਕਨੀਕ ਹੁੰਦੀ ਹੈ। ਗ਼ਜ਼ਲ ਇੱਕ ਰੂਪ ਪ੍ਰਧਾਨ ਵਿਧਾ ਹੈ। ਇਸ ਵਿੱਚ ਬਿਆਨ ਦੀ ਮੌਲਿਕਤਾ ਅਤੇ ਨਵੀਨਤਾ ਦਾ ਵਿਸ਼ੇਸ਼ ਮਹੱਤਵ ਹੈ। **ਪ੍ਰੋ. ਦੀਵਾਨ ਸਿੰਘ** ਦੇ ਸ਼ਬਦਾਂ ਵਿੱਚ ਗ਼ਜ਼ਲ ਦਾ ਲਿਖਣ ਢੰਗ ਹੀ ਗ਼ਜ਼ਲ ਦੀ ਜਾਨ ਹੁੰਦਾ ਹੈ

ਗ਼ਜ਼ਲ ਦੀ ਇਕਾਈ ਸ਼ਿਅਰ ਹੁੰਦਾ ਹੈ ਅਤੇ ਗ਼ਜ਼ਲ ਵਿੱਚ ਸ਼ਿਅਰਾਂ ਦੀ ਗਿਣਤੀ ਦੀ ਕੋਈ ਬੰਦਿਸ਼ ਨਹੀਂ ਹੁੰਦੀ । ਹਰ ਸ਼ਿਅਰ ਦੋ ਤੁਕਾਂ ਦਾ ਹੁੰਦਾ ਹੈ ਅਤੇ ਇੱਕ ਤੁਕ ਨੂੰ 'ਮਿਸਰਾ' ਆਖਿਆ ਜਾਂਦਾ ਹੈ। ਗ਼ਜ਼ਲ ਦੇ ਪਹਿਲੇ ਸ਼ਿਅਰ ਨੂੰ 'ਮਤਲਾ' ਕਿਹਾ ਜਾਂਦਾ ਹੈ ਅਤੇ ਅੰਤਲੇ ਸ਼ਿਅਰ ਨੂੰ 'ਮਕਤਾ' ਆਖਿਆ ਜਾਂਦਾ ਹੈ। ਹਰ ਤੁਕ ਦਾ ਤੁਕਾਂਤ ਮਿਲਦਾ ਹੈ, ਜਿਸ ਨੂੰ 'ਕਾਫ਼ੀਆ' ਕਿਹਾ ਜਾਂਦਾ ਹੈ। ਤੁਕ ਦੇ ਅਖੀਰ 'ਤੇ ਕਾਫ਼ੀਏ ਤੋਂ ਬਾਅਦ ਬਾਰ-ਬਾਰ ਆਉਣ ਵਾਲੇ ਸ਼ਬਦ ਨੂੰ 'ਰਦੀਫ਼' ਕਿਹਾ ਜਾਂਦਾ ਹੈ। ਜਿੱਥੇ ਤੁਕ ਦਾ ਆਖਰੀ ਸ਼ਬਦ ਕਾਫ਼ੀਆ ਹੋਵੇ, ਉੱਥੇ ਰਦੀਫ਼ ਨਹੀਂ ਹੁੰਦਾ। ਉਦਾਹਰਨ ਲਈ:

"ਜੇਕਰ ਹਬੀਬ ਚੰਗੇ।
ਤਾਂ ਫਿਰ ਨਸੀਬ ਚੰਗੇ।
ਤੂੰ ਕਰ ਨਾ ਦੂਰ ਸਾਨੂੰ,
ਆਪਾਂ ਕਰੀਬ ਚੰਗੇ।
ਧਨਵਾਨ ਤੋਂ ਕੀ ਲੈਣੇਂ ?
ਸਾਨੂੰ ਗ਼ਰੀਬ ਚੰਗੇ।
ਚਾਨਣ ਜੋ ਵੰਡਦੇ ਹਨ,
ਉਹ ਹਨ ਅਦੀਬ ਚੰਗੇ।
ਮੈਂ ਮਿਟ ਗਿਆ ਤੂੰ ਕਹਿਨੈਂ,
ਤੇਰੇ ਨਸੀਬ ਚੰਗੇ।
ਦੁੱਖ ਵਿੱਚ ਮਨਾਉਣ ਸੁੱਖ ਜੋ,
ਸਾਥੋਂ ਗ਼ਰੀਬ ਚੰਗੇ।
ਨਿਰਮਲ ਜੋ ਵਸਲ ਮਾਨਣ,
ਸਾਥੋਂ ਰਕੀਬ ਚੰਗੇ।"

ਉਪਰੋਕਤ ਸ਼ਿਅਰ ਵਿੱਚ ਹਬੀਬ, ਨਸੀਬ, ਕਰੀਬ, ਗ਼ਰੀਬ, ਅਦੀਬ, ਨਸੀਬ,ਰਕੀਬ ਕਾਫ਼ੀਆ ਹੈ ਅਤੇ 'ਚੰਗੇ' ਰਦੀਫ਼ ਹੈ। ਅਤੇ ਗ਼ਜ਼ਲ ਦੇ ਉੱਤਮ ਸ਼ਿਅਰ ਨੂੰ 'ਸ਼ਾਹ ਬੈਂਤ' ਕਹਿੰਦੇ ਹਨ। ਉਪਰੋਕਤ



BSER

ਗ਼ਜ਼ਲ ਦਾ ਇਹ ਸ਼ਿਅਰ ਸ਼ਾਹ ਬੈਂਤ ਦਾ ਦਰਜਾ ਰੱਖਦਾ ਹੈ।

"ਤੂੰ ਕਰ ਨਾ ਦੂਰ ਸਾਨੂੰ,

ਆਪਾਂ ਕਰੀਬ ਚੰਗੇ।"

ਗ਼ਜ਼ਲ ਦੀ ਸੰਰਚਨਾ ਦੀ ਇੱਕ ਵਿਸ਼ੇਸ਼ਤਾ ਇਹ ਹੈ ਕਿ ਇਸ ਵਿੱਚ ਸਪਾਟ ਬਿਆਨ ਦੀ ਥਾਂ ਕਿਸੇ ਸੰਕੇਤ ਜਾਂ ਕਿਸੇ ਰਮਜ਼ ਦਾ ਹੋਣਾ ਜ਼ਰੂਰੀ ਹੈ। ਇਸ ਵਿੱਚ ਰੰਗ ਬਿਆਨੀ, ਮੁਆਮਲਾ-ਬੰਦੀ, ਸ਼ੋਖੀ, ਚੋਟ ਆਦਿ ਗੁਣ ਵੇਖਣ ਵਾਲੇ ਹਨ।

ਸਮੁੱਚੇ ਰੂਪ ਵਿੱਚ ਆਖ ਸਕਦੇ ਹਾਂ ਕਿ ਪੰਜਾਬੀ ਸਾਹਿਤ ਵਿੱਚ ਗ਼ਜ਼ਲ ਭਾਵੇਂ ਅਰਬੀ-ਫ਼ਾਰਸੀ ਪਰੰਪਰਾ ਤੋਂ ਲਈ ਗਈ ਹੈ ਪਰ ਹੁਣ ਗ਼ਜ਼ਲ ਪੰਜਾਬੀ ਗ਼ਜ਼ਲ ਦੇ ਤੌਰ ਤੇ ਆਪਣਾ ਮੁਹਾਂਦਰਾ ਨਿਖਾਰ ਚੁੱਕੀ ਹੈ ਅਤੇ ਇੱਕ ਮਿਆਰੀ ਪੱਧਰ ਹਾਸਲ ਕਰਕੇ ਹਰ ਵਿਸ਼ੇ ਤੇ ਭਾਵ ਨੂੰ ਸੰਚਾਰਨ ਦੇ ਸਮਰੱਥ ਹੈ।

## ਅਭਿਆਸ-ਪ੍ਰਸ਼ਨ

1. ਗ਼ਜ਼ਲ ਬਾਰੇ ਚਰਚਾ ਕਰਦਿਆਂ ਇਸ ਦੀ ਤਕਨੀਕ ਉੱਪਰ ਚਾਨਣਾ ਪਾਓ।
2. ਗ਼ਜ਼ਲ ਵਿੱਚ ਸ਼ੇਅਰ ਦਾ ਕੀ ਮਹੱਤਵ ਹੁੰਦਾ ਹੈ। ਸੰਖੇਪ ਵਿੱਚ ਚਰਚਾ ਕਰੋ।

BSER

# (ਸ) ਨਾਟਕ

ਨਾਟਕ ਸਾਹਿਤ ਸਿਰਜਨ ਕਲਾ ਅਤੇ ਰੰਗਮੰਚੀ ਜੁਗਤਾਂ ਦਾ ਸੁਮੇਲ ਹੈ। ਇਸੇ ਕਰਕੇ ਨਾਟਕ ਨੂੰ ਮਿਸ਼ਰਤ ਕਲਾ ਰੂਪ ਆਖਿਆ ਜਾਂਦਾ ਹੈ। ਪਾਠਕ ਨਾਟਕ ਨੂੰ ਪੜ੍ਹ ਕੇ ਅਤੇ ਦਰਸ਼ਕ ਇਸ ਦੇ ਮੰਚੀ ਰੂਪ ਨੂੰ ਵੇਖ ਕੇ ਸੁਹਜ ਮਾਣਦੇ ਹਨ। ਰੰਗਮੰਚ, ਰੌਸ਼ਨੀ, ਆਵਾਜ਼, ਵੇਸ਼ਭੂਸ਼ਾ ਅਦਾਕਾਰੀ ਇਸ ਨੂੰ ਬਾਕੀ ਸਾਹਿਤ ਰੂਪਾਂ ਤੋਂ ਨਿਖੇੜਦੇ ਹਨ। ਇਸੇ ਕਰਕੇ ਰੰਗਮੰਚ ਨੂੰ ਨਾਟਕ ਦੀ ਕਸਵੱਟੀ ਕਿਹਾ ਜਾਂਦਾ ਹੈ।

## ਅਰਥ ਅਤੇ ਪਰਿਭਾਸ਼ਾ

ਨਾਟਕ ਸ਼ਬਦ ਸੰਸਕ੍ਰਿਤ ਦੀ 'ਨਟ' ਜਾਂ 'ਨਾਟ' ਧਾਤੂ ਤੋਂ ਉੱਤਪੰਨ ਹੋਇਆ ਮੰਨਿਆ ਜਾਂਦਾ ਹੈ। ਜਿਸ ਤੋਂ ਭਾਵ ਹੈ- ਨਾਚ। ਬਾਅਦ ਵਿੱਚ ਨਾਟਕ ਦੇ ਅਰਥਾਂ ਵਿੱਚ ਨਕਲ ਜਾਂ ਅਨੁਕਰਨ ਨੂੰ ਜੋੜਿਆ ਜਾਣ ਲੱਗਾ। ਨਾਟਕੀ ਸਿਧਾਂਤਾਂ ਸੰਬੰਧੀ ਮੁੱਢਲੀ ਜਾਣਕਾਰੀ ਭਾਰਤੀ ਕਾਵਿ-ਸ਼ਾਸ਼ਤਰੀ ਅਚਾਰੀਆ **ਭਰਤ ਮੁਨੀ** ਦੀ ਪੁਸਤਕ 'ਨਾਟਯ ਸ਼ਾਸ਼ਤਰ' ਤੋਂ ਪ੍ਰਾਪਤ ਹੁੰਦੀ ਹੈ। ਇਸ ਤੋਂ ਬਿਨਾਂ ਅੰਗਰੇਜ਼ੀ ਭਾਸ਼ਾ ਦਾ ਸ਼ਬਦ 'ਡਰਾਮਾ' ਇਸ ਦਾ ਸਮਾਨਾਰਥਕ ਹੈ; ਜੋ ਯੂਨਾਨੀ ਸ਼ਬਦ 'ਡਰਾਓ' ਦਾ ਪਰਿਵਰਤਿਤ ਰੂਪ ਹੈ, ਜਿਸ ਦਾ ਅਰਥ ਹੈ- ਕੁਝ ਕਰ ਕੇ ਵਿਖਾਉਣਾ। ਇਸ ਤਰ੍ਹਾਂ ਏਥੇ ਵੀ ਨਾਟਕ ਦਾ ਸੰਬੰਧ ਕਾਰਜ ਜਾਂ ਨਕਲ ਕਾਰਜ ਨਾਲ ਜੁੜਦਾ ਹੈ।

ਵਿਸ਼ਵ ਵਿੱਚ ਦੋ ਨਾਟ-ਪਰੰਪਰਾਵਾਂ ਮੌਜੂਦ ਹਨ- ਯੂਨਾਨੀ ਨਾਟ-ਪ੍ਰੰਪਰਾ ਅਤੇ ਸੰਸਕ੍ਰਿਤ ਨਾਟ-ਪ੍ਰੰਪਰਾ। ਯੂਨਾਨੀ ਪਰੰਪਰਾ ਦਾ ਵਿਸਥਾਰਮਈ ਵਰਨਣ **ਅਰਸਤੂ** ਦੁਆਰਾ ਰਚਿਤ 'ਕਾਵਿ ਸ਼ਾਸਤਰ' ਵਿੱਚ ਮਿਲਦਾ ਹੈ ਅਤੇ ਸੰਸਕ੍ਰਿਤ ਨਾਟ ਪਰੰਪਰਾ ਬਾਰੇ ਸੰਪੂਰਨ ਜਾਣਕਾਰੀ **ਭਰਤਮੁਨੀ** ਦੀ ਰਚਨਾ 'ਨਾਟਯ ਸ਼ਾਸ਼ਤਰ' ਤੋਂ ਪ੍ਰਾਪਤ ਹੁੰਦੀ ਹੈ।

**ਨਾਟਕ ਦੇ ਰੂਪ ਨੂੰ ਸਮਝਣ ਲਈ ਹੇਠ ਲਿਖੀਆਂ ਪਰਿਭਾਸ਼ਾਵਾਂ ਮਹੱਤਵਪੂਰਨ ਹਨ।**

ਪ੍ਰਸਿੱਧ ਪੱਛਮੀਂ ਚਿੰਤਕ **ਅਰਸਤੂ** ਅਨੁਸਾਰ, "ਨਾਟਕ, ਕਾਵਿ ਦਾ ਉਹ ਰੂਪ ਹੈ, ਜਿਸ ਵਿੱਚ ਪਾਤਰ ਜਿਉਂਦੇ-ਜਾਗਦੇ, ਤੁਰਦੇ-ਫਿਰਦੇ ਪੇਸ਼ ਕੀਤੇ ਜਾਂਦੇ ਹਨ-ਅਰਥਾਤ ਜਿਸ ਵਿੱਚ ਕਾਰਜ-ਵਪਾਰ ਦਾ ਪ੍ਰਦਰਸ਼ਨ ਹੁੰਦਾ ਹੈ।"

ਇਸ ਪ੍ਰਕਾਰ **ਅਰਸਤੂ** ਨਾਟਕ ਦੇ ਦੋ ਰੂਪ-ਸੁਖਾਂਤ ਅਤੇ ਦੁਖਾਂਤ ਮੰਨਦਾ ਹੋਇਆ ਦੁਖਾਂਤ ਸੰਬੰਧੀ ਇਸ ਤਰ੍ਹਾਂ ਕਥਨ ਕਰਦਾ ਹੈ- "ਤ੍ਰਾਸਦੀ ਅਨੁਕ੍ਰਿਤੀ ਹੈ- ਵਿਅਕਤੀ ਦੀ ਨਹੀਂ, ਕਾਰਜ ਦੀ ਅਤੇ ਜੀਵਨ ਦੀ। ਜੀਵਨ ਕਾਰਜ-ਵਪਾਰ ਦਾ ਹੀ ਨਾਮ ਹੈ।"

ਪ੍ਰਸਿੱਧ ਨਾਟਕਕਾਰ **ਇਬਸਨ** ਨਾਟਕ ਸੰਬੰਧੀ ਆਪਣੇ ਵਿਚਾਰ ਇਉਂ ਵਿਅਕਤ ਕਰਦਾ ਹੈ, "ਨਾਟਕ ਆਪਣੇ ਕਾਰਜ਼ ਨੂੰ ਪਾਤਰਾਂ ਰਾਹੀਂ ਪ੍ਰਗਟਾਉਂਦਾ ਹੈ ਇਸ ਲਈ ਇਸ ਦਾ ਪ੍ਰਭਾਵ ਸਿੱਧਾ ਤੇ ਤੁਰੰਤ ਪੈਂਦਾ ਹੈ। ਇਹ ਪ੍ਰਭਾਵ ਪਾਤਰਾਂ ਦੀਆਂ ਦੇ ਹੁਨਰ ਨਾਲ ਹੋਰ ਵੀ ਤਿੱਖਾ ਹੁੰਦਾ ਹੈ।

ਸੰਸਕ੍ਰਿਤ ਨਾਟ ਪਰੰਪਰਾ ਬਾਰੇ ਵਿਸਥਾਰ ਪੂਰਵਕ ਚਰਚਾ ਕਰਨ ਵਾਲੇ **ਭਰਤਮੁਨੀ** ਦਾ ਮਤ ਹੈ, " ਨਾਟਕ ਲੋਕਾਂ ਦੀਆਂ ਬਿਰਤੀਆਂ ਤੇ ਸੰਸਕਾਰਾਂ ਭਾਵ ਮਨੁੱਖ ਦੇ ਵਿਵਹਾਰਾਂ ਦਾ ਅਨੁਕਰਨ ਭਾਵ ਨਕਲ ਹੈ।"

ਸ਼੍ਰੀ ਮਤੀ **ਨੌਰਾ ਰਿਚਰਡ** ਅਨੁਸਾਰ, "ਨਾਟਕੀ ਹੁਨਰ ਹੀ ਸਭ ਤੋਂ ਉੱਚੀ ਸਭਿਆਚਾਰਕ ਸਿੱਖਿਆ



BSER

ਹੈ, ਜਿਹੜੀ ਕੌਮਾਂ ਵਿੱਚ ਅੱਗੇ ਵਧਣ ਵਿੱਚ ਸਹਾਈ ਹੁੰਦੀ ਹੈ।"

ਉਪਰੋਕਤ ਪਰਿਭਾਸ਼ਾਵਾਂ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਨਾਟਕ ਜੀਵਨ ਨੂੰ ਆਲੋਚਨਾਤਮਕ ਦ੍ਰਿਸ਼ਟੀ ਤੋਂ ਬਿਆਨਦਾ ਹੋਇਆ, ਲੇਖਕ, ਨਿਰਦੇਸ਼ਕ, ਅਦਾਕਾਰ, ਅਤੇ ਰੰਗਮੰਚ ਰਾਹੀਂ ਪਾਠਕ ਜਾਂ ਦਰਸ਼ਕ ਤੱਕ ਪਹੁੰਚ ਕਰਦਾ ਹੈ।

## ਨਾਟਕ ਦੇ ਤੱਤ

ਨਾਟਕ ਦੇ ਵੀ ਹੋਰਨਾਂ ਸਾਹਿਤ ਰੂਪਾਂ ਵਾਂਗ ਕੁਝ ਚੋਣਵੇਂ ਮੂਲ ਤੱਤ ਹਨ। ਉੱਤਮ ਨਾਟਕੀ ਰਚਨਾ ਵਿੱਚ ਹੇਠ ਲਿਖੇ ਤੱਤ ਹੋਣੇ ਲਾਜ਼ਮੀਂ ਹਨ-

### 1. ਪਲਾਟ ਜਾਂ ਗੋਂਦ-

ਪਲਾਟ ਨਾਟਕੀ ਰਚਨਾ ਵਿੱਚ ਰੀੜ ਦੀ ਹੱਡੀ ਦਾ ਕੰਮ ਕਰਦਾ ਹੈ। ਵਿਦਵਾਨ ਇਸ ਨੂੰ ਨਾਟਕ ਦਾ ਮੁੱਖ ਤੱਤ ਮੰਨਦੇ ਹਨ। ਨਾਟਕ ਵਿੱਚ ਪੇਸ਼ ਕੀਤੀ ਜਾਣ ਵਾਲੀ ਕਹਾਣੀ ਨੂੰ ਤਰਤੀਬ-ਵਾਰ ਪੇਸ਼ ਕਰਨਾ ਹੀ ਪਲਾਟ ਅਖਵਾਉਂਦਾ ਹੈ। ਅਰਸਤੂ ਪਲਾਟ ਦੇ ਦੋ ਭਾਗ ਮੰਨਦਾ ਹੈ-ਉਲਝਾਊ ਤੇ ਸੁਲਝਾਊ। ਉਲਝਾਊ ਵਾਲੇ ਭਾਗ 'ਚ ਘਟਨਾਵਾਂ ਨੂੰ ਉਲਝਾ ਕੇ ਪਾਠਕ ਜਾਂ ਦਰਸ਼ਕ ਦੇ ਮਨ ਵਿੱਚ ਜਗਿਆਸਾ ਪੈਦਾ ਕੀਤੀ ਜਾਂਦੀ ਹੈ ਅਤੇ ਸੁਲਝਾਊ ਵਾਲੇ ਪੱਖ 'ਚ ਪਾਠਕ ਜਾਂ ਦਰਸ਼ਕ ਦੀ ਜਗਿਆਸਾ ਦਾ ਸਮਾਧਾਨ ਕੀਤਾ ਜਾਂਦਾ ਹੈ।

### 2. ਪਾਤਰ ਅਤੇ ਪਾਤਰ-ਉਸਾਰੀ-

ਪਾਤਰ ਨਾਟਕੀ ਰਚਨਾ ਵਿੱਚ ਕੇਂਦਰੀ ਭੂਮਿਕਾ ਨਿਭਾਉਂਦੇ ਹਨ। ਨਾਟਕੀ ਰਚਨਾ ਪਾਤਰਾਂ ਰਾਹੀਂ ਹੀ ਰੰਗਮੰਚ ਉੱਪਰ ਆਪਣਾ ਸਾਕਾਰ ਰੂਪ ਧਾਰਨ ਕਰਦੀ ਹੈ। ਪਾਤਰਾਂ ਤੋਂ ਬਿਨਾਂ ਨਾਟਕੀ ਰਚਨਾ ਦੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ। ਉੱਤਮ ਕਿਸਮ ਦੇ ਨਾਟਕ ਵਿੱਚ ਪੰਜ ਤੋਂ ਦਸ ਤੱਕ ਪਾਤਰ ਹੋ ਸਕਦੇ ਹਨ। ਪੁਰਾਤਨ ਨਾਟਕਾਂ ਵਿੱਚ ਨਾਇਕ ਦੀ ਮਹਤੱਤਾ ਉੱਤੇ ਵਧੇਰੇ ਜ਼ੋਰ ਦਿੱਤਾ ਜਾਂਦਾ ਸੀ, ਪਰ ਅੱਜ-ਕੱਲ੍ਹ ਨਾਇਕ ਰਹਿਤ ਨਾਟਕ ਵੀ ਲਿਖੇ ਜਾ ਰਹੇ ਹਨ।

ਨਾਟਕਕਾਰ ਪਾਤਰਾਂ ਦੀ ਸਫ਼ਲ ਉਸਾਰੀ ਤਾਂ ਹੀ ਕਰ ਸਕਦਾ ਹੈ, ਜੇ ਉਸ ਨੂੰ ਜੀਵਨ ਦਾ ਵਿਸ਼ਾਲ ਤਜ਼ਰਬਾ ਹੋਵੇ। ਪਾਤਰ ਜੇਕਰ ਆਮ ਜਨ-ਜੀਵਨ ਵਿੱਚੋਂ ਲਏ ਗਏ ਹੋਣਗੇ ਤਾਂ ਉਹਨਾਂ ਦੀ ਪੇਸ਼ਕਾਰੀ ਵਧੀਆ ਢੰਗ ਨਾਲ ਹੋ ਸਕੇਗੀ।

### 3. ਵਾਰਤਾਲਾਪ-

ਨਾਟਕ ਦੀ ਕਹਾਣੀ ਨੂੰ ਅੱਗੇ ਤੋਰਨ ਦਾ ਮੁੱਖ ਸਾਧਨ ਵਾਰਤਾਲਾਪ ਹੈ। ਵਾਰਤਾਲਾਪ ਨਾਟਕੀ ਘਟਨਾਵਾਂ ਨੂੰ ਅਰਥ ਪ੍ਰਦਾਨ ਕਰਦੇ ਹੋਏ ਪਾਠਕ ਜਾਂ ਦਰਸ਼ਕ ਨੂੰ ਆਪਣੇ ਨਾਲ ਤੋਰਨ ਦੇ ਸਮਰੱਥ ਬਣਾਉਂਦੇ ਹਨ। ਵਾਰਤਾਲਾਪ ਆਕਾਰ ਵਿੱਚ ਛੋਟੇ ਅਤੇ ਰੌਚਕ ਹੋਣੇ ਚਾਹੀਦੇ ਹਨ, ਜਿਹੜੇ ਗੱਲ ਨੂੰ ਮੌਕੇ ਮੁਤਾਬਿਕ ਤਰਕਮਈ ਰੂਪ ਵਿੱਚ ਪੇਸ਼ ਕਰ ਸਕਣ। ਲੰਮੀ ਵਾਰਤਾਲਾਪ ਪਾਠਕ ਜਾਂ ਦਰਸ਼ਕ ਨੂੰ ਬੋਝਲ ਜਾਪਦੀ ਹੈ, ਤੇ ਰਚਨਾ ਦਾ ਸੁਹਜ-ਸੁਆਦ ਘਟ ਜਾਂਦਾ ਹੈ।

### 4. ਦੇਸ਼-ਕਾਲ ਜਾਂ ਵਾਤਾਵਰਨ-

BSEP

ਨਾਟਕ ਰੰਗਮੰਚੀ ਰਚਨਾ ਹੈ, ਇਸ ਕਰਕੇ ਇਸ ਵਿੱਚ ਦੇਸ਼ -ਕਾਲ ਜਾਂ ਵਾਤਾਵਰਨ ਦਾ ਬਹੁਤ ਮਹੱਤਵ ਹੁੰਦਾ ਹੈ। ਜੇ ਨਾਟਕ ਵਿੱਚ ਪੇਸ਼ ਘਟਨਾ ਵਰਤਮਾਨ ਸਮੇਂ ਦੀ ਹੈ ਤਾਂ ਉਸ ਦਾ ਵਾਤਾਵਰਨ ਵਰਤਮਾਨ ਕਾਲ ਦਾ ਹੋਵੇਗਾ ਅਤੇ ਜੇ ਇਹ ਘਟਨਾ ਪੁਰਾਤਨ ਸਮੇਂ ਦੀ ਹੈ ਤਾਂ ਵਾਤਾਵਰਨ ਉਸ ਸਮੇਂ ਅਨੁਸਾਰ ਹੋਵੇਗਾ। ਪਾਤਰਾਂ ਦਾ ਪਹਿਰਾਵਾ ਵੀ ਦੇਸ਼-ਕਾਲ ਜਾਂ ਵਾਤਾਵਰਨ ਅਨੁਸਾਰ ਹੋਣਾ ਚਾਹੀਦਾ ਹੈ।

**5. ਉਦੇਸ਼–** ਹਰ ਸਾਹਿਤਕਾਰ ਆਪਣੀ ਰਚਨਾ ਵਿੱਚ ਪੇਸ਼ ਘਟਨਾਵਾਂ ਨੂੰ ਸਮਾਜਕ ਚੌਗਿਰਦੇ ਵਿੱਚੋਂ ਗ੍ਰਹਿਣ ਕਰਦਾ ਹੈ। ਆਲੇ-ਦੁਆਲੇ ਵਾਪਰਦੀਆਂ ਘਟਨਾਵਾਂ ਨੂੰ ਉਹ ਸਾਹਿਤਕ ਚਾਸ਼ਨੀ ਵਿੱਚ ਡੁਬੋ ਕੇ ਪਾਠਕ ਸਾਹਮਣੇ ਰੱਖਦਾ ਹੈ ਅਤੇ ਉਹਨਾਂ ਦਾ ਚੰਗਾ ਤੇ ਮਾੜਾ ਪੱਖ ਦਰਸਾਉਣ ਦੀ ਕੋਸ਼ਿਸ਼ ਕਰਦਾ ਹੈ। ਚੰਗੇ ਅਤੇ ਮਾੜੇ ਦੀ ਪੇਸ਼ਕਾਰੀ ਨੂੰ ਹੀ ਸਾਹਿਤਕ ਭਾਸ਼ਾ ਵਿੱਚ ਉਦੇਸ਼ ਕਿਹਾ ਜਾਂਦਾ ਹੈ। ਨਾਟਕੀ ਰਚਨਾ ਦਾ ਵੀ ਕੋਈ ਨਾ ਕੋਈ ਉਦੇਸ਼ ਹੁੰਦਾ ਹੈ, ਜੋ ਨਾਟਕਕਾਰ ਪਾਠਕਾਂ ਜਾਂ ਦਰਸ਼ਕਾਂ ਸਾਹਮਣੇ ਰੱਖਦਾ ਹੈ। ਸਮਾਜਿਕ ਤੇ ਨੈਤਿਕ ਕਦਰਾਂ-ਕੀਮਤਾਂ ਦਾ ਬਿਆਨ ਨਾਟਕੀ ਰਚਨਾ ਦਾ ਸਭ ਤੋਂ ਵੱਡਾ ਉਦੇਸ਼ ਹੋਣਾ ਚਾਹੀਦਾ ਹੈ।

**6. ਸ਼ੈਲੀ–**

ਸਾਹਿਤਕ ਰਚਨਾ ਦੇ ਸਾਰੇ ਤੱਤਾਂ ਨੂੰ ਤਰਤੀਬ ਵਿੱਚ ਪੇਸ਼ ਕਰਨ ਦੀ ਕਲਾ ਸ਼ੈਲੀ ਅਖਵਾਉਂਦੀ ਹੈ। ਸਾਹਿਤਕਾਰ ਆਪਣੀ ਸ਼ੈਲੀ ਰਾਹੀਂ ਹੀ ਆਪਣੀ ਪਹਿਚਾਣ ਬਣਾਉਂਦਾ ਹੈ। ਨਾਟਕੀ ਰਚਨਾ ਵਿੱਚ ਵੀ ਸ਼ੈਲੀ ਦਾ ਮਹੱਤਵਪੂਰਨ ਸਥਾਨ ਹੈ। ਇਸ ਨੂੰ ਨਾਟਕਕਾਰ /ਲੇਖਕ ਦਾ ਦ੍ਰਿਸ਼ਟੀਕੋਣ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ।

**7. ਰੰਗਮੰਚ–**

ਰੰਗਮੰਚੀ ਸਾਰਥਕਤਾ ਨਾਟਕ ਦਾ ਪ੍ਰਮੁੱਖ ਗੁਣ ਹੈ। ਕਿਸੇ ਵੀ ਨਾਟਕੀ ਰਚਨਾ ਦੀ ਮਹਾਨਤਾ ਉਸ ਦੀ ਰੰਗਮੰਚੀ ਸਫਲਤਾ ਉੱਪਰ ਨਿਰਭਰ ਹੈ। ਇਸ ਵਿੱਚ ਹੀ ਅਭਿਨੈ-ਕਲਾ ਦਾ ਗੁਣ ਸ਼ਾਮਲ ਹੈ। ਜਿੰਨੀ ਅਭਿਨੈ ਕਲਾ ਵਿੱਚ ਯਥਾਰਥਕਤਾ ਹੋਵੇਗੀ, ਰੰਗਮੰਚੀ ਉਦੇਸ਼ ਓਨੇ ਹੀ ਸਾਰਥਕ ਹੋਣਗੇ। ਭਾਰਤੀ ਚਿੰਤਕਾਂ ਨੇ ਵੀ ਨਾਟਕ ਨੂੰ 'ਦ੍ਰਿਸ਼-ਕਾਵਿ' ਵੰਨਗੀ ਮੰਨਿਆ ਹੈ। ਪ੍ਰਸਿੱਧ ਪੱਛਮੀਂ ਵਿਦਵਾਨ **ਟੀ.ਐੱਸ.ਇਲੀਅਟ** ਇਸ ਸੰਬੰਧੀ ਵਿਚਾਰ ਪੇਸ਼ ਕਰਦਾ ਹੋਇਆ ਲਿਖਦਾ ਹੈ, "ਨਾਟਕ ਸਾਹਿਤ ਦਾ ਉਹ ਰੂਪ ਹੈ ਜੋ ਅਭਿਨੈ ਦੇ ਰੰਗਮੰਚੀ ਅੰਸ਼ਾਂ ਵਿੱਚ ਆਪਣੇ ਪ੍ਰਸਾਰ ਦੀ ਮੰਗ ਕਰਦਾ ਹੈ।"

ਉਪਰੋਕਤ ਵਰਣਿਤ ਤੱਤਾਂ ਦੇ ਆਧਾਰ ਤੇ ਹੀ ਸਫ਼ਲ ਨਾਟਕ ਦੀ ਸਿਰਜਨਾ ਸੰਭਵ ਹੈ। ਸਮੇਂ, ਸਥਾਨ ਤੇ ਕਾਰਜ਼ ਦੀ ਏਕਤਾ ਨਾਟਕ ਦੇ ਉਦੇਸ਼ ਨੂੰ ਸਪੱਸ਼ਟ ਰੂਪ ਪ੍ਰਦਾਨ ਕਰਦੇ ਹਨ। ਸਾਹਿਤਕ ਅਤੇ ਰੰਗਮੰਚੀ ਜੁਗਤਾਂ ਦੇ ਸੁਮੇਲ ਕਾਰਨ ਹੀ ਨਾਟਕ ਨੂੰ 'ਦੋਹਰੀ ਕਲਾ' ਅਤੇ ਪੰਜਵਾਂ ਵੇਦ ਦੀਆਂ ਉਪਮਾਵਾਂ ਨਾਲ ਨਿਵਾਜਿਆ ਗਿਆ ਹੈ।

## ਅਭਿਆਸ-ਪ੍ਰਸ਼ਨ

1. ਨਾਟਕ ਦੇ ਅਰਥ ਅਤੇ ਪਰਿਭਾਸ਼ਾ ਉੱਪਰ ਚਰਚਾ ਕਰੋ।

2. ਨਾਟਕੀ ਰਚਨਾ ਵਿੱਚ ਕਿਹੜੇ-ਕਿਹੜੇ ਤੱਤ ਕਾਰਜ਼ਸ਼ੀਲ ਹੁੰਦੇ ਹਨ ? ਬਿਆਨ ਕਰੋ।



BSEB

# (ਹ) ਇਕਾਂਗੀ

ਇਕਾਂਗੀ ਪਾਠਕਾਂ ਜਾਂ ਦਰਸ਼ਕਾਂ ਦੀ ਮਨਭਾਉਂਦੀ ਸਾਹਿਤ ਵਿਧਾ ਹੈ। ਇਸ ਵਿਧਾ ਵਿੱਚ ਭਾਵੇਂ ਨਾਟਕ ਵਾਲੇ ਹੀ ਸਾਰੇ ਤੱਤ ਹੁੰਦੇ ਹਨ, ਪਰੰਤੂ ਇਹ ਆਪਣੇ-ਆਪ ਵਿੱਚ ਸੁਤੰਤਰ ਸਾਹਿਤ ਰੂਪ ਹੈ। ਇਕਾਂਗੀ ਵਿੱਚ ਜ਼ਿੰਦਗੀ ਦੀ ਕਿਸੇ ਇੱਕ ਘਟਨਾ ਨੂੰ ਇਸ ਤਰ੍ਹਾਂ ਪੇਸ਼ ਕੀਤਾ ਜਾਂਦਾ ਹੈ ਕਿ ਉਹ ਆਪਣੇ-ਆਪ ਵਿੱਚ ਸੰਪੂਰਨ ਪ੍ਰਭਾਵ ਦੀ ਪੇਸ਼ਕਾਰੀ ਕਰਦੀ ਹੈ। ਆਕਾਰ ਪੱਖੋਂ ਛੋਟੀ ਹੋਣ ਕਰਕੇ ਇਕਾਂਗੀ ਪਾਠਕ ਜਾਂ ਦਰਸ਼ਕ ਦੇ ਮਨ ਉੱਪਰ ਡੂੰਘਾ ਪ੍ਰਭਾਵ ਛੱਡਦੀ ਹੈ। ਇਸ ਦੀ ਮਕਬੂਲੀਅਤ ਦਾ ਕਾਰਨ ਵੀ ਇਸ ਦਾ ਸੰਖੇਪ ਹੋਣਾ ਹੀ ਹੈ।

## ਅਰਥ ਅਤੇ ਪਰਿਭਾਸ਼ਾ

**'ਇਕਾਂਗੀ'** ਸ਼ਬਦ ਅੰਗਰੇਜ਼ੀ ਦੇ **'ONE ACT PLAY'** ਦਾ ਸਮਾਨਾਰਥੀ ਹੈ। ਇਸ ਨੂੰ ਇੱਕ-ਅੰਕੀ ਜਾਂ ਇੱਕ-ਅੰਗੀ ਨਾਟ-ਰਚਨਾ ਵੀ ਕਿਹਾ ਜਾਂਦਾ ਹੈ। ਵਿਦਵਾਨਾਂ ਨੇ ਇਕਾਂਗੀ ਦੀਆਂ ਵੱਖ-ਵੱਖ ਪਰਿਭਾਸ਼ਾਵਾਂ ਕੀਤੀਆਂ ਹਨ। ਇਹਨਾਂ ਦੇ ਆਧਾਰ 'ਤੇ ਅਸੀਂ ਇਸ ਦੀ ਸੰਰਚਨਾ ਨੂੰ ਸਮਝ ਸਕਦੇ ਹਾਂ।

**ਡਾ. ਰੋਸ਼ਨ ਲਾਲ ਅਹੂਜਾ** ਅਨੁਸਾਰ, "ਇਕਾਂਗੀ ਵਿੱਚ ਦਰਸ਼ਨ ਜਾਂ ਫ਼ਲਸਫ਼ੇ ਦੀ ਥਾਂ ਨਹੀਂ ਹੋ ਸਕਦੀ, ਕਿਉਂਕਿ ਇਹ ਜੀਵਨ ਦੀ ਇੱਕ ਝਲਕ ਹੀ ਪੇਸ਼ ਕਰਦੀ ਹੈ।"

**ਸੰਤ ਗੋਬਿੰਦਾ ਦਾਸ** ਇਕਾਂਗੀ ਬਾਰੇ ਚਰਚਾ ਕਰਦਿਆਂ ਲਿਖਦੇ ਹਨ, "ਇਕਾਂਗੀ ਜੀਵਨ ਦੀ ਕਿਸੇ ਇੱਕ ਸਮੱਸਿਆ ਨਾਲ ਸੰਬੰਧਿਤ ਹੋਣੀ ਚਾਹੀਦੀ ਹੈ। ਇਸ ਅੰਦਰ ਅੰਤਰੀਵ ਸੰਘਰਸ਼, ਗੋਂਦ ਦਾ ਸੰਗਠਨ, ਪਾਤਰ ਉਸਾਰੀ ਅਤੇ ਮਨੋਰੰਜਨ ਆਦਿ ਦੀ ਹੋਂਦ ਜ਼ਰੂਰੀ ਹੁੰਦੀ ਹੈ।"

ਸਪੱਸ਼ਟ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਇਕਾਂਗੀ ਉਹ ਨਾਟਕੀ ਰੂਪ ਹੈ, ਜੋ ਜੀਵਨ ਦੇ ਕਿਸੇ ਖੰਡ ਨੂੰ ਸੀਮਤ ਪਾਤਰਾਂ ਦੁਆਰਾ ਪ੍ਰਭਾਵ ਅਤੇ ਕਾਰਜ ਦੀ ਏਕਤਾ ਨੂੰ ਕਾਇਮ ਰੱਖਦੇ ਹੋਏ ਸੀਮਤ ਸਮੇਂ ਵਿੱਚ ਰੰਗਮੰਚ ਉੱਤੇ ਸਾਕਾਰ ਕਰਦੀ ਹੈ।

## ਇਕਾਂਗੀ ਦੇ ਤੱਤ

ਸਾਹਿਤ ਦੇ ਦੂਜੇ ਰੂਪਾਂ ਵਾਂਗ ਇਕਾਂਗੀ ਦੇ ਵੀ ਕਈ ਬੁਨਿਆਦੀ ਤੱਤ ਹਨ। ਇਕਾਂਗੀ ਦੇ ਮੁੱਖ ਤੱਤ ਹੇਠ ਲਿਖੇ ਅਨੁਸਾਰ ਹਨ-

### 1. ਵਿਸ਼ਾ-ਵਸਤੂ-

ਵਿਸ਼ਾ-ਵਸਤੂ ਤੋਂ ਬਿਨਾਂ ਇਕਾਂਗੀ ਦੀ ਹੋਂਦ ਸੰਭਵ ਨਹੀਂ। ਇਕਾਂਗੀ ਦਾ ਵਿਸ਼ਾ-ਵਸਤੂ ਵੱਡੀ ਘਟਨਾ ਨੂੰ ਆਪਣੇ ਕਲਾਵੇ ਵਿੱਚ ਲੈਣ ਦੀ ਬਜਾਇ ਜੀਵਨ ਦੀ ਛੋਟੀ ਜਿਹੀ ਘਟਨਾ ਨੂੰ ਪੇਸ਼ ਕਰਦਾ ਹੈ। ਇਸ ਤਰ੍ਹਾਂ ਇਕਾਂਗੀ ਜੀਵਨ ਦੇ ਕਿਸੇ ਇੱਕ ਪੱਖ ਨੂੰ ਪ੍ਰਭਾਵਮਈ ਤਰੀਕੇ ਨਾਲ ਪੇਸ਼ ਕਰਦਾ ਹੈ। ਇਕਾਂਗੀ ਦਾ ਵਿਸ਼ਾ ਸੰਜਮਮਈ ਹੋਣ ਕਰਕੇ ਸਮੇਂ, ਸਥਾਨ ਅਤੇ ਕਾਰਜ ਦੀ ਏਕਤਾ ਨੂੰ ਦਰਸਾਉਂਦਾ ਹੈ।

### 2. ਪਾਤਰ ਅਤੇ ਪਾਤਰ-ਉਸਾਰੀ-

ਸੰਜਮੀ ਆਕਾਰ ਦੀ ਰਚਨਾ ਹੋਣ ਕਰਕੇ ਇਕਾਂਗੀ ਵਿੱਚ ਵਧੇਰੇ ਪਾਤਰ ਨਹੀਂ ਲਏ ਜਾ ਸਕਦੇ।



BSER

ਮੁੱਖ ਪਾਤਰ ਤੋਂ ਬਿਨਾਂ ਇਕਾਂਗੀ ਵਿੱਚ ਪੰਜ-ਸੱਤ ਪਾਤਰ ਹੋ ਸਕਦੇ ਹਨ। ਪਾਤਰ ਵਾਸਤਵਿਕ ਅਤੇ ਕਲਪਿਤ ਦੋਵਾਂ ਤਰ੍ਹਾਂ ਦੇ ਹੋ ਸਕਦੇ ਹਨ।

ਪਾਤਰ-ਉਸਾਰੀ ਲਈ ਇਕਾਂਗੀਕਾਰ ਦਾ ਪਾਤਰ ਦੀਆਂ ਸੂਖਮ ਭਾਵਨਾਵਾਂ ਤੋਂ ਜਾਣੂ ਹੋਣਾ ਜ਼ਰੂਰੀ ਹੈ। ਇਕਾਂਗੀਕਾਰ ਜਿੰਨਾ ਵਿਸ਼ਾਲ ਤਜ਼ਰਬਾ ਜ਼ਿੰਦਗੀ ਬਾਰੇ ਰੱਖਦਾ ਹੋਵੇਗਾ, ਉਤਨਾ ਹੀ ਉਹ ਪਾਤਰ ਉਸਾਰੀ ਦਾ ਸਫ਼ਲ ਚਿਤਰਨ ਕਰੇਗਾ। ਜੇ ਲੇਖਕ ਪਾਤਰ-ਉਸਾਰੀ ਮਨੋਵਿਗਿਆਨਕ ਸੂਝ ਮੁਤਾਬਕ ਕਰੇਗਾ ਤਾਂ ਇਹ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋਵੇਗੀ।

### 3. ਵਾਰਤਾਲਾਪ-

ਇਕਾਂਗੀ ਵਿੱਚ ਵਾਰਤਾਲਾਪ ਕਈ ਪੱਖਾਂ ਤੋਂ ਕਾਰਜਸ਼ੀਲ ਹੁੰਦੇ ਹਨ। ਇਹ ਜਿੱਥੇ ਇੱਕ ਪਾਸੇ ਘਟਨਾ ਨੂੰ ਅੱਗੇ ਵਧਾਉਣ 'ਚ ਸਹਾਈ ਹੁੰਦੇ ਹਨ, ਉੱਥੇ ਦੂਜੇ ਪਾਸੇ ਮੰਚ ਉੱਪਰ ਪਾਤਰਾਂ ਦੇ ਹਾਵਾਂ-ਭਾਵਾਂ ਦੀ ਹੂ-ਬ-ਹੂ ਤਰਜ਼ਮਾਨੀ ਕਰਦੇ ਹਨ। ਵਾਤਾਵਰਨ ਦੀ ਸਿਰਜਨਾ ਵਾਰਤਾਲਾਪਾਂ ਰਾਹੀਂ ਹੀ ਹੁੰਦੀ ਹੈ। ਇਕਾਂਗੀ ਦੇ ਵਾਰਤਾਲਾਪ ਛੋਟੇ-ਛੋਟੇ ਅਤੇ ਸੰਜਮ ਭਰਪੂਰ ਹੁੰਦੇ ਹਨ।

### 4. ਦੇਸ਼-ਕਾਲ ਜਾਂ ਵਾਤਾਵਰਨ-

ਨਾਟਕ ਵਾਂਗ ਇਕਾਂਗੀ ਵਿੱਚ ਵੀ ਦੇਸ਼-ਕਾਲ ਅਤੇ ਵਾਤਾਵਰਨ ਦਾ ਮਹੱਤਵਪੂਰਨ ਸਥਾਨ ਹੈ। ਇਕਾਂਗੀ ਦੇ ਵਿਸ਼ੇ ਅਨੁਸਾਰ ਦੇਸ਼-ਕਾਲ ਜਾਂ ਵਾਤਾਵਰਨ ਦੀ ਉਸਾਰੀ ਕੀਤੀ ਜਾਂਦੀ ਹੈ। ਜਿਸ ਪ੍ਰਕਾਰ ਦੀ ਘਟਨਾ , ਵਿਸ਼ਾ, ਸਮਾਂ ਜਾਂ ਸਥਾਨ ਰਚਨਾ ਵਿੱਚ ਸਿਰਜਿਆ ਗਿਆ ਹੁੰਦਾ ਹੈ, ਉਸ ਪ੍ਰਕਾਰ ਦਾ ਵਾਤਾਵਰਨ ਸਿਰਜ ਕੇ ਹੀ ਲੇਖਕ ਉੱਤਮ ਰਚਨਾ ਪਾਠਕ ਜਾਂ ਦਰਸ਼ਕ ਸਾਹਮਣੇ ਪੇਸ਼ ਕਰ ਸਕਦਾ ਹੈ। ਵਿਪਰੀਤ ਦੇਸ਼-ਕਾਲ ਜਾਂ ਵਾਤਾਵਰਨ ਹਾਸੋ-ਹੀਣੀ ਸਥਿਤੀ ਪੈਦਾ ਕਰ ਸਕਦੇ ਹਨ।

### 5. ਸ਼ੈਲੀ-

ਵਿਸ਼ੇ ਦੀ ਚੋਣ ਤੋਂ ਲੈ ਕੇ ਉਸ ਦੇ ਨਿਭਾਅ ਤੱਕ ਦੀ ਪ੍ਰਕਿਰਿਆ ਸ਼ੈਲੀ ਅਖਵਾਉਂਦੀ ਹੈ। ਹਰ ਲੇਖਕ ਦੀ ਸ਼ੈਲੀ ਵੱਖੋ-ਵੱਖਰੀ ਹੁੰਦੀ ਹੈ। ਇਕਾਂਗੀ ਰਚਨਾ ਲਈ ਇਕਾਂਗੀਕਾਰ ਦਾ ਵਧੀਆ ਸ਼ੈਲੀਕਾਰ ਹੋਣਾ ਲਾਜ਼ਮੀ ਹੈ। ਸੰਜਮੀ ਰਚਨਾ ਹੋਣ ਕਰਕੇ ਸੁਚੱਜਾ ਸ਼ੈਲੀਕਾਰ ਹੀ ਵਿਸ਼ੇ ਦਾ ਨਿਭਾਅ ਅਤੇ ਪੇਸ਼ਕਾਰੀ ਅਰਥ-ਭਰਪੂਰ ਤਰੀਕੇ ਨਾਲ ਕਰ ਸਕਦਾ ਹੈ। ਇਕਾਂਗੀ ਦੀ ਸ਼ੈਲੀ ਬੋਝਲ ਹੋਣ ਦੀ ਬਜਾਇ ਰਵਾਨੀ ਭਰਪੂਰ ਅਤੇ ਪਾਠਕ ਜਾਂ ਦਰਸ਼ਕ ਦੇ ਮਾਨਸਿਕ ਪੱਧਰ ਅਨੁਸਾਰ ਹੋਣੀ ਚਾਹੀਦੀ ਹੈ।

### 6. ਉਦੇਸ਼-

ਇਕਾਂਗੀ ਦਾ ਉਦੇਸ਼ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿੱਚ ਸਾਡੇ ਸਾਹਮਣੇ ਆਉਂਦਾ ਹੈ। ਸਾਹਿਤਕ ਰਚਨਾ ਕਿਸੇ ਉਦੇਸ਼ ਨੂੰ ਮੁੱਖ ਰੱਖ ਕੇ ਹੀ ਲਿਖੀ ਜਾਂਦੀ ਹੈ। ਛੋਟੇ ਆਕਾਰ ਦੀ ਰਚਨਾ ਹੋਣ ਦੇ ਬਾਵਜੂਦ ਵੀ ਇਕਾਂਗੀ ਦਾ ਉਦੇਸ਼ ਜਿੱਥੇ ਨੈਤਿਕ, ਸਮਾਜਿਕ, ਰਾਜਨੀਤਿਕ ਅਤੇ ਮਾਨਵੀ ਕਦਰਾਂ-ਕੀਮਤਾਂ ਦੀ ਪ੍ਰਤੀਨਿਧਤਾ ਕਰਦਾ ਹੈ, ਉੱਥੇ ਇਹ ਪਾਠਕ ਜਾਂ ਦਰਸ਼ਕ ਨੂੰ ਸੁਹਜ-ਸੁਆਦ ਵੀ ਪ੍ਰਦਾਨ ਕਰਦਾ ਹੈ।

### 7. ਰੰਗਮੰਚੀ ਅਨੁਕੂਲਤਾ-

ਇਕਾਂਗੀ ਦਾ ਰੰਗਮੰਚ ਨਾਲ ਸੰਬੰਧ ਸਰੀਰ ਅਤੇ ਆਤਮਾ ਵਾਲਾ ਹੈ। ਸਫ਼ਲ ਇਕਾਂਗੀ ਉਹੀ ਮੰਨਿਆ ਜਾਂਦਾ ਹੈ, ਜਿਹੜਾ ਰੰਗਮੰਚ ਉੱਤੇ ਖੇਡਣ ਸਮੇਂ ਦਰਸ਼ਕਾਂ ਨੂੰ ਪ੍ਰਭਾਵਿਤ ਕਰਨ 'ਚ ਕਾਮਯਾਬ ਹੁੰਦਾ ਹੈ। ਦਰਅਸਲ ਰੰਗਮੰਚ ਹੀ ਇਕਾਂਗੀ ਦੀ ਕਸਵੱਟੀ ਹੈ।

ਨਿਰਸੰਦੇਹ ਇਕਾਂਗੀ ਸਾਹਿਤ ਦਾ ਉਹ ਸੁਤੰਤਰ ਰੂਪ ਹੈ, ਜਿਹੜਾ ਸੁਭਾਅ ਪੱਖੋਂ ਨਿੱਕੀ ਕਹਾਣੀ ਨਾਲ ਮੇਲ ਖਾਂਦਾ ਹੈ। ਇਸ ਦੀਆਂ ਆਪਣੀਆਂ ਸੀਮਾਵਾਂ ਅਤੇ ਸੰਭਾਵਨਾਵਾਂ ਹਨ। ਰੰਗਮੰਚ ਉੱਪਰ ਪੇਸ਼ਕਾਰੀ ਇਸ ਦੀ ਸਫ਼ਲਤਾ ਦਾ ਮੁੱਖ ਅਧਾਰ ਹੈ। ਇਕਾਂਗੀ ਆਧੁਨਿਕ ਸਮੇਂ ਦੇ ਇਕਹਿਰੇ, ਜਟਿਲ ਅਤੇ ਖੰਡਿਤ ਜੀਵਨ ਨੂੰ ਸਫਲਤਾ ਨਾਲ ਪੇਸ਼ ਕਰਦੀ ਹੈ। ਇਸ ਵਿੱਚ ਨਾਟਕ ਦੇ ਮੁਕਾਬਲੇ ਥੋੜ੍ਹੀ ਨਾਟ-ਸਮੱਗਰੀ ਨਾਲ ਇੱਕ ਹੀ ਘਟਨਾ-ਬਿੰਬ ਜਾਂ ਪਾਤਰ-ਬਿੰਬ ਨੂੰ ਉਸਾਰਿਆ ਗਿਆ ਹੁੰਦਾ ਹੈ।

## ਅਭਿਆਸ-ਪ੍ਰਸ਼ਨ

1. ਇਕਾਂਗੀ ਬਾਰੇ ਚਰਚਾ ਕਰਦਿਆਂ ਇਸ ਦੀ ਪਰਿਭਾਸ਼ਾ ਦਿਉ।

2. ਇਕਾਂਗੀ ਦੇ ਤੱਤਾਂ ਬਾਰੇ ਸੰਖੇਪ ਨੋਟ ਲਿਖੋ।

BSER

## (ਕ) ਨਿੱਕੀ ਕਹਾਣੀ

ਕਹਾਣੀ ਸੁਨਣ ਅਤੇ ਸੁਨਾਉਣ ਦੀ ਭੁੱਖ ਮਨੁੱਖ ਅੰਦਰ ਆਰੰਭ ਤੋਂ ਹੀ ਹੈ। ਆਦਿ ਕਾਲ ਤੋਂ ਮਨੁੱਖ ਕਹਾਣੀਆਂ ਸੁਣਦਾ ਅਤੇ ਸੁਣਾਉਂਦਾ ਆਇਆ ਹੈ ਪਰੰਤੂ ਜਿਸ ਨੂੰ ਅਸੀਂ ਆਧੁਨਿਕ ਨਿੱਕੀ ਕਹਾਣੀ ਆਖਦੇ ਹਾਂ, ਉਹ ਵਰਤਾਮਾਨ ਸਮੇਂ ਦੀ ਉਪਜ ਹੈ।

ਕਹਾਣੀ ਵੀ ਨਾਵਲ, ਨਾਟਕ, ਇਕਾਂਗੀ ਅਤੇ ਕਵਿਤਾ ਵਾਂਗ ਸਾਹਿਤ ਦਾ ਨਿਵੇਕਲਾ ਰੂਪ ਹੈ। ਭਾਵੇਂ ਕਹਾਣੀ ਦਾ ਜਨਮ ਮਨੁੱਖੀ ਸਭਿਅਤਾ ਦੇ ਜਨਮ ਨਾਲ ਹੀ ਹੋ ਗਿਆ ਹੋਵੇਗਾ ਪਰੰਤੂ ਅਜੋਕੀ ਨਿੱਕੀ ਕਹਾਣੀ ਅਤੇ ਉਸ ਵਕਤ ਦੀ ਕਹਾਣੀ ਵਿਚਕਾਰ ਜ਼ਮੀਨ-ਅਸਮਾਨ ਦਾ ਫ਼ਰਕ ਹੈ। ਪਹਿਲੀਆਂ ਕਹਾਣੀਆਂ ਵਿੱਚ ਕਿਸੇ ਘਟਨਾ ਨੂੰ ਬਿਆਨ ਕਰਨ ਤੇ ਜ਼ੋਰ ਦਿੱਤਾ ਜਾਂਦਾ ਸੀ। ਜਾਗੀਰਦਾਰੀ ਸਮੇਂ ਵਿੱਚ ਕਹਾਣੀਆਂ ਦੇ ਪਾਤਰ ਰਾਜੇ-ਰਾਣੀਆਂ, ਰਾਜਕੁਮਾਰ-ਰਾਜਕੁਮਾਰੀਆਂ ਆਦਿ ਬਣ ਗਏ। ਨਵੇਂ ਯੁੱਗ ਦੇ ਆਰੰਭ ਹੋਣ ਨਾਲ ਕਹਾਣੀ ਵਿੱਚ ਵੀ ਸਿਫ਼ਤੀ ਤਬਦੀਲੀ ਵਾਪਰੀ ਅਤੇ ਇਹ ਕਹਾਣੀ ਨਿੱਕੀ-ਕਹਾਣੀ ਅਖਵਾਈ।

ਪੰਜਾਬੀ ਸਾਹਿਤ ਵਿੱਚ ਕਹਾਣੀ ਪੱਛਮ ਦੇ ਪ੍ਰਭਾਵ ਅਧੀਨ ਲਿਖੀ ਜਾਣੀ ਸ਼ੁਰੂ ਹੋਈ। ਅੰਗਰੇਜ਼ੀ ਵਿੱਚ ਇਸ ਨੂੰ **Short Story** ਕਿਹਾ ਜਾਂਦਾ ਹੈ ਅਤੇ ਪੰਜਾਬੀ ਵਿੱਚ ਇਸਦਾ ਪਰਿਆਇਵਾਚੀ ਸ਼ਬਦ ਨਿੱਕੀ-ਕਹਾਣੀ ਹੈ। ਬਾਤ ਵੀ ਇੱਕ ਤਰ੍ਹਾਂ ਦੀ ਕਹਾਣੀ ਹੀ ਹੈ। ਲੋਕ-ਕਥਾ ਵੀ ਕਹਾਣੀ ਦਾ ਹੀ ਰੂਪ ਹੈ। ਨਾਵਲ ਵੀ ਕਹਾਣੀ ਉੱਤੇ ਪਲਿਆ ਹੋਇਆ ਰੁੱਖ ਹੈ। ਸਾਹਿਤ ਆਲੋਚਨਾ ਦੇ ਖੇਤਰ ਵਿਚ ਨਾਵਲ ਅਤੇ ਨਿੱਕੀ ਕਹਾਣੀ ਨੂੰ ਗਲਪ-ਵਿਧਾ ਵਜੋਂ ਵਿਚਾਰਿਆ ਜਾਂਦਾ ਹੈ।

ਆਧੁਨਿਕ ਯੁੱਗ ਵਿੱਚ ਪੈਦਾ ਹੋਏ ਸਾਹਿੱਤ ਰੂਪਾਂ ਵਿੱਚੋਂ ਨਿੱਕੀ-ਕਹਾਣੀ ਦਾ ਪ੍ਰਮੁੱਖ ਸਥਾਨ ਹੈ। ਇਸਨੇ ਹੋਰਨਾਂ ਸਾਹਿਤ ਰੂਪਾਂ ਨਾਲੋਂ ਬੜੀ ਤੇਜ਼-ਗਤੀ ਨਾਲ ਵਿਕਾਸ ਕੀਤਾ ਹੈ। ਇੱਥੋਂ ਤੱਕ ਕਿ ਨਾਵਲ ਨੂੰ ਵੀ ਪਛਾੜ ਦਿੱਤਾ ਹੈ। ਇਸਦਾ ਮੁੱਖ ਕਾਰਨ ਇਹ ਹੈ ਕਿ ਆਧੁਨਿਕ ਯੁੱਗ ਬਹੁਤ ਰੁਝੇਵਿਆਂ ਭਰਪੂਰ ਹੈ ਅਤੇ ਇਹ ਰੁਝੇਵੇਂ ਦਿਨ-ਬ-ਦਿਨ ਵੱਧਦੇ ਜਾ ਰਹੇ ਹਨ, ਵਿਹਲ ਖਤਮ ਹੁੰਦੀ ਜਾ ਰਹੀ ਹੈ। ਇਸ ਲਈ ਪਾਠਕ ਵਿੱਚ ਇਤਨਾ ਧੀਰਜ ਨਹੀਂ ਰਿਹਾ ਕਿ ਸਾਹਿੱਤਕ ਆਨੰਦ ਲਈ ਉਹ ਕਿਸੇ ਵੱਡੇ-ਆਕਾਰ ਦੀ ਰਚਨਾ ਨੂੰ ਪੜ੍ਹ ਸਕੇ। ਇਸੇ ਪ੍ਰਵਿਰਤੀ ਨੇ 'ਲਘੂ ਨਾਵਲ' ਨੂੰ ਜਨਮ ਦਿੱਤਾ ਅਤੇ ਇਹੀ ਪ੍ਰਵਿਰਤੀ ਨਿੱਕੀ-ਕਹਾਣੀ ਦੇ ਵਿਕਾਸ ਲਈ ਰਾਹ ਪੱਧਰਾ ਕਰ ਰਹੀ ਹੈ।

### ਪਰਿਭਾਸ਼ਾ

ਅਨੇਕਾਂ ਵਿਦਵਾਨਾਂ ਨੇ ਨਿੱਕੀ-ਕਹਾਣੀ ਬਾਰੇ ਆਪੋ-ਆਪਣੇ ਵਿਚਾਰ ਪੇਸ਼ ਕੀਤੇ ਹਨ। ਜਿੰਨਾਂ ਵਿੱਚੋਂ ਪ੍ਰਮੁੱਖ ਹੇਠ ਲਿਖੇ ਅਨੁਸਾਰ ਹਨ:-

**ਐਚ.ਜੀ.ਵੇਲਜ਼** ਅਨੁਸਾਰ, "ਕਹਾਣੀ ਆਕਾਰ ਵਿੱਚ ਏਨੀ ਨਿੱਕੀ ਹੋਣੀ ਚਾਹੀਦੀ ਹੈ ਕਿ ਸਹਿਜੇ ਹੀ ਉਹ ਵੀਹ ਕੁ ਮਿੰਟਾਂ ਵਿੱਚ ਪੜ੍ਹੀ ਜਾ ਸਕੇ।"

**ਐਲਰੀ ਸੈਜਵਿਕ** ਅਨੁਸਾਰ, "ਨਿੱਕੀ ਕਹਾਣੀ ਘੋੜ-ਦੌੜ ਵਾਂਗ ਹੈ, ਜਿਸ ਵਿੱਚ ਆਰੰਭ ਅਤੇ ਅੰਤ ਹੀ ਮਹੱਤਵਪੂਰਨ ਹਨ।"

**ਸੰਤ ਸਿੰਘ ਸੇਖੋਂ** ਅਨੁਸਾਰ, "ਨਿੱਕੀ ਕਹਾਣੀ ਵਿੱਚ ਇੱਕ ਤਿੱਖੀ ਚੁੰਝ ਹੋਣੀ ਚਾਹੀਦੀ ਹੈ। ਇੱਕ ਸੰਗੀਨ ਦੀ ਚੁੰਝ ਵਰਗੀ, ਇੱਕ ਤੀਰ ਦੀ ਚੁੰਝ ਵਰਗੀ, ਜੋ ਸਿੱਧੀ ਸੁਣਨ, ਪੜ੍ਹਣ ਵਾਲਿਆਂ ਦੇ ਦਿਲ ਵਿੱਚ

ਖੁੱਭ ਜਾਵੇ।"

ਉਪਰੋਕਤ ਸਮੁੱਚੀਆਂ ਪਰਿਭਾਸ਼ਾਵਾਂ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਕਿਸੇ ਇੱਕ ਮੁਖੀ ਘਟਨਾ ਜਾਂ ਪਾਤਰ ਦਾ ਸੰਜਮ ਭਰਪੂਰ, ਇਕਹਿਰਾ ਨਾਟਕੀ ਬਿਆਨ ਹੀ ਗਲਪ ਵਿੱਚ ਨਿੱਕੀ-ਕਹਾਣੀ ਅਖਵਾਉਂਦਾ ਹੈ।

## ਨਿੱਕੀ-ਕਹਾਣੀ ਦੇ ਤੱਤ

ਕਹਾਣੀ ਦੇ ਤੱਤ ਨਾਵਲ ਦੇ ਤੱਤਾਂ ਨਾਲ ਮਿਲਦੇ ਹਨ ਪਰ ਇਹਨਾਂ ਦੇ ਨੇਮਾਂ ਅਤੇ ਤਕਨੀਕ ਵਿੱਚ ਫ਼ਰਕ ਹੁੰਦਾ ਹੈ। ਕਹਾਣੀ ਦੇ ਮੁੱਖ ਤੱਤ ਹੇਠ ਲਿਖੇ ਅਨੁਸਾਰ ਹਨ।

### 1. ਕਥਾ-ਵਸਤੂ ਜਾਂ ਗੋਂਦ-

ਕਥਾ-ਵਸਤੂ ਦੇ ਢਾਂਚੇ ਉੱਤੇ ਹੀ ਕਹਾਣੀ ਦਾ ਕਿਲ੍ਹਾ ਉੱਸਰਦਾ ਹੈ। ਕਈ ਵਿਦਵਾਨਾਂ ਨੇ ਇਸਨੂੰ ਕਹਾਣੀ ਲਈ ਰੀੜ੍ਹ ਦੀ ਹੱਡੀ ਜਿੰਨ੍ਹਾਂ ਮਹੱਤਵ ਦਿੱਤਾ ਹੈ। ਕਥਾ ਵਸਤੂ ਦਾ ਸੀਮਾ ਖੇਤਰ ਬਹੁਤ ਵਿਸ਼ਾਲ ਹੈ। ਕਥਾ ਵਸਤੂ ਕਿਸੇ ਵੀ ਖੇਤਰ ਵਿੱਚੋਂ ਲੈ ਕੇ ਉਸਨੂੰ ਕਹਾਣੀ ਰਾਹੀਂ ਰੂਪਮਾਨ ਕੀਤਾ ਜਾ ਸਕਦਾ ਹੈ।

ਕਹਾਣੀ ਦੀ ਗੋਂਦ ਵਿੱਚ ਸੰਘਰਸ਼ ਜਾਂ ਤਨਾਓ ਦਾ ਹੋਣਾ ਜ਼ਰੂਰੀ ਹੈ। ਇਹ ਤਨਾਓ ਘਟਨਾ-ਪ੍ਰਧਾਨ ਗੋਂਦ ਵਿੱਚ ਵੀ ਹੁੰਦਾ ਹੈ ਅਤੇ ਮਨੋਵਿਗਿਆਨਕ ਗੋਂਦ ਵਿੱਚ ਵੀ। ਕਹਾਣੀ ਦੀ ਗੋਂਦ ਉਹੀ ਉੱਤਮ ਹੁੰਦੀ ਹੈ, ਜਿਸ ਵਿੱਚ ਕਹਾਣੀਕਾਰ ਆਪਣੀ ਕਲਾ ਰਾਹੀਂ ਪਾਠਕਾਂ ਦੇ ਮਨਾਂ ਵਿੱਚ ਉਤਸੁਕਤਾ ਪੈਦਾ ਕਰ ਸਕੇ। ਗੋਂਦ ਦਾ ਸੁਭਾਵਿਕ ਹੋਣਾ ਬੜਾ ਜ਼ਰੂਰੀ ਹੈ। ਕਲਪਨਾ ਜੀਵਨ ਦੀ ਵਾਸਤਵਿਕਤਾ ਦੇ ਨੇੜੇ ਹੋਣੀ ਚਾਹੀਦੀ ਹੈ। ਇਸ ਨਾਲ ਗੋਂਦ ਵਿੱਚ ਰੌਚਕਤਾ ਦਾ ਅੰਸ਼ ਵਧਦਾ ਹੈ।

### 2. ਚਰਿੱਤਰ-ਚਿਤਰਨ-

ਨਿੱਕੀ ਕਹਾਣੀ ਵਿੱਚ ਚਰਿੱਤਰ-ਚਿਤਰਨ ਜਾਂ ਪਾਤਰ-ਉਸਾਰੀ ਦਾ ਵਿਸ਼ੇਸ਼ ਸਥਾਨ ਹੈ, ਕਿਉਂਕਿ ਇਹ ਹੀ ਕਥਾ-ਵਸਤੂ ਨੂੰ ਅੱਗੇ ਤੋਰਨ ਵਾਲੇ ਹੁੰਦੇ ਹਨ। ਪਾਤਰ ਦੀ ਚੋਣ ਨਾਲੋਂ ਕਹਾਣੀਕਾਰ ਦੀ ਪਾਤਰ-ਉਸਾਰੀ ਨੂੰ ਵੇਖਿਆ ਜਾਂਦਾ ਹੈ।

ਨਿੱਕੀ ਕਹਾਣੀ ਵਿੱਚ ਨਾਵਲ ਦੇ ਮੁਕਾਬਲੇ ਪਾਤਰਾਂ ਦੀ ਗਿਣਤੀ ਘੱਟ ਹੁੰਦੀ ਹੈ। ਜ਼ਿਆਦਾ ਪਾਤਰਾਂ ਨੂੰ ਕਹਾਣੀ ਵਿੱਚ ਪੇਸ਼ ਕਰਨਾ ਔਖਾ ਹੋ ਜਾਂਦਾ ਹੈ। ਕੇਵਲ ਮੁੱਖ ਪਾਤਰ ਦੇ ਚਰਿੱਤਰ-ਚਿਤਰਨ ਉੱਪਰ ਦ੍ਰਿਸ਼ਟੀ ਰੱਖਣੀ ਪੈਂਦੀ ਹੈ। ਕਹਾਣੀ ਵਿੱਚ ਚਰਿੱਤਰ-ਚਿਤਰਨ ਲਈ ਚਾਰ ਵਿਧੀਆਂ ਪ੍ਰਯੋਗ ਹੁੰਦੀਆਂ ਹਨ:-

1. ਵਰਨਣ ਰਾਹੀਂ
2. ਸੰਕੇਤਾਂ ਰਾਹੀਂ
3. ਵਾਰਤਾਲਾਪ ਦੁਆਰਾ
4. ਘਟਨਾਵਾਂ ਦੇ ਕਾਰਜ ਦੁਆਰਾ

## 3. ਵਾਰਤਾਲਾਪ–

ਵਾਰਤਾਲਾਪ ਕਹਾਣੀ ਦੀ ਸੁਭਾਵਿਕਤਾ ਲਈ ਜ਼ਰੂਰੀ ਮੰਨਿਆ ਜਾਂਦਾ ਹੈ। ਇਹ ਪਾਤਰਾਂ ਦੇ ਚਰਿੱਤਰ ਨੂੰ ਉਘਾੜਦਾ ਹੈ। ਇਸਦੇ ਵਰਨਣ ਵਿੱਚ ਰੌਚਕਤਾ, ਸੁਭਾਵਿਕਤਾ ਅਤੇ ਰਵਾਨੀ ਹੋਣੀ ਚਾਹੀਦੀ ਹੈ। ਵਾਰਤਾਲਾਪ ਵਿਅੰਗਾਤਮਕ, ਚੁਸਤ ਅਤੇ ਤਰਕ ਪ੍ਰਧਾਨ ਹੋਣੇ ਚਾਹੀਦੇ ਹਨ।

ਸਫ਼ਲ ਵਾਰਤਾਲਾਪ ਲਈ ਜ਼ਰੂਰੀ ਹੈ ਕਿ ਉਹ ਦੇਸ਼ਕਾਲ ਜਾਂ ਵਾਤਾਵਰਨ ਦੇ ਅਨੁਰੂਪ ਹੋਵੇ। ਵਾਰਤਾਲਾਪ ਲੰਮਾ ਅਤੇ ਅਰੌਚਕ ਨਾ ਹੋਵੇ। ਸਰਲ ਵਾਰਤਾਲਾਪ ਕਹਾਣੀ ਨੂੰ ਉੱਤਮਤਾ ਪ੍ਰਦਾਨ ਕਰਦਾ ਹੈ। ਲੰਮੇ ਵਾਕ ਜਾਂ ਉਲਝੇ ਹੋਏ ਵਾਕ ਪਾਠਕ ਨੂੰ ਅਕਾ ਦਿੰਦੇ ਹਨ।

## 4. ਵਾਤਾਵਰਨ–

ਇਸ ਤੱਤ ਰਾਹੀਂ ਕਹਾਣੀ ਦਾ ਸੰਬੰਧ ਵਾਸਤਵਿਕ ਜੀਵਨ ਨਾਲ ਜੁੜਦਾ ਹੈ। ਵਾਸਤਵਿਕ ਜੀਵਨ ਕਿਸੇ ਖਾਸ ਦੇਸ਼ ਅਤੇ ਕਾਲ ਨਾਲ ਜੁੜਿਆ ਹੋਇਆ ਹੁੰਦਾ ਹੈ। ਜੇ ਦੇਸ਼ਕਾਲ ਅਤੇ ਪ੍ਰਸਥਿਤੀਆਂ ਨੂੰ ਠੀਕ ਢੰਗ ਨਾਲ ਚਿਤਰਿਤ ਨਾ ਕੀਤਾ ਜਾਵੇ ਤਾਂ ਕਹਾਣੀ ਦਾ ਰੂਪ ਅਵਾਸਤਵਿਕ ਹੋ ਜਾਂਦਾ ਹੈ। ਉਸਦਾ ਜੀਵਨ ਨਾਲੋਂ ਸੰਬੰਧ ਟੁੱਟ ਜਾਂਦਾ ਹੈ। ਵਾਤਾਵਰਨ ਦੇ ਸਹੀ ਚਿਤਰਨ ਨਾਲ ਕਹਾਣੀ ਵਿੱਚ ਰੌਚਕਤਾ ਵਧਦੀ ਹੈ ਪਰ ਇਹ ਏਨਾ ਸੰਜਮ ਭਰਿਆ ਹੋਣਾ ਚਾਹੀਦਾ ਹੈ ਕਿ ਕਹਾਣੀ ਦੇ ਵਿਕਾਸ ਵਿੱਚ ਕਿਤੇ ਰੁਕਾਵਟ ਨਾ ਬਣੇ।

## 5. ਭਾਸ਼ਾ–ਸ਼ੈਲੀ–

ਭਾਸ਼ਾ ਰਾਹੀਂ ਸਾਹਿੱਤਕਾਰ ਆਪਣੇ ਵਿਚਾਰਾਂ ਜਾਂ ਭਾਵਾਂ ਨੂੰ ਦੂਸਰਿਆਂ ਤੱਕ ਪਹੁੰਚਾਂਦਾ ਹੈ। ਭਾਸ਼ਾ ਵਿਚਾਰਾਂ ਦੀ ਵਾਹਕ ਹੈ। ਇਸਦਾ ਸ਼ਕਤੀਵਾਨ ਹੋਣਾ ਬੜਾ ਜ਼ਰੂਰੀ ਹੈ। ਵਰਤੀ ਗਈ ਭਾਸ਼ਾ ਦਾ ਇੱਕ–ਇੱਕ ਸ਼ਬਦ ਅਜਿਹਾ ਹੋਣਾ ਚਾਹੀਦਾ ਹੈ ਜੋ ਪਾਠਕ ਦੇ ਮਨ ਨੂੰ ਝੰਜੋੜ ਦੇਵੇ। ਇਸ ਤੋਂ ਬਿਨਾਂ ਭਾਸ਼ਾ ਦੀ ਸ਼ੁੱਧਤਾ, ਸਪੱਸ਼ਟਤਾ, ਸਰਲਤਾ ਵੀ ਅਤਿ ਜ਼ਰੂਰੀ ਹੈ।

ਸ਼ੈਲੀ ਲੇਖਕ ਦੇ ਵਿਅਕਤਿਤਵ ਦੀ ਲਖਾਇਕ ਹੈ। ਸ਼ੈਲੀ ਰਾਹੀਂ ਹੀ ਲੇਖਕ ਪਛਾਣਿਆ ਜਾਂਦਾ ਹੈ। ਸ਼ੈਲੀ ਦੀ ਭਿੰਨਤਾ ਕਰਕੇ ਹੀ ਕਹਾਣੀ ਦੇ ਕੁਝ ਭੇਦ ਸਾਹਮਣੇ ਆਏ ਹਨ। ਸ਼ੈਲੀ ਇਤਿਹਾਸਕ, ਵਾਰਤਾਲਾਪੀ, ਡਾਇਰੀ, ਪੱਤਰ ਆਦਿ ਕਿਸੇ ਵੀ ਤਰ੍ਹਾਂ ਦੀ ਹੋ ਸਕਦੀ ਹੈ।

## 6. ਉਦੇਸ਼ ਜਾਂ ਮੰਤਵ–

ਸਾਹਿਤਕਾਰ ਜਦੋਂ ਕੋਈ ਰਚਨਾ ਪਾਠਕਾਂ ਦੇ ਸਨ–ਮੁੱਖ ਪੇਸ਼ ਕਰਦਾ ਹੈ ਤਾਂ ਉਸਦਾ ਕੋਈ ਨਾ ਕੋਈ ਮਨੋਰਥ ਜ਼ਰੂਰ ਹੁੰਦਾ ਹੈ। ਇਸੇ ਤਰ੍ਹਾਂ ਕਹਾਣੀਆਂ ਵੀ ਉਦੇਸ਼ਾਤਮਕ ਹੁੰਦੀਆਂ ਹਨ। ਕਿਸੇ ਵਹਿਮ–ਭਰਮ ਜਾਂ ਪਾਖੰਡ ਨੂੰ ਦੂਰ ਕਰਨ ਲਈ ਕਹਾਣੀਕਾਰ ਉਸਦੇ ਮਾੜੇ ਪੱਖਾਂ ਨੂੰ ਕਹਾਣੀ ਵਿੱਚ ਪੇਸ਼ ਕਰੇਗਾ ਕਿਉਂਕਿ ਉਸਦਾ ਉਦੇਸ਼ ਜਾਂ ਮੰਤਵ ਆਪਣੇ ਪਾਠਕਾਂ ਨੂੰ ਸਹੀ ਰਸਤਾ ਦਿਖਾਉਣਾ ਹੁੰਦਾ ਹੈ। ਅਜੋਕੇ ਸਮੇਂ ਲਿਖੀ ਜਾ ਰਹੀ ਨਿੱਕੀ–ਕਹਾਣੀ ਵੀ ਉਦੇਸ਼ ਰਹਿਤ ਨਹੀਂ ਹੈ। ਹਾਂ ਇਹ ਗੱਲ ਜ਼ਰੂਰ ਹੈ ਕਿ ਉਦੇਸ਼ ਅਲੱਗ–ਅਲੱਗ ਹੋ ਸਕਦੇ ਹਨ।

ਇਹ ਉਦੇਸ਼ ਰਾਜਨੀਤਕ, ਸਮਾਜਿਕ, ਆਰਥਿਕ, ਧਾਰਮਿਕ, ਸਭਿਆਚਾਰਕ ਅਤੇ ਸਾਹਿਤਕ ਕੋਈ ਵੀ ਹੋ ਸਕਦਾ ਹੈ। ਜੀਵਨ ਦੇ ਜਿਸ ਤੱਥ ਜਾਂ ਗੁੰਝਲ ਉੱਤੇ ਕਹਾਣੀਕਾਰ ਪ੍ਰਕਾਸ਼ ਪਾ ਰਿਹਾ ਹੁੰਦਾ ਹੈ,



BSEP

ਉਸ ਪ੍ਰਤੀ ਉਸਦਾ ਦ੍ਰਿਸ਼ਟੀਕੋਣ ਪ੍ਰਗਟ ਹੋ ਜਾਂਦਾ ਹੈ। ਇਹ ਦ੍ਰਿਸ਼ਟੀਕੋਣ ਹੀ ਉਸਦੇ ਉਦੇਸ਼ ਦਾ ਮੂਲ ਆਧਾਰ ਹੈ। ਆਪਣੇ ਉਦੇਸ਼ ਨੂੰ ਪ੍ਰਗਟਾਉਣ ਲਈ ਕਹਾਣੀਕਾਰ ਨੂੰ ਉਪਦੇਸ਼ਕ ਨਹੀਂ ਬਣਨਾ ਚਾਹੀਦਾ। ਇੱਕ ਚੰਗਾ ਕਹਾਣੀਕਾਰ ਤਾਂ ਇੱਕ ਵਾਕ ਰਾਹੀਂ ਹੀ ਮਤਲਬ ਦੀ ਗੱਲ ਕਹਿ ਜਾਂਦਾ ਹੈ।

ਸਪੱਸ਼ਟ ਸ਼ਬਦਾਂ 'ਚ ਕਿਹਾ ਜਾ ਸਕਦਾ ਹੈ ਕਿ ਹੋਰਨਾਂ ਸਾਹਿਤਕ ਰਚਨਾਵਾਂ ਵਾਂਗ ਕਹਾਣੀਕਾਰ ਵੀ ਆਪਣੀਆਂ ਭਾਵਨਾਵਾਂ ਜਾਂ ਆਪਣੇ ਵਿਚਾਰਾਂ ਨੂੰ ਦੂਜਿਆਂ ਤੱਕ ਪਹੁੰਚਾਉਣ ਲਈ ਕਹਾਣੀ ਨੂੰ ਮਾਧਿਅਮ ਬਣਾਉਂਦਾ ਹੈ।

## ਅਭਿਆਸ-ਪ੍ਰਸ਼ਨ

1. ਨਿੱਕੀ ਕਹਾਣੀ ਦੀ ਪਰਿਭਾਸ਼ਾ ਦਿੰਦੇ ਹੋਏ ਸਰੂਪ ਉੱਪਰ ਚਾਨਣਾ ਪਾਉ।
2. ਨਿੱਕੀ ਕਹਾਣੀ ਦੇ ਤੱਤਾਂ ਸੰਬੰਧੀ ਜਾਣ-ਪਛਾਣ ਕਰਾਉ।

BSER

## (ਖ) ਰੇਖਾ ਚਿੱਤਰ

ਰੇਖਾ ਚਿੱਤਰ ਆਧੁਨਿਕ ਵਾਰਤਕ ਸਾਹਿਤ ਦੀ ਇੱਕ ਨਵੀਨ ਵਿਧਾ ਹੈ। ਇਹ ਲਘੂ-ਆਕਾਰੀ ਵਾਰਤਕ ਰੂਪ ਹੈ। ਆਰੰਭ ਵਿੱਚ ਰੇਖਾ ਚਿੱਤਰ ਲਈ ਨਿਬੰਧ ਜਾਂ ਲੇਖ ਸ਼ਬਦ ਦੀ ਵਰਤੋਂ ਕਰ ਲਈ ਜਾਂਦੀ ਸੀ, ਪਰ ਵਰਤਮਾਨ ਵਿੱਚ ਇਸ ਨੂੰ ਵਾਰਤਕ ਦੀ ਇੱਕ ਸੁਤੰਤਰ ਵੰਨਗੀ ਵਜੋਂ ਸਵੀਕਾਰ ਕਰ ਲਿਆ ਗਿਆ ਹੈ। ਇਸ ਵਿੱਚ ਕਿਸੇ ਸ਼ਖ਼ਸੀਅਤ, ਵਸਤੂ, ਘਟਨਾ ਜਾਂ ਦ੍ਰਿਸ਼ ਦੇ ਪਿੱਛੇ ਲੁਪਤ ਤੱਥਾਂ ਦੀ ਪੇਸ਼ਕਾਰੀ ਕੀਤੀ ਜਾਂਦੀ ਹੈ।

### ਅਰਥ ਅਤੇ ਪਰਿਭਾਸ਼ਾ

ਰੇਖਾ ਚਿੱਤਰ ਨੂੰ ਕਈ ਨਾਵਾਂ ਨਾਲ ਜਾਣਿਆ ਜਾਂਦਾ ਹੈ-ਸ਼ਬਦ ਚਿੱਤਰ, ਸ਼ਖ਼ਸੀਅਤ ਚਿੱਤਰ, ਨਕਸ਼ ਚਿੱਤਰ ਆਦਿ। ਪੰਜਾਬੀ ਵਿੱਚ ਰੇਖਾ ਚਿੱਤਰ ਨੂੰ ਅੰਗਰੇਜ਼ੀ ਸ਼ਬਦ 'ਸਕੈਚ'(**SKETCH**) ਦੇ ਸਮਾਨਾਰਥੀ ਮੰਨਿਆ ਜਾਂਦਾ ਹੈ। ਜਿਸ ਦਾ ਭਾਵ ਢਾਂਚਾ, ਪਾਸਾ ਜਾਂ ਰੂਪ ਰੇਖਾ ਤੋਂ ਹੈ। ਇਸ ਵਿੱਚ ਕਿਸੇ ਸ਼ਖ਼ਸੀਅਤ ਦੇ ਚਰਿੱਤਰ ਦੀ ਉਸਾਰੀ ਹੋਣ ਕਾਰਨ ਇਸ ਨੂੰ **CHARACTER SKETCH** ਦਾ ਨਾਂ ਵੀ ਦਿੱਤਾ ਜਾਂਦਾ ਹੈ। ਉਰਦੂ ਸਾਹਿਤ ਵਿੱਚ ਇਸ ਨੂੰ 'ਖਾਕਾ ਨਿਗਾਹੀ' ਅਤੇ ਪੰਜਾਬੀ ਵਿੱਚ 'ਰੇਖਾ ਚਿੱਤਰ' ਨਾਂ ਦਿੱਤਾ ਗਿਆ ਹੈ।

ਇਹ ਸਾਹਿਤ ਅਤੇ ਚਿੱਤਰ ਕਲਾ ਦੇ ਸੁਮੇਲ ਨਾਲ ਰੂਪ ਧਾਰਨ ਕਰਦਾ ਹੈ। ਇੱਕ ਰੇਖਾ ਚਿੱਤਰਕਾਰ ਲੇਖਕ ਹੋਣ ਦੇ ਨਾਲ-ਨਾਲ ਚਿੱਤਰਕਾਰੀ ਦਾ ਫ਼ਰਜ ਵੀ ਨਿਭਾਅ ਰਿਹਾ ਹੁੰਦਾ ਹੈ। ਜਿਵੇਂ ਚਿੱਤਰਕਾਰ ਆਪਣੇ ਮਨ ਦੇ ਅੰਤਰੀਵੀ ਮਨ ਵਿੱਚ ਚਿਤਰਿਤ ਕਲਪਨਾਵਾਂ, ਦ੍ਰਿਸ਼ਾ, ਵਿਚਾਰਾਂ, ਬਿੰਬਾਂ, ਪ੍ਰਤੀਕਾਂ ਨੂੰ ਬੁਰਸ਼ ਦੀਆਂ ਛੂਹਾਂ ਤੇ ਹੋਰ ਜੁਗਤਾਂ ਦੇ ਸਹਾਰੇ ਭਾਵਪੂਰਤ ਆਕਾਰ ਦਿੰਦਾ ਹੈ, ਇਸੇ ਤਰ੍ਹਾਂ ਰੇਖਾ ਚਿੱਤਰਕਾਰ ਆਪਣੀ ਕਲਮ ਰਾਹੀਂ ਮਾਨਸਿਕਤਾ ਵਿੱਚ ਖਿੰਡੀਆਂ ਯਾਦਾਂ, ਪ੍ਰਭਾਵਾਂ ਅਤੇ ਮੁਲਾਕਾਤਾਂ ਰਾਹੀਂ ਕਿਸੇ ਵਿਅਕਤੀ ਵਿਸ਼ੇਸ਼ ਦਾ ਚਿੱਤਰ ਸ਼ਬਦਾਂ ਨਾਲ ਉਲੀਕਦਾ ਹੈ। ਉਹ ਸ਼ਬਦਾਂ ਰਾਹੀਂ ਅਜਿਹੀ ਪੇਸ਼ਕਾਰੀ ਕਰਦਾ ਹੈ ਕਿ ਪੇਸ਼ ਕੀਤਾ ਜਾ ਰਿਹਾ ਵਿਤਕਤੀ ਸਾਧਾਰਨ ਨਾ ਰਹਿ ਕੇ ਵਿਸ਼ੇਸ਼ ਵਿਅਕਤਿੱਤਵ ਦਾ ਧਾਰਨੀ ਬਣ ਜਾਂਦਾ ਹੈ।

**ਡਾ. ਹਰਿਭਜਨ ਸਿੰਘ** ਅਨੁਸਾਰ, "ਰੇਖਾ ਚਿੱਤਰ ਛੋਟੀ ਕਹਾਣੀ ਤੋਂ ਵੀ ਉਚੇਰੀ ਸਮਰਥਾ ਵਾਲਾ ਸਾਹਿਤ ਰੂਪ ਹੈ। ਇਸ ਵਿੱਚ ਏਨੀ ਲਚਕ ਹੈ ਕਿ ਕਹਾਣੀ, ਨਿਬੰਧ, ਗੱਲਬਾਤ, ਸੰਸਮਰਨ ਅਤੇ ਆਲੋਚਨਾ ਸਭਨਾਂ ਦੇ ਤੱਤ ਆਪਣੇ ਵਿੱਚ ਰਚਾ ਸਕਦਾ ਹੈ।"

**ਡਾ. ਐਚ.ਐੱਲ.ਸ਼ਰਮਾ** ਅਨੁਸਾਰ, "ਰੇਖਾ ਚਿੱਤਰ ਇੱਕ ਵਿਅਕਤੀ, ਸਥਾਨ, ਘਟਨਾ, ਦ੍ਰਿਸ਼ ਦਾ ਅਜਿਹਾ ਵਸਤੂ ਵਰਨਣ ਕਰਦਾ ਹੈ ਜਿਸ ਨਾਲ ਇਸ ਦੀਆਂ ਬਾਹਰੀ ਵਿਸ਼ੇਸ਼ਤਾਈਆਂ ਦਾ ਸਮਾਵੇਸ਼ ਹੋ ਜਾਂਦਾ ਹੈ। ਇਸ ਵਿੱਚ ਘੱਟ ਤੋਂ ਘੱਟ ਸ਼ਬਦਾਂ ਨਾਲ ਸੰਜੀਵ ਅਤੇ ਸਰਲ ਅਭਿਵਿਅਕਤੀ ਕਰਨ ਦੀ ਲੋੜ ਹੁੰਦੀ ਹੈ।"

**ਪੰਜਾਬੀ ਸਾਹਿਤ ਕੋਸ਼** ਅਨੁਸਾਰ, "ਰੇਖਾ ਚਿੱਤਰ ਨੂੰ ਚਰਿੱਤਰ ਚਿਤਰਨ ਕਹਿਣਾ ਵਧੇਰੇ ਤਾਰਕਿਕ ਲਗਦਾ ਹੈ। ਇਹ ਅੰਗਰੇਜ਼ੀ ਸ਼ਬਦ 'ਸਕੈਚ ਦਾ ਪ੍ਰਿਆਇ ਹੈ। ਜਿਵੇਂ ਇੱਕ ਚਿੱਤਰਕਾਰ ਗਿਣੀਆਂ-ਮਿਥੀਆਂ ਰੇਖਾਵਾਂ ਖਿੱਚ ਕੇ ਕਿਸੇ ਸ਼ਖ਼ਸੀਅਤ ਨੂੰ ਉਘਾੜ ਦਿੰਦਾ ਹੈ, ਤਿਵੇਂ ਹੀ ਰੇਖਾਕਾਰ ਘੱਟ ਤੋਂ ਘੱਟ ਸ਼ਬਦਾਂ ਰਾਹੀਂ ਕਲਮ ਦੀ ਛੂਹ ਨਾਲ ਕਿਸੇ ਵਿਅਕਤੀ ਦੀ ਸ਼ਖ਼ਸੀਅਤ ਦਾ ਇੱਕ ਨਿਸ਼ਚਿਤ ਦ੍ਰਿਸ਼ਟੀਕੋਣ ਤੋਂ ਖਾਕਾ ਖਿੱਚ ਦੇਂਦਾ ਹੈ।"



BSEB

## ਲੱਛਣ ਜਾਂ ਵਿਸ਼ੇਸ਼ਤਾਵਾਂ

ਉਪਰੋਕਤ ਪਰਿਭਾਸ਼ਾਵਾਂ ਤੋਂ ਰੇਖਾ ਚਿੱਤਰ ਦੇ ਹੇਠ ਲਿਖੇ ਲੱਛਣ ਜਾਂ ਵਿਸ਼ੇਸ਼ਤਾਵਾਂ ਉੱਭਰ ਕੇ ਸਾਡੇ ਸਾਹਮਣੇ ਆਉਂਦੇ ਹਨ-

(1) ਰੇਖਾ ਚਿੱਤਰ ਇੱਕ ਸਾਧਾਰਨ ਸਾਹਿਤ ਰੂਪ ਨਹੀਂ ਹੈ, ਸਗੋਂ ਵਿਸ਼ੇਸ਼ ਸੀਮਾ ਅਧੀਨ ਸ਼ਬਦਾਂ ਨਾਲ ਕਿਸੇ ਸ਼ਖ਼ਸੀਅਤ ਦਾ ਚਿੱਤਰ ਉਲੀਕਦਾ ਹੈ।

(2) ਰੇਖਾ ਚਿੱਤਰ ਦਾ ਵਸਤੂ ਕਿਸੇ ਵਿਅਕਤੀ, ਘਟਨਾ ਜਾਂ ਵਾਤਾਵਰਨ ਵਿੱਚੋਂ ਲਿਆ ਜਾ ਸਕਦਾ ਹੈ।

(3) ਰੇਖਾ ਚਿੱਤਰਕਾਰ ਘਟਨਾਵਾਂ ਰਾਹੀਂ ਹੀ ਵਸਤੂ ਦੀ ਉਸਾਰੀ ਕਰਦਾ ਹੈ।

(4) ਰੇਖਾ ਚਿੱਤਰਕਾਰ ਦੀ ਸਫਲਤਾ ਸ਼ਬਦਾਂ ਦੀ ਸੁਯੋਗ ਵਰਤੋਂ ਅਤੇ ਉਸ ਦੀ ਅਨੁਭਵ ਸ਼ਕਤੀ ਵਿੱਚ ਨਿਹਿਤ ਹੈ।

(5) ਰੇਖਾ ਚਿੱਤਰਕਾਰ ਬਿੰਬਾਂ, ਪ੍ਰਤੀਕਾਂ, ਅਲੰਕਾਰਾਂ, ਸ਼ਬਦ-ਚਿੱਤਰਾਂ, ਸ਼ਬਦ ਉਕਤੀਆਂ, ਰੂਪਕਾਂ ਅਤੇ ਢੁੱਕਵੀਆਂ ਉਪਮਾਵਾਂ ਸਹਿਤ ਚਰਿੱਤਰ ਉਘਾੜਦਾ ਹੈ।

## ਉਦੇਸ਼-

ਰੇਖਾ ਚਿੱਤਰ ਦਾ ਮਨੋਰਥ ਮਨੁੱਖੀ ਸ਼ਖ਼ਸੀਅਤ ਦੀ ਉਸਾਰੀ ਵਿੱਚ ਉਪਯੋਗੀ ਯੋਗਦਾਨ ਪਾਉਣਾ ਹੁੰਦਾ ਹੈ। ਮਨੁੱਖ ਸਮਾਜ ਵਿੱਚ ਵਿਚਰਦਾ ਕੁਝ ਨਾ ਕੁਝ ਗ੍ਰਹਿਣ ਕਰਦਾ ਹੈ। ਇਸੇ ਕਰਕੇ ਹਰੇਕ ਇਨਸਾਨ ਦਾ ਜੀਵਨ ਅਨੁਭਵ ਸਾਡੇ ਲਈ ਨਵਾਂ ਆਦਰਸ਼ ਲੈ ਕੇ ਆਉਂਦਾ ਹੈ। ਰੇਖਾ ਚਿੱਤਰ ਦੱਸਦਾ ਹੈ ਕਿ ਪੇਸ਼ ਕੀਤੇ ਜਾ ਰਹੇ ਪਾਤਰ ਦਾ ਜੀਵਨ ਸੰਘਰਸ਼ ਕਿਹੋ ਜਿਹਾ ਸੀ। ਕਿਸ ਤਰ੍ਹਾਂ ਜਿੰਦਗੀ ਵਿਚਲੀ ਜਿੰਦਾ-ਦਿਲੀ ਮਨੁੱਖ ਨੂੰ ਮਾਨਸਿਕ ਪੱਖੋਂ ਤਾਕਤਵਰ ਬਣਾਉਂਦੀ ਹੈ। ਰੇਖਾ ਚਿੱਤਰ ਦਾ ਪ੍ਰਕਾਰਜ ਉਹਨਾਂ ਰਹੱਸਾਂ ਅਤੇ ਅੰਦਰੂਨੀ ਪੱਖਾਂ ਦੀ ਖੋਜ ਕਰਕੇ ਪਾਠਕਾਂ ਤੱਕ ਪਹੁੰਚਾਉਣਾ ਹੈ, ਜਿੰਨਾਂ ਨੇ ਪਾਤਰ ਸ਼ਖ਼ਸੀਅਤ ਨੂੰ ਨਿਖਾਰਨ ਵਿੱਚ ਅਹਿਮ ਯੋਗਦਾਨ ਪਾਇਆ ਹੈ।

ਰੇਖਾ ਚਿੱਤਰ ਦਾ ਉਦੇਸ਼ ਪਾਠਕਾਂ ਦੀ ਜਾਣਕਾਰੀ ਵਿੱਚ ਵਾਧਾ ਕਰਨਾ ਵੀ ਹੁੰਦਾ ਹੈ। ਰੇਖਾਕਾਰ ਆਪਣੀ ਸਿਰਜਣਾਤਮਕ ਸ਼ਖ਼ਸੀਅਤ ਦੁਆਰਾ ਰਚਨਾ ਕਰਦਾ ਪਾਠਕ ਨੂੰ ਨਵਾਂ ਗਿਆਨ ਦੇਣ ਦਾ ਯਤਨ ਕਰਦਾ ਹੈ। ਇਸ ਨਾਲ ਪਾਠਕ ਬਹੁਤ ਕੁਝ ਨਵਾਂ ਗ੍ਰਹਿਣ ਕਰਦਾ ਹੈ।

ਪਾਠਕਾਂ ਨੂੰ ਆਨੰਦ ਦੇਣਾ ਵੀ ਰੇਖਾ ਚਿੱਤਰ ਦਾ ਪ੍ਰਯੋਜਨ ਸਵੀਕਾਰ ਕੀਤਾ ਜਾਂਦਾ ਹੈ। ਇਸ ਨਾਲ ਪਾਠਕ ਦੀ ਸੁਹਜ ਤ੍ਰਿਪਤੀ ਹੁੰਦੀ ਹੈ। ਇਹ ਗਿਆਨ ਪ੍ਰਾਪਤੀ ਦੇ ਨਾਲ-ਨਾਲ ਦੂਹਰਾ ਪ੍ਰਯੋਜਨ ਅਦਾ ਕਰਦੀ ਹੋਈ ਪਾਠਕਾਂ ਨੂੰ ਆਨੰਦ ਵੀ ਦਿੰਦੀ ਹੈ। ਰੇਖਾ ਚਿੱਤਰ ਵਿੱਚ ਇੱਕੋ ਸਮੇਂ ਕਈ ਹੋਰ ਸਾਹਿਤਕ ਵਿਧਾਵਾਂ ਦੇ ਤੱਤ ਸਮਾਏ ਹੁੰਦੇ ਹਨ, ਜਿੰਨਾਂ ਵਿੱਚ ਹਾਸ-ਰਸੀ ਘਟਨਾਵਾਂ, ਕਲਪਨਾ ਉਡਾਰੀਆਂ, ਨੈਤਿਕ-ਮੁੱਲਾਂ ਤੇ ਸੁਹਜਾਤਮਕ ਚਿਤਰਨ ਵਿੱਚ ਆਨੰਦ ਨੂੰ ਸਿਖ਼ਰ ਉੱਤੇ ਪਹੁੰਚਾ ਦਿੱਤਾ ਜਾਂਦਾ ਹੈ।

## ਅਭਿਆਸ-ਪ੍ਰਸ਼ਨ

1. ਰੇਖਾ ਚਿੱਤਰ ਦੀ ਪਰਿਭਾਸ਼ਾ ਦਿੰਦੇ ਹੋਏ ਇਸ ਦੇ ਸਰੂਪ ਉੱਪਰ ਚਰਚਾ ਕਰੋ।
2. ਰੇਖਾ ਚਿੱਤਰ ਦੀਆਂ ਵਿਸ਼ੇਸ਼ਤਾਵਾਂ ਉਲੀਕੋ।
3. ਰੇਖਾ ਚਿੱਤਰਕਾਰ ਕਿਹੜੇ ਮਨੋਰਥਾਂ ਨੂੰ ਧਿਆਨ ਵਿੱਚ ਰੱਖ ਕੇ ਰੇਖਾ ਚਿੱਤਰ ਦੀ ਸਿਰਜਨਾ ਕਰਦਾ ਹੈ ?

BSER

# ਰਸ

ਕਾਵਿ ਅਨੁਭਵ ਨੂੰ ਭਾਰਤੀ ਕਾਵਿ ਸ਼ਾਸਤਰੀਆਂ ਨੇ 'ਰਸ' ਦਾ ਨਾਂ ਦਿੱਤਾ ਹੈ। ਉਹਨਾਂ ਨੇ ਰਸ ਨੂੰ ਕਾਵਿ ਦੀ ਆਤਮਾ ਮੰਨਿਆ ਹੈ। ਰਸ ਸਿਧਾਂਤ ਦਾ ਮੋਢੀ ਅਚਾਰੀਆ **ਭਰਤ ਮੁਨੀ** ਹੈ। ਉਸ ਨੇ ਆਪਣੇ 'ਨਾਟ ਸ਼ਾਸਤਰ' ਵਿੱਚ ਰਸ ਦੇ ਭਿੰਨ-ਭਿੰਨ ਅੰਗਾਂ ਦੀ ਵਿਆਖਿਆ ਕੀਤੀ ਹੈ। ਭਰਤ ਮੁਨੀ ਤੋਂ ਬਾਅਦ ਭਟ ਲੋਲਟ, ਸ਼ਕੁੰਕ, ਭੱਟ ਨਾਇਕ, ਵਿਸ਼ਵਨਾਥ ਆਦਿ ਅਚਾਰੀਆ ਨੇ ਰਸ ਸਿਧਾਂਤ ਬਾਰੇ ਆਪਣੇ-ਆਪਣੇ ਮਤ ਪੇਸ਼ ਕੀਤੇ ਹਨ।

ਰਸ ਇੱਕ ਵਿਆਪਕ ਸੰਕਲਪ ਹੈ। ਸਾਹਿਤ ਦੇ ਖੇਤਰ ਵਿੱਚ ਕਾਵਿ ਆਨੰਦ ਹੀ ਰਸ ਹੈ। ਇਸ ਤਰ੍ਹਾਂ ਆਖਿਆ ਜਾ ਸਕਦਾ ਹੈ ਕਿ ਸਾਹਿਤ ਦੇ ਪੜ੍ਹਣ-ਸੁਨਣ ਤੋਂ ਪਾਠਕਾਂ, ਸਰੋਤਿਆਂ ਜਾਂ ਦਰਸ਼ਕਾਂ ਨੂੰ ਟੁੰਬਣ ਵਾਲਾ ਤੇ ਹਿਲੋਰਾ ਦੇਣ ਵਾਲਾ ਜੋ ਵੀ ਸੁਹਜ-ਸੁਆਦ ਮਹਿਸੂਸ ਹੁੰਦਾ ਹੈ, ਉਹ ਹੀ ਰਸ ਹੈ। ਇਹ ਰਸ ਸਾਨੂੰ ਓਪਰੇ ਰੂਪ ਵਿੱਚ ਦੁਨਿਆਵੀ ਸੁਆਦ ਵਰਗਾ ਹੀ ਲੱਗਦਾ ਹੈ, ਪ੍ਰੰਤੂ ਆਪਣੇ ਅੰਤਿਮ ਰੂਪ ਵਿੱਚ ਇਸ ਦੀ ਪ੍ਰਕਿਰਤੀ ਪਾਰਬ੍ਰਹਮ ਨੂੰ ਮਾਨਣ ਵਾਲੇ ਸੁਆਦ ਵਰਗੀ ਹੁੰਦੀ ਹੈ। ਭਾਵੇਂ ਪੂਰਨ ਰੂਪ ਵਿੱਚ ਪਾਰਬ੍ਰਹਮ ਦਾ ਸੁਆਦ ਨਹੀਂ ਹੁੰਦਾ। ਸਾਹਿਤ ਵਿੱਚ ਰਸ ਦੀ ਵਰਤੋਂ ਬਹੁ-ਪਾਸਾਰੀ ਰੂਪ ਵਿੱਚ ਹੋਈ ਹੈ, ਜੋ ਸਮੁੱਚੀ ਕਾਵਿ-ਪ੍ਰਕਿਰਿਆ ਨੂੰ ਆਪਣੇ ਘੇਰੇ ਵਿੱਚ ਲੈ ਲੈਂਦੀ ਹੈ। ਰਸ ਦੀ ਪ੍ਰਕਿਰਤੀ ਸੰਬੰਧੀ **ਡਾ. ਪ੍ਰੇਮ ਪ੍ਰਕਾਸ਼ ਸਿੰਘ** ਹੇਠ ਲਿਖੀਆਂ ਧਾਰਨਾਵਾਂ ਪ੍ਰਸਤੁਤ ਕਰਦੇ ਹਨ-

- **ਕਾਵਿ ਨਾਟਕ ਦੇ ਸੁਆਦ ਦਾ ਨਾਮ ਰਸ ਹੈ।**
- **ਰਸ ਸਥੂਲ ਤੇ ਸੂਖਮ ਭਾਵਾਂ ਦਾ ਸੁਆਦ-ਆਤਮਕ ਫ਼ਲ ਹੈ।**
- **ਰਸ ਵਿਭਾਵ, ਅਨੁਭਾਵ ਅਤੇ ਸੰਚਾਰੀ ਆਦਿ ਸਾਰਿਆਂ ਭਾਵਾਂ ਦੇ ਸੰਯੋਗ ਦਾ ਸਿੱਟਾ ਹੈ, ਰਸ ਦੀ ਮੂਲ ਜੜ੍ਹ ਭਾਵ ਹਨ।**
- **ਰਸ ਨਿਰਵਿਘਨ ਤੇ ਅਖੰਡ ਹੁੰਦਾ ਹੈ।**
- **ਰਸ ਅਲੌਕਿਕ ਚਮਤਕਾਰ ਨਹੀਂ ਹੈ।**
- **ਰਸ ਚਿੰਨਮਈ, ਸੁਤੰਤਰ ਅਤੇ ਸਵੈ-ਪ੍ਰਕਾਸ਼ ਹੁੰਦਾ ਹੈ।**
- **ਰਸ ਹੋਰ ਗਿਆਨਾਂ ਤੋਂ ਮੁਕਤ ਹੁੰਦਾ ਹੈ।**

ਰਸ ਦੀ ਉੱਤਪਤੀ ਭਾਵਾਂ ਦੇ ਸਿੱਟੇ ਵਜੋਂ ਹੁੰਦੀ ਹੈ। ਭਾਵ ਮਨੁੱਖ ਦੀਆਂ ਜਮਾਂਦਰੂ ਚਿੱਤ-ਬਿਰਤੀਆਂ ਦੇ ਰੂਪ ਵਿੱਚ ਸਾਡੇ ਮਨ ਦਾ ਹਿੱਸਾ ਹੁੰਦੇ ਹਨ। ਇਹਨਾਂ ਵਿੱਚੋਂ ਕੁਝ ਭਾਵ ਸਥਾਈ ਅਤੇ ਕੁਝ ਅਸਥਾਈ ਹੁੰਦੇ ਹਨ। ਅਸਥਾਈ ਭਾਵ ਟਿਕਵੇਂ ਨਹੀਂ ਹੁੰਦੇ, ਪਰ ਸਥਾਈ ਭਾਵ ਇੱਕ ਸੰਸਕਾਰ ਵਜੋਂ ਸਾਡੇ ਮਨ ਵਿੱਚ ਹਮੇਸ਼ਾਂ ਮੌਜੂਦ ਰਹਿੰਦੇ ਹਨ। ਸਾਧਾਰਨ ਹਾਲਤਾਂ ਵਿੱਚ ਇਹ ਸਥਾਈ ਭਾਵ ਸੁਸਤ ਰੂਪ ਵਿੱਚ ਪਏ ਹੁੰਦੇ ਹਨ। ਪਰ ਜਦੋਂ ਨਾਟਕੀ-ਦ੍ਰਿਸ਼ ਸਾਡੇ ਸਾਹਮਣੇ ਹਾਜ਼ਰ ਹੁੰਦੇ ਹਨ ਤਾਂ ਇਹ ਭਾਵ ਜਾਗ ਉੱਠਦੇ ਹਨ ਅਤੇ ਰਸ ਦੇ ਰੂਪ ਵਿੱਚ ਨਿਸ਼ਕਾਸ਼ਿਤ ਹੁੰਦੇ ਹਨ।

## ਰਸ ਦੇ ਪ੍ਰਕਾਰ

ਰਸ ਨੌਂ ਪ੍ਰਕਾਰ ਦੇ ਹੁੰਦੇ ਹਨ।



BSEB

## 1. ਸ਼ਿੰਗਾਰ ਰਸ–

ਸ਼ਿੰਗਾਰ ਰਸ ਦਾ ਸਥਾਈ ਭਾਵ ਪ੍ਰੇਮ ਜਾਂ ਪ੍ਰੀਤ ਹੈ। ਇਸ ਨੂੰ ਸਾਰਿਆਂ ਰਸਾਂ ਵਿੱਚ ਪਹਿਲਾ ਸਥਾਨ ਪ੍ਰਾਪਤ ਹੈ। ਇਹ ਦੋ ਪ੍ਰਕਾਰ ਦਾ ਹੁੰਦਾ ਹੈ–ਸੰਜੋਗ ਤੇ ਵਿਜੋਗ। ਸੰਜੋਗ ਸ਼ਿੰਗਾਰ ਰਸ ਵਿੱਚ ਪ੍ਰੀਤਮ ਦੇ ਮਿਲਾਪ ਦੀ ਖ਼ੁਸ਼ੀ ਅਤੇ ਵਿਜੋਗ ਸ਼ਿੰਗਾਰ ਰਸ ਵਿੱਚ ਪ੍ਰੀਤਮ ਦੇ ਵਿਛੜਣ ਦਾ ਗ਼ਮ ਪ੍ਰਗਟ ਹੁੰਦਾ ਹੈ।

ਸੰਜੋਗ ਰਸ ਦੀ ਉਦਾਹਰਨ ਇਸ ਪ੍ਰਕਾਰ ਹੈ–

"ਨੀ ਅੱਜ ਕੋਈ ਆਇਆ ਸਾਡੇ ਵਿਹੜੇ,

ਤੱਕਣ ਚੰਨ ਸੂਰਜ ਢੁੱਕ–ਢੁੱਕ ਨੇੜੇ।

ਲੱਸੇ ਨੀ ਉਹਦਾ ਮੱਥਾ ਤਾਰਿਆਂ ਵਾਂਗੂੰ।

ਆਇਆ ਨੀ ਖੌਰੇ ਅੰਬਰ ਘੁੰਮ–ਘੁੰਮ ਕਿਹੜੇ।

ਚੁੰਮੋ ਨੀ ਇਹਦੇ ਹੱਥ ਚੰਬੇ ਦੀਆ ਕਲੀਆਂ

ਧੋਵੋ ਨੀ ਇਹਦੇ ਪੈਰ ਮੱਖਣ ਦੇ ਪੇੜੇ।"

ਵਿਜੋਗ ਰਸ ਦੀ ਉਦਾਹਰਨ ਇਸ ਪ੍ਰਕਾਰ ਹੈ–

"ਸੋਹਣੀ ਕੂਕਦੀ ਬੇਲੀਆ ਬੇਲੀਆ ਓਇ!

ਦੱਸ ਕੌਣ ਦਰਦੀ ਏਥੇ ਹੈਨ ਤੇਰੇ ?

ਇੱਕ ਸਾਕ ਆਹਾ ਤੇਰਾ ਨਾਲ ਮੇਰੇ,

ਏਥੇ ਹੋਰ ਨਾਹੀ ਸਾਕ–ਸੈਨ ਤੇਰੇ।

ਪਿੱਛਾ ਦੂਰ ਰਹਿਆ ਤੇਰਾ ਸੱਜਣਾ ਓਇ,

ਹੁਣ ਕੋਲ ਨਾਹੀ ਭਾਈ ਭੈਣ ਤੇਰੇ।"

## 2. ਹਾਸ ਰਸ–

ਹਾਸ ਰਸ ਦਾ ਸਥਾਈ ਭਾਵ ਹਾਸਾ ਹੈ। ਜਿਹੜੀ ਕਵਿਤਾ ਸਾਨੂੰ ਹਸਾਉਂਦੀ ਹੈ, ਉਸ ਵਿੱਚ ਹਾਸ ਰਸ ਹੁੰਦਾ ਹੈ। ਹਾਸਾ ਕਈ ਪ੍ਰਕਾਰ ਦਾ ਹੋ ਸਕਦਾ ਹੈ। ਇਕ ਹਾਸਾ ਸਾਡਾ ਜੀਅ ਦੁਖਾਉਂਦਾ ਹੈ, ਇੱਕ ਮਨ ਪਰਚਾਉਂਦਾ ਹੈ, ਇੱਕ ਤਨਾਓ ਦੂਰ ਕਰਦਾ ਹੈ ਅਤੇ ਇੱਕ ਹਾਸਾ ਸਮਾਜਕ ਬੁਰਾਈਆਂ ਨੂੰ ਨਸ਼ਤਰ ਲਗਾਉਂਦਾ ਹੈ। ਕਵੀ ਤੇ ਕਲਾਕਾਰ ਦਾ ਹਾਸਾ ਉਸਾਰੂ ਬਿਰਤੀ ਵਾਲਾ ਹੁੰਦਾ ਹੈ। ਮਨੁੱਖੀ ਜ਼ਿੰਦਗੀ ਵਿੱਚੋਂ ਅਨਮੋਲ ਘਟਨਾਵਾਂ ਤੇ ਅਨਮੋਲ ਹਰਕਤਾਂ ਰੂਪੀ ਸਮੱਗਰੀ ਇਕੱਠੀ ਕਰ ਕੇ ਕਵੀ ਜ਼ਿੰਦਗੀ ਨੂੰ ਖ਼ੁਸ਼ੀਆਂ ਨਾਲ ਭਰਪੂਰ ਕਰਨ ਦੀ ਇੱਛਾ ਰੱਖਦਾ ਹੈ। ਇਹ ਸਾਹਿਤਕ ਹਾਸਾ ਹੈ। ਸਾਹਿਤਕ ਹਾਸਾ ਕਾਟ ਵੀ ਕਰਦਾ ਹੈ, ਪਰ ਪੀੜ ਵੀ ਨਹੀਂ ਹੋਣ ਦਿੰਦਾ। ਇਸ ਹਾਸੇ ਵਿੱਚ ਸਮਾਜਕ ਬੁਰਾਈਆਂ ਤੇ ਵੀ ਵਿਅੰਗ ਹੋ ਸਕਦਾ ਹੈ। ਜਿਵੇਂ–

"ਮੈਡਮ, ਕੀ ਆਖਾਂ ਤੈਨੂੰ ਕਿਵੇਂ ਆਖਾਂ ?
ਅੱਜ ਆਖਣੇ ਦੀ ਪੈ ਗਈ ਲੋੜ ਹੀਰੇ।
ਫਸਟ ਏਡ ਦੀ ਥਾਂ ਤੂੰ ਰੇਡ ਕੀਤਾ,
ਸਾਡਾ ਹਿੱਲਿਆ ਏ ਜੋੜ-ਜੋੜ ਹੀਰੇ।
ਜੇ ਤੂੰ ਖੇੜਿਆਂ ਬਾਝ ਨਹੀਂ ਰਹਿ ਸਕਦੀ,
ਮੱਝਾਂ ਚਾਰੀਆਂ ਦੇ ਪੈਸੇ ਮੋੜ ਹੀਰੇ।
ਮੇਰੇ ਟੀ.ਏ. ਤੇ ਡੀ.ਏ. ਦਾ ਕਰ ਲੇਖਾ,
ਮੈਂ ਮੰਗਦਾ ਨਾ ਲੱਖ-ਕਰੋੜ ਹੀਰੇ,
ਹੀਰਾਂ ਹੋਰ ਨੀ ਜੱਗ ਵਿੱਚ ਬਹੁਤ ਹੀਰਾਂ,
ਐਪਰ ਰਾਂਝਿਆਂ ਦੀ ਸ਼ਾਰਟੇਜ ਹੀਰੇ।"

### 3. ਕਰੁਣਾ ਰਸ-

ਕਰੁਣਾ ਰਸ ਦਾ ਸਥਾਈ ਭਾਵ ਸ਼ੋਕ ਹੈ। ਕਰੁਣਾ ਰਸ ਦਾ ਅਨੁਭਵ ਬਹੁਤ ਹੀ ਤੀਬਰ ਹੁੰਦਾ ਹੈ ਕਿਉਂਕਿ ਇਸ ਵਿੱਚ ਹਮਦਰਦੀ ਤੇ ਡੂੰਘੀ ਸੰਵੇਦਨਾ ਹੁੰਦੀ ਹੈ। **ਅਚਾਰੀਆ ਵਿਸ਼ਵਨਾਥ** ਲਿਖਦਾ ਹੈ ਕਿ ਮਨਚਾਹਤ ਵਸਤੂ ਦੇ ਨਾਸ਼ ਅਤੇ ਅਣ-ਇੱਛਤ ਦੀ ਪ੍ਰਾਪਤੀ ਕਰਕੇ ਜਿੱਥੇ ਸ਼ੋਕ ਸਥਾਈ ਭਾਵ ਦੀ ਪੁਸ਼ਟੀ ਹੋਵੇ, ਉੱਥੇ ਕਰੁਣਾ ਰਸ ਦਾ ਪ੍ਰਗਟਾਓ ਹੁੰਦਾ ਹੈ।

ਮਨੁੱਖ ਆਪਣੇ ਪਿਆਰੇ ਦੇ ਸ਼ੋਕ ਵਿੱਚ ਏਨਾ ਪਿਘਲ ਜਾਂਦਾ ਹੈ ਕਿ ਕੁੱਲ ਦੁਨੀਆਂ ਦੇ ਦਰਦ ਵਿੱਚ ਉਸ ਦਾ ਰੋਮ-ਰੋਮ ਪੀੜਤ ਹੋ ਉੱਠਦਾ ਹੈ। **ਅੰਮ੍ਰਿਤਾ ਪ੍ਰੀਤਮ** ਕਰੁਣਾ ਵਿੱਚ ਆਖਦੀ ਹੈ-

"ਅੱਜ ਆਖਾਂ ਵਾਰਸ ਸ਼ਾਹ ਨੂੰ,
ਕਿਤੇ ਕਬਰਾਂ ਵਿੱਚੋਂ ਬੋਲ।
ਤੇ ਅੱਜ ਕਿਤਾਬੇ ਇਸ਼ਕ ਦਾ,
ਕੋਈ ਅਗਲਾ ਵਰਕਾ ਫੋਲ।
ਇੱਕ ਰੋਈ ਸੀ ਧੀ ਪੰਜਾਬ ਦੀ,
ਤੂੰ ਲਿਖ-ਲਿਖ ਮਾਰੇ ਵੈਣ।
ਅੱਜ ਲੱਖਾਂ ਧੀਆਂ ਰੋਂਦੀਆਂ,
ਤੈਨੂੰ ਵਾਰਸ ਸ਼ਾਹ ਨੂੰ ਕਹਿਣ।


BSER

ਵੇ ਦਰਦਮੰਦਾਂ ਦਿਆ ਦਰਦੀਆ!

ਉੱਠ ਤੱਕ ਆਪਣਾ ਪੰਜਾਬ,

ਅੱਜ ਬੇਲੇ ਲਾਸ਼ਾਂ ਵਿਛੀਆਂ,

ਤੇ ਲਹੂ ਦੀ ਭਰੀ ਚਨਾਬ।"

## 4. ਰੌਦਰ ਰਸ–

ਰੌਦਰ ਰਸ ਦਾ ਸਥਾਈ ਭਾਵ ਕ੍ਰੋਧ ਹੈ। ਜਿੱਥੇ ਵਿਰੋਧੀਆਂ ਵੱਲੋਂ ਬੇਇੱਜ਼ਤੀ, ਨਿਰਾਦਰੀ ਕੀਤੀ ਜਾਂਦੀ ਹੈ ਅਤੇ ਦੇਸ਼ ਤੇ ਧਰਮ ਦਾ ਅਪਮਾਨ ਕੀਤਾ ਜਾਂਦਾ ਹੈ, ਉੱਥੇ ਬਦਲੇ ਦੀ ਭਾਵਨਾ ਪਿੱਛੇ ਕ੍ਰੋਧ ਭਾਵ ਜਾਗਦਾ ਹੈ, ਤਾਂ ਉਦੋਂ ਰੌਦਰ ਰਸ ਦਾ ਪ੍ਰਗਟਾਵਾ ਹੁੰਦਾ ਹੈ। ਜਿੱਥੇ ਮੌਤ, ਕੱਟ–ਵੱਢ ਤੇ ਲਹੂ–ਲੁਹਾਨ ਦਾ ਵਰਨਣ ਹੋਵੇ, ਉੱਥੇ ਰੌਦਰ ਰਸ ਸਿਖਰਾਂ ਤੇ ਹੁੰਦਾ ਹੈ।

ਰੌਦਰ ਰਸ ਦੇ ਸਥਾਈ ਭਾਵ ਕ੍ਰੋਧ ਵਿੱਚ ਵਿਅਕਤੀ ਵਿਵੇਕ ਸੁੰਨ ਹੋ ਜਾਂਦਾ ਹੈ ਅਤੇ ਹਰ ਤਰ੍ਹਾਂ ਦੇ ਜ਼ਾਇਜ਼–ਨਾਜ਼ਾਇਜ਼ ਕੰਮ ਕਰਨ ਦੀ ਖ਼ਾਤਰ ਉਹ ਮੌਤ ਨਾਲ ਖੇਡਦਾ ਹੈ। ਕਵੀ ਮੌਕੇ ਮੁਤਾਬਿਕ ਆਪਣੇ ਪਾਤਰਾਂ ਦੇ ਕ੍ਰੋਧ ਭਾਵ ਨੂੰ ਇਸ ਤਰ੍ਹਾਂ ਚਿਤਰਦਾ ਹੈ ਕਿ ਸਾਰਾ ਵਾਤਾਵਰਨ ਰੌਦਰਮਈ ਹੋ ਜਾਂਦਾ ਹੈ। ਇਸ ਦੀ ਉਦਾਹਰਨ ਹੇਠ ਲਿਖੇ ਅਨੁਸਾਰ ਹੈ–

"ਫਉਜਾਂ ਦੋਹਾਂ ਮੁਕਾਬਲਾ ਜਿਉਂ ਬਰਸਣ ਆਈਆਂ।

ਬੰਦੂਕਾਂ ਦੀਆਂ ਗੋਲੀਆਂ ਕੁਹ ਪਵਨ ਵਸਾਈਆਂ।

ਗੱਜਣ ਤੋਪਾਂ ਡਾਇਣੀ ਜਿਉਂ ਘਣੀਅਰ ਘਾਈਆਂ।

ਧੂਹ ਮਿਆਨੋਂ ਕੱਢੀਆਂ ਰਣ ਵਿੱਚ ਚਲਾਈਆਂ।"

## 5. ਬੀਰ ਰਸ–

ਜਿੱਥੇ ਜੰਗਾਂ–ਯੁੱਧਾਂ ਵਿੱਚ ਬੀਰਤਾ, ਸੂਰਮਗਤੀ ਤੇ ਬਹਾਦਰੀ ਦਿਖਾਉਣ ਦਾ ਉਤਸ਼ਾਹ ਤੇ ਚਾਅ ਹੋਵੇ, ਉੱਥੇ ਬੀਰ ਰਸ ਪ੍ਰਗਟ ਹੁੰਦਾ ਹੈ। ਉਤਸ਼ਾਹ ਬੀਰ ਰਸ ਦਾ ਸਥਾਈ ਭਾਵ ਹੈ। **ਅਚਾਰੀਆ ਮੰਮਟ** ਬੀਰ ਰਸ ਸੰਬੰਧੀ ਲਿਖਦਾ ਹੈ ਕਿ ਕਿਸੇ ਮਹਾਨ ਕਾਰਜ ਨੂੰ ਤੋੜ ਤੱਕ ਨਿਭਾਉਣ ਵਾਸਤੇ ਸਾਂਝੇ ਰੂਪ ਵਿੱਚ ਜਿਹੜੀ ਹੌਂਸਲੇ ਭਰਪੂਰ ਕਿਰਿਆ ਹੁੰਦੀ ਹੈ, ਉਹ ਹੀ ਉਤਸ਼ਾਹ ਹੈ। ਇਹ ਉਤਸ਼ਾਹ ਰਣ–ਭੂਮੀ ਤੇ ਹੋਰ ਖੇਤਰਾਂ ਵਿੱਚ ਹੋ ਸਕਦਾ ਹੈ। ਯੁੱਧਬੀਰ, ਧਰਮ ਬੀਰ, ਦਾਨਬੀਰ, ਦਇਆ ਬੀਰ ਸਾਰੇ ਬੀਰ ਰਸ ਦੇ ਅੰਤਰਗਤ ਸਾਮਿਲ ਹੁੰਦੇ ਹਨ। ਪੰਜਾਬੀ ਸਾਹਿਤ ਵਿੱਚ **ਗੁਰੂ ਗੋਬਿੰਦ ਸਿੰਘ** ਜੀ ਦੁਆਰਾ ਰਚਿਤ 'ਚੰਡੀ ਦੀ ਵਾਰ' ਬੀਰ ਰਸ ਦੀ ਉੱਤਮ ਉਦਾਹਰਨ ਹੈ–

"ਜੰਗ ਮੁਸਾਫਾ ਬੱਜਿਆ ਰਣ ਘੁਰੇ ਨਗਾਰੇ ਚਾਵਲੇ।

ਝੂਲਨ ਨੇਜੇ ਬੈਰਕਾਂ ਨੀਸਾਣ ਲਸਣ ਲਸਾਵਲੇ।

ਢੋਲ ਨਗਾਰੇ ਪਉਣ ਦੇ ਉਂਘਣ ਜਾਣ ਜਟਾਵਲੇ।

ਦੁਰਗਾ ਦਾਨੋ ਡਹੇ ਰਣ ਨਾਦ ਵੱਜਨ ਖੇਤ ਭੀਹਾਵਲੇ।”

## 6. ਭਿਆਨਕ ਰਸ–

ਭਿਆਨਕ ਰਸ ਦਾ ਸਥਾਈ ਭਾਵ ਭੈਅ ਹੈ। ਕਿਸੇ ਡਰਾਉਣੀ ਸ਼ੈਅ ਨੂੰ ਦੇਖਣ, ਸੁਨਣ ਕਰਕੇ ਮਨ ਅੰਦਰ ਜਦੋਂ ਭੈਅ ਪ੍ਰਬਲ ਰੂਪ ਧਾਰਨ ਕਰਕੇ ਪੁਸ਼ਟ ਹੁੰਦਾ ਹੈ, ਉਦੋਂ ਭਿਆਨਕ ਰਸ ਦਾ ਪ੍ਰਗਟਾਵਾ ਹੁੰਦਾ ਹੈ। ਚਿੱਤ ਦੀ ਬੇਚੈਨੀ ਤੇ ਵਿਆਕੁਲਤਾ ਤੋਂ ਪੈਦਾ ਮਨ ਦੀ ਡਾਵਾਂ ਡੋਲ ਅਵਸਥਾ ਹੀ ਭੈਅ ਹੈ। ਘੋਰ ਜੰਗਲ-ਬੀਆਬਾਨ, ਸ਼ੇਰ, ਸੱਪ, ਭੂਤ-ਪ੍ਰੇਤ ਦੀ ਕਲਪਨਾ, ਸ਼ਮਸ਼ਾਨ ਭੂਮੀ ਅਤੇ ਦੁਸ਼ਮਣ ਦਾ ਖਿਆਲ ਆਦਿ ਭਿਆਨਕ ਰਸ ਦੇ ਕਾਰਨ ਹਨ। ਇੰਨ੍ਹਾਂ ਕਾਰਨਾਂ ਕਰਕੇ ਭੈਅ-ਭੀਤ ਬੰਦੇ ਨੂੰ ਰੁਮਾਂਚ, ਕੰਬਣੀ, ਮੁੜਕਾ, ਰੰਗੋ-ਬੇਰੰਗ ਹੋਣਾ, ਰੋਣਾ, ਸ਼ੋਰ ਮਚਾਉਣਾ ਆਦਿ ਕਾਰਜ ਪ੍ਰਭਾਵਿਤ ਕਰਦੇ ਹਨ। ਸਾਹਿਤ ਰਚਨਾਵਾਂ ਵਿੱਚ ਜਦੋਂ ਅਜਿਹੀ ਸਮੱਗਰੀ ਸਰੋਤਿਆਂ, ਦਰਸ਼ਕਾਂ ਅੱਗੇ ਪੇਸ਼ ਹੁੰਦੀ ਹੈ ਤਾਂ ਡਰਾਉਣੇ ਵਾਯੂਮੰਡਲ ਦੇ ਅਹਿਸਾਸ ਕਰਕੇ ਉਂਨ੍ਹਾਂ ਦੇ ਮਨ/ਚਿੱਤ ਵਿਚ ਭਿਆਨਕ ਰਸ ਦਾ ਸੁਹਜ ਸੁਆਦ ਪੈਦਾ ਹੁੰਦਾ ਹੈ। ਇਸ ਰਸ ਦੀ ਉਦਾਹਰਨ ਇਸ ਪ੍ਰਕਾਰ ਹੈ–

“ਦੋਹੀਂ ਦਲੀਂ ਮੁਕਾਬਲੇ ਰਣ ਸੂਰੇ ਗੜ੍ਹਕਣ,
ਚੜ੍ਹ ਤੋਪਾਂ ਗੱਡੀ ਢੁੱਕੀਆਂ ਲੱਖ ਸੰਗਲ ਖੜਕਣ,
ਉਹ ਦਾਰੂ ਖਾਂਦੀਆਂ ਕੋਹਲੀਆਂ ਮਣ ਗੋਲੇ ਰੜਕਣ,
ਉਹ ਦਾਗ ਪਲੀਤੇ ਛੱਡੀਆਂ ਵਾਂਗ ਬੱਦਲ ਕੜਕਣ,
ਜਿਉਂ ਦਰ ਖੁੱਲ੍ਹੇ ਦੋਜ਼ਖਾਂ ਮੂੰਹ ਭਾਹੀਂ ਭੜਕਣ,
ਜਿਉਂ ਝਾਂਬੇ ਮਾਰੇ ਪੰਖਣੂੰ ਵਿੱਚ ਬਾਗਾਂ ਫੜਕਣ,
ਝੜੇ ਤਰੁੱਟੇ ਹੰਭਲਾ ਵਾਂਗ ਮੱਛਾਂ ਤੜਫਣ,
ਜਿਉਂ ਝੱਲੀਂ ਅੱਗਾਂ ਲਗੀਆਂ ਰਣ ਸੂਰੇ ਤੜਕਣ,
ਉਹ ਹਸ਼ਰ ਦਿਹਾੜਾ ਵੇਖ ਕੇ ਦਲ ਦੋਵੇਂ ਧੜਕਣ।”

## 7. ਵੀਭਤਸ ਰਸ–

‘ਘ੍ਰਿਣਾ’ ਵੀਭਤਸ ਰਸ ਦਾ ਸਥਾਈ ਭਾਵ ਹੈ। ਮ੍ਰਿਤਕ ਲੋਥ, ਚਰਬੀ, ਸੜ੍ਹਾਂਦ, ਹਵਾੜ, ਮਲ-ਮੂਤਰ, ਹੱਡਾ-ਰੋੜੀ, ਘਿਣੌਨੀਆਂ ਵਸਤਾਂ ਅਤੇ ਘ੍ਰਿਣਾ-ਜਨਕ ਕੁਕਰਮਾਂ ਤੋਂ ਪਾਠਕਾਂ ਦੇ ਹਿਰਦੇ ਵਿੱਚ ਜਿਹੜੀ ਗਿਲਾਨੀ ਪੈਦਾ ਹੁੰਦੀ ਹੈ, ਉਸ ਤੋਂ ਘ੍ਰਿਣਾ ਦਾ ਸਥਾਈ ਭਾਵ ਉੱਭਰਦਾ ਹੈ। ਘ੍ਰਿਣਾ ਸਿਰਫ਼ ਸਰੀਰਕ ਜਾਂ ਭੌਤਿਕ ਹੀ ਨਹੀਂ ਹੁੰਦੀ, ਮਾਨਸਿਕ ਵੀ ਹੁੰਦੀ ਹੈ। ਸਰੀਰਕ ਨਾਲੋਂ ਮਾਨਸਿਕ ਘ੍ਰਿਣਾ ਵਧੇਰੇ ਪ੍ਰਬਲ ਹੁੰਦੀ ਹੈ। ਰੱਤ-ਲਹੂ ਅਤੇ ਮਾਸ-ਮਿੱਝ ਦੀ ਬਿਆਨਬਾਜ਼ੀ ਹੀ ਕੇਵਲ ਬੀਭਤਸ ਰਸ ਦੀ ਸਮੱਗਰੀ ਨਹੀਂ, ਸਗੋਂ ਵਿਭਚਾਰ, ਦੁਰਾਚਾਰ ਅਤੇ ਭ੍ਰਿਸ਼ਟਾਚਾਰ ਵਾਲੀਆਂ ਘਟਨਾਵਾਂ ਵੀ ਬੀਭਤਸ ਰਸ ਦਾ ਸੰਚਾਰ ਕਰਦੀਆਂ ਹਨ।

ਪੰਜਾਬੀ ਸਾਹਿਤ ਵਿੱਚ ਵੀਭਤਸ ਰਸ ਦੀ ਬਹੁਤ ਘੱਟ ਵਰਤੋਂ ਕੀਤੀ ਗਈ ਹੈ। ਇਸ ਰਸ ਦੀ ਉਦਾਹਰਨ **ਅਵਤਾਰ ਸਿੰਘ ਅਜ਼ਾਦ** ਦੀ ਰਚਨਾ ‘ਮਹਾਂਬਲੀ’ ਵਿੱਚ ਵੇਖੀ ਜਾ ਸਕਦੀ ਹੈ–

"ਜਿੱਧਰ ਨਜ਼ਰ ਜਾਵੇ ਤਬਾਹੀ ਮੱਚੀ,

ਕਹਾਣੀ ਹੋ ਰਹੀ ਲਹੂ ਮਿਝ ਦੀ,

ਕਿਤੇ ਮਗਜ਼ ਖੋਪੜ ਵਿੱਚੋਂ ਵਹਿ ਰਿਹਾ,

ਗਇਆ ਟੁੱਟ ਮਟਕਾ ਦਹੀਂ ਹੈ ਵਹਿਆ,

ਕਿਤੇ ਧੌਣ ਵਿੱਚੋਂ ਫੁਹਾਰਾ ਫੁਟੇ,

ਕਿਤੇ ਮਗਜ਼ ਦੀ ਖੋਪੜੀ ਪਈ ਟੁੱਟੇ,

ਅਕਾਲੀ ਹੈ ਸਿੰਘ ਨਾਦ ਕਰ ਗਰਜਿਆ,

ਪਠਾਣਾ ਦਾ ਦਲ ਦਹਿਲ ਕੇ ਲਰਜ਼ਿਆ।"

## 8. ਅਦਭੁਤ ਰਸ–

ਹੈਰਾਨੀਜਨਕ ਗੱਲਾਂ-ਬਾਤਾਂ, ਅਨੋਖੀਆਂ ਕਥਾ-ਕਹਾਣੀਆਂ, ਵਚਿੱਤਰ ਘਟਨਾਵਾਂ ਅਤੇ ਚਕਾਚੌਂਧ ਪੈਦਾ ਕਰਦੇ ਨਜ਼ਾਰਿਆਂ ਨੂੰ ਪੜ੍ਹਣ ਜਾਂ ਸੁਨਣ ਕਰਕੇ ਪਾਠਕ/ਦਰਸ਼ਕ ਦੇ ਮਨ ਵਿੱਚ ਜਦੋਂ ਅਸਚਰਜ ਭਾਵ ਪ੍ਰਬਲ ਹੋਵੇ ਤਾਂ ਅਦਭੁਤ ਰਸ ਦਾ ਅਨੁਭਵ ਹੁੰਦਾ ਹੈ। ਅਦਭੁਤ ਰਸ ਦਾ ਸਥਾਈ ਭਾਵ 'ਅਸਚਰਜ' ਹੁੰਦਾ ਹੈ, ਇਸ ਨੂੰ ਵਿਸਮੈ ਵੀ ਕਿਹਾ ਗਿਆ ਹੈ।

**ਅਚਾਰੀਆ ਵਿਸ਼ਵਨਾਥ** ਅਨੁਸਾਰ, "ਆਮ ਰਵਾਇਤੀ ਕਿਸਮ ਦੀਆਂ ਰੂੜ੍ਹੀਆਂ ਅਤੇ ਰਵਾਇਤਾਂ ਨੂੰ ਛੱਡ ਕੇ ਜਦ ਵਸਤੂਆਂ ਅਤੇ ਘਟਨਾਵਾਂ ਵਿੱਚ ਅਨੋਖਾਪਨ ਤੇ ਅਚੰਭਾ ਪੈਦਾ ਹੁੰਦਾ ਹੈ ਤਾਂ ਉਸ ਨਾਲ ਚਿੱਤ ਖਿੜਦਾ ਹੈ ਤੇ ਵਿਸਮਾਦ ਵਿੱਚ ਆਉਂਦਾ ਹੈ, ਇਹ ਹੀ ਅਸਚਰਜ ਭਾਵ ਹੈ।"

ਅਸਚਰਜ ਭਾਵ ਵਿੱਚ ਚਮਤਕਾਰ ਦੇ ਅੰਸ਼ ਹੁੰਦੇ ਹਨ। ਸਾਹਿਤ ਵਿੱਚ ਅਦਭੁਤ ਰਸ ਦੀ ਕਈ ਤਰ੍ਹਾਂ ਨਾਲ ਪੇਸ਼ਕਾਰੀ ਹੋਈ ਹੈ। ਇਸ ਰਸ ਦੀ ਉਦਾਹਰਨ ਇਸ ਪ੍ਰਕਾਰ ਹੈ–

"ਵਿਸਮਾਦੁ ਨਾਦ ਵਿਸਮਾਦੁ ਵੇਦ॥

ਵਿਸਮਾਦੁ ਜੀਅ ਵਿਸਮਾਦੁ ਭੇਦ॥

ਵਿਸਮਾਦੁ ਰੂਪ ਵਿਸਮਾਦੁ ਰੰਗ॥

ਵਿਸਮਾਦੁ ਨਾਗੇ ਫਿਰਹਿ ਜੰਤ॥

ਵਿਸਮਾਦੁ ਪਉਣ ਵਿਸਮਾਦੁ ਪਾਣੀ॥

ਵਿਸਮਾਦੁ ਅਗਨੀ ਖੇਡਹਿ ਵਿਡਾਣੀ॥

ਵਿਸਮਾਦੁ ਸੰਜੋਗ ਵਿਸਮਾਦੁ ਵਿਜੋਗ॥

ਵਿਸਮਾਦੁ ਭੁਖ ਵਿਸਮਾਦੁ ਭੋਗ॥"



BSEB

## 9. ਸ਼ਾਂਤ ਰਸ–

ਸ਼ਾਂਤ ਰਸ ਦਾ ਸਥਾਈ ਭਾਵ 'ਵੈਰਾਗ' ਹੈ। ਵੈਰਾਗ ਤੋਂ ਸ਼ਾਂਤੀ ਪ੍ਰਾਪਤ ਹੁੰਦੀ ਹੈ ਅਤੇ ਸ਼ਾਂਤ ਰਸ ਅਭਿਵਿਅਕਤ ਹੁੰਦਾ ਹੈ। ਵੈਰਾਗ ਕੀ ਹੈ ? ਇਹ ਕਿਵੇਂ ਉਤਪੰਨ ਹੁੰਦਾ ਹੈ ? ਮਨੁੱਖ ਕਈ ਤਰਾਂ ਦੀ ਭੀੜ ਵਿੱਚ ਗੁਆਚਿਆ ਰਹਿੰਦਾ ਹੈ। ਸੰਸਾਰ ਕੀ ਹੈ ? ਜੀਵਨ ਕੀ ਹੈ ? ਮਨੁੱਖੀ ਸ਼ਰੀਰ ਕੀ ਹੈ ? ਮੌਤ ਕੀ ਹੈ ? ਮਰ ਕੇ ਕਿੱਥੇ ਜਾਣਾ ਹੈ ? ਪਰ ਉੱਤਰ ਲਾਪਤਾ ਹੈ। ਇਸ ਤਰ੍ਹਾਂ ਦੇ ਪ੍ਰਸ਼ਨਾਂ ਦੇ ਉੱਤਰਾਂ ਦੀ ਤਲਾਸ਼ ਕਾਰਨ ਮਨੁੱਖ ਦੇ ਦਿਲ ਵਿੱਚ ਨਾਸ਼ਵਾਨ ਸੰਸਾਰ ਵੱਲੋਂ ਵੈਰਾਗ ਪੈਦਾ ਹੁੰਦਾ ਹੈ।

ਵਿਚਾਰਸ਼ੀਲ ਕਵੀਆਂ ਤੇ ਅਨੁਭਵੀ ਸੰਤ-ਜਨਾਂ ਦੇ ਬੋਲਾਂ ਵਿੱਚ ਸ਼ਾਂਤ ਰਸ ਦੀਆਂ ਤਰੰਗਾਂ ਉਠਦੀਆਂ ਹਨ। ਸ਼ਾਂਤ ਰਸ ਦੀ ਉਦਾਹਰਨ ਇਸ ਪ੍ਰਕਾਰ ਹੈ:

"ਵੈਰੀ ਨਾਗ ਤੇਰਾ ਪਹਿਲਾ ਝਲਕਾ,
ਜਦ ਅੱਖੀਆਂ ਵਿੱਚ ਵਜਦਾ।

ਕੁਦਰਤ ਦੇ ਕਾਦਰ ਦਾ ਜਲਵਾ,
ਲੈ ਲੈਂਦਾ ਇੱਕ ਸਿਜਦਾ।"

## ਅਭਿਆਸ-ਪ੍ਰਸ਼ਨ

1. ਰਸ ਦੇ ਸਰੂਪ ਉੱਪਰ ਚਰਚਾ ਕਰੋ।

2. ਹੇਠ ਲਿਖੇ ਰਸਾਂ ਦੀ ਵਿਆਖਿਆ ਕਰੋ–
**ਸ਼ਿੰਗਾਰ ਰਸ, ਹਾਸ ਰਸ, ਕਰੁਣਾ ਰਸ, ਬੀਰ ਰਸ, ਸ਼ਾਂਤ ਰਸ।**

3. ਹੇਠ ਲਿਖੇ ਰਸਾਂ ਦੀਆਂ ਉਦਾਹਰਨਾਂ ਲਿਖੋ–
**ਰੌਦਰ ਰਸ, ਵੀਭਤਸ ਰਸ, ਅਦਭੁਤ ਰਸ, ਭਿਆਨਕ ਰਸ।**

BSER

# ਪੰਜਾਬੀ ਸਾਹਿਤ ਦਾ ਸੰਖੇਪ ਇਤਿਹਾਸ (ਆਧੁਨਿਕ ਕਾਲ)

## (ੳ) ਪੰਜਾਬੀ ਕਵਿਤਾ ਦਾ ਇਤਿਹਾਸ

ਕਵਿਤਾ ਆਦਿ ਕਾਲ ਤੋਂ ਨਿਰੰਤਰ ਚੱਲੀ ਆ ਰਹੀ ਸਾਹਿਤ ਵਿਧਾ ਹੈ। ਸਾਹਿਤ ਦੀਆਂ ਹੋਰਨਾਂ ਵਿਧਾਵਾਂ ਦੇ ਮੁਕਾਬਲਤਨ ਇਸ ਦੀਆਂ ਜੜ੍ਹਾਂ ਕੁਝ ਵਧੇਰੇ ਡੂੰਘੀਆਂ ਜਾਪਦੀਆਂ ਹਨ। ਇਹੀ ਕਾਰਨ ਹੈ ਕਿ ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸਕ ਸਰਵੇਖਣ ਕਰਨ ਲੱਗਿਆ, ਇਸ ਦੇ ਨਿਕਾਸ ਸੰਬੰਧੀ ਕਈ ਧਾਰਨਾਵਾਂ ਸਾਹਮਣੇ ਆਉਂਦੀਆਂ ਹਨ। ਵਿਦਵਾਨਾਂ ਦਾ ਇੱਕ ਧੜਾ ਆਧੁਨਿਕ ਪੰਜਾਬੀ ਕਵਿਤਾ ਦੇ ਮੁੱਢ ਨੂੰ ਸ਼ਾਹ ਮੁਹੰਮਦ ਦੀ ਰਚਨਾ ਨਾਲ ਜਾ ਜੋੜਦਾ ਹੈ ਅਤੇ ਕੁਝ ਵਿਚਾਰਕ ਭਾਈ ਵੀਰ ਸਿੰਘ ਨੂੰ ਆਧੁਨਿਕ ਪੰਜਾਬੀ ਕਵਿਤਾ ਦਾ ਮੋਢੀ ਐਲਾਨਦੇ ਹਨ। ਇੰਝ ਇਤਿਹਾਸ ਉਲੀਕਣ ਲੱਗਿਆਂ ਕਵੀਆਂ ਦੇ ਜੀਵਨ ਕਾਲ, ਪ੍ਰਵਿਰਤੀਆਂ ਆਦਿ ਨੂੰ ਵੀ ਆਧਾਰ ਮੰਨ ਲਿਆ ਜਾਂਦਾ ਹੈ। ਪੀੜ੍ਹੀ ਦਰ ਪੜਾਅ ਵੀ ਨਿਰਧਾਰਤ ਕਰ ਲਏ ਜਾਂਦੇ ਹਨ। ਪੰਜਾਬੀ ਅਕਾਦਮੀ ਦਿੱਲੀ ਵੱਲੋਂ ਪ੍ਰਕਾਸ਼ਿਤ ਕੀਤੇ ਗਏ 'ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ'(ਰਾਜਿੰਦਰਪਾਲ ਸਿੰਘ) ਵਿੱਚ ਪਹਿਲਾ ਪੜਾਅ- ਮੁੱਢਲਾ ਬਸਤੀਵਾਦੀ ਕਾਲ(1849-1900), ਦੂਜਾ ਪੜਾਅ- ਬਸਤੀਵਾਦੀ ਕਾਲ(1900-1947), ਤੀਜਾ ਪੜਾਅ- ਉੱਤਰ ਬਸਤੀਵਾਦ ਕਾਲ(1900-1947), ਚੌਥਾ ਪੜਾਅ- ਉੱਤਰ ਬਸਤੀਵਾਦੀ ਕਾਲ(1947-2005) ਨਿਰਧਾਰਤ ਕੀਤੇ ਹਨ। ਡਾ. ਰਾਜਿੰਦਰ ਸਿੰਘ ਸੇਖੋਂ ਨੇ ਪੰਜਾਬੀ ਸਾਹਿਤ ਦਾ ਨਵੀਨ ਇਤਿਹਾਸ(ਆਦਿ ਕਾਲ ਤੋਂ ਸਮਕਾਲ ਤੱਕ) ਵਿੱਚ ਪ੍ਰਵਿਰਤੀਮੂਲਕ ਅਧਿਐਨ ਪ੍ਰਸਤੁਤ ਕੀਤਾ ਹੈ। ਇੱਥੇ ਅਸੀਂ ਵਿਦਿਆਰਥੀਆਂ ਦੇ ਬੌਧਿਕ ਪੱਧਰ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਦਵਾਨਾਂ ਦੇ ਇਤਿਹਾਸ ਤੋਂ ਸੇਧ ਲੈ ਕੇ ਕਵੀਆਂ/ਪ੍ਰਵਿਰਤੀਆਂ ਨੂੰ ਧਿਆਨ ਗੋਚਰੇ ਰੱਖ ਕੇ ਹੀ ਅਧਿਐਨ ਕਰਾਂਗੇ। ਭਾਈ ਵੀਰ ਸਿੰਘ ਨੂੰ ਆਧੁਨਿਕ ਪੰਜਾਬੀ ਕਵਿਤਾ ਦੇ ਮੋਢੀ ਵਜੋਂ ਸਵੀਕਾਰਿਆ ਜਾ ਸਕਦਾ ਹੈ।

ਆਧੁਨਿਕ ਪੰਜਾਬੀ ਕਵਿਤਾ ਵਿੱਚ ਵਿਸ਼ਾਗਤ ਤੇ ਵਿਧਾਗਤ ਪੱਖੋਂ ਨਵੀਨਤਾ ਦੇਖਣ ਨੂੰ ਮਿਲਦੀ ਹੈ। ਰੁਬਾਈ, ਗ਼ਜ਼ਲ, ਖੁੱਲੀ ਕਵਿਤਾ, ਨਜ਼ਮ, ਹਾਇਕੂ, ਗੀਤ ਆਦਿ ਸੂਚੀ ਨਿਰਧਾਰਤ ਕੀਤੀ ਜਾ ਸਕਦੀ ਹੈ। ਆਧੁਨਿਕ ਪੰਜਾਬੀ ਕਵਿਤਾ ਦੇ ਵਿਕਾਸ ਨੂੰ ਸਮਝਣ ਲਈ ਨਿਮਨਲਿਖਤ ਪ੍ਰਵਿਰਤੀਆਂ ਸਹਾਇਕ ਹੋ ਸਕਦੀਆਂ ਹਨ-

### 1. ਨਵ-ਰਹੱਸਵਾਦੀ ਪ੍ਰਵਿਰਤੀ

ਵੀਹਵੀਂ ਸਦੀ ਦੀ ਪੰਜਾਬੀ ਕਵਿਤਾ ਵਿੱਚ ਨਵ-ਰਹੱਸਵਾਦੀ ਪ੍ਰਵਿਰਤੀ ਸਭ ਤੋਂ ਪਹਿਲਾਂ ਪ੍ਰਵੇਸ਼ ਕਰਦੀ ਹੈ। ਵੀਹਵੀਂ ਸਦੀ ਦੀ ਇਸ ਰਹੱਸਵਾਦੀ ਪਰੰਪਰਾਗਤ ਰਹੱਸਵਾਦੀ ਕਵਿਤਾ ਵਿੱਚ ਅਧਿਆਤਮਕਤਾ ਨੂੰ ਨਵੀਨਤਮ ਲਹਿਜੇ ਵਿੱਚ ਪ੍ਰਸਤੁਤ ਕੀਤਾ ਗਿਆ ਹੈ। ਇਸ ਧਾਰਾ ਦੇ ਕਵੀਆਂ ਦਾ ਵੇਰਵਾ ਇੰਝ ਹੈ-

**ਭਾਈ ਵੀਰ ਸਿੰਘ** ਨਾਲ ਪੰਜਾਬੀ ਕਵਿਤਾ ਦਾ ਮੁੱਢ ਬੱਝਦਾ ਹੈ। ਉਸ ਨੂੰ 'ਛੋਟੀਆਂ ਕਵਿਤਾਵਾਂ'



BGE

ਦੇ ਰਚੇਤਾ ਵਜੋਂ ਵੀ ਜਾਣਿਆ ਜਾਂਦਾ ਹੈ। 'ਰਾਣਾ ਸੂਰਤ ਸਿੰਘ'(ਮਹਾਂਕਾਵਿ), 'ਲਹਿਰਾਂ ਦੇ ਹਾਰ', 'ਮਟਕ ਹੁਲਾਰੇ', 'ਬਿਜਲੀਆਂ ਦੇ ਹਾਰ', 'ਪ੍ਰੀਤ ਵੀਣਾ', 'ਕੰਬਦੀ ਕਲਾਈ', 'ਬਾਰਾਂਮਾਹ', 'ਕੰਤ ਮਹੇਲੀ', 'ਮੇਰੇ ਸਾਈਆਂ ਜੀਓ'(ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਜੇਤੂ ਕਾਵਿ ਪੁਸਤਕ) ਆਦਿ ਉਸ ਦੀਆਂ ਮਹੱਤਵਪੂਰਨ ਰਚਨਾਵਾਂ ਹਨ। ਭਾਈ ਵੀਰ ਸਿੰਘ ਨੇ ਕੁਦਰਤ ਤੇ ਕਾਦਰ(ਪ੍ਰਮਾਤਮਾ) ਨੂੰ ਆਪਣੀ ਕਵਿਤਾ ਵਿੱਚ ਵੱਡੇ ਪੱਧਰ ਤੇ ਪੇਸ਼ ਕੀਤਾ ਹੈ। ਪ੍ਰਕਿਰਤੀ ਚਿਤਰਨ, ਰਹੱਸਵਾਦੀ ਅਨੁਭਵ ਉਸ ਦੀ ਕਵਿਤਾ ਦੇ ਖਾਸ ਲੱਛਣ ਹਨ। ਨਵ-ਰਹੱਸਵਾਦੀ ਰੰਗਣ ਵਾਲੀਆਂ ਨਿਮਨਲਿਖਤ ਕਾਵਿ ਸਤਰਾਂ ਉਦਾਹਰਨ ਵਜੋਂ ਹਨ-

- "ਮੇਰੇ ਛਿਪੇ ਰਹਿਣ ਦੀ ਚਾਹ
ਤੇ ਛਿਪੇ ਤੁਰ ਜਾਨ ਦੀ
ਹਾਏ! ਪੂਰੀ ਹੁੰਦੀ ਨਾ
ਮੈਂ ਤਰਲੇ ਲੈ ਰਿਹਾ

- "ਸੁਪਨੇ ਵਿੱਚ ਤੁਸੀਂ ਮਿਲੇ ਅਸਾਨੂੰ
ਅਸਾਂ ਧਾ ਗਲਵਕੜੀ ਪਾਈ।
ਨਿਰਾ ਨੂਰ ਤੁਸੀਂ ਹੱਥ ਨਾ ਆਏ
ਸਾਡੀ ਕੰਬਦੀ ਰਹੀ ਕਲਾਈ।"

ਭਾਈ ਵੀਰ ਸਿੰਘ ਨੇ ਵਿਸ਼ੇ ਤੇ ਰੂਪ ਦੇ ਪੱਖੋਂ ਨਵੀਂ ਪਿਰਤ ਪਾ ਕੇ ਕਾਵਿ ਦਾ ਮੁੱਢ ਬੰਨਣ 'ਚ ਅਹਿਮ ਭੂਮਿਕਾ ਨਿਭਾਈ।

**ਪ੍ਰੋ. ਪੂਰਨ ਸਿੰਘ** ਨੂੰ ਪੰਜਾਬੀ ਦੇ ਰੁਮਾਂਸਵਾਦੀ ਕਵੀ ਵਜੋਂ ਜਾਣਿਆ ਜਾਂਦਾ ਹੈ, ਪਰ ਉਸ ਦੀ ਕਵਿਤਾ ਵਿੱਚੋਂ ਅਧਿਆਤਮਵਾਦੀ ਛੋਹਾਂ ਨੂੰ ਵੀ ਟਟੋਲਿਆ ਜਾ ਸਕਦਾ ਹੈ। ਪੰਜਾਬ, ਪੰਜਾਬੀ, ਪੰਜਾਬੀਅਤ ਨੂੰ ਉਸ ਨੇ ਨਿਵੇਕਲੇ ਅੰਦਾਜ਼ 'ਚ ਪਰਿਭਾਸ਼ਤ ਕਰਨ ਦੀ ਕੋਸ਼ਿਸ਼ ਕੀਤੀ। 'ਖੁੱਲੇ ਮੈਦਾਨ', 'ਖੁੱਲ੍ਹੇ ਘੁੰਡ', 'ਖੁੱਲ੍ਹੇ ਰੰਗ ਅਸਮਾਨੀ', ਆਦਿ ਉਸ ਦੀਆਂ ਰਚਨਾਵਾਂ ਇਸ ਦੀ ਪੁਖਤਾ ਮਿਸਾਲ ਹਨ।

ਉਸ ਦੀ ਕਵਿਤਾ ਵਿੱਚ ਗੁਰਮਤਿ ਫ਼ਲਸਫ਼ੇ ਨੂੰ ਪਛਾਣਦਿਆਂ, ਨਵ-ਰਹੱਸਵਾਦੀ ਪ੍ਰਵਿਰਤੀ ਨਾਲ ਸੰਬੰਧਤ ਕੀਤਾ ਜਾ ਸਕਦਾ ਹੈ। ਪ੍ਰੋ. ਪੂਰਨ ਸਿੰਘ ਦੀ ਕਵਿਤਾ ਵਿਚਲੀ ਰਹੱਸਵਾਦੀ ਅਨੁਭੂਤੀ ਦਾ ਆਧਾਰ ਬਿੰਦੂ ਗੁਰਮਤਿ ਵਿਚਾਰਧਾਰਾ ਹੈ। ਗੁਰਮਤਿ ਵੱਲੋਂ ਦਿੱਤੀ ਸੇਧ ਅਨੁਸਾਰ ਉਹ ਪ੍ਰਮਾਤਮਾ ਨੂੰ ਖੁਸ਼ ਕਰਨ ਲਈ ਕੀਤੇ ਜਾਂਦੇ ਕਰਮ-ਕਾਂਡਾਂ ਨੂੰ ਬੇਲੋੜਾ ਦੱਸਦਾ ਹੈ-

"ਆਵੀਂ ਤੂੰ ਰੱਬਾ ਮੇਰਿਆ
ਵਹਿਲਾ ਵਹਿਲਾ ਆਵੀਂ
ਤੇ ਸਟੀਂ ਪਰੇ, ਹੱਥ ਮੇਰੇ ਵਿੱਚੋਂ ਖੋਹ ਕੇ



BSER

ਇਹ ਘੰਟੀਆਂ, ਟੱਲੀਆਂ——— "

**ਧਨੀ ਰਾਮ ਚਾਤ੍ਰਿਕ** ਪੰਜਾਬੀ ਕਵਿਤਾ ਵਿੱਚ ਸਭਿਆਚਾਰਕ ਚੇਤਨਾ ਵਾਲਾ ਕਵੀ ਹੈ। ਰੋਮਾਨੀ, ਦੇਸ਼ ਭਗਤੀ, ਪੰਜਾਬੀਅਤ ਦੀ ਭਾਵਨਾ ਦਾ ਭਰਪੂਰ ਵਰਨਣ ਚਾਤ੍ਰਿਕ ਕਾਵਿ ਦਾ ਵਿਸ਼ੇਸ਼ ਗੁਣ ਹੈ। ਪਰ ਉਸ ਦੀਆਂ ਕੁਝ ਰਚਨਾਵਾਂ ਵਿੱਚੋਂ ਰਹੱਸਵਾਦੀ ਅੰਸ਼ ਵੀ ਦੇਖਣ ਨੂੰ ਮਿਲਦੇ ਹਨ।'ਰਾਧਾ ਸੰਦੇਸ਼', ਭਗਵਾਨ' ਆਦਿ ਕਵਿਤਾਵਾਂ ਉਦਾਹਰਨ ਮਾਤਰ ਹਨ। ਇਸ ਤੋਂ ਇਲਾਵਾ 'ਸੂਫ਼ੀਖਾਨਾ' ਕਾਵਿ ਸੰਗ੍ਰਹਿ ਦੀਆਂ ਕੁਝ ਕਵਿਤਾਵਾਂ 'ਚੋਂ ਵੀ ਰਹੱਸਵਾਦੀ ਅੰਸ਼ ਲੱਭੇ ਜਾ ਸਕਦੇ ਹਨ। ਚਾਤ੍ਰਿਕ ਪਪੀਹੇ ਦੇ ਪ੍ਰਤੀਕ ਰਾਹੀਂ ਰਹੱਸਵਾਦੀ ਭਾਵਾਂ ਨੂੰ ਇਉਂ ਅਭਿਵਿਅਕਤ ਕਰਦਾ ਹੈ:

"ਪੀਆ ਜੀ ਦੇ ਨਾਲ ਤੇਰੀ ਪ੍ਰੀਤ ਹੈ ਪੁਰਾਣੀ

ਦੱਸੀ ਜਾ ਕਲੇਜਾ ਫੋਲ ਫੋਲ ਵੇ ਪਪੀਹਾ"

**ਪ੍ਰੀਤਮ ਸਿੰਘ ਸਫੀਰ** ਦੀ ਕਵਿਤਾ ਵਿੱਚ ਪ੍ਰੇਮ, ਕ੍ਰਾਂਤੀ ਤੇ ਰੱਹਸ ਤਿੰਨ ਮੁੱਖ ਵਿਸ਼ੇ ਪੇਸ਼ ਹੋਏ ਹਨ। ਕ੍ਰਾਂਤੀਕਾਰੀ ਤੇ ਰੁਮਾਂਸਵਾਦੀ ਰੰਗ ਦੀਆਂ ਕਵਿਤਾਵਾਂ ਦੀ ਸਿਰਜਨਾ ਉਹ ਅੰਤਲੇ ਪੜਾਅ ਤੇ ਕਰਦਾ ਹੈ। 'ਆਦਿ ਜੁਗਾਦਿ', 'ਗੁਰੂ ਗੋਬਿੰਦ ਸਿੰਘ', 'ਸਰਬ ਕਲਾ', 'ਅਪਾਰ ਅਨੂਪ','ਅਨਿਕ ਵਿਸਥਾਰ', 'ਅਗਮ-ਅਗੋਚਰ' ਆਦਿ ਵਰਨਣਯੋਗ ਕਾਵਿ-ਪੁਸਤਕਾਂ ਹਨ।ਸਫ਼ੀਰ ਨੇ ਆਪਣੀ ਕਵਿਤਾ ਵਿੱਚ ਅਧਿਆਤਮਵਾਦ ਨੂੰ ਬਹੁਤ ਉੱਚਾ ਸਥਾਨ ਦਿੱਤਾ ਹੈ। ਉਸ ਨੇ ਨਿੱਜੀ ਪਿਆਰ ਨੂੰ ਵੀ ਰਹੱਸਵਾਦੀ ਰੰਗ ਵਿੱਚ ਢਾਲਿਆ ਹੈ ਤੇ ਗੁਰਬਾਣੀ ਦੇ ਹਵਾਲਿਆਂ ਤੋਂ ਸੇਧ ਲੈ ਕੇ ਵੀ ਰਹੱਸਵਾਦੀ ਵਿਚਾਰ ਪ੍ਰਗਟਾਏ ਹਨ-

"ਦੇਖ ਮਿੱਟੀ ਦੇ ਕਿਣਕਿਆਂ ਨੂੰ ਦੇਖ

ਆਪਣੇ ਰਿਸ਼ਤਿਆਂ ਨੂੰ ਪਛਾਣ।

ਹਵਾ ਵਿੱਚ ਕਹਿੰਦੇ ਹਨ ਹੁੰਦਾ ਹੈ ਪਾਣੀ

ਨਜ਼ਰ ਆਉਂਦਾ ਨਹੀਂ

ਇਸ ਤਰ੍ਹਾਂ ਕੁਝ ਆਤਮਾ ਨੂੰ ਜਾਣ।"

**ਡਾ. ਗੋਪਾਲ ਸਿੰਘ ਦਰਦੀ** ਖੋਜੀ, ਇਤਿਹਾਸਕਾਰ, ਆਲੋਚਕ ਅਤੇ ਲੇਖਕ ਹੈ। 'ਝਨਾਂ ਦੀ ਸਵੇਰ', 'ਹਨੇਰੇ ਸਵਰੇ', 'ਅਨਹਦ ਨਾਦ', 'ਚਾਨਣ ਦਾ ਪਹਾੜ' ਆਦਿ ਕਾਵਿ ਪੁਸਤਕਾਂ ਦਾ ਰਚੈਤਾ ਹੈ। 'ਚਾਨਣ ਦਾ ਪਹਾੜ' ਕਵਿਤਾ ਵਿੱਚ ਉਸ ਨੇ ਸ਼੍ਰੀ ਗੁਰੂ ਨਾਨਕ ਦੇਵ ਜੀ ਨੂੰ ਅਤੇ 'ਮਰਦ ਦਾ ਚੇਲਾ' ਕਵਿਤਾ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੂੰ ਸਿਮਰਿਆ ਹੈ। ਉਦਾਹਰਨ ਵਜੋਂ-

"ਹੁਣ ਕਾਇਨਾਤ ਦੇ ਸਿਰਮੌਰ ਮਨੁੱਖ ਵਿੱਚ

ਕੁਝ ਵੀ ਰਹੱਸਵਾਦ ਵਾਲਾ ਨਹੀਂ ਰਿਹਾ

ਅੰਦਰ ਜੋ ਵਸਤ ਸਾਡੇ ਭਾਂਡੇ ਵਿੱਚ ਢਕੀ ਪਈ ਸੀ

ਉਸ ਦੀ ਹੁੰਮਸ ਹੁਣ ਬਾਹਰ ਨਿਕਲ ਵਗੀ ਹੈ।"



BSER

**ਡਾ. ਜਸਵੰਤ ਸਿੰਘ ਨੇਕੀ** ਪੇਸ਼ੇ ਵੱਲੋਂ ਚਿਕਿਤਸਕ ਹੈ। ਵਿਗਿਆਨਕ ਦ੍ਰਿਸ਼ਟੀਕੋਣ ਤੇ ਉਸ ਨੇ ਰਹੱਸਵਾਦੀ ਕਵਿਤਾ ਦੀ ਸਿਰਜਨਾ ਕੀਤੀ। ਨੇਕੀ ਦੇ ਮਹੱਤਵਪੂਰਨ ਕਾਵਿ ਸੰਗ੍ਰਹਿ ਇਸ ਪ੍ਰਕਾਰ ਹਨ- 'ਅਸਲੇ ਦੇ ਓਹਲੇ', 'ਇਹ ਮੇਰੇ ਸੰਸੇ ਇਹ ਮੇਰੇ ਗੀਤ', 'ਸਿਮਰਤੀ ਦੀ ਕਿਰਨ ਤੋਂ ਪਹਿਲਾਂ', 'ਕਰੁਣਾ ਦੀ ਛੁਹ ਤੋਂ ਮਗਰੋਂ', 'ਪ੍ਰਤੀਬਿੰਬਾਂ ਦੇ ਸਰੋਵਰ ਵਿੱਚੋਂ', 'ਗੀਤ ਮੇਰਾ ਸੋਹਿਲਾ ਤੇਰਾ', 'ਕੋਈ ਨਾਉਂ ਨਾ ਜਾਣੇ ਮੇਰਾ' ਆਦਿ। ਉਸ ਦੀ ਕਵਿਤਾ ਵਿੱਚੋਂ ਨਿਰੋਲ ਸੁਹਜਾਤਮਕ ਰਹੱਸਵਾਦੀ ਕਵਿਤਾ ਦਾ ਹਵਾਲਾ ਵੇਖਿਆ ਜਾ ਸਕਦਾ ਹੈ-

"ਅੱਖੀਓ ਨੀਂ ! ਜਾਚ ਸਿੱਖੋ ਵੇਖਣ ਦੀ

ਰੂਪ ਦੁਹਾਈਆਂ ਦਿੰਦਾ ਨੀ।

ਇਹ ਲਿਸ਼ਕੰਦੜਾ ਕੱਚ, ਪਰਦਾ

ਸੁਹਣਾ ਪਾਰ ਵਸੇਂਦਾ ਨੀ।"

ਇਨ੍ਹਾਂ ਕਵੀਆਂ ਤੋਂ ਬਿਨਾਂ ਕਿਰਪਾ ਸਾਗਰ(ਮਨ-ਤਰੰਗ), ਡਾ. ਮੋਹਨ ਸਿੰਘ ਦੀਵਾਨਾ(ਮਸਤੀ ਤੇ ਸੋਮਰਸ), ਪ੍ਰੇਮ ਸਿੰਘ ਪ੍ਰੇਮ( ਸੁੱਤਾ ਇਸ਼ਕ ਜਾਗਿਆ ਅਤੇ ਪੀੜ ਨਰੋਈ) ਆਦਿ ਨੇ ਵੀ ਨਵ-ਰਹੱਸਵਾਦੀ ਭਾਵ ਵਾਲੀਆਂ ਕਵਿਤਾਵਾਂ ਲਿਖੀਆਂ।

## 2. ਸਟੇਜੀ ਕਵਿਤਾ

ਵੀਹਵੀਂ ਸਦੀ ਵਿੱਚ ਸਟੇਜੀ ਕਵੀਆਂ ਦੀ ਵੀ ਅਮੀਰ ਪਰੰਪਰਾ ਰਹੀ ਹੈ। ਰਾਜਸੀ ਤੇ ਸਭਿਆਚਾਰਕ ਚੇਤਨਾ ਪ੍ਰਦਾਨ ਕਰਨ ਵਿੱਚ ਇਹਨਾਂ ਕਵੀਆਂ ਨੇ ਅਹਿਮ ਭੂਮਿਕਾ ਨਿਭਾਈ। ਆਜਾਦੀ ਸੰਘਰਸ਼ ਦੌਰਾਨ ਇਨ੍ਹਾਂ ਕਵੀਆਂ ਦੀਆਂ ਰਚਨਾਵਾਂ ਨੇ ਭਰਵਾਂ ਯੋਗਦਾਨ ਪਾਇਆ। ਮਨਸਾ ਸਿੰਘ ਦੁਖੀ, ਹੀਰਾ ਸਿੰਘ ਦਰਦ, ਗੁਰਮੁਖ ਸਿੰਘ ਮੁਸਾਫਿਰ ਆਦਿ ਕੁਝ ਵਿਸ਼ੇਸ਼ ਨਾਂ ਹਨ। ਮੌਲਾ ਬਖਸ਼ ਕੁਸ਼ਤਾ ਨੇ ਵੀ ਸਟੇਜੀ ਨਾਮਣਾ ਖੱਟਿਆ ਹੈ।

**ਮੁਹੰਮਦ ਰਮਜ਼ਾਨ 'ਹਮਦਮ'** ਵੀ ਸਟੇਜੀ ਕਵੀਆਂ ਦੀ ਸ਼ਾਨ ਰਿਹਾ। 'ਹੀਰਿਆਂ ਦੀ ਖਾਣ', 'ਲਾਲਾਂ ਦੀਆਂ ਲੜੀਆਂ' ਉਸ ਦੀਆਂ ਮਹੱਤਵਪੂਰਨ ਕਾਵਿ ਪੁਸਤਕਾਂ ਹਨ।

**ਹੀਰਾ ਸਿੰਘ ਦਰਦ** ਦੀਆਂ ਕਾਵਿ-ਪੁਸਤਕਾਂ 'ਦਰਦ ਸੁਨੇਹੇ', 'ਫੁਲਵਾੜੀ', 'ਚਿੱਤਰਾਵਲੀ', 'ਕਿਸਾਨ ਦੀਆਂ ਆਹੀਂ' ਸਟੇਜੀ ਕਵਿਤਾ ਦਾ ਬਿਹਤਰੀਨ ਨਮੂਨਾ ਹਨ।

**ਦਰਸ਼ਨ ਸਿੰਘ ਅਵਾਰਾ** ਕ੍ਰਾਂਤੀਕਾਰੀ ਸੁਰ ਵਾਲਾ ਕਵੀ ਹੈ। 'ਬਿਜਲੀ ਦੀ ਕੜਕ', 'ਅੰਗਰੇਜੀ ਹਕੂਮਤ ਦੇ ਖਿਲਾਫ' ਕਾਵਿ ਸੰਗ੍ਰਹਿ ਨੂੰ ਜ਼ਬਤ ਕਰ ਲਿਆ ਗਿਆ। 'ਬਗਾਵਤ', 'ਇਨਕਲਾਬ ਦੇਰਾਹ', 'ਹਲਚਲ', 'ਗੁਸਤਾਖੀਆਂ', 'ਆਵਰਗੀਆਂ', ਬੇਦੋਸੀਆਂ', 'ਮਜ਼ਬੂਰੀਆਂ' ਆਦਿ ਮਹੱਤਵਪੂਰਨ ਕਾਵਿ-ਪੁਸਤਕਾਂ ਹਨ।

**ਮੁਨਸ਼ਾ ਸਿੰਘ ਦੁਖੀ** ਵੀ ਕ੍ਰਾਂਤੀਕਾਰੀ ਕਵੀ ਸੀ। 'ਗਦਰ ਦੀ ਗੂੰਜ' ਵਿੱਚ ਉਸ ਦੀਆਂ ਕਵਿਤਾਵਾਂ ਛਪਦੀਆਂ ਸਨ। 'ਪ੍ਰੇਮ ਕਾਂਗਾ', 'ਪ੍ਰੇਮ ਬਾਂਗਾ', 'ਪ੍ਰੇਮ ਚਾਂਗਾ', 'ਦੁੱਖ ਹਰਨ ਪ੍ਰਕਾਸ' ਆਦਿ ਉਸ ਦੀਆਂ ਚਰਚਿਤ ਪੁਸਤਕਾਂ ਹਨ।



BSER

**ਤੇਜਾ ਸਿੰਘ ਸਾਬਰ**(ਪਰਛਾਵੇਂ, ਯਾਦਗਾਰ, ਮਨ ਮੰਦਰ), **ਵਿਧਾਤਾ ਸਿੰਘ ਤੀਰ**(ਤੀਰ ਤਰੰਗ, ਅਣਿਆਲੇ ਤੀਰ, ਧਰੂ ਭਗਤ, ਬਚਨ ਵਿਲਾਸ, ਨਲ ਦਮਯੰਤੀ, ਨਵੇਂ ਨਿਸ਼ਾਨੇ, ਦਸਮੇਸ਼ ਦਰਸ਼ਨ, ਗੁੰਗੇ ਗੀਤ) ਆਦਿ ਚਰਚਿਤ ਸਟੇਜੀ ਸ਼ਾਇਰ ਰਹੇ ਹਨ।

**ਫ਼ਿਰੋਜਦੀਨ ਸ਼ਰਫ਼** ਨੇ ਸਮਕਾਲੀ ਸਟੇਜੀ ਕਵੀਆਂ ਵਿੱਚੋਂ ਸਭ ਤੋਂ ਜਿਆਦਾ ਪ੍ਰਸਿੱਧੀ ਖੱਟੀ। ਉਹ ਸਭਿਆਚਾਰਕ ਚੇਤਨਾ ਵਾਲਾ ਕਵੀ ਹੈ। ਉਸ ਨੂੰ 'ਪੰਜਾਬ ਦੀ ਬੁਲਬੁਲ' ਕਹਿ ਕੇ ਨਿਵਾਜਿਆ ਗਿਆ ਹੈ। ਬੈਂਤ ਲਿਖਣ ਵਿੱਚ ਮਾਹਰ ਸੀ। 'ਦੁੱਖਾਂ ਦੇ ਕੀਰਨੇ', 'ਲਾਲਾਂ ਦੀਆਂ ਜੋੜੀਆਂ', 'ਸ਼ਰਫ਼ ਹੁਲਾਰੇ', 'ਸੁਨਹਿਰੀ ਕਲੀਆਂ' , 'ਨੂਰੀ ਦਰਸ਼ਨ', 'ਸ਼ਰਫ਼ ਸੁਨੇਹੇ', 'ਜੋਗਣ', 'ਸ਼ੀਹਰਫ਼ੀ ਮਜਦੂਰ' ਆਦਿ ਉਸ ਦੀਆਂ ਵਿਸ਼ੇਸ਼ ਰਚਨਾਵਾਂ ਹਨ। ਪੰਜਾਬ, ਪੰਜਾਬੀ, ਪੰਜਾਬੀਅਤ ਨਾਲ ਉਸਦਾ ਮੋਹ ਡੁੱਲ੍ਹ ਡੁੱਲ੍ਹ ਪੈਂਦਾ ਹੈ।

**ਧਨੀ ਰਾਮ ਚਾਤ੍ਰਿਕ** ਦੀਆਂ 'ਸਾਉਣ', 'ਮੇਲੇ ਵਿੱਚ ਜੱਟ', 'ਵਿਸਾਖੀ' ਆਦਿ ਰਚਨਾਵਾਂ ਵੀ ਸਟੇਜੀ ਲਹਿਜੇ ਵਾਲੀਆਂ ਹਨ। **ਚਰਨ ਦਾਸ ਸ਼ਹੀਦ**(ਬਾਦਸ਼ਾਹੀਆਂ, ਅਰਸ਼ੀ ਕਿੰਗਰੇ, ਇਸ਼ਕ ਮੁਸ਼ਕ ਤੇ ਬੇਪਰਵਾਹੀਆਂ), **ਈਸਰ ਸਿੰਘ ਭਾਈਆ**(ਧਰਮ ਭਾਈਆ, ਭਾਈਆ ਤਿਲਕ ਗਿਆ, ਪ੍ਰੇਮੀ ਭਾਈਆ, ਹਸਮੁੱਖ ਭਾਈਆ, ਇਨਕਲਾਬੀ ਭਾਈਆ, ਓੜਤੋ ਉੜਤੀ ਭਾਈਆ, ਰੰਗੀਲਾ ਭਾਈਆ, ਨਵਾਂ ਭਾਈਆ, ਨਿਰਾਲਾ ਭਾਈਆ), **ਨੰਦ ਲਾਲ ਨੂਰਪੁਰੀ**, **ਗੁਰਦੇਵ ਸਿੰਘ ਮਾਨ** ਆਦਿ ਲੰਮੀ ਸੂਚੀ ਨਿਰਧਾਰਤ ਕੀਤੀ ਜਾ ਸਕਦੀ ਹੈ।

**ਸ਼ਿਵ ਕੁਮਾਰ ਬਟਾਲਵੀ** ਸਟੇਜੀ ਕਵਿਤਾ ਦਾ ਸਿਰਕੱਢ ਨਾਂ ਹੈ। ਜਿੰਨੀ ਮਕਬੂਲੀਅਤ ਸ਼ਿਵ ਨੂੰ ਮਿਲੀ, ਸ਼ਾਇਦ ਹੀ ਏਨੀ ਕਿਸੇ ਹੋਰ ਕਵੀ ਦੇ ਹਿੱਸੇ ਆਈ ਹੋਵੇ।

ਇਹ ਸਟੇਜੀ ਕਵਿਤਾ ਅੱਜ ਵੀ ਜਾਰੀ ਹੈ। ਰੇਡੀਓ, ਟੀ.ਵੀ., ਅੰਤਰ ਸਕੂਲੀ ਕਾਲਜੀ ਮੁਕਾਬਲਿਆਂ ਦੇ ਰੂਪ ਵਿੱਚ ਅਤੇ ਨਾਭਾ ਕਾਵਿ ਉਤਸਵ ਇਸ ਸਟੇਜੀ ਪ੍ਰਵਿਰਤੀ ਦਾ ਹੀ ਹਿੱਸਾ ਹਨ।

## 3. ਰੁਮਾਂਸਵਾਦੀ ਕਾਵਿ ਪ੍ਰਵਿਰਤੀ

ਇਸ ਪ੍ਰਵਿਰਤੀ ਦੇ ਪ੍ਰਮੁੱਖ ਵਾਹਕ ਮੋਹਨ ਸਿੰਘ ਤੇ ਅੰਮ੍ਰਿਤਾ ਪ੍ਰੀਤਮ ਨੂੰ ਮੰਨਿਆ ਜਾਂਦਾ ਹੈ। ਹਾਲਾਂਕਿ **ਪ੍ਰੋ. ਪੂਰਨ ਸਿੰਘ** 'ਖੁੱਲ੍ਹੇ ਮੈਦਾਨ' ਕਾਵਿ ਪੁਸਤਕ ਜਰੀਏ ਇਸ ਪ੍ਰਵਿਰਤੀ ਨੂੰ ਸਥਾਪਿਤ ਕਰਨ ਦਾ ਯਤਨ ਕਰਦਾ ਨਜ਼ਰ ਆਉਂਦਾ ਹੈ।

**ਪ੍ਰੋ. ਮੋਹਨ ਸਿੰਘ** ਨੇ 'ਸਾਵੇ ਪੱਤਰ', 'ਕਸੁੰਭੜਾ', ਅੱਧਵਾਟੇ' ਆਦਿ ਕਾਵਿ ਪੁਸਤਕਾਂ ਵਿੱਚ ਰੁਮਾਂਸਵਾਦੀ ਰੰਗ ਵਾਲੀ ਕਵਿਤਾ ਲਿਖੀ। ਜਿਵੇਂ-

"ਮੈਂ ਸ਼ਾਇਰ ਰੰਗ ਰੰਗੀਲਾ

ਮੈਂ ਪਲ ਪਲ ਰੰਗ ਵਟਾਵਾਂ

ਮੈਨੂੰ ਜੇ ਰੱਬ ਵੀ ਆਖੇ

ਆ ਮੇਰੇ ਚੌੜੇਪਣ ਵਿੱਚ ਰਲ ਜਾ

ਕਦੀ ਨਾ ਰਲਾਂ



BSEB

ਵੱਖ ਹੀ ਖਲਾਂ"

'ਛੱਤੋ ਦੀ ਬੇਰੀ', 'ਕੁੜੀ ਪੋਠੋਹਾਰ ਦੀ', 'ਹਵਾ ਦਾ ਜੀਵਨ', 'ਬਸੰਤ', 'ਨੂਰ ਜਹਾਂ','ਅਨਾਰਕਲੀ' ਆਦਿ ਅਨੇਕਾਂ ਕਵਿਤਾਵਾਂ ਉਸ ਨੂੰ ਰੁਮਾਂਸਵਾਦੀ ਕਵੀ ਘੋਸ਼ਿਤ ਕਰਦੀਆਂ ਹਨ।

**ਅੰਮ੍ਰਿਤਾ ਪ੍ਰੀਤਮ** ਇਸ ਪ੍ਰਵਿਰਤੀ ਦਾ ਵਿਸ਼ੇਸ਼ ਨਾਂ ਹੈ। 'ਠੰਡੀਆਂ ਕਿਰਨਾਂ', 'ਅੰਮ੍ਰਿਤ ਲਹਿਰਾਂ', 'ਜਿਉਂਦਾ ਜੀਵਨ', 'ਤ੍ਰੇਲ ਧੋਤੇ ਫੁੱਲ', 'ਓ ਗੀਤਾਂ ਵਾਲਿਆ', 'ਬੱਦਲਾਂ ਦੇ ਪੱਲੇ ਵਿੱਚ', ਸੰਝ ਦੀ ਲਾਲੀ', ਆਦਿ ਰਚਨਾਵਾਂ ਦੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ। ਪਿਛਲੇ ਸਮੇਂ ਵਾਲੀ ਕਵਿਤਾ ਵਿੱਚ ਪ੍ਰਗਤੀ ਵਾਦੀ ਵਿਚਾਰਧਾਰਾ ਵੀ ਦਿਖਾਈ ਦੇਣ ਲੱਗਦੀ ਹੈ ਜੋ ਰੁਮਾਂਟਿਕ-ਪ੍ਰਗਤੀਵਾਦੀ ਪ੍ਰਵਿਰਤੀ ਦਾ ਹਿੱਸਾ ਲੱਗਦੀ ਹੈ।

**ਬਾਵਾ ਬਲਵੰਤ** ਪ੍ਰਮੁੱਖ ਤੌਰ 'ਤੇ ਪ੍ਰਗਤੀ ਵਾਦੀ ਕਵੀ ਹੈ। 'ਉਸ ਦਾ ਹਾਰ', 'ਤੇਰਾ ਇੱਕ ਦਿਲ ਹੈ ਜਾਂ ਦੋ', ਆਦਿ ਕਵੀਤਾਵਾਂ ਵਿੱਚੋਂ ਰੁਮਾਂਸਵਾਦੀ ਭਾਅ ਵੀ ਮਾਰਦੀ ਹੈ।

**ਪ੍ਰੀਤਮ ਸਿੰਘ ਸਫੀਰ** ਵੀ ਪ੍ਰਗਤੀਵਾਦੀ ਕਵੀ ਹੈ। ਪਰ ਕੁਝ ਕਵਿਤਾਵਾਂ ਵਿੱਚ ਰੁਮਾਂਸਵਾਦੀ ਲਹਿਜਾ ਵੀ ਦੇਖਿਆ ਜਾ ਸਕਦਾ ਹੈ। ਇੰਝ ਧਨੀ ਰਾਮ ਚਾਤ੍ਰਿਕ, ਕਿਰਪਾ ਸਾਗਰ ਆਦਿ ਕਵੀ ਵੀ ਇਸ ਲੜੀ ਦਾ ਹਿੱਸਾ ਬਣਦੇ ਹਨ।

ਜੀਵਨ ਪ੍ਰਤੀ ਵਿਅਕਤੀਗਤ ਦ੍ਰਿਸ਼ਟੀਕੋਣ, ਸੰਸਕ੍ਰਿਤ ਦੇ ਬੰਧਨਾਂ ਦਾ ਵਿਰੋਧ, ਕਲਪਨਾ ਦੀ ਉਡਾਰੀ, ਅਤੀਤ ਦਾ ਮੋਹ, ਪਰਾਸਰੀਰਕਤਾ ਦੀ ਵਿਲੱਖਣਤਾ ਆਦਿ ਇਸ ਕਵਿਤਾ ਦੇ ਮੁੱਖ ਲੱਛਣ ਹਨ।

## 4. ਪ੍ਰਗਤੀਵਾਦੀ ਕਾਵਿ ਪ੍ਰਵਿਰਤੀ

ਪ੍ਰਗਤੀਵਾਦੀ ਕਾਵਿ ਧਾਰਾ ਆਧੁਨਿਕ ਪੰਜਾਬੀ ਕਵਿਤਾ ਦੀ ਪਹਿਲੀ ਸੁਚੇਤ ਕਾਵਿ ਧਾਰਾ ਹੈ, ਜੋ ਮਾਰਕਸਵਾਦੀ ਵਿਸ਼ਵ ਦਰਸ਼ਨ ਦੀ ਪੈਰਵੀਂ ਕਰਦੀ ਨਜ਼ਰ ਆਉਂਦੀ ਹੈ। 1936 ਵਿੱਚ ਮੁਲਕ ਦੀ ਪ੍ਰਗਤੀਸ਼ੀਲ ਸੰਘ ਦੀ ਸਥਾਪਨਾ ਨੇ ਇਸ ਧਾਰਾ ਨੂੰ ਪ੍ਰਫੁਲਿਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ। ਮੁਨਸ਼ੀ ਪ੍ਰੇਮ ਚੰਦ ਵਰਗੇ ਪ੍ਰਬੁੱਧ ਸਾਹਿਤਕਾਰਾਂ ਦੇ ਵਿਚਾਰਾਂ ਨੇ ਬੁੱਧੀਜੀਵੀ ਸਾਹਿਤਕਾਰਾਂ ਨੂੰ ਪੂਰੀ ਤਰਾਂ ਝੰਜੋੜਿਆ। ਸਾਮਰਾਜਵਾਦ ਦਾ ਵਿਰੋਧ ਆਦਿ ਇਸ ਪ੍ਰਵਿਰਤੀ ਦੇ ਪ੍ਰਮੁੱਖ ਲੱਛਣ ਹਨ। ਲੋਕ ਹਿੱਤਾਂ ਦੀ ਪੈਰਵੀ ਕਰਨਾ ਇਸ ਧਾਰਾ ਦਾ ਪ੍ਰਮੁੱਖ ਏਜੰਡਾ ਹੈ।

ਪੰਜਾਬੀ ਦੇ ਪ੍ਰਗਤੀਵਾਦੀ ਕਵੀ ਵੀ ਇਸ ਪ੍ਰਵਿਰਤੀ 'ਚ ਅਹਿਮ ਹਿੱਸਾ ਪਾਉਂਦੇ ਨਜ਼ਰ ਆਉਂਦੇ ਹਨ। **ਪ੍ਰੋ. ਮੋਹਨ ਸਿੰਘ** ਦੀਆਂ ਕੁਝ ਕਾਵਿ ਰਚਨਾਵਾਂ(ਕੱਚ ਸੱਚ, ਆਵਾਜਾਂ, ਵੱਡਾ ਵੇਲਾ, ਜੰਦਰੇ, ਜੈਮੀਰ, ਬੂਹੇ) 'ਚੋਂ ਪ੍ਰਗਤੀਵਾਦੀ ਅੰਸ਼ ਦਿਖਾਈ ਦਿੰਦੇ ਹਨ। ਉਸ ਦੀ ਕਵਿਤਾ 'ਦੋ ਟੋਟਿਆਂ ਵਿੱਚ ਭੋਂ ਟੁੱਟੀ', ਜਾਂ 'ਤਾਜਮੱਹਲ' ਹਵਾਲੇ ਪ੍ਰਗਤੀਵਾਦੀ ਵਿਚਾਰਧਾਰਾ ਦੇ ਨਮੂਨੇ ਹਨ-

"ਦੋ ਟੋਟਿਆਂ ਵਿੱਚ ਭੋਂ ਟੁੱਟੀ

ਇੱਕ ਮਹਿਲਾਂ ਦਾ ਇੱਕ ਢੋਕਾਂ ਦਾ

ਦੋ ਧੜਿਆਂ ਵਿੱਚ ਖਲਕਤ ਵੰਡੀ

ਇੱਕ ਲੋਕਾਂ ਦਾ ਇੱਕ ਜੋਕਾਂ ਦਾ।"

**ਅੰਮ੍ਰਿਤਾ ਪ੍ਰੀਤਮ** ਵੀ ਲੋਕ ਪੀੜਾ ਨੂੰ ਮਹਿਸੂਸਦੀ ਹੈ ਤੇ 'ਅੱਜ ਆਖਾਂ ਵਾਰਸ਼ ਸ਼ਾਹ ਨੂੰ' ਕਵਿਤਾ ਦੀ ਸਿਰਜਣਾ ਜਰੀਏ ਲੋਕ ਆਵਾਜ਼ ਬਣਦੀ ਹੈ। 'ਲੰਮੀਆਂ ਵਾਟਾਂ', 'ਸਰਘੀ ਵੇਲਾ', 'ਅਸ਼ੋਕਾ ਚੇਤੀ', 'ਨਾਗਮਣੀ', 'ਤ੍ਰਿੰਝਣ' ਆਦਿ ਵਰਨਣਯੋਗ ਕਾਵਿ ਰਚਨਾਵਾਂ ਹਨ। ਅੰਮ੍ਰਿਤਾ ਦੀ ਕਵਿਤਾ ਪੰਜਾਬ, ਪੰਜਾਬੀਅਤ ਅਤੇ ਮਜ਼ਦੂਰ ਵਰਗ ਦੀ ਜ਼ੁਬਾਨ ਬਣਦੀ ਵੀ ਨਜ਼ਰ ਆਉਂਦੀ ਹੈ–

"ਕਿੱਕਰਾ ਵੇ ਕੰਡਿਆਲਿਆ

ਉੱਤੋਂ ਚੜ੍ਹਿਆ ਪੋਹ

ਹੱਕ ਜਿੰਨ੍ਹਾਂ ਦੇ ਆਪਣੇ

ਆਪ ਲੈਣਗੇ ਖੋਹ।"

**ਬਾਵਾ ਬਲਵੰਤ** ਨਿਰੋਲ ਪ੍ਰਗਤੀਵਾਦੀ ਕਵਿਤਾ ਸਿਰਜਣਾ ਕਰਦਾ ਹੈ। 'ਅਮਰਗੀਤ', 'ਜਵਾਲਾਮੁਖੀ', 'ਬੰਦਰਗਾਹ', 'ਸੁਗੰਧ ਸਮੀਰ' ਆਦਿ ਕਾਵਿ ਪੁਸਤਕਾਂ ਉਸ ਦੀ ਵਿਚਾਰਧਾਰਾ ਦੀ ਹਾਮੀ ਭਰਦੀਆਂ ਹਨ। ਬਾਵਾ ਨੇ ਵਿਸ਼ਵ ਦ੍ਰਿਸ਼ਟੀ ਤੋਂ ਜੋ ਕੁਝ ਦੇਖਿਆ ਪਰਖਿਆ, ਉਹ ਉਸ ਦੀ ਰਚਨਾਕਾਰੀ ਦਾ ਵਸਤੂ ਬਣਿਆ।

"ਇਹ ਈਸ਼ਵਰ ਪਾਖੰਡ

ਤੇ ਕੁਰਬਾਨੀਆਂ ਪਾਖੰਡ

ਹੈ ਆਦਮੀ ਦਾ ਅਮਲ 'ਚ

ਆਦਮੀ ਹੀ ਦਾਰੂ।"

**ਪ੍ਰੀਤਮ ਸਿੰਘ ਸਫ਼ੀਰ**(ਕੱਤਕ ਕੂੰਜਾਂ, ਰਕਤ ਬੂੰਦਾਂ), **ਗੁਰਚਰਨ ਰਾਮਪੁਰੀ**(ਕਿਣਕਾਂ, ਦੀ ਖ਼ੁਸ਼ਬੋ), **ਸੰਤੋਖ ਸਿੰਘ ਧੀਰ** (ਧਰਤੀ ਮੰਗਦੀ ਮੀਂਹ ਵੇ, ਪੱਤਝੜੇ ਪੁਰਾਣੇ) **ਅਜਾਇਬ ਚਿੱਤਰਕਾਰ**(ਭੁਲੇਖਾ, ਸੱਜਰੀ ਪੈੜ, ਸੂਰਜਮੁਖੀਆ) ਆਦਿ ਕਵੀਆਂ ਨੇ ਪ੍ਰਗਤੀਵਾਦੀ ਕਵਿਤਾ ਦੀ ਸਿਰਜਣਾ ਜਾਰੀ ਰੱਖੀ।

## 5. ਪ੍ਰਯੋਗਸ਼ੀਲ ਪ੍ਰਵਿਰਤੀ

ਪ੍ਰਯੋਗਸ਼ੀਲ ਲਹਿਰ ਦੀ ਕਵਿਤਾ, ਪ੍ਰਗਤੀਵਾਦੀ ਪੰਜਾਬੀ ਕਵਿਤਾ ਦੇ ਪ੍ਰਤੀਕਰਮ ਵਜੋਂ ਪੈਦਾ ਹੋਈ। ਇਸ ਲਹਿਰ ਦੇ ਸਮਰਥਕਾਂ ਦਾ ਦਾਅਵਾ ਸੀ ਕਿ ਰਮਾਂਟਿਕ ਕਵੀਆਂ ਨੇ ਨਾਅਰੇਬਾਜੀ ਕੀਤੀ ਹੈ। ਸੋ ਪ੍ਰਯੋਗ ਜਰੂਰੀ ਹੈ। 30 ਦਸੰਬਰ 1962 ਨੂੰ ਜਲੰਧਰ ਵਿਖੇ ਪ੍ਰਯੋਗਵਾਦੀ ਕਵੀਆਂ ਨੇ ਪਹਿਲਾਂ ਸੰਮੇਲਨ ਬੁਲਾਇਆ ਤੇ ਨਿਮਨਲਿਖਤ ਸਿਧਾਂਤ ਪੇਸ਼ ਕੀਤੇ–

- ਕਿਸੇ ਵਾਦ ਵਿੱਚ ਨਾ ਬੱਝਣਾ
- ਵਿਅਕਤੀ ਦੀ ਛੋਟੀ ਤੋਂ ਛੋਟੀ ਕ੍ਰਿਆ ਦੀ ਅਭਿਵਿਅਕਤੀ
- ਅਨਿਆਇ ਦਾ ਵਿਰੋਧ

– ਆਤਮਹੀਣ ਕਰਨ ਵਾਲੀਆਂ ਸਥਿਤੀਆਂ ਦੀ ਵਿਰੋਧਤਾ

– ਹਰੇਕ ਕਿਸਮ ਦੇ ਪਾਖੰਡ ਦਾ ਵਿਰੋਧ

– ਗਿਆਨ ਨੂੰ ਵਿਗਿਆਨ 'ਚ ਰੂਪਾਂਤਰਨ ਕਰਨਾ ਆਦਿ

ਪੰਜਾਬੀ ਕਵੀਆਂ ਨੇ ਸਿਧਾਤਾਂ ਤੋਂ ਦਿਸ਼ਾ ਲੈਂਦਿਆ ਕਾਵਿ ਸਿਰਜਣਾ ਆਰੰਭ ਕੀਤੀ, ਜਿਸ ਵਿੱਚ **ਸੁਖਪਾਲ ਵੀਰ ਹਸਰਤ**(ਹਯਾਤੀ ਦੇ ਸੋਮੇ, ਵਣ ਕੰਬਿਆ, ਮੋਹ ਮਾਇਆ, ਸ਼ਕਤੀ ਨਾਦ, ਵਿਸਮਾਦ ਰੰਗ, ਦਿਲ ਦਰਵਾਜਾ ਆਦਿ) ਦਾ ਸਾਹਮਣੇ ਆਇਆ।

**ਜਸਬੀਰ ਸਿੰਘ ਆਹਲੂਵਾਲੀਆ**(ਕਾਗਜ਼ ਦੇ ਰਾਵਣ, ਕੂੜ ਰਾਜਾ ਕੂੜ ਪਰਜਾ, ਸੱਚ ਕੀ ਬੇਲਾ, ਬਾਹਰੋਂ ਸਰਾਪੇ ਅੰਦਰੋਂ ਗਵਾਚੇ, ਕਇਆ ਕਪੜੁ ਟੁਕ ਟੁਕ ਹੋਸੀ) ਪ੍ਰਯੋਗਸ਼ੀਲ ਕਵੀਆਂ ਦੇ ਮੋਢੀਆਂ ਵਿੱਚ ਇੱਕ ਖਾਸ ਨਾਂ ਹੈ। ਉਸ ਨੇ ਕਵਿਤਾ ਦੀ ਨਵੀਂ ਰੂਪ ਵਿਧੀ ਘੜਣ ਵਿੱਚ ਸਭ ਤੋਂ ਅਹਿਮ ਯੋਗਦਾਨ ਪਾਇਆ। ਜਿਵੇਂ–

"ਲੰਬੇ ਸਫ਼ਰ ਦੇ ਸਾਥ ਦੀ

ਜੋ ਗੱਲ ਕਰਦੇ ਸਨ ਕਦੀਂ

ਪਲ ਹੀ ਪਲ ਵਿੱਚ ਹੋ ਗਏ ਕਿਉਂ

ਸ਼ਕਲ ਤੋਂ ਹੀ ਅਜਨਬੀ।"

ਇਸ ਪ੍ਰਵਿਰਤੀ ਵਿੱਚ **ਰਵਿੰਦਰ ਰਵੀ** ਨੇ 'ਦਿਲ ਦਰਿਆ ਸਮੁੰਦਰੋਂ ਡੂੰਘੇ', 'ਬੁੱਕਲ ਦੇ ਵਿੱਚ ਚੋਰ', 'ਬਿੰਦੂ', 'ਮੌਨ ਹਾਦਸੇ', 'ਦਿਲ ਟਰਾਂਸਪਲਾਂਟ ਤੋਂ ਬਾਅਦ', 'ਸ਼ਹਿਰ ਜੰਗਲੀ', 'ਮੇਰੇ ਮੌਸਮਾਂ ਦੀ ਵਾਰੀ', 'ਸੂਰਜ ਤੇਰਾ ਮੇਰਾ' ਆਦਿ ਰਚਨਾਵਾਂ ਦੁਆਰਾ ਪ੍ਰਗਤੀਵਾਦੀ ਤੇ ਪ੍ਰਯੋਗਸ਼ੀਲ ਲਹਿਰ ਵਿੱਚਕਾਰ ਪੁਲ ਦਾ ਕੰਮ ਕੀਤਾ। ਉਸ ਨੇ ਮਾਨਵਵਾਦ ਨਾਲ ਭਰਪੂਰ ਪ੍ਰਯੋਗਸ਼ੀਲ ਕਵਿਤਾ ਰਚ ਕੇ ਪ੍ਰਯੋਗਸ਼ੀਲ ਕਵਿਤਾ ਨੂੰ ਨਵੇਂ ਅਰਥ ਪ੍ਰਦਾਨ ਕੀਤੇ।

**ਅਜਾਇਬ ਕਮਲ**(ਤਾਸ਼ ਦੇ ਪੱਤੇ, ਸ਼ਤਰੰਜ ਦੀ ਖੇਡ, ਮਨੁੱਖ ਦੇ ਖਲਾਅ, ਇਕੋਤਰ ਸੌ ਅੱਖਾਂ ਵਾਲਾ ਮਹਾਂਭਾਰਤ, ਮੈਂ ਜੋ ਪੈਗੰਬਰ, ਧਤਰੀਨਾਮਾ, ਸੂਰਜਨਾਮਾ ਆਦਿ) ਤੋਂ ਬਿਨਾਂ ਜਗਤਾਰ(ਰੁੱਤਾਂ ਰਾਂਗਲੀਆਂ ਅਤੇ ਤਲਖੀਆਂ ਰੰਗੀਨੀਆਂ), **ਹਰਿਭਜਨ ਸਿੰਘ** ( ਨਾ ਧੁੱਪੇ ਨਾ ਛਾਵੇਂ, ਸੜਕ ਦੇ ਸਫ਼ੇ ਉੱਤੇ), **ਐੱਸ. ਐੱਸ. ਮੀਸ਼ਾ**(ਚੁਰੱਸਤਾ) ਨੇ ਵੀ ਇਸ ਲਹਿਰ ਦੇ ਪ੍ਰਭਾਵ ਵਾਲੀਆਂ ਕਵਿਤਾਵਾਂ ਰਚੀਆਂ।

## 6. ਜੁਝਾਰਵਾਦੀ ਕਾਵਿ ਪ੍ਰਵਿਰਤੀ

ਪੰਜਾਬੀ ਕਵਿਤਾ ਪ੍ਰਯੋਗਵਾਦੀ ਕਵਿਤਾ ਦੀ ਖੜੋਤ ਤੋਂ ਅੱਗੇ ਤੁਰਦੀ ਹੋਈ ਜੁਝਾਰ ਵਿਦਰੋਹੀ ਕਾਵਿ ਧਾਰਾ 'ਚ ਪ੍ਰਵੇਸ਼ ਕਰਦੀ ਹੈ। ਇਹ ਧਾਰਾ ਪ੍ਰਗਤੀਵਾਦੀ ਵਿਚਾਰਾਂ ਨਾਲ ਵੀ ਸੰਵਾਦ ਰਚਾਉਂਦੀ ਹੈ ਤੇ ਕ੍ਰਾਂਤੀਕਾਰੀ ਪਰਿਵਰਤਨ ਦਾ ਸੁਨੇਹਾ ਵੀ ਦਿੰਦੀ ਹੈ। ਇਸ ਕਾਵਿ ਨੂੰ ਭਾਰਤ ਵਿੱਚ ਉੱਗੀ ਨਕਸਲਬਾੜੀ ਲਹਿਰ ਨਾਲ ਵੀ ਜੋੜਿਆ ਜਾਂਦਾ ਰਿਹਾ ਹੈ। ਇਸ ਲਈ ਜੁਝਾਰਵਾਦੀ ਕਵਿਤਾ ਨੂੰ ਕਈ ਵਾਰ ਨਕਸਲਬਾੜੀ ਜਾਂ ਕ੍ਰਾਂਤੀਕਾਰੀ ਕਵਿਤਾ ਵੀ ਕਿਹਾ ਜਾਂਦਾ ਹੈ ਅਤੇ ਕਈ ਵਿਚਾਰਕਾਂ ਨੇ 'ਨਵ–ਪ੍ਰਗਤੀਵਾਦੀ' ਕਵਿਤਾ ਦੀ ਸੰਗਿਆ ਦਿੱਤੀ ਹੈ। ਮੰਦਭਾਗੀਆਂ ਤਤਕਾਲੀ ਘਟਨਾਵਾਂ ਤੇ ਤਿੱਖਾ ਪ੍ਰਤੀਕਰਮ ਕਰਨਾ ਇਸ ਕਾਵਿ



BSER

ਦਾ ਵਿਸ਼ੇਸ਼ ਲੱਛਣ ਕਿਹਾ ਜਾ ਸਕਦਾ ਹੈ। ਇੰਝ ਇਸ ਕਾਵਿ ਧਾਰਾ ਦੀਆਂ ਹੋਰ ਵਿਸ਼ੇਸ਼ਤਾਵਾਂ ਵੀ ਨਿਰਧਾਰਤ ਕੀਤੀਆਂ ਜਾ ਸਕਦੀਆਂ ਹਨ–

- ਅਣਸੁਖਾਵੇਂ ਮਾਹੌਲ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨਾ।
- ਸਿਧਾਂਤ ਦੀ ਬਜਾਇ ਵਿਵਹਾਰਕ ਪੱਖੋਂ ਨੂੰ ਵਧੇਰੇ ਤਵੱਜੋ ਦੇਣਾ।
- ਕਵੀ ਕਤਲ ਤੇ ਹਿੰਸਾ ਨੂੰ ਰਾਜਨੀਤਕ ਸਾਧਨ ਵਜੋਂ ਵਰਤਣਾ।
- ਜਨ ਸਾਧਾਰਨ ਸੰਘਰਸ਼ ਦੀ ਬਜਾਇ ਗੁਰੀਲਾ ਯੁੱਧ ਦਾ ਸਮਰਥਨ।
- ਮਜਦੂਰ ਸ਼੍ਰੇਣੀ ਦੇ ਹੱਕਾਂ ਦੀ ਰਾਖੀ।
- ਪਰੰਪਰਕ ਮੁੱਲਾਂ ਦਾ ਖੰਡਨ।
- ਦੁਸ਼ਮਣ ਨੂੰ ਸਿੱਧੀ ਲਲਕਾਰ।

**ਪਾਸ਼( ਅਵਤਾਰ ਸਿੰਘ ਸੰਧੂ)** 'ਲੋਹ ਕਥਾ', 'ਉੱਡਦੇ ਬਾਜਾਂ ਮਗਰ', 'ਸਾਡੇ ਸਮਿਆਂ ਵਿੱਚ' ਆਦਿ ਰਚਨਾਵਾਂ ਰਾਹੀਂ ਇਸ ਕਾਵਿ ਧਾਰਾ ਦੇ ਮੋਢੀ ਵਜੋਂ ਸਾਹਮਣੇ ਆਉਂਦਾ ਹੈ। ਪਾਸ਼ ਦੀ ਕਵਿਤਾ 'ਚੋਂ ਕ੍ਰਾਂਤੀ ਦੇ ਲਲਕਾਰੇ-ਝਲਕਾਰੇ ਸਹਿਜੇ ਹੀ ਪਛਾਣੇ ਜਾ ਸਕਦੇ ਹਨ। ਉਹ ਸਥਾਪਤ ਰਾਜ ਪ੍ਰਬੰਧ ਦੀ ਘਿਨੌਣੀ ਹਰਕਤ ਦੇ ਪਾਜ਼ ਉਧੇੜਦਾ ਹੈ। ਉਹ ਭਾਰਤੀ ਕੌਮੀਂ ਏਕਤਾ ਦੇ ਵਿਖਾਵੇ ਤੇ ਵੀ ਕਿੰਤੂ ਕਰਦਾ ਹੈ। ਉਹ ਕਿਸਾਨੀ ਸੰਕਟ ਤੇ ਮਜ਼ਦੂਰ ਦੇ ਦਰਦ ਨੂੰ ਵੀ ਭਲੀ ਭਾਂਤ ਸਮਝਦਾ ਹੈ–

"ਰੋਜ ਹੀ ਬਲਦਾਂ ਦਿਆਂ ਬੁੱਟਾਂ 'ਚ ਤਰਦਾ ਹੈ।

ਤੂੜੀ ਦੇ ਮੋਟੇ ਟੰਡਲਾ ਦਾ ਸਹਿਮਾ ਸੁਆਦ

ਜਿਵੇਂ ਬੀਮਾਰੀ ਨਾਲ ਮਰੀ ਹੋਈ

ਪਾਲਤੂ ਕੁਕੜੀ ਦੀ ਦਾਲ ਸੰਘ ਵਿੱਚ ਫਸਦੀ ਹੈ।"

**ਡਾ. ਜਗਤਾਰ** ਨਵ-ਪ੍ਰਗਤੀਵਾਦੀ ਕਾਵਿ ਧਾਰਾ ਦਾ ਵਿਲੱਖਣ ਅਤੇ ਸਿਰਮੌਰ ਨਾਂ ਹੈ। 'ਰੁੱਤਾਂ ਰਾਂਗਲੀਆਂ', 'ਸ਼ੋਖ਼ੀਆਂ ਰੰਗੀਨੀਆਂ', 'ਦੁੱਧ ਪੱਥਰੀ', 'ਲਹੂ ਦੇ ਨਕਸ਼', 'ਛਾਂਗਿਆ ਰੁੱਖ', 'ਸੀਸ਼ੇ ਦਾ ਜੰਗਲ' ਆਦਿ ਉਸ ਦੇ ਪ੍ਰਸਿੱਧ ਕਾਵਿ ਸੰਗ੍ਰਹਿ ਹਨ। ਉਸ ਕੋਲ ਇੱਕ ਚੰਗੇ ਕਵੀ ਵਾਲਾ ਸੁਹਜ ਤੇ ਸੰਜਮ ਮੌਜੂਦ ਹੈ। ਉਸ ਦੇ ਵਿਚਾਰਾ ਦੀ ਪਕਿਆਈ ਤੇ ਡੂੰਘਾਈ ਉਸ ਨੂੰ ਕਲਾ ਪੱਖੋਂ ਨਿਪੁੰਨ ਕਵੀ ਸਿੱਧ ਕਰਦੀ ਹੈ। ਪੰਜਾਬੀ ਗ਼ਜ਼ਲ ਦੇ ਵਿਸ਼ੇਸ਼ ਰੰਗ ਨੂੰ ਨਿਖਾਰਨ ਵਿੱਚ ਉਸ ਦਾ ਵੱਡਾ ਯੋਗਦਾਨ ਹੈ।

ਇਸ ਧਾਰਾ ਵਿੱਚ **ਲਾਲ ਸਿੰਘ ਦਿਲ**(ਸਤਲੁਜ ਦੀ ਹਵਾ, ਬਹੁਤ ਸਾਰੇ ਸੂਰਜ, ਨਾਗ ਲੋਕ ਆਦਿ), **ਸੰਤ ਰਾਮ ਉਦਾਸੀ** (ਸੈਨਤਾਂ, ਚੋ-ਨੁਕਰੀਆਂ, ਸੀਖਾਂ, ਲਹੂ ਤੋਂ ਲੋਹੇ ਤੱਕ ਆਦਿ) ਮਹੱਤਵਪੂਰਨ ਕਵੀ ਹਨ। **ਸੰਤ ਰਾਮ ਉਦਾਸੀ ਦੀਆਂ** ਕਾਵਿ-ਰਚਨਾਵਾਂ ਕ੍ਰਾਂਤੀ ਦੇ ਸੁਨੇਹੇ ਪੱਖੋਂ ਲੋਕ ਜੁਬਾਨ ਦਾ ਸਿੰਗਾਰ ਬਣਦੀਆਂ ਹਨ। ਉਸ ਨੇ ਹਾਸ਼ੀਆਗਤ ਸ਼੍ਰੇਣੀ ਦੇ ਕਠੋਰ ਦਰਦਮਈ ਜੀਵਨ ਨੂੰ ਕਾਵਿ-ਜੁਬਾਨ ਦਿੱਤੀ। **ਓਮ ਪ੍ਰਕਾਸ਼ ਸ਼ਰਮਾ** (ਲੱਪ ਚਿਣਗਾਂ ਦੀ) ਅਣਗੌਲਿਆ ਕਵੀ ਰਿਹਾ ਹੈ, ਜਿਸ ਨੇ ਨਕਸਲਬਾੜੀ 'ਚ ਖੁਦ ਹਿੱਸਾ ਲੈ ਕੇ, ਪ੍ਰਭਾਵਿਤ ਵਿਚਾਰਾਂ ਨੂੰ ਆਪਣੇ ਕਾਵਿ ਦਾ ਹਿੱਸਾ ਬਣਾਇਆ।



BSEB

**ਦਰਸ਼ਨ ਖਟਕੜ** (ਸੰਗੀ ਸਾਥੀ), **ਸੰਤ ਸੰਧੂ**, **ਸੁਦੀਪ ਗਰੇਵਾਲ**, **ਪਿੰਦਰਪਾਲ ਭੱਠਲ**, **ਅਮਰਜੀਤ ਚੰਦਨ**( ਕੌਣ ਨਹੀਂ ਚਾਹੇਗਾ) ਆਦਿ ਕਵੀ ਯੋਗਦਾਨ ਪਾਉਂਦੇ ਹਨ।

## 7. ਸੁਹਜਵਾਦੀ ਕਾਵਿ ਪ੍ਰਵਿਰਤੀ

1960 ਤੋਂ ਬਾਅਦ ਜਿਹੜੀ ਕਵਿਤਾ ਰਚੀ ਗਈ, ਉਸ ਨੂੰ ਨਵੀਨ, ਆਧੁਨਿਕ, ਸੁਹਜਵਾਦੀ ਕਹਿ ਕੇ ਵੱਖਰਿਆਇਆ ਜਾਂਦਾ ਰਿਹਾ ਹੈ। ਇਸ ਪ੍ਰਵਿਰਤੀ ਦੇ ਅੰਤਰਗਤ ਆਂਤਰਿਕ ਸਮਾਜਕ ਯਥਾਰਥ ਵਿਸ਼ੇਸ਼ ਕਰ ਕੇ ਮਨੁੱਖੀ ਮਨੋ ਸੰਸਾਰ ਦੇ ਕਰਮਾਂ-ਪ੍ਰਤੀ ਕਰਮਾਂ, ਤਰਕਾਂ-ਵਿਤਰਕਾਂ, ਇੱਛਾਵਾਂ, ਅਪੂਰਤੀਆਂ ਆਦਿ ਕੇਂਦਰੀ ਸੁਰ ਵਜੋਂ ਉਭਰਦੇ ਹਨ। ਮਨੋਬਚਨੀ, ਇਕਬਾਲੀਆ ਬਿਆਨ, ਸਵੈ ਕਥਨ, ਤਨਜ਼, ਕਟਾਕ਼ਸ਼ ਆਦਿ ਕਾਵਿ ਜੁਗਤਾਂ ਦੀ ਨਿਸ਼ਾਨਦੇਹੀ ਹੁੰਦੀ ਹੈ। ਸਵੈ-ਸੰਬੋਧਨ ਇਸ ਕਾਵਿ ਦਾ ਖਾਸ ਗੁਣ ਹੈ, ਇਸ ਧਾਰਾ ਦੇ ਮੁੱਖ ਸ਼ਾਇਰ ਡਾ. ਹਰਿਭਜਨ ਸਿੰਘ, ਸ.ਸ.ਮੀਸ਼ਾ, ਜਸਵੰਤ ਨੇਕੀ, ਸ਼ਿਵ ਕੁਮਾਰ ਬਟਾਲਵੀ, ਤਾਰਾ ਸਿੰਘ, ਭਗਵੰਤ ਸਿੰਘ ਆਦਿਕ ਹਨ।

**ਡਾ. ਹਰਿਭਜਨ ਸਿੰਘ** (ਲਾਸਾਂ, ਅਧਰੈਣੀ, ਨਾ ਧੁੱਪੇ ਨਾ ਛਾਵੇਂ,ਸੜਕ ਦੇ ਸਫ਼ੇ ਤੇ, ਟੁੱਕੀਆਂ ਜੀਭਾਂ ਵਾਲੇ, ਮੱਥਾ ਦੀਵੇ ਵਾਲਾ, ਮਹਿਕਾਂ ਨੂੰ ਜੰਦਰੇ ਨਾ ਮਾਰੀ, ਅਲਵਿਦਾ ਕਹਿਣ ਤੋਂ ਪਹਿਲਾਂ ਆਦਿ) ਨੇ ਪੰਜਾਬੀ ਕਾਵਿ ਨੂੰ ਨਵੀਂ ਸੁਹਜਵਾਦੀ ਚੇਤਨਾ ਪ੍ਰਦਾਨ ਕੀਤੀ। ਪ੍ਰਗੀਤਕਤਾ ਉਸ ਦੀ ਕਵਿਤਾ ਦੀ ਪ੍ਰਧਾਨ ਸੁਰ ਹੈ। ਉਸ ਦੇ ਗੀਤਾਂ ਵਿੱਚ ਜਜਬੇ ਦੀ ਗਹਿਰਾਈ, ਭਾਵਾਂ ਦੀ ਰਵਾਨਗੀ ਅਤੇ ਸਰੋਦੀਪਨ ਹੈ:

– "ਅੱਧੀ ਰਾਤ ਬਲੂੰਗਾ ਵਿੱਲਕੇ
ਨੀ ਮਾਏ ਮੇਰੀਏ।"

– "ਵੇ ਮੈਂ ਭਰੀ ਸੁਗੰਧੀਆਂ ਪੌਣ
ਸੱਜਣ ਤੇਰੇ ਬੂਹੇ।
ਵੇ ਤੂੰ ਇੱਕ ਵਾਰੀ ਤੱਕ ਲੈ ਕੌਣ
ਸੱਜਣ ਤੇਰੇ ਬੂਹੇ।"

ਉਹ ਆਧੁਨਿਕ ਪੰਜਾਬੀ ਕਵਿਤਾ ਦੀ ਤੀਜੀ ਪੀੜ੍ਹੀ ਦਾ ਸ਼ਕਤੀਸ਼ਾਲੀ ਸ਼ਾਇਰ ਹੈ।

**ਜਸਵੰਤ ਸਿੰਘ ਨੇਕੀ** (ਅਸਲੇ ਤੇ ਓਹਲੇ, ਇਹ ਮੇਰੇ ਸੰਸੇ ਇਹ ਮੇਰੇ ਗੀਤ, ਕਰੁਣਾ ਦੀ ਛੋਹ ਤੋਂ ਮਗਰੋਂ, ਸਿਮਰਤੀ ਦੇ ਕਿਰਨ ਤੋਂ ਪਹਿਲਾਂ ਆਦਿ) ਪੇਸ਼ੇ ਵਜੋਂ ਮਨੋਚਕਤਿਸਕ ਹੋਣ ਕਰਕੇ ਮਨੋਵਿਗਿਆਨਕ ਸੱਚ ਦਾ ਪਾਸਾਰ ਕਰਦਾ ਹੈ। ਉਹ ਕਾਇਨਾਤੀ ਪਰਪੰਚ ਅਤੇ ਇਨਸਾਨੀ ਹੋਂਦ ਦੇ ਸਦੀਵੀਂ ਸਰੋਕਾਰਾਂ ਨੂੰ ਚਿੱਤਰਣ 'ਚ ਵਿਸ਼ਵਾਸ਼ ਰੱਖਦਾ ਹੈ।

**ਸ.ਸ.ਮੀਸ਼ਾ**(ਚੁਰੱਸਤਾ, ਦਸਤਕ, ਕੱਚ ਦੇ ਵਸਤਰ, ਧੀਮੇ ਲੋਕ) ਨਵੇਂ ਵਿਸ਼ਿਆਂ ਉੱਤੇ ਸਪੱਸ਼ਟ ਕਵਿਤਾਵਾਂ ਲਿਖਣ ਵਾਲਾ ਸ਼ਾਇਰ ਹੈ। ਉਸ ਦੀ ਨਿੱਕੀ ਕਵਿਤਾ ਤੇ ਗ਼ਜ਼ਲ ਵਿੱਚ ਬੌਧਿਕਤਾ ਦੇ ਅੰਸ਼ ਵਿਦਮਾਨ ਹਨ। ਉਹ ਸੂਖਮ, ਮਨੋਵਿਸ਼ਲੇਸ਼ਣੀ ਜੁਗਤਾਂ ਰਾਹੀਂ ਮਨੁੱਖੀ ਮਨ ਦੀਆਂ ਪਰਤਾਂ ਖੋਲਦਾ ਹੈ। 'ਚੀਕ ਬੁਲਬੁਲੀ' ਕਵਿਤਾ ਇਸ ਦਾ ਪੁਖਤਾ ਸਬੂਤ ਹੈ।



BSEP

**ਸ਼ਿਵ ਕੁਮਾਰ ਬਟਾਲਵੀ** (ਪੀੜਾਂ ਦਾ ਪਰਾਗਾ, ਲਾਜਵੰਤੀ, ਆਟੇ ਦੀਆਂ ਚਿੜੀਆਂ, ਮੈਨੂੰ ਵਿਦਾ ਕਰੋ, ਬਿਰਹਾ ਤੂੰ ਸੁਲਤਾਨ, ਦਰਦਮੰਦਾਂ ਦੀਆਂ ਆਹੀਂ, ਲੂਣਾ, ਮੈਂ ਤੇ ਮੈਂ, ਆਰਤੀ, ਅਲਵਿਦਾ, ਅਸਾਂ ਤਾਂ ਜੋਬਨ ਰੁੱਤੇ ਮਰਨਾ ਆਦਿ) ਆਦਿ ਆਧੁਨਿਕ ਪੰਜਾਬੀ ਕਵਿਤਾ ਸਭ ਤੋਂ ਵੱਧ ਮਕਬੂਲ ਹੋਇਆ ਸ਼ਾਇਰ ਹੈ। ਉਸ ਨੇ ਆਪਣੀ ਕਾਵਿ ਪ੍ਰਤਿਭਾ ਦਾ ਪ੍ਰਮਾਣ ਉੱਚੀ ਸੁਰੀਲੀ ਸਰੋਦੀ ਕਵਿਤਾ ਗਾ ਕੇ ਸਟੇਜ ਉੱਪਰ ਵੀ ਦਿੱਤਾ। ਉਸ ਨੇ ਸਮਕਾਲੀ ਸਮਾਜਕ ਜੀਵਨ ਵਿੱਚ ਪੱਸਰੀ ਬੱਜਰਤਾ, ਰਿਸ਼ਤਿਆਂ ਵਿਚਲੀ ਵੀਰਾਨਗੀ, ਵਪਾਰੀਕਰਨ ਆਦਿ ਨੂੰ ਤਿੱਖੀ ਸੁਰ ਵਿੱਚ ਭੰਡਿਆ ਹੈ। 'ਲੂਣਾ' ਵਰਗੀ ਸ਼ਾਹਕਾਰ ਕਿਰਤ ਦੀ ਸਿਰਜਣਾ ਹਾਰੀ ਸਾਰੀ ਦੇ ਵੱਸ ਦੀ ਗੱਲ ਨਹੀਂ ਸੀ। ਕਿੱਸਾ ਪੂਰਨ ਭਗਤ 'ਤੇ ਆਧਾਰਤ ਇਸ ਰਚਨਾ ਦਾ ਨਮੂਨਾ ਦੇਖਣਯੋਗ ਹੈ-

"ਪਿਤਾ ਜੇ ਧੀ ਦਾ ਰੂਪ ਹੰਢਾਵੇ

ਲੋਕਾਂ ਵੇ ਤੈਨੂੰ ਲਾਜ ਨਾ ਆਵੇ

ਜੇ ਲੂਣਾ ਪੂਰਨ ਨੂੰ ਚਾਵੇ

ਚਰਿੱਤਰਹੀਣ ਕਿਉਂ ਕਹੇ ਜੀਭ ਜਹਾਨ ਦੀ।"

**ਤਾਰਾ ਸਿੰਘ ਕਾਮਿਲ** (ਸਿੰਮਦੇ ਪੱਥਰ, ਮੇਘਲੇਮ ਅਸੀਂ ਤੁਸੀਂ, ਸੂਰਜ ਦਾ ਲੈਟਰ ਬਾਕਸ, ਕਹਿਕਸ਼ਾਂ ਸਰਗੋਸ਼ੀਆਂ, ਨਾਥ ਬਾਣੀ), **ਪਿਆਰਾ ਸਿੰਘ ਸਹਿਰਾਈ** (ਧਰਤੀ ਦੇ ਗੀਤ, ਸਮੇਂ ਦੀ ਵਾਗ, ਲਗਰਾਂ, ਰੁਣ-ਝੁਣ, ਗੁਜਰਗਾਹ) **ਸੰਤੋਖ ਸਿੰਘ ਧੀਰ** (ਧਰਤੀ ਮੰਗਦੀ ਮੀਂਹ, ਪਤਝੜ ਪੁਰਾਣੇ ਬਿਰਹੜੇ, ਕਾਲੀ ਬਰਛੀ), **ਸੁਰਜੀਤ ਰਾਮਪੁਰੀ** (ਗੀਤਾਂ ਭਰੀ ਸਵੇਰ, ਠਰੀ ਚਾਨਣੀ, ਸੁਪਨਿਆਂ ਦੇ ਪਰਛਾਵੇਂ, ਦਰਦ ਕਹਾਣੀ ਰਾਤਾਂ ਦੀ, ਬੁੱਢਾ ਦਰਿਆ ਗਾਉਂਦਾ ਹੈ ਤਨਹਾਈ), **ਵਿਸ਼ਵਨਾਥ ਤਿਵਾੜੀ** (ਯਾਦਾਂ 'ਚੋਂ ਯਾਦਾਂ, ਤਨ ਦੀ ਚਿਖਾ, ਅੱਕ ਦੀ ਅੰਬੀ,ਚੁੱਪ ਦੀ ਪੈੜ, ਇੱਕਲੇ ਤੋਂ ਇੱਕਲੇ ਦਾ ਸਫ਼ਰ, ਗਰਾਜ਼ ਤੋਂ ਫੁੱਟਪਾਥ ਤੀਕ(ਭਾਰਤੀ ਸਾਹਿਤ ਅਕਾਦਮੀ ਪੁਰਸਕ੍ਰਿਤ)) ਆਦਿ ਅਨੇਕਾਂ ਨਾਂ ਹਨ।

ਇਸ ਸਮੇਂ ਕਈ ਨਵੇਂ ਕਵੀਆਂ ਦਾ ਜਿਕਰ ਵੀ ਇਸ ਧਾਰਾ ਨਾਲ ਸੰਬੰਧਤ ਕੀਤਾ ਜਾ ਸਕਦਾ ਹੈ ਜਿਵੇਂ: **ਅਨੂਪ ਵਿਰਕ**(ਅਨੁਭਵ ਦੇ ਅੱਥਰੂ, ਪੌਣਾਂ ਦਾ ਸਿਰਨਾਵਾਂ, ਪਿੱਪਲ ਦੇ ਪੱਤਿਆ ਵੇ, ਦਿਲ ਅੰਦਰ ਦਰਿਆਓ), **ਸਤਿੰਦਰ ਸਿੰਘ ਨੂਰ**(ਜਲਾਵਤਨੀ, ਸਰਦਲ ਦੇ ਆਰ-ਪਾਰ), **ਮੋਹਨਜੀਤ**(ਸਹਿਕਦਾ ਸਹਿਰ, ਵਰ ਵਰੀਕ, ਤੁਰਦੇ ਫਿਰਦੇ ਮਸਖਰੇ, ਗੂੜੀ ਲਿਖਤ ਵਾਲਾ ਵਰਕਾ, ਕੀ ਨਈ ਕੀ ਕਰੇ), **ਜੋਗਾ ਸਿੰਘ**(ਕੱਚੀ ਮਿੱਟੀ ਪੱਕੀ ਮਿੱਟੀ, ਹੁਣ ਉਹ ਵਕਤ ਨਹੀਂ ਰਿਹਾ), **ਪ੍ਰਮਿੰਦਰਜੀਤ**(ਲਿਖਤੁਮ ਪ੍ਰਮਿੰਦਰਜੀਤ, ਮੇਰੀ ਮਾਰਫਤ), **ਮਨਜੀਤ ਟਿਵਾਣਾ**(ਉਣੀਂਦਾ ਵਰਤਮਾਨ(ਭਾਰਤੀ ਸਾਹਿਤ ਅਕਾਦਮੀ ਪੁਰਸਕ੍ਰਿਤ), ਇਲਜਾਮ, ਸਵਿੱਤਰੀ, ਦਰਗਾਹ, ਜਿਨ ਪ੍ਰੇਮ ਕੀਓ), **ਸੁਰਜੀਤ ਸਖੀ**(ਕਿਰਨਾਂ, ਅੰਗੂਠੇ ਦਾ ਨਿਸ਼ਾਨ, ਜਵਾਬੀ ਖਤ), **ਸਹਰਯਾਰ**(ਅੱਖਰੀ ਵਾਅ, ਹਲਫੀਆ ਬਿਆਨ, ਸਿਧਾਰਥ ਦੀ ਵਾਪਸੀ, ਬੇਚੈਨ ਰਾਤਾਂ ਦੀ ਦਾਸਤਾਨ, ਕੌਣ ਆਵਾਜ਼ਾਂ ਮਾਰੇ), **ਗੁਰਭਜਨ ਗਿੱਲ** (ਸ਼ੀਸ਼ਾ ਝੂਠ ਬੋਲਦਾ ਹੈ, ਹਰ ਧੁਖਦਾ ਪਿੰਡ ਮੇਰਾ ਹੈ, ਬੋਲ ਮਿੱਟੀ ਦੇ ਬਾਵਿਆ, ਸੁਰਖ ਸਮੁੰਦਰ,ਧਰਤੀ ਨਾਦ, ਖੈਰ ਪੰਜਾਂ ਪਾਣੀਆਂ ਦੀ), **ਮਨਜੀਤ ਇੰਦਰਾ**(ਕਾਲਾ ਬਾਗ, ਚੰਦਰੇ ਹਨੇਰੇ, ਅਪੂਰਤੀ), **ਡਾ. ਪਾਲ ਕੌਰ**(ਸੁਪਨਿਆਂ ਦੀ ਪਗਡੰਡੀ, ਹਰੀਆਂ ਛਾਵਾਂ ਦੀ ਕਬਰ) ਆਦਿ ਨੇ ਵੀ ਸਿਰਮੌਰ ਪ੍ਰਾਪਤੀਆਂ ਕੀਤੀਆਂ ਹਨ।

### 7. ਪੰਜਾਬੀ ਗ਼ਜ਼ਲ ਧਾਰਾ

ਪੰਜਾਬੀ ਸਾਹਿਤ ਵਿੱਚ ਗ਼ਜ਼ਲ ਦਾ ਇਤਿਹਾਸ ਬੜਾ ਪੁਰਾਣਾ ਹੈ। ਪੰਜਾਬੀ ਗ਼ਜ਼ਲ ਦਾ ਮੁੱਢ **ਸ਼ਾਹ ਮੁਰਾਦ** ਦੇ **'ਦੀਵਾਨ ਗੁਲਜ਼ਾਰਿ ਸ਼ਾਹ ਮੁਰਾਦ'** ਨਾਲ ਮੰਨਿਆ ਜਾਂਦਾ ਹੈ। ਜੋ ਮੁਗਲ ਬਾਦਸ਼ਾਹ ਸ਼ਾਹ ਦੇ ਸਮੇਂ ਪੈਦਾ ਹੋਇਆ ਤੇ ਜਿਸ ਦੀ ਮੌਤ 1702 ਵਿੱਚ ਹੋਈ। ਇਤਿਹਾਸਕ ਜੜ੍ਹਾਂ ਡੂੰਘੀਆਂ ਹਨ। ਵੀਹਵੀਂ ਸਦੀ ਵਿੱਚ ਮੌਲਾ ਬਖ਼ਸ਼ ਕੁਸ਼ਤਾ ਨੇ 1905 ਵਿੱਚ ਆਪਣੇ ਦੀਵਾਨਾ ਨਾਲ ਇਸ ਵਿਧਾ ਦਾ ਰੰਗ ਬੰਨ੍ਹਿਆ। ਫਿਰੋਜਦੀਨ ਸ਼ਰਫ਼, ਧਨੀ ਰਾਮ ਚਾਤ੍ਰਿਕ, ਵਿਧਾਤਾ ਸਿੰਘ ਤੀਰ, ਨੰਦ ਲਾਲ ਨੂਰਪੁਰੀ, ਫਕੀਰ ਮੁਹੰਮਦ ਫ਼ਕੀਰ ਆਦਿ ਨਾਮ ਵਰਨਣਯੋਗ ਹਨ। ਪ੍ਰੋ. ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਬਾਵਾ ਬਲਵੰਤ, ਪ੍ਰਿੰ. ਤਖ਼ਤ ਸਿੰਘ, ਦੀਵਾਨ ਸਿੰਘ ਨੇ ਵੀ ਪੰਜਾਬੀ ਗ਼ਜ਼ਲ ਨੂੰ ਸੰਵਾਰਨ ਵਿੱਚ ਯੋਗਦਾਨ ਪਾਇਆ।

**ਸਾਧੂ ਸਿੰਘ ਹਮਦਰਦ** ਦੇ ਪ੍ਰਵੇਸ਼ ਨਾਲ ਪੰਜਾਬੀ ਗ਼ਜ਼ਲ ਦਾ ਮੁਹਾਂਦਰਾ ਤਬਦੀਲ ਹੁੰਦਾ ਹੈ। ਉਸ ਨੇ 'ਗ਼ਜ਼ਲ', ਮਾਡਰਨ ਗ਼ਜ਼ਲ', 'ਰੰਗ ਸੁਗੰਧੇ', 'ਗ਼ਜ਼ਲ ਦੇ ਰੰਗ', 'ਵਾਸ-ਸਵਾਸ', 'ਕਾਕਟੇਲ' ਆਦਿ ਗ਼ਜ਼ਲ ਸੰਗ੍ਰਹਿ ਦੀ ਸਿਰਜਨਾ ਕੀਤੀ। **ਦੀਪਕ ਜੈਤੋਈ** (ਮਾਲਾ ਕਿਉਂ ਤਲਵਾਰ ਬਣੀ, ਦੀਪਕ ਦੀ ਲੋਅ, ਗ਼ਜ਼ਲ ਦੀ ਖੁਸ਼ਬੋ) ਨੇ ਤਕਨੀਕ ਪੱਖੋਂ ਨਵੀਂ ਲੀਹ ਪਾਈ। **ਠਾਕਰ ਭਾਰਤੀ** (ਮੇਰੀ ਗ਼ਜ਼ਲ, ਕੰਡਿਆਲੀ ਤਾਰਾਂ, ਤਰੰਗਾ, ਹੋਰ ਸੌ ਗ਼ਜ਼ਲਾਂ), **ਅਜਾਇਬ ਹੁੰਦਲ** (ਅੱਗ ਦੇ ਘੁੱਟ), **ਦਵਿੰਦਰ ਜੋਸ਼**(ਚਾਂਦੀ ਰੰਗੇ ਫੁੱਲ, ਹਾਸ਼ੀਏ ਤੋਂ ਬਿਨਾਂ, ਰੰਗ ਦਰਿਆਵਾਂ ਦੇ, ਰੂਹਾਂ ਉਦਾਸੀਆਂ ਨੇ),ਡਾ. ਜਗਤਾਰ, ਸੁਰਜੀਤ ਪਾਤਰ, ਐੱਸ. ਤਰਸੇਮ, ਸੁਰਜੀਤ ਜੱਜ, ਸਤੀਸ਼ ਗੁਲਾਟੀ, ਗੁਰਭਜਨ ਗਿੱਲ, ਗੁਰਤੇਜ ਕੋਹਾਰਵਾਲਾ, ਤ੍ਰੈਲੋਚਨ ਲੋਚੀ, , ਲਖਵਿੰਦਰ ਜੌਹਲ ਆਦਿ ਆਪਣੇ ਸਮੇਂ ਵਿੱਚ ਇਸ ਵਿਧਾ ਨੂੰ ਵਿਧਾਗਤ ਪੱਖ ਤੋਂ ਨਿਖਾਰਦੇ ਹਨ। ਅਖਬਾਰਾਂ, ਮੈਗਜੀਨਾਂ-ਰਸਾਲਿਆਂ 'ਚ ਛਪ ਰਹੀ ਗ਼ਜ਼ਲ ਇਸ ਵਿਧਾ ਦੀ ਪਕਿਆਈ ਦੀ ਹਾਮੀ ਭਰਦੀ ਹੈ। ਵੱਡੇ ਪੱਧਰ ਤੇ ਕਾਵਿ-ਸਿਰਜਣਾ ਹੋ ਰਹੀ ਹੈ। ਕੁਝ ਸ਼ਾਇਰਾਂ ਦੀ ਸ਼ਾਇਰੀ ਦੇ ਇੱਥੇ ਹਵਾਲੇ ਪ੍ਰਸਤੁਤ ਕੀਤੇ ਜਾ ਰਹੇ ਹਨ-

- ਨਾ ਰੌਸ਼ਨਦਾਨ, ਨਾ ਬੂਹਾ ਤੇ ਨਾ ਖਿੜਕੀ ਬਣਾਉਂਦਾ ਹੈ।

  ਮੇਰੇ ਹੁਣ ਸ਼ਹਿਰ ਦਾ ਹਰ ਮਿਸਤਰੀ ਕੁਰਸੀ ਬਣਾਉਂਦਾ ਹੈ। (ਐੱਸ ਤਰਸੇਮ)

- ਘਰ ਲਈ ਤਾਂ ਬਾਹਰਲੀ ਕੰਧ ਹੈ ਬਹੁਤ

  ਕੰਧਾਂ ਅੰਦਰ ਹੋਰ ਕੰਧਾਂ ਐਨੀਆਂ ਨਾ ਕਰਿਆ ਕਰ। (ਅਜਾਇਬ ਕਮਲ)

## 8. ਪੰਜਾਬ ਸੰਕਟ ਸੰਬੰਧੀ ਕਵਿਤਾ

ਪੰਜਾਬ ਸੰਕਟ ਸੱਤਵੇਂ ਦਹਾਕੇ ਤੋਂ ਸ਼ੁਰੂ ਹੋ ਕੇ ਸਮਕਾਲ ਤੱਕ ਪੱਸਰਿਆ ਹੋਇਆ ਹੈ। ਇਸ ਨੇ ਪੰਜਾਬ ਦੀ ਰਾਜਨੀਤਿਕ, ਆਰਥਕ, ਸਭਿਆਚਾਰਕ ਦ੍ਰਿਸ਼ ਨੂੰ ਇਨ੍ਹਾਂ ਝੰਜੋੜਿਆਂ ਹੈ ਕਿ ਇਸ ਦੇ ਨਤੀਜਿਆਂ ਬਾਰੇ ਫੈਸਲਾ ਕਰ ਪਾਉਣਾ ਕਠਿਨ ਹੈ। ਮੌਜੂਦਾ ਪੰਜਾਬ ਵੀ ਅਨੇਕਾਂ ਸੰਕਟਾਂ 'ਚੋਂ ਗੁਜ਼ਰ ਰਿਹਾ ਹੈ। ਕਵੀ ਸੰਵੇਦਨਸ਼ੀਲ ਮਨ ਹੁੰਦਾ ਹੈ। ਉਹ ਵਾਪਰ ਰਹੇ ਵਰਤਾਰੇ ਤੋਂ ਅਭਿੱਜ ਨਹੀਂ ਰਹਿ ਸਕਦਾ। ਇਸ ਲਈ ਸਮੇਂ ਸਮੇਂ ਪੰਜਾਬ ਸੰਕਟ ਸੰਬੰਧੀ ਕਵੀਆਂ ਨੇ ਚਿੰਤਾ ਅਭਿਵਿਅਕਤ ਕਰਦਿਆਂ ਕਾਵਿ ਰਚਨਾਵਾਂ ਦੀ ਸਿਰਜਨਾ ਕੀਤੀ ਹੈ/ਕਰ ਰਹੇ ਹਨ। ਇਸ ਦੌਰ ਦੀ ਕਵਿਤਾ ਨੇ ਦਹਿਸ਼ਤਗਰਦੀ ਦੇ ਸਾਰੇ ਰੂਪਾਂ ਨੂੰ ਨਕਾਰਦਿਆਂ ਭਾਈਚਾਰਕ ਸਾਂਝ ਦੀ ਬਾਤ ਪਾਈ। ਮਕਬੂਲ ਸ਼ਾਇਰ **ਸੁਰਜੀਤ ਪਾਤਰ** ਨੇ ਅਜਿਹੇ ਮਾਹੌਲ ਸੰਬੰਧੀ ਲਿਖਿਆ-

"ਉਦੋਂ ਵਾਰਸ਼ ਸ਼ਾਹ ਨੂੰ ਵੰਡਿਆ ਸੀ, ਹੁਣ ਸ਼ਿਵ ਦੀ ਵਾਰੀ ਏ।

ਉਹ ਜਖ਼ਮ ਤੁਹਾਨੂੰ ਭੁੱਲ ਵੀ ਗਏ, ਨਵਿਆਂ ਦੀ ਜੋ ਫੇਰ ਤਿਆਰੀ ਏ।"



BSEP

**ਸੁਰਜੀਤ ਪਾਤਰ** ਦੀ ਇੱਕ ਹੋਰ ਰਚਨਾ ਹੈ:

"ਲੱਗੀ ਨਜ਼ਰ ਪੰਜਾਬ ਨੂੰ

ਇਹਦੀ ਨਜ਼ਰ ਉਤਾਰੋ

ਲੈ ਕੇ ਮਿਰਚਾਂ ਕੌੜੀਆਂ

ਇਹਦੇ ਸਿਰ ਤੋਂ ਵਾਰੋ।"

**ਗੁਰਤੇਜ ਕੋਹਾਰਵਾਲਾ** ਨੇ ਵੀ ਇਸ ਸੰਬੰਧੀ ਪ੍ਰਤੀਕਰਮ ਦਰਜ਼ ਕੀਤਾ ਹੈ-

"ਪਹਿਲਾਂ ਨਦੀਆਂ ਦੀ ਚਿੰਤਾ ਸੀ, ਹੁਣ ਜਾਪਦੈ

ਇਥੇ ਨੈਣਾਂ ਦੇ ਪਾਣੀ ਵੀ ਮੁੱਕ ਜਾਣਗੇ

ਔੜ ਏਦਾਂ ਹੀ ਜੇਕਰ ਜਾਰੀ ਰਹੀ

ਰੂਹਾਂ ਤੇਹਾਂ ਦੇ ਮਸਲੇ ਹੀ ਮੁੱਕ ਜਾਣਗੇ।"

ਪੰਜਾਬ ਸੰਕਟ ਦੀ ਕਵਿਤਾ ਵਿੱਚ ਸੰਵਾਦ ਵੀ ਨਜ਼ਰ ਆਉਂਦਾ ਹੈ। ਡਾ. ਜਗਤਾਰ, ਹਰਭਜਨ ਸਿੰਘ ਹੁੰਦਲ, ਮੋਹਨਜੀਤ, ਸਹਰਯਾਰ ਆਦਿ ਅਹਿਮ ਸ਼ਾਇਰ ਹਨ। ਜਿਨ੍ਹਾਂ ਨੇ ਸਾਹਸ ਤੇ ਪ੍ਰਤੀਬੱਧਤਾ ਨਾਲ ਇੰਨਾਂ ਕਾਲੇ ਦਿਨਾਂ ਦਾ ਜ਼ਿਕਰ ਆਪਣੀਆਂ ਰਚਨਾਵਾਂ ਵਿੱਚ ਕੀਤਾ। ਪੰਜਾਬ ਨੇ 1947 ਵੰਡ, 1984 ਦਾ ਕਤਲੇਆਮ, 1987 'ਚ ਗਵਰਨਰੀ ਰਾਜ ਤੋਂ ਲੈਕੇ 1992 ਵਿੱਚ ਬਣੀਆਂ ਸਥਿਤੀਆਂ ਪੰਜਾਬ ਸੰਕਟ ਦੇ

ਪ੍ਰਮਾਣ ਹਨ। ਇੱਕ ਸਮਾਂ ਉਹ ਵੀ ਸੀ ਜਦੋਂ ਪੰਜਾਬ ਦੇ ਵਸਨੀਕ ਸ਼ਾਮ ਪੈਣ ਤੋਂ ਪਹਿਲਾਂ ਹੀ ਘਰਾਂ ਵਿੱਚ ਵੜ ਕੇ ਸੌਂ ਜਾਂਦੇ ਸਨ। ਸਮਕਾਲੀ ਪੰਜਾਬੀ ਸੰਕਟ ਬਚਪਨ, ਜਵਾਨੀ, ਕਿਸਾਨੀ, ਨਸ਼ਿਆਂ, ਸਮਾਜਕ ਅਲਾਮਤਾਂ ਆਦਿ ਨਾਲ ਜੂਝ ਰਿਹਾ ਹੈ। ਇਸ ਸੰਬੰਧੀ ਵੀ ਕਾਵਿ-ਪ੍ਰਤੀਕਰਮ ਜਾਰੀ ਹਨ।

## 9. ਸਮਕਾਲੀ ਪੰਜਾਬੀ ਕਵਿਤਾ

ਸਮਕਾਲੀ ਪੰਜਾਬੀ ਕਵਿਤਾ ਪਿਛਲੀ ਸਦੀ ਦੇ ਅੰਤਿਮ ਦਹਾਕੇ ਵਿੱਚ ਉੱਤਰ ਆਧੁਨਿਕ ਪ੍ਰਭਾਵ ਅਧੀਨ ਰਚੀ ਗਈ ਅਤੇ ਰਚੀ ਜਾ ਰਹੀ ਹੈ। ਨਵੀਂ ਜਾਂ ਸਮਕਾਲੀ ਪੰਜਾਬੀ ਕਵਿਤਾ ਦਾ ਪੁਰਾਤਨ ਪੰਜਾਬੀ ਕਵਿਤਾ ਨਾਲੋਂ ਮਹਿਜ ਪੀੜ੍ਹੀ ਦਾ ਅੰਤਰ ਹੀ ਨਹੀਂ, ਸਗੋਂ ਪੰਜਾਬੀ ਕਵਿਤਾ ਪਿਛਲੇ ਦੋ ਦਹਾਕਿਆਂ ਤੋਂ ਥੀਮਗਤ, ਸੰਚਾਰਗਤ ਅਤੇ ਦ੍ਰਿਸ਼ਟੀਮੂਲਕ ਬਦਲਾਵਾਂ ਨਾਲ ਸੰਬੰਧਤ ਹੈ। ਇਸ ਕਵਿਤਾ ਦਾ ਸਭ ਤੋਂ ਵੱਡਾ ਪਛਾਣ-ਚਿੰਨ੍ਹ ਸਵੈ-ਕੇਂਦਰਿਤ/ਮੈਂ ਮੂਲਕਤਾ ਵਾਲਾ ਹੈ। 'ਇਹ ਜੈਕਪਾਟ ਮੇਰਾ ਹੈ'(ਬੀ ਐੱਸ ਬੀਰ), 'ਮੈਂ ਉਡਾਨ 'ਚ ਹਾਂ', 'ਚੁੱਪ ਨਦੀ ਤੇ ਮੈਂ'(ਸਤੀਸ਼ ਗੁਲਾਟੀ), 'ਆਪਣੇ ਖਿਲਾਫ਼'(ਹਰਮੀਤ ਵਿਦਿਆਰਥੀ), 'ਮਨੋਵੇਗ'(ਲਖਵਿੰਦਰ ਜੌਹਲ) ਆਦਿ ਇਸ ਕਿਸਮ ਦੀਆਂ ਰਚਨਾਵਾਂ ਹਨ। **ਜਸਵੰਤ ਦੀਦ** ਆਪਣੀ ਕਵਿਤਾ ਵਿੱਚ ਸਵੈ-ਪਹਿਚਾਣ ਇੰਞ ਕਰਵਾਉਂਦਾ ਹੈ-

"ਮੈਂ ਬਹੁਤ ਸਾਰੀਆਂ ਭੇਦ ਮਾਰੀਆਂ ਗੱਲਾਂ



BSER

ਬਦਲਿਆਂ ਦੀ ਭਾਵਨਾ

ਮੁਹੱਬਤਾਂ ਦੀਆਂ ਛਹਿਬਰਾਂ

ਨਫ਼ਰਤਾਂ ਦੇ ਗੁਬਾਰਾਂ

ਤੇ ਹਜ਼ਾਰ ਕਿਸਮ ਦੇ ਲੁਕ-ਓਹਲਿਆਂ ਨਾਲ ਭਰਿਆ

ਸਿੱਧਾ ਸਾਦਾ ਆਦਮੀ ਹਾਂ।”

ਨਵੀਂ ਪੰਜਾਬੀ ਕਵਿਤਾ ਵਿੱਚ ਕਵਿੱਤਰੀਆਂ ਦੀ ਵੀ ਖਾਸ ਭੂਮਿਕਾ ਹੈ। **ਮਨਜੀਤ ਟਿਵਾਣਾ** (ਸਵਿੱਤਰੀ, ਦਰਗਾਹ, ਜਿੰਨ ਪ੍ਰੇਮ ਕੀਓ), **ਡਾ. ਵਨੀਤਾ** (ਬੋਲ ਅਲਾਪ, ਮੰਦਰ ਸਪਤਕ, ਖਰਜ ਨਾਦ), **ਮਨਜੀਤ ਪਾਲ ਕੌਰ** (ਮਿਜ਼ਰਾਬ ਤੇ ਆਪਾਂ ਨਾ ਮਿਲਦੇ), **ਸੁਖਵਿੰਦਰ ਅੰਮ੍ਰਿਤ**(ਸੂਰਜ ਦੀ ਦਹਿਲੀਜ਼, ਚਿਰਾਗਾਂ ਦੀ ਡਾਰ, ਕਣੀਆਂ, ਪੱਤਝੜ ਵਿੱਚ ਪੁੰਗਰਦੇ ਪੱਤੇ ਆਦਿ), **ਭੁਪਿੰਦਰ ਕੌਰ ਪ੍ਰੀਤ**(ਸਲੀਬ ਤੇ ਲਟਕੇ ਹਰਫ਼), **ਨਿਰਪੁਮਾ ਦੱਤ**(ਇੱਕ ਨਦੀ ਸਾਵਲੀ ਜਿਹੀ) ਆਦਿ ਨੇ ਕਵਿਤਾਵਾਂ ਲਿਖ ਕੇ ਕਾਵਿ ਵਿਕਾਸ ਨੂੰ ਜਾਰੀ ਰੱਖਿਆ।

ਖਪਤ ਸਭਿਆਚਾਰ ਦੇ ਦੌਰ ਵਿੱਚ ਹਰੇਕ ਪ੍ਰਕਾਰ ਦੇ ਵਰਤਾਰੇ ਸੰਬੰਧੀ ਕਾਵਿ ਰਚਨਾ ਕੀਤੀ ਜਾ ਰਹੀ ਹੈ। ਨਾਰੀ, ਦਲਿਤ, ਪਰਵਾਸ, ਹਾਸ਼ੀਏ ਤੋਂ ਪਾਰ ਸ਼੍ਰੇਣੀਆਂ, ਘਰ-ਪਰਿਵਾਰ ਆਦਿ ਹਰੇਕ ਵਿਸ਼ੇ ਸੰਬੰਧੀ ਕਵਿਤਾ ਲਿਖੀ ਜਾ ਰਹੀ ਹੈ। **ਸਵਰਨਜੀਤ ਸਵੀ**(ਦੇਹੀ ਨਾਦ, ਕਾਮੇਸ਼ਵਰੀ, ਅਵੱਗਿਆ, ਕਾਲਾ ਹਾਸ਼ੀਆ ਤੇ ਸੂਹਾ ਗੁਲਾਬ, ਆਸ਼ਰਮ ਆਦਿ), **ਸਤੀਸ਼ ਗੁਲਾਟੀ**(ਚੁੱਪ ਦੇ ਖਿਲਾਫ਼, ਚੁੱਪ ਨਦੀ ਤੇ ਮੈਂ), **ਮਨਮੋਹਨ**(ਅਗਲੇ ਚੌਰਾਹੇ ਤੱਕ, ਮਨ ਮਹੀਅਨ, ਸੁਰ ਸੰਕੇਤ, ਨਮਿਤ, ਬੈਖਰੀ), **ਅਮਰਜੀਤ ਕੌਂਕੇ**(ਦਾਇਰਿਆਂ ਦੀ ਕਬਰ 'ਚੋਂ, ਨਿਰਵਾਣ ਦੀ ਤਲਾਸ਼, ਦਵੰਦ ਕਥਾ, ਯਕੀਨ, ਸ਼ਬਦ ਰਹਿਣਗੇ ਕੋਲ, ਸਿਮਰਤੀਆਂ ਦੀ ਲਾਲਟੈਣ), **ਗੁਰਤੇਜ ਕੋਹਾਰਵਾਲਾ**(ਪਾਣੀ ਦਾ ਹਾਸ਼ੀਆ), **ਜਸਵੰਤ ਜ਼ਫ਼ਰ**(ਅਸੀਂ ਨਾਨਕ ਦੇ ਕੀ ਲੱਗਦੇ ਹਾਂ, ਦੋ ਸਾਹਾਂ ਦੇ ਵਿਚਕਾਰ ਆਦਿ), **ਤ੍ਰੈਲੋਚਨ ਲੋਚੀ**(ਦਿਲ ਦਰਵਾਜ਼ੇ), **ਜਸਵਿੰਦਰ**(ਕਾਲੇ ਹਰਫ਼ਾਂ ਦੀ ਲੋਅ, ਕੱਕੀ ਰੇਤ ਦੇ ਵਰਕੇ) ਆਦਿ। ਇਸ ਸਮੇਂ ਵਿੱਚ ਬਹੁਤ ਸਾਰੇ ਕਵੀ ਸਾਹਮਣੇ ਆ ਰਹੇ ਹਨ। ਵਿਸ਼ੇ ਤੇ ਵਿਚਾਰਧਾਰਾ ਪੱਖੋਂ ਹਰਵਿੰਦਰ, ਸੁਸ਼ੀਲ ਦੁਸਾਂਝ, ਹਰਭਜਨ ਕੋਮਲ, ਬੀਬਾ ਬਲਵੰਤ, ਜਗਵਿੰਦਰ ਜੋਧਾ, ਸ਼ਬਦੀਸ਼, ਓਂਕਾਰਪ੍ਰੀਤ, ਹਰਪ੍ਰੀਤ, ਸਰਬਜੀਤ ਔਲਖ ਆਦਿ ਅਣਗਿਣਤ ਕਵੀ ਆਪਣਾ ਯੋਗਦਾਨ ਪਾ ਰਹੇ ਹਨ।

## • ਪਾਕਿਸਤਾਨੀ ਪੰਜਾਬੀ ਕਵਿਤਾ

ਆਪਣੇ ਵਿਕਾਸ ਦੇ ਵਿਭਿੰਨ ਪੜਾਵਾਂ ਦੌਰਾਨ ਪਾਕਿਸਤਾਨੀ ਪੰਜਾਬੀ ਕਵਿਤਾ ਵਿਭਿੰਨ ਰੂਪਾਂਕਾਰਾਂ/ ਵਿਸ਼ਿਆਂ ਵਿੱਚੋਂ ਗੁਜ਼ਰੀ ਹੈ। ਇੱਥੇ ਵਿਦਿਆਰਥੀਆਂ ਦੇ ਬੌਧਿਕ ਪੱਧਰ ਨੂੰ ਧਿਆਨ ਵਿੱਚ ਰੱਖਦੇ ਹੋਏ ਸਿਰਫ ਕੁਝ ਕੁ ਕਵੀਆਂ ਦੇ ਨਾਂ ਹੀ ਦਿੱਤੇ ਜਾ ਰਹੇ ਹਨ ਜਿਵੇਂ- ਕਾਸਰ ਹਕੀਮ, ਗੁਲਾਮ ਯਾਕੂਬ ਅਨਵਰ, ਜ਼ਫ਼ਰ ਇਕਬਾਲ, ਨਜ਼ੀਰ ਚੌਧਰੀ, ਬਾਬ ਨਜ਼ਮੀ, ਅਬਦੁੱਲ ਮਜੀਦ ਭੱਟੀ, ਅਖ਼ਤਰ ਕਸ਼ਮੀਰੀ, ਹਫ਼ੀਜ਼ ਤਾਲਿਬ ਆਦਿ ਕਵੀ ਪਾਕਿਸਤਾਨੀ ਪੰਜਾਬੀ ਕਵਿਤਾ ਦੇ ਗਿਣਨਯੋਗ ਨਾਂ ਹਨ।

## • ਪਰਵਾਸੀ ਪੰਜਾਬੀ ਕਵਿਤਾ

ਪਰਵਾਸੀ ਪੰਜਾਬੀ ਕਵਿਤਾ ਇੰਗਲੈਂਡ, ਕਨੇਡਾ, ਜਪਾਨ, ਅਮਰੀਕਾ, ਜਰਮਨੀ, ਸਵਿੱਟਜ਼ਰਲੈਂਡ, ਕੀਨੀਆ,ਨਾਰਵੇ ਆਦਿ ਦੇਸ਼ਾਂ ਵਿੱਚ ਰਚੀ ਜਾ ਰਹੀ ਹੈ। ਇਹਨਾਂ ਦੇਸ਼ਾਂ ਵਿੱਚ ਪਰਵਾਸੀ ਕਵੀਆਂ ਦੀ ਗਿਣਤੀ ਕਾਫੀ ਲੰਮੀ ਹੈ। ਜਿੰਨਾਂ 'ਚੋਂ ਕੁਝ ਇਸ ਪ੍ਰਕਾਰ ਹਨ- **ਅਵਤਾਰ ਜੰਡਿਆਲਵੀ**(ਉਜਲੇ ਹਨ੍ਹੇਰੇ,

ਰੰਗ ਰੂਪ, ਲਾਲ ਸ਼ੇਰ ਵਾਲਾ ਚੌਂਕ, ਯੋਧਾ, ਪੈਰਿਸ ਦੀ ਪਿਆਸ), **ਜਗਤਾਰ ਢਾਅ**( ਭਟਕਨ ਦਾ ਸਫ਼ਰ, ਗੁਆਚੇ ਘਰ ਦੀ ਤਲਾਸ਼, ਚਾਂਦੀ ਨਗਰ ਤੇ ਪਰਿੰਦਾ, ਇੱਕ ਵਾਰ ਫੇਰ ਮਿਲ), **ਭੁਪਿੰਦਰ ਗਰੇਵਾਲ**(ਮਿੱਟੀ ਦੇ ਰੰਗ), **ਵਰਿੰਦਰ ਪਰਿਹਾਰ**( ਮੈਂ ਕਿਤੇ ਹੋਰ ਸੀ, ਕੁਦਰਤ), **ਹਰਜੀਤ ਦੌਧਰੀਆ**( ਸੱਚੇ ਮਾਰਗ ਚਲਦਿਆਂ, ਹੈ ਭੀ ਸੱਚ ਹੋਸੀ ਭੀ ਸੱਚ), **ਸ਼ਿਵ ਚਰਨ ਗਿੱਲ**( ਕਰਤਾ ਅਲੱਖ), **ਇਕਬਾਲ ਰਾਮੂਵਾਲੀਆ**( ਸੁਲਗਦੇ ਅਹਿਸਾਸ, ਕੁਝ ਵੀ ਨਹੀਂ, ਪਾਣੀ ਦਾ ਪਰਛਾਵਾਂ, ਕਵਿਤਾ ਮੈਨੂੰ ਲਿਖਦੀ ਹੈ), **ਰਵਿੰਦਰ ਸਹਿਰਾਅ**( ਚਰਾਏ ਪਲਾਂ ਦਾ ਹਿਸਾਬ, ਜ਼ਖ਼ਮੀ ਪਲ, ਰਿਸ਼ਤਾ ਸ਼ਬਦ ਸਲੀਬਾਂ ਦਾ) ਆਦਿ ਕਵੀ ਪ੍ਰਵਾਸ ਜੀਵਨ ਨਾਲ ਜੁੜੇ ਵਿਸ਼ਿਆਂ ਨੂੰ ਆਪਣੀ ਕਾਵਿ ਰਚਨਾ ਰਾਹੀਂ ਪੇਸ਼ ਕਰ ਰਹੇ ਹਨ।

- **ਰਾਜਸਥਾਨੀ ਪੰਜਾਬੀ ਕਵਿਤਾ**

ਪੰਜਾਬੀ ਸਾਹਿਤ ਸਿਰਜਣਕਾਰੀ ਪ੍ਰਾਂਤਕ ਪੱਧਰ ਤੋਂ ਲੈ ਕੇ ਅੰਤਰਰਾਸ਼ਟਰੀ ਪੱਧਰ ਤੱਕ ਫੈਲੀ ਹੋਈ ਹੈ। ਇੱਥੇ ਰਾਜਸਥਾਨ ਦੇ ਪੰਜਾਬੀ ਵਿਦਿਆਰਥੀਆਂ ਲਈ ਰਾਜਸਥਾਨ ਵਿੱਚ ਰਚੀ ਜਾ ਰਹੀ ਪੰਜਾਬੀ ਕਵਿਤਾ ਦੀ ਸੰਖੇਪ ਜਾਣਕਾਰੀ ਦੇਣੀ ਵੀ ਜਰੂਰੀ ਸਮਝੀ ਜਾ ਰਹੀ ਹੈ।

**ਸੰਤ ਫਤਹਿ ਸਿੰਘ** ਦੀਆਂ ਰਚਨਾਵਾਂ ਪਿਆਰ ਸੁਨੇਹੜਾ, ਅਣਖੀ ਵਲਵਲੇ ਮਿੱਠੀਆਂ ਰਮਜ਼ਾਂ, ਮੱਚਦੀਆਂ ਲਾਟਾਂ, ਚੰਨਣ ਬਨ, ਰਵਾਇਤੀ ਅੰਦਾਜ਼ ਵਾਲੀਆਂ ਕਵਿਤਾਵਾਂ ਰਾਜਸਥਾਨ ਦੇ ਮੁਢਲੇ ਦੌਰ ਦੀਆਂ ਰਚਨਾਵਾਂ ਹਨ।

ਰਾਜਸਥਾਨ ਦੀ ਪੰਜਾਬੀ ਕਵਿਤਾ ਵਿੱਚ ਮਰਹੂਮ **ਡਾ. ਸ਼ਿੰਦਰ** ਚਰਚਿਤ ਨਾਂ ਹੈ। ਉਸ ਦੀਆਂ ਰਚਨਾਵਾਂ ਆਪਣੇ ਸਮੇਂ ਦੇ ਸਿਰਮੌਰ ਸਾਹਿਤਕ ਪਰਚਿਆਂ ਨਾਗਮਣੀ, ਲੋਅ, ਕੰਵਲ, ਪ੍ਰੀਤਲੜੀ, ਆਰਸੀ ਆਦਿ ਤੋਂ ਬਿਨਾਂ ਅਖਬਾਰਾਂ 'ਚ ਛਪਦੀਆਂ ਰਹੀਆਂ ਹਨ। 'ਅਧੂਰਾ ਪਿਆਲਾ', 'ਜਦ ਤੁਸੀਂ ਪਰਤੇ', 'ਇਹ ਸੁਪਨਾ ਨਹੀਂ' ਆਦਿ ਉਸ ਦੀਆਂ ਕਾਵਿ ਪੁਸਤਕਾਂ ਹਨ। ਪੇਸ਼ੇ ਵਜੋਂ ਡਾਕਟਰ ਹੋਣ ਦੇ ਨਾਲ-ਨਾਲ ਉਸਨੂੰ ਧਰਮ, ਸਾਹਿਤ, ਇਤਿਹਾਸ, ਕਲਾ, ਦਰਸ਼ਨ, ਵਿਗਿਆਨ ਆਦਿ ਦੀ ਵੀ ਸੋਝੀ ਹੈ ਤੇ ਉਸ ਨੇ ਇਸ ਗਿਆਨ ਨੂੰ ਕਵਿਤਾ ਦਾ ਮਾਧਿਅਮ ਬਣਾਇਆ। 'ਇਹ ਸੁਪਨਾ ਨਹੀਂ' ਕਾਵਿ ਪੁਸਤਕ ਨੂੰ ਉਸ ਨੇ ਬਾਰਾਂ ਖੰਡਾਂ ਵਿੱਚ ਵੰਡ ਕੇ ਲਿਖਿਆ ਹੈ। ਖੰਡ ਕਾਵਿ ਦੀ ਸ਼ੈਲੀ ਸਾਦੀ, ਸਪੱਸ਼ਟ ਅਤੇ ਅਰਥ ਭਰਪੂਰ ਹੈ। ਰਚਨਾ ਲੰਬੀ ਹੋਣ ਦੇ ਬਾਵਜੂਦ ਵੀ ਅਕੇਵਾਂ ਪੈਦਾ ਨਹੀਂ ਕਰਦੀ। ਉਦਾਹਰਨ ਵਜੋਂ ਉਹ ਰੁੱਖਾਂ ਦੇ ਮਾਧਿਅਮ ਰਾਹੀਂ ਸੰਤਾਪੇ ਜੀਵਨ ਦੀ ਬਾਤ ਇੰਝ ਪਾਉਂਦਾ ਹੈ-

"ਜ਼ਖਮਾਂ ਨੂੰ

ਨਿੱਤ ਕੌਣ ਨਿਹਾਰੇ

ਜ਼ਖਮਾਂ ਦੀ

ਗੱਲ ਕੌਣ ਕਰੇ

ਸਰਾਪੇ ਰੁੱਖ

ਸੰਤਾਪੇ ਰੁੱਖ

ਇਹਨਾਂ ਰੁੱਖਾਂ ਨੂੰ

ਨਿੱਤ ਕੌਣ ਛੂਹੇ

ਦਰਦ ਇਹਨਾਂ ਦੇ।”

ਗੁਰਮੀਤ ਬਰਾੜ ਕਾਵਿ ਖੇਤਰ ’ਚ ਹੋਰ ਚਰਚਿਤ ਨਾਂ ਹੈ। ‘ਪਰਛਾਵਿਆਂ ਦੇ ਮਗਰੇ ਮਗਰੇ’, ‘ਚੁੱਪ ਤੋਂ ਮਗਰੋ’, ‘ਕੱਚੇ ਕੱਚ ਤੇ ਕੰਗਣ’ ਆਦਿ ਉਸ ਦੁਆਰਾ ਰਚਿਤ ਕਾਵਿ ਸੰਗ੍ਰਹਿ ਹਨ। ਉਸ ਦੀ ਕਵਿਤਾ ਵਿੱਚ ਹਰੇਕ ਵਿਚਾਰਧਾਰਾ ਦੇ ਅੰਸ਼ ਦੇਖੇ ਜਾ ਸਕਦੇ ਹਨ। ਉਸ ਨੇ ਕਿਰਤੀ ਮਨੁੱਖ ਦੀ ਕਿਰਤ ਦੇ ਮੁੱਲ ਨੂੰ ਵੀ ਪਛਾਣਿਆ ਹੈ। ਸਮਾਜਕ ਯਥਾਰਥ ਦੀ ਪੇਸ਼ਕਾਰੀ ਕਰਦੀਆਂ ਕਵਿਤਾਵਾਂ ਅਨਿਆ ਖਿਲਾਫ ਅਵਾਜ਼ ਵੀ ਉਠਾਉਂਦੀਆਂ ਹਨ।

ਰਾਜਸਥਾਨ ਦੀ ਪੰਜਾਬੀ ਕਵਿਤਾ ਵਿੱਚ ਨੌਜਵਾਨ ਕਵੀ ਇੰਦਰਜੀਤ ਸਿੰਘ ਇੰਦੂ ਦਾ ਨਾਂ ਵੀ ਜ਼ਿਕਰਯੋਗ ਹੈ। ‘ਕੰਡਿਆਂ ਦੀ ਹਸਤੀ’ ਉਸ ਦੀ ਕਾਵਿ ਪੁਸਤਕ ਪਿੱਛੇ ਜਿਹੇ ਪ੍ਰਕਾਸ਼ਿਤ ਹੋਈ ਹੈ। ਉਸ ਦੀ ਕਵਿਤਾ ਵਿੱਚ ਰਾਜਸਥਾਨ ਦਾ ਵਾਤਾਵਰਨ, ਪਿਆਰ, ਬੇਵਫ਼ਾਈ, ਸਮਾਜਕ ਰੰਗ, ਮਨੁੱਖੀ ਰਿਸ਼ਤਿਆਂ ਦੀ ਪੇਸ਼ਕਾਰੀ ਆਦਿ ਵਿਸ਼ਿਆਂ ਦੀ ਪੇਸ਼ਕਾਰੀ ਕੀਤੀ ਗਈ ਹੈ।

ਕਵੀ ਗੁਰਦਿਆਲ ਸਿੰਘ (ਪ੍ਰੇਮ ਬਿਨ ਸਤਿਗੁਰ ਦੇ, ਵਤਨੋਂ ਦੂਰ), ਮੋਹਨ ਆਲੋਕ(ਡੱਕੇ), ਅਜਮੇਰ ਵਸਨੀਕ ਬਖ਼ਸ਼ੀਸ਼ ਸਿੰਘ(ਦਸਤਕ, ਬੱਦਲਾਂ ਤੇ ਲਿਖੀ ਇਬਾਰਤ) ਆਦਿ ਕਵੀ ਵੀ ਕਾਵਿ ਸਿਰਜਣਾ ਕਰ ਰਹੇ ਹਨ।

ਇਸ ਪ੍ਰਕਾਰ ਸਮੁੱਚੀ ਚਰਚਾ ਨੂੰ ਸਮੇਟਦੇ ਹੋਏ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਕਵਿਤਾ ਲੰਮੇਂ ਵਿਕਾਸ ਪੜਾਅ ਵਿੱਚੋਂ ਗੁਜ਼ਰਦੀ ਹੋਈ ਗਿਣਾਤਮਕ ਤੇ ਗੁਣਾਤਮਕ ਦੋਹਾਂ ਪੱਖਾਂ ਤੋਂ ਵਿਕਸਤ ਆਪਣੇ ਆਧੁਨਿਕ ਸਰੂਪ ਨੂੰ ਪਹੁੰਚਦੀ ਹੈ ਅਤੇ ਅਗਲੀਆਂ ਸੰਭਾਵਨਾਵਾਂ ਵੱਲ ਅਗਰਸਰ ਹੈ।

## ਅਭਿਆਸ-ਪ੍ਰਸ਼ਨ

1. ਕਵਿਤਾ ਦੇ ਮੁੱਢਲੇ ਪੜਾਅ ਉੱਪਰ ਚਾਨਣਾ ਪਾਉ।
2. ਹੇਠ ਲਿਖੀਆਂ ਕਾਵਿ ਪ੍ਰਵਿਰਤੀਆਂ ਉੱਪਰ ਨੋਟ ਲਿਖੋ-

   **ਰੁਮਾਂਸਵਾਦੀ, ਪ੍ਰਗਤੀਵਾਦੀ, ਸਟੇਜੀ, ਰਾਜਸਥਾਨ ਵਿੱਚ ਰਚਿਤ, ਪ੍ਰਵਾਸੀ ।**
3. ਹੇਠ ਲਿਖੇ ਕਵੀਆਂ ਦਾ ਪੰਜਾਬੀ ਕਵਿਤਾ ਦੇ ਵਿਕਾਸ ਵਿੱਚ ਯੋਗਦਾਨ ਉਲੀਕੋ-

   **ਪਾਸ਼, ਡਾ. ਹਰਿਭਜਨ ਸਿੰਘ, ਸ.ਸ.ਮੀਸ਼ਾ, ਸੁਰਜੀਤ ਪਾਤਰ।**
4. ਆਧੁਨਿਕ ਪੰਜਾਬੀ ਕਵਿਤਾ ਦੇ ਇਤਿਹਾਸ ਉੱਪਰ ਸੰਖੇਪ ਨੋਟ ਲਿਖੋ।



BSER

## (ਅ) ਪੰਜਾਬੀ ਨਾਵਲ ਦਾ ਇਤਿਹਾਸ

'ਨਾਵਲ' ਗਲਪ ਸਾਹਿਤ ਦੀ ਮਹੱਤਵਪੂਰਨ ਵਿਧਾ ਹੈ। ਨਾਵਲ ਵਿਚ ਜ਼ਿੰਦਗੀ ਦੀ ਵਿਆਪਕ ਪੇਸ਼ਕਾਰੀ ਅਤੇ ਵਿਸ਼ਲੇਸ਼ਣ, ਪਾਤਰਾਂ, ਘਟਨਾਵਾਂ, ਸਥਾਨਕ ਵੇਰਵਿਆਂ, ਵਾਰਤਾਲਾਪ ਅਤੇ ਭਾਸ਼ਾ ਦੁਆਰਾ ਵਿਲੱਖਣ ਦ੍ਰਿਸ਼ਟੀ ਰਾਹੀਂ ਕਥਾ ਸਿਰਜਨ ਵਿਧੀ ਦੇ ਰੂਪ ਵਿਚ ਕੀਤਾ ਜਾਂਦਾ ਹੈ। ਇਸ ਵਿਚ ਅਜਿਹਾ ਗਲਪੀ ਸੰਸਾਰ ਸਿਰਜਿਆ ਜਾਂਦਾ ਹੈ, ਜੋ ਵਾਸਤਵਿਕ ਨਾ ਹੁੰਦਿਆਂ ਹੋਇਆਂ ਵੀ ਵਾਸਤਵਿਕਤਾ ਦੇ ਨੇੜੇ ਜਾਪਦਾ ਹੈ।

ਪੰਜਾਬੀ ਨਾਵਲ ਦਾ ਇਤਿਹਾਸਕ ਕ੍ਰਮ ਜਾਨਣ ਲਈ ਵਿਭਿੰਨ ਅਧਿਐਨ ਵਿਧੀਆਂ ਅਪਣਾਈਆਂ ਜਾਂਦੀਆਂ ਹਨ। ਨਾਵਲਕਾਰਾਂ ਦੇ ਕਾਲਕ੍ਰਮਾਂ ਅਨੁਸਾਰ ਜਾਂ ਫਿਰ ਪੰਜਾਬੀ ਨਾਵਲ ਦੀਆਂ ਪ੍ਰਵਿਰਤੀਆਂ ਮੁਤਾਬਕ ਇਤਿਹਾਸ ਉਲੀਕਿਆ ਜਾਂਦਾ ਹੈ। ਇਥੇ ਅਸੀਂ ਇਸ ਪ੍ਰਕਾਰ ਹੀ ਨਾਵਲ ਦੀ ਵਿਕਾਸ-ਰੇਖਾ ਨੂੰ ਉਲੀਕਣ ਦੀ ਕੋਸ਼ਿਸ਼ ਕਰਾਂਗੇ।

ਅੰਗਰੇਜੀ ਸਾਮਰਾਜ ਦੇ ਪ੍ਰਵੇਸ਼ ਨਾਲ ਈਸਾਈ ਮਿਸ਼ਨਰੀਆਂ ਨੇ ਵੀ ਪੰਜਾਬੀ ਮਾਨਸਿਕਤਾ ਨੂੰ ਪ੍ਰਭਾਵਿਤ ਕਰਨ ਦਾ ਯਤਨ ਕੀਤਾ। ਜਿਸ ਤਹਿਤ ਅੰਗਰੇਜਾਂ ਨੇ ਨਾਵਲ ਲਿਖਵਾਉਣੇ ਸ਼ੁਰੂ ਕੀਤੇ। ਸਭ ਤੋਂ ਪਹਿਲਾਂ ਉਹਨਾਂ ਨੇ ਈਸਾਈ ਧਰਮ ਨਾਲ ਸੰਬੰਧਿਤ ਪ੍ਰਮੁੱਖ ਨਾਵਲਾਂ ਨੂੰ ਪੰਜਾਬੀ ਵਿੱਚ ਅਨੁਵਾਦ ਰੂਪ ਵਿੱਚ ਛਾਪਿਆ। 1859 ਈ. ਵਿਚ 'ਪਿਲਗ੍ਰਿਮਜ਼ ਪ੍ਰੋਗਰੈਸ' ਦਾ ਪੰਜਾਬੀ ਅਨੁਵਾਦ 'ਮਸੀਹੀ ਮੁਸਾਫਰ ਦੀ ਯਾਤਰਾ' ਨਾਂ ਹੇਠ ਸਾਹਮਣੇ ਆਇਆ। ਇਸ ਤਰ੍ਹਾਂ ਹੀ ਬੰਗਾਲ ਦੇ ਈਸਾਈ ਮਿਸ਼ਨਰੀਆਂ ਦੁਆਰਾ 1892 ਈ. ਵਿਚ 'ਜਯੋਤਿਰੁਦਯ' ਨਾਵਲ ਨੂੰ ਅਨੁਵਾਦ ਕਰ ਕੇ ਛਾਪਿਆ ਗਿਆ। ਇਨ੍ਹਾਂ ਨਾਵਲਾਂ ਵਿੱਚ ਈਸਾਈ ਧਰਮ ਦੇ ਪ੍ਰਚਾਰ ਨੂੰ ਮੁੱਖ ਵਿਸ਼ਾ ਬਣਾਇਆ ਗਿਆ। ਅਜਿਹੇ ਪ੍ਰਚਾਰਾਂ ਨੂੰ ਰੋਕਣ ਲਈ 'ਖਾਲਸਾ ਟ੍ਰੈਕਟ ਸੁਸਾਇਟੀ' ਦੀ ਸਥਾਪਨਾ ਕੀਤੀ ਗਈ। ਇਸ ਉਪਰੰਤ ਪੰਜਾਬੀ ਦੇ ਕੁਝ ਨਾਵਲਕਾਰ ਸਾਹਮਣੇ ਆਉਣ ਲੱਗੇ।

**ਭਾਈ ਵੀਰ ਸਿੰਘ** (1872-1957) ਨੂੰ ਪੰਜਾਬੀ ਦਾ ਮੋਢੀ ਨਾਵਲਕਾਰ ਮੰਨਿਆ ਜਾਂਦਾ ਹੈ। ਭਾਈ ਵੀਰ ਸਿੰਘ ਨਾਲ ਪੰਜਾਬੀ ਨਾਵਲ ਮੁੱਢਲੇ ਦੌਰ 'ਚ ਪ੍ਰਵੇਸ਼ ਕਰਦਾ ਹੈ। ਭਾਈ ਵੀਰ ਸਿੰਘ ਦੇ ਨਾਵਲ 'ਸੁੰਦਰੀ' (1858) ਨੂੰ ਮੋਢੀ ਨਾਵਲ ਮੰਨਿਆ ਜਾਂਦਾ ਹੈ। 'ਸੁੰਦਰੀ', 'ਸਤਵੰਤ ਕੌਰ' ਭਾਈ ਵੀਰ ਸਿੰਘ ਦੇ ਅਜਿਹੇ ਨਾਵਲ ਹਨ। ਜਿਨ੍ਹਾਂ ਵਿਚ ਇਸਤਰੀ ਪਾਤਰਾਂ ਦੀ ਉਸਾਰੀ ਸਿੱਖ ਧਰਮ ਦੇ ਇਤਿਹਾਸਕ ਪਰਿਪੇਖ ਵਿੱਚ ਕੀਤੀ ਗਈ ਹੈ। 'ਬਿਜੈ ਸਿੰਘ' ਤੇ 'ਬਾਬਾ ਨੌਧ' ਸਿੰਘ ਉਸਦੇ ਦੋ ਹੋਰ ਮਹੱਤਵਪੂਰਨ ਨਾਵਲ ਹਨ, ਜਿਸ ਵਿਚ ਅੰਗਰੇਜ਼ੀ ਨਿਜ਼ਾਮ ਦੀਆਂ ਨੀਤੀਆਂ ਨੂੰ ਪੇਸ਼ ਕੀਤਾ ਗਿਆ। ਉਸਦੇ ਨਾਵਲਾਂ ਵਿੱਚ ਸੁਧਾਰਵਾਦੀ ਪ੍ਰਵਿਰਤੀ ਦੇ ਅੰਸ਼ ਤਲਾਸ਼ੇ ਜਾ ਸਕਦੇ ਹਨ।

**ਮੋਹਨ ਸਿੰਘ ਵੈਦ** (1881-1936) ਮੁੱਢਲੇ ਦੌਰ ਦੇ ਨਾਵਲਕਾਰਾਂ 'ਚ ਇਕ ਹੋਰ ਚਰਚਿਤ ਨਾਂ ਹੈ। ਉਸਦੇ 'ਸੁਭਾਗ ਕੌਰ', 'ਸੁਖਦੇਵ ਕੌਰ', 'ਸੁਸ਼ੀਲ ਨੂੰਹ', 'ਇਕ ਸਿੱਖ ਘਰਾਣਾ', 'ਸੁਖੀ ਪਰਿਵਾਰ', 'ਵਕੀਲ ਦੀ ਕਿਸਮਤ', 'ਸੁਸ਼ੀਲ ਵਿਧਵਾ', 'ਪਛਤਾਵਾ', 'ਕਮਾਈ ਦੀ ਬਰਕਤ', 'ਕਪਟੀ ਮਿੱਤਰ', 'ਸੁਘੜ ਕੌਰ' ਤੇ 'ਲੜਾਕੀ ਸੱਸ' ਆਦਿ ਨਾਵਲਾਂ ਵਿਚ ਸਮਾਜਿਕ ਸਮਸਿਆਵਾਂ ਨੂੰ ਪੇਸ਼ ਕੀਤਾ ਗਿਆ ਹੈ। ਉਸਨੇ ਆਪਣੇ ਨਾਵਲਾਂ ਦੇ ਵਿਸ਼ਿਆਂ ਵਿਚ ਧਰਮ ਦੀ ਥਾਂ ਸਮਾਜਿਕਤਾ ਨੂੰ ਪਹਿਲ ਦਿੱਤੀ ਹੈ।

**ਚਰਨ ਸਿੰਘ**(1891-1935) ਨੇ 'ਦਲੇਰ ਕੌਰ', 'ਰਣਜੀਤ ਕੌਰ', 'ਚੰਚਲ ਮੂਰਤੀ', 'ਸ਼ਰਾਬ ਕੌਰ', 'ਦੋ ਵਹੁਟੀਆਂ' ਆਦਿ ਨਾਵਲਾਂ ਦੀ ਸਿਰਜਣਾ ਕੀਤੀ। ਉਸਦੇ ਨਾਵਲ ਸਿੰਘ ਸਭਾ ਲਹਿਰ ਤੋਂ ਪ੍ਰਭਾਵਿਤ ਸਮਾਜ ਸੁਧਾਰ ਦੇ ਉਦੇਸ਼ਾਂ ਦੀ ਪੂਰਤੀ ਕਰਦੇ ਹਨ।

ਇਸ ਮੁੱਢਲੇ ਦੌਰ ਵਿਚ **ਮਾਸਟਰ ਤਾਰਾ ਸਿੰਘ** ਦਾ ਨਾਵਲ 'ਬਾਬਾ ਤੇਗਾ ਸਿੰਘ' **ਗੁਰਬਖਸ਼ ਸਿੰਘ ਪ੍ਰੀਤਲੜੀ** ਦਾ ਨਾਵਲ 'ਅਣਵਿਆਹੀ ਮਾਂ', **ਈਸ਼ਵਰ ਚੰਦਰ ਨੰਦਾ** ਦਾ ਨਾਵਲ 'ਮੁਰਾਦ' ਤੇ 'ਤੇਜ ਕੌਰ', ਜੋਸੂਆ ਫਜ਼ਲਦੀਨ ਦਾ ਨਾਵਲ 'ਪ੍ਰਭਾ', 'ਮੁੰਡੇ ਦਾ ਮੁੱਲ', 'ਕਮਲਾ' ਆਦਿ ਦੀ ਸਿਰਜਣਾ ਵੀ ਪੰਜਾਬੀ ਨਾਵਲ ਦਾ ਮੁਹਾਂਦਰਾ ਸੰਵਾਰਦੀ ਹੈ।

**ਨਾਨਕ ਸਿੰਘ**(1897-1971) ਨੂੰ ਪੰਜਾਬੀ ਨਾਵਲ ਦਾ ਪ੍ਰਮੁੱਖ ਹਸਤਾਖਰ ਮੰਨਿਆ ਜਾਂਦਾ ਹੈ। ਉਸਨੇ ਪੰਜਾਬੀ ਨਾਵਲ ਜਗਤ ਦੀ ਝੋਲੀ ਕਰੀਬ ਤਿੰਨ ਦਰਜਨ ਦੇ ਕਰੀਬ ਨਾਵਲ ਪਾਏ। 'ਗਰੀਬ ਦੀ ਦੁਨੀਆਂ', 'ਪਿਆਰ ਦੀ ਦੁਨੀਆਂ', 'ਲਵ ਮੈਰਿਜ', 'ਪਵਿੱਤਰ ਪਾਪੀ' ਆਦਿ ਨਾਵਲਾਂ ਵਿਚ ਪ੍ਰੇਮ ਸੰਸਾਰ ਦੀ ਪੇਸ਼ਕਾਰੀ ਹੈ। 'ਟੁੱਟੀ ਵੀਣਾ', 'ਗੰਗਾਜਲੀ', 'ਅੱਧ ਖਿੜਿਆ ਫੁੱਲ' ਆਦਿ ਵਿਚ ਨਾਰੀ ਦੀ ਤ੍ਰਾਸਦਿਕ ਹੋਣੀ ਨੂੰ ਪੇਸ਼ ਕੀਤਾ ਗਿਆ ਹੈ। 'ਚਿੱਟਾ ਲਹੂ' ਵਿਚ ਭਾਈਚਾਰਕ ਸਾਂਝ ਦੇ ਮੁੱਦੇ ਨੂੰ ਉਭਾਰਿਆ ਗਿਆ ਹੈ। ਉਸਦੇ ਨਾਵਲ 'ਇਕ ਮਿਆਨ ਦੋ ਤਲਵਾਰਾਂ' ਨੂੰ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲਿਆ ਹੈ। 'ਅੱਗ ਦੀ ਖੇਡ', 'ਕੋਈ ਹਰਿਆ ਬੂਟ ਰਹੀਓ ਰੀ', 'ਗਗਨ ਦਮਾਮਾ ਬਾਜਿਓ' ਆਦਿ ਉਸਦੇ ਹੋਰ ਪ੍ਰਸਿੱਧ ਨਾਵਲ ਹਨ।

**ਸੰਤ ਸਿੰਘ ਸੇਖੋਂ** (1900-1997) ਦੇ ਪੰਜਾਬੀ ਨਾਵਲ ਸੰਸਾਰ ਵਿਚ ਪ੍ਰਵੇਸ਼ ਨਾਲ ਨਵਾਂ ਦੌਰ ਸ਼ੁਰੂ ਹੁੰਦਾ ਹੈ। 'ਲਹੂ ਮਿੱਟੀ', 'ਬਾਬਾ ਉਸਮਾਨ' ਨਾਵਲਾਂ ਵਿਚ ਉਸਨੇ ਮੱਧ ਵਰਗੀ ਕਿਸਾਨੀ ਜੀਵਨ ਦੇ ਬਿਰਤਾਂਤ ਨੂੰ ਪ੍ਰਸਤੁਤ ਕੀਤਾ ਹੈ।

**ਸੁਰਿੰਦਰ ਸਿੰਘ ਨਰੂਲਾ** (1917-2007) ਨੂੰ ਯਥਾਰਥਵਾਦੀ ਨਾਵਲਕਾਰ ਮੰਨਿਆ ਜਾਂਦਾ ਹੈ। ਉਸ ਦਾ ਨਾਵਲ 'ਪਿਉ ਪੁੱਤਰ' ਪੰਜਾਬੀ ਦਾ ਪਹਿਲਾ ਯਥਾਰਥਵਾਦੀ ਨਾਵਲ ਮੰਨਿਆ ਜਾਂਦਾ ਹੈ। 'ਰੰਗ ਮਹਿਲ', 'ਦੀਨ ਤੇ ਦੁਨੀਆਂ', 'ਜਗਰਾਤਾ', 'ਨੀਲੀ ਬਾਰ', 'ਲੋਕ ਦੁਸ਼ਮਣ', 'ਦਿਲ ਦਰਿਆ', 'ਆਪਣੇ ਪਰਾਏ', 'ਰਾਹੇ ਕੁਰਾਹੇ' ਆਦਿ ਉਸਦੇ ਹੋਰ ਪ੍ਰਸਿੱਧ ਨਾਵਲ ਹਨ। ਉਸਦੇ ਨਾਵਲਾਂ ਵਿਚ ਵਿਸ਼ਿਆਂ ਪੱਖੋਂ ਵਿਭਿੰਨਤਾ ਹੈ ਤੇ ਪ੍ਰਗਤੀਵਾਦੀ, ਯਥਾਰਥਵਾਦੀ ਦ੍ਰਿਸ਼ਟੀਕੋਣ ਦੀ ਪੇਸ਼ਕਾਰੀ ਦਿਖਾਈ ਦਿੰਦੀ ਹੈ।

**ਜਸਵੰਤ ਸਿੰਘ ਕੰਵਲ** (1919) ਪੰਜਾਬੀ ਦਾ ਇਕ ਹੋਰ ਪ੍ਰਸਿੱਧ ਨਾਵਲਕਾਰ ਹੈ। 'ਪੂਰਨਮਾਸ਼ੀ', 'ਹਾਣੀ', 'ਸੱਚ ਨੂੰ ਫਾਂਸੀ', 'ਰਾਤ ਬਾਕੀ ਹੈ', 'ਰੂਪਧਾਰਾ', 'ਸਿਵਲ ਲਾਇਨਜ਼', 'ਐਨਿਆ ਚੋਂ ਉਠੋ ਸੂਰਮਾ', 'ਬਰਫ ਦੀ ਅੱਗ', 'ਲਹੂ ਦੀ ਲੋਅ' ਆਦਿ ਉਸਦੇ ਚਰਚਿਤ ਨਾਵਲ ਹਨ। 'ਤੌਸ਼ਾਲੀ ਦੀ ਹੰਸੋ' ਨੂੰ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਹਾਸਲ ਹੋਇਆ ਹੈ। ਉਸਦੇ ਨਾਵਲਾਂ ਵਿਚੋਂ ਪੇਂਡੂ ਰਹਿਤਲ ਖਾਸ ਤੌਰ ਤੇ ਮਲਵਈ ਜੀਵਨ-ਸ਼ੈਲੀ ਦੇ ਅੰਸ਼ ਤਲਾਸ਼ੇ ਜਾ ਸਕਦੇ ਹਨ।

ਇਸ ਦੌਰ ਵਿਚ **ਗੁਰਚਰਨ ਸਿੰਘ** ਦਾ ਨਾਵਲ 'ਵਗਦੀ ਸੀ ਰਾਵੀ', **ਤਰਲੋਕ ਸਿੰਘ** ਦੇ ਨਾਵਲ 'ਦਿਲ ਧੜਕੇ ਮੇਰਾ', 'ਸਬਰ ਦਾ ਘੁੱਟ', 'ਲੱਗੀਆਂ ਤੋੜ ਨਿਭਾਈਏ', 'ਮਹਾਂਰਾਣੀ ਜਿੰਦਾ', 'ਸਿੱਖ ਰਾਜ ਦੀਆਂ ਸ਼ਾਮਾਂ' ਆਦਿ, **ਸੰਤ ਇੰਦਰ ਸਿੰਘ ਚੱਕਰਵਰਤੀ** ਦੇ ਨਾਵਲ 'ਜੈ', 'ਅੜਬੰਗੀ', 'ਬੀਤ ਰਾਗ' ਆਦਿ, **ਨੌਰੰਗ ਸਿੰਘ** ਦਾ ਨਾਵਲ 'ਮਿੰਦੋ', **ਦਰਸ਼ਨ ਸਿੰਘ ਅਵਾਰਾ** ਦਾ ਨਾਵਲ 'ਸਵਰਗ ਨਰਕ', **ਦਵਿੰਦਰ ਸਤਿਆਰਥੀ** ਦਾ ਨਾਵਲ 'ਘੋੜਾ ਬਾਦਸ਼ਾਹ' ਵੀ ਚਰਚਾ ਵਿਚ ਰਹਿੰਦੇ ਹਨ।

**ਕਰਤਾਰ ਸਿੰਘ ਦੁੱਗਲ**(1917-2012) ਕਹਾਣੀ ਖੇਤਰ ਦੇ ਨਾਲ ਨਾਲ ਨਾਵਲ ਵਿਚ ਵੀ ਭਰਵਾਂ

ਯੋਗਦਾਨ ਪਾਉਂਦਾ ਹੈ। 'ਆਂਦਰਾਂ', 'ਨੂੰਹ ਤੇ ਮਾਸ', 'ਇਕ ਦਿਲ ਵਿਕਾਊ ਹੈ', 'ਹਾਲ ਮੁਰੀਦਾਂ ਦਾ', 'ਉਸ ਦੀਆਂ ਚੂੜੀਆਂ', 'ਨਾਨਕ ਨਾਮ ਚੜ੍ਹਦੀ ਕਲਾ', 'ਤੇਰੇ ਭਾਣੇ ਸਰਬੱਤ ਦਾ ਭਲਾ' ਆਦਿ ਨਾਵਲਾਂ ਨੇ ਵੀ

ਖ਼ੂਬ ਚਰਚਾ ਬਟੋਰੀ। ਉਸਦੇ ਨਾਵਲਾਂ ਵਿੱਚ ਮਨੋਵਿਗਿਆਨਕ ਪ੍ਰਭਾਵ ਵਧੇਰੇ ਦੇਖਣ ਨੂੰ ਮਿਲਦਾ ਹੈ। ਉਸਦੇ ਨਾਵਲਾਂ ਵਿਚੋਂ ਖੁੱਲ੍ਹੇ ਜਿਨਸੀ ਸੰਬੰਧਾਂ ਨੂੰ ਵਧੇਰੇ ਪ੍ਰਗਟਾਇਆ ਗਿਆ ਹੈ।

**ਸੋਹਣ ਸਿੰਘ ਸੀਤਲ** (1909-2000) ਨੇ ਯਥਾਰਵਾਦੀ ਨਾਵਲ ਪਰੰਪਰਾ ਨੂੰ ਪਕੇਰਾ ਕਰਨ ਵਿੱਚ ਭਰਪੂਰ ਯੋਗਦਾਨ ਪਾਉਂਦਾ ਹੈ। 'ਤੂਤਾਂ ਵਾਲਾ ਖੂਹ', 'ਦੀਵੇ ਦੀ ਲੋਅ', 'ਮੁੱਲ ਦਾ ਮਾਸ', 'ਬਦਲਾ', 'ਈਚੋਗਿਲ ਨਹਿਰ ਤੱਕ', 'ਜੁਗ ਬਦਲ ਗਿਆ', 'ਜੰਗ ਜਾ ਅਮਨ' ਆਦਿ ਉਸਦੇ ਚਰਚਾ 'ਚ ਰਹੇ ਨਾਵਲ ਹਨ। 'ਜੁਗ ਬਦਲ ਗਿਆ' ਨਾਵਲ ਨੂੰ ਭਾਰਤੀ ਸਾਹਿਤ ਅਕਾਦਮੀ ਦਾ ਇਨਾਮ ਪ੍ਰਾਪਤ ਹੋਇਆ ਹੈ। ਉਸਦੀਆਂ ਸਿੱਖ ਇਤਿਹਾਸ ਨਾਲ ਸੰਬੰਧਤ ਨਾਵਲ ਰਚਨਾਵਾਂ 'ਸਿਖ ਰਾਜ ਕਿਵੇਂ ਗਿਆ', 'ਸਿੱਖ ਮਿਸਲਾਂ', 'ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ' ਗੌਲਣਯੋਗ ਹਨ।

**ਗੁਰਦਿਆਲ ਸਿੰਘ**(1933-2016) ਪੰਜਾਬੀ ਦਾ ਮਾਣਮੱਤਾ ਨਾਵਲਕਾਰ ਹੈ।ਉਸਨੂੰ 'ਅਣਹੋਇਆ ਦਾ ਨਾਵਲਕਾਰ' ਵਜੋਂ ਜਾਨਿਆਂ ਜਾਂਦਾ ਹੈ। 'ਅਣਹੋਏ', 'ਅੱਧ ਚਾਨਣੀ ਰਾਤ', 'ਰੇਤੇ ਦੀ ਇਕ ਮੁੱਠੀ', 'ਕੁਵੇਲਾ', 'ਆਥਣ-ਉੱਗਣ', 'ਪਹੁ ਫੁਟਾਲੇ ਤੋਂ ਪਹਿਲਾਂ', 'ਅੰਨ੍ਹੇ ਘੋੜੇ ਦਾ ਦਾਨ', 'ਪਰਸਾ' ਆਦਿ ਉਸ ਦੇ ਪ੍ਰਸਿੱਧ ਨਾਵਲ ਹਨ।'ਅੱਧ ਚਾਨਣੀ ਰਾਤ' ਨੂੰ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਪ੍ਰਾਪਤ ਹੋ ਚੁੱਕਾ ਹੈ। ਉਹ ਅਜਿਹਾ ਨਾਵਲਕਾਰ ਹੈ, ਜਿਸਨੂੰ ਭਾਰਤ ਦਾ ਸਰਵੋਤਮ ਸਾਹਿਤਕ ਇਨਾਮ 'ਗਿਆਨਪੀਠ ਪੁਰਸਕਾਰ' ਮਿਲਿਆ ਹੈ।ਉਸ ਦੇ ਨਾਵਲਾਂ ਵਿਚ ਪੇਂਡੂ ਜੀਵਨ ਦੇ ਯਥਾਰਥ ਨੂੰ ਬਾਖੂਬੀ ਚਿਤਰਿਆ ਗਿਆ ਹੈ।'ਮੜੀ ਦਾ ਦੀਵਾ' ਉੱਤੇ ਫਿਲਮ ਵੀ ਬਣ ਚੁੱਕੀ ਹੈ।

**ਸੁਰਜੀਤ ਸਿੰਘ ਸੇਠੀ** ਨਾਟਕਕਾਰ ਤੋਂ ਇਲਾਵਾ ਨਾਵਲਕਾਰ ਵੀ ਹੈ। ਉਸਨੂੰ ਪ੍ਰਯੋਗਵਾਦੀ ਨਾਵਲਕਾਰ ਦੀ ਸੰਗਿਆ ਦਿੱਤੀ ਜਾਂਦੀ ਹੈ। ਉਸ ਦੇ 'ਜਨਤਾ ਜਾਗੀ', 'ਰੇਤ ਦਾ ਪਹਾੜ', 'ਕੰਧੀ ਉੱਤੇ ਰੁੱਖੜਾ', 'ਸੈਲ ਪੱਥਰ', 'ਇਕ ਖਾਲੀ ਪਿਆਲਾ', 'ਡੁੱਬਦੇ ਸੂਰਜ ਨੂੰ ਸਲਾਮ', 'ਆਬਰਾ ਕਦਾਬਰਾ', ਆਦਿ ਨਾਵਲਾਂ ਵਿਚ ਵਿਭਿੰਨ ਵਿਸ਼ਿਆਂ ਦੀ ਪੇਸ਼ਕਾਰੀ ਕੀਤੀ ਗਈ ਹੈ।ਉਹ ਆਪਣੇ ਪਾਤਰਾਂ ਦੇ ਮਨਾਂ ਅੰਦਰ ਜਿਨਸੀ ਸੰਬੰਧਾਂ ਲਈ ਲੁਪਤ ਤਾਂਘ ਦੀ ਪੇਸ਼ਕਾਰੀ ਕਰਨ ਵਿਚ ਮਾਹਰ ਹੈ।

**ਨਿਰੰਜਨ ਤਸਨੀਮ** (1929) ਪੰਜਾਬੀ ਨਾਵਲ ਖੇਤਰ ਵਿਚ ਖਾਸ ਨਾਂ ਰੱਖਦਾ ਹੈ।ਉਹ ਬਹੁ-ਭਾਸ਼ੀ ਨਾਵਲ ਲੇਖਕ ਦੇ ਨਾਲ ਨਾਲ ਨਾਵਲ ਆਲੋਚਕ ਵੀ ਹੈ।'ਪਰਛਾਵੇਂ', 'ਕਸਕ', 'ਰੇਤ ਛਲ', 'ਹਨੇਰਾ ਹੋਣ ਤੱਕ', 'ਇਕ ਹੋਰ ਨਵਾਂ ਸਾਲ', 'ਗੁਆਚੇ ਅਰਥ' ਆਦਿ ਉਸਦੇ ਚਰਚਿਤ ਨਾਵਲ ਹਨ।'ਗੁਆਚੇ ਅਰਥ' ਨੂੰ ਭਾਰਤੀ ਸਾਹਿਤ ਅਕਾਦਮੀ ਇਨਾਮ ਨਾਲ ਨਿਵਾਜਿਆ ਗਿਆ ਹੈ। ਉਸਦੇ ਨਾਵਲਾਂ ਵਿਚ ਵੀ ਸੇਠੀ ਵਾਂਗ ਨਿਵੇਕਲੇ ਪ੍ਰਯੋਗ ਦੇਖਣ ਨੂੰ ਮਿਲਦੇ ਹਨ। ਉਸਦੇ ਨਾਵਲਾਂ ਵਿਚ ਆਧੁਨਿਕ ਮਨੁੱਖ ਦੀਆਂ ਮਨੋ-ਬਿਰਤੀਆਂ ਨੂੰ ਪੇਸ਼ ਕੀਤਾ ਗਿਆ ਹੈ।

**ਸੁਖਬੀਰ** (1929) ਪੰਜਾਬੀ ਨਾਵਲ ਜਗਤ ਦਾ ਉਹ ਹਸਤਾਖਰ ਹੈ ਜਿਸਨੇ ਆਪਣੇ ਨਾਵਲਾਂ ਵਿਚ ਮਹਾਂਨਗਰੀ ਜੀਵਨ-ਸਥਿਤੀ ਨੂੰ ਪੇਸ਼ ਕੀਤਾ ਹੈ।'ਪਾਣੀ ਤੇ ਪੁੱਲ', 'ਰਾਤ ਦਾ ਚਿਹਰਾ', 'ਸੜਕਾਂ ਤੇ ਕਮਰੇ', 'ਅੱਧੇ ਪੌਣੇ' ਆਦਿ ਨਾਵਲ ਇਸਦੀ ਪ੍ਰਤੀਨਿਧ ਉਦਾਹਰਨ ਹਨ। ਉਸਦੀ ਨਾਵਲਕਾਰੀ ਨਾਲ ਪੰਜਾਬੀ ਨਾਵਲ ਦਾ ਖੇਤਰ ਵਿਸ਼ਾਲ ਹੈ।

**ਮੋਹਨ ਕਾਹਲੋਂ** ਦੇ ਨਾਵਲਾਂ ਵਿਚੋਂ ਪੂਰਬੀ ਪੰਜਾਬ ਦੇ ਖਿੱਤੇ ਦੀ ਸਥਿਤੀ ਨੂੰ ਸਹਿਜੇ ਹੀ ਪੜ੍ਹਿਆ ਜਾ ਸਕਦਾ ਹੈ। ਉਸਨੇ 'ਮੱਛਲੀ ਇਕ ਦਰਿਆ ਦੀ', 'ਬੇੜੀ ਤੇ ਬਰੇਤਾ', 'ਪਰਦੇਸੀ ਰੁੱਖ', 'ਮੈਂ ਕੁਆਰੀ ਨਹੀਂ', 'ਬਾਰਾਂਦਰੀ ਦੀ ਰਾਣੀ', 'ਵਗਦੇ ਪਾਣੀ' ਆਦਿ ਨਾਵਲਾਂ ਦੀ ਰਚਨਾ ਕੀਤੀ।

**ਕੇਸਰ ਸਿੰਘ** ਦੇ ਪ੍ਰਮੁੱਖ ਨਾਵਲਾਂ ਵਿਚ 'ਬਾਬਾ ਹਰੀ ਸਿੰਘ', 'ਉਸਮਾਨ', 'ਅਮਰ ਸ਼ਹੀਦ ਮਦਨ ਲਾਲ ਢੀਂਗਰਾ', 'ਅਮਰ ਸ਼ਹੀਦ ਸੇਵਾ ਸਿੰਘ ਲੋਪੋਕੇ', 'ਲਹਿਰ ਵਧਦੀ ਗਈ', 'ਜੰਗੀ ਕੈਦੀ' ਆਦਿ ਨਾਂ ਲਏ ਜਾ ਸਕਦੇ ਹਨ। ਉਸਦੇ ਨਾਵਲ ਮਾਰਕਸਵਾਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹਨ।

ਇਸ ਸਮੇਂ ਕੁਝ ਇਸਤਰੀ ਨਾਵਲਕਾਰਾਂ ਨੇ ਵੀ ਪ੍ਰਵੇਸ਼ ਕੀਤਾ । ਜਿਨ੍ਹਾਂ 'ਚੋਂ **ਅੰਮ੍ਰਿਤਾ ਪ੍ਰੀਤਮ** (1919-2005) ਖਾਸ ਨਾਂ ਹੈ। ਉਸਨੇ 'ਡਾ. ਦੇਵ' 'ਪਿੰਜਰ', 'ਆਲ੍ਹਣਾ', 'ਇਕ ਸਵਾਲ', 'ਬੁਲਾਵਾ', 'ਚੱਕ ਨੰਬਰ ਛੱਤੀ', 'ਇਕ ਸੀ ਅਨੀਤਾ', 'ਦਿਲ ਦੀਆਂ ਗਲੀਆਂ', 'ਯਾਤਰੀ', 'ਸਾਗਰ ਤੇ ਸਿੱਪੀਆਂ', 'ਜੇਬ ਕਤਰੇ', 'ਅੱਕ ਦਾ ਬੂਟਾ', 'ਅੱਗ ਦੀ ਲਕੀਰ' ਆਦਿ ਨਾਵਲਾਂ ਦੀ ਸਿਰਜਣਾ ਕੀਤੀ। ਉਸਦੇ ਨਾਵਲਾਂ ਦੇ ਵਿਸ਼ੇ ਬਹੁਭਾਂਤੀ ਹਨ। 1947 ਦੀ ਵੰਡ ਦਾ ਦੁਖਾਂਤ, ਇਸਤਰੀ ਮਰਦ ਸੰਬੰਧ, ਸਰੀਰਕ-ਮਾਨਸਿਕ ਖਾਹਸ਼ਾਂ ਆਦਿ ਇਸਦੇ ਪ੍ਰਤੀਨਿਧ ਹਵਾਲੇ ਹਨ।

**ਦਲੀਪ ਕੌਰ ਟਿਵਾਣਾ** ਦਾ ਇਸਤਰੀ ਨਾਵਲਕਾਰ ਵਜੋਂ ਸਾਹਿਤਕ ਕੱਦ ਹੋਰਨਾਂ ਨਾਲੋਂ ਉੱਚਾ ਹੈ। ਉਸਨੇ 'ਅਗਨੀ ਪ੍ਰੀਖਿਆ', 'ਏਹੁ ਹਮਾਰਾ ਜੀਵਣਾ', 'ਤੀਲ੍ਹੀ ਦਾ ਨਿਸ਼ਾਨ', 'ਦੂਸਰੀ ਸੀਤਾ', 'ਪੈੜ ਚਾਲ', 'ਲੰਘ ਗਏ ਦਰਿਆ', 'ਕਥਾ ਕੁਕਨੁਸ ਦੀ' ਆਦਿ ਨਾਵਲਾਂ ਦੀ ਰਚਨਾ ਕੀਤੀ। 'ਏਹੁ ਹਮਾਰਾ ਜੀਵਣਾ' ਨਾਵਲ ਨੂੰ ਭਾਰਤੀ ਸਾਹਿਤ ਅਕਾਦਮੀ ਇਨਾਮ ਨਾਲ ਸਨਮਾਨਿਤ ਕੀਤਾ ਗਿਆ ਹੈ। ਉਸਨੂੰ ਸਾਹਿਤ ਖੇਤਰ ਨਾਲ ਸੰਬੰਧਤ ਪ੍ਰਮੁੱਖ ਸਰਸਵਤੀ ਸਨਮਾਨ ਵੀ ਹਾਸਲ ਹੈ।

**ਅਜੀਤ ਕੌਰ** (1934) ਪੰਜਾਬੀ ਦੀ ਪ੍ਰਤੀਨਿਧ ਇਸਤਰੀ ਕਹਾਣੀਕਾਰਾ ਹੈ, ਪਰ ਉਸਨੇ ਨਾਵਲ ਵਿਧਾ ਵਿਚ ਵੀ ਚੰਗਾ ਨਾਮਣਾ ਖੱਟਿਆ ਹੈ। ਉਸਨੇ 'ਪੋਸਟਮਾਰਟਮ', 'ਫਾਲਤੂ ਔਰਤ', 'ਧੁੱਪ ਵਾਲਾ ਸ਼ਹਿਰ', 'ਕੱਟੀਆਂ ਲਕੀਰਾਂ', 'ਟੁੱਟੇ ਤਿਕੋਣ' ਆਦਿ ਨਾਵਲਾਂ ਦੀ ਸਿਰਜਣਾ ਕੀਤੀ। ਆਕਾਰ ਪੱਖੋਂ ਉਸਦੇ ਨਾਵਲ ਛੋਟੇ ਹਨ। ਇਨ੍ਹਾਂ ਨੂੰ ਨਾਵਲਿਟ ਦੀ ਸ਼੍ਰੇਣੀ 'ਚ ਵੀ ਰੱਖਿਆ ਜਾ ਸਕਦਾ ਹੈ। ਉਸਦੇ ਨਾਵਲ ਮਹਾਨਗਰਾਂ 'ਚ ਵੱਸਦੀਆਂ ਇਸਤਰੀਆਂ ਦੀ ਬਹੁ-ਪਾਸਾਰੀ ਸਥਿਤੀ ਨੂੰ ਕੇਂਦਰ 'ਚ ਰੱਖਕੇ ਲਿਖੇ ਗਏ ਹਨ।

**ਬਲਜੀਤ ਕੌਰ ਬੱਲੀ** (1939) ਇਕ ਹੋਰ ਮਹੱਤਵਪੂਰਨ ਇਸਤਰੀ ਨਾਵਲਕਾਰ ਹੈ। 'ਠਰੀ ਰਾਤ', 'ਧੁੱਪ ਦੀ ਵਾਟ', 'ਗੁਆਚੇ ਸੂਰਜ', 'ਆਪਣੀ ਛਾਵੇਂ' ਆਦਿ ਨਾਵਲਾਂ ਨੇ ਕਾਫੀ ਧਿਆਨ ਖਿੱਚਿਆ ਹੈ। ਉਸਨੇ ਇਸਤਰੀ ਦੇ ਬਿੰਬ ਨੂੰ ਨਿਵੇਕਲੀ ਸ਼ੈਲੀ 'ਚ ਪ੍ਰਸਤੁਤ ਕੀਤਾ ਹੈ।

**ਰਾਮ ਸਰੂਪ ਅਣਖੀ** (1932-2010) ਪੰਜਾਬੀ ਨਾਵਲ ਖੇਤਰ ਵਿਚ ਸ਼ੁੱਧ ਆਂਚਲਿਕ ਨਾਵਲਕਾਰ ਹੈ। ਮਾਲਵੇ ਦੇ ਕਿਸਾਨੀ ਸਭਿਆਚਾਰ ਤੇ ਪੇਂਡੂ ਆਂਚਲਿਕਤਾ ਦੀ ਪੇਸ਼ਕਾਰੀ ਉਸਦੇ ਨਾਵਲਾਂ ਵਿਚ ਵੱਡੀ ਪੱਧਰ ਤੇ ਹੋਈ ਹੈ। 'ਸੁਲਗਦੀ ਰਾਤ', 'ਕੱਖ ਕਾਨਿਆਂ ਦੇ ਪੁੱਲ', 'ਜ਼ਖਮੀ ਅਤੀਤ', 'ਦੁੱਲੇ ਦੀ ਢਾਬ', 'ਸਰਦਾਰੋ', 'ਜੱਸੀ ਸਰਪੰਚ', 'ਸਲਫ਼ਾਸ', 'ਹਮੀਰਗੜ੍ਹ', 'ਕਣਕਾਂ ਦਾ ਕਤਲਾਮ' ਆਦਿ ਉਸਦੇ ਪ੍ਰਮੁੱਖ ਨਾਵਲ ਹਨ। 'ਕੋਠੇ ਖੜਕ ਸਿੰਘ' ਨਾਵਲ ਨੂੰ ਭਾਰਤੀ ਸਾਹਿਤ ਅਕਾਦਮੀ ਇਨਾਮ ਹਾਸਲ 'ਚੋ ਚੁੱਕਾ ਹੈ।

**ਕਰਮਜੀਤ ਸਿੰਘ ਕੁੱਸਾ** (1954-1998) ਨੇ ਸਮਕਾਲੀ ਸਮਾਜ ਦੀ ਯਥਾਰਥਕਤਾ ਨੂੰ ਪੇਸ਼ ਕਰਕੇ ਖਾਸ ਨਾਮਣਾ ਖੱਟਿਆ ਹੈ। 'ਬੁਰਕੇ ਵਾਲੇ ਲੁਟੇਰੇ', 'ਅੱਗ ਦਾ ਗੀਤ', 'ਰੋਹੀ ਬੀਆਬਾਨ', 'ਜ਼ਖਮੀ ਦਰਿਆ' ਆਦਿ ਉਸ ਦੇ ਵਰਣਨਯੋਗ ਨਾਵਲ ਹਨ। ਕੁੱਸੇ ਦੇ ਨਾਵਲਾਂ 'ਚ ਵਿਸ਼ਿਆਂ ਪੱਖੋਂ ਵਿਵਿਧਤਾ ਦੇਖਣ ਨੂੰ

ਮਿਲਦੀ ਹੈ।

ਇਸ ਦੌਰ ਵਿਚ **ਹਰਨਾਮ ਦਾਸ ਸਹਿਰਾਈ** ਨੇ ਇਤਿਹਾਸਕ ਨਾਵਲਾਂ ਦੀ ਸਿਰਜਣਾ ਕੀਤੀ।



BSEB

'ਲੋਹਗੜ੍ਹ', 'ਸਫ਼ੈਦ ਪੋਸ਼', 'ਗਲੀ ਮੁਹੱਲੇ ਦੇ ਲੋਕ', 'ਮੱਸਾ ਰੰਗੜ', 'ਭਗਤ ਨਾਮਦੇਵ', 'ਬਾਬਾ ਸਾਹਿਬ ਸਿੰਘ ਬੇਦੀ', 'ਜੱਸਾ ਸਿੰਘ ਆਹਲੂਵਾਲੀਆ' ਆਦਿ ਉਸ ਦੇ ਪ੍ਰਮੁੱਖ ਨਾਵਲ ਹਨ।

**ਮਹਿੰਦਰ ਸਿੰਘ ਸਰਨਾ** (ਕਾਂਗਾ ਦੇ ਕੰਢੇ, ਸੂਹਾ ਰੰਗ ਮਜੀਠ ਦਾ, ਪੀੜਾਂ ਮੱਲੇ ਰਾਹ ਆਦਿ), ਹਰੀ ਸਿੰਘ ਦਿਲਬਰ (ਜਿਸ ਪਿਆਰ ਸਿਉਂ ਨੇਹੁੰ, ਤੈਂ ਕੀ ਦਰਦ ਨਾ ਆਇਆ, ਹਾਲ ਮੁਰੀਦਾਂ ਦਾ ਕਹਿਣਾ ਆਦਿ) ਨਾਵਲਾਂ ਨੇ ਵੀ ਯੋਗਦਾਨ ਪਾਇਆ।

**ਸੰਤੋਖ ਸਿੰਘ ਧੀਰ** ਨੇ ਕਹਾਣੀਆਂ ਦੇ ਨਾਲ ਨਾਲ 'ਸ਼ਰਾਬੀ', 'ਯਾਦਗਾਰ', 'ਨਵਾਂ ਜਨਮ', 'ਹਿੰਦੁਸਤਾਨ ਹਮਾਰਾ' ਆਦਿ ਪ੍ਰਗਤੀਵਾਦੀ ਨਾਵਲ ਲਿਖੇ।

**ਓਮ ਪ੍ਰਕਾਸ਼ ਗਾਸੋ** ਨੇ ਮਲਵਈ ਭਾਸ਼ਾ 'ਚ ਸਿਰਜੇ ਨਾਵਲ 'ਬੁੱਝ ਰਹੀ ਬੱਤੀ ਦਾ ਚਾਨਣਾ', 'ਮਿੱਟੀ ਦਾ ਮੁੱਲ', 'ਲੋਹੇ ਲਾਖੇ', 'ਤੱਤੀ ਹਵਾ', 'ਮੌਤ ਦਰ ਮੌਤ', 'ਤਾਂਬੇ ਦਾ ਰੰਗ', 'ਸੁਪਨੇ ਤੇ ਸੰਸਾਰ' ਆਦਿ ਦੀ ਸਿਰਜਣਾ ਕੀਤੀ। **ਬੂਟਾ ਸਿੰਘ ਸ਼ਾਦ** ਦੇ ਨਾਵਲ 'ਕੁੱਤਿਆਂ ਵਾਲੇ ਸਰਦਾਰ', 'ਸਿੱਖ ਹੀਰੋ', 'ਪਾਪੀ ਪਾਪ ਕਮਾਂਵਦੇ', 'ਰੂਹ ਦੀ ਹਾਣੀ', 'ਦਿਲ ਦਰਿਆ ਸਮੁੰਦਰੋਂ ਡੂੰਘੇ' ਆਦਿ ਵੀ ਪੰਜਾਬੀ ਨਾਵਲ ਦੇ ਇਤਿਹਾਸ ਦਾ ਹਿੱਸਾ ਬਣਦੇ ਹਨ। ਇਸ ਲੜੀ ਵਿਚ ਕਹਾਣੀਕਾਰ **ਜਸਵੰਤ ਸਿੰਘ ਵਿਰਦੀ** ਨੇ 'ਮਹਿਕ ਨਾ ਮਾਰੋ', 'ਬਿਖਰੇ ਬਿਖਰੇ', 'ਅੱਧੀ ਰਾਤ', 'ਤਰਕਾਲਾਂ', 'ਅੰਦਰਲੇ ਦਰਵਾਜ਼ੇ', 'ਚਾਨਣ ਲੀਕਾਂ', 'ਵਰਖਾ ਰੁੱਖ', 'ਲਹੂ ਭਿੱਜੇ ਵਰ੍ਹਕੇ' ਆਦਿ ਨਾਵਲਾਂ ਦੀ ਰਚਨਾ ਕੀਤੀ।

**ਐਸ. ਸਾਕੀ** ਵੀ ਮਹੱਤਵਪੂਰਨ ਗਲਪਕਾਰ ਹੈ। ਉਸਨੇ 'ਨਿਕਰਮੀ', 'ਵੱਡਾ ਆਦਮੀ', 'ਛੋਟਾ ਸਿੰਘ' ਆਦਿ ਨਾਵਲ ਲਿਖ ਕੇ ਨਾਵਲ ਖੇਤਰ ਨੂੰ ਮੋਕਲਾ ਕੀਤਾ। ਕਹਾਣੀਕਾਰ **ਜਸਵੀਰ ਭੁੱਲਰ** ਨੇ 'ਨੰਗੇ ਪਹਾੜ ਦੀ ਮੌਤ', 'ਚਿੱਟੀ ਗੁਫਾ ਤੇ ਮੌਲਸਰੀ', 'ਚਾਬੀ ਵਾਲਾ ਖਿਡੌਣਾ' ਤੇ 'ਵਾਵਰੋਲਾ' ਨਾਵਲ ਲਿਖੇ।

ਰਾਜਸਥਾਨ (ਗੰਗਾਨਗਰ) ਦੇ ਵਸਨੀਕ **ਡਾ. ਸ਼ਿੰਦਰ** ਨੇ 'ਸਟੋਨਕਿਸ', 'ਅੰਮੀ ਜਾਏ', 'ਗੁਲਮੋਹਰ ਦੇ ਫੁੱਲ', 'ਮੌਸਮਾਂ ਦੀ ਖ਼ਾਮੋਸ਼ੀ', 'ਆਂਟੀ ਦਾ ਘਰ', 'ਸੂਰਜਮੁਖੀ ਉਦਾਸ ਹੈ', 'ਉਥੇ ਹੈ ਕੌਣ', 'ਨਿੰਮ ਦਾ ਦਰਖੱਤ' ਆਦਿ ਨਾਵਲ ਲਿਖੇ। ਉਸਦੇ ਨਾਵਲਾਂ ਵਿਚ ਮਨੋਵਿਗਿਆਨਕ ਪ੍ਰਵਿਰਤੀ ਨੂੰ ਸਹਿਜੇ ਹੀ ਦੇਖਿਆ ਜਾ ਸਕਦਾ ਹੈ। ਉਹ ਆਪਣੀਆਂ ਰਚਨਾਵਾਂ ਵਿਚ ਨਿਵੇਕਲੇ ਪ੍ਰਯੋਗ ਵੀ ਕਰਦਾ ਰਿਹਾ ਹੈ।

**ਦਰਸ਼ਨ ਮਿਤਵਾ** ਮਾਲਵੇ ਦੀ ਜੀਵਨਕਾਰੀ ਨੂੰ ਬਿਆਨਣ ਵਾਲਾ ਇਕ ਹੋਰ ਪ੍ਰਸਿੱਧ ਨਾਵਲਕਾਰ ਹੈ। 'ਚੁੱਪ', 'ਰਾਤ ਦਾ ਸਿਵਾ', 'ਇਕ ਰਾਤ ਦਾ ਜ਼ਖਮ', 'ਨੰਗੇ ਸਿਰ ਵਾਲੀ ਤੀਵੀਂ', 'ਮੌੜ ਤੇ ਮੁੜਦਿਆਂ' ਆਦਿ ਉਸਦੇ ਚਰਚਿਤ ਨਾਵਲ ਹਨ। ਪੇਸ਼ੇ ਵਜੋਂ ਰਿਟਾਇਰਡ ਫੌਜੀ **ਪਰਗਟ ਸਿੰਘ ਸਿੱਧੂ** ਦਾ ਵੀ ਨਾਵਲਕਾਰਾਂ ਵਿਚ ਵਿਸ਼ੇਸ਼ ਨਾਂ ਹੈ। 'ਪ੍ਰੀਤੋ', 'ਮੀਤੋ', 'ਆਪਣੀ ਮਿੱਟੀ ਦੀ ਸਾਜਿਸ਼', 'ਬਤਖ ਦੇ ਪਰਾਂ ਜਿਹੇ ਦਿਨ' ਆਦਿ ਉਸਦੇ ਨਾਵਲ ਹਨ। ਉਸਦੇ ਨਾਵਲਾਂ ਵਿਚੋਂ ਵੀ ਮਲਵਈ ਭੋਇੰ-ਮੰਡਲ ਦੇ ਦਰਸ਼ਨ ਕੀਤੇ ਜਾ ਸਕਦੇ ਹਨ।

ਅਗਲੇ ਦੌਰ ਵਿਚ **ਇੰਦਰ ਸਿੰਘ ਖਾਮੋਸ਼** (1931) ਨਾਵਲਕਾਰ ਦਾ ਨਾਂ ਆਉਂਦਾ ਹੈ। ਜਿਸਨੇ ਗਿਣਾਤਮਕ ਪੱਖੋਂ ਨਾਵਲਕਾਰੀ ਨੂੰ ਅਮੀਰ ਕਰਨ ਵਿਚ ਕਾਫ਼ੀ ਯੋਗਦਾਨ ਪਾਇਆ। 'ਚਾਨਣ ਦਾ ਜੰਗਲ', 'ਰਿਸ਼ਤਿਆਂ ਦਾ ਰੰਗ', 'ਇਕ ਤਾਜ ਮਹਿਲ ਹੋਰ', 'ਕਰਜਈ ਸੁਪਨੇ', 'ਕਾਫਰ ਮਸੀਹਾ' ਉਸਦੇ ਪ੍ਰਮੁੱਖ ਨਾਵਲ ਹਨ।

**ਮਿੱਤਰ ਸੈਨ ਮੀਤ** (1952) ਅਜਿਹਾ ਨਾਵਲਕਾਰ ਹੈ ਜਿਸਨੇ ਪੰਜਾਬੀ ਨਾਟਕ ਵਿਚ ਨਵੇਂ ਤਜ਼ਰਬੇ



BSER

ਕੀਤੇ। 'ਅੱਗ ਦੇ ਬੀਜ', 'ਕਟਹਿਰਾ', 'ਤਫਤੀਸ਼', 'ਸੁਧਾਰ ਘਰ' ਆਦਿ ਉਸਦੇ ਨਾਵਲ ਹਨ। ਇਨ੍ਹਾਂ ਨਾਵਲਾਂ ਵਿਚ ਉਸਨੇ ਨਿਆਂ, ਪੁਲਿਸ ਪ੍ਰਸ਼ਾਸ਼ਨ ਤੇ ਹੋਰ ਪ੍ਰਸ਼ਾਸ਼ਕੀ ਅਦਾਰਿਆਂ ਦੇ ਨਿਘਾਰ ਨੂੰ ਚਰਚਾ ਦਾ ਵਿਸ਼ਾ ਬਣਾਇਆ।

**ਐੱਸ. ਸੋਜ਼** ਨੇ ਆਪਣੇ ਨਾਵਲਾਂ ਵਿਚ ਮਨੁੱਖ ਦੇ ਵਿਵਹਾਰਕ ਪੱਖ ਨੂੰ ਆਧਾਰ ਬਣਾਉਂਦੇ ਹੋਇ 'ਕੋਲਾਜ', 'ਮਕਾਨ ਇਕ ਖਾਲੀ ਜਿਹਾ', 'ਮਰਸੀਆ', 'ਨਾਨਸੈਂਸ', 'ਪਾਤਰ ਵਿਪਾਤਰ', 'ਊਣੇ-ਸੱਖਣੇ', 'ਹੈਲੋ', 'ਅੱਖਰ', 'ਹਰਫ਼ ਕਿਤਾਬ' ਆਦਿ ਨਾਵਲਾਂ ਦੀ ਰਚਨਾ ਕੀਤੀ।

**ਬਲਦੇਵ ਸਿੰਘ** ਪੰਜਾਬੀ ਦਾ ਬਹੁਵਿਧਾਈ ਸਾਹਿਤਕਾਰ ਹੈ। 'ਸੂਲੀ ਟੰਗੇ ਪਹਿਰ', 'ਕੱਚੀਆਂ ਕੰਧਾਂ', 'ਜੀ ਟੀ ਰੋਡ', 'ਕੱਲੀ ਧਰਤੀ', 'ਦੂਸਰਾ ਹੀਰੋਸ਼ੀਮਾ', 'ਢਾਹਵਾਂ ਦਿੱਲੀ ਦੇ ਕਿੰਗਰੇ', 'ਗੰਧਲੇ ਪਾਣੀ' ਆਦਿ ਉਸਦੇ ਮਹੱਤਵਪੂਰਨ ਨਾਵਲ ਹਨ। ਉਸਨੇ ਹਾਸ਼ੀਏ ਤੋਂ ਪਾਰ ਜਾ ਰਹੀਆਂ ਸ਼੍ਰੇਣੀਆਂ ਡਰਾਇਵਰਾਂ, ਵੇਸ਼ਵਾਗਿਰੀ ਤੇ ਹੋਰਨਾਂ ਪੀੜਤ ਸ਼੍ਰੇਣੀਆਂ ਨੂੰ ਆਪਣੀ ਰਚਨਾ ਦਾ ਹਿੱਸਾ ਬਣਾਇਆ। 'ਪੰਜਵਾਂ ਸਾਹਿਬਜ਼ਾਦਾ' ਵਿਚ ਇਤਿਹਾਸਕ ਦ੍ਰਿਸ਼ਟੀਕੋਣ ਦੀ ਪੇਸ਼ਕਾਰੀ ਹੈ। 'ਢਾਹਵਾਂ ਦਿੱਲੀ ਦੇ ਕਿੰਗਰੇ' ਨੂੰ ਭਾਰਤੀ ਸਾਹਿਤ ਅਕਾਦਮੀ ਦਾ ਇਨਾਮ ਹਾਸਲ ਹੋ ਚੁੱਕਿਆ ਹੈ।

**ਨਿੰਦਰ ਗਿੱਲ** ਦਾ ਵੀ ਪੰਜਾਬੀ ਨਾਵਲ ਜਗਤ ਵਿਚ ਵਿਸ਼ੇਸ਼ ਨਾਂ ਹੈ। ਉਸਦੇ ਨਾਵਲਾਂ ਦੇ ਨਾਮ 'ਪੰਜਾਬ 84', 'ਦਹਿਸ਼ਤ ਦੇ ਦਿਨਾਂ ਵਿਚ', 'ਚੋਣ ਹਲਕਾ ਪਾਇਲ', 'ਪਲ ਪਲ ਮਰਨਾ', 'ਦਾਸਤਾਂ ਦਲਿਤਾਂ ਦੀ' ਆਦਿ ਹਨ। ਉਸਦੇ ਨਾਵਲਾਂ ਵਿਚ ਪੰਜਾਬ ਦੀਆਂ ਵਿਭਿੰਨ ਸਮੱਸਿਆਵਾਂ ਨੂੰ ਵਿਸ਼ਾ ਬਣਾਇਆ ਗਿਆ ਹੈ।

ਇਸ ਸਮੇਂ **ਬਲਵਿੰਦਰ ਕੌਰ ਬਰਾੜ** ਦੇ ਨਾਵਲ 'ਸੱਭੇ ਸਾਕ ਕੁੜਾਵੇ', 'ਮਿੱਟੀ ਨਾ ਫਰੋਲ ਜੋਗੀਆ', 'ਚਿੱਤ ਨਾ ਚੇਤੇ', **ਬਲਜਿੰਦਰ ਨਸਰਾਲ** (ਹਾਰੇ ਦੀ ਅੱਗ, ਵੀਹਵੀਂ ਸਦੀ ਦੀ ਅੱਖ), **ਮਨਮੋਹਨ ਬਾਵਾ** (ਯੁੱਧ ਨਾਦ), **ਜਸਬੀਰ ਮੰਡ** (ਔੜ ਦੇ ਬੀਜ਼, ਆਖਰੀ ਪਿੰਡ ਦੀ ਕਥਾ), **ਅਵਤਾਰ ਸਿੰਘ ਬਿਲਿੰਗ** (ਖੇੜੇ ਸੁਖ ਵਿਹੜੇ ਸੁੱਖ), **ਚੰਦਨ ਨੇਗੀ** (ਕਨਿਕ ਕਾਸਨੀ, ਜਲ ਬਿਨ ਕੁੰਭ, ਕਲਰ ਕੇਰੀ ਛੱਪੜੀ), **ਜਗਿੰਦਰ ਸਿੰਘ ਕੈਰੋਂ** (ਨਾਦ ਬਿੰਦ, ਸਭਨਾ ਜਿੱਤੀਆਂ ਬਾਜ਼ੀਆਂ), **ਜਤਿੰਦਰ ਹਾਂਸ** (ਬਸ ਅਜੇ ਇਨਾਂ ਹੀ), **ਪਰਗਟ ਸਿੰਘ ਸਤੌਜ** (ਖਬਰ ਇਕ ਪਿੰਡ ਦੀ) ,**ਜਸਵੀਰ ਸਿੰਘ ਰਾਣਾ**(ਇੱਥੋਂ ਰੇਗਿਸਤਾਨ ਦਿਸਦਾ ਹੈ) ਆਦਿ ਅਨੇਕਾਂ ਨਾਂ ਵਰਣਨਯੋਗ ਹਨ।

ਪੰਜਾਬੀ ਨਾਵਲ ਦੇ ਵਿਕਾਸ 'ਚ ਪਰਵਾਸੀ ਤੇ ਪਾਕਿਸਤਾਨੀ ਪੰਜਾਬੀ ਨਾਵਲ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ। ਪਰਵਾਸੀ ਨਾਵਲਕਾਰਾਂ ਵਿਚ **ਹਰਿੰਦਰ ਬਜਾਜ** (ਅੰਬੀ ਦਾ ਪਹਿਲਾ ਪਿਆਰ, ਸੱਜਣਾ ਬਾਝ ਹਨੇਰਾ ਆਦਿ), **ਦਿਲਬਾਗ ਬਾਸੀ** (ਦੇਸੀ ਕੁੜੀਆਂ ਵਿਦੇਸ਼ੀ ਲਾੜੇ, ਮਾਪੇ ਕੁਮਾਪੇ ਆਦਿ), **ਮਨਜੀਤ ਰਾਣਾ** (ਅੰਗਰੇਜ਼ ਕੁੜੀਆਂ), ਮੋਹਨ ਸਿੰਘ (ਗੁੱਡੀ, ਗੁਲਾਮੀ, ਖੂਨ ਗਰੀਬਾਂ ਦਾ, ਚਾਨਣੀ ਰਾਤ ਦਾ ਤੜਕਾ, ਮੇਰਾ ਗੁਆਚਾ ਪਿਆਰ) ਆਦਿ ਨਾਵਲਾਂ ਵਿਚ ਪਰਵਾਸੀ ਜੀਵਨ ਸ਼ੈਲੀ ਨੂੰ ਆਧਾਰ ਬਣਾਇਆ ਗਿਆ। ਪਰਵਾਸੀ ਪੰਜਾਬੀ ਨਾਵਲਕਾਰਾਂ ਵਿਚ **ਕੈਲਾਸਪੁਰੀ** ਦਾ ਵਿਸ਼ੇਸ਼ ਨਾਂ ਹੈ। ਉਸਨੇ ਔਰਤ ਦੀਆਂ ਸਰੀਰਕ-ਮਾਨਸਿਕ ਸਮੱਸਿਆਵਾਂ ਨੂੰ ਤਰਜੀਹ ਦਿੰਦੇ ਹੋਏ 'ਮੈਂ ਇਕ ਔਰਤ ਹਾਂ', 'ਕਟਹਿਰੇ ਵਿਚ ਖੜੀ ਔਰਤ', 'ਸੂਜੀ ਰੋਂਦੀ ਰਹੀ' ਆਦਿ ਨਾਵਲਾਂ ਦੀ ਰਚਨਾ ਕੀਤੀ।

**ਦਰਸ਼ਨ ਧੀਰ** ਪਰਵਾਸੀ ਪੰਜਾਬੀ ਨਾਵਲਕਾਰੀ ਦਾ ਬਹੁ-ਚਰਚਿਤ ਨਾਂ ਹੈ। 'ਆਪਣੇ ਆਪਣੇ ਰਾਹ', 'ਧੁੰਦਲਾ ਸੂਰਜ', 'ਘਰ ਤੇ ਕਮਰੇ', 'ਪੈੜਾਂ ਦੇ ਆਰ-ਪਾਰ' ਆਦਿ ਉਸ ਦੀਆਂ ਨਾਵਲ ਰਚਨਾਵਾਂ

ਹਨ। ਉਸਦੇ ਨਾਵਲਾਂ ਵਿਚ ਪੰਜਾਬ ਤੇ ਪਰਵਾਸੀ ਪੰਜਾਬ ਦੇ ਰਿਸ਼ਤਿਆਂ ਨੂੰ ਸਮਝਣ ਦਾ ਉਪਰਾਲਾ ਕੀਤਾ ਗਿਆ ਹੈ।

**ਸਵਰਨ ਚੰਦਨ** ਮਾਰਕਸਵਾਦੀ ਵਿਚਾਰਧਾਰਾ ਦਾ ਸਮਰਥਕ ਨਾਵਲਕਾਰ ਹੈ। 'ਨਵੇਂ ਰਿਸ਼ਤੇ', 'ਕੱਚੇ ਘਰ', 'ਕੱਖ ਕਾਣ ਤੇ ਦਰਿਆ', 'ਉਜਾੜਾ', 'ਤਸਦੀਕ' ਆਦਿ ਉਸਦੇ ਨਾਵਲ ਹਨ। ਇਹਨਾਂ ਵਿਚੋਂ ਵਿਚਾਰਧਾਰਕ ਪੱਖ ਤੋਂ ਪ੍ਰਗਤੀਵਾਦੀ ਅੰਸ਼ ਵੇਖੇ ਜਾ ਸਕਦੇ ਹਨ।

**ਹਰਜੀਤ ਅਟਵਾਲ** ਪਰਵਾਸੀ ਪੰਜਾਬੀ ਨਾਵਲਕਾਰੀ ਦਾ ਪ੍ਰਸਿੱਧ ਹਸਤਾਖਰ ਹੈ। 'ਵਨ ਵੇ', 'ਸਵਾਰੀ' ਆਦਿ ਉਸਦੇ ਮਹੱਤਵਪੂਰਨ ਨਾਵਲ ਹਨ। ਉਸਦੇ ਨਾਵਲਾਂ ਵਿਚੋਂ ਪਰਵਾਸੀ ਪੰਜਾਬੀ ਬੰਦੇ ਦੀ ਮਾਨਸਿਕਤਾ ਸਹਿਜੇ ਹੀ ਝਲਕਦੀ ਹੈ।

**ਸ਼ਿਵਚਰਨ ਗਿੱਲ** (ਮੋਹ ਜਾਲ), **ਲਕਸ਼ਦੀਪ** (ਪਾਰ ਬਣਾਏ ਆਲਣੇ, ਗਿਰਵੀਂ ਹੋਏ ਪਲ), **ਨਦੀਮ ਪਰਮਾਰ** (ਚਿਟੀ ਮੌਤ), **ਗੁਰਨਾਮ ਗਿੱਲ** (ਹਵਾ ਰੁਕ ਗਈ) ਆਦਿ ਹੋਰ ਅਨੇਕਾਂ ਨਾਂ ਇਸ ਸ਼੍ਰੇਣੀ ਵਿਚ ਰੱਖੇ ਜਾ ਸਕਦੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪ੍ਰਵਾਸੀ ਪੰਜਾਬੀ ਨਾਵਲਕਾਰਾਂ ਨੇ ਵਿਸ਼ਾਗਤ-ਵਿਧਾਗਤ ਪੱਖ ਤੋਂ ਪੰਜਾਬੀ ਨਾਵਲ ਵਿਚ ਨਵੀਨ ਸੰਭਾਵਨਾਵਾਂ ਪੈਦਾ ਕੀਤੀਆਂ ਹਨ।

ਪਾਕਿਸਤਾਨੀ ਪੰਜਾਬੀ ਨਾਵਲਾਂ ਦੇ ਪ੍ਰਮੁੱਖ ਨਾਵਲਕਾਰਾਂ ਵਿਚ **ਅਫਜ਼ਲ ਅਹਿਸਨ ਰੰਧਾਵਾ** (ਦੀਵਾ ਤੇ ਦਰਿਆ, ਸੂਰਜ ਗ੍ਰਹਿਣ, ਦੁਆਬਾ ਆਦਿ), **ਸਲੀਮ ਖਾਂ ਗਿੰਨੀ** (ਸਾਂਝ) **ਫ਼ਖ਼ਰ ਜਮਾਨ** (ਬੰਦੀਵਾਨ, ਸੱਤ ਬਿਗਾਨੇ ਲੋਕ ਆਦਿ), **ਰਜ਼ੀਆ ਨੂਰ ਮੁਹਮੰਦ** (ਬਲਦੇ ਦੀਵੇ) ਆਦਿ ਨਾਂ ਹਨ, ਜਿਨ੍ਹਾਂ ਨੇ ਪੰਜਾਬੀ ਨਾਵਲ ਦੀ ਵਿਕਾਸ-ਰੇਖਾ ਵਿਚ ਆਪਣਾ ਯੋਗਦਾਨ ਪਾਇਆ।

ਕੁਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਨਾਵਲ ਨੇ ਆਦਿ ਤੋਂ ਲੈ ਕੇ ਸਮਕਾਲ ਤੱਕ ਕਾਫੀ ਲੰਬਾ ਪੈਂਡਾ ਤੈਅ ਕਰ ਲਿਆ ਹੈ। ਨਵੀਂ ਸਦੀ ਦੇ ਨਵੇਂ ਮਨੁੱਖ ਦੀਆਂ ਨਵੀਆਂ ਸਮੱਸਿਆਵਾਂ ਨੂੰ ਪੇਸ਼ ਕਰਨ ਲਈ ਪੰਜਾਬੀ ਨਾਵਲ ਯਤਨਸ਼ੀਲ ਜਾਪਦਾ ਹੈ। ਪੰਜਾਬੀ ਦੇ ਨਾਵਲਕਾਰਾਂ ਤੋਂ ਨਾਵਲ ਵਿਧਾ ਨੂੰ ਢੇਰ ਸਾਰੀਆਂ ਸੰਭਾਵਨਾਵਾਂ ਦੀ ਆਸ ਹੈ।

## ਅਭਿਆਸ-ਪ੍ਰਸ਼ਨ

1. ਪੰਜਾਬੀ ਨਾਵਲ ਦੇ ਮੁੱਢਲੇ ਸਰੂਪ ਨਾਲ ਜਾਣ-ਪਛਾਣ ਕਰਾਓ।
2. ਪਰਵਾਸੀ ਪੰਜਾਬੀ ਨਾਵਲਕਾਰਾਂ ਬਾਰੇ ਜਾਣਕਾਰੀ ਦਿਓ।
3. ਪਕਿਸਤਾਨੀ ਪੰਜਾਬੀ ਨਾਵਲਕਾਰਾਂ ਉੱਪਰ ਟਿੱਪਣੀ ਕਰੋ।
4. ਪੰਜਾਬੀ ਨਾਵਲ ਦੇ ਇਤਿਹਾਸ ਉਪਰ ਸੰਖੇਪ ਝਾਤ ਪਾਓ।

BSER

## (ੲ) ਪੰਜਾਬੀ ਨਿੱਕੀ ਕਹਾਣੀ ਦਾ ਇਤਿਹਾਸ

ਮਨੁੱਖੀ ਜੀਵਨ ਤੇ ਝਾਤ ਮਾਰਦਿਆਂ ਸਹਿਜੇ ਹੀ ਪਤਾ ਲੱਗ ਜਾਂਦਾ ਹੈ ਕਿ ਮਨੁੱਖ ਦੇ ਸੋਝੀ ਭਰੇ ਜੀਵਨ ਨਾਲ ਹੀ ਕਹਾਣੀ ਦਾ ਮੁੱਢ ਬੱਝ ਗਿਆ ਸੀ। ਜਦੋ ਮਨੁੱਖ ਆਪਣੀਆਂ ਭਾਵਨਾਵਾਂ, ਜਜ਼ਬੇ ਇੱਕ ਦੂਜੇ ਨਾਲ ਸਾਂਝੇ ਕਰਨ ਦੇ ਸਮਰੱਥ ਹੋਇਆ ਤਾਂ ਉਸ ਨੇ ਆਲੇ-ਦੁਆਲੇ ਵਿਚਰਦੇ ਜਾਨਵਰਾਂ, ਵਾਪਰਦੀਆਂ ਘਟਨਾਵਾਂ ਨੂੰ ਸਾਥੀਆਂ ਸਾਹਮਣੇ ਬਿਆਨ ਕਰਨ ਦੀ ਕੋਸ਼ਿਸ਼ ਕੀਤੀ। ਸਮੇਂ ਦੇ ਨਾਲ-ਨਾਲ ਕਲਪਨਾ ਉਡਾਰੀਆਂ ਦੇ ਰੂਪ 'ਚ ਦੇਵੀ ਦੇਵਤੇ, ਪਰੀਆਂ ਉਸ ਦੀਆਂ ਗੱਲਬਾਤਾਂ ਦਾ ਹਿੱਸਾ ਬਣਨ ਲੱਗੇ। ਇਉਂ ਹੀ ਕਹਾਣੀਆਂ ਲਈ ਵਰਤਾਰਾ ਬਣਨ ਲੱਗਿਆ। ਮੰਨੋਰੰਜਨ ਦੇ ਨਾਲ-ਨਾਲ ਸਿੱਖਿਆ ਪ੍ਰਦਾਨ ਕਰਨ ਵਿੱਚ ਵੀ ਕਹਾਣੀ ਆਪਣਾ ਯੋਗਦਾਨ ਪਾਉਣ ਲੱਗੀ। ਮੁੱਢਲੇ ਸਮੇਂ ਦੀਆਂ 'ਪੰਚਤੰਤਰ' ਤੇ 'ਅਲਫ ਲੈਲਾ' ਦੀਆਂ ਕਹਾਣੀਆਂ 'ਚੋਂ ਇਸ ਦੀਆਂ ਉਦਾਹਰਨਾਂ ਦੇਖੀਆਂ ਜਾ ਸਕਦੀਆਂ ਹਨ। ਕਹਾਣੀ ਸੁਣਨਾ ਤੇ ਕਹਾਣੀ ਪਾਉਣਾ ਮਨੁੱਖੀ ਪ੍ਰਵਿਰਤੀ ਦਾ ਅਹਿਮ ਹਿੱਸਾ ਰਿਹਾ ਹੈ।

ਜਿੱਥੋਂ ਤੱਕ ਪੰਜਾਬੀ ਕਹਾਣੀ ਦੇ ਮੁੱਢ ਦਾ ਸੰਬੰਧ ਹੈ, ਇਸ ਬਾਰੇ ਵਿਦਵਾਨ ਇਕ ਮੱਤ ਨਹੀਂ। ਈਸਾਈ ਮਿਸ਼ਨਰੀਆਂ ਵੱਲੋਂ ਬਾਈਬਲ ਦੀਆਂ ਕਹਾਣੀਆਂ ਆਧਾਰਿਤ ਚਪੱਤਰਿਆਂ, ਭਾਈ ਵੀਰ ਸਿੰਘ ਰਚਿਤ ਟ੍ਰੈਕਟਾਂ, ਮੋਹਨ ਸਿੰਘ ਵੈਦ ਰਚਿਤ ਕਹਾਣੀਆਂ ਦੇ ਅਨੁਵਾਦ ਨੂੰ ਪਲੇਠਾ ਕਾਰਜ ਮੰਨਿਆ ਜਾ ਸਕਦਾ ਹੈ। ਇਸੇ ਤਰ੍ਹਾਂ ਮੌਜੀ ਹੰਸ, ਪੰਜ ਦਰਿਆ, ਫੁਲਵਾੜੀ ਆਦਿ ਪੱਤਰਕਾਵਾਂ ਵਿੱਚ ਛਪਦੀਆਂ ਰਚਨਾਵਾਂ ਨਾਲ ਪੰਜਾਬੀ ਕਹਾਣੀ ਦੇ ਮੁੱਢ ਦਾ ਸੰਬੰਧ ਜੋੜਿਆ ਜਾਂਦਾ ਹੈ। **ਬਲਦੇਵ ਸਿੰਘ ਧਾਲੀਵਾਲ** ਆਪਣੀ ਪੁਸਤਕ 'ਪੰਜਾਬੀ ਕਹਾਣੀ ਦਾ ਇਤਿਹਾਸ' ਵਿੱਚ ਪੰਜਾਬੀ ਕਹਾਣੀ ਦੀ ਕਾਲ-ਵੰਡ ਇਸ ਪ੍ਰਕਾਰ ਕਰਦਾ ਹੈ-

**ਪਹਿਲਾ ਪੜਾਅ: 1913-1935 ਤੱਕ(ਆਦਰਸ਼ਵਾਦੀ ਯਥਾਰਥਵਾਦੀ ਪੰਜਾਬੀ ਕਹਾਣੀ)**

**ਦੂਜਾ ਪੜਾਅ: 1936-1965 ਤੱਕ(ਪ੍ਰਗਤੀਵਾਦੀ ਯਥਾਰਥਵਾਦੀ ਕਹਾਣੀ ਕਹਾਣੀ)**

**ਤੀਜਾ ਪੜਾਅ: 1966-1990ਤੱਕ(ਵਸਤੂਮੁਖੀ ਯਥਾਰਥਵਾਦੀ ਪੰਜਾਬੀ ਕਹਾਣੀ)**

**ਚੌਥਾ ਪੜਾਅ:1991-ਨਿਰੰਤਰ(ਉੱਤਰ ਯਥਾਰਥਵਾਦੀ ਪੰਜਾਬੀ ਕਹਾਣੀ)**

ਇੰਜ ਹੀ **ਬਲਦੇਵ ਸਿੰਘ ਧਾਲੀਵਾਲ** ਨੇ ਪੰਦਰਾਂ ਸੌ ਦੇ ਕਰੀਬ ਪੰਜਾਬੀ ਕਹਾਣੀਕਾਰਾਂ ਦਾ ਹਵਾਲਾ ਦਿੱਤਾ ਹੈ। ਪਰ ਇੱਥੇ ਪੰਜਾਬੀ ਕਹਾਣੀ ਦੇ ਇਤਿਹਾਸ ਨੂੰ ਸੰਖੇਪ 'ਚ ਦਰਸਾਉਣ ਦੀ ਕੋਸ਼ਿਸ਼ਿ ਕੀਤੀ ਜਾ ਰਹੀ ਹੈ।

ਜਿੱਥੋਂ ਤੱਕ ਪੰਜਾਬੀ ਕਹਾਣੀ ਦੇ ਸ਼ੁਰੂਆਤੀ ਸਮੇਂ ਦੀ ਗੱਲ ਹੈ, ਇਸ ਵਿੱਚ **ਮੋਹਨ ਸਿੰਘ ਵੈਦ**, **ਹੀਰਾ ਸਿੰਘ ਦਰਦ**, **ਚਰਨ ਦਾਸ ਸ਼ਹੀਦ** ਆਦਿ ਦੇ ਨਾਂ ਲਏ ਜਾ ਸਕਦੇ ਹਨ।

**ਮੋਹਨ ਸਿੰਘ ਵੈਦ** ਵੱਲੋਂ ਕਹਾਣੀਆਂ ਦੇ ਤਿੰਨ ਸੰਗ੍ਰਿਹ 'ਸਿਆਣੀ ਮਾਤਾ', 'ਰੰਗ ਬਿਰੰਗੇ ਫੁੱਲ' ਅਤੇ 'ਹੀਰੇ ਦੀਆਂ ਕਣੀਆਂ' ਪ੍ਰਕਾਸ਼ਿਤ ਕਰਵਾਏ ਗਏ। ਇੰਨਾਂ ਕਹਾਣੀਆਂ ਵਿੱਚ ਉਹ ਭਾਰਤੀ/ਪੰਜਾਬੀ ਜੀਵਨ ਸ਼ੈਲੀ ਨੂੰ ਪੱਛਮੀ ਜੀਵਨ ਨਾਲੋਂ ਵਧੀਆ ਸਿੱਧ ਕਰਦਾ ਹੈ। ਕਹਾਣੀਆਂ ਵਿੱਚ ਸਿੱਖ ਧਰਮ ਨਾਲ ਜੁੜੀ ਵਿਚਾਰਧਾਰਾ ਨੂੰ ਵੀ ਸਮਝਿਆ ਜਾ ਸਕਦਾ ਹੈ।

BSEP

**ਹੀਰਾ ਸਿੰਘ ਦਰਦ**(1867–1965) ਵਾਰਤਕਕਾਰ ਦੇ ਨਾਲ–ਨਾਲ ਕਹਾਣੀਕਾਰ ਵਜੋਂ ਵੀ ਜਾਣਿਆ ਜਾਂਦਾ ਹੈ। ਉਸ ਨੇ 1924 ਵਿੱਚ 'ਫੁਲਵਾੜੀ' ਨਾਂ ਦਾ ਰਸਾਲਾ ਵੀ ਕੱਢਿਆ। 'ਆਸ ਦੀ ਤੰਦ' ਉਸ ਦਾ ਕਹਾਣੀ ਸੰਗ੍ਰਹਿ ਹੈ। ਇਸ ਵਿੱਚੋਂ ਸਿੱਖ ਧਰਮ ਅਤੇ ਸਮਕਾਲੀ ਸੁਤੰਤਰਤਾ ਲਹਿਰ ਦੇ ਪ੍ਰਸੰਗ ਵੀ ਤਲਾਸ਼ੇ ਜਾ ਸਕਦੇ ਹਨ। ਉਸ ਨੇ 'ਪੰਜਾਬੀ ਸਧਰਾਂ' ਨਾਂ ਦਾ ਕਹਾਣੀ ਸੰਗ੍ਰਹਿ ਵੀ ਸੰਪਾਦਿਤ ਕੀਤਾ, ਜਿਸ ਵਿੱਚ ਉਹ **ਲਾਲ ਸਿੰਘ ਕਮਲਾ ਅਕਾਲੀ** ਦੀ ਲਿਖੀ ਕਹਾਣੀ 'ਕਮਲਾ ਅਕਾਲੀ' ਨੂੰ ਪੰਜਾਬੀ ਦੀ ਪਹਿਲੀ ਮੌਲਿਕ ਕਹਾਣੀ ਮੰਨਣ ਵੱਲ ਇਾਸ਼ਰਾ ਕਰਦਾ ਹੈ।

**ਚਰਨ ਦਾਸ ਸ਼ਹੀਦ**(1891–1935) ਰਚਿਤ 'ਹੱਸਦੇ ਹੰਝੂ' ਕਹਾਣੀ ਸੰਗ੍ਰਹਿ ਵੀ ਮੁੱਢਲੇ ਦੌਰ ਦੀ ਵਿਸ਼ੇਸ਼ ਪ੍ਰਾਪਤੀ ਹੈ। ਹਾਸ–ਰਸੀ ਲਹਿਜੇ ਵਿੱਚ ਲਿਖੀਆਂ ਉਸ ਦੀਆਂ ਕਹਾਣੀਆਂ ਵਿੱਚ ਵਿਅੰਗ ਦੀ ਸੁਰ ਭਾਰੂ ਹੈ।

**ਨਾਨਕ ਸਿੰਘ**(1897–1971) ਪ੍ਰਮੁੱਖ ਤੌਰ 'ਤੇ ਭਾਵੇਂ ਪੰਜਾਬੀ ਨਾਵਲਕਾਰ ਹੈ, ਪਰ 'ਸਧਰਾਂ ਦੇ ਹਾਰ', 'ਮਿੱਧੇ ਹੋਏ ਫੁੱਲ', 'ਠੰਡੀਆਂ ਛਾਵਾਂ', 'ਸੁਪਨਿਆਂ ਦੀ ਕਬਰ', 'ਸਵਰਗ ਤੇ ਉਸ ਦੇ ਵਾਰਸ' ਆਦਿ ਉਸ ਦੇ ਕਹਾਣੀ ਸੰਗ੍ਰਹਿ ਹਨ। ਉਸ ਦੀਆਂ ਕਹਾਣੀਆਂ ਵਿੱਚ ਨਿਮਨ ਵਰਗ ਦੀਆਂ ਸਮੱਸਿਆਵਾਂ ਭਰਵੇਂ ਰੂਪ ਵਿੱਚ ਪੇਸ਼ ਹੋਈਆਂ ਹਨ। ਸੰਕੋਚਵਾਂ ਕਹਾਣੀ ਵਿਸਥਾਰ, ਵਸਤੂ ਚੋਣ, ਕਥਾ ਰਸ, ਪਾਤਰ ਚਿਤਰਨ ਆਦਿ ਪੱਖੋਂ ਉਹ ਨਿਵੇਕਲਾ ਕਹਾਣੀਕਾਰ ਹੈ।

**ਗੁਰਬਖਸ਼ ਸਿੰਘ ਪ੍ਰੀਤਲੜੀ**(1895–1977) ਦੀਆਂ ਕਹਾਣੀਆਂ ਵਿੱਚ ਪ੍ਰੀਤ ਫਲ਼ਸਫੇ 'ਪਿਆਰ ਕਬਜਾ ਨਹੀਂ ਪਹਿਚਾਣ ਹੈ', ਦੀ ਪੇਸ਼ਕਾਰੀ ਕੀਤੀ ਹੈ। 'ਪ੍ਰੀਤ ਕਹਾਣੀਆਂ', 'ਨਾਗ ਪ੍ਰੀਤ ਦਾ ਜਾਦੂ', 'ਅਨੋਖੇ ਤੇ ਇਕੱਲੇ', 'ਵੀਣਾ ਵਿਨੋਦ', 'ਪ੍ਰੀਤਾਂ ਦੇ ਪਹਿਰੇਦਾਰ', 'ਭਾਬੀ ਮੈਨਾ', 'ਜਿੰਦਗੀ ਵਾਰਸ ਹੈ', 'ਰੰਗ ਸਹਿਕਦਾ ਦਿਲ' ਆਦਿ ਉਸ ਦੇ ਮਹੱਤਵਪੂਰਨ ਕਹਾਣੀ ਸੰਗ੍ਰਹਿ ਹਨ। ਉਸ ਦੀਆਂ ਕਹਾਣੀਆਂ ਵਿੱਚ ਪੇਸ਼ ਹੋਈਆਂ ਸਮੱਸਿਆਵਾਂ ਨੂੰ ਪ੍ਰੀਤ ਨਾਲ ਨਜਿੱਠਨ ਦਾ ਸੁਨੇਹਾ ਦਿੱਤਾ ਗਿਆ ਹੈ। ਉਸ ਦੁਆਰਾ ਸੰਚਾਲਿਤ 'ਪ੍ਰੀਤਲੜੀ' ਮੈਗ਼ਜੀਨ ਅੱਜ ਵੀ ਮਕਬੂਲ ਹੈ।

**ਗੁਰਮੁੱਖ ਸਿੰਘ ਮੁਸਾਫਿਰ**(1899–1976) ਦੇ ਕਹਾਣੀ ਸੰਗ੍ਰਹਿ 'ਵੱਖਰੀ ਦੁਨੀਆਂ', 'ਸਭ ਅੱਛਾ', 'ਆਲਣੇ ਦਾ ਬੋਟ', 'ਸਸਤਾ ਤਮਾਸ਼ਾ', 'ਕੰਧਾਂ ਬੋਲ ਪਈਆਂ' ਆਦਿ ਵਿੱਚੋਂ ਰਾਸ਼ਟਰਵਾਦੀ–ਮਾਨਵਵਾਦੀ ਵਿਚਾਰਾਂ ਨੂੰ ਟਟੋਲਿਆ ਜਾ ਸਕਦਾ ਹੈ। 1978 ਵਿੱਚ ਉਸ ਦੇ ਕਹਾਣੀ ਸੰਗ੍ਰਹਿ 'ਉਰਵਾਰ ਪਾਰ' ਨੂੰ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਵੀ ਹਾਸਲ ਹੋ ਚੁੱਕਾ ਹੈ।

ਮੁੱਢਲੇ ਦੌਰ ਵਿੱਚ **ਜੋਸੂਆ ਫ਼ਜਲਦੀਨ**(1903–1976) ਦੇ ਕਹਾਣੀ ਸੰਗ੍ਰਹਿ 'ਅਦਬੀ ਅਫ਼ਸਾਨੇ', ਇਖ਼ਲਾਕੀ ਕਹਾਣੀਆਂ', 'ਨਿੱਕੀਆਂ ਕਹਾਣੀਆਂ' ਵੀ ਸ਼ਾਮਿਲ ਕੀਤੇ ਜਾ ਸਕਦੇ ਹਨ। ਉਸ ਨੇ ਕਹਾਣੀਆਂ ਵਿੱਚ ਸਾਂਝੇ ਪੰਜਾਬੀ ਸਭਿਆਚਾਰ ਨੂੰ ਵਡਿਆਇਆ ਹੈ।

**ਪ੍ਰੋ. ਮੋਹਨ ਸਿੰਘ**(1905–1978) ਅਗਲੇ ਪੜਾਅ ਦਾ ਕਹਾਣੀਕਾਰ ਹੈ। ਮੁੱਖ ਰੂਪ ਵਿੱਚ ਉਹ ਭਾਵੇਂ ਕਵੀ ਵਜੋਂ ਪ੍ਰਸਿੱਧ ਹੋਇਆ, ਪਰ 'ਨਿੱਕੀ ਨਿੱਕੀ ਵਾਸ਼ਨਾ' ਉਸ ਦਾ ਚਰਚਿਤ ਕਹਾਣੀ ਸੰਗ੍ਰਹਿ ਵੀ ਹੈ। ਪੋਠੋਹਾਰੀ ਰੰਗਨ ਵਾਲੀਆਂ ਉਸ ਦੀਆਂ ਕਹਾਣੀਆਂ ਯਥਾਰਥਕ ਜੀਵਨ ਦ੍ਰਿਸ਼ਟੀਕੋਣ ਪੇਸ਼ ਕਰਦੀਆਂ ਹਨ।

**ਸੰਤ ਸਿੰਘ ਸੇਖੋਂ** ਪੰਜਾਬੀ ਦਾ ਸਰਬਾਂਗੀ ਸਾਹਿਤਕਾਰ ਹੈ। 'ਸਮਾਚਾਰ', 'ਕਾਮੇ ਤੇ ਯੋਧੇ', 'ਅੱਧੀ ਵਾਟ', 'ਤੀਜਾ ਪਹਿਰ', 'ਸਿਆਣਪਾਂ' ਆਦਿ ਕਹਾਣੀ ਸੰਗ੍ਰਹਿ ਰੂਪ 'ਚ ਤਕਨੀਕ ਤੇ ਦ੍ਰਿਸ਼ਟੀ ਪੱਖੋਂ ਨਵੇਂ

ਤਜ਼ਰਬੇ ਸਾਹਮਣੇ ਆਏ। ਪ੍ਰਗਤੀਵਾਦੀ ਵਿਚਾਰਧਾਰਾ ਨਾਲ ਭਰਪੂਰ ਇੰਨਾਂ ਕਹਾਣੀਆਂ 'ਚ ਬੌਧਿਕ ਵਿਅੰਗ, ਮਲਵਈ ਉਪਭਾਸ਼ਾ, ਸਥਿਤੀਆਂ ਦੀ ਨਾਟਕੀ ਪੇਸ਼ਕਾਰੀ ਆਦਿ ਕਥਾ ਜੁਗਤਾਂ ਨੂੰ ਪਛਾਣਿਆ ਜਾ ਸਕਦਾ ਹੈ।

**ਸੁਜਾਨ ਸਿੰਘ**(1909–1993) ਪੰਜਾਬੀ ਦਾ ਪ੍ਰਤੀਨਿਧ ਕਹਾਣੀਕਾਰ ਹੈ। ਉਸ ਦੀ ਪ੍ਰਤੀਬੱਧਤਾ ਪ੍ਰਗਤੀਸ਼ੀਲ ਸਮਾਜ ਦੀ ਉਸਾਰੀ ਨਾਲ ਹੈ। 'ਦੁੱਖ-ਸੁੱਖ', 'ਦੁੱਖ-ਸੁੱਖ ਪਿਛੋਂ', 'ਸਭ ਰੰਗ', 'ਨਰਕਾਂ ਦੇ ਦੇਵਤੇ', 'ਨਵਾਂ ਰੰਗ', 'ਮਨੁੱਖ ਤੇ ਪਸ਼ੂ', 'ਸਵਾਲ ਜਵਾਬ', 'ਪੱਤਣ ਤੇ ਗਰਾਂ', 'ਸ਼ਹਿਰ ਤੇ ਗਰਾਂ', 'ਵੱਡੇ ਦੀਆਂ ਵਡਿਆਈਆਂ' ਆਦਿ ਉਸ ਦੇ ਕਹਾਣੀ ਸੰਗ੍ਰਹਿ ਹਨ। ਸੇਖੋਂ ਵਾਂਗ ਉਸ ਦੀਆਂ ਕਹਾਣੀਆਂ ਵਿੱਚੋਂ ਵੀ ਮਾਰਕਸਵਾਦੀ ਵਿਚਾਰਧਾਰਾ ਦੇ ਲੱਛਣ ਵੇਖੇ ਜਾ ਸਕਦੇ ਹਨ। 'ਸ਼ਹਿਰ ਤੇ ਗਰਾਂ' ਕਹਾਣੀ ਸੰਗ੍ਰਹਿ ਨੂੰ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਹਾਸਲ ਹੋ ਚੁੱਕਾ ਹੈ।

**ਨੌਰੰਗ ਸਿੰਘ**(1905–1963) ਨੇ ਪ੍ਰੀਤਲੜੀ ਦੇ ਪ੍ਰਭਾਵ ਅਧੀਨ ਕਹਾਣੀ ਸਿਰਜਣਾ ਸ਼ੁਰੂ ਕੀਤੀ। 'ਬੋਝਲ ਪੰਡਾਂ', 'ਭੁੱਖੀਆਂ ਰੂਹਾਂ' ਕਹਾਣੀ ਸੰਗ੍ਰਹਿਆਂ ਵਿੱਚ ਪੇਂਡੂ ਜੀਵਨ ਦ੍ਰਿਸ਼ਟੀ ਤੇ ਕਿਸਾਨੀ ਸਮੱਸਿਆਵਾਂ ਨੂੰ ਪੇਸ਼ ਕੀਤਾ ਗਿਆ ਹੈ। 'ਮਿਰਜੇ ਦੀ ਜੂਹ', 'ਅੰਨ੍ਹਾ ਖੂਹ', 'ਬੂਹਾ ਖੁੱਲ੍ਹ ਗਿਆ' ਵਿੱਚ ਰਚਨਾ ਦ੍ਰਿਸ਼ਟੀ ਆਦਰਸ਼ਵਾਦੀ ਹੋ ਗਈ ਹੈ।

**ਕਰਤਾਰ ਸਿੰਘ ਦੁੱਗਲ**(1917) ਦੂਸਰੇ ਪੜਾਅ ਦੀ ਕਹਾਣੀ ਦਾ ਪ੍ਰਮੁੱਖ ਕਹਾਣੀਕਾਰ ਹੈ। 'ਸਵੇਰ ਸਾਰ', 'ਪਿੱਪਲ ਪੱਤੀਆਂ', 'ਕੁੜੀ ਕਹਾਣੀ ਕਰਦੀ ਗਈ', 'ਡੰਗਰ', 'ਕੱਚਾ ਦੁੱਧ', 'ਅੱਗ ਖਾਣ ਵਾਲੇ', 'ਨਵਾਂ ਘਰ', 'ਨਵਾਂ ਆਦਮੀ', 'ਲੜਾਈ ਨਹੀਂ', 'ਫੁੱਲ ਤੋੜਨਾ ਮਨ੍ਹਾ ਹੈ', 'ਕਰਾਮਾਤ', 'ਗੈਰਜ', 'ਪਾਰੇ ਪੈਰੇ', 'ਇੱਕ ਛਿਟ ਚਾਨਣ ਦੀ', 'ਹੰਸਾ ਆਦਮੀ' ਆਦਿ ਮਹੱਤਵਪੂਨ ਕਹਾਣੀ ਸੰਗ੍ਰਹਿ ਹਨ। ਉਸ ਦੀਆਂ ਕਹਾਣੀਆਂ 'ਚ ਮਨੋਵਿਗਿਆਨਕ ਦ੍ਰਿਸ਼ਟੀ ਨੂੰ ਸਹਿਜੇ ਹੀ ਵੇਖਿਆ ਜਾ ਸਕਦਾ ਹੈ।

**ਸੰਤੋਖ ਸਿੰਘ ਧੀਰ**(1920–2010) ਪੰਜਾਬੀ ਦਾ ਅਜਿਹਾ ਕਹਾਣੀਕਾਰ ਹੈ, ਜਿਸ ਨੇ ਪ੍ਰਗਤੀਵਾਦੀ–ਯਥਾਰਥਵਾਦੀ ਪ੍ਰਵਿਰਤੀ ਅਧੀਨ ਲਿਖਿਆ। 'ਸਿੱਟਿਆਂ ਦੀ ਛਾਂ', 'ਸਵੇਰ ਹੋਣ ਤੱਕ', 'ਸਾਂਝੀ ਕੰਧ', 'ਸ਼ਰਾਬ ਦਾ ਗਿਲਾਸ', 'ਊਸ਼ ਭੈਣ ਜੀ' ਮਹੱਤਵਪੂਰਨ ਕਹਾਣੀ ਸੰਗ੍ਰਹਿ ਹਨ। 'ਪੱਖੀ' ਪੁਸਤਕ ਉੱਤੇ ਉਸ ਨੂੰ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲ ਚੁੱਕਾ ਹੈ। ਸੰਘਰਸ਼ਸ਼ੀਲ ਪਾਤਰਾਂ ਦੀ ਪੇਸ਼ਕਾਰੀ, ਮਲਵਈ ਉਪਭਾਸ਼ਾ ਦੀ ਰੰਗਤ, ਵਿਅੰਗ ਦੀ ਜੁਗਤ ਉਸ ਦੀ ਕਹਾਣੀ ਕਲਾ ਦੀਆਂ ਵਿਲੱਖਣਤਾਵਾਂ ਹਨ।

**ਕੁਲਵੰਤ ਸਿੰਘ ਵਿਰਕ** ਪੰਜਾਬੀ ਦਾ ਮਾਨਵਵਾਦੀ ਕਹਾਣੀਕਾਰ ਹੈ। ਸਾਧਰਣ ਮਨੁੱਖ ਨੂੰ ਸਾਧਾਰਨਤਾ ਸਹਿਤ ਪੇਸ਼ ਕਰਨਾ ਉਸ ਦੀ ਕਹਾਣੀ ਕਲਾ ਦਾ ਆਯਾਮ ਹੈ। 'ਛਾਹ ਵੇਲਾ', 'ਧਰਤੀ ਤੇ ਆਕਾਸ਼', 'ਤੂੜੀ ਦੀ ਪੰਡ', 'ਏਕਸ ਕੇ ਹਮ ਬਾਰਕ', 'ਦੁੱਧ ਦਾ ਛੱਪੜ', 'ਗੋਲ੍ਹਾਂ', 'ਨਵੇਂ ਲੋਕ', 'ਅਸਤਬਾਜੀ' ਆਦਿ ਉਸ ਦੇ ਸੁਪ੍ਰਸਿੱਧ ਕਹਾਣੀ ਸੰਗ੍ਰਹਿ ਹਨ। 'ਨਵੇਂ ਲੋਕ' ਪੁਸਤਕ ਨੂੰ 1968 ਵਿੱਚ ਭਾਰਤੀ ਸਾਹਿਤ ਅਕਾਦਮੀ ਦਾ ਇਨਾਮ ਮਿਲ ਚੁੱਕਾ ਹੈ। ਸਹਿਜ ਬਿਰਤਾਂਤ, ਮਨੋਵਿਗਿਆਨਕ ਪਾਤਰ ਉਸਾਰੀ, ਉੱਤਮ ਪੁਰਖੀ ਬਿਰਤਾਂਤ ਆਦਿ ਕਥਾ ਜੁਗਤਾਂ ਉਸ ਨੂੰ ਅੱਡਰਾ ਕਹਾਣੀਕਾਰ ਬਣਾਉਂਦੀਆਂ ਹਨ।

**ਗੁਰਦਿਆਲ ਸਿੰਘ**(1933–2016) ਪੰਜਾਬੀ ਗਲਪ ਖੇਤਰ ਦਾ ਵਿਸ਼ੇਸ਼ ਨਾਂ ਹੈ। 'ਸੱਗੀ ਫੁੱਲ', 'ਚੰਨ ਦਾ ਬੂਟਾ', 'ਓਪਰਾ ਘਰ', 'ਕੁੱਤਾ ਤੇ ਆਦਮੀ', 'ਬਿਗਾਨਾ ਪਿੰਡ', 'ਪੱਕਾ ਟਿਕਾਣਾ' ਆਦਿ ਉਸ ਦੇ ਪ੍ਰਮੁੱਖ ਕਹਾਣੀ ਸੰਗ੍ਰਹਿ ਹਨ। ਨਿਮਨ ਵਰਗ ਦੀਆਂ ਸੱਮਸਿਆਵਾਂ ਦੀ ਪੇਸ਼ਕਾਰੀ ਉਸ ਦੀਆਂ ਕਹਾਣੀਆਂ ਦਾ ਪ੍ਰਮੁੱਖ ਵਿਸ਼ਾ ਹੈ।

**ਮਹਿੰਦਰ ਸਿੰਘ ਸਰਨਾ**(1923–2001) ਨੇ 'ਪੱਥਰ ਤੇ ਆਦਮੀ', 'ਸ਼ਗਨਾਂ ਭਰੀ ਸਵੇਰ', 'ਸੁਪਨਿਆਂ ਦੀ ਸੀਮਾ', 'ਵੰਝਲੀ ਤੇ ਵਿਲਕਣੀ', 'ਛਵੀਆਂ ਦੀ ਰੁੱਤ', 'ਕਲਿੰਗਾ', 'ਸੁੰਦਰ ਘਾਟੀ ਦੀ ਸਹੁੰ', 'ਸੂਹਾ ਗੁਲਾਬ', 'ਕਾਲਾ ਬੱਦਲ', ਆਦਿ ਕਹਾਣੀ ਸੰਗ੍ਰਹਿਆਂ ਦੀ ਰਚਨਾ ਕੀਤੀ। ਇਹਨਾਂ 'ਚ ਉਸ ਨੇ ਮੱਧ ਵਰਗੀ ਜੀਵਨ ਸ਼ੈਲੀ ਦੀ ਪੇਸ਼ਕਾਰੀ ਕੀਤੀ ਹੈ। 1994 'ਚ 'ਔਰਤ ਈਮਾਨ' ਕਹਾਣੀ ਸੰਗ੍ਰਹਿ ਨੂੰ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਰਾ ਮਿਲ ਚੁਕਾ ਹੈ।

ਇਸਤਰੀ ਕਹਾਣੀਕਾਰਾਂ ਵਿੱਚੋਂ **ਪ੍ਰਭਜੋਤ ਕੌਰ** ਨੇ 'ਕਿਣਕੇ', 'ਅਮਨ ਦੇ ਨਾਂ', ਜ਼ਿੰਦਗੀ ਦੇ ਕੁਝ ਪਲ', **ਦਲੀਪ ਕੌਰ ਟਿਵਾਣਾ** ਨੇ 'ਪ੍ਰਬਲ ਵਹਿਣ', 'ਛਾਂਟਾ', 'ਵੈਰਾਗੇ ਨੈਣ', 'ਵੇਦਨਾ', 'ਤੂੰ ਭਰੀ ਹੁੰਗਾਰਾ', 'ਸਾਧਨਾ', 'ਯਾਤਰਾ' ਆਦਿ ਕਹਾਣੀ ਸੰਗ੍ਰਹਿ ਲਿਖੇ। **ਅੰਮ੍ਰਿਤਾ ਪ੍ਰੀਤਮ** ਨੇ ਵੀ 'ਛੱਬੀ ਵਰ੍ਹੇ ਬਾਅਦ', 'ਕੁੰਜੀਆਂ', 'ਨੇੜੇ ਨੇੜੇ', 'ਆਖ਼ਰੀ ਖ਼ਤ', 'ਅਜ਼ਨਬੀ' ਆਦਿ ਕਹਾਣੀ ਸੰਗ੍ਰਹਿ ਲਿਖੇ। ਇਹਨਾਂ ਨੇ ਇਸਤਰੀਆਂ ਦੀਆਂ ਮਨੋ–ਭਾਵਨਾਵਾਂ ਨੂੰ ਪੇਸ਼ ਕਰਨ ਵਿੱਚ ਵਿਸ਼ੇਸ਼ ਯੋਗਦਾਨ ਪਾਇਆ ਹੈ।

**ਸੁਖਬੀਰ** ਨੇ ਮਹਾਂਨਗਰੀ ਜੀਵਨ ਸ਼ੈਲੀ ਨੂੰ ਬਿਆਨ ਕਰਦੀਆਂ ਕਹਾਣੀਆਂ ਦੀ ਰਚਨਾ ਕੀਤੀ ਹੈ। 'ਡੁੱਬਦਾ ਚੜ੍ਹਦਾ ਸੂਰਜ', 'ਮਿੱਟੀ ਤੇ ਮਨੁੱਖ', 'ਕੱਲੀਆਂ ਕਾਰੀਆਂ', 'ਮਨੁੱਖ ਤੇ ਜੜ੍ਹਾਂ' ਆਦਿ ਉਸ ਦੇ ਚਰਚਿਤ ਕਹਾਣੀ ਸੰਗ੍ਰਹਿ ਹਨ।

**ਨਵਤੇਜ ਸਿੰਘ**(1925–1981) ਦੇ ਕਹਾਣੀ ਸੰਗ੍ਰਹਿ 'ਦੇਸ਼ ਵਾਪਸੀ', 'ਨਵੀਂ ਰੁੱਤ', 'ਬਾਸਮਤੀ ਦੀ ਮਹਿਕ', 'ਚਾਨਣ ਦੇ ਬੀਜ' ਵੀ ਪੰਜਾਬੀ ਕਹਾਣੀ ਦਾ ਹਾਸਲ ਹਨ।

ਅਗਲੇ ਦੌਰ ਵਿੱਚ **ਰਾਮ ਸਰੂਪ ਅਣਖੀ**(1932–2010) ਪ੍ਰਮੁੱਖ ਗਲਪਕਾਰ ਵਜੋਂ ਸਾਹਮਣੇ ਆਉਂਦਾ ਹੈ। 'ਕੱਚਾ ਧਾਗਾ', 'ਮਨੁੱਖ ਦੀ ਮੌਤ', 'ਟੀਸੀ ਦਾ ਬੇਰ', 'ਕੰਧ ਵਿੱਚ ਉੱਗਿਆ ਰੁੱਖ', 'ਖਾਰਾ ਦੁੱਧ', 'ਅੱਧਾ ਆਦਮੀ', 'ਸਵਾਲ ਦਰ ਸਵਾਲ', 'ਛਪੜੀ ਵਿਹੜਾ', 'ਕਦੋਂ ਫਿਰਨਗੇ ਦਿਨ', 'ਕਿੱਲੇ ਨਾਲ ਬੰਨਿਆ ਆਦਮੀ' ਆਦਿ ਵਰਨਣਯੋਗ ਕਹਾਣੀ ਸੰਗ੍ਰਹਿ ਹਨ। ਮਲਵਈ ਰਹਿਤਲ ਨਾਲ ਜੁੜੇ ਸਰੋਕਾਰ ਉਸ ਦੀਆਂ ਕਹਾਣੀਆਂ ਦਾ ਕੇਂਦਰੀ ਪੱਖ ਹਨ। ਉਸ ਕੋਲ ਯਥਾਰਥਵਾਦੀ ਕਲਾ ਦ੍ਰਿਸ਼ਟੀ ਹੈ। ਉਸ ਦੀਆਂ ਕਹਾਣੀਆਂ ਸਮਕਾਲੀ ਯਥਾਰਥ ਦੀ ਪ੍ਰਮਾਣਿਕ ਪੇਸ਼ਕਾਰੀ ਕਰਦੀਆਂ ਹਨ।

**ਜਸਵੰਤ ਸਿੰਘ ਵਿਰਦੀ** ਨੇ 'ਪੀੜ ਪਰਾਈ', 'ਆਪਣੀ ਆਪਣੀ ਸੀਮਾ', 'ਗ਼ਮ ਦਾ ਸਾਕ', 'ਜ਼ਿੰਦਗੀ', 'ਨਦੀ ਦਾ ਪਾਣੀ', 'ਬਦਤਮੀਜ਼ ਲੋਕ', 'ਤਪਦੀ ਮਿੱਟੀ' ਆਦਿ ਕਹਾਣੀ ਸੰਗ੍ਰਹਿਆਂ ਦੀ ਰਚਨਾ ਕੀਤੀ। ਇਨ੍ਹਾਂ ਵਿੱਚ ਪੇਂਡੂ ਰਹਿਤਲ ਅਤੇ ਸ਼ਹਿਰੀ ਜੀਵਨ ਦਾ ਚਿੱਤਰਣ ਕੀਤਾ ਗਿਆ ਹੈ।

**ਗੁਲਜਾਰ ਸਿੰਘ ਸੰਧੂ** (1935) ਦੀਆਂ ਕਿਸਾਨੀ ਤੇ ਮੱਧਵਰਗੀ ਜੀਵਨ ਨਾਲ ਜੁੜੇ ਵਿਸ਼ੇ 'ਹੁਸਨ ਦੇ ਪਾਣੀ', 'ਸੋਨੇ ਦੀ ਇੱਟ', 'ਅਮਰ ਕਥਾ', 'ਗਮਲੇ ਦੀ ਵੇਲ', 'ਇੱਕ ਸਾਂਝ ਪੁਰਾਣੀ' ਆਦਿ ਸੰਗ੍ਰਹਿਆਂ 'ਚ ਪੇਸ਼ ਹੁੰਦੇ ਹਨ। 'ਅਮਰ ਕਥਾ' ਨੂੰ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਵੀ ਮਿਲ ਚੁੱਕਾ ਹੈ।

**ਅਤਰਜੀਤ**(1941) ਨੇ 'ਮਾਸਖੋਰੇ', 'ਟੁੱਟਦੇ ਬਣਦੇ ਰਿਸ਼ਤੇ', 'ਤੀਜਾ ਯੁੱਧ', 'ਸਬੂਤੇ ਕਦਮ' ਆਦਿ ਕਹਾਣੀ ਸੰਗ੍ਰਹਿ ਲਿਖ ਕੇ ਖੱਬੇ ਪੱਖੀ ਵਿਚਾਰਧਾਰਾ, ਕਿਸਾਨੀ ਸੰਕਟ, ਸਮਾਜਕ ਅਲਾਮਤਾਂ ਆਦਿ ਦੀ ਪ੍ਰਸਤੁਤੀ ਕੀਤੀ। ਉਸ ਦੀਆਂ ਕਹਾਣੀਆਂ ਦਲਿਤ ਚੇਤਨਾ ਦੀ ਦੱਸ ਪਾਉਣ ਵਾਲੀਆਂ ਹਨ।

**ਅਜੀਤ ਕੌਰ** ਨੇ ਬੇਬਾਕ ਕਹਾਣੀਆਂ ਲਿਖ ਕੇ ਨਵੀਂ ਚਰਚਾ ਨੂੰ ਜਨਮ ਦਿੱਤਾ। 'ਗੁਲਬਾਨੋ', 'ਬੁੱਤ ਸ਼ਿਕਨ', 'ਮੌਤ ਅਲੀ ਬਾਬੇ ਦੀ', 'ਨਾ ਮਾਰੋ', 'ਆਪਣੇ ਆਪਣੇ ਜੰਗਲ', 'ਨਵੰਬਰ ਚੁਰਾਸੀ' ਆਦਿ

ਕਹਾਣੀ ਸੰਗ੍ਰਹਿ ਉਸ ਦੀ ਵਿਚਾਧਾਰਾ ਦਾ ਪੁਖਤਾ ਪ੍ਰਮਾਣ ਹਨ। ਅਜੀਤ ਕੌਰ ਪੰਜਾਬੀ ਕਹਾਣੀ ਸੰਸਾਰ ਵਿੱਚ ਨਵੇਕਲੀ ਹੀ ਨਜ਼ਰ ਆਉਂਦੀ ਹੈ।

**ਗੁਰਬਚਨ ਭੁੱਲਰ**(1937) ਪੰਜਾਬੀ ਦਾ ਪ੍ਰਤਿਭਾਵਾਨ ਕਹਾਣੀਕਾਰ ਹੈ। 'ਵਖਤਾਂ ਮਾਰੇ', 'ਮੈਂ ਗਜਨਵੀ ਨਹੀਂ", ' ਦੀਵੇ ਵਾਂਗ ਬਲਦੀ ਅੱਖ', 'ਅਗਨੀ ਕਲਸ਼', 'ਤਿੰਨ ਮੂਰਤੀਆਂ ਵਾਲਾ ਮੰਦਰ' ਆਦਿ ਉਸ ਦੇ ਕਹਾਣੀ ਸੰਗ੍ਰਹਿ ਹਨ।'ਅਗਨੀ ਕਲਸ਼' ਨੂੰ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲ ਚੁੱਕਾ ਹੈ। ਆਪਣੀਆਂ ਕਹਾਣੀਆਂ ਦੇ ਸ਼ੁਰੂਆਤੀ ਦੌਰ 'ਚ ਉਸ ਨੇ ਮਲਵਈ ਜੀਵਨ ਨੂੰ ਪੇਸ਼ ਕੀਤਾ ਹੈ। ਪਰ ਦਿੱਲੀ ਵਿੱਚ ਵੱਸ ਜਾਣ ਤੋਂ ਬਾਅਦ ਉਸ ਨੇ ਮਹਾਂਨਗਰੀ ਜੀਵਨ ਨੂੰ ਪੇਸ਼ ਕਰਨ ਵਿੱਚ ਵਧੇਰੇ ਰੁਚੀ ਦਿਖਾਈ ਹੈ।

**ਜਸਬੀਰ ਭੁੱਲਰ**(1941) ਨੇ ਸੈਨਿਕ ਜੀਵਨ ਬਾਰੇ ਕਹਾਣੀ ਸਿਰਜਣਾ ਕੀਤੀ। 'ਕੋਰਾ ਕਾਗ਼ਜ', 'ਸੁੱਕੀ ਨਦੀ ਦੇ ਤੈਰਾਕ', 'ਪੌਦਿਆਂ ਵਾਂਗ ਉੱਗੇ ਜਿਸਮ', 'ਨੋ ਮੈਨਜ਼ ਲੈਂਡ', 'ਅਲੀ ਬਾਬਾ ਤੇ ਪਾਗਲ ਹਵਾ', 'ਚੱਟੇ ਹੋਏ ਪੈਰ' ਆਦਿ  ਕਹਾਣੀ ਪੁਸਤਕਾਂ ਉਸ ਦੀ ਰਚਨਾ ਦ੍ਰਿਸ਼ਟੀ ਦੀ ਗਵਾਹੀ ਭਰਦੀਆਂ ਹਨ। ਉਹ ਇੱਕ ਸਰਗਰਮ ਕਹਾਣੀਕਾਰ ਹੈ।

**ਮੋਹਨ ਭੰਡਾਰੀ**(1932) ਪੰਜਾਬੀ ਕਹਾਣੀ ਦਾ ਮਾਨ-ਮੱਤਾ ਹਸਤਾਖਰ ਹੈ। ਆਧੁਨਿਕਤਾ ਦੇ ਪ੍ਰਭਾਵ ਕਾਰਨ ਬਦਲਦੀਆਂ ਪ੍ਰਸਥਿਤੀਆਂ ਵਿੱਚ ਮਾਨਵੀ ਸੰਵੇਦਨਾ ਦਾ ਬਾਖੂਬੀ ਬਿਆਨ ਉਸ ਦੀਆਂ ਕਹਾਣੀਆਂ ਵਿੱਚੋਂ ਤਲਾਸ਼ਿਆ ਜਾ ਸਕਦਾ ਹੈ। 'ਮੂਨ ਦੀ ਅੱਖ'(1998) ਕਹਾਣੀ ਸੰਗ੍ਰਹਿ ਨੂੰ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲ ਚੁੱਕਾ ਹੈ।'ਕਾਠ ਦੀ ਲੱਤ', 'ਤਿਲ ਚੌਲੀ', 'ਗੋਰਾ ਬਾਸ਼ਾ', 'ਮਨੁੱਖ ਦੀ ਪੈੜ', 'ਸਿਰ ਵਾਹ ਜਿਉਂਣੀਏ' ਆਦਿ ਉਸ ਦੇ ਕਹਾਣੀ ਸੰਗ੍ਰਹਿ ਹਨ।

**ਪ੍ਰੇਮ ਪ੍ਰਕਾਸ਼**(1932) ਅਜਿਹਾ ਚਰਚਿਤ ਕਹਾਣੀਕਾਰ ਹੈ, ਜਿਸ ਦੀਆਂ ਕਹਾਣੀਆਂ ਦਾ ਪਾਠਕ ਘੇਰਾ ਬੜਾ ਵਸੀਹ ਹੈ। ਉਹ ਸ਼ਹਿਰੀ ਤਰਜ਼ ਦੀ ਜ਼ਿੰਦਗੀ ਵਿੱਚ ਆ ਰਹੇ ਬਦਲਾਅ ਕਾਰਨ ਮਾਨਵੀ ਮਨ ਦੀਆਂ ਪੇਚੀਦਗੀਆਂ ਨੂੰ ਸਫਲਤਾ ਸਹਿਤ ਬਿਆਨ ਕਰਦਾ ਹੈ। ਆਪਣੇ ਪਾਤਰਾਂ ਨੂੰ ਚਿਤਰਨ ਸਮੇਂ ਮਨੋਵਿਗਿਆਨਕ ਜੁਗਤਾਂ ਦੀ ਵਰਤੋਂ ਉਸ ਦੀ ਕਹਾਣੀ ਰਚਨਾ ਦਾ ਹਾਸਲ ਹੈ। 'ਕੱਚ ਕੜੇ', 'ਨਮਾਜੀ', 'ਮੁਕਤੀ', 'ਰੰਗਮੰਚ ਤੇ ਭਿਕਸ਼ੂ', 'ਸ਼ਵੇਤਾਂਬਰ ਨੇ ਕਿਹਾ ਸੀ', 'ਸੁਣਦੈਂ ਖਲੀਫ਼ਾ' ਆਦਿ ਉਸ ਦੇ ਵਰਨਣਯੋਗ ਕਹਾਣੀ ਸੰਗ੍ਰਹਿ ਹਨ।'ਕੁਝ ਅਣਕਿਹਾ ਵੀ' ਕਹਾਣੀ ਸੰਗ੍ਰਹਿ ਨੂੰ 1992 ਵਿੱਚ ਭਾਰਤੀ ਸਾਹਿਤ ਅਕਾਦਮੀ ਦਾ ਇਨਾਮ ਮਿਲ ਚੁੱਕਾ ਹੈ।

**ਵਰਿਆਮ ਸੰਧੂ** (1945) ਤੀਸਰੇ ਪੜਾਅ ਦਾ ਚਰਚਿਤ ਕਹਾਣੀਕਾਰ ਹੈ। ਸੰਧੂ ਦੇ ਪ੍ਰਵੇਸ਼ ਨਾਲ ਪੰਜਾਬੀ ਕਹਾਣੀ ਨਵੀਆਂ ਸਿਖਰਾਂ ਛੂੰਹਦੀ ਹੈ।'ਲੰਬੀ ਕਹਾਣੀ' ਲਿਖਣ ਵਿੱਚ ਉਸਦਾ ਦਾ ਵਿਸ਼ੇਸ਼ ਯੋਗਦਾਨ ਹੈ। 'ਲੋਹੇ ਦੇ ਹੱਥ', 'ਅੰਗ ਸੰਗ', ਭੱਜੀਆਂ ਬਾਹੀਂ", 'ਚੌਥੀ ਕੂਟ' ਆਦਿ ਚਰਚਿਤ ਕਹਾਣੀ ਸੰਗ੍ਰਹਿ ਹਨ। 'ਚੌਥੀ ਕੂਟ' ਨੂੰ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਮਿਲ ਚੁੱਕਾ ਹੈ।

**ਗੁਰਦੇਵ ਰੁਪਾਣਾ**(1936) ਪੰਜਾਬੀ ਕਹਾਣੀ ਵਿੱਚ ਵਿਸ਼ੇਸ਼ ਸਥਾਨ ਰੱਖਦਾ ਹੈ। 'ਸ਼ੀਸ਼ਾ ਤੇ ਹੋਰ ਕਹਾਣੀਆਂ', 'ਇੱਕ ਟੋਟਾ ਔਰਤ', 'ਆਪਣੀ ਅੱਖ ਦਾ ਜਾਦੂ' ਅਤੇ 'ਡਿਫੈਂਸ ਲਾਈਨ' ਉਸ ਦੇ ਚਰਚਿਤ ਕਹਾਣੀ ਸੰਗ੍ਰਹਿ ਹਨ। ਉਹ ਮਲਵਈ ਮੁਹਾਵਰੇ ਵਿੱਚ ਮਾਨਵੀ ਸੰਵੇਦਨਾਵਾਂ ਨੂੰ ਚਿਤਰਣ ਵਾਲਾ ਸੁਹਿਰਦ ਲੇਖਕ ਹੈ। ਭਾਵੇਂ ਜੀਵਨ ਦਾ ਬਹੁਤਾ ਸਮਾਂ ਉਸ ਨੇ ਦਿੱਲੀ ਮਹਾਂਨਗਰ ਵਿੱਚ ਬਿਤਾਇਆ, ਪਰ ਉਸ ਦੀਆਂ ਰਚਨਾਵਾਂ ਵਿੱਚੋਂ ਪੇਂਡੂ ਰਹਿਤਲ ਦੀ ਮਹਿਕ ਆਉਂਦੀ ਹੈ।

ਇਸ ਪੜਾਅ ਤੇ **ਮਨਮੋਹਨ ਬਾਵਾ**(ਚਿੱਟੇ ਘੋੜੇ ਦਾ ਸਵਾਰ, ਅਜਾਤ ਸੁੰਦਰੀ, ਨਰਬਲੀ ਤੇ ਕਾਲਾ ਕਬੂਤਰ ਆਦਿ), **ਕਿਰਪਾਲ ਕਜ਼ਾਕ**(ਕਾਲਾ ਇਲਮ, ਸੂਰਜਮੁਖੀ ਪੁਛਦੇ ਨੇ, ਅੱਧਾ ਪੁਲ ਅਤੇ ਹੁੰਮਸ ਆਦਿ), **ਬਲਦੇਵ ਸਿੰਘ**( ਗਿੱਲੀਆਂ ਛਿਟੀਆਂ ਦੀ ਅੱਗ, ਚਿੜੀਆ ਖਾਨਾ, ਹਵੇਲੀ ਦੀ ਛਾਵੇਂ, ਸਵੇਰ ਦੀ ਲੋਅ, ਮਿੱਟੀ ਰੁਦਨ ਕਰੇ ਆਦਿ) **ਪਰਗਟ ਸਿੰਘ ਸਿੱਧੂ** (ਹਵਾ ਵਿੱਚ ਲਟਕਦਾ ਆਦਮੀਂ, ਕੁਕਨੂਸ ਆਦਿ) ਅਤੇ **ਗੁਰਪਾਲ ਲਿੱਟ**( ਕਿਰਦਾ ਮਾਰੂਥਲ, ਜਦ ਵੀ ਚਾਹੇ ਮਾਂ, ਇੱਕ ਹਾਦਸੇ ਦੇ ਪਾਰ ਆਦਿ) ਗੌਲਣਯੋਗ ਕਹਾਣੀਕਾਰ ਹਨ।

ਇਸ ਪੜਾਅ ਤੇ ਇਸਤਰੀ ਕਹਾਣੀਕਾਰਾਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ। **ਬਲਜੀਤ ਕੌਰ ਬੱਲੀ**(ਤੇ ਨਕਸ਼ ਮਿਟਦੇ ਗਏ, ਹਾਦਸੇ, ਹਵਾਲੇ ਤੇ ਸਲੀਬਾਂ, ਇੱਕ ਪੈਰ ਵਾਲਾ ਘਰ, ਮਰ ਜਾਣੀ ਜੀਤੋ ਅਤੇ ਰੱਤ ਕਰੱਤੀ ਆਦਿ), **ਸੁਖਵੰਤ ਕੌਰ ਮਾਨ**( ਭੱਖੜੇ ਦੇ ਫੁੱਲ, ਤ੍ਰੇੜ, ਇਸ ਦੇ ਬਾਵਜੂਦ, ਮਿੱਟੀ ਦਾ ਮੋਹ, ਚਾਦਰ ਹੇਠਲਾ ਬੰਦਾ ਆਦਿ), **ਬਚਿੰਤ ਕੌਰ** (ਮੰਜਲ, ਸੂਹਾ ਰੰਗ, ਸਿਆਹ, ਭੁੱਬਲ ਦੀ ਅੱਗ ਆਦਿ), **ਚੰਦਨ ਨੇਗੀ** (ਕਵਿਤਾ, ਮੇਰਾ ਆਪਾ ਮੋੜ ਦੇ, ਚਿਤ੍ਰ ਗੁਪਤ, ਕਰੜਾ ਸਾਰੁ ਨਹੀਂ ਅਤੇ ਹਰਖ ਸੋਗ ਆਦਿ), **ਬਲਵਿੰਦਰ ਕੌਰ ਬਰਾੜ** (ਮਿੱਟੀ ਨਾ ਫ਼ਰੋਲ ਜੋਗੀਆ, ਰੂਹ ਅੰਬਰਾਂ ਤੱਕ ਰੋਈ, ਜੱਗ ਵਿੱਚ ਸੀਰ ਆਦਿ), **ਸ਼ਰਨਜੀਤ ਕੌਰ** (ਆਪਣੀ ਛਾਂ, ਆਪਣਾ ਅਕਸ, ਸੁੱਕੇ ਅੱਥਰੂ ਅਤੇ ਦ੍ਰਿਸ਼ਟ-ਅਦ੍ਰਿਸ਼ਟ ਆਦਿ) ਆਦਿ ਮਹੱਤਵਪੂਰਨ ਇਸਤਰੀ ਕਹਾਣੀਕਾਰ ਹਨ।

ਪਾਕਿਸਤਾਨੀ ਪੰਜਾਬੀ ਕਹਾਣੀ ਤੇ ਪਰਵਾਸੀ ਪੰਜਾਬੀ ਕਹਾਣੀ ਦਾ ਵੀ ਪੰਜਾਬੀ ਕਹਾਣੀ ਦੀ ਇਤਿਹਾਸ ਰੇਖਾ 'ਚ ਪ੍ਰਮੁੱਖ ਸਥਾਨ ਹੈ।

**ਅਫ਼ਜਲ ਅਹਿਸਨ ਰੰਧਾਵਾ** (ਰੰਨ, ਤਲਵਾਰ ਤੇ ਘੋੜਾ, ਮੁੰਨਾ ਕੋਹ ਲਾਹੌਰ ਦਾ ਆਦਿ), **ਅਨਵਰ ਅਲੀ** (ਕਾਲੀਆਂ ਇੱਟਾਂ ਕਾਲੇ ਰੋੜ, ਨੂਰੀ), **ਹਨੀਫ਼ ਚੌਧਰੀ** (ਕੱਚ ਦੀ ਗੁੱਡੀ, ਦੂਜਾ ਬਟਵਾਰਾ ਆਦਿ), **ਅਫ਼ਸਲ ਤੌਸੀਫ਼** (ਟਾਹਲੀ ਮੇਰੇ ਬੱਚੜੇ, ਪੰਜਵਾਂ ਘੰਟਾ, ਮਾਈ ਅਨਾਰਾਂ ਵਾਲੀ, ਅਮਨ ਵੇਲੇ ਮਿਲਾਂਗੇ), **ਇਲਿਆਸ ਘੁੰਮਣ** (ਪਿੰਡ ਸੀ ਲੱਜ, ਇੱਲ ਕੋਕੋ ਆਦਿ), **ਨਾਦਰ ਅਲੀ**(ਕਹਾਣੀ ਪਰਾਗਾ), **ਤੌਕੀਰ ਚੁਗਤਾਈੜ** (ਅਖੀਰਲਾ ਹੰਝੂ), **ਆਸ਼ਿਕ ਰਹੀਲ** (ਨਿਵੇਕਲਾ ਸੂਰਜ) ਆਦਿ ਅਨੇਕਾਂ ਨਾਂ ਹਨ ਜੋ ਇਸ ਵਿਧਾ 'ਚ ਆਪਣਾ ਯੋਗਦਾਨ ਪਾ ਰਹੇ ਹਨ।

ਪਰਵਾਸੀ ਪੰਜਾਬੀ ਕਹਾਣੀ ਬਰਤਾਨੀਆ, ਕੈਨੇਡਾ, ਅਮਰੀਕਾ, ਅਸਟ੍ਰੇਲੀਆ ਆਦਿ ਮੁਲਕਾਂ ਵਿੱਚ ਲਿਖੀ ਜਾ ਰਹੀ ਹੈ। ਪਰਵਾਸੀ ਜੀਵਨ ਅਨੁਭਵ ਨੂੰ ਪੇਸ਼ ਕਰਨ ਵਾਲੇ ਕੁਝ ਕਹਾਣੀਕਾਰਾਂ ਦਾ ਵੇਰਵਾ ਇਸ ਪ੍ਰਕਾਰ ਹੈ-

**ਦਰਸ਼ਨ ਧੀਰ**(ਲੂਣੀ ਮਹਿਕ, ਮਰਦਾ ਸੱਚ, ਦਿਸਹੱਦੇ ਤੋਂ ਪਾਰ, ਡਰਿਆ ਮਨੁੱਖ ਅਤੇ ਸ਼ੀਸ਼ੇ ਦੇ ਟੁਕੜੇ), **ਰਵਿੰਦਰ ਰਵੀ** (ਜੁਰਮ ਦੇ ਪਾਤਰ, ਮੈਲੀ ਪੁਸਤਕ, ਜਿੱਥੇ ਦੀਵਾਰਾਂ ਨਹੀਂ, ਅਘਰਵਾਸੀ, ਕੰਪਿਊਟਰ ਕਲਚਰ ਆਦਿ), **ਸਵਰਨ ਚੰਦਨ**(ਉਜੜਿਆ ਖੂਹ, ਪੁੰਨ ਦਾ ਸਾਕ, ਖਾਲੀ ਪਲਾਂ ਦੀ ਸਾਂਝ, ਲਾਲ ਚੌਂਕ, ਕੁਆਰ ਗੰਦਲ ਆਦਿ), **ਜਰਨੈਲ ਸਿੰਘ** (ਮੈਨੂੰ ਕੀ, ਮਨੁੱਖ ਤੇ ਮਨੁੱਖ, ਸਮੇਂ ਦਾ ਹਾਣੀ, ਦੋ ਟਾਪੂ, ਟਾਵਰਜ਼) **ਸਾਧੂ ਬਿਨਿੰਗ** (ਕਿਸ ਦਾ ਕਸੂਰ, ਲੀਹੋਂ ਲੱਥੇ), **ਹਰਜੀਤ ਅਟਵਾਲ** (ਸੁੱਕਾ ਪੱਤਾ ਤੇ ਹਵਾ, ਕਾਲਾ ਲਹੂ, ਸੱਪਾਂ ਦਾ ਘਰ ਬਰਤਾਨੀਆ, ਖੂਹ ਵਾਲਾ ਘਰ, ਇੱਕ ਸੱਚ ਮੇਰਾ ਵੀ ਆਦਿ) **ਅਮਨਪਾਲ ਸਾਰਾ** (ਸਰਦ ਰਿਸ਼ਤੇ ਅਤੇ ਵੀਹਾਂ ਦਾ ਨੋਟ), **ਹਰਪ੍ਰੀਤ ਸੇਖਾ**(ਬੀ ਜੀ ਮੁਸਕਰਾ ਪਏ, ਬਾਰਾਂ ਬੂਹੇ), **ਪ੍ਰਵੇਜ਼ ਸੰਧੂ**(ਮੁੱਠੀ ਭਰ ਸੁਪਨੇ ਅਤੇ ਟਾਹਣੀਉ ਟੁੱਟੇ ਆਦਿ), **ਵੀਨਾ ਵਰਮਾ** (ਮੁੱਲ ਦੀ ਤੀਵੀਂ, ਫਿਰੰਗੀਆਂ ਦੀ ਨੂੰਹ ਆਦਿ) ਆਦਿ ਮਹੱਤਵਪੂਰਨ ਕਥਾਕਾਰ ਹਨ।

ਅਗਲੇ ਪੜਾਅ ਤੋਂ ਸਮਕਾਲ ਤੱਕ ਅਨੇਕਾਂ ਕਥਾਕਾਰ ਕਹਾਣੀ ਲਿਖ ਰਹੇ ਹਨ। ਜਿਨ੍ਹਾਂ 'ਚੋਂ ਸਭ ਦੇ ਨਾਮ ਸ਼ਾਮਿਲ ਕਰਨੇ ਔਖੇ ਹਨ। ਉਦਾਹਰਨ ਵਜੋਂ **ਅਵਤਾਰ ਸਿੰਘ ਬਿਲਿੰਗ**(ਮੌਤ ਸਾਏ ਹੇਠ, ਆਪਣਾ ਖੂਨ), **ਬਲਜੀਤ ਰੈਣਾ** (ਮਿੱਠੀ ਮਿੱਠੀ ਚੋਭ, ਅਜੀਬ ਆਦਮੀ, ਜ਼ਾਇਜ-ਨਾਜ਼ਇਜ, ਕਥਾ ਅਜ਼ਬ ਦੇਸ਼ ਆਦਿ), **ਜਿੰਦਰ** (ਮੈਂ ਕਹਾਣੀ ਤੇ ਉਹ, ਤੁਸੀਂ ਨਹੀਂ ਸਮਝ ਸਕਦੇ), **ਬਲਦੇਵ ਧਾਲੀਵਾਲ** (ਓਪਰੀ ਹਵਾ, ਕਾਰਗਿਲ), **ਸੁਖਜੀਤ**(ਅੰਤਰਾ, ਰੇਪ ਨੂੰ ਇੰਜੁਆਏ ਕਰਦੀ ਹਾਂ) ,**ਗੁਰਮੀਤ ਕੜਿਆਲਵੀ** (ਅੱਕ ਦਾ ਬੂਟਾ, ਊਣੇ, ਆਤੂ ਖੋਜੀ ਆਦਿ), **ਨਿਰਮਲ ਜਸਵਾਲ**(ਇੱਕ ਚੁੱਪ ਜਿਹੀ ਕੁੜੀ, ਮੱਛੀਆਂ ਕੱਚ ਦੀਆਂ ਆਦਿ), **ਜਤਿੰਦਰ ਹਾਂਸ** (ਪਾਵੇ ਨਾਲ ਬੰਨ੍ਹਿਆ ਕਾਲ, ਸਿਖਰ ਦੁਪਹਿਰ), **ਜਸਬੀਰ ਰਾਣਾ** (ਖਿੱਤੀਆਂ ਘੁੰਮ ਰਹੀਆਂ ਨੇ, ਬਿੱਲੀਆਂ ਅੱਖਾਂ ਦਾ ਜਾਦੂ ਆਦਿ), **ਗੁਰਸੇਵਕ ਪ੍ਰੀਤ** (ਘੋੜ ਦੌੜ ਜਾਰੀ ਹੈ), **ਸੁਖਰਾਜ ਧਾਲੀਵਾਲ** (ਚੰਦਰਮੁਖੀ), **ਕੁਲਵੰਤ ਗਿੱਲ**(ਦਾਦੇ ਮਗ੍ਰਾਉਣਾ) ਆਦਿ ਕਈ ਉਲੇਖਯੋਗ ਨਾਂ ਹਨ।

ਰਾਜਸਥਾਨ ਵਿੱਚ ਪੰਜਾਬੀ ਲੋਕ ਵੱਡੀ ਗਿਣਤੀ ਵਿੱਚ ਰਹਿ ਰਹੇ ਹਨ। ਉਹਨਾਂ ਦਾ ਆਪਣੀ ਭਾਸ਼ਾ ਪ੍ਰਤੀ ਬੜਾ ਉਸਾਰੂ ਰਵੱਈਆ ਹੈ। ਇਸੇ ਵਿੱਚੋਂ ਹੀ ਰਾਜਸਥਾਨ ਵਿੱਚ ਰਚੀ ਜਾ ਰਹੀ ਕਹਾਣੀ ਦਾ ਮੁਹਾਂਦਰਾ ਉਭਰਦਾ ਹੈ। **ਹਰਪਾਲ ਲੱਖੀਆਂ**, **ਪ੍ਰੀਤਮ ਸਿੰਘ** ਅਤੇ **ਸ. ਕਿਸ਼ਨ ਸਿੰਘ** ਆਦਿ ਪ੍ਰਮੁੱਖ ਰਾਜਸਥਾਨੀ ਕਹਾਣੀਕਾਰ ਹਨ।

ਸਮੁੱਚੇ ਰੂਪ ਵਿੱਚ ਕਹਿ ਸਕਦੇ ਹਾਂ ਕਿ ਪੰਜਾਬੀ ਪਾਠਕ ਸਾਹਿਤ ਦੀ ਕਹਾਣੀ ਵਿਧਾ ਦਾ ਪਾਠਕ ਘੇਰਾ ਬਹੁਤ ਵਸੀਹ ਹੈ। ਜੋ ਇਸ ਵਿਧਾ ਦੀ ਹਰਮਨ ਪਿਆਰਤਾ ਦਾ ਸਬੂਤ ਹੈ ਇੰਝ ਇਹ ਵਿਧਾ ਪੰਜਾਬੀ ਕਹਾਣੀ ਵਿਸ਼ੇ ਦੀ ਵੰਨ ਸੁਵੰਨਤਾ ਅਤੇ ਨਿਭਾਅ ਪੱਖੋਂ ਵਿਸ਼ਵ-ਪੱਧਰੀ ਕਹਾਣੀਆਂ ਨਾਲ ਬਰ ਮੇਚ ਰਹੀ ਹੈ। ਜਿਸ ਨੂੰ ਪੰਜਾਬੀ ਸਾਹਿਤ ਅੰਦਰ ਸ਼ੁੱਭ ਸੰਕੇਤ ਕਿਹਾ ਜਾ ਸਕਦਾ ਹੈ।

## ਅਭਿਆਸ-ਪ੍ਰਸ਼ਨ

1. ਪੰਜਾਬੀ ਨਿੱਕੀ ਕਹਾਣੀ ਦੇ ਮੁੱਢਲੇ ਸਰੂਪ ਨਾਲ ਜਾਣ-ਪਛਾਣ ਕਰਾਓ।
2. ਪਰਵਾਸੀ ਕਹਾਣੀ ਅਤੇ ਪਾਕਿਸਤਾਨੀ ਕਹਾਣੀ ਉੱਪਰ ਭਾਵਪੂਰਤ ਟਿੱਪਣੀ ਕਰੋ।
3. ਹੇਠ ਲਿਖੇ ਕਹਾਣੀਕਾਰਾਂ ਸੰਬੰਧੀ ਸੰਖੇਪ ਜਾਣਕਾਰੀ ਦਿਉ-

   **ਕੁਲਵੰਤ ਸਿੰਘ ਵਿਰਕ, ਵਰਿਆਮ ਸਿੰਘ ਸੰਧੂ, ਗੁਰਬਚਨ ਸਿੰਘ ਭੁੱਲਰ, ਅਜੀਤ ਕੌਰ, ਪ੍ਰੇਮ ਪ੍ਰਕਾਸ਼।**



BSEP

## (ਸ) ਪੰਜਾਬੀ ਨਾਟਕ ਦਾ ਇਤਿਹਾਸ

ਪੰਜਾਬੀ ਨਾਟਕ ਦੇ ਜਨਮ ਸੰਬੰਧੀ ਵਿਦਵਾਨਾਂ ਦੇ ਵਿਚਾਰ ਭਿੰਨ-ਭਿੰਨ ਹਨ। ਕੁਝ ਇਸ ਦਾ ਜਨਮ ਸੰਸਕ੍ਰਿਤ ਨਾਟ-ਪ੍ਰੰਪਰਾ ਦੇ ਅੰਗ ਵਜੋਂ ਮੰਨਦੇ ਹਨ ਅਤੇ ਕੁਝ ਪੱਛਮੀਂ ਪ੍ਰਭਾਵ ਅਧੀਨ ਪੈਦਾ ਹੋਇਆ ਮੰਨਦੇ ਹਨ। ਇਸੇ ਤਰ੍ਹਾਂ ਭਾਰਤੀ ਨਾਟਕ ਦੇ ਜਨਮ ਦਾ ਸੰਬੰਧ ਪੰਜਾਬ ਦੀ ਧਰਤੀ, ਲੋਕ ਨਾਟ ਕਲਾਵਾਂ ਆਦਿ ਨਾਲ ਵੀ ਜੋੜਿਆ ਜਾਂਦਾ ਰਿਹਾ ਹੈ। ਪਾਰਸੀ ਥੀਏਟਰਕਲ ਸੁਸਾਇਟੀ, ਅਨੁਵਾਦਤ ਰਚਨਾਵਾਂ ਵੀ ਪੰਜਾਬੀ ਨਾਟਕ ਦਾ ਆਧਾਰ ਸਰੋਤ ਬਣਦੀਆਂ ਹਨ।

ਨਾਟਕ ਦਾ ਸੰਬੰਧ ਰੰਗਮੰਚ ਨਾਲ ਵੀ ਹੈ। ਇਸ ਲਈ ਨਕਲਾਂ, ਨਾਟ, ਤਮਾਸ਼ੇ, ਪੁਤਲੀ ਨਾਟ, ਰਾਸ ਲੀਲਾ, ਰਾਮ ਲੀਲਾ, ਅਖਾੜਿਆਂ ਆਦਿ ਵਿੱਚੋਂ ਵੀ ਇਸ ਵਿਧਾ ਦੇ ਬੀਜ਼ ਰੂਪ ਤਲਾਸ਼ੇ ਜਾ ਸਕਦੇ ਹਨ। ਇੱਥੇ ਅਸੀਂ ਸਾਰੇ ਵਿਚਾਰਾਂ ਨੂੰ ਧਿਆਨ 'ਚ ਰੱਖਦੇ ਹੋਏ ਅਤੇ ਵਿਦਿਆਰਥੀਆਂ ਦੀ ਸ਼੍ਰੇਣੀ ਤੇ ਗਿਆਨ ਸਮਰੱਥਾ ਦੇ ਅਨੁਕੂਲ ਪੰਜਾਬੀ ਨਾਟਕ ਦੇ ਨਿਕਾਸ ਵਿਕਾਸ ਨੂੰ ਸਮਝਣ ਦਾ ਯਤਨ ਕਰਾਂਗੇ।

ਭਾਰਤ ਜਦੋਂ ਅੰਗਰੇਜਾਂ ਦਾ ਗੁਲਾਮ ਹੋਇਆ ਤਾਂ ਉਹਨਾਂ ਨੇ ਆਪਣੇ ਮਨ ਪਰਚਾਵੇ ਲਈ ਕੁਝ ਕਲੱਬਾਂ ਦਾ ਨਿਰਮਾਣ ਕੀਤਾ। ਇਨ੍ਹਾਂ ਕਲੱਬਾਂ ਨੇ ਨਾਟਕ ਖੇਡਣ ਵਿੱਚ ਵੀ ਯੋਗਦਾਨ ਪਾਇਆ। ਈਸਾਈ ਧਰਮ ਪ੍ਰਚਾਰ ਲਈ 'ਪਾਰਸੀ ਥੀਏਟਰੀਕਲ ਕੰਪਨੀਆਂ' ਨੇ ਵੀ ਨਾਟਕ ਖੇਡ ਕੇ ਆਪਣੀ ਭੂਮਿਕਾ ਨਿਭਾਈ। ਈਸਾਈ ਮਿਸ਼ਨਰੀਆਂ ਵਾਂਗ ਹੀ ਬੰਗਾਲ ਵਿੱਚ 'ਟੈਂਪਰਸ ਸੁਸਾਇਟੀ' ਵੀ ਵਿਕਸਤ ਹੋਈ। ਇਨ੍ਹਾਂ ਸੁਸਾਇਟੀਆਂ ਦੁਆਰਾ ਖੇਡੇ ਜਾਂਦੇ ਨਾਟਕਾਂ ਨੇ ਵੀ ਨਾਟਕ ਦੇ ਵਿਕਾਸ ਵਿੱਚ ਯੋਗਦਾਨ ਪਾਇਆ। ਅੰਮ੍ਰਿਤਸਰ, ਲਾਹੌਰ ਵਿੱਚ ਵੀ ਨਾਟਕ ਖੇਡੇ ਜਾਂਦੇ ਰਹੇ ਹਨ। **ਪ੍ਰੋਫੈਸਰ ਜੇ.ਸੀ. ਓਮਾਨ**(ਗੌਰਮਿੰਟ ਕਾਲਜ ਵਿੱਚ ਸਾਇੰਸ ਪ੍ਰਾਧਿਆਪਕ) ਨੇ1889 ਈ. ਵਿੱਚ ਆਪਣੀ ਪੁਸਤਕ 'ਕਲਚਰ, ਕਸਟਮਜ਼ ਅਤੇ ਸੁਪਰਸਟੀਸ਼ਨਜ ਆਫ਼ ਇੰਡੀਆ' ਵਿੱਚ ਇੰਦਰ ਸਭਾ, ਅਲਾਦੀਨ ਲੈਂਪ, ਪ੍ਰਹਿਲਾਦ ਭਗਤ ਨਾਟਕ , ਪੂਰਨ ਭਗਤ, ਸ਼ਰਾਬ ਕੌਰ ਦਾ ਆਦਿ ਨਾਟਕਾਂ ਦਾ ਜ਼ਿਕਰ ਕੀਤਾ ਹੈ। ਪੰਜਾਬ ਦੇ ਨਕਲੀਆਂ, ਰਾਮਧਾਰੀਆਂ ਵਲੋਂ ਵੀ ਇਨ੍ਹਾਂ ਸੁਸਾਇਟੀਆਂ ਦਾ ਪ੍ਰਭਾਵ ਕਬੂਲਿਆ ਗਿਆ। ਖਾਲਸਾ 'ਟੈਂਪਰਸ ਸੁਸਾਇਟੀ' ਵਲੋਂ ਵੀ ਡਰਾਮਾ ਕਮੇਟੀ ਬਣਾਈ ਗਈ, ਜਿਸ ਤਹਿਤ **ਗਿਆਨੀ ਦਿੱਤ ਸਿੰਘ** ਦਾ 'ਸੁਪਨ ਨਾਟਕ', **ਭਾਈ ਵੀਰ ਸਿੰਘ** ਦਾ 'ਰਾਜਾ ਲੱਖ ਦਾਤਾ ਸਿੰਘ', **ਮਖਸੂਰ ਚੰਦ** ਦਾ 'ਸ਼ਰਾਬ ਕੌਰ' ਨਾਟਕ ਖੇਡਿਆ ਗਿਆ। ਇਸ ਸਮੇਂ ਕੁਝ ਕੁ ਮੌਲਿਕ ਨਾਟਕਾਂ ਦੇ ਨਾਲ ਨਾਲ ਅਨੁਵਾਦਤ ਰਚਨਾਵਾਂ ਵੀ ਸਾਹਮਣੇ ਆਈਆਂ। **ਭਾਈ ਵੀਰ ਸਿੰਘ** ਦੇ **ਪਿਤਾ ਚਰਨ ਸਿੰਘ** ਵੱਲੋਂ ਕਾਲੀਦਾਸ ਦੇ ਨਾਟਕ 'ਅਭਿਗਿਆਨ ਸ਼ਕੁੰਤਲਮ' ਦਾ ਅਨੁਵਾਦ ਕੀਤਾ ਗਿਆ। **ਮਾਨ ਸਿੰਘ ਜੱਜ** ਵੱਲੋਂ 'ਵਿਕਰਮ ਉਰਵਸ਼ੀ', **ਅਮਰ ਸਿੰਘ** ਵੱਲੋਂ ਸ਼ੈਕਸਪੀਅਰ ਦੇ ਨਾਟਕ 'ਉਥੈਲੋ' ਦਾ ਅਨੁਵਾਦ, 'ਦੇਸ਼ ਕਸਮ', ਅਤੇ **ਮੋਹਨ ਸਿੰਘ ਵੈਦ** ਨੇ 'ਕਾਮੇਡੀ ਆਫ ਐਰਰਜ' ਨੂੰ 'ਭੁੱਲ-ਭੁੱਲਈਆ' ਨਾਂ ਹੇਠ ਅਨੁਵਾਦ ਕੀਤਾ। ਅਨੁਵਾਦ ਰਚਨਾਵਾਂ ਤੋਂ ਪ੍ਰੇਰਿਤ ਹੋ ਕੇ ਮੌਲਿਕ ਰਚਨਾਵਾਂ ਸਾਹਮਣੇ ਆਉਣ ਲੱਗੀਆਂ। **ਬਾਵਾ ਬੁੱਧ ਸਿੰਘ** ਨੇ 'ਚੰਦਰ ਹਰੀ'(1909), **ਭਾਈ ਵੀਰ ਸਿੰਘ** ਨੇ 'ਰਾਜਾ ਲੱਖ ਦਾਤਾ ਸਿੰਘ'(1910), **ਅਰੂੜ ਸਿੰਘ** ਨੇ 'ਸੁੱਕਾ ਸਮੁੰਦਰ', 'ਨਲ ਦਮਯੰਤੀ' ਆਦਿ ਰਚਨਾਵਾਂ ਗੋਲਣਯੋਗ ਹਨ। 1913 ਤੱਕ ਪੰਜਾਬੀ ਨਾਟਕ ਦਾ ਘੇਰਾ ਅਨੁਵਾਦਤ ਅਤੇ ਸੁਸਾਇਟੀਆਂ ਦੁਆਰਾ ਖੇਡੇ ਜਾਂਦੇ ਨਾਟਕਾਂ ਤੱਕ ਸੀਮਤ ਰਿਹਾ।

1913 ਤੋਂ 1947 ਦਰਮਿਆਨ ਪੰਜਾਬੀ ਨਾਟਕ ਨਵੀਆਂ ਲੀਹਾਂ ਤੇ ਤੁਰਨ ਲੱਗਾ। ਪੰਜਾਬੀ ਨਾਟਕ ਦੇ ਆਰੰਭ ਵਿੱਚ ਇਸ ਵਿਧਾ ਨੂੰ ਨਿਖਾਰਨ ਲਈ **'ਨੌਰ੍ਹਾ ਰਿਚਰਡਜ਼'** ਵਿਸ਼ੇਸ਼ ਨਾਂ ਹੈ। ਉਸ ਦਾ ਦਿਆਲ ਸਿੰਘ ਕਾਲਜ ਲਾਹੌਰ ਵਿੱਚ ਪ੍ਰਾਅਧਿਆਪਕ ਸੀ। ਉੱਥੇ ਉਸਨੇ ਵਿਦਿਆਰਥੀਆਂ ਵਿੱਚ ਨਾਟ ਮੁਕਾਬਲੇ ਸ਼ੁਰੂ ਕਰਵਾ ਕੇ ਨਾਟਕ ਨੂੰ ਪ੍ਰਫੁੱਲਿਤ ਕੀਤਾ। ਇੱਥੋਂ ਹੀ **'ਈਸ਼ਵਰ ਚੰਦਰ ਨੰਦਾ'** ਨਾਟਕਕਾਰ ਵਜੋਂ ਸਾਹਮਣੇ ਆਇਆ। ਮੁੱਢਲੀਆਂ ਪ੍ਰਤੀਯੋਗਤਾਵਾਂ ਵਿੱਚ ਨੰਦੇ ਦੀ ਬਜਾਏ ਐੱਮ.ਐੱਮ. ਭਟਨਾਗਰ ਦਾ

ਨਾਟਕ 'ਕਰਾਮਾਤ'(1912) ਪਹਿਲੇ ਨੰਬਰ ਤੇ ਆਇਆ। ਪਰ 1913 ਵਿੱਚ ਨੰਦੇ ਦਾ 'ਦੁਲਹਨ' ਇਕਾਂਗੀ ਪਹਿਲੇ ਨੰਬਰ ਤੇ ਰਿਹਾ। ਉਸ ਨੇ ਆਪਣੇ ਵੇਲੇ ਦੀਆਂ ਸਮਾਜਕ ਸਮੱਸਿਆਵਾਂ ਨੂੰ ਰਚਨਾਵਾਂ ਵਿੱਚ ਵਿਸ਼ੇਸ਼ ਥਾਂ ਦਿੱਤੀ। 'ਝਲਕਾਰੇ', 'ਲਿਸ਼ਕਾਰੇ', 'ਚਮਕਾਰੇ' ਉਸ ਦੇ ਮਹੱਤਵਪੂਰਨ ਇਕਾਂਗੀ ਸੰਗ੍ਰਹਿ ਹਨ। 'ਸੁਭੱਦਰਾ', 'ਸ਼ਾਮੂ ਸ਼ਾਹ', 'ਵਰ ਘਰ', 'ਸੋਸ਼ਲ ਸਰਕਲ' ਆਦਿ 'ਚੋਂ ਵਿਸ਼ਿਆਂ ਦੀ ਵਿਭਿੰਨਤਾ ਦੇਖਣ ਨੂੰ ਮਿਲਦੀ ਹੈ। ਰੰਗਮੰਚ ਉੱਪਰ ਉਸ ਦੇ ਸਭ ਨਾਟਕ ਸਫਲ ਹਨ। 'ਮਾਂ ਦਾ ਡਿਪਟੀ', 'ਸੁਹਾਗ'(ਦੁਲਹਨ), 'ਬੇਈਮਾਨ' ਆਦਿ ਪ੍ਰਸਿੱਧ ਇਕਾਂਗੀ ਹਨ।

**ਡਾ. ਹਰਚਰਨ ਸਿੰਘ** ਨੂੰ ਨੰਦੇ ਦਾ ਉੱਤਰਾਧਿਕਾਰੀ ਮੰਨਿਆ ਜਾਂਦਾ ਹੈ। 'ਕਮਲਾ ਕੁਮਾਰੀ', 'ਰਾਜਾ ਪੋਰਸ', 'ਰੱਤਾ ਸਾਲੂ', 'ਸ਼ੋਭਾ ਸ਼ਕਤੀ', 'ਚਮਕੌਰ ਦੀ ਗੜ੍ਹੀ', 'ਮਿਟੀ ਧੁੰਧ ਜਗ ਚਾਨਣ ਹੋਆ', 'ਹਿੰਦ ਦੀ ਚਾਦਰ', 'ਕੱਲ ਅੱਜ ਤੇ ਭਲਕ', ਆਦਿ ਉਸ ਦੇ ਪ੍ਰਸਿੱਧ ਨਾਟਕ ਹਨ। 'ਕੱਲ ਅੱਜ ਤੇ ਭਲਕ' ਨਾਟਕ ਨੂੰ 1973 ਵਿੱਚ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਨਾਲ ਨਿਵਾਜਿਆ ਜਾ ਚੁੱਕਾ ਹੈ।

**ਬਲਵੰਤ ਗਾਰਗੀ** ਪੰਜਾਬੀ ਦਾ ਪ੍ਰਸਿੱਧ ਨਾਟਕਕਾਰ ਹੈ। ਉਹ ਆਪਣੀ ਵਿਸ਼ਾਲ ਨਾਟ-ਰਚਨਾ ਰਾਹੀਂ ਪੰਜਾਬੀ ਦੀਆਂ ਪੀੜ੍ਹੀਆਂ ਦੇ ਸਮਾਂਤਰ ਨਾਟ-ਰਚਨਾ ਕਰਦਾ ਰਿਹਾ ਹੈ। 'ਬਿਸਵੇਦਾਰ', 'ਨਵਾਂ ਮੁੱਢ', 'ਦੋ ਪਾਸੇ', 'ਘੁੱਗੀ', 'ਕਣਕ ਦੀ ਬੱਲੀ', 'ਸੋਹਣੀ ਮਹੀਂਵਾਲ', 'ਬੇਬੇ', 'ਕੇਸਰੋ', 'ਧੂਣੀ ਦੀ ਅੱਗ', 'ਗਗਨ ਮੈਂ ਥਾਲੁ', 'ਸੁਲਤਾਨ ਰਜੀਆ', 'ਪੱਤਣ ਦੀ ਬੇੜੀ', 'ਕੁਆਰੀ ਟੀਸੀ', 'ਸੌਂਕਣ', 'ਚਾਕੂ', 'ਮਿਰਜਾ ਸਾਹਿਬਾਂ','ਅਭਿਸਾਰਿਕਾ', 'ਬਲਦੇ ਟਿੱਬੇ' ਆਦਿ ਮਹੱਤਵਪੂਰਨ ਰਚਨਾਵਾਂ ਹਨ। ਉਸ ਨੇ ਆਪਣੇ ਨਾਟਕਾਂ ਵਿੱਚ ਮਨੋਵਿਗਿਆਨਕ ਵਿਸ਼ਿਆਂ ਨੂੰ ਵੱਡੀ ਪੱਧਰ ਤੇ ਪੇਸ਼ ਕੀਤਾ। ਰੰਗਮੰਚ ਪੱਖੋਂ ਉਸ ਦੇ ਨਾਟਕ ਨਵੀਆਂ ਨਾਟ-ਜੁਗਤਾਂ ਸਾਹਮਣੇ ਲੈ ਕੇ ਆਉਂਦੇ ਹਨ।

ਪੰਜਾਬੀ ਨਾਟਕ ਖੇਤਰ ਵਿੱਚ **ਗੁਰਦਿਆਲ ਸਿੰਘ ਫੁੱਲ** ਵਿਸ਼ੇਸ਼ ਨਾਂ ਹੈ। ਉਸ ਨੇ ਪੰਜਾਬੀ ਨਾਟਕ ਵਿੱਚ ਇਤਿਹਾਸਕ ਵਿਸ਼ਿਆਂ ਨੂੰ ਪੇਸ਼ ਕਰਕੇ ਵਿਸ਼ੇ ਦਾ ਵਿਸਥਾਰ ਕੀਤਾ। 'ਪੈਸਾ', 'ਕਾਲਜੀਏਟ', 'ਧਰਤੀ ਦੀ ਜਾਈ', 'ਬੈਂਕ', 'ਕਲਾ ਤੇ ਜ਼ਿੰਦਗੀ', 'ਕਲਯੁਗ ਰੱਥ ਅਗਨ ਕਾ', 'ਜਿਨ ਸੱਚ ਪਲੈ ਹੋਇ', 'ਬੰਦਾ ਬਹਾਦਰ' ਆਦਿ ਉਸ ਦੇ ਚਰਚਿਤ ਨਾਟਕ ਹਨ।

**ਗੁਰਦਿਆਲ ਸਿੰਘ ਖੋਸਲਾ** ਪੰਜਾਬੀ ਨਾਟਕ ਦਾ ਇੱਕ ਹੋਰ ਮੱਹਤਵਪੂਰਨ ਨਾਟਕਕਾਰ ਹੈ। ਉਸ ਨੇ ਯਥਾਰਥਵਾਦੀ ਸ਼ੈਲੀ ਵਿੱਚ ਬਹੁਤ ਸਾਰੇ ਨਾਟਕਾਂ ਦੀ ਸਿਰਜਣਾ ਕੀਤੀ। ਜਿੰਨਾਂ 'ਚ 'ਬੂਹੇ ਬੈਠੀ ਧੀ', 'ਪਰਲੋਂ ਤੋਂ ਪਹਿਲਾਂ', 'ਉਮੀਦਵਾਰ', 'ਢਾਈ ਘਰ', 'ਪੁਲਿਸ ਚੌਂਕੀ ਤੇ ਹੋਰ ਇਕਾਂਗੀ', ਆਦਿ ਪ੍ਰਮੁੱਖ ਹਨ।

**ਕਰਤਾਰ ਸਿੰਘ ਦੁੱਗਲ** ਪੰਜਾਬੀ ਸਾਹਿਤ ਖੇਤਰ ਵਿੱਚ ਭਾਵੇਂ ਬਤੌਰ ਗਲਪਕਾਰ ਜਾਣਿਆ ਜਾਂਦਾ ਹੈ, ਪਰ ਉਸਨੇ ਬਹੁਤ ਸਾਰੇ ਕਲਾਤਮਕ ਨਾਟਕ ਵੀ ਰਚੇ, ਜਿਨ੍ਹਾਂ 'ਚੋਂ 'ਇੱਕ ਸਿਫ਼ਰ ਸਿਫ਼ਰ', 'ਆਤਮਘਾਤ', 'ਅਹੁ ਗਏ ਸੱਜਣ ਅਹੁ ਗਏ', ਪੰਦਰਾ ਅਗਸਤ', 'ਪੁਰਾਣੀਆਂ ਬੋਤਲਾਂ', 'ਸੱਤ ਨਾਟਕ', 'ਮਿੱਠਾ ਪਾਣੀ' ਆਦਿ ਵਿਸ਼ੇਸ਼ ਹਨ।

**ਸੁਰਜੀਤ ਸਿੰਘ ਸੇਠੀ** ਤੀਸਰੇ ਦੌਰ ਤੇ ਦੂਜੀ ਪੀੜ੍ਹੀ ਦਾ ਪ੍ਰਮੁੱਖ ਨਾਟਕਕਾਰ ਹੈ। ਉਸ ਨੇ ਪੰਜਾਬੀ ਨਾਟ ਖੇਤਰ ਵਿੱਚ ਐਬਸਰਡਵਾਦੀ ਥੀਏਟਰ ਨੂੰ ਸੁਯੋਗ ਢੰਗ ਨਾਲ ਵਰਤਿਆ। ਉਸ ਦੇ ਵਿਸ਼ੇ ਸੰਚਾਰ ਐਬਸਰਡ ਸ਼ੈਲੀ ਦੇ ਧਾਰਨੀ ਹਨ। 'ਕਾਫੀ ਹਾਊਸ', 'ਕੱਚਾ ਘੜਾ', 'ਮਰਦ ਮਰਦ ਨਹੀਂ ਤੀਵੀਂ ਤੀਵੀਂ ਨਹੀਂ', 'ਨੰਗੀ ਰਾਤ ਸੜਕ ਦਾ ਓਹਲਾ', 'ਕਿੰਗ ਮਿਰਜਾ ਤੇ ਸਪੇਰਾ', 'ਮੇਰਾ ਮੁਰਸ਼ਦ ਮੋੜ ਲਿਆਉ', 'ਪੈਬਲ ਬੀਚ ਤੇ ਲੌਂਗ ਗੁਆਚਾ' ਆਦਿ ਵਿਸ਼ੇਸ਼ ਹਨ। 'ਕਿੰਗ ਮਿਰਜਾ ਤੇ ਸਪੇਰਾ' ਨਾਟਕ ਨੂੰ ਭਾਰਤੀ

ਸਾਹਿਤ ਅਕਾਦਮੀ ਪੁਰਸਕਾਰ ਮਿਲ ਚੁੱਕਿਆ ਹੈ।

**ਕਪੂਰ ਸਿੰਘ ਘੁੰਮਣ** ਨੇ ਯਥਾਰਥਵਾਦੀ ਨਾਟ ਸ਼ੈਲੀ ਨੂੰ ਅਪਨਾਉਂਦੇ ਹੋਏ ਨਾਟ ਰਚਨਾ ਕੀਤੀ। 'ਬੁਝਾਰਤ', 'ਪੁਤਲੀ ਘਰ','ਅਤੀਤ ਦੇ ਪਰਛਾਵੇਂ', 'ਜ਼ਿੰਦਗੀ ਤੋਂ ਦੂਰ', 'ਮਨ ਅੰਤਰ ਕੀ ਪੈੜ', 'ਪਾਗਲ ਲੋਕ' ਆਦਿ ਪ੍ਰਸਿੱਧ ਨਾਟਕ ਹਨ। 'ਪਾਗਲ ਲੋਕ' ਨੂੰ ਭਾਰਤੀ ਸਾਹਿਤ ਅਕਾਦਮੀ ਦਾ ਐਵਾਰਡ ਮਿਲਿਆ ਹੈ।

**ਹਰਸਰਨ ਸਿੰਘ** ਨੇ ਸਮਾਜਕ ਅਤੇ ਰਾਜਸੀ ਵਿਸ਼ਿਆਂ ਨੂੰ ਆਪਣੇ ਨਾਟਕਾਂ ਵਿੱਚ ਪੇਸ਼ ਕਰਨ ਵਿੱਚ ਖ਼ਾਸ ਰੁਚੀ ਦਿਖਾਈ ਹੈ। 'ਜਿਗਰਾ', 'ਫੁੱਲ ਕੁਮਲਾ ਗਿਆ', 'ਲੰਮੇ ਸਮੇਂ ਦਾ ਨਰਕ', 'ਮੇਰੇ ਅੱਠ ਇਕਾਂਗੀ', 'ਕੁਲੱਛਣੇ', 'ਰਾਜਾ ਰਸਾਲੂ', 'ਹੀਰ ਰਾਂਝਾ', 'ਡੰਕੇ' ਆਦਿ ਨਾਟ-ਰਚਨਾਵਾਂ ਦੀ ਰਚਨਾ ਕੀਤੀ। 'ਲੰਮੇ ਸਮੇਂ ਦਾ ਨਰਕ' ਨਾਟਕ ਨੂੰ ਭਾਰਤੀ ਸਾਹਿਤ ਅਕਾਦਮੀ ਦਾ ਇਨਾਮ ਮਿਲਿਆ ਹੈ।

**ਗੁਰਚਰਨ ਸਿੰਘ ਜਸੂਜਾ** ਯਥਾਰਥਵਾਦੀ ਨਾਟਕਕਾਰ ਹੈ। 'ਗਊਮੁਖਾ ਸ਼ੇਰਮੁਖਾ', 'ਮੱਕੜੀ ਦਾ ਜਾਲ', 'ਅੰਧਕਾਰ', 'ਆਪ ਬੀਤੀ', 'ਜੱਗਬੀਤੀ', 'ਰਚਨਾ ਰਾਮ ਬਣਾਈ', 'ਇੱਕ ਹੀਰੋ ਦੀ ਤਲਾਸ਼' ਆਦਿ ਨਾਟ ਰਚਨਾਵਾਂ ਰਚੀਆਂ ਹਨ।

ਤੀਜੇ ਪੜਾਅ ਵਿੱਚ **ਅਮਰੀਕ ਸਿੰਘ**(ਪਰਛਾਵਿਆਂ ਦੀ ਪਕੜ, ਕੰਮ ਕੇ ਘੜੰਮ), **ਪਰਿਤੋਸ਼ ਗਾਰਗੀ**(ਪਰਛਾਵੇਂ, ਛਲੇਡਾ, ਤੜਕਸਾਰ ਦਾ ਹਨੇਰਾ), **ਬਲਬੀਰ ਸਿੰਘ**(ਸੁਪਨਾ ਟੁੱਟ ਗਿਆ, ਅਰਵਿੰਦ, ਯੁਵਰਾਜ, ਵਣਜਾਰੇ ਆਦਿ) **ਰੌਸ਼ਨ ਲਾਲ ਅਹੂਜਾ**(ਤਲਾਕ, ਭੂੰਮੀ ਅੰਦੋਲਨ, ਕਲਿੰਗਾ ਦਾ ਦੁਖਾਂਤ, ਦਾਰੇ ਦਾ ਦੁਖਾਂਤ, ਮਹਾਰਾਣੀ ਜਿੰਦਾ ਕੌਰ ਆਦਿ), **ਪਾਂਧੀ ਨਨਕਾਣਵੀ**(ਫਲਦਾਰ ਬੂਟੇ, ਉਜਲੀ ਪ੍ਰਭਾਤ, ਆਨੰਦਪੁਰ ਦੀ ਆਵਾਜ਼, ਕੁਦਰਤ ਦੇ ਸਭ ਬੰਦੇ ਆਦਿ) ਨਾਟਕਕਾਰਾਂ ਦੇ ਨਾਟਕਾਂ ਦਾ ਵਿਸ਼ੇਸ਼ ਸਥਾਨ ਹੈ।

ਚੌਥੇ ਦੌਰ ਵਿੱਚ ਨਾਟਕ ਭਰਪੂਰ ਵਿਕਾਸ ਕਰਦਾ ਨਜ਼ਰ ਆਉਂਦਾ ਹੈ। ਇਸ ਪੀੜੀ ਵਿੱਚ ਪਿਛਲੇ ਦੌਰ ਦੇ ਨਾਟਕਕਾਰ ਵੀ ਭੂਮਿਕਾ ਨਿਭਾਉਂਦੇ ਹਨ।

**ਆਤਮਜੀਤ** ਪੰਜਾਬੀ ਦਾ ਪ੍ਰਮੁੱਖ ਨਾਟਕਕਾਰ ਹੈ। 'ਕਬਰਸਤਾਨ' ਨਾਟਕ ਨਾਲ ਉਹ ਪੰਜਾਬੀ ਨਾਟ-ਜਗਤ ਵਿੱਚ ਪ੍ਰਵੇਸ਼ ਕਰਦਾ ਹੈ। 'ਚਾਬੀਆਂ ਤੇ ਹੋਰ ਇਕਾਂਗੀ', 'ਰਿਸ਼ਤਿਆਂ ਦਾ ਕੀ ਰੱਖੀਏ ਨਾਂ', 'ਸ਼ਹਿਰ ਬੀਮਾਰ ਹੈ', 'ਨਾਟਕ ਨਾਟਕ ਨਾਟਕ', 'ਕੈਮਲੂਪਸ ਦੀਆਂ ਮੱਛੀਆਂ', 'ਮੈਂ ਤਾਂ ਇੱਕ ਸਾਰੰਗੀ ਹਾਂ', 'ਤੱਤੀ ਤਵੀ ਦਾ ਸੱਚ' ਆਦਿ ਉਸ ਦੀਆਂ ਪ੍ਰਸਿੱਧ ਰਚਨਾਵਾਂ ਹਨ। ਉਸ ਦੇ ਨਾਟਕ ਵਿਭਿੰਨ ਵਿਸ਼ਿਆਂ ਦੀ ਪੇਸ਼ਕਾਰੀ ਕਰਦੇ ਹਨ। ਸਮਾਜਕ, ਰਾਜਸੀ, ਇਤਿਹਾਸਕ ਸਰੋਕਾਰਾਂ ਦੇ ਨਾਲ ਨਾਲ ਮੰਚ ਪੱਖੋਂ ਉਸ ਦੇ ਨਾਟਕ ਨਵੀਨ ਸ਼ੈਲੀਆਂ/ਜੁਗਤਾਂ ਸਾਹਮਣੇ ਲੈ ਕੇ ਆਉਂਦੇ ਹਨ। 'ਤੱਤੀ ਤਵੀ ਦਾ ਸੱਚ' ਨਾਟਕ ਨੂੰ ਭਾਰਤੀ ਸਾਹਿਤ ਅਕਾਦਮੀ ਵੱਲੋਂ ਸਨਮਾਨਿਆ ਗਿਆ ਹੈ।

**ਅਜਮੇਰ ਔਲਖ** ਪੰਜਾਬੀ ਨਾਟਕ ਦਾ ਵਿਸ਼ੇਸ਼ ਹਸਤਾਖਰ ਹੈ। ਉਸ ਦੇ ਨਾਟਕਾਂ ਵਿੱਚ ਪੇਂਡੂ ਧਰਾਤਲ ਨਾਲ ਜੁੜੇ ਛੋਟੇ-ਵੱਡੇ ਮਸਲੇ ਪੇਸ਼ ਹੋਏ ਹਨ। ਮਾਲਵਾ ਖ਼ਿੱਤੇ ਦੀ ਜਵਾਨੀ-ਕਿਸਾਨੀ ਨਾਲ ਜੁੜੀਆਂ ਸੱਮਸਿਆਵਾਂ ਉਸ ਦੇ ਨਾਟਕਾਂ ਦਾ ਵਿਸ਼ੇਸ਼ ਹਾਸਲ ਹਨ। ਮੰਚ ਪੱਖੋਂ ਪੇਂਡੂ ਨਾਟ-ਸ਼ੈਲੀ ਵਿੱਚ ਖੇਡੇ ਜਾਣ ਵਾਲੇ ਨਾਟਕ ਨਵੀਆਂ ਨਾਟ-ਵਿਧੀਆਂ ਦਾ ਪ੍ਰਤਿਪਾਦਨ ਕਰਦੇ ਹਨ। 'ਸੱਤ ਬੇਗਾਨੇ', 'ਬੇਗਾਨੇ ਬੋਹੜ ਦੀ ਛਾਂ', 'ਕਿਹਰ ਸਿੰਘ ਦੀ ਮੌਤ', 'ਅਰਬਦ ਨਰਬਦ ਧੁੰਧੂਕਾਰਾ', 'ਨਿੱਕੇ ਸੂਰਜਾਂ ਦੀ ਲੜਾਈ', 'ਇਸ਼ਕ ਬਾਝ ਨਮਾਜ ਦਾ ਹੱਜ ਨਾਹੀ' ਆਦਿ ਮਹੱਤਵਪੂਰਨ ਨਾਟ ਰਚਨਾਵਾਂ ਹਨ। 'ਇਸ਼ਕ ਬਾਝ ਨਮਾਜ ਦਾ ਹਜ ਨਾਹੀ' ਨੂੰ ਭਾਰਤੀ ਸਾਹਿਤ ਅਕਾਦਮੀ ਦਾ ਇਨਾਮ ਮਿਲ ਚੁੱਕਾ ਹੈ।

**ਚਰਨ ਦਾਸ ਸਿੱਧੂ** ਪੰਜਾਬੀ ਨਾਟਕ ਖੇਤਰ ਦਾ ਇੱਕ ਹੋਰ ਵਿਸ਼ੇਸ਼ ਨਾਂ ਹੈ। ਉਸ ਨੇ 'ਕਾਲਜੀਏਟ ਡਰਾਮਾ ਸੁਸਾਇਟੀ' ਦਾ ਨਿਰਮਾਣ ਕਰਦੇ ਹੋਏ ਦਿੱਲੀ ਨੂੰ ਆਪਣੀਆਂ ਨਾਟ-ਸਰਗਰਮੀਆਂ ਦਾ ਕੇਂਦਰ ਬਣਾਇਆ। 'ਭਜਨੋ', 'ਇੰਦੂਮਤੀ', 'ਸਤਿਆਦੇਵ', 'ਲੇਖੁ ਕਰੇ ਕੱਵਲੀਆਂ', 'ਬਾਬਾ ਬੰਤੂ', 'ਅੰਬੀਆਂ ਨੂੰ ਤਰਸੇਂਗੀ', 'ਕੱਲ ਕਾਲਜ ਬੰਦ ਰਹੇਗਾ', 'ਬਾਤ ਫੱਤੂ ਝੀਰ ਦੀ', 'ਮਸਤ ਮੇਘੋਵਾਲੀਆ', 'ਕਿਰਪਾ ਬੌਣਾ', 'ਚਨੋ ਬਾਜੀਗਰਨੀ', 'ਮੰਗੂ ਤੇ ਬਿੱਕਰ', 'ਭਗਤ ਸਿੰਘ ਸ਼ਹੀਦ', 'ਸਿਕੰਦਰ ਦੀ ਜਿੱਤ', ਆਦਿ ਮਹੱਤਵਪੂਰਨ ਨਾਟਕ ਹਨ। 'ਭਗਤ ਸਿੰਘ ਸ਼ਹੀਦ' ਨੂੰ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਵੀ ਮਿਲਿਆ ਹੈ। ਪੇਂਡੂ ਯਥਾਰਥ ਦੀ ਪੇਸ਼ਕਾਰੀ ਕਰਦੇ ਉਸ ਦੇ ਨਾਟਕਾਂ ਵਿੱਚ ਦੁਆਬਾ ਖਿੱਤੇ ਦੀ ਬੋਲੀ ਨੂੰ ਵਿਸ਼ੇਸ਼ ਪਛਾਣ ਹਾਸਿਲ ਹੋਈ ਹੈ।

**ਗੁਰਸ਼ਰਨ ਸਿੰਘ** ਪੰਜਾਬੀ ਦਾ ਪ੍ਰਤੀਬੱਧ ਨਾਟਕਕਾਰ ਅਤੇ ਰੰਗਕਰਮੀ ਹੈ। ਪੰਜਾਬ ਦਾ ਕੋਈ ਵਿਰਲਾ ਇਲਾਕਾ ਹੋਵੇਗਾ ਜਿੱਥੇ ਗੁਰਸਰਨ ਸਿੰਘ(ਭਾਅ ਜੀ, ਭਾਈ ਮੰਨਾ ਸਿੰਘ) ਨੇ ਪਹੁੰਚ ਸਥਾਪਤੀ ਨਾ ਕੀਤੀ ਹੋਵੇ। ਉਸ ਨੂੰ ਇਸ ਕਰਕੇ ਪੰਜਾਬੀ ਰੰਗਮੰਚ ਦਾ ਬਾਬਾ ਬੋਹੜ ਵੀ ਆਖਿਆ ਜਾਂਦਾ ਹੈ। ਸਮਾਜਕ ਨਾ ਬਰਾਬਰੀ ਖਿਲਾਫ਼ ਪਹਿਰਾ ਦਿੰਦੇ ਹੋਏ ਉਹ ਸਮੇਂ ਦੀਆਂ ਸਰਕਾਰਾਂ ਦਸਤਪੰਜਾ ਲੈਣ ਤੋਂ ਵੀ ਗੁਰੇਹ ਨਹੀਂ ਕਰਦਾ। ਪੇਂਡੂ/ਨੁੱਕੜ ਸ਼ੈਲੀ ਨੂੰ ਜਿਸ ਉੱਦਮ ਨਾਲ ਉਸਨੇ ਪ੍ਰਫੁੱਲਿਤ ਕੀਤਾ, ਸ਼ਇਦ ਹੀ ਕਿਸੇ ਹੋਰ ਨਾਟਕਕਾਰ ਨੇ ਕੀਤਾ ਹੋਵੇ। ਉਸ ਨੇ ਪੰਜਾਬੀ ਵਿੱਚ ਗਿਣਾਤਮਕ ਪੱਖੋਂ ਵੀ ਸਭ ਤੋਂ ਵੱਧ ਨਾਟਕ ਲਿਖੇ। ਗੁਣਾਤਮਕ ਪੱਖੋਂ ਵੀ ਉਸ ਦੇ ਨਾਟਕ ਉੱਚ ਪਾਏ ਦੇ ਹਨ। 'ਬੰਦ ਕਮਰੇ ਤੇ ਹੋਰ ਨਾਟਕ', 'ਧਮਕ ਨਗਾਰੇ ਦੀ', 'ਚਾਂਦਨੀ ਚੌਂਕ ਤੋਂ ਸਰਹਿੰਦ ਤੱਕ', 'ਸੀਸ ਤਲੀ ਤੇ', 'ਮਿੱਟੀ ਦੀ ਮੁੱਲ', 'ਮਿੱਟੀ ਦਾ ਪੁੱਤ', 'ਬੇਗਾਨੇ ਦੀ ਧੀ', 'ਟੁੰਡਾ ਹੌਲਦਾਰ', 'ਜੰਗੀ ਰਾਮ ਦੀ ਹਵੇਲੀ', 'ਸਰਪੰਚਣੀ', 'ਕੁਰਸੀ', 'ਮੋਰਚਾ' ਤੇ 'ਹਵਾ 'ਚ ਲਟਕਦੇ ਲੋਕ', 'ਤਮਾਮ-ਏ-ਹਿੰਦੋਸਤਾਨ', 'ਭੰਡ ਕਨੇਡਾ ਆਏ', 'ਸਿਉਂਕ', 'ਹਵਾਈ ਗੋਲੇ' ਆਦਿ ਉਸ ਦੇ ਨਾਟਕਾਂ ਲੰਮੀ ਸੂਚੀ ਹੈ। ਪੰਜਾਬ ਸੰਕਟ ਸਮੇਂ ਉਸ ਨੇ ਉਦੋਂ ਨਾਟ ਪੇਸ਼ਕਾਰੀਆਂ ਕੀਤੀਆਂ ਜਦੋਂ ਸ਼ਾਮ ਪੈਣ ਤੇ ਲੋਕ ਘਰਾਂ ਅੰਦਰ ਵੜ ਜਾਂਦੇ ਸਨ। ਅਜਿਹੀ ਬੇਬਾਕੀ ਨਾਲ ਨਾਟ-ਪੇਸ਼ਕਾਰੀਆਂ ਕਰਨੀਆਂ ਹਾਰੀ ਸਾਰੀ ਦੇ ਵੱਸ ਦੀ ਗੱਲ ਨਹੀਂ।

**ਅਮਰਜੀਤ ਗਰੇਵਾਲ** ਦਾ 'ਦੋ ਘੜੀਆਂ ਦਾ ਨਾਟਕ', 'ਚੂਹੇ ਦੌੜ', **ਦੇਵਿੰਦਰ ਸਿੰਘ** ਦਾ 'ਲਾਲ ਪੀਲੇ ਲੋਕ', **ਦਰਸ਼ਨ ਮਿਤਵਾ ਦਾ** 'ਇਧਰ ਉਧਰ ਕਿੱਥੋਂ ਤੱਕ' ਆਦਿ ਨਾਟਕ ਮਹੱਤਵਪੂਰਨ ਹਨ।

ਅਗਲੇ ਪੜਾਅ ਅਤੇ ਸਮਕਾਲੀ ਦੌਰ ਵਿੱਚ ਪੰਜਾਬੀ ਨਾਟਕ ਵਿਕਾਸ ਦੀਆਂ ਹੋਰ ਲੀਹਾਂ ਛੂਹਦਾ ਹੈ। ਇਸ ਦੌਰ ਵਿੱਚ ਅਨੇਕਾਂ ਨਾਟਕਕਾਰ ਪੰਜਾਬੀ ਨਾਟਕ ਨੂੰ ਵਿਕਸਤ ਕਰਦੇ ਹਨ।

**ਕੇਵਲ ਧਾਲੀਵਾਲ**, ਗੁਰਸ਼ਰਨ ਸਿੰਘ ਦੀ ਸ਼ਗਿਰਦੀ ਵਿੱਚੋਂ ਉਪਜਿਆ ਪ੍ਰਸਿੱਧ ਨਾਟਕਕਾਰ ਹੈ। ਉਹ ਹੋਰਨਾਂ ਨਾਟਕਕਾਰਾਂ ਦੇ ਨਾਟਕਾਂ ਨੂੰ ਨਿਰਦੇਸ਼ਿਤ ਵੀ ਕਰਦਾ ਆ ਰਿਹਾ ਹੈ। ਉਹ ਮੰਚ ਪੱਖੋਂ ਵੀ ਨਵੀਆਂ ਤਕਨੀਕਾਂ ਦੀ ਵਰਤੋਂ ਕਰਦਾ ਹੈ। 'ਵਣਜਾਰੇ', 'ਮਾਵਾਂ', 'ਧੁੱਖਦਾ ਰੋਹ', 'ਸ਼ਹਿਰ ਸਲੇਟੀ', '10 ਨੁੱਕੜ ਨਾਟਕ' ਆਦਿ ਇਸ ਦਾ ਪੁਖਤਾ ਪ੍ਰਮਾਣ ਹਨ।

**ਸਵਰਾਜਬੀਰ** ਸਮਕਾਲੀ ਪੰਜਾਬੀ ਨਾਟਕ ਦਾ ਵਿਸ਼ੇਸ਼ ਨਾਂ ਹੈ। 'ਧਰਮ ਗੁਰੂ', 'ਕ੍ਰਿਸ਼ਨ', 'ਮੇਦਨੀ', 'ਸ਼ਾਇਰੀ', 'ਹੱਕ', 'ਮੱਸਿਆ ਦੀ ਰਾਤ', 'ਕੱਲਰ' ਆਦਿ ਉਸ ਦੇ ਪ੍ਰਸਿੱਧ ਨਾਟਕ ਹਨ। ਉਸ ਨੇ ਇਤਿਹਾਸਕ-ਮਿਥਿਹਾਸਕ ਵੇਰਵਿਆਂ ਨੂੰ ਆਪਣੇ ਰਚਨਾ ਸੰਸਾਰ ਦਾ ਹਿੱਸਾ ਬਣਾਇਆ ਹੈ। 'ਮੱਸਿਆ ਦੀ ਰਾਤ' ਨੂੰ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਵੀ ਮਿਲ ਚੁੱਕਿਆ ਹੈ।

**ਸਤੀਸ਼ ਕੁਮਾਰ ਵਰਮਾ** ਬਹੁ-ਵਿਧਾਈ ਸਾਹਿਤਕਾਰ ਹੈ। ਨਾਟ-ਸਿਰਜਣਾ, ਨਾਟ-ਆਲੋਚਨਾ ਵਿੱਚ ਉਸ ਦਾ ਵਿਸ਼ੇਸ਼ ਨਾਂ ਹੈ। 'ਦਾਇਰੇ', 'ਲੋਕ ਮਨਾਂ ਦਾ ਰਾਜਾ', ਆਦਿ ਨਾਟ ਰਚਨਾਵਾਂ ਰਾਹੀਂ ਉਹ ਚੰਗਾ ਨਾਮਣਾ ਖੱਟਦਾ ਹੈ। ਉਸ ਦੇ ਨਾਟਕ ਵਿਭਿੰਨ ਵਿਧੀਆਂ ਰਾਹੀਂ ਖੇਡੇ ਜਾ ਸਕਦੇ ਹਨ।

**ਪਾਲੀ ਭੁਪਿੰਦਰ ਸਿੰਘ** ਪੰਜਾਬੀ ਦਾ ਮਹੱਤਵਪੂਰਨ ਨਾਟਕਕਾਰ ਹੈ। ਉਸ ਨੇ ਆਪਣੀ ਨਾਟ ਸਾਧਨਾ ਰਾਹੀਂ ਵੱਖਰੀ ਪਛਾਣ ਸਥਾਪਿਤ ਕੀਤੀ ਹੈ। 'ਇਸ ਚੌਂਕ ਤੋਂ ਸ਼ਹਿਰ ਦਿੱਸਦਾ ਹੈ', 'ਉਸਨੂੰ ਕਹੀਂ', 'ਸਿਰਜਣਾ', 'ਚੰਦਨ ਦੇ ਓਹਲੇ', 'ਮਿੱਟੀ ਦਾ ਬਾਵਾ', 'ਪਿਆਸਾ ਕਾਂ' ਆਦਿ ਉਸ ਦੇ ਪ੍ਰਮੁੱਖ ਨਾਟਕ ਹਨ। ਉਹ ਨਾਟਕ ਵਿੱਚ ਵਿਸ਼ਿਆਂ ਤੇ ਮੰਚ ਪੱਖੋਂ ਨਵੀਆਂ ਤਬਦੀਲੀਆਂ ਕਰਨ ਵਿੱਚ ਯਕੀਨ ਰੱਖਦਾ ਹੈ। ਇਸ ਦੌਰ ਵਿੱਚ **ਦੇਵਿੰਦਰ ਕੁਮਾਰ** ਨੇ 'ਵਿਹੜਾ ਆਪਣਾ ਧਰਤ ਪਰਾਈ', 'ਪਿੰਜਰੇ ਦੇ ਆਰ-ਪਾਰ', 'ਦਲਦਲ', 'ਕਾਲੀ ਰਾਤ ਦਾ ਚੈਨ' ਰਾਹੀਂ ਗੰਭੀਰ ਨਾਟਕਕਲਾ ਦਾ ਪ੍ਰਦਰਸ਼ਨ ਕੀਤਾ ਹੈ

**ਸੋਮਪਾਲ ਹੀਰਾ** ਪੰਜਾਬੀ ਨਾਟਕ ਤੇ ਰੰਗਮੰਚ ਨੂੰ ਵਿਕਸਤ ਕਰਨ ਵਿੱਚ ਵਿਸ਼ੇਸ਼ ਯੋਗਦਾਨ ਪਾ ਰਿਹਾ ਹੈ। ਉਸ ਨੇ ਪੇਸ਼ੇਵਰ ਥੀਏਟਰ ਨੂੰ ਸੰਜੀਵ ਕਰਕੇ ਅਚੰਭੇ ਭਰਪੂਰ ਕੰਮ ਕੀਤਾ ਹੈ। 'ਪੁੰਨਿਆ ਦੀ ਪਰਵਾਜ', 'ਲੱਜਾ' ਆਦਿ ਨਾਟਕਾਂ ਦੀਆਂ ਪੇਸ਼ਕਾਰੀਆਂ ਕਰਨੀਆਂ ਇਸ ਦਾ ਪ੍ਰਮਾਣ ਹੈ।

**ਡਾ. ਸਾਹਿਬ ਸਿੰਘ** ਅਜਿਹਾ ਰੰਗਕਰਮੀ ਹੈ ਜੋ ਨਾਟਕ ਨੂੰ ਰੰਗਮੰਚ ਪੱਖੋਂ ਨਵੀਨ ਛੁਹਾਂ ਪ੍ਰਦਾਨ ਕਰਦਾ ਹੈ। 'ਮੈਂ ਜ਼ਿੰਦਾ ਰਹਾਂਗਾ', 'ਪਰਿੰਦੇ ਹੁਣ ਜਾਣ ਕਿੱਥੇ' ਆਦਿ ਉਸ ਦੀਆਂ ਮਹੱਤਵਪੂਰਨ ਨਾਟ-ਰਚਨਾਵਾਂ ਹਨ।

**ਕੁਲਦੀਪ ਸਿੰਘ** ਦਾ ਨਾਟਕ ਦੇ ਖੇਤਰ ਵਿੱਚ ਖ਼ਾਸ ਨਾਂ ਹੈ। 'ਜੰਗ ਕੌਣ ਲੜੇ', 'ਰਿਸ਼ਮਾਂ ਦੇ ਕਾਤਲ', 'ਤਿੜਕਦੇ ਸੁਪਨੇ', 'ਖ਼ੁਦਕੁਸ਼ੀ ਦੇ ਮੋੜ 'ਤੇ' ਆਦਿ ਉਸ ਪ੍ਰਮੁੱਖ ਨਾਟਕ ਹਨ। ਓਪੇਰਿਆਂ ਦੀ ਸਿਰਜਨਾ ਵਿੱਚ ਉਸ ਦਾ ਵਿਸ਼ੇਸ਼ ਨਾਂ ਹੈ।

ਇਸ ਦੌਰ ਵਿੱਚ ਹੋਰ ਵੀ ਨਾਟਕਕਾਰ ਕਿਰਿਆਸ਼ੀਲ ਭੂਮਿਕਾ ਨਿਭਾਉਂਦੇ ਹਨ। **ਅਵਤਾਰ ਕੌਰ ਜਵੰਦਾ**(ਸ਼ੇਰ ਦਿਲ ਮਰਦ, ਹੱਸਣਾ ਭੁੱਲ ਗਈ, ਕੁਰਬਾਨੀ ਆਦਿ), **ਸਤਿੰਦਰ ਨੰਦਾ**(ਕਰਮਯੋਗੀ, ਦਾਰੂਦਾਸੀਏ, ਸੁੰਨੇ ਰਾਹ, ਨਾਇਕ ਖਸਮ ਹਮਾਰੇ, ਨਿਰੰਜਨੀ ਜੋਤ, ਨਾਨਕ ਘਰ ਕੇ ਗੋਲੇ ਆਦਿ), **ਸੰਜੀਵਨ ਸਿੰਘ**(ਫਰੀਡਮ ਫਾਈਟਰ ਆਦਿ), **ਹੰਸਾ ਸਿੰਘ**(ਸੁਪਨਿਆਂ ਦੇ ਬੀਜ਼), **ਕਿਰਪਾਲ ਕਜ਼ਾਕ**(ਕੰਧਾਂ ਤੋਂ ਬਿਨਾਂ), **ਜਗਦੀਸ਼ ਸਚਦੇਵਾ**(ਚੌਂਕ, ਢੋਲੀਆ, ਸਾਵੀ), **ਦਵਿੰਦਰ ਦਮਨ**(ਕਾਲੀ ਰਾਤ ਦਾ ਚੰਨ), **ਨਸੀਬ ਬਵੇਜਾ**(ਆਜ਼ਾਦ ਪਾਤਰ), **ਪ੍ਰੀਤ ਮਹਿੰਦਰ ਸੇਖੋਂ** (ਬੋਲ ਸ਼ਰੀਕਾਂ ਦੇ, ਢੋਲ ਸਿਪਾਹੀ), **ਬਲਦੇਵ ਸਿੰਘ**(ਰੇਲ ਗੱਡੀ, ਇੱਕ ਸੀ ਪਰੀ, ਸੋਨੇ ਦਾ ਹਿਰਨ, ਧੀਆਂ ਪੁੱਤਾਂ ਵਾਲੇ, ਮਿੱਟੀ ਰੁਦਨ ਕਰੇ, ਕਠਪੁਤਲੀਆਂ, ਇਹ ਸਿਲਸਿਲਾ ਚਲਦਾ ਰਹੇਗਾ, ਕੀ ਕੀ ਰੰਗ ਵਿਖਾਏ, ਮਿੱਟੀ ਆਦਿ), **ਵਰਿਆਮ ਮਸਤ** (ਤਮਾਸ਼ਾ, ਨਾਟਕ ਬਾਕੀ ਹੈ, ਕੁੰਡਲੀ, ਘਰਲੀ ਆਦਿ) ਆਦਿ ਨਾਟਕਕਾਰਾਂ ਦੀ ਲੰਮੀ ਸੂਚੀ ਹੈ।

ਪੰਜਾਬੀ ਨਾਟਕ ਵਿੱਚ ਪਾਕਿਸਤਾਨੀ ਪੰਜਾਬੀ ਨਾਟਕ ਅਤੇ ਪਰਵਾਸੀ ਪੰਜਾਬੀ ਨਾਟਕ ਤੇ ਰੰਗਮੰਚ ਦੀ ਭੂਮਿਕਾ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ। **ਸੱਜਾਦ ਹੈਦਰ**(ਹਵਾ ਦੇ ਹਉਕੇ), **ਆਗਾ ਅਸ਼ਰਫ**(ਨਿੰਮਾ ਨਿੰਮਾ ਦੀਵਾ), **ਅਸਫਾਕ ਅਹਿਮਦ** (ਟਾਹਲੀ ਦੇ ਥੱਲੇ), **ਫਖਰ ਜ਼ਮਾਨ** (ਵਣ ਵਣ ਦਾ ਬੂਟਾ), **ਨਜ਼ਮ ਹੁਸੈਨ ਸੱਯਦ** (ਤਖ਼ਤ ਲਾਹੌਰ), **ਇਸਹਾਕ ਮੁਹੰਮਦ** (ਮੁਸੱਲੀ, ਕੁਕਨਸ) ਆਦਿ ਕੁਝ ਕੁ ਨਾਟਕਕਾਰ ਰੰਗਮੰਚ ਨੂੰ ਵਿਕਸਤ ਕਰ ਰਹੇ ਹਨ।

ਪਰਵਾਸੀ ਪੰਜਾਬੀ ਨਾਟਕ ਕੈਨੇਡਾ, ਅਮਰੀਕਾ, ਇੰਗਲੈਂਡ, ਕੀਨੀਆ ਆਦਿ ਮੁਲਕਾਂ ਵਿੱਚ ਰਚਿਆ ਜਾ ਰਿਹਾ ਹੈ। **ਰਵਿੰਦਰ ਰਵੀ** (ਬੀਮਾਰ ਸਦੀ, ਦਰ ਦੀਵਾਰਾਂ, ਅੱਧੀ ਰਾਤ ਦੀ ਦੁਪਹਿਰ, ਸੂਰਜ ਨਾਟਕ, ਸਿਫ਼ਰ ਨਾਟਕ, ਰੂਹ ਪੰਜਾਬ ਦੀ ਆਦਿ), **ਅਜਮੇਰ ਰੋਡੇ** (ਕਾਮਾਗਾਟਾਮਾਰੂ, ਦੂਜਾ ਪਾਸਾ), **ਰਮਿੰਦਰ ਸੰਧੂ** (ਪੁਨਰਜਨਮ, ਵਤਨ), **ਸੁਖਵੰਤ ਹੁੰਦਲ** (ਪਿਕਟ ਲਾਈਨ ਤੇ ਹੋਰ ਨਾਟਕ), **ਤਰਸੇਮ ਨੀਲਗਿਰੀ**(ਲੰਮੀ ਸੜਕ ਲਾਹੌਰ ਦੀ, ਚਕਰਵਿਊ, ਛੜਿਆ ਦਾ ਗੀਤ), **ਅਜਾਇਬ ਕਮਲ** (ਲੰਗੜਾ ਅਸਮਾਨ, ਬਘਿਆੜ, ਮੰਟੋ ਮਰਿਆ ਨਹੀਂ ਆਦਿ) ਆਦਿ ਹੋਰ ਵੀ ਨਾਟਕਕਾਰਾਂ ਦੇ ਨਾਂ ਗਿਣਾਏ ਜਾ ਸਕਦੇ ਹਨ।

ਸੰਖੇਪ 'ਚ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਨਾਟਕ ਵਿਧਾਗਤ ਅਤੇ ਵਿਸ਼ੈਗਤ ਪੱਖ ਤੋਂ ਵਿਕਾਸਸੀਲ ਲੀਹਾਂ ਤੇ ਚੱਲ ਰਿਹਾ ਹੈ। ਪੂਰਾ ਨਾਟਕ, ਨੁਕੜ ਨਾਟਕ, ਇੱਕ ਪਾਤਰੀ ਨਾਟਕ, ਰੂਪਾਂਤਰਣ ਨਾਟਕ ਆਦਿ ਨਾਟਕ ਦੀਆਂ ਹੋਰ ਵੀ ਵੰਨਗੀਆਂ ਹਨ। ਵੱਖ-ਵੱਖ ਯੂਨੀਵਰਸਿਟੀਆਂ ਦੇ ਥੀਏਟਰੀਕਲ ਵਿਭਾਗ, ਸ਼ੌਂਕੀਆ ਰੰਗਕਰਮੀਂ, ਨਾਟ-ਮੰਡਲੀਆਂ ਨਾਟਕਕਾਰ, ਨਿਰਦੇਸ਼ਕ ਆਦਿ ਸਭ ਮਿਲ ਕੇ ਇਸ ਵਿਧਾ ਲਈ ਨਵੀਨ ਸੰਭਾਵਨਾਵਾਂ ਉਜਾਗਰ ਕਰ ਰਹੇ ਹਨ।

## ਅਭਿਆਸ-ਪ੍ਰਸ਼ਨ

1. ਪੰਜਾਬੀ ਨਾਟਕ ਦੇ ਮੁੱਢਲੇ ਸਰੂਪ ਨਾਲ ਜਾਣ-ਪਛਾਣ ਕਰਾਓ।
2. 1913 ਤੋਂ 1947 ਦਰਮਿਆਨ ਸਿਰਜੇ ਗਏ ਨਾਟਕ ਉੱਪਰ ਭਾਵਪੂਰਤ ਟਿੱਪਣੀ ਕਰੋ।
3. ਹੇਠ ਲਿਖੇ ਨਾਟਕਕਾਰਾਂ ਸੰਬੰਧੀ ਸੰਖੇਪ ਜਾਣਕਾਰੀ ਦਿਉ-

   **ਬਲਵੰਤ ਗਾਰਗੀ, ਗੁਰਦਿਆਲ ਸਿੰਘ ਫੁੱਲ, ਸੁਰਜੀਤ ਸਿੰਘ ਸੇਠੀ, ਆਤਮਜੀਤ, ਅਜਮੇਰ ਸਿੰਘ ਔਲਖ।**

BSER

# (ਹ) ਪੰਜਾਬੀ ਵਾਰਤਕ ਦਾ ਇਤਿਹਾਸ

ਆਧੁਨਿਕ ਯੁੱਗ ਵਿੱਚ ਵਾਰਤਕ ਦਾ ਰੂਪ ਦਿਨ-ਬ-ਦਿਨ ਅਹਿਮ ਤੇ ਜਟਿਲ ਪ੍ਰਕਿਰਤੀ ਧਾਰਨ ਕਰਦਾ ਜਾ ਰਿਹਾ ਹੈ। ਕਾਰਨ ਸਪਸ਼ਟ ਹੈ ਕਿ ਇਸ ਵਿੱਚ ਬਹੁਤ ਵਿਵਿਧਤਾ ਤੇ ਵਿਧਾਗਤ ਪਾਸਾਰ ਵੇਖਣ ਨੂੰ ਮਿਲਦੇ ਹਨ। ਇਸ ਲਈ ਆਧੁਨਿਕ ਵਾਰਤਕ ਦਾ ਇਤਿਹਾਸ ਉਲੀਕਣਾ ਕੋਈ ਸੁਖਾਲਾ ਕਾਰਜ ਨਹੀਂ। ਨਿਬੰਧ (ਲਲਿਤ ਨਿਬੰਧ,ਖ਼ਤ ਨਿਬੰਧ) ਜੀਵਨੀ, ਸਫ਼ਰਨਾਮਾ, ਰੇਖਾ ਚਿੱਤਰ, ਡਾਇਰੀ, ਸੰਸਮਰਨ, ਮੁਲਾਕਾਤ, ਪੱਤਰਕਾਰੀ ਆਦਿ ਇਸ ਦੀਆਂ ਅਨੇਕਾਂ ਵਿਧਾਗਤ ਸ਼ਾਖਾਵਾਂ ਨਿਰਧਾਰਤ ਕੀਤੀਆਂ ਜਾ ਸਕਦੀਆਂ ਹਨ। ਏਥੇ ਅਸੀਂ ਵਿਦਿਆਰਥੀਆਂ ਦੇ ਬੌਧਿਕ-ਮਾਨਸਿਕ ਪੱਧਰ ਨੂੰ ਧਿਆਨ ਵਿੱਚ ਰੱਖ ਕੇ ਮੁੱਖ ਵਾਰਤਕ ਰੂਪਾਂ ਦਾ ਸੰਖੇਪ ਇਤਿਹਾਸਕ੍ਰਮ ਉਲੀਕਣ ਦੀ ਕੋਸ਼ਿਸ਼ ਕਰਾਂਗੇ।

## 1. ਨਿਬੰਧ

ਪੰਜਾਬੀ ਵਾਰਤਕ ਦਾ ਮੁੱਢ ਤਾਂ ਨਾਨਕ ਕਾਲ ਵਿੱਚ ਹੀ ਬੱਝ ਚੁੱਕਾ ਸੀ, ਪਰ ਆਧੁਨਿਕ ਪੰਜਾਬੀ ਵਾਰਤਕ ਸਾਹਿਤ ਦੇ ਰੂਪ 19ਵੀਂ ਸਦੀ ਤੋਂ ਸਾਹਮਣੇ ਆਉਣ ਲੱਗਦੇ ਹਨ। ਅੰਗਰੇਜ਼ੀ ਹਕੂਮਤ ਦੇ ਭਾਰਤ ਵਿੱਚ ਪ੍ਰਵੇਸ਼ ਨਾਲ ਵਾਰਤਕ ਖੇਤਰ ਵਿੱਚ ਛਾਪੇਖਾਨੇ ਦੀ ਆਮਦ ਇਸ ਵਿਧਾ ਨੂੰ ਪ੍ਰਫੁੱਲਿਤ ਕਰਨ ਵਿੱਚ ਅਹਿਮ ਯੋਗਦਾਨ ਪਾਉਂਦੀ ਹੈ। ਵਿਭਿੰਨ ਅਨੁਵਾਦ, ਵਿਆਕਰਨ, ਡਿਕਸ਼ਨਰੀਆਂ ਆਦਿ ਇਸ ਖੇਤਰ ਦੇ ਮੁੱਢਲੇ ਕਾਰਜ ਹਨ। ਈਸਾਈ ਮਿਸ਼ਨਰੀਆਂ, ਸਿੰਘ ਸਭਾਵਾਂ ਆਦਿ ਨੇ ਵੀ ਵਾਰਤਕ ਵਿੱਚ ਰੁਚੀ ਵਿਖਾਈ।

**ਸ਼ਰਧਾ ਰਾਮ ਫਿਲੌਰੀ** ਦੁਆਰਾ ਲਿਖੀਆਂ ਪੁਸਤਕਾਂ 'ਸਿੱਖਾਂ ਦੇ ਰਾਜ ਦੀ ਵਿਥਿਆ' ਅਤੇ 'ਪੰਜਾਬੀ ਬਾਤਚੀਤ' ਇਸ ਖੇਤਰ ਦੇ ਆਰੰਭਲੇ ਯਤਨ ਹਨ। **ਗਿਆਨੀ ਗਿਆਨ ਸਿੰਘ** ਨੇ 'ਸਰਕਾਰ ਖਾਲਸਾ', 'ਤਵਾਰੀਖ ਗੁਰੂ ਖਾਲਸਾ', 'ਸ਼ਮਸ਼ੇਰ ਖਾਲਸਾ', 'ਖਾਲਸਾ ਧਰਮ', 'ਪਤਿਤ ਪਾਵਨ' ਆਦਿ ਪੁਸਤਕਾਂ 'ਚ ਚੰਗੇ ਲੇਖਾਂ ਦੀ ਰਚਨਾ ਕੀਤੀ। **ਬਿਹਾਰੀ ਲਾਲ ਪੁਰੀ** ਨੇ ਤਕਰੀਬਨ ਤੀਹ ਪੁਸਤਕਾਂ ਦੀ ਰਚਨਾ ਕੀਤੀ, ਜਿੰਨ੍ਹਾਂ ਵਿੱਚੋਂ 'ਵਿੱਦਿਆ ਰਤਨਾਕਰ' ਆਦਿ ਮਹੱਤਵਪੂਰਨ ਹੈ। **ਗਿਆਨੀ ਦਿੱਤ ਸਿੰਘ** ਰਚਿਤ 'ਗੁਰੂ ਨਾਨਕ ਪ੍ਰਬੋਧ', 'ਸ਼੍ਰੀ ਗੁਰੂ ਅਰਜਨ ਪ੍ਰਬੋਧ', 'ਦੁਰਗਾ ਪ੍ਰਬੋਧ', 'ਗੁਰਮਤਿ ਆਰਤੀ ਪ੍ਰਬੋਧ', 'ਨੀਤੀ ਪ੍ਰਕਾਸ਼' ਆਦਿ ਵਾਰਤਕਕਾਰਾਂ ਨੇ ਮੁੱਢਲੇ ਸਮੇਂ ਧਰਮ ਪ੍ਰਚਾਰ ਅਤੇ ਸਮਾਜਕ ਕੁਰੀਤੀਆਂ ਖਿਲਾਫ ਰਚਨਾਵਾਂ ਲਿਖੀਆਂ।

**ਭਾਈ ਵੀਰ ਸਿੰਘ** ਨੇ ਪੰਜਾਬੀ ਵਾਰਤਕ ਦੀ ਇਸ ਪਰੰਪਰਾ ਨੂੰ ਸਿੱਖ ਫਲਸਫ਼ੇ ਅਨੁਸਾਰ ਪੇਸ਼ ਕਰਕੇ ਇੱਕ ਨਵਾਂ ਮੋੜ ਦਿੱਤਾ। ਉਸ ਨੇ ਛੋਟੇ-ਛੋਟੇ ਟ੍ਰੈਕਟਾਂ ਵਿੱਚ ਗੁਰੂ ਵਿਅਕਤੀਆਂ ਦੇ ਜੀਵਨ ਬਿਰਤਾਂਤ ਪੇਸ਼ ਕਰਕੇ ਵਾਰਤਕ ਨੂੰ ਪ੍ਰਮਾਣਿਕ ਰੂਪ ਦਿੱਤਾ। 'ਗੁਰੂ ਨਾਨਕ ਚਮਤਕਾਰ', 'ਅਸ਼ਟਗੁਰੂ ਚਮਤਕਾਰ', 'ਕਲਗੀਧਰ ਚਮਤਕਾਰ' ਮਹੱਤਵਪੂਰਨ ਪੁਸਤਕਾਂ ਇਸ ਦਾ ਪ੍ਰਮਾਣ ਹਨ। ਇਸ ਦੇ ਨਾਲ ਹੀ ਉਹਨਾਂ ਨੇ ਟ੍ਰੈਕਟਾਂ, ਟੀਕਿਆਂ ਦੀ ਰਚਨਾ ਕੀਤੀ ਅਤੇ ਸਿੱਖਾਂ ਦੀ ਭਗਤਮਾਲਾ, ਪੁਰਾਤਨ ਜਨਮਸਾਖੀ ਆਦਿ ਦਾ ਸੰਪਾਦਨ ਕਾਰਜ ਵੀ ਕੀਤਾ।

**ਮੋਹਨ ਸਿੰਘ ਵੈਦ** ਦੀ ਵਾਰਤਕ ਧਾਰਮਿਕ ਰੰਗਤ ਵਿੱਚੋਂ ਨਿਕਲ ਕੇ ਸਦਾਚਾਰਕ ਖੇਤਰ 'ਚ ਪ੍ਰਵੇਸ਼ ਕਰਦੀ ਹੈ। ਉਸ ਨੇ 'ਕਰਮਯੋਗ', 'ਸਿਆਣੀ ਮਾਤਾ', 'ਪਛਤਾਵਾ', 'ਆਤਮ ਸੁਧਾਰ', 'ਕਮਾਈ ਦੀ ਬਰਕਤ', 'ਸੁਖੀ ਜੀਵਨ ਦੇ ਗੁਰ', 'ਅਨੇਕ ਗਿਆਨ ਦਰਪਣ', 'ਜੀਵਨ ਸੁਧਾਰ' ਆਦਿ ਪੁਸਤਕਾਂ ਦੀ ਰਚਨਾ ਕੀਤੀ।

BSEP

**ਭਾਈ ਕਾਨ੍ਹ ਸਿੰਘ ਨਾਭਾ** ਦੇ ਨਿਬੰਧਾਂ ਵਿੱਚ ਰਾਜਨੀਤਕ, ਸਮਾਜਕ, ਧਾਰਮਕ ਆਦਿ ਵਿਸ਼ਿਆਂ ਨਾਲ ਸੰਬੰਧਤ ਜਾਣਕਾਰੀ ਮਿਲਦੀ ਹੈ। 'ਹਮ ਹਿੰਦੂ ਨਹੀਂ', 'ਗੁਰਮਤਿ ਪ੍ਰਭਾਕਰ', 'ਗੁਰਮਤਿ ਸੁਧਾਰਕ' ਉਹਨਾਂ ਦੀਆਂ ਮਹੱਤਵਪੂਰਨ ਰਚਨਾਵਾਂ ਹਨ।

**ਪ੍ਰੋ. ਪੂਰਨ ਸਿੰਘ** ਪੰਜਾਬੀ ਦਾ ਪਹਿਲਾ ਪ੍ਰਮੁੱਖ ਨਿਬੰਧਕਾਰ ਤੇ ਸ਼ੈਲੀਕਾਰ ਸੀ। 'ਖੁੱਲ੍ਹੇ ਲੇਖ' ਉਸ ਦੀ ਚਰਚਿਤ ਨਿਬੰਧ ਪੁਸਤਕ ਹੈ। ਉਸ ਦੀ ਸ਼ੈਲੀ ਕਾਵਿਕ ਤੇ ਭਾਵਪੂਰਤ ਹੈ।

**ਪ੍ਰਿੰ. ਤੇਜਾ ਸਿੰਘ** ਨੂੰ ਪੰਜਾਬੀ ਦਾ ਪ੍ਰਮੁੱਖ ਸ਼ੈਲੀਕਾਰ ਹੋਣ ਦਾ ਮਾਣ ਹਾਸਲ ਹੈ। 'ਸਹਿਜ ਸੁਭਾ', 'ਨਵੀਆਂ ਸੋਚਾਂ', 'ਸਾਹਿਤ ਦਰਸ਼ਨ', 'ਘਰ ਦਾ ਪਿਆਰ ਤੇ ਹੋਰ ਲੇਖ', 'ਗੁਸਲਖਾਨਾ ਤੇ ਹੋਰ ਲੇਖ', ਤੇ 'ਪੰਜਾਬੀ ਕਿਵੇਂ ਲਿਖੀਏ' ਉਸ ਦੀਆਂ ਮਹੱਤਵਪੂਰਨ ਰਚਨਾਵਾਂ ਹਨ। ਉਸ ਨੇ ਪੰਜਾਬੀ ਵਾਰਤਕ ਨੂੰ ਸੰਵਾਰਨ, ਸ਼ਿੰਗਾਰਨ, ਪ੍ਰਵਾਨ ਚੜ੍ਹਾਉਣ ਵਿੱਚ ਉਚੇਚਾ ਯੋਗਦਾਨ ਪਾਇਆ। ਉਸ ਦੀ ਵਾਰਤਕ ਵਿਸ਼ੇ ਪੱਖੋਂ ਸਾਹਿਤਕ, ਸਮਾਜਕ, ਰਾਜਨੀਤਕ ਆਦਿ ਦੀ ਉਸਾਰੀ ਕਰਦੀ ਹੈ। ਸ਼ੈਲੀ ਸਰਲ ਤੇ ਸਹਿਜ-ਸੁਭਾਵਿਕ ਹੈ।

**ਪ੍ਰਿੰ.ਜੋਧ ਸਿੰਘ**(ਗੁਰਮਤਿ ਨਿਰਣਯ, ਸਿੱਖੀ ਕੀ ਹੈ, ਪ੍ਰਾਚੀਨ ਬੀੜਾਂ ਬਾਰੇ, ਕਰਤਾਰਪੁਰ ਵਾਲੀ ਬੀੜ ਦੇ ਦਰਸ਼ਨ, ਸੁਲਤਾਨਪੁਰ ਦਾ ਸੰਦੇਸ਼ ਆਦਿ) ਨੇ ਗੁਰਮਤਿ ਖੇਤਰ ਵਿੱਚ ਉੱਚ ਕੋਟੀ ਦੀ ਰਚਨਾ ਕਰਕੇ ਵਾਰਤਕ ਦੇ ਖੇਤਰ ਨੂੰ ਮੋਕਲਾ ਕੀਤਾ। ਗੁਰਬਾਣੀ ਦੇ ਸਿਧਾਂਤਾਂ ਨੂੰ ਤਾਰਕਿਕ ਦ੍ਰਿਸ਼ਟੀਕੋਣ ਤੋਂ ਪੇਸ਼ ਕਰਨਾ ਉਸ ਦੀ ਨਿਬੰਧਕਾਰੀ ਦਾ ਖਾਸ ਲੱਛਣ ਕਿਹਾ ਜਾ ਸਕਦਾ ਹੈ।

**ਲਾਲ ਸਿੰਘ ਕਮਲਾ ਅਕਾਲੀ**(ਸਰਬ ਲੋਹ ਦੀ ਵਹੁਟੀ, ਮੌਤ ਰਾਣੀ ਦਾ ਘੁੰਡ, ਜੀਵਨ ਨੀਤੀ, ਮਨ ਦੀ ਮੌਜ, ਕਮਾਲਾਂ ਦੇ ਕੋਟ, ਭਾਰਤ ਦੇ ਭਰਪੂਰ ਭੰਡਾਰੇ ਆਦਿ) ਪੰਜਾਬੀ ਦਾ ਇਕ ਹੋਰ ਮਹੱਤਵਪੂਰਨ ਵਾਰਤਕਕਾਰ ਹੈ। ਉਸ ਦੀਆਂ ਵਾਰਤਕ ਰਚਨਾਵਾਂ ਗਿਆਨਵਰਧਕ ਤੇ ਵਿਅੰਗ ਭਰਪੂਰ ਲਹਿਜੇ ਵਿੱਚ ਸਿਰਜੀਆਂ ਗਈਆਂ ਹਨ। ਲਿਖਣ ਢੰਗ ਰੌਚਕ ਤੇ ਪ੍ਰਭਾਵਸ਼ਾਲੀ ਹੈ।

**ਗੁਰਬਖ਼ਸ਼ ਸਿੰਘ ਪ੍ਰੀਤਲੜੀ** ਨੂੰ ਆਧੁਨਿਕ ਪੰਜਾਬੀ ਵਾਰਤਕ ਦਾ ਪ੍ਰਮੁੱਖ ਸੈਲੀਕਾਰ ਮੰਨਿਆ ਜਾਂਦਾ ਹੈ। ਉਸ ਨੇ ਨਿਬੰਧ ਰਚਨਾ ਵਿੱਚ ਤਬਦੀਲੀ ਲਿਆਉਂਦਿਆਂ ਵੱਡੇ ਪਾਠਕ ਵਰਗ ਨੂੰ ਆਪਣੇ ਨਾਲ ਜੋੜਨ ਵਿੱਚ ਸਫਲਤਾ ਹਾਸਲ ਕੀਤੀ। ਉਸ ਦੀ ਵਾਰਤਕ ਦਾ ਫਲਸਫ਼ਾ 'ਪਿਆਰ ਕਬਜ਼ਾ ਨਹੀਂ ਪਹਿਚਾਣ ਹੈ।' ਰਿਹਾ। ਉਸ ਦੀਆਂ ਸ੍ਰੇਸ਼ਠ ਸ਼ੈਲੀਗਤ ਜੁਗਤਾਂ ਵਿੱਚ ਰੂਪਕ ਸਿਰਜਨਾ, ਸਮਾਨ ਵਰਤੋਂ, ਸੁਹਜਮਈ ਸ਼ਬਦਾਵਲੀ, ਕਾਵਿਕ ਪ੍ਰਧਾਨਤਾ, ਭਾਸ਼ਾਈ ਵਿਭਿੰਨਤਾ ਆਦਿ ਸ਼ਾਮਲ ਕੀਤੀਆਂ ਜਾ ਸਕਦੀਆਂ ਹਨ। 'ਸਾਵੀ ਪੱਧਰੀ ਜ਼ਿੰਦਗੀ', 'ਨਵਾਂ ਸ਼ਿਵਾਲਾ', 'ਰੋਜ਼ਾਨਾ', 'ਜ਼ਿੰਦਗੀ ਦੀ ਸਾਇੰਸ', 'ਪ੍ਰਸ਼ਨ ਤੋਂ ਲੰਮੀ ਉਮਰ', 'ਜ਼ਿੰਦਗੀ ਦੀ ਰਾਸ', 'ਜ਼ਿੰਦਗੀ ਦੀ ਕਵਿਤਾ', 'ਖੁੱਲ੍ਹਾ ਦਰ', 'ਸੁਪਨੇ', 'ਮਨੋਹਰ ਸ਼ਖ਼ਸੀਅਤ' ਆਦਿ ਨਿਬੰਧ ਪੁਸਤਕਾਂ ਦੀ ਲੰਮੀ ਸੂਚੀ ਹੈ।

**ਪ੍ਰੋ. ਸਾਹਿਬ ਸਿੰਘ**(ਗੁਰਬਾਣੀ ਵਿਆਕਰਣ, ਧਰਮ ਤੇ ਸਦਾਚਾਰ, ਧਾਰਮਿਕ ਲੇਖ, ਕੁਝ ਹੋਰ ਧਾਰਮਿਕ ਲੇਖ, ਸਰਬੱਤ ਦਾ ਭਲਾ, ਸਿਦਕ ਨਾ ਹਾਰੇ ਆਦਿ) ਨੇ ਸਿੱਖ ਧਰਮ ਚਿੰਤਨ ਅਤੇ ਗੁਰਬਾਣੀ ਵਿਆਕਰਣ ਦੇ ਖੇਤਰ ਵਿੱਚ ਸ਼ਲਾਘਾਯੋਗ ਕਾਰਜ ਕੀਤਾ। ਉਹਨਾਂ ਨੂੰ ਗੁਰਬਾਣੀ ਦਾ ਪ੍ਰਮੁੱਖ ਵਿਆਖਿਆਕਾਰ ਮੰਨਿਆ ਜਾਂਦਾ ਹੈ।

**ਡਾ. ਬਲਬੀਰ ਸਿੰਘ** ਦੀਆਂ ਵਾਰਤਕ ਰਚਨਾਵਾਂ 'ਕਲਮ ਦੀ ਕਰਾਮਾਤ', 'ਲੰਮੀ ਨਦਰ', 'ਸ਼ੁੱਧ ਸਰੂਪ' ਆਦਿ ਵਿੱਚ ਬੌਧਿਕ ਵਿਸ਼ਾਲਤਾ ਦੇ ਨਾਲ ਨਾਲ ਰਸਿਕ ਪ੍ਰਭਾਵ ਵੀ ਦੇਖਣ ਨੂੰ ਮਿਲਦਾ ਹੈ।

**ਡਾ. ਮੋਹਨ ਸਿੰਘ ਦੀਵਾਨਾ** ਦੀਆਂ 'ਪੰਜਾਬੀ ਭਾਸ਼ਾ ਤੇ ਛੰਦਾ ਬੰਦੀ', 'ਆਧੁਨਿਕ ਪੰਜਾਬੀ ਕਵਿਤਾ', 'ਪੰਜਾਬੀ ਭਾਖਾ ਵਿਗਿਆਨ' ਅਤੇ ਗੁਰਮਤਿ ਗਿਆਨ ਆਦਿ ਨਿਬੰਧ ਰਚਨਾਵਾਂ ਵੀ ਵਰਨਣਯੋਗ ਹਨ। **ਪ੍ਰਿੰ. ਨਿਰੰਜਨ ਸਿੰਘ** (ਨਵਾਂ ਜੁੱਗ, ਨਵਾਂ ਸਮਾਜ) ਨੇ ਸਰਲ, ਸੂਖਮ ਪ੍ਰਗਟਾ ਵਾਲੀ ਨਿਬੰਧ ਰਚਨਾ ਕਰ ਕੇ ਵਾਰਤਕ ਖੇਤਰ 'ਚ ਯੋਗਦਾਨ ਪਾਇਆ। **ਬ੍ਰਿਜ ਲਾਲ ਸ਼ਾਸ਼ਤਰੀ** ਨੇ ਵੀ 'ਚਾਰੂ ਦੱਤ', 'ਹਿੰਦੋਸਤਾਨ ਦੀ ਕਹਾਣੀ', 'ਪ੍ਰੇਮ ਮੀਆਂ', 'ਪੰਜਾਬ ਦੇ ਜੰਗਲ', 'ਰਾਮ ਕਥਾ' ਆਦਿ ਵਾਰਤਕ ਪੁਸਤਕਾਂ ਲਿਖੀਆਂ।

**ਗਿਆਨੀ ਗੁਰਮੁੱਖ ਸਿੰਘ ਮੁਸਾਫਿਰ** ਦੇ ਨਿਬੰਧ ਸੰਗ੍ਰਹਿ 'ਅਕਾਲੀ ਪ੍ਰਕਾਸ਼', 'ਵੀਹਵੀਂ ਸਦੀ ਦੇ ਸ਼ਹੀਦ' ਆਦਿ ਵੀ ਚਰਚਿਤ ਰਹੇ। **ਹਰਿੰਦਰ ਸਿੰਘ ਰੂਪ** (ਸਿੱਖ ਤੇ ਸਿੱਖੀ, ਚੁੰਝਾਂ ਪਹੁੰਚੇ, ਰੂਪ ਰੰਗ, ਰੂਪ ਰੀਝਾਂ ਆਦਿ ਵਿਗਿਆਨਕ ਸ਼ੈਲੀ 'ਚ ਲਿਖੇ ਨਿਬੰਧ ਸੰਗ੍ਰਹਿ ਹਨ।

**ਕਪੂਰ ਸਿੰਘ** ਪੰਜਾਬ ਦਾ ਬੌਧਿਕ ਵਾਰਤਕਕਾਰ ਮੰਨਿਆ ਜਾਂਦਾ ਹੈ। ਉਸ ਨੇ 'ਬਹੁ-ਵਿਸਥਾਰ', 'ਸਪਤ ਸ੍ਰਿੰਗ', ਸਾਚੀ ਸਾਖੀ' ਆਦਿ 'ਚ ਅਨੇਕ ਪੱਖਾਂ ਨੂੰ ਆਧਾਰ ਬਣਾਇਆ ਹੈ। ਲੇਖਕ ਨੂੰ ਦਰਸ਼ਨ, ਗਿਆਨ-ਵਿਗਿਆਨ, ਕਲਾ ਦੀ ਪੂਰੀ ਸਮਝ ਹੈ।

**ਡਾ. ਜੀਤ ਸਿੰਘ ਸੀਤਲ** ਨੇ 'ਦਿਵਸ ਰੈਣ' ਨਾਮ ਦੀ ਵਾਰਤਕ ਪੁਸਤਕ ਵਿੱਚ ਭਾਵੁਕ ਰੰਗ ਦੀ ਸ਼ੈਲੀ ਸਿਰਜੀ ਹੈ। 'ਸ਼ਰੀਂਹ ਦੇ ਫੁੱਲ' ਨਾਮ ਦੀ ਵਾਰਤਕ ਪੁਸਤਕ ਦਾ ਸੰਪਾਦਨ ਵੀ ਕੀਤਾ ਹੈ।

**ਸੂਬਾ ਸਿੰਘ** (ਅਲੋਪ ਹੋ ਰਹੇ ਚੇਟਕ, ਗਲਤੀਆਂ, ਹਾਸੇ ਤੇ ਹਾਦਸੇ, ਵਿਅੰਗ ਤੇ ਤਰੰਗ) ਅਤੇ **ਗੁਰਨਾਮ ਸਿੰਘ ਤੀਰ** (ਹਸਦੀ ਦੁਨੀਆਂ, ਮਿੱਠੀਆਂ ਪੀੜਾਂ, ਅੱਧੀ ਰਾਤ ਦੀਆਂ ਹਾਕਾਂ, ਮੈਨੂੰ ਮੈਥੋਂ ਬਚਾਉ ਆਦਿ) ਹਾਸਰਸੀ ਨਿਬੰਧ ਲਿਖਣ ਵਿੱਚ ਵਿਸ਼ੇਸ਼ ਭੂਮਿਕਾ ਨਿਭਾਉਂਦੇ ਹਨ। ਇਸ ਸ਼੍ਰੇਣੀ ਵਿੱਚ ਪਿਆਰਾ ਸਿੰਘ ਦਾਤਾ ਦਾ ਨਾਂ ਵੀ ਵਰਨਣਯੋਗ ਹੈ। 'ਅਪ੍ਰੈਲ ਫੂਲ', 'ਨਵਾਂ ਰੇਡੀਓ', 'ਅਕਾਸ਼ਵਾਣੀ' ਆਦਿ ਉਸ ਦੀਆਂ ਹਾਸ ਵਿਅੰਗ ਭਰਪੂਰ ਰਚਨਾਵਾਂ ਹਨ।

**ਪਿਆਰਾ ਸਿੰਘ ਪਦਮ ਨੇ** 'ਹਿੰਦੁਸਤਾਨੀ ਕਵੀ', 'ਹਿੰਦੁਸਤਾਨੀ ਕਵਿਤਾ', 'ਸੋਲ੍ਹਾਂ ਕਲਾਂ' ਅਤੇ 'ਕਲਮ ਦੇ ਧਨੀ' ਪੁਸਤਕਾਂ ਵਿੱਚ ਮਲਵਈ ਉਪਭਾਸ਼ਾ ਰਾਹੀਂ ਨਿਬੰਧ ਰਚਨਾ ਕੀਤੀ।

**ਗਿਆਨੀ ਗੁਰਦਿੱਤ ਸਿੰਘ** ਨੇ 'ਮੇਰਾ ਪਿੰਡ' ਸ਼ਾਹਕਾਰ ਕਿਰਤ ਰਚ ਕੇ ਨਿਬੰਧ ਵਿਧਾ ਨੂੰ ਨਵਾਂ ਰੰਗ ਪ੍ਰਦਾਨ ਕੀਤਾ।

**ਸੋਹਿੰਦਰ ਸਿੰਘ ਵਣਜਾਰਾ ਬੇਦੀ** ਨੇ ਪੰਜਾਬੀ ਲੋਕਧਾਰਾ ਦੇ ਵਿਸ਼ਿਆਂ ਨੂੰ ਆਧਾਰ ਬਣਾ ਕੇ 'ਮੇਰਾ ਨਾਨਕਾ ਪਿੰਡ', 'ਮੇਰਾ ਦਾਦਕਾ ਪਿੰਡ', 'ਵਿਰਸੇ ਦੀ ਫੁਲਕਾਰੀ' ਆਦਿ ਪੁਸਤਕਾਂ ਰਚੀਆਂ।

ਇਸ ਤਰ੍ਹਾਂ ਹੀ ਕਈ ਗਲਪਕਾਰਾਂ, ਕਵੀਆਂ ਤੇ ਹੋਰ ਸਾਹਿਤਕਾਰਾਂ ਨੇ ਵੀ ਨਿਬੰਧ ਰਚਨਾ ਕੀਤੀ। ਜਿਵੇਂ **ਬਾਵਾ ਬਲਵੰਤ**(ਕਿਸ ਕਿਸ ਤਰ੍ਹਾਂ ਦੇ ਨਾਚ), **ਜਸਵੰਤ ਕੰਵਲ** (ਕੰਵਲ ਕਹਿੰਦਾ ਹੈ, ਜਿੱਤਨਾਮਾ, ਸਜੀਵ ਨੂੰ ਲਿਖੀ ਚਿੱਠੀ ਆਦਿ), **ਗੁਰਦਿਆਲ ਸਿੰਘ**(ਪੰਜਾਬ ਦੇ ਤਿਉਹਾਰ ਤੇ ਮੇਲੇ, ਲੇਖਕ ਦਾ ਅਨੁਭਵ ਤੇ ਸਿਰਜਣ ਪ੍ਰਕਿਰਿਆ,ਦਾਸ ਕਬੀਰ ਆਦਿ) ਆਦਿ ਕੁਝ ਵਿਸ਼ੇਸ਼ ਨਾ ਹਨ। **ਹਰਿਭਜਨ ਸਿੰਘ** (ਇੱਕ ਖ਼ਤ ਤੇਰੇ ਨਾਂ, ਮੱਥਾ ਦੀਵੇ ਵਾਲਾ) ਤੇ **ਸੰਤ ਸਿੰਘ ਸੇਖੋਂ** (ਭਾਈ ਵੀਰ ਸਿੰਘ ਤੇ ਉਹਨਾਂ ਦਾ ਯੁੱਗ, ਸਮੀਖਿਆ ਪ੍ਰਣਾਲੀਆਂ ਆਦਿ) ਵਰਗੇ ਆਲੋਚਕ ਵੀ ਰਚਨਾ ਕਰਦੇ ਨਜ਼ਰ ਆਉਂਦੇ ਹਨ।

ਸਮਕਾਲੀ ਪੰਜਾਬੀ ਵਾਰਤਕ ਵਿੱਚ ਅਨੇਕਾਂ ਵਾਰਤਕਕਾਰ ਲਿਖ ਰਹੇ ਹਨ। ਜਿੰਨ੍ਹਾਂ 'ਚ **ਨਰਿੰਦਰ**



BSER

**ਸਿੰਘ ਕਪੂਰ** ਪ੍ਰਮੁੱਖ ਸ਼ੈਲੀਕਾਰ ਹੈ। 'ਆਹਮੋ ਸਾਹਮਣੇ', 'ਅੰਤਰ ਝਾਤ', 'ਮੋਹ' ਅਤੇ 'ਤਰਕਵੇਦ', 'ਡੂੰਘੀਆ ਸਿਖਰਾਂ', 'ਵਿਆਖਿਆ ਵਿਸ਼ਲੇਸ਼ਣ', 'ਖਿੜਕੀਆਂ' ਆਦਿ ਪੁਸਤਕਾਂ ਵਿੱਚ ਉਸ ਨੇ ਸਾਧਾਰਨ ਵਿੱਥਿਆ ਸ਼ੈਲੀ ਵਿੱਚ ਠੁੱਕਦਾਰ ਭਾਸ਼ਾ ਵਿੱਚ ਚਰਚਾ ਕੀਤੀ ਹੈ। ਉਸ ਦੇ ਨਿਬੰਧਾਂ ਨੇ ਆਮ ਪਾਠਕਾਂ ਤੱਕ ਪਹੁੰਚ ਕਰਨ ਵਿੱਚ ਵੀ ਸਫਲਤਾ ਪ੍ਰਾਪਤ ਕੀਤੀ ਹੈ। **ਟੀ.ਆਰ.ਸ਼ਰਮਾ**, **ਕੁਲਦੀਪ ਸਿੰਘ ਧੀਰ**, **ਹਰਦੇਵ ਸਿੰਘ ਵਿਰਕ**, **ਸੁਰਜੀਤ ਢਿੱਲੋਂ** ਆਦਿ ਵਰਨਣਯੋਗ ਨਾਂ ਹਨ।

ਗਿਆਨ ਵਿਗਿਆਨਮਈ ਵਾਰਤਕ ਵਿੱਚ **ਜਸਵੰਤ ਸਿੰਘ ਨੇਕੀ** (ਅਵਚੇਤਨ ਦੀ ਲੀਲ੍ਹਾ), **ਡਾ. ਦਲਜੀਤ ਸਿੰਘ** (ਨਰੋਈ ਅੱਖ) ਆਦਿ ਦਾ ਨਾਂ ਸ਼ਾਮਲ ਕੀਤੇ ਜਾ ਸਕਦੇ ਹਨ। ਲਲਿਤ ਨਿਬੰਧਕਾਰੀ 'ਚ **ਕੁਲਬੀਰ ਸਿੰਘ ਕਾਂਗ** ਨੇ 'ਨਾਦ ਅਨਾਹਦ', 'ਨਦੀ ਕਿਨਾਰੇ', 'ਪਿਆਸਾ ਮਨੁੱਖ', 'ਹਰਿਮੰਦਰ ਉਦਾਸ ਹੈ', 'ਹਰਿਮੰਦਰ ਮੁਸਕਰਾਉਂਦਾ ਹੈ' ਆਦਿ ਵਿਸ਼ੇਸ਼ ਨਿਬੰਧ ਲਿਖੇ ਹਨ। ਕਾਂਗ ਦੇ ਲਲਿਤ ਨਿਬੰਧਾਂ ਦਾ ਵਿਸ਼ੇਗਤ ਘੇਰਾ ਕਾਫੀ ਵਿਵਿਧ ਹੈ। **ਤੇਜਵੀਰ ਕਸੇਲ** ਦੀ ਪੁਸਤਕ 'ਸੁਰ ਮੰਡਲ' ਵੀ ਨਿਬੰਧ ਖੇਤਰ ਵਿੱਚ ਖਾਸ ਦਰਜਾ ਰੱਖਦੀ ਹੈ।

ਸਮੁੱਚੇ ਰੂਪ 'ਚ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਨਿਬੰਧ ਰਚਨਾ ਕਾਫੀ ਪ੍ਰਫੁੱਲਿਤ ਹੋਈ ਹੈ। ਇਸ ਵਿਧਾ ਵਿੱਚ ਵਿਕਾਸ ਦੀਆਂ ਸੰਭਾਵਨਾਵਾਂ ਮੌਜੂਦ ਹਨ। ਅਖਬਾਰਾਂ, ਮੈਗਜ਼ੀਨਾਂ, ਰਸਾਲਿਆਂ ਆਦਿ ਵਿੱਚ ਛਪ ਰਹੇ ਨਿਬੰਧਾਂ ਨੇ ਅਜੇ ਪੁਸਤਕੀ ਰੂਪ ਧਾਰਨ ਕਰਨਾ ਹੈ। ਸੋ ਉਤਕ੍ਰਿਸ਼ਟ ਨਿਬੰਧ ਰਚਨਾ ਦੀ ਆਸ ਕਰਨੀ ਵਾਜ਼ਬ ਪ੍ਰਤੀਤ ਹੁੰਦੀ ਹੈ।

## ਅਭਿਆਸ-ਪ੍ਰਸ਼ਨ

1. ਪੰਜਾਬੀ ਦੇ ਮੁੱਢਲੇ ਨਿਬੰਧਕਾਰਾਂ ਨਾਲ ਜਾਣ-ਪਛਾਣ ਕਰਾਓ।
2. ਸਮਕਾਲੀ ਪੰਜਾਬੀ ਨਿਬੰਧਕਾਰਾਂ ਬਾਰੇ ਜਾਣਕਾਰੀ ਦਿਓ।
3. ਪੰਜਾਬੀ ਨਿਬੰਧ ਦੇ ਇਤਿਹਾਸ ਉਪਰ ਸੰਖੇਪ ਨੋਟ ਲਿਖੋ।

BSER

# 2. ਜੀਵਨੀ

ਜੀਵਨੀ ਸਾਹਿਤ ਦੀ ਵਿਵਿਧ ਭਾਂਤ ਦੀ ਵਾਰਤਕ ਰਚਨਾ ਹੈ, ਜਿਸ ਦਾ ਮੂਲ ਮਨੋਰਥ ਮਨੁੱਖ ਦੀ ਸਵੈ ਪ੍ਰਗਟਾਓ ਦੀ ਰੁਚੀ ਅਤੇ ਇਕ ਦੂਜੇ ਸੰਬੰਧੀ ਜਾਨਣ ਦੀ ਇੱਛਾ/ਲਾਲਸਾ ਨਾਲ ਸੰਬੰਧਿਤ ਹੈ। ਪਹਿਲਾਂ ਜੀਵਨੀ ਰਚਨਾ ਦਾ ਸੰਬੰਧ ਮਹਾਨ ਰਚਨਾ/ਖਾਸ ਨਾਇਕ ਨਾਲ ਸੰਬੰਧਤ ਹੁੰਦਾ ਸੀ। ਪਰ ਹੁਣ ਸਥਿਤੀ 'ਚ ਬਦਲਾਓ ਆ ਗਿਆ ਹੈ। ਲੋਕਤੰਤਰੀ ਦੇਸ਼ ਵਿਚ ਸਾਧਾਰਨ ਵਿਅਕਤੀ ਵੀ ਅਹਿਮ ਦਰਜਾ ਰੱਖਦਾ ਹੈ, ਸੋ ਉਸਦੀ ਜੀਵਨੀ ਵੀ ਕਿਸੇ ਲਈ ਰਾਹ ਦਸੇਰਾ ਹੋ ਸਕਦੀ ਹੈ।

ਪੰਜਾਬੀ ਵਿੱਚ ਜੀਵਨੀ ਰਚਨਾ ਦੇ ਬੀਜ ਮੱਧਕਾਲੀ ਵਾਰਤਕ ਵਿੱਚ ਰਚੀਆਂ ਗਈਆਂ ਰਚਨਾਵਾਂ ਜਨਮਸਾਖੀਆਂ, ਸਾਖੀਆਂ, ਪਰਚੀਆਂ, ਬਚਨ ਆਦਿ ਵਿੱਚੋਂ ਵੀ ਲੱਭੇ ਜਾ ਸਕਦੇ ਹਨ। ਆਧੁਨਿਕ ਪੰਜਾਬੀ ਸਾਹਿਤ ਵਿੱਚ ਅੱਜ 600 ਤੋਂ ਵੀ ਵੱਧ ਜੀਵਨੀਆਂ ਉਪਲਬਧ ਹਨ। ਏਨੀਆਂ ਜੀਵਨੀਆਂ ਦੇ ਵੇਰਵੇ ਦੇਣੇ ਏਥੇ ਸੰਭਵ ਨਹੀਂ। ਵਿਦਿਆਰਥੀਆਂ ਦੇ ਮਾਨਸਿਕ, ਬੌਧਿਕ ਪੱਧਰ ਨੂੰ ਧਿਆਨ 'ਚ ਰੱਖਦੇ ਹੋਏ ਵਿਸ਼ੇਸ਼ ਜੀਵਨੀਆਂ ਦਾ ਜ਼ਿਕਰ ਹੀ ਇਸ ਪਾਠ ਦੀ ਸੀਮਾ ਹੈ।

1850 ਤੋਂ 1900 ਈ. ਤਕ ਪੰਜਾਬੀ ਸਾਹਿਤ ਵਿੱਚ ਮੁੱਖ ਰੂਪ ਵਿੱਚ ਧਾਰਮਿਕ ਜੀਵਨੀਆਂ ਦੀ ਰਚਨਾ ਹੋਈ ਸੀ, ਜਿੰਨਾਂ ਦਾ ਕੇਂਦਰ ਸਿੱਖ ਗੁਰੂ ਸਾਹਿਬਾਨ, ਭਗਤ ਜਾਂ ਹੋਰ ਧਾਰਮਕ ਮਹਾਂਪੁਰਸ਼ ਸਨ। ਏਥੇ ਇਸ ਕਾਲ ਦੀਆਂ ਪ੍ਰਮੁੱਖ ਜੀਵਨੀ ਰਚਨਾਵਾਂ ਵਿੱਚ ਵਰਨਣ/ਵਿਵਰਨ ਪੇਸ਼ ਕੀਤਾ ਜਾ ਰਿਹਾ ਹੈ।

**ਗਿਆਨੀ ਦਿੱਤ** ਸਿੰਘ ਦੀਆਂ ਜੀਵਨੀ ਰਚਨਾਵਾਂ 'ਜਨਮ ਸਾਖੀ ਸ਼੍ਰੀ ਗੁਰੂ ਨਾਨਕ ਸਾਹਿਬ ਜੀ', 'ਜੀਵਨ ਕਥਾ ਸ਼੍ਰੀ ਗੁਰੂ ਹਰਿ ਰਾਇ ਜੀ', 'ਜੀਵਨ ਕਥਾ ਸ਼੍ਰੀ ਗੁਰੂ ਹਰਕ੍ਰਿਸ਼ਨ ਜੀ', 'ਭਾਈ ਤਾਰੂ ਸਿੰਘ ਦੀ ਸ਼ਹੀਦੀ', 'ਜੀਵਨ ਕਥਾ ਸ਼੍ਰੀ ਗੁਰੂ ਤੇਗ਼ ਬਹਾਦਰ ਜੀ' ਆਦਿ ਪ੍ਰਾਪਤ ਹਨ।

1900 ਈ. ਤੋਂ ਅਗਾਂਹ ਪੰਜਾਬੀ ਵਿੱਚ ਜੀਵਨੀ ਰਚਨਾ ਦਾ ਸਿਲਸਿਲਾ ਲਗਾਤਾਰ ਜਾਰੀ ਰਿਹਾ। ਇਸ ਦੌਰਾਨ ਆਰੰਭਲੇ ਦਹਾਕਿਆਂ ਵਿੱਚ ਜੀਵਨੀਆਂ ਰਚਨ ਦਾ ਮੁੱਖ ਰੁਝਾਨ ਧਾਰਮਕ ਜੀਵਨੀ ਰਚਨਾ ਵੱਲ ਹੀ ਸੀ। ਪਰ ਇਸ ਤੋਂ ਇਲਾਵਾ ਸਿੱਖ ਇਤਿਹਾਸ, ਰਾਜਨੀਤਕ ਜੀਵਨ ਅਤੇ ਸਮਾਜਕ ਆਗੂਆਂ ਸੰਬੰਧੀ ਜੀਵਨੀਆਂ ਰਚਣ ਦੀ ਪ੍ਰਵਿਰਤੀ ਵੀ ਆਰੰਭ ਹੋਈ।

**ਭਾਈ ਵੀਰ ਸਿੰਘ** ਰਚਿਤ ਜੀਵਨੀ ਰਚਨਾਵਾਂ ਹਨ- 'ਕਲਗੀਧਰ ਚਮਤਕਾਰ'(1925), 'ਗੁਰੂ ਨਾਨਕ ਚਮਤਕਾਰ'(1928), 'ਸੰਤ ਗਾਥਾ' (1938), 'ਅਸ਼ਟ ਗੁਰੂ ਚਮਤਕਾਰ'(1951), ਭਾਗ ਦੂਜਾ। ਇਹ ਪਹਿਲਾਂ ਟ੍ਰੈਕਟਾਂ ਦੇ ਰੂਪ ਵਿੱਚ ਵੀ ਛਪਦੀਆਂ ਰਹੀਆਂ ਸਨ।

**ਕੇਸਰ ਸਿੰਘ ਮੁਲਤਾਨੀ** ਰਚਿਤ 'ਜੀਵਨ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ'; **ਤੇਜਾ ਸਿੰਘ ਸੋਢੀ** ਰਚਿਤ 'ਜੀਵਨ ਗੁਰੂ ਅਮਰਦਾਸ ਜੀ', 'ਜੀਵਨ ਪ੍ਰਕਾਸ਼ ਸ਼੍ਰੀ ਗੁਰੂ ਨਾਨਕ ਦੇਵ'; **ਭਾਈ ਅਮਰ ਸਿੰਘ ਰਚਿਤ** 'ਜੀਵਨ ਦਸ ਗੁਰੂ ਸਾਹਿਬਾਨ' ਆਦਿ ਪ੍ਰਾਪਤ ਹਨ। **ਕਰਮ ਸਿੰਘ ਹਿਸਟੋਰੀਅਨ** ਨੇ 'ਬੰਦਾ ਬਹਾਦਰ', 'ਬਾਬਾ ਆਲਾ ਸਿੰਘ', 'ਜੀਵਨ ਬੀਬੀ ਹਰਨਾਮ ਕੌਰ' ਅਤੇ ਕੁਝ ਹੋਰ ਇਤਿਹਾਸਕ ਜੀਵਨੀਆਂ ਲਿਖੀਆਂ। **ਡਾ. ਗੰਡਾ ਸਿੰਘ** ਰਚਿਤ 'ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ'; **ਗਿਆਨੀ ਅਮਰ ਸਿੰਘ** ਰਚਿਤ 'ਸ਼ੇਰੇ ਪੰਜਾਬ', 'ਭਾਈ ਤਾਰੂ ਸਿੰਘ'; **ਜਗਜੀਤ ਸਿੰਘ ਔਲਖ** ਰਚਿਤ 'ਸੇਵਾ ਸਿੰਘ ਠੀਕਰੀਵਾਲਾ', 'ਗੁਰਦਾਸ ਨੰਗਲ ਦੇ ਸ਼ਹੀਦ; **ਗੁਰਮੁਖ ਸਿੰਘ ਮੁਸਾਫਿਰ** ਰਚਿਤ 'ਬਾਗੀ ਜਰਨੈਲ' ਆਦਿ ਵਰਨਣਯੋਗ ਜੀਵਨੀਮੂਲਕ ਰਚਨਾਵਾਂ ਹਨ। ਇਹਨਾਂ ਦਾ ਇਤਿਹਾਸ ਤੇ ਵਾਰਤਕ ਸ਼ੈਲੀ ਦੀ ਦ੍ਰਿਸ਼ਟੀ ਤੋਂ ਚੋਖਾ ਮਹੱਤਵ ਹੈ।

BSEP

ਪੰਜਾਬੀ ਲੇਖਕਾਂ ਨੇ ਦੇਸ਼ ਦੀਆਂ ਪ੍ਰਸਿੱਧੀ ਪ੍ਰਾਪਤ ਸ਼ਖ਼ਸੀਅਤਾਂ ਦੀਆਂ ਜੀਵਨੀਆਂ ਲਿਖਣ ਵੱਲ ਵੀ ਖਾਸਾ ਧਿਆਨ ਦਿੱਤਾ ਹੈ। ਇਸ ਵਰਗ ਦੀਆਂ ਪ੍ਰਤਿਨਿਧ ਰਚਨਾਵਾਂ ਹਨ– **ਦੁਰਲਭ ਸਿੰਘ ਰਚਿਤ** 'ਨਿਰਭੈ ਯੋਧਾ', 'ਸੁਭਾਸ਼ ਚੰਦਰ ਬੋਸ', 'ਮੌਲਾਨਾ ਅਬੁੱਲ ਕਲਾਮ ਆਜ਼ਾਦ'; **ਸੁਰਜੀਤ ਸਿੰਘ ਸੇਠੀ** ਰਚਿਤ 'ਇਤਿਹਾਸ ਨੇਤਾ ਜੀ'; **ਹਰਨਾਮ ਸਿੰਘ ਬੀ.ਏ.** ਰਚਿਤ 'ਜਵਾਹਰ ਲਾਲ ਨਹਿਰੂ'; **ਭਾਪਾ ਪ੍ਰੀਤਮ ਸਿੰਘ** ਰਚਿਤ 'ਸਾਡੇ ਪਰਧਾਨ' ਆਦਿ।

ਇੰਨਾਂ ਤੋਂ ਇਲਾਵਾ ਹੋਰ ਵੀ ਕਈ ਲੇਖਕ ਹਨ, ਜਿੰਨਾਂ ਨੇ ਸ਼ਰਧਾ ਭਾਵਨਾ ਅਤੇ ਧਾਰਮਿਕ ਬਿਰਤੀ ਅਧੀਨ ਸੰਤਾਂ, ਮਹਾਂਪੁਰਖਾਂ, ਗੁਰੂਆਂ ਅਤੇ ਭਗਤਾਂ ਦੀਆਂ ਜੀਵਨੀਆਂ ਲਿਖੀਆਂ ਹਨ। ਇੰਨਾਂ ਦਾ ਮਨੋਰਥ ਆਮ ਪਾਠਕਾਂ ਦੀ ਲੋੜ ਨੂੰ ਪੂਰਿਆਂ ਕਰਨਾ ਸੀ। **ਗਿਆਨੀ ਬੁੱਧ ਸਿੰਘ** ਰਚਿਤ 'ਗੁੱਝੇ ਹੀਰੇ', **ਦੌਲਤ ਰਾਇ** ਰਚਿਤ 'ਜਨਮਸਾਖੀ ਗੁਰੂ ਗੋਬਿੰਦ ਸਿੰਘ', **ਸੰਤ ਤੇਜਾ ਸਿੰਘ ਖਾਲਸਾ** ਰਚਿਤ 'ਜੀਵਨ ਕਥਾ ਸੰਤ ਅਤਰ ਸਿੰਘ ਜੀ', **ਮੋਹਨ ਸਿੰਘ ਵੈਦ** ਰਚਿਤ 'ਮਹਾਦਾਨੀ ਰਾਜਾ ਭੋਜ', 'ਤਾਂਤੀਆ ਭੀਲ'; **ਪਿਆਰਾ ਸਿੰਘ ਦਾਤਾ** ਰਚਿਤ 'ਪਰਵਾਨੇ', 'ਸ਼ਹੀਦ ਦੇਵੀ', '1942 ਦੇ ਬਾਗੀ ਇਨਕਲਾਬੀ', 'ਵਤਨ ਦੇ ਸ਼ਹੀਦ', 'ਮਹਾਰਾਜਾ ਦਲੀਪ ਸਿੰਘ', 'ਇਨਕਲਾਬੀ ਯੋਧਾ', 'ਨੇਤਾ ਜੀ ਸੁਭਾਸ਼ ਚੰਦਰ ਬੋਸ'; **ਪ੍ਰੇਮ ਸਿੰਘ ਅਜਬ** ਰਚਿਤ 'ਜੀਵਨ ਚਰਿਤ੍ਰ ਭਾਈ ਲਾਲੋ ਜੀ'; **ਕਿਰਪਾਲ ਸਿੰਘ ਦਰਦੀ** ਰਚਿਤ 'ਜੀਵਨ ਸੰਤ ਅਤਰ ਸਿੰਘ ਜੀ' ਅਜਿਹੀਆਂ ਪ੍ਰਮੁੱਖ ਰਚਨਾਵਾਂ ਹਨ।

ਪ੍ਰਸਿੱਧ ਵਿਅਕਤੀਆਂ ਦੀਆਂ ਜੀਵਨੀਆਂ ਵਿੱਚ **ਮੁਨਸ਼ਾ ਸਿੰਘ ਦੁਖੀ** ਰਚਿਤ 'ਜੀਵਨ ਭਾਈ ਮੋਹਨ ਸਿੰਘ ਵੈਦ', **ਸ਼ਮਸ਼ੇਰ ਸਿੰਘ ਅਸ਼ੋਕ** ਰਚਿਤ 'ਗੁਰੂ ਨਾਨਕ ਜੀਵਨੀ ਤੇ ਗੋਸ਼ਟਾਂ', 'ਸ਼ਹੀਦਾਂ ਦੇ ਸਿਰਤਾਜ ਸ਼੍ਰੀ ਗੁਰੂ ਅਰਜਨ ਦੇਵ ਜੀ' ਅਤੇ **ਡਾ. ਸ਼ੇਰ ਸਿੰਘ** ਰਚਿਤ 'ਅੰਮ੍ਰਿਤ ਜੀਵਨ' ਆਦਿ ਰਚਨਾਵਾਂ ਆਉਂਦੀਆਂ ਹਨ।

1947 ਈ. ਤੋਂ ਮਗਰੋਂ ਪੰਜਾਬੀ ਜੀਵਨੀ ਰਚਨਾ ਵਿੱਚ ਹੋਰ ਵਿਕਾਸ ਹੋਇਆ ਅਤੇ ਚਲੀ ਆ ਰਹੀ ਪਰੰਪਰਾ ਵਿੱਚ ਵਾਧਾ ਹੋਇਆ। ਇਸ ਸਮੇਂ ਦੀਆਂ ਪ੍ਰਮੁੱਖ ਰਚਨਾਵਾਂ ਵਿੱਚ **ਪ੍ਰੋ. ਹਰਦਿਆਲ ਸਿੰਘ** ਰਚਿਤ 'ਇਕ ਸੁਨਹਿਰੀ ਦਿਲ'(ਜੀਵਨੀ ਦੀਵਾਨ ਸਿੰਘ ਕਾਲੇਪਾਣੀ); **ਗੁਰਬਖ਼ਸ਼ ਸਿੰਘ ਪ੍ਰੀਤਲੜੀ** ਰਚਿਤ 'ਪਰਮ ਮਨੁੱਖ'; **ਗਿ. ਗੁਰਦਿੱਤ ਸਿੰਘ** ਰਚਿਤ 'ਅਮਰ ਨਾਮਾ', **ਡਾ. ਗੰਡਾ ਸਿੰਘ** ਰਚਿਤ 'ਬੰਦਾ ਸਿੰਘ ਬਹਾਦਰ' ਅਤੇ 'ਸ. ਜੱਸਾ ਸਿੰਘ ਆਹਲੂਵਾਲੀਆ'; **ਅਵਤਾਰ ਸਿੰਘ ਆਜ਼ਾਦ** ਰਚਿਤ 'ਸ਼ਹੀਦ ਭਗਤ ਸਿੰਘ', 'ਪੰਜਾਬੀ ਸਾਹਿਤ ਦੇ ਉਸਰੱਈਏ'; **ਪ੍ਰੋ. ਸਾਹਿਬ ਸਿੰਘ** ਰਚਿਤ 'ਜੀਵਨ ਬਿਰਤਾਂਤ ਗੁਰੂ ਹਰਿ ਰਾਇ ਜੀ ਤੇ ਗੁਰੂ ਹਰਿਕ੍ਰਿਸ਼ਨ ਜੀ', **ਜਸਵੰਤ ਸਿੰਘ ਜਸ** ਰਚਿਤ 'ਬਾਬਾ ਰਾਮ ਸਿੰਘ ਨਾਮਧਾਰੀ', 'ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ'; **ਕਰਮ ਸਿੰਘ ਜ਼ਖ਼ਮੀ** ਰਚਿਤ 'ਜੀਵਨ ਮਹੰਤ ਭਗਵਾਨ ਸਿੰਘ ਜੀ'; **ਕੁਲਦੀਪ ਸਿੰਘ** ਰਚਿਤ 'ਮਹਾਤਮਾ ਗਾਂਧੀ' ਆਦਿ ਵਰਨਣਯੋਗ ਹਨ।

1960 ਈ. ਤੋਂ ਹੁਣ ਤੱਕ ਜੀਵਨੀ ਰਚਨਾ ਵਿੱਚ ਬਹੁਤ ਵਿਕਾਸ ਹੋਇਆ ਹੈ। ਇਸੇ ਸਮੇਂ ਦੌਰਾਨ ਧਾਰਮਕ ਖੇਤਰ ਤੋਂ ਇਲਾਵਾ ਹੋਰਨਾਂ ਖੇਤਰਾਂ ਜਿਵੇਂ– ਸਮਾਜਿਕ, ਰਾਜਨੀਤਕ, ਸਾਹਿਤਕ ਆਦਿ ਨਾਲ ਸੰਬੰਧਤ ਵਿਅਕਤੀਆਂ ਬਾਰੇ ਲਿਖਤਾਂ ਹੋਂਦ ਵਿੱਚ ਆਈਆਂ। **ਕਿਰਪਾਲ ਸਿੰਘ ਦਰਦੀ** ਰਚਿਤ 'ਜੀਵਨ ਸੰਤ ਅਤਰ ਸਿੰਘ ਜੀ'; **ਗੁਰਦਿਆਲ ਸਿੰਘ ਫੁੱਲ** ਰਚਿਤ 'ਇੱਕ ਜੀਵਨ ਪ੍ਰਕਾਸ਼'(ਜੀਵਨੀ ਭਾਈ ਜੋਧ ਸਿੰਘ); **ਗੋਪਾਲ ਸਿੰਘ** ਰਚਿਤ 'ਪੰਜ ਰਤਨ'; **ਗਿਆਨੀ ਅਮਰ ਸਿੰਘ** ਰਚਿਤ 'ਅਣਖੀਲੇ ਬਹਾਦਰ', 'ਗੁਰੂ ਨਾਨਕ ਦੀ ਜੋਤ', 'ਇਤਿਹਾਸਕ ਜੀਵਨੀ ਭਾਈ ਮਨੀ ਸਿੰਘ ਸ਼ਹੀਦ', 'ਸੰਤ ਗੁਰਮੁਖ ਸਿੰਘ ਜੀ ਮਹਾਰਾਜ'; **ਦਲੀਪ ਸਿੰਘ** ਰਚਿਤ 'ਸ਼੍ਰੀ ਗੁਰੂ ਨਾਨਕ ਦੇਵ ਜੀ', **ਉਰਮਿਲਾ ਆਨੰਦ** ਰਚਿਤ 'ਧਰੇਕ ਪੁੰਗਰ ਪਈ';

**ਗਿਆਨੀ ਭਜਨ ਸਿੰਘ** ਰਚਿਤ 'ਸਾਡੇ ਸ਼ਹੀਦ ਸਾਡੇ ਜਰਨੈਲ'; **ਡਾ. ਕਾਲਾ ਸਿੰਘ ਬੇਦੀ** ਰਚਿਤ 'ਨਾਨਕ ਨਿਰੰਕਾਰੀ'; **ਨਰੈਣ ਸਿੰਘ ਐਮ.ਏ.** ਰਚਿਤ 'ਅਕਾਲੀ ਮੋਰਚੇ ਤੇ ਬੱਬਰ'; **ਪਿਆਰਾ ਸਿੰਘ ਪਦਮ** ਰਚਿਤ 'ਗੋਬਿੰਦ ਸਾਗਰ'; **ਕਿਰਪਾਲ ਸਿੰਘ ਕਸੇਲ** ਰਚਿਤ 'ਨਾਮਦੇਵ ਜੀਵਨ ਤੇ ਦਰਸ਼ਨ', 'ਪੂਰਨ ਸਿੰਘ ਅਤੇ ਰਾਜ ਹੰਸ'; **ਸੋਹਣ ਸਿੰਘ ਸੀਤਲ** ਰਚਿਤ 'ਮਨੁੱਖਤਾ ਦੇ ਗੁਰੂ ਨਾਨਕ ਦੇਵ ਜੀ', 'ਮਨੁੱਖਤਾ ਦੇ ਗੁਰੂ ਨਾਨਕ ਦੇਵ ਜੀ', 'ਮਨੁੱਖਤਾ ਦੇ ਗੁਰੂ ਅੰਗਦ ਦੇਵ ਜੀ ਤੋਂ ਗੁਰੂ ਤੇਗ਼ ਬਹਾਦਰ ਜੀ ਤੱਕ'; **ਪ੍ਰੋ. ਦੀਵਾਨ ਸਿੰਘ** ਰਚਿਤ 'ਦਸ ਗੁਰੂ ਜੀਵਨ ਤੇ ਸ਼ਖ਼ਸੀਅਤ'; **ਪਿਆਰਾ ਸਿੰਘ ਦਾਤਾ** ਰਚਿਤ 'ਮਹਾਂਬਲੀ ਬੰਦਾ ਸਿੰਘ ਬਹਾਦਰ', **ਪ੍ਰੋ. ਸਾਹਿਬ ਸਿੰਘ** ਰਚਿਤ 'ਜੀਵਨ ਬਿਰਤਾਂਤ ਸ਼੍ਰੀ ਗੁਰੂ ਨਾਨਕ ਦੇਵ ਜੀ', 'ਜੀਵਨ ਬਿਰਤਾਂਤ ਗੁਰੂ ਗੋਬਿੰਦ ਸਿੰਘ ਜੀ'; **ਗੁਰਬਖਸ਼ ਸਿੰਘ ਪ੍ਰੀਤਲੜੀ** ਰਚਿਤ 'ਸਰਬਪੱਖੀ ਨਾਇਕ'; **ਡਾ. ਮਹਿੰਦਰ ਕੌਰ ਗਿੱਲ** ਰਚਿਤ 'ਭਾਈ ਜੈਤਾ ਗੁਰੂ ਕਾ ਬੇਟਾ', **ਸੁਖਪਾਲਵੀਰ ਹਸਰਤ** ਰਚਿਤ 'ਸ਼ਹੀਦ ਮੇਜਰ ਸ਼ਿਵਦੇਵ ਸਿੰਘ', **ਵਰਿਆਮ ਸਿੰਘ ਸੰਧੂ** ਰਚਿਤ 'ਕੁਸ਼ਤੀ ਦਾ ਧਰੂ-ਤਾਰਾ', **ਨਾਜਰ ਸਿੰਘ** ਰਚਿਤ 'ਮਹਾਤਮਾ', **ਮੇਵਾ ਸਿੰਘ ਸਿੱਧੂ** ਰਚਿਤ 'ਗਿਆਨੀ ਹੀਰਾ ਸਿੰਘ ਦਰਦ :ਜੀਵਨ ਤੇ ਰਚਨਾ', 'ਗਿ. ਗੁਰਮੁਖ ਸਿੰਘ ਮੁਸਾਫਿਰ:ਜੀਵਨ ਤੇ ਰਚਨਾ'; **ਅਵਤਾਰ ਕੌਰ ਜਵੰਦਾ** ਰਚਿਤ 'ਮਹਾਨ ਸੁਤੰਤਰਤਾ ਸੰਗਰਾਮੀ'; **ਪ੍ਰੀਤਮ ਸੈਣੀ** ਰਚਿਤ 'ਸ਼ਹੀਦ ਮਦਨ ਲਾਲ ਢੀਂਗਰਾ', **ਪ੍ਰਿ. ਨਰਿੰਜਨ ਸਿੰਘ** ਰਚਿਤ 'ਜੀਵਨ ਯਾਤਰਾ ਮਾਸਟਰ ਤਾਰਾ ਸਿੰਘ', **ਜਸਵੰਤ ਸਿੰਘ** ਰਚਿਤ 'ਮਾਸਟਰ ਤਾਰਾ ਸਿੰਘ', **ਸਰਿੰਦਰ ਸਿੰਘ ਜੌਹਰ** ਰਚਿਤ 'ਗਿਆਨੀ ਜੈਲ ਸਿੰਘ', 'ਲਾਲਾ ਲਾਜਪਤ ਰਾਏ'; **ਅਮਰ ਕੋਮਲ** ਰਚਿਤ 'ਨੇਤਾ ਜੀ ਸੁਭਾਸ਼ ਚੰਦਰ ਬੋਸ', 'ਸ਼ਹੀਦ ਭਗਤ ਸਿੰਘ'; **ਅਮਰਜੀਤ ਬਟਾਲਵੀ** ਰਚਿਤ 'ਬੰਦਾ ਬਹਾਦਰ'(ਅਣਖ ਦੀ ਚਾਦਰ); **ਅਵਤਾਰ ਸਿੰਘ ਦੀਪਕ** ਰਚਿਤ 'ਏਕਤਾ ਦੇ ਮੋਢੀ', **ਆਤਮ ਹਮਰਾਹੀ** ਰਚਿਤ 'ਨਿਆਇ ਮਾਰਤੰਡ', **ਸੁਖਦੇਵ ਮਾਧੋਪੁਰੀ** ਰਚਿਤ 'ਮਹਾਨ ਸੁਤੰਤਰਤਾ ਸੰਗਰਾਮੀ ਰਾਮ ਸਿੰਘ'; **ਸੁਖਵਿੰਦਰ ਰਾਮਪੁਰੀ** ਰਚਿਤ 'ਮਿਹਰਬਾਨ ਹੱਥ'(ਜੀਵਨ ਤੇ ਯਾਦਾਂ); **ਕਮਲੇਸ਼ ਉੱਪਲ** ਰਚਿਤ 'ਥੀਏਟਰ ਦੇ ਥੰਮ੍ਹ', **ਕਰਤਾਰ ਸਿੰਘ ਭੱਟੀ** ਰਚਿਤ 'ਮਹਾਂਬੀਰ ਹਨੂੰਮਾਨ'; **ਕਰਤਾਰ ਸਿੰਘ ਸ਼ਮਸ਼ੇਰ** ਰਚਿਤ 'ਮਹਾਨ ਭਾਰਤੀ'; **ਜਸਵੰਤ ਸਿੰਘ ਕੰਵਲ** ਰਚਿਤ 'ਜੁਹੂ ਦਾ ਮੋਤੀ'(ਬਲਰਾਜ ਸਾਹਨੀ ਬਾਰੇ); **ਧਰਮਪਾਲ ਸਿੰਗਲ** ਰਚਿਤ 'ਜੀਵਨੀ ਸ਼੍ਰੀ ਗੁਰੂ ਰਾਮਦਾਸ ਜੀ', 'ਸੁਆਮੀ ਦਯਾਨੰਦ ਸਰਸਵਤੀ', 'ਸੁਆਮੀ ਰਾਮ ਤੀਰਥ'; **ਸ਼ਿਵ ਨਾਥ** ਰਚਿਤ 'ਭੁੱਲੇ ਵਿਸਰੇ ਲੋਕ', **ਸ਼ੇਰ ਸਿੰਘ ਸ਼ੇਰ** ਰਚਿਤ 'ਮੈਂ ਸੱਚ ਬੋਲਦਾ ਤੇ ਲਿਖਦਾ ਰਿਹਾ', **ਪ੍ਰੇਮ ਸਿੰਘ ਪ੍ਰੇਮ** ਰਚਿਤ 'ਕੁਰਬਾਨੀ ਦੇ ਪੁੰਜ', **ਬਿਕਰਮਜੀਤ ਨੂਰ** ਰਚਿਤ 'ਬ੍ਰਹਮ ਗਿਆਨੀ'; **ਬ੍ਰਿਜ ਲਾਲ ਸ਼ਾਸ਼ਤਰੀ** ਰਚਿਤ 'ਰਾਮ ਕਥਾ', **ਗੁਰਮੁਖ ਸਿੰਘ ਮੁਸਾਫਿਰ** ਰਚਿਤ 'ਨੇੜਿਓ ਤੱਕਿਆ ਜਵਾਹਰ ਲਾਲ' ਤੇ 'ਨੇੜਿਓਂ ਤਕਿਆ ਗਾਂਧੀ'; **ਗਿ. ਗੁਰਦਿੱਤ ਸਿੰਘ** ਰਚਿਤ 'ਅਮਰ ਗਾਥਾ', **ਜਸਵੰਤ ਸਿੰਘ ਵਿਰਦੀ** ਰਚਿਤ 'ਮਾਲਵੇ ਦਾ ਅਨਮੋਲ ਹੀਰਾ(ਜੀਵਨੀ ਸੰਤ ਈਸ਼ਰ ਸਿੰਘ ਰਾੜਾ ਸਾਹਿਬ)'; **ਨਿੰਦਰ ਘੁਗਿਆਣਵੀ** ਰਚਿਤ 'ਜੀਵਨੀ ਤੇ ਕਲਾ-ਯਮਲਾ ਜੱਟ', 'ਕੁੱਲੀ ਵਾਲਾ ਫ਼ਕੀਰ(ਜੀਵਨੀ ਪੂਰਨ ਸ਼ਾਹ ਕੋਟੀ', 'ਲੋਕ ਗੀਤ ਵਰਗਾ ਹੰਸ(ਹੰਸ ਰਾਜ ਹੰਸ ਬਾਰੇ)' ਅਤੇ 'ਸ. ਜਗਦੇਵ ਸਿੰਘ ਜਸੋਵਾਲ ਜੀਵਨ ਤੇ ਸ਼ਖ਼ਸੀਅਤ' ਆਦਿ ਇਸ ਦੌਰ ਦੀਆਂ ਹੋਰ ਰਚਨਾਵਾਂ ਹਨ।

ਜੀਵਨੀ ਲੇਖਕਾਂ ਵਿੱਚ **ਗੁਰਬਖਸ਼ ਸਿੰਘ ਪ੍ਰੀਤਲੜੀ** ਰਚਿਤ 'ਪਰਮ ਮਨੁੱਖ', 'ਸਰਬਪੱਖੀ ਨਾਇਕ'; **ਕਪੂਰ ਸਿੰਘ** ਰਚਿਤ 'ਸਪਤ ਸ੍ਰਿੰਗ' ਅਤੇ 'ਸਾਚੀ ਸਾਖੀ'(ਜੀਵਨ ਬਿਰਤਾਂਤੀ ਵਾਰਤਕ); **ਸੁਜਾਨ ਸਿੰਘ** ਰਚਿਤ 'ਧਰਤੀ ਦੇ ਲਾਲ'; **ਐੱਸ.ਐੱਸ. ਅਮੋਲ** ਰਚਿਤ 'ਨਵੀਨ ਅਮੋਲ ਜੀਵਨ', 'ਭਾਰਤ ਦੇ ਮਹਾਂਕਵੀ', 'ਤਿੰਨ ਮਹਾਂਪੁਰਸ਼'; **ਗੁਰਮੁੱਖ ਸਿੰਘ ਮੁਸਾਫਿਰ** ਰਚਿਤ 'ਵੀਹਵੀਂ ਸਦੀ ਦੇ ਸ਼ਹੀਦ'; **ਬਲਵੰਤ ਗਾਰਗੀ** ਰਚਿਤ 'ਪੰਜਾਬ ਦੇ ਮਹਾਨ ਕਲਾਕਾਰ'; **ਕੁਲਵੰਤ ਕੌਰ** ਰਚਿਤ 'ਲਾਲ ਅਮੁੱਲੇ'; **ਕੰਵਲਜੀਤ ਗਰੋਵਰ** ਰਚਿਤ 'ਪੰਜਾਬ ਦੀਆਂ ਪ੍ਰਮੁੱਖ ਹਸਤੀਆਂ'; **ਡਾ. ਗੁਰਬਖਸ਼ ਸਿੰਘ ਭੰਡਾਲ** ਤੇ **ਡਾ. ਕੁਲਵੰਤ ਸਿੰਘ ਥਿੰਦ** ਰਚਿਤ 'ਵਿਗਿਆਨ ਦੇ ਪਾਂਧੀ'; **ਜਗਜੀਤ ਸਿੰਘ ਆਨੰਦ** ਰਚਿਤ 'ਸਮੇਂ ਦੇ ਸੂਰਮੇ' ਆਦਿ ਵਰਨਣਯੋਗ ਖ਼

ਰਚਨਾਵਾਂ ਹਨ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ 'ਮੋਨੋਗ੍ਰਾਫ ਲੜੀ' ਅਧੀਨ ਕਈ ਲੇਖਕਾਂ ਤੇ ਵਿਦਵਾਨਾਂ ਦੇ ਜੀਵਨ ਅਤੇ ਰਚਨਾ ਬਾਰੇ ਮੋਨੋਗ੍ਰਾਫ ਲਿਖਵਾਏ ਗਏ। ਇੰਨ੍ਹਾਂ ਵਿੱਚ ਸੰਖੇਪ ਜੀਵਨ, ਸਾਹਿਤ ਸੇਵਾ ਅਤੇ ਸਮੁੱਚੇ ਯੋਗਦਾਨ ਬਾਰੇ ਸਾਹਿਤਕ ਦ੍ਰਿਸ਼ਟੀਕੋਣ ਤੋਂ ਮੁੱਲਵਾਨ ਸਮੱਗਰੀ ਦਿੱਤੀ ਗਈ ਹੈ। ਅਜਿਹੇ 100 ਤੋਂ ਵੱਧ ਮੋਨੋਗ੍ਰਾਫ ਪ੍ਰਕਾਸ਼ਿਤ ਹੋ ਚੁੱਕੇ ਹਨ। ਮਿਸਾਲ ਵਜੋਂ ਸ਼ਿਵ ਕੁਮਾਰ ਬਟਾਲਵੀ:ਜੀਵਨ ਤੇ ਰਚਨਾ-ਜੀਤ ਸਿੰਘ ਸੀਤਲ; ਸ਼ੇਖ ਫਰੀਦ ਜੀਵਨ ਤੇ ਰਚਨਾ-ਤਖਤ ਸਿੰਘ ਅਤੇ ਬਲਬੀਰ ਕੌਰ; ਗੁਰੂ ਤੇਗ਼ ਬਹਾਦਰ:ਜੀਵਨ ਤੇ ਰਚਨਾ-ਫੌਜਾ ਸਿੰਘ ਅਤੇ ਤਾਰਨ ਸਿੰਘ; ਭਗਤ ਰਵਿਦਾਸ:ਜੀਵਨ ਤੇ ਰਚਨਾ-ਭਾਈ ਜੋਧ ਸਿੰਘ; ਭਾਈ ਮਨੀ ਸਿੰਘ ਜੀਵਨ ਤੇ ਰਚਨਾ-ਰਤਨ ਸਿੰਘ ਜੱਗੀ; ਭਾਈ ਵੀਰ ਸਿੰਘ:ਜੀਵਨ ਤੇ ਰਚਨਾ-ਡਾ. ਸਤਿੰਦਰ ਸਿੰਘ; ਸ.ਕਪੂਰ ਸਿੰਘ:ਜੀਵਨ ਤੇ ਰਚਨਾ-ਡਾ. ਕੁਲਵੰਤ ਸਿੰਘ; ਗੁਰੂ ਹਰਗੋਬਿੰਦ ਸਾਹਿਬ:ਜੀਵਨ ਤੇ ਪ੍ਰਤਿਭਾ-ਡਾ. ਕੁਲਦੀਪ ਸਿੰਘ ਧੀਰ; ਸੂਬਾ ਸਿੰਘ:ਜੀਵਨ ਤੇ ਰਚਨਾ-ਭਗਵੰਤ ਸਿੰਘ ਆਦਿ ਪ੍ਰਮੁੱਖ ਹਨ।

ਉਪਰੋਕਤ ਜੀਵਨੀਆਂ ਤੋਂ ਇਲਾਵਾ ਪੰਜਾਬੀ ਵਿੱਚ ਅਨੁਵਾਦਿਤ ਜੀਵਨੀਆਂ ਵੀ ਵੱਡੀ ਗਿਣਤੀ ਵਿੱਚ ਮਿਲਦੀਆਂ ਹਨ। 'ਇਬਰਾਹਿਮ ਲਿੰਕਨ' ਅਨੁ. ਅਮਰ ਸਿੰਘ, 'ਇੰਦਰਾ ਗਾਂਧੀ-ਮੁੜ ਸੂਹੇ ਗੁਲਾਬ ਦੀ ਮਹਿਕ' ਅਨੁ. ਅਜੀਤ ਕੌਰ ਆਦਿ ਵਿਸ਼ੇਸ਼ ਨਾਂ ਹਨ।

ਉਪਰੋਕਤ ਵਿਸਤ੍ਰਿਤ ਅਤੇ ਬਹੁਪੱਖੀ ਜੀਵਨੀਆਂ ਤੋਂ ਸਪਸ਼ਟ ਹੈ ਕਿ ਵੀਹਵੀਂ ਸਦੀ ਦੌਰਾਨ ਪੰਜਾਬੀ ਵਿੱਚ ਵਿਵਿਧ ਪ੍ਰਕਾਰ ਦੀਆਂ ਜੀਵਨੀਆਂ ਲਿਖੀਆਂ ਗਈਆਂ ਹਨ।

## ਅਭਿਆਸ-ਪ੍ਰਸ਼ਨ

1. ਪੰਜਾਬੀ ਦੇ ਮੁੱਢਲੇ ਦੌਰ ਦੀਆਂ ਜੀਵਨੀਆਂ ਨਾਲ ਜਾਣ-ਪਛਾਣ ਕਰਾਓ।
2. ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ 'ਮੋਨੋਗ੍ਰਾਫ ਲੜੀ' ਅਧੀਨ ਕਿਹੜੇ ਲੇਖਕਾਂ ਤੇ ਵਿਦਵਾਨਾਂ ਦੇ ਜੀਵਨ ਅਤੇ ਰਚਨਾ ਬਾਰੇ ਮੋਨੋਗ੍ਰਾਫ ਲਿਖਵਾਏ ਗਏ ?
3. ਪੰਜਾਬੀ ਜੀਵਨੀ ਦੇ ਇਤਿਹਾਸ ਉਪਰ ਸੰਖੇਪ ਨੋਟ ਲਿਖੋ।

BSER

# 3. ਸਵੈ-ਜੀਵਨੀ

ਸਵੈ-ਜੀਵਨੀ ਵਾਰਤਕ ਦੀ ਅਜਿਹੀ ਵਿਧਾ ਹੈ, ਜਿਸ ਦਾ ਸੰਬੰਧ ਸਵੈ ਬਿਰਤਾਂਤ/ਆਤਮ ਵਰਨਣ ਨਾਲ ਹੈ। ਇਹ ਅਜਿਹੀ ਵਿਧਾ ਹੈ, ਜਿਸ ਵਿੱਚ ਲੇਖਕ ਆਪਣੇ ਜੀਵਨ-ਵਿਅਕਤਿੱਤਵ ਦੀਆਂ ਕੁਝ ਖਾਸ ਘਟਨਾਵਾਂ ਦਾ ਵਰਨਣ ਕਰਦਾ ਹੋਇਆ ਇੰਨ੍ਹਾਂ ਦੀ ਪੁਨਰ ਸਿਰਜਣਾ ਕਰਦਾ ਹੈ। ਇਸ ਦਾ ਮੰਤਵ ਪਾਠਕਾਂ ਨੂੰ ਸੰਬੋਧਨ ਕਰਨਾ ਹੁੰਦਾ ਹੈ ਤਾਂ ਜੋ ਉਸਦੇ ਜੀਵਨ ਅਨੁਭਵ ਤੋਂ ਸੇਧ/ਅਗਵਾਈ ਲਈ ਜਾ ਸਕੇ। **ਅੰਮ੍ਰਿਤਾ ਪ੍ਰੀਤਮ** ਨੇ ਇਸ ਵਿਧਾ ਨੂੰ 'ਯਥਾਰਥ ਤੋਂ ਯਥਾਰਥ ਤੱਕ ਦਾ ਅਮਲ' ਕਿਹਾ ਹੈ, ਕਿਉਂਕਿ ਇਸ ਵਿੱਚ ਸਵੈ ਜੀਵਨੀਕਾਰ ਜੀਵਨ ਵਿਚਲੀਆਂ ਘਟਨਾਵਾਂ, ਉਪਲਬਧੀਆਂ, ਕਮਜ਼ੋਰੀਆਂ ਆਦਿ ਹਰੇਕ ਪਹਿਲੂਆਂ ਨੂੰ ਦ੍ਰਿਸ਼ਟੀਗੋਚਰ ਕਰਨ ਦਾ ਉੱਦਮ ਕਰਦਾ ਹੈ।

ਪੰਜਾਬੀ ਵਿੱਚ ਸਵੈ-ਜੀਵਨੀ ਰਚਨਾ ਦੀ ਵਿਸ਼ਾਲ ਪਰੰਪਰਾ ਰਹੀ ਹੈ। ਆਧੁਨਿਕ ਪੰਜਾਬੀ ਵਾਰਤਕ ਵਿੱਚ ਨਾਵਲਕਾਰ **ਨਾਨਕ ਸਿੰਘ** ਦੀ ਸਵੈ-ਜੀਵਨੀ 'ਮੇਰੀ ਦੁਨੀਆ' ਦਾ ਪਹਿਲਾ ਪ੍ਰਕਾਸ਼ਨ 1949 ਵਿੱਚ ਹੋਇਆ, ਜਿਸ ਨੂੰ ਆਧੁਨਿਕ ਪੰਜਾਬੀ ਵਾਰਤਕ ਦੀ ਪਹਿਲੀ ਸਵੈ-ਜੀਵਨੀ ਦਾ ਮਾਣ ਹਾਸਿਲ ਹੈ। ਇਸ ਵਿੱਚ ਨਾਵਲਕਾਰ ਦੇ ਜੀਵਨ ਦੇ ਕਈ ਪੱਖ ਸਾਹਮਣੇ ਆਏ ਹਨ। ਲੇਖਕ ਦੇ ਨਿੱਜੀ ਅਨੁਭਵ ਦੇ ਨਾਲ-ਨਾਲ 1947 ਦੀ ਵੰਡ ਦੇ ਦਰਦਨਾਕ ਹਾਲਾਤਾਂ ਨੂੰ ਵੀ ਪੇਸ਼ ਕੀਤਾ ਹੈ।

ਪੰਜਾਬੀ ਸਵੈ-ਜੀਵਨੀ ਸਾਹਿਤ ਵਿੱਚ **ਪ੍ਰਿੰਸੀਪਲ ਤੇਜਾ ਸਿੰਘ** ਦੀ ਸਵੈ-ਜੀਵਨੀ 'ਆਰਸੀ' ਸਫਲ ਸਵੈ-ਜੀਵਨੀ ਹੈ, ਜਿਸ ਦਾ ਪ੍ਰਕਾਸ਼ਨ ਵਰ੍ਹਾ 1958 ਹੈ। ਇਸ ਵਿੱਚ ਸ਼ਾਮਲ 14 ਕਾਂਡਾਂ ਵਿੱਚ ਸਵੈ-ਜੀਵਨੀਕਾਰ ਨੇ ਇਤਿਹਾਸਕ੍ਰਮ ਅਨੁਸਾਰ ਜੀਵਨ-ਬਿਰਤਾਂਤ ਪੇਸ਼ ਕੀਤਾ ਹੈ। ਲੇਖਕ ਨੇ ਸਮੇਂ ਦੇ ਆਰਥਿਕ, ਰਾਜਨੀਤਕ, ਸਮਾਜਕ, ਸਭਿਆਚਾਰਕ ਹਾਲਾਤਾਂ ਆਦਿ ਦਾ ਵੀ ਵਰਨਣ ਕੀਤਾ ਹੈ। ਸਾਹਿਤਕ ਪੱਖ ਤੋਂ ਇਸ ਨੂੰ ਉੱਤਮ ਦਰਜ਼ੇ ਦਾ ਮਾਣ ਹਾਸਿਲ ਹੈ।

**ਗੁਰਬਖ਼ਸ਼ ਸਿੰਘ ਪ੍ਰੀਤਲੜੀ** ਨੇ ਆਪਣੀ ਸਵੈ-ਜੀਵਨੀ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਹੈ- 'ਮੇਰੀ ਜੀਵਨ ਕਹਾਣੀ'(1959), 'ਮੰਜ਼ਿਲ ਦਿਸ ਪਈ'(1964), ਅਤੇ 'ਮੇਰੀ ਜੀਵਨ ਕਹਾਣੀ'(1978)। ਇਹਨਾਂ ਸਵੈ-ਜੀਵਨੀਆਂ 'ਚ ਲੇਖਕ ਨੇ ਜੀਵਨ ਨੂੰ ਇਤਿਹਾਸਕ ਕ੍ਰਮ ਅਨੁਸਾਰ ਪੇਸ਼ ਕੀਤਾ ਹੈ। ਲੇਖਕ ਦੀਆਂ ਜੀਵਨੀਆਂ ਵਿੱਚੋਂ ਉਸ ਦਾ ਪਿਆਰ ਫ਼ਲਸਫ਼ਾ, ਪੂਰਬ-ਪੱਛਮ ਦੀਆਂ ਯਾਤਰਾਵਾਂ ਦੇ ਬਿਰਤਾਂਤ, ਨਵੇਂ ਲੋਕਾਂ ਨਾਲ ਸੰਚਾਰ ਸਥਾਪਿਤ ਕਰਨ ਦੇ ਪ੍ਰਸੰਗ ਆਦਿ ਸਹਿਜੇ ਹੀ ਦੇਖੇ ਜਾ ਸਕਦੇ ਹਨ। ਉਸਦੀ ਕਾਵਿਮਈ ਸ਼ੈਲੀ ਪ੍ਰਪੱਕ ਗੱਦਕਾਰ ਹੋਣ ਦਾ ਮਾਣ ਬਖ਼ਸ਼ਦੀ ਹੈ।

**ਨਰੈਣ ਸਿੰਘ** ਦੀ ਸਵੈ-ਜੀਵਨੀ 'ਕੁਝ ਹੱਡ ਬੀਤੀ, ਕੁਝ ਜੱਗਬੀਤੀ' 1966 ਵਿੱਚ ਪ੍ਰਕਾਸ਼ਿਤ ਹੁੰਦੀ ਹੈ। ਇਸ ਵਿੱਚ ਲੇਖਕ ਨੇ ਆਪਣੇ ਤੋਂ ਬਿਨਾਂ ਆਪਣੇ ਭਰਾ ਦੇ ਜੀਵਨ ਨੂੰ ਵੀ ਪੇਸ਼ ਕੀਤਾ ਹੈ। ਸਰਲ ਤੇ ਸਪੱਸ਼ਟ ਸ਼ੈਲੀ ਵਿੱਚ ਲਿਖੀ ਇਸ ਸਵੈ ਜੀਵਨੀ ਵਿੱਚੋਂ ਲੇਖਕ ਦੇ ਆਚਰਨ, ਦਲੇਰੀ ਤੇ ਸਮਕਾਲੀ ਘਟਨਾਵਾਂ ਦਾ ਜ਼ਿਕਰ ਵੀ ਮਿਲਦਾ ਹੈ। ਪ੍ਰਸਿੱਧ ਗਦਰੀ **ਬਾਬਾ ਸੋਹਨ ਸਿੰਘ** ਭਕਨਾ ਦੀ ਸਵੈ-ਜੀਵਨੀ 'ਜੀਵਨ ਸੰਗਰਾਮ' 1967 ਵਿੱਚ ਪ੍ਰਕਾਸ਼ਿਤ ਹੁੰਦੀ ਹੈ । ਇਸ ਵਿੱਚ ਬਾਬਾ ਭਕਨਾ ਨੇ ਆਪਣੇ ਜੀਵਨ ਕਾਲ ਨੂੰ 25 ਕਾਂਡਾਂ ਵਿੱਚ ਕਲਮਬੱਧ ਕੀਤਾ ਹੈ। ਇਹ ਰਚਨਾ 70 ਸਾਲਾਂ ਦੇ ਇਨਕਲਾਬੀ ਪੜਾਅ ਦੀ ਪੇਸ਼ਕਾਰੀ ਕਰਦੀ ਹੈ। ਲੇਖਕ ਨੇ ਮਿਹਨਤਕਸ਼ ਜਮਾਤ ਦੀ ਭਾਰਤੀ-ਅਮਰੀਕੀ ਜੀਵਨ ਸ਼ੈਲੀ 'ਚ ਹੁੰਦੀ ਦੁਰਦਸ਼ਾ ਨੂੰ ਵੀ ਉਲੀਕਿਆ ਹੈ। ਆਜਾਦੀ ਵੰਡ ਦਾ ਬਿਰਤਾਂਤ ਵੀ ਸਿਰਜਿਆ ਗਿਆ ਹੈ। ਲਿਖਤ ਢੰਗ ਸਰਲ, ਸਾਦਾ ਤੇ ਸਪੱਸ਼ਟ ਹੈ। 'ਮੇਰਾ ਆਪਣਾ ਆਪ' ਪ੍ਰਸਿੱਧ ਕ੍ਰਾਂਤੀਕਾਰੀ-ਦੇਸ਼ ਭਗਤ ਅਰਜਨ ਸਿੰਘ

ਗੜ੍ਹਗੱਜ ਦੀ ਰਚਨਾ ਹੈ। ਇਹ ਸਵੈ-ਜੀਵਨੀ ਉਸ ਦੀ ਮੌਤ ਉਪਰੰਤ 1969 'ਚ ਪ੍ਰਕਾਸ਼ਿਤ ਹੋਈ। ਸਵੈ-ਜੀਵਨੀ ਵਿੱਚ ਇਨਕਲਾਬੀ ਘਟਨਾਵਾਂ ਅਤੇ ਪੰਜਾਬ ਦੇ ਇਤਿਹਾਸਕ ਪ੍ਰਸੰਗ ਸ਼ਾਮਲ ਹਨ। ਬੋਲੀ ਬੜੀ ਸਰਲ ਹੈ। **ਪ੍ਰਿੰ. ਨਿਰੰਜਨ ਸਿੰਘ** ਦੀ ਸਵੈ-ਜੀਵਨੀ 'ਜੀਵਨ ਵਿਕਾਸ' 1970 ਈ. ਵਿੱਚ ਪ੍ਰਕਾਸ਼ਿਤ ਹੋਈ। ਇਸ ਵਿੱਚ ਲੇਖਕ ਨੇ ਵਿੱਦਿਆ ਖੇਤਰ ਵਿੱਚ ਵਿਗਿਆਨ ਦੀ ਭੂਮਿਕਾ ਨੂੰ ਦ੍ਰਿਸ਼ਟੀਗੋਚਰ ਕੀਤਾ ਹੈ। ਸੁਹਿਰਦ ਅਧਿਆਪਕ ਵਾਲੇ ਜੀਵਨ ਦਾ ਅਧਿਕ ਵਰਨਣ ਹੋਇਆ ਹੈ।

**ਬਲਰਾਜ ਸਾਹਨੀ** ਦੀ ਸਵੈ-ਜੀਵਨੀ 'ਮੇਰੀ ਫਿਲਮੀ ਆਤਮ ਕਥਾ' ਸੰਨ 1974 'ਚ ਪ੍ਰਕਾਸ਼ਿਤ ਹੁੰਦੀ ਹੈ। ਇਸ ਦੇ ਪਹਿਲੇ ਭਾਗ ਵਿੱਚ ਬ੍ਰਿਟਿਸ਼ ਸਾਮਰਾਜ ਤੇ ਦੂਜੇ ਭਾਗ ਵਿੱਚ ਆਜ਼ਾਦੀ ਸਮੇਂ ਨੂੰ ਪੇਸ਼ ਕੀਤਾ ਗਿਆ ਹੈ। ਸਵੈ-ਜੀਵਨੀਕਾਰ ਨੇ ਆਪਣੇ ਫਿਲਮੀ ਜਗਤ ਨੂੰ ਆਧਾਰ ਸਰੋਤ ਬਣਾਇਆ ਹੈ। ਲਿਖਤ ਵਿਚਲੀ ਵਰਨਣਾਤਮਕ ਸ਼ੈਲੀ ਯਥਾਰਥਕ ਰੂਪ 'ਚ ਪੇਸ਼ ਹੋਈ ਹੈ। ਜਗਤ ਪ੍ਰਸਿੱਧ ਦੌੜਾਕ **ਮਿਲਖਾ ਸਿੰਘ** ਦੀ ਸਵੈ-ਜੀਵਨੀ 'ਫਲਾਇੰਗ ਸਿੱਖ' 1975 'ਚ ਸਾਹਮਣੇ ਆਉਂਦੀ ਹੈ। ਲੇਖਕ ਨੇ ਆਪਣੇ ਜੀਵਨ ਦੇ ਸੰਘਰਸ਼ਮਈ ਪੜਾਅ ਨੂੰ ਇਸ ਰਚਨਾ ਦਾ ਆਧਾਰ ਬਣਾਇਆ ਹੈ। ਰਚਨਾ ਵਿੱਚ ਸ਼ਾਮਿਲ ਤਸਵੀਰਾਂ ਨਵੀਂ ਦਿੱਖ ਪ੍ਰਦਾਨ ਕਰਦੀਆਂ ਹਨ। 23 ਕਾਂਡਾਂ ਵਿੱਚ ਸਿਰਜੀ ਇਸ ਸਵੈ-ਜੀਵਨੀ ਦਾ ਉਦੇਸ਼ ਪਾਠਕਾਂ ਨੂੰ ਖੇਡ ਰੁਚੀਆਂ ਲਈ ਪ੍ਰੇਰਿਤ ਕਰਨਾ ਹੈ।

**ਅੰਮ੍ਰਿਤਾ ਪ੍ਰੀਤਮ** ਦੀ ਸਵੈ-ਜੀਵਨੀ 'ਰਸੀਦੀ ਟਿਕਟ'(1976) ਸਾਹਿਤਕ ਹਲਕਿਆਂ ਵਿੱਚ ਕਾਫ਼ੀ ਚਰਚਿਤ ਰਚਨਾ ਹੈ। ਲੇਖਿਕਾ ਨੇ ਆਪਣੇ ਜੀਵਨ ਤਜ਼ਰਬਿਆਂ, ਸਫ਼ਲਤਾਵਾਂ, ਅਸਫ਼ਲਤਾਵਾਂ ਨੂੰ ਯਥਾਰਥਕ ਦ੍ਰਿਸ਼ਟੀਕੋਣ ਤੋਂ ਅਭਿਵਿਅਕਤ ਕੀਤਾ ਹੈ। ਜੀਵਨ ਘਟਨਾਵਾਂ ਦੀ ਪੇਸ਼ਕਾਰੀ ਸਮੇਂ ਅੰਮ੍ਰਿਤਾ ਨੇ ਸੁਚੱਜੀ, ਸਪੱਸ਼ਟ ਤੇ ਕਲਾਤਮਕ ਸ਼ੈਲੀ ਦਾ ਪ੍ਰਯੋਗ ਕੀਤਾ ਹੈ।

ਗੁਰਮਤਿ ਸਾਹਿਤ ਦੇ ਪ੍ਰਸਿੱਧ ਵਿਦਵਾਨ **ਪ੍ਰੋ. ਸਾਹਿਬ ਸਿੰਘ** ਦੀ ਸਵੈ-ਜੀਵਨੀ 'ਮੇਰੀ ਜੀਵਨ ਕਹਾਣੀ'(1977) ਦਾ ਸੰਪਾਦਨ ਪ੍ਰੋ. ਪ੍ਰੀਤਮ ਸਿੰਘ ਨੇ ਕੀਤਾ। ਲੇਖਕ ਨੇ ਨਿੱਜੀ ਜੀਵਨ ਤੇ ਆਪਣੇ ਸਮੇਂ ਦੇ ਇਤਿਹਾਸਕ ਪਰਿਪੇਖ ਨੂੰ ਵਧੇਰੇ ਤਵੱਜੋਂ ਦਿੱਤੀ। ਵਾਰਤਕ ਸ਼ੈਲੀ ਢੁੱਕਵੀਂ ਤੇ ਪ੍ਰਭਾਵੀ ਹੈ।

ਪ੍ਰਸਿੱਧ ਲੋਕਧਾਰਾ ਸ਼ਾਸ਼ਤਰੀ **ਡਾ. ਸੁਹਿੰਦਰ ਸਿੰਘ ਵਣਜਾਰਾ ਬੇਦੀ** ਦੀਆਂ ਚਾਰ ਸਵੈ-ਜੀਵਨੀਆਂ ਹਨ। 'ਅੱਧੀ ਮਿੱਟੀ ਅੱਧਾ ਸੋਨਾ'(1979), 'ਮੇਰੇ ਰਾਹਾਂ ਦੇ ਰੰਗ'(1982), 'ਮੇਰਾ ਨਾਨਕਾ ਪਿੰਡ'(1984) ਤੇ 'ਗਲੀਏ ਚਿਕੜੁ ਦੂਰਿ ਘਰ'(1985)। ਇੰਨ੍ਹਾਂ ਸਵੈ-ਜੀਵਨੀਆਂ ਵਿੱਚ ਕਰਤਾ ਨੇ ਸਭਿਆਚਾਰਕ, ਲੋਕਧਾਰਕ ਜੀਵਨ ਦ੍ਰਿਸ਼ਟੀ ਨੂੰ ਅਪਨਾਇਆ ਹੈ। ਇੰਨਾਂ ਰਚਨਾਵਾਂ ਵਿੱਚ ਜੀਵਨ ਘਟਨਾਵਾਂ ਵੀ ਪੇਸ਼ ਹਨ, ਪਰ ਲੋਕਧਾਰਾਈ ਪੱਖਾਂ ਦੀ ਬਹੁਤਾਤ ਹੈ। ਅਲੰਕ੍ਰਿਤ ਭਾਸ਼ਾ ਸ਼ੈਲੀ 'ਚ ਸਿਰਜੀਆਂ ਇੰਨਾਂ ਰਚਨਾਵਾਂ ਵਿੱਚ ਪੋਠੋਹਾਰੀ ਆਂਚਲਿਕਤਾ ਦੇ ਦ੍ਰਿਸ਼ ਚਿਤਰਨ ਦੇ ਹਵਾਲੇ ਵੀ ਦੇਖੇ ਜਾ ਸਕਦੇ ਹਨ।

**ਦਲੀਪ ਕੌਰ ਟਿਵਾਣਾ** ਦੀਆਂ ਸਵੈ-ਜੀਵਨੀਆਂ 'ਨੰਗੇ ਪੈਰਾਂ ਦਾ ਸਫ਼ਰ' ਅਤੇ 'ਪੀਲੇ ਪੱਤਿਆਂ ਦੀ ਦਾਸਤਾਨ' ਦਾ ਵੀ ਸਵੈ-ਜੀਵਨੀ ਸਾਹਿਤ 'ਚ ਖਾਸ ਸਥਾਨ ਹੈ। ਬਚਪਨ ਪਰਿਵਾਰਕ ਤੇ ਹੋਰ ਸਾਹਿਤਕ, ਸਭਿਆਚਾਰਕ ਜਾਣਕਾਰੀ ਰਚਨਾਵਾਂ ਦਾ ਹਿੱਸਾ ਬਣੀ ਹੈ। 'ਪੂਛਤੇ ਹੋ ਤੋ ਸੁਣੋ' ਉਸ ਦੀ ਸਾਹਿਤਕ ਸਵੈ-ਜੀਵਨੀ ਹੈ। ਰਚਨਾਵਾਂ ਦੀ ਭਾਸ਼ਾ ਸਰਲ ਤੇ ਸਾਹਿਤਕ ਹੈ। ਕਿਤੇ- ਕਿਤੇ ਮਲਵਈ ਰੰਗ ਦੀ ਭਾਅ ਵੀ ਮਾਰਦੀ ਹੈ। ਨਾਵਲੀ ਸ਼ੈਲੀ ਪਾਠਕ ਮਨ ਨੂੰ ਪ੍ਰਭਾਵਿਤ ਕਰਨ ਦੀ ਪੂਰੀ ਸਮਰੱਥਾ ਰੱਖਦੀ ਹੈ।

**ਬਲਵੰਤ ਗਾਰਗੀ** ਦੀ ਸਵੈ-ਜੀਵਨੀ 'ਨੰਗੀ ਧੁੱਪ' ਦੀ ਸਾਹਿਤਕ ਖੇਤਰ ਵਿੱਚ ਬਹੁਤ ਚਰਚਾ ਹੋਈ। ਯਥਾਰਥਕ ਸ਼ੈਲੀ 'ਚ ਲਿਖੀ ਗਈ ਇਸ ਰਚਨਾ ਵਿੱਚ ਨਿੱਜੀ ਜ਼ਿੰਦਗੀ ਨਾਲ ਜੁੜੇ ਉਹ ਮਸਲੇ/



BSER

ਸਰੋਕਾਰ ਪੇਸ਼ ਕੀਤੇ ਗਏ ਹਨ, ਜਿਸ ਬਾਰੇ ਚਰਚਾ ਕਰਨ ਲਈ ਸਾਹਸ-ਦਲੇਰੀ ਦੀ ਜ਼ਰੂਰਤ ਹੁੰਦੀ ਹੈ। ਗਾਰਗੀ ਨੇ ਅਜਿਹੀਆਂ ਘਟਨਾਵਾਂ ਦਾ ਬੇਬਾਕ ਵਰਨਣ ਕੀਤਾ ਹੈ। ਰੰਗਮੰਚ, ਸਿਨੇਮਾ ਤੇ ਸਾਹਿਤਕ ਹਸਤੀਆਂ ਦੇ ਵੇਰਵੇ ਰਚਨਾ ਵਿੱਚ ਸਹਿਜ ਸੁਭਾਵਕ ਹੀ ਸ਼ਾਮਿਲ ਹੋ ਜਾਂਦੇ ਹਨ।

ਕਹਾਣੀਕਾਰ **ਮਹਿੰਦਰ ਸਿੰਘ ਜੋਸ਼ੀ** ਦੀ ਆਤਮਕਥਾ 'ਮੇਰੇ ਪੱਤੇ ਮੇਰੀ ਖੇਡ'(1981) ਵਿੱਚ ਲੇਖਕ ਨੇ ਜ਼ਿੰਦਗੀ ਨੂੰ ਤਾਸ਼ ਦੇ ਪੱਤੇ ਦੀ ਖੇਡ ਨਾਲ ਤੁਲਨਾਇਆ ਹੈ। ਲਿਖਣ ਢੰਗ ਆਪ ਮੁਹਾਰਾ ਹੈ, ਸੋ ਪਾਠਕ ਰਚਨਾ ਨਾਲ ਨੇੜੇ ਦੀ ਸਾਂਝ ਬਣਾਈ ਰੱਖਦਾ ਹੈ।

**ਅਜੀਤ ਕੌਰ** ਦੀ ਸਵੈ-ਜੀਵਨੀ 'ਖਾਨਾ ਬਦੋਸ਼'(1982) ਬੜੀ ਬੇਬਾਕ ਸ਼ੈਲੀ 'ਚ ਲਿਖੀ ਗਈ ਹੈ। ਉਸ ਨੇ ਆਪਣੀ ਸਵੈ-ਜੀਵਨੀ ਵਿੱਚ ਨਾਰੀ ਸੰਕਟ ਨਾਲ ਜੁੜੇ ਵਿਭਿੰਨ ਪਹਿਲੂਆਂ ਨੂੰ ਦ੍ਰਿਸ਼ਟੀਗੋਚਰ ਕਰਕੇ ਸਮੁੱਚੀ ਨਾਰੀ ਜਾਤੀ ਦੀ ਪ੍ਰਤੀਨਿਧਤਾ ਕੀਤੀ ਹੈ। ਉਸ ਨੇ ਜੀਵਨ ਦੀਆਂ ਕੌੜੀਆਂ ਹਕੀਕਤਾਂ ਨੂੰ ਵਿਅੰਗਾਤਮਕ ਲਹਿਜ਼ੇ 'ਚ ਪੇਸ਼ ਕੀਤਾ ਹੈ। 'ਕੂੜਾ ਕਬਾੜਾ'(1997) ਉਸ ਦੀ ਹੋਰ ਸਵੈ-ਜੀਵਨੀ ਹੈ, ਜਿਸ ਦੇ ਛੋਟੇ-ਛੋਟੇ ਭਾਗਾਂ 'ਚ ਜ਼ਿੰਦਗੀ ਨੂੰ ਵਿਉਂਤਣ ਦਾ ਉਪਰਾਲਾ ਕੀਤਾ ਗਿਆ ਹੈ।

**ਗਿਆਨੀ ਗੁਰਬਚਨ ਸਿੰਘ** ਦੀ ਸਵੈ-ਜੀਵਨੀ 'ਮੇਰੀ ਜੀਵਨ ਕਹਾਣੀ'(1982) ਵਿੱਚ ਲੇਖਕ ਨੇ ਆਪਣੇ ਪਰਿਵਾਰ, ਰਿਸ਼ਤੇਦਾਰੀਆਂ ਦੇ ਸੰਬੰਧ ਨੂੰ ਆਧਾਰ ਬਣਾਇਆ। ਗੁਰਦੁਆਰਿਆਂ ਦੇ ਪ੍ਰਬੰਧ ਬਾਰੇ ਵੀ ਜਿਕਰ ਕੀਤਾ ਹੈ। **ਮਹਿੰਦਰ ਸਿੰਘ ਰੰਧਾਵਾ** ਦੀ ਸਵੈ-ਜੀਵਨੀ 'ਆਪ ਬੀਤੀ'(1983) ਵਿੱਚ ਲੇਖਕ ਨੇ ਆਪਣੇ ਮੁੱਢਲੇ ਜੀਵਨ ਦੇ ਵੇਰਵੇ ਦਿੰਦਿਆਂ ਸਮਕਾਲੀਨ ਸਥਿਤੀਆਂ-ਪਰਸਥਿਤੀਆਂ ਸੰਬੰਧੀ ਜਾਣਕਾਰੀ ਦਿੱਤੀ ਹੈ। ਇਸ ਵਿੱਚ ਲੇਖਕ ਨੇ ਲੋਕਧਾਰਾ ਤੇ ਸਭਿਆਚਾਰ ਬਾਰੇ ਵੀ ਭਾਵਪੂਰਤ ਵਿਵਰਨ ਪੇਸ਼ ਕੀਤਾ ਹੈ। ਕਾਂਗੜੇ ਦੀ ਚਿੱਤਰਕਲਾ, ਲੋਕਕਲਾ ਤੇ ਲੋਕ ਗੀਤਾਂ ਦੇ ਹਵਾਲੇ ਰਚਨਾ ਨੂੰ ਰੌਚਕ ਬਣਾਉਂਦੇ ਹਨ।

ਪੰਜਾਬੀ ਦੇ ਪ੍ਰਸਿੱਧ ਨਾਵਲਕਾਰ **ਸੋਹਣ ਸਿੰਘ ਸੀਤਲ** ਦੀ ਸਵੈ-ਜੀਵਨੀ 'ਵੇਖੀ ਮਾਣੀ ਦੁਨੀਆਂ'(1983) ਵਿੱਚ ਸੀਤਲ ਨੇ ਆਪਣੇ ਜੀਵਨ-ਆਚਰਨ ਬਾਰੇ ਤੱਥ ਪੇਸ਼ ਕੀਤੇ ਹਨ। ਉਸਨੇ ਦੱਸਿਆ ਹੈ ਕਿ ਉਹ ਢਾਡੀ ਤੋਂ ਕਿਵੇਂ ਗੀਤਕਾਰ,ਨਾਵਲਕਾਰ, ਕਹਾਣੀਕਾਰ ਬਣਿਆ। ਰਚਨਾ ਵਿਚਲੇ ਧਾਰਮਕ, ਇਤਿਹਾਸਕ ਹਵਾਲੇ ਸਮਕਾਲੀ ਚਿਤਰਨ ਪੇਸ਼ ਕਰਦੇ ਹਨ।

**ਕਰਤਾਰ ਸਿੰਘ ਦੁੱਗਲ** ਦੀ ਸਵੈ-ਜੀਵਨੀ 'ਕਿਸ ਪਹਿ ਖੋਲਹੁ ਗਠੜੀ'(1995) ਦਾ ਵੀ ਸਵੈ-ਜੀਵਨੀ ਸਾਹਿਤ ਵਿੱਚ ਖਾਸ ਸਥਾਨ ਹੈ। ਇਹ ਰਚਨਾ ਪਹਿਲਾਂ ਜੱਗਬਾਣੀ ਅਖ਼ਬਾਰ ਵਿੱਚ ਲੜੀਵਾਰ ਛਪਦੀ ਰਹੀ ਹੈ। ਇਸ ਰਚਨਾ ਵਿੱਚ 16 ਅਧਿਆਇ ਹਨ, ਜੋ ਕਹਾਣੀਆਂ ਵਾਂਗ ਜਾਪਦੇ ਹਨ। ਇਸ ਵਿੱਚ ਲੇਖਕ ਨੇ ਸੰਪਰਕ ਵਿੱਚ ਆਏ ਵਿਅਕਤੀਆਂ ਸੰਬੰਧੀ ਵੀ ਚਰਚਾ ਕੀਤੀ ਹੈ।

**ਪ੍ਰੋ. ਦੀਵਾਨ ਸਿੰਘ** ਨੇ ਆਪਣੀ ਸਵੈ-ਜੀਵਨੀ 'ਮੇਰਾ ਜੀਵਨ ਪੰਧ'(1989) ਵਿੱਚ ਬਚਪਨ ਤੋਂ ਲੈ ਕੇ ਸਮਕਾਲ ਤੱਕ ਦੀਆਂ ਘਟਨਾਵਾਂ ਨੂੰ ਸ਼ਾਮਲ ਕੀਤਾ ਗਿਆ ਹੈ। ਲੇਖਕ ਨੇ ਇਸ ਰਚਨਾ ਵਿੱਚ ਤੀਰਥ ਯਾਤਰਾਵਾਂ ਦੇ ਵਰਨਣ ਦੇ ਨਾਲ ਨਾਲ ਸਾਹਿਤਕ ਤੇ ਸਮਕਾਲੀ ਸਮੇਂ ਬਾਰੇ ਵੀ ਜ਼ਿਕਰ ਕੀਤਾ ਹੈ।

**ਰਾਮ ਸਰੂਪ ਅਣਖੀ** ਦੀ ਸਵੈ-ਜੀਵਨੀ 'ਮਲ੍ਹੇ ਝਾੜੀਆਂ'(1989) 31 ਕਾਂਡਾਂ ਵਿੱਚ ਰਚੀ ਗਈ ਹੈ। ਇਸ ਵਿੱਚ ਲੇਖਕ ਨੇ ਦੋਸਤ ਮਿੱਤਰਾਂ ਦੇ ਨਾਲ ਨਾਲ ਸਾਹਿਤਕ ਚੇਟਕ ਰੱਖਣ ਵਾਲੇ ਸਾਹਿਤਕਾਰਾਂ ਦਾ ਵਰਨਣ ਵੀ ਕੀਤਾ ਹੈ। ਇਸ ਵਿੱਚ ਲੇਖਕ ਨੇ ਆਪਣੀ ਸਿਰਜਨ ਪ੍ਰਕਿਰਿਆ ਬਾਰੇ ਵੀ ਦੱਸਿਆ ਹੈ। ਉਸ ਦੀ ਲਿਖਣ ਸ਼ੈਲੀ ਰੌਚਕ ਤੇ ਸਪੱਸ਼ਟ ਹੈ। 'ਪੈਂਡਾ' ਉਸਦੀ ਇੱਕ ਹੋਰ ਆਤਮ ਕਥਾ ਹੈ।

**ਸੰਤ ਸਿੰਘ ਸੇਖੋਂ** ਰਚਿਤ 'ਉਮਰ ਦਾ ਪੰਧ' ਜਿਲਦ 1 ਅਤੇ ਜਿਲਦ 2 ਉਪਲੱਬਧ ਹੁੰਦੀਆਂ ਹਨ। ਇੰਨਾਂ ਰਚਨਾਵਾਂ ਵਿੱਚ ਉਸ ਦੀਆਂ ਸਿਮਰਤੀਆਂ ਹਾਜ਼ਰ ਹਨ। ਇਸ ਲਈ ਇੰਨ੍ਹਾਂ ਰਚਨਾਵਾਂ ਵਿੱਚ ਬਚਪਨ, ਜਵਾਨੀ ਤੋਂ ਬਿਨਾਂ ਅਕਾਦਮਿਕ-ਸਾਹਿਤਕ ਮੰਡਲ ਵਿੱਚ ਪ੍ਰਵੇਸ਼ ਕਰਨ ਦਾ ਹਵਾਲਾ ਵੀ ਮਿਲਦਾ ਹੈ। ਘਰੇਲੂ ਜੀਵਨ, ਅਧਿਐਨ ਤੇ ਅਧਿਆਪਨ, ਰਾਜਸੀ ਜਾਣਕਾਰੀ ਨਾਲ ਭਰਪੂਰ ਇਹ ਰਚਨਾਵਾਂ ਦਸਤਾਵੇਜ਼ ਦਾ ਦਰਜਾ ਰੱਖਦੀਆਂ ਹਨ।

**ਡਾ. ਐੱਸ ਤਰਸੇਮ** ਦੀ ਸਵੈ-ਜੀਵਨੀ 'ਕੱਚੀ ਮਿੱਟੀ ਪੱਕਾ ਰੰਗ'(1990) ਵਿੱਚ ਰਚਨਾਕਾਰ ਨੇ ਆਪਣੇ ਬਚਪਨ ਨੂੰ ਜਿਆਦਾ ਉਘਾੜਿਆ ਹੈ। ਲੇਖਕ ਨੇ ਆਪਣੇ ਉੱਤੇ ਪਏ ਪਰਿਵਾਰਕ, ਧਾਰਮਿਕ ਪ੍ਰਭਾਵਾਂ ਨੂੰ ਵਿਸ਼ੇਸ਼ ਤਵੱਜੋ ਦਿੱਤੀ ਹੈ।

ਪ੍ਰਸਿੱਧ ਪਹਿਲਵਾਨ ਤੇ ਫਿਲਮੀ ਹਸਤੀ **ਦਾਰਾ ਸਿੰਘ** ਦੀ ਸਵੈ-ਜੀਵਨੀ 'ਮੇਰੀ ਆਤਮ ਕਥਾ'(1990) ਵਿੱਚ ਦੱਸਿਆ ਹੈ ਕਿ ਲੇਖਕ ਨੇ ਕਿਸ ਤਰ੍ਹਾਂ ਗਰੀਬੀ ਵਿੱਚੋਂ ਉੱਠਕੇ ਹੈਰਾਨੀਜਨਕ ਤਰੱਕੀ ਕੀਤੀ। **ਜਸਵੰਤ ਸਿੰਘ ਰਾਹੀ** ਨੇ ਆਪਣੀ ਸਵੈ-ਜੀਵਨੀ 'ਮੈਂ ਕਿਵੇਂ ਜੀਵਿਆ' ਨੂੰ ਕ੍ਰਮਵਾਰ 1991,1993,1995 ਵਿੱਚ ਪ੍ਰਕਾਸ਼ਿਤ ਕੀਤਾ। ਲੇਖਕ ਨੇ ਬਚਪਨ, ਨਾਨਕੇ ਪਿੰਡ, ਨੌਕਰੀ, ਵਿਆਹ ਆਦਿ ਸੰਬੰਧੀ ਜ਼ਿਕਰ ਕਰਦਿਆਂ ਜ਼ਿੰਦਗੀ ਵਿੱਚ ਆਉਣ ਵਾਲੇ ਉਤਰਾਅ-ਚੜ੍ਹਾਅ ਸੰਬੰਧੀ ਵੀ ਵੇਰਵੇ ਦਿੱਤੇ ਹਨ।

**ਡਾ. ਹਰਿਭਜਨ ਸਿੰਘ** ਦੀ ਸਵੈ-ਜੀਵਨੀ 'ਚੋਲਾ ਟਾਕੀਆਂ ਵਾਲਾ'(1994) ਆਰਸੀ(ਮਾਸਿਕ ਪੱਤਰ) ਵਿੱਚ ਛਪਦੀ ਰਹੀ। ਇਸ ਵਿੱਚ ਲੇਖਕ ਨੇ ਆਪਣੀ ਜ਼ਿੰਦਗੀ ਦੇ ਦੁਖਾਂਤਕ ਪੱਖਾਂ ਨੂੰ ਰੂਪਮਾਨ ਕੀਤਾ ਹੈ। ਉਸ ਦੀ ਸ਼ੈਲੀ ਰੌਚਕ ਤੇ ਭਾਸ਼ਾ ਮੁਹਾਵਰੇਦਾਰ ਹੈ। **ਕੈਲਾਸ਼ਪੁਰੀ** ਦੀ ਸਵੈ-ਜੀਵਨੀ 'ਬਾਰਿ ਜਾਉਂ ਲੱਖ ਬੇਰੀਆਂ'(1996) ਵਿੱਚ ਲੇਖਿਕਾ ਨੇ ਆਪਣੇ ਬਚਪਨ, ਕਲਾ, ਸੰਗੀਤ ਸ਼ੌਂਕ, ਵਿਆਹ, ਸੁੱਖਮਈ ਦੰਪਤੀ ਜੀਵਨ ਦੇ ਨਾਲ ਸਾਹਿਤਕ ਪ੍ਰਸੰਗ ਵੀ ਪੇਸ਼ ਕੀਤੇ ਹਨ। **ਸਰਦਾਰਾ ਸਿੰਘ ਜੌਹਲ** ਦੀ ਸਵੈ-ਜੀਵਨੀ 'ਰੰਗਾਂ ਦੀ ਗਾਗਰ'(1997) ਲੇਖਕ ਦੀਆਂ ਸਵੈ-ਜੀਵਨੀ ਮੂਲਕ ਝਾਕੀਆਂ ਦਾ ਸੰਗ੍ਰਹਿ ਹੈ। ਜੀਵਨ ਵਿੱਚ ਵਾਪਰੀਆਂ ਘਟਨਾਵਾਂ ਰਚਨਾਵਾਂ ਦਾ ਵਿਸ਼ੇਸ਼ ਹਿੱਸਾ ਬਣੀਆਂ ਹਨ। **ਸੰਤੋਖ ਸਿੰਘ ਧੀਰ** ਦੀ ਸਵੈ-ਜੀਵਨੀ 'ਬ੍ਰਿਹਸਪਤੀ'(1998) ਦਾ ਕੁਝ ਹਿੱਸਾ ਪਹਿਲਾਂ 'ਪ੍ਰੀਤਲੜੀ' ਮੈਗਜ਼ੀਨ ਵਿੱਚ ਵੀ ਛਪ ਚੁੱਕਾ ਹੈ। ਇਸ ਵਿੱਚ ਲੇਖਕ ਨੇ ਆਪਣੇ ਜੀਵਨ ਦੇ ਮੁੱਖ ਪੱਖਾਂ ਨੂੰ ਦ੍ਰਿਸ਼ਟੀਗੋਚਰ ਕੀਤਾ ਹੈ। **ਲਾਲ ਸਿੰਘ ਦਿਲ** ਦੀ ਸਵੈ-ਜੀਵਨੀ 'ਦਾਸਤਾਨ'(1998) ਵਿੱਚ ਰਚਨਾਕਾਰ ਨੇ ਨਕਸਲਬਾੜੀ ਲਹਿਰ ਨਾਲ ਆਪਣੇ ਸੰਬੰਧਾਂ ਨੂੰ ਵਧੇਰੇ ਤਰਜ਼ੀਹ ਦਿੰਦਿਆਂ ਵਰਣਨ ਕੀਤਾ ਹੈ। **ਬਚਿੰਤ ਕੌਰ** ਦੀ ਰਚਨਾ 'ਪਗਡੰਡੀਆਂ'(1998) ਵਿੱਚ ਆਪਣੀਆਂ ਕਮਜ਼ੋਰੀਆਂ ਨੂੰ ਅਪਨਾਉਂਦਿਆਂ ਸੱਚੀ ਪੇਸ਼ਕਾਰੀ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

**ਗੁਰਦਿਆਲ ਸਿੰਘ** ਦੀਆਂ ਸਵੈ-ਜੀਵਨੀਆਂ 'ਨਿਆਨ ਮੱਤੀਆਂ'(1999) ਅਤੇ 'ਦੂਜੀ ਦੇਹੀ'(2000) ਹਨ। ਇਸ ਵਿੱਚ ਲੇਖਕ ਨੇ ਆਪਣੀ ਯਾਦਾਸ਼ਤ ਦੇ ਆਧਾਰ ਤੇ ਕੌੜੇ-ਮਿੱਠੇ ਅਨੁਭਵ ਬਿਆਨ ਕੀਤੇ ਹਨ। **ਪ੍ਰਗਟ ਸਿੰਘ ਸਿੱਧੂ** ਦੀ ਸਵੈ-ਜੀਵਨੀ 'ਬੂੰਦ ਬੂੰਦ ਡੁੱਲ੍ਹਦੀ ਜ਼ਿੰਦਗੀ'(2001) ਵਿੱਚ ਲੇਖਕ ਨੇ ਆਪਣੇ ਪੇਂਡੂ ਜੀਵਨ, ਜਵਾਨੀ, ਮਾਪੇ ਤੇ ਕਲਮ ਨਾਲ ਸਾਂਝ ਬਾਰੇ ਜ਼ਿਕਰ ਕੀਤਾ ਹੈ। **ਖੁਸ਼ਵੰਤ ਸਿੰਘ** ਦੀ ਸਵੈ-ਜੀਵਨੀ 'ਮੌਜ ਮੇਲਾ'(2004) ਦਾ ਅਨੁਵਾਦ **ਅਮਰਜੀਤ ਸਿੰਘ ਦੀਪਕ** ਨੇ ਕੀਤਾ ਹੈ। ਲੇਖਕ ਨੇ ਪਿੰਡ, ਸਕੂਲ, ਵਿੱਦਿਆ ਤੋਂ ਇਲਾਵਾ ਵਿਦੇਸ਼ੀ ਯਾਤਰਾਵਾਂ ਦਾ ਵਿਵਰਨ ਰੌਚਕ ਢੰਗ ਨਾਲ ਕੀਤਾ ਹੈ। ਇਸ ਤਰ੍ਹਾਂ ਕੁਝ ਹੋਰ ਸਵੈ-ਜੀਵਨੀਆਂ ਵੀ ਜ਼ਿਕਰਯੋਗ ਹਨ, ਜਿੰਨਾਂ 'ਚੋਂ 'ਨੀਲੀ ਦਸਤਾਰ ਦੀ ਦਾਸਤਾਨ' (ਸੁਰਜੀਤ ਸਿੰਘ ਸੇਠੀ), 'ਜੀਣਾ ਵੀ ਇੱਕ ਅਦਾ ਹੈ'(ਗੁਰਦਿਆਲ ਸਿੰਘ ਫੁੱਲ), 'ਸੱਚੇ ਮਾਰਗ

ਚਲਦਿਆਂ'(ਪ੍ਰਭਜੋਤ ਕੌਰ), ਛਾਂਗਿਆ ਰੁੱਖ'(ਜਸਵੰਤ ਸਿੰਘ ਨੇਕੀ, 'ਹਮ ਹੈ ਗਿਆਨਹੀਨ ਅਗਿਆਨੀ'(ਬਲਦੇਵ ਸਿੰਘ) ਆਦਿ ਵਰਣਨਯੋਗ ਨਾਂ ਹਨ।

ਕੁਝ ਸਵੈ-ਜੀਵਨੀਆਂ ਦੇ ਅਨੁਵਾਦ ਵੀ ਉਪਲਬਧ ਹੁੰਦੇ ਹਨ- ਜਿਵੇਂ 'ਸਤਿ ਦੀ ਪ੍ਰਾਪਤੀ ਦਾ ਯਤਨ'(ਮਹਾਤਮਾ ਗਾਂਧੀ) ਅਨੁਵਾਦਕ ਪ੍ਰਿੰ. ਨਿਰੰਜਨ ਸਿੰਘ, 'ਆਤਮ ਕਥਾ'(ਡਾ. ਰਾਜੇਂਦਰ ਪ੍ਰਸਾਦ) ਪੰਜਾਬੀ ਅਨੁਵਾਦ ਅੰਮ੍ਰਿਤਾ ਪ੍ਰੀਤਮ, 'ਮੇਰਾ ਬਚਪਨ'(ਰਾਬਿੰਦਰ ਨਾਥ ਟੈਗੋਰ) ਅਨੁਵਾਦ ਕੁਲਦੀਪ ਸਿੰਘ ਆਦਿ।

ਇਸ ਤਰ੍ਹਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਪਬਲੀਕੇਸ਼ਨ ਬਿਊਰੋ ਨੇ ਕੁਝ ਸਾਹਿਤਕਾਰਾਂ ਤੋਂ ਸਾਹਿਤਕ ਸਵੈ-ਜੀਵਨੀਆਂ ਵੀ ਲਿਖਵਾਈਆਂ ਹਨ। ਜਿੰਨਾਂ 'ਚੋਂ ਗੁਰਦਿਆਲ ਸਿੰਘ ਫੁੱਲ, ਰੋਸ਼ਨ ਲਾਲ ਅਹੂਜਾ, ਬ੍ਰਿਜ ਲਾਲ ਸ਼ਾਸ਼ਤਰੀ, ਸੁਜਾਨ ਸਿੰਘ, ਰਾਮ ਸਰੂਪ ਅਣਖੀ, ਸੁਰਜੀਤ ਸਿੰਘ ਸੇਠੀ, ਕਰਤਾਰ ਸਿੰਘ ਦੁੱਗਲ, ਜਸਵੰਤ ਸਿੰਘ ਨੇਕੀ, ਸੁਰਿੰਦਰ ਸਿੰਘ ਨਰੂਲਾ, ਹਰਚਰਨ ਸਿੰਘ ਆਦਿ ਕੁਝ ਵਿਸ਼ੇਸ਼ ਨਾਂ ਹਨ।

ਉਪਰੋਕਤ ਵਿਵਰਨ ਤੋਂ ਬਾਅਦ ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਸਾਹਿਤ ਵਿੱਚ ਸਵੈ-ਜੀਵਨੀ ਸਾਹਿਤ ਦਾ ਵਿਲੱਖਣ ਸਥਾਨ ਹੈ। ਇਸ ਵਿਧਾ ਵਿੱਚ ਉਚੇਰੇ ਵਿਕਾਸ ਦੀਆਂ ਸੰਭਾਵਨਾਵਾਂ ਹਨ ਅਤੇ ਭਵਿੱਖ ਵਿੱਚ ਹੋਰ ਵਧੀਆ ਰਚਨਾਵਾਂ ਦੀ ਆਸ ਕੀਤੀ ਜਾ ਸਕਦੀ ਹੈ।

## ਅਭਿਆਸ-ਪ੍ਰਸ਼ਨ

1. ਪੰਜਾਬੀ ਦੇ ਪਹਿਲੇ ਦੌਰ ਦੀਆਂ ਸਵੈ-ਜੀਵਨੀਆਂ ਦਾ ਵਿਵਰਨ ਦਿਉ।
2. ਪੰਜਾਬੀ ਯੂਨੀਵਰਸਿਟੀ ਪਟਿਆਲਾ ਪਬਲੀਕੇਸ਼ਨ ਬਿਊਰੋ ਵਲੋ ਕਿਹੜੇ ਸਾਹਿਤਕਾਰਾਂ ਤੋਂ ਸਾਹਿਤਕ ਸਵੈ-ਜੀਵਨੀਆਂ ਲਿਖਵਾਈਆਂ ਗਈਆਂ ਹਨ ? ਵਰਣਨ ਕਰੋ।
3. ਪੰਜਾਬੀ ਸਵੈ-ਜੀਵਨੀ ਦੇ ਇਤਿਹਾਸ ਉਪਰ ਸੰਖੇਪ ਨੋਟ ਲਿਖੋ।

BSER

## 4. ਸਫ਼ਰਨਾਮਾ

ਸਫ਼ਰਨਾਮਾ ਆਧੁਨਿਕ ਪੰਜਾਬੀ ਵਾਰਤਕ ਸਾਹਿਤ ਦਾ ਪ੍ਰਮੁੱਖ ਸਾਹਿਤ ਰੂਪ ਹੈ। ਇਸ ਵਿੱਚ ਜਗਿਆਸਾ, ਉਤਸੁਕਤਾ, ਸੂਚਨਾ, ਗਿਆਨ, ਵਿਚਿੱਤਰਤਾ, ਵਰਨਣ, ਬਿਰਤਾਂਤ ਆਦਿ ਅਜਿਹੇ ਗੁਣ ਹਨ, ਜਿੰਨਾਂ ਸਦਕਾ ਲੇਖਕ ਪਾਠਕ ਉੱਤੇ ਆਪਣਾ ਪ੍ਰਭਾਵ ਪਾਉਣ ਵਿੱਚ ਕਾਮਯਾਬੀ ਹਾਸਲ ਕਰਦਾ ਹੈ। ਸੈਰ-ਸਪਾਟੇ ਨਾਲ ਜੁੜੀ ਇਹ ਵਿਧਾ ਪਾਠਕ ਨੂੰ ਭੂਗੋਲਿਕ, ਸਭਿਆਚਾਰਕ, ਆਰਥਕ,ਧਾਰਮਕ ਆਦਿ ਪੱਖਾਂ ਬਾਰੇ ਵੀ ਜਾਣਕਾਰੀ ਮੁਹੱਈਆ ਕਰਵਾਉਂਦੀ ਹੈ। ਪੰਜਾਬੀ ਮਾਨਸਿਕਤਾ 'ਚ ਪਈ ਘੁਮੱਕੜ ਬਿਰਤੀ ਨੂੰ ਕਿਸੇ ਵੀ ਤਰ੍ਹਾਂ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ।

ਪੰਜਾਬੀ ਸਫ਼ਰਨਾਮਾ ਸਾਹਿਤ ਸੰਬੰਧੀ ਵਿਸਤ੍ਰਿਤ ਚਰਚਾ ਕਰਦਿਆਂ **ਸਤਿੰਦਰ ਸਿੰਘ** ਨੇ ਆਪਣੀ ਪੁਸਤਕ 'ਆਧੁਨਿਕ ਪੰਜਾਬੀ ਵਾਰਤਕ ਸਾਹਿਤ' ਵਿੱਚ ਇਸ ਨੂੰ ਚਾਰ ਭਾਗਾਂ ਵਿੱਚ ਵੰਡਿਆ ਹੈ-

1. 1900-1930
2. 1931-9147
3. 1948- 1975
4. 1976-2004

**ਸਤਿੰਦਰ ਸਿੰਘ** ਨੇ **ਭਾਈ ਕਾਨ੍ਹ ਸਿੰਘ ਨਾਭਾ** ਦੀ ਰਚਨਾ 'ਪਹਾੜੀ ਰਿਆਸਤਾਂ ਦਾ ਸਫ਼ਰ'(1906) ਨੂੰ ਮੋਢੀ ਰਚਨਾ ਮੰਨਣ ਦਾ ਸੁਝਾਉ ਪੇਸ਼ ਕੀਤਾ ਹੈ।

ਇੰਝ ਹੀ **ਭਾਈ ਕਾਨ੍ਹ ਸਿੰਘ ਨਾਭਾ** ਦੀਆਂ ਹੋਰ ਰਚਨਾਵਾਂ 'ਵਲਾਇਤ ਦਾ ਸਫ਼ਰਨਾਮਾ'(1907) ਅਤੇ 'ਵਲਾਇਤ ਦਾ ਦੂਸਰਾ ਸਫ਼ਰਨਾਮਾ'(1908) ਵੀ ਉਂਨਾਂ ਦੀਆਂ ਮਹੱਤਵਪੂਰਨ ਰਚਨਾਵਾਂ ਹਨ। ਇੰਨਾਂ ਵਿੱਚ ਪੱਤਰ ਅਤੇ ਡਾਇਰੀ ਸ਼ੈਲੀ ਦੀ ਵਰਤੋਂ ਕੀਤੀ ਹੋਈ ਹੈ। ਪਹਿਲੇ ਸਫ਼ਰਨਾਮੇ ਵਿੱਚ ਵਧੇਰੇ ਵਿਸਥਾਰ ਹੈ, ਜਦਕਿ ਦੂਜਾ ਸੰਖੇਪ ਹੈ।

'ਬਰਮਾ ਦੀ ਸੈਰ' ਵਿੱਚ **ਭਾਈ ਸੂਰਜ ਸਿੰਘ** ਨੇ ਬਰਮਾ ਦੇ ਸਿੱਖਾਂ ਵਿੱਚ ਪੰਥ ਪ੍ਰਚਾਰ ਅਤੇ ਸਮਾਜਕ-ਧਾਰਮਕ ਸੁਧਾਰ ਲਈ ਕੀਤੀ ਗਈ ਯਾਤਰਾ ਦਾ ਵਰਨਣ ਕੀਤਾ ਹੈ। **ਜੀਵਨ ਸਿੰਘ ਸੇਵਕ** ਰਚਿਤ 'ਜਾਪਾਨ ਦੀ ਝਾਕੀ' ਦਾ ਲਘੂ ਸਫ਼ਰਨਾਮਾ ਵੀ ਵਰਨਣਯੋਗ ਹੈ, ਇਹ ਸੰਖੇਪ ਆਕਾਰ ਅਤੇ ਮੁਢੱਲੇ ਯਤਨ ਸਦਕਾ ਇਕ ਸਫ਼ਰਨਾਮੇ ਵਜੋਂ ਕੋਈ ਵਿਸ਼ੇਸ਼ ਪ੍ਰਭਾਵ ਨਹੀਂ ਪਾਉਂਦਾ।

**ਗੁਰਬਖਸ਼ ਸਿੰਘ ਨੌਰੰਗ** ਨੇ 'ਦੁਨੀਆਂ ਦੀ ਸੈਰ' ਵਿੱਚ ਦੁਨੀਆਂ ਦੇ ਵਿਭਿੰਨ ਮੁਲਕਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਸ ਵਿੱਚ ਵਿਸਤ੍ਰਿਤ ਸੈਰ ਦੇ ਆਧਾਰ 'ਤੇ ਵੱਖ-ਵੱਖ ਥਾਵਾਂ ਦੀ ਭੂਗੋਲਿਕ ਅਤੇ ਇਤਿਹਾਸਕ ਵਾਕਫੀਅਤ ਕਰਾਈ ਗਈ ਹੈ।

ਪਹਿਲੇ ਦੌਰ ਦੇ ਇਹਨਾਂ ਪੰਜਾਬੀ ਸਫ਼ਰਨਾਮਿਆਂ ਵਿੱਚ ਸਫ਼ਰਨਾਮਾ-ਰੂਪ ਦਾ ਮੁੱਢਲਾ ਘੱਟ-ਵਿਕਸਤ ਰੂਪ ਹੀ ਦਿਖਾਈ ਦਿੰਦਾ ਹੈ, ਪਰ ਇਹ ਮੁੱਢਲੇ ਯਤਨ ਵਿਕਾਸ ਦੀਆਂ ਅਨੇਕਾਂ ਸੰਭਾਵਨਾਵਾਂ ਵੱਲ ਸੰਕੇਤ ਕਰਦੇ ਹਨ।



BSER

**ਲਾਲ ਸਿੰਘ ਕਮਲਾ ਅਕਾਲੀ** ਰਚਿਤ 'ਮੇਰਾ ਵਲਾਇਤੀ ਸਫ਼ਰਨਾਮਾ' ਪੰਜਾਬੀ ਦਾ ਪਹਿਲਾ ਉੱਤਮ ਸਫ਼ਰਨਾਮਾ ਹੈ, ਜੋ 1933 ਈ. ਵਿੱਚ ਪ੍ਰਕਾਸ਼ਿਤ ਹੋਇਆ। ਇਸ ਵਿੱਚ ਇੰਗਲੈਂਡ, ਫਰਾਂਸ, ਜਰਮਨੀ, ਸਵਿੱਟਜਰਲੈਂਡ ਅਤੇ ਇਟਲੀ ਦੇ ਸਫ਼ਰ ਦੇ ਵੇਰਵੇ ਅੰਕਿਤ ਹਨ। ਉਸ ਦੇ ਹੋਰ ਸਫ਼ਰਨਾਮੇ 'ਸੈਲਾਨੀ ਦੇਸ ਭਗਤ'(1955 ਈ) ਅਤੇ 'ਮੇਰਾ ਆਖ਼ਰੀ ਸਫ਼ਰਨਾਮਾ' ਪ੍ਰਕਾਸ਼ਿਤ ਹੋਏ।

**ਪਿਆਰਾ ਸਿੰਘ ਸਹਿਰਾਈ** ਦੇ 'ਆਪਣਾ ਦੇਸ਼' ਅਤੇ 'ਇਕ ਝਾਤ ਸੋਵੀਅਤ ਰੂਸ ਤੇ' ਦੋ ਸਫ਼ਰਨਾਮੇ ਮਿਲਦੇ ਹਨ। ਇਹਨਾਂ ਵਿੱਚ ਰੂਸੀ ਜੀਵਨ ਅਤੇ ਰਾਜਸੀ ਪ੍ਰਬੰਧ ਦਾ ਵਿਸਤ੍ਰਿਤ ਵਰਨਣ ਕੀਤਾ ਗਿਆ ਹੈ। **ਤਾਰਾ ਸਿੰਘ** ਰਚਿਤ 'ਫ਼ਰਾਂਸ ਦੀਆਂ ਰਾਤਾਂ' ਸਫ਼ਰਨਾਮੇ ਵਿੱਚ ਯੁੱਧ ਸਮੇਂ ਦੀਆਂ ਘਟਨਾਵਾਂ ਅਤੇ ਤਜ਼ਰਬਿਆਂ ਨੂੰ ਯਾਦਾਂ ਅਤੇ ਜੀਵਨੀਮੂਲਕ ਪੱਖਾਂ ਸਹਿਤ ਪੇਸ਼ ਕੀਤਾ ਗਿਆ ਹੈ। ਇਸ ਤਰ੍ਹਾਂ ਉਪਰੋਕਤ ਸਫ਼ਰਨਾਮੇ ਸਮਾਜਾਂ ਅਤੇ ਮੁਲਕਾਂ ਦੀ ਪਰਸਪਰ ਤੁਲਨਾ ਵੱਲ ਵਧੇਰੇ ਰੁਚਿਤ ਹਨ, ਪਰੰਤੂ ਸਮਾਜਕ, ਸਭਿਆਚਾਰਕ ਅਤੇ ਕਾਰਵਿਹਾਰ ਦੇ ਵੇਰਵਿਆਂ ਨੂੰ ਉਘਾੜਨ ਵਿੱਚ ਵਧੇਰੇ ਸਫ਼ਲ ਹਨ।

**ਨਰਿੰਦਰਪਾਲ ਸਿੰਘ** 'ਦੇਸਾਂ ਪਰਦੇਸਾਂ ਵਿੱਚੋਂ'(1949) ਅਤੇ 'ਮੇਰਾ ਰੂਸੀ ਸਫ਼ਰਨਾਮਾ'(1960) ਸਫ਼ਰਨਾਮਿਆਂ ਵਿੱਚ ਚਿੱਠੀ ਵਿਧੀ ਰਾਹੀਂ ਸਫ਼ਰ ਦੇ ਵੇਰਵਿਆਂ ਨੂੰ ਉਘਾੜਦਾ ਹੈ। ਇਹਨਾਂ ਵਿਚਲੀਆਂ ਘਟਨਾਵਾਂ ਵਿੱਚ 1944-1948 ਦੀ ਦੂਜੀ ਸੰਸਾਰ ਜੰਗ ਦੇ ਯਥਾਰਥਕ ਵੇਰਵੇ ਅੰਕਿਤ ਹਨ। ਉਸ ਨੂੰ ਆਪਣੀ ਸੈਨਿਕ ਸੇਵਾ ਦੌਰਾਨ ਕਈ ਮੁਲਕਾਂ ਵਿਖੇ ਜਾਣ ਦਾ ਮੌਕਾ ਮਿਲਿਆ। ਉਸ ਨੇ ਇਹਨਾਂ ਫੇਰੀਆਂ ਦੇ ਆਧਾਰ 'ਤੇ ਕਈ ਸਫ਼ਰਨਾਮੇ ਲਿਖੇ। ਜਿੰਨਾਂ ਵਿੱਚੋਂ 'ਪੈਰਿਸ ਦੇ ਪੋਰਟਰੇਟ' ਇੱਕ ਸਫ਼ਲ ਰਚਨਾ ਹੈ।

**ਤਿਲੋਚਨ ਸਿੰਘ** ਨੇ 'ਕੁਝ ਮੁੱਢਲੇ ਸਫ਼ਰ' ਵਿੱਚ ਪੰਜਾਬ, ਹਿਮਾਚਲ, ਰਾਜਸਥਾਨ ਦੇ ਪ੍ਰਾਂਤਾਂ ਦੇ ਸਫ਼ਰ ਬਾਰੇ ਸੰਖਿਪਤ ਵੇਰਵਾ ਮਿਲਦਾ ਹੈ। ਲੇਖਕ ਨੇ ਇਸ ਪੁਸਤਕ ਵਿੱਚ ਆਪਣੀਆਂ ਦੋ ਹੋਰ ਰਚਨਾਵਾਂ 'ਅੱਧਾ ਚੱਕਰ'(1970) ਅਤੇ 'ਨਵਾਂ ਚੱਕਰ'(1973) ਨੂੰ ਸ਼ਾਮਲ ਕਰਕੇ ਇਕ ਇਕੱਠੀ ਪੁਸਤਕ 'ਦੇਸ ਪ੍ਰਦੇਸ ਦੇ ਸਫ਼ਰ' 1975 ਵਿੱਚ ਪ੍ਰਕਾਸ਼ਿਤ ਕੀਤੀ।

**ਡਾ. ਗੰਡਾ ਸਿੰਘ** ਦੇ ਦੋ ਸਫ਼ਰਨਾਮੇ ਹਨ- 'ਅਫਗਾਨੀਸਤਾਨ ਵਿੱਚ ਇੱਕ ਮਹੀਨਾ'(1954) ਅਤੇ 'ਅਫ਼ਗਾਨੀਸਤਾਨ ਦਾ ਸਫ਼ਰ' (1958)। ਲੇਖਕ ਨੇ ਅਫ਼ਗਾਨੀਸਤਾਨ ਦੇ ਸਿੱਖਾਂ, ਉੱਥੋਂ ਦੀਆਂ ਵਿੱਦਿਅਕ ਸੰਸਥਾਵਾਂ, ਇਤਿਹਾਸਕ ਸਥਾਨਾਂ, ਲਾਇਬ੍ਰੇਰੀਆਂ, ਗੁਰਦੁਆਰਿਆਂ ਆਦਿ ਬਾਰੇ ਵੀ ਚੰਗੀ ਜਾਣਕਾਰੀ ਦਿੱਤੀ ਹੈ। ਉਸ ਨੇ ਇਤਿਹਾਸਕ ਖੋਜ ਦੇ ਕਈ ਪੱਖ ਪੇਸ਼ ਕਰਨ ਦੇ ਨਾਲ ਨਾਲ ਸਫ਼ਰਨਾਮਾ ਲਿਖਣ ਦੀ ਰੁਚੀ ਨੂੰ ਵੀ ਉਤਸਾਹਿਤ ਕੀਤਾ ਹੈ।

**ਸ.ਸ.ਅਮੋਲ** ਨੇ 'ਅਮੋਲ ਯਾਤਰਾ' ਵਿੱਚ ਮਲਾਇਆ ਦੇਸ ਦੀ 27 ਦਿਨ ਦੀ ਯਾਤਰਾ ਦੌਰਾਨ ਇਤਿਹਾਸਕ ਸਥਾਨਾਂ ਤੇ ਘਟਨਾਵਾਂ ਦੇ ਰੌਚਕ ਵਰਨਣ ਦੇ ਨਾਲ ਨਾਲ ਉੱਤੋਂ ਦੇ ਪੰਜਾਬੀ, ਸਿੱਖ ਤੇ ਮਲਵਈ ਲੋਕਾਂ ਦੀ ਸਮਾਜਕ ਜਿੰਦਗੀ ਦੀ ਝਲਕ ਵੀ ਪੇਸ਼ ਹੋਈ ਹੈ। ਸ.ਸ. ਅਮੋਲ ਦੀ ਇੰਗਲੈਂਡ ਯਾਤਰਾ ਨਾਲ ਸੰਬੰਧਤ ਸਫ਼ਰਨਾਮਾ 'ਇੰਗਲੈਂਡ ਦੀ ਯਾਦ' ਵਿੱਚ ਪਾਤਰ ਵਰਨਣ ਅਤੇ ਚਰਿਤੱਰ ਚਿਤਰਣ ਸੁਚੱਜੇ ਰੂਪ ਵਿੱਚ ਕੀਤਾ ਹੈ।

**ਸੋਹਨ ਸਿੰਘ ਜੋਸ਼** ਨੇ 'ਮੇਰੀ ਰੂਸ ਯਾਤਰਾ' ਵਿੱਚ ਰੂਸ ਦਾ ਬੜਾ ਭਾਵੁਕ ਤੇ ਮੋਹ ਭਰਿਆ ਵਰਨਣ ਕੀਤਾ ਹੈ। ਉਸ ਨੇ ਰੂਸੀ ਸਮਾਜ, ਸਮਕਾਲੀਨ ਸਥਿਤੀਆਂ ਪਰਸਥਿਤੀਆਂ ਦਾ ਸ਼ਰਧਾ ਤੇ ਉਤਸ਼ਾਹ ਦੀ ਦ੍ਰਿਸ਼ਟੀ ਤੋਂ ਚਿਤਰਣ ਕੀਤਾ ਹੈ।

**ਹੀਰਾ ਸਿੰਘ ਦਰਦ** ਨੇ ਬ੍ਰਿਜ ਭੂਮੀ ਤੇ ਮਲਾਇਆ ਦੀ ਯਾਤਰਾ' ਵਿੱਚ (ਦੋ ਯਾਤਰਾਵਾਂ–1937 ਵਿੱਚ ਬ੍ਰਿਜ ਭੂਮੀ ਅਤੇ 1938 ਵਿੱਚ ਮਲਾਇਆ) ਦੇ ਵਿਵਰਨ ਕੀਤੇ ਹਨ। ਇਸ ਯਾਤਰਾ ਦੇ ਨਾਲ–ਨਾਲ ਦੇਸ ਪਿਆਰ ਦੀ ਭਾਵਨਾ ਅਤੇ ਆਜ਼ਾਦੀ ਦੇ ਸੰਘਰਸ਼ ਲਈ ਵੀ ਉਤਸ਼ਾਹ ਜਗਾਇਆ ਹੈ। ਇਸ ਵਿੱਚ ਮਥਰਾ, ਕਲਕੱਤਾ, ਰੰਗੂਨ, ਪੀਨਾਂਗ, ਕੁਆਲਾਲੰਪੁਰ, ਸਿੰਗਾਪੁਰ,ਮਲੇਸ਼ੀਆ, ਬਰ੍ਹਮਾ ਆਦਿ ਦੀਆਂ ਘਟਨਾਵਾਂ ਨੂੰ ਵਿਸਤਾਰਪੂਰਵਕ ਪੇਸ਼ ਕੀਤਾ ਹੈ।

ਪੰਜਾਬੀ ਸਫ਼ਰਨਾਮਾ ਸਾਹਿਤ ਪ੍ਰਸਿੱਧ ਵਾਰਤਕਕਾਰ **ਗੁਰਬਖਸ਼ ਸਿੰਘ ਪ੍ਰੀਤਲੜੀ** ਦਾ ਵੱਡਮੁੱਲਾ ਯੋਗਦਾਨ ਹੈ। ਉਸ ਦਾ ਪ੍ਰਸਿੱਧ ਸਫ਼ਰਨਾਮਾ ਹੈ– 'ਦੁਨੀਆ ਇੱਕ ਮਹੱਲ'(ਦੂਜਾ ਨਾਂ 'ਇੱਕ ਝਾਤ ਪੂਰਬ ਪੱਛਮ 'ਤੇ'), ਜਿਸ ਨੂੰ ਲੇਖਕ ਨੇ ਅਮਰੀਕਾ ਫ਼ੇਰੀ ਦੇ ਆਧਾਰ 'ਤੇ ਰਚਿਆ ਸੀ। ਉਹ ਬਸਰਾ ਤੇ ਬਗਦਾਦ ਵਿੱਚ ਥੋੜਾ ਸਮਾਂ ਹੀ ਰਿਹਾ, ਪਰ ਉਹ ਉੱਥੋਂ ਦੇ ਇਤਿਹਾਸਕ, ਭੂਗੋਲਿਕ, ਸਭਿਆਚਾਰਕ ਤੇ ਧਾਰਮਿਕ ਪੱਖਾਂ ਦਾ ਵਡਮੁੱਲਾ ਵਰਨਣ ਕਰਦਾ ਹੈ।

ਪੰਜਾਬੀ ਸਫ਼ਰਨਾਮਾ ਸਾਹਿਤ ਵਿੱਚ **ਪ੍ਰੋ. ਰਾਮ ਸਿੰਘ** ਦੇ ਸਫ਼ਰਨਾਮੇ 'ਕਸ਼ਮੀਰ ਤੇ ਕੁੱਲੂ' ਆਦਿ ਦਾ ਵਰਨਣ ਆਉਂਦਾ ਹੈ। ਉਸ ਨੇ ਭਾਰਤ ਦੇ ਪਹਾੜੀ ਸਥਾਨਾਂ ਅਤੇ ਕੁਦਰਤੀ ਸੁੰਦਰਤਾ ਦਾ ਪ੍ਰਭਾਵਸ਼ਾਲੀ ਵਰਨਣ ਕੀਤਾ ਹੈ।

**ਨਵਤੇਜ ਸਿੰਘ** ਨੇ 'ਦੋਸਤੀ ਦੇ ਪੰਧ' ਵਿੱਚ ਰੂਸ ਦੀਆਂ ਨਿਰੰਤਰ ਯਾਤਰਾਵਾਂ ਦੌਰਾਨ ਪ੍ਰਮੁੱਖ ਪੱਖਾਂ ਅਤੇ ਅਨੁਭਵਾਂ ਨੂੰ ਦਰਸਾਇਆ ਹੈ। ਰੂਸ ਤੋਂ ਇਲਾਵਾ ਸਵਿੱਟਜ਼ਰਲੈਂਡ, ਬੁਲਗਾਰੀਆ, ਇਟਲੀ, ਰੋਮਾਨੀਆ ਅਤੇ ਮਲੇਸ਼ੀਆ ਦੀਆਂ ਯਾਤਰਾਵਾਂ ਦੇ ਸਮਾਚਾਰ ਵੀ ਪੇਸ਼ ਕੀਤੇ ਹੋਏ ਹਨ, ਜਿੱਥੇ ਉਹ ਆਪਣੇ ਦੋਸਤਾਂ ਨਾਲ ਸਮਾਂ ਬਿਤਾਉਂਦਾ ਹੈ। ਇਸ ਸਫ਼ਰਨਾਮੇ ਦੇ ਕਈ ਅਧਿਆਇ ਸੁਤੰਤਰ ਲੇਖ ਰਚਨਾਵਾਂ ਵਾਂਗ ਹਨ।

**ਬਲਵੰਤ ਗਾਰਗੀ** ਨੇ ਅਮਰੀਕਾ ਦੀ ਪਹਿਲੀ ਫੇਰੀ 'ਪਾਤਾਲ ਦੀ ਧਰਤੀ' ਨਾਂ ਦਾ ਸਫ਼ਰਨਾਮਾ ਲਿਖਿਆ, ਜਿਸ ਵਿੱਚ ਨਾਟਕੀ ਤੇ ਕਾਵਿਕ ਰੰਗ ਰਾਹੀਂ ਸੁੰਦਰ ਕਥਾ–ਵਰਨਣ ਮਿਲਦਾ ਹੈ। ਉਸ ਨੇ ਸ਼ਹਿਰਾਂ, ਕੁਦਰਤੀ ਨਜ਼ਾਰਿਆਂ ਅਤੇ ਮਹੱਤਪੂਰਨ ਥਾਵਾਂ ਦਾ ਪ੍ਰਭਾਵਸ਼ਾਲੀ ਵਰਨਣ ਕੀਤਾ ਹੈ।

**ਬਲਰਾਜ ਸਾਹਨੀ** ਦਾ ਪੰਜਾਬੀ ਸਫ਼ਰਨਾਮਾ ਸਾਹਿਤ ਵਿੱਚ ਮਹੱਤਵਪੂਰਨ ਸਥਾਨ ਹੈ। ਉਸ ਦੇ ਦੋ ਪ੍ਰਸਿੱਧ ਸਫ਼ਰਨਾਮੇ ਹਨ– 'ਮੇਰਾ ਪਕਿਸਤਾਨੀ ਸਫ਼ਰਨਾਮਾ' ਅਤੇ 'ਮੇਰਾ ਰੂਸੀ ਸਫ਼ਰਨਾਮਾ'। ਪਾਕਿਸਤਾਨੀ ਸਫ਼ਰਨਾਮੇ ਵਿੱਚ ਉਹ ਪੰਜਾਬੀਆਂ ਦੇ ਜਜ਼ਬੇ ਅਤੇ ਵੰਡ ਦੇ ਦੁੱਖਾਂ ਨੂੰ ਚਿੱਤਰਦਾ ਹੈ ਅਤੇ ਵਤਨ ਦੀ ਮਿੱਟੀ ਦੀ ਸਾਂਝ ਤੇ ਸਭਿਆਚਾਰਕ ਉਦਰੇਵੇਂ ਨੂੰ ਬੜੇ ਪ੍ਰਭਾਵਸ਼ਾਲੀ ਰੂਪ ਵਿੱਚ ਬਿਆਨ ਕਰਦਾ ਹੈ। ਉਸ ਦੇ ਸਫ਼ਰਨਾਮਿਆਂ ਵਿੱਚ ਮਾਨਸਿਕ ਛੋਹਾਂ ਅਤੇ ਮਾਨਸਿਕ ਰੌਂਅ ਦੇ ਪ੍ਰਭਾਵ ਅਤੇ ਪਾਸਾਰ ਵੀ ਨਜ਼ਰ ਆਉਂਦੇ ਹਨ।

**ਸਾਧੂ ਸਿੰਘ ਹਮਦਰਦ** ਦੀ ਰਚਨਾ 'ਅੱਖੀਂ ਡਿੱਠਾ ਰੂਸ' ਵਿੱਚ ਰੂਸ ਦੇ ਵਰਨਣ ਦੇ ਨਾਲ ਨਾਲ ਉੱਥੋਂ ਦੀ ਸਹੀ ਤੇ ਸੋਚਵਾਨ ਵਿਚਾਰਧਾਰਾ ਵਾਲੇ ਜੀਵਨ ਨੂੰ ਸਲਾਹਿਆ ਗਿਆ ਹੈ।

**ਜਗਜੀਤ ਸਿੰਘ ਆਨੰਦ** ਨੇ 'ਨਵਾਂ ਨਿਆਰਾ ਜਰਮਨੀ' ਵਿੱਚ ਆਪਣੀ ਜਰਮਨੀ ਦੀ ਯਾਤਰਾ ਨੂੰ ਪੇਸ਼ ਕਰਦੇ ਹੋਏ ਮੁਲਕ ਦੇ ਅਨੇਕਾਂ ਪੱਖਾਂ ਨੂੰ ਪ੍ਰਭਾਵਸ਼ਾਲੀ ਰੂਪ ਵਿੱਚ ਚਿੱਤਰਿਆ ਹੈ।

'ਨਿਊਯਾਰਕ ਦੀ ਸੈਰ' (ਹਰਚਰਨ ਸਿੰਘ), 'ਨਿਰਭਉ ਨਿਰਵੈਰ' (ਹਰਿਭਜਨ ਸਿੰਘ), 'ਚੀਨ ਵਿੱਚ ਕੁਝ ਦਿਨ' (ਹਰਭਜਨ ਹਲਵਾਰਵੀ), 'ਕੱਚੇ ਰੰਗਾਂ ਦਾ ਸ਼ਹਿਰ ਲੰਡਨ' (ਅਜੀਤ ਕੌਰ), 'ਯਾਤਰੀ ਦੀ ਅੱਖ'

(ਹਰਿਭਜਨ ਸਿੰਘ ਹੁੰਦਲ), 'ਕਿਵੇਂ ਲੱਗਿਆ ਇੰਗਲੈਂਡ' (ਰਾਮ ਸਰੂਪ ਅਣਖੀ), 'ਮੋਤੀਆਂ ਦੀ ਚੋਗ' (ਬਲਦੇਵ ਸਿੰਘ ਧਾਲੀਵਾਲ), 'ਪੱਛਮ ਦਾ ਮਾਇਆ ਜਾਲ' (ਹਰਚਰਨ ਸਿੰਘ) ਆਦਿ ਚਰਚਿਤ ਸਫ਼ਰਨਾਮੇ ਹਨ।

ਸਫ਼ਰਨਾਮਾ ਰਚਨਾ ਦੇ ਖੇਤਰ ਵਿੱਚ **ਪਿਆਰਾ ਸਿੰਘ ਦਾਤਾ** ਦਾ ਉੱਘਾ ਨਾਂ ਹੈ। ਉਸ ਦੇ ਕੁੱਲ ਛੇ ਸਫ਼ਰਨਾਮੇ ਪ੍ਰਾਪਤ ਹਨ। 'ਸੈਲਾਨੀ ਦੀ ਪ੍ਰਦੇਸ ਯਾਤਰਾ' ਵਿੱਚ ਥਾਈਲੈਂਡ ਅਤੇ ਮਲੇਸ਼ੀਆ ਦੀ ਯਾਤਰਾ ਦਾ ਵਰਨਣ ਹੈ। 'ਸੈਲਾਨੀ ਦੀ ਦੇਸ਼ ਯਾਤਰਾ' ਵਿੱਚ ਕਸ਼ਮੀਰ ਅਤੇ ਹਿਮਾਚਲ ਦੇ ਪਹਾੜੀ ਇਲਾਕਿਆਂ ਦੀ ਹੈ। 'ਦੇਸ ਪ੍ਰਦੇਸ ਯਾਤਰਾ' ਵਿੱਚ 16 ਸੈਰ ਨਿਬੰਧ ਹਨ ਜਿੰਨਾਂ ਵਿੱਚੋਂ 3 ਲੇਖਕ ਦੇ ਅਤੇ 12 ਬਾਕੀ ਹੋਰਨਾਂ ਲਿਖਾਰੀਆਂ ਦੇ ਹਨ। 'ਬਿਖੜੇ ਪੈਂਡੇ' ਵਿੱਚ ਪਾਕਿਸਤਾਨ, ਕਸ਼ਮੀਰ, ਸ਼੍ਰੀ ਲੰਕਾ, ਮਾਲਦੀਪ, ਦਿੱਲੀ ਤੋਂ ਕੰਨਿਆ-ਕੁਮਾਰੀ ਅਤੇ ਸਰਹਾਂਨ ਤੋਂ ਸਾਂਗਲਾਵਾਦੀ ਟ੍ਰੈਕਿੰਗ ਆਦਿ ਦੀਆਂ ਯਾਤਰਾਵਾਂ ਦਾ ਵਰਨਣ ਹੈ।

**ਸੰਤੋਖ ਸਿੰਘ ਧੀਰ** ਨੇ 'ਮੇਰੀ ਇੰਗਲੈਂਡ ਫੇਰੀ' (1974-75) ਵਿੱਚ ਸਫ਼ਰਨਾਮਾ ਲਿਖਿਆ। ਉਸਦੀ ਲੇਖਣੀ ਵਿੱਚ ਘਟਨਾਵਾਂ ਤੇ ਪਾਤਰ ਦਾ ਬਿਆਨ ਕਾਵਿਕ ਪ੍ਰਵਿਰਤੀ ਵਿੱਚ ਹੋਇਆ ਹੈ। **ਬਰਜਿੰਦਰ ਸਿੰਘ ਹਮਦਰਦ** ਨੇ 'ਧਰਤੀਆਂ ਦੇ ਗੀਤ' ਵਿੱਚ ਬੈਕਾਂਕ, ਅੰਡੇਮਾਨ-ਨਿਕੋਬਾਰ ਆਦਿ ਥਾਵਾਂ ਦਾ ਯਾਤਰਾ-ਵਿਵਰਨ ਪੇਸ਼ ਕੀਤਾ ਹੈ।

**ਮਨਮੋਹਨ ਬਾਵਾ** ਸਫ਼ਰਨਾਮਾ ਸਾਹਿਤ ਵਿੱਚ ਬੜਾ ਸਿਰਕੱਢ ਨਾਂ ਹੈ। ਉਸ ਨੇ ਪਹਿਲੇ ਦੋ ਸਫ਼ਰਨਾਮੇ 'ਆਉ ਚੱਲੀਏ ਬਰਫ਼ਾਂ ਦੇ ਪਾਰ' ਅਤੇ 'ਅਣਡਿੱਠੇ ਰਸਤੇ ਉੱਚੇ ਪਰਬਤ' ਬੱਚਿਆਂ ਲਈ ਲਿਖੇ, ਜਿੰਨਾਂ ਵਿੱਚ ਡਲਹੌਜੀ,ਚੰਬਾ, ਰਾਵੀ ਨਦੀ, ਅਤੇ ਬਰਫਾਨੀ ਚੋਟੀਆਂ ਦੀ ਬਿਰਤਾਂਤਕਾਰੀ ਦਾ ਖ਼ੂਬਸੂਰਤ ਨਮੂਨਾ ਹੈ। 'ਜੰਗਲ ਜੰਗਲ ਪਰਬਤ ਪਰਬਤ' ਅਤੇ '20,000 ਮੀਲ ਲੰਮੀ ਦੇਸ਼ਕਾਲ ਯਾਤਰਾ' ਉਸ ਦੀਆਂ ਪ੍ਰਭਾਵਸ਼ਾਲੀ ਰਚਨਾਵਾਂ ਹਨ।

**ਅਜੀਤ ਕੌਰ** ਨੇ ਲੰਡਨ ਦੀ ਸੈਰ ਉੱਤੇ ਆਧਾਰਤ ਸਫ਼ਰਨਾਮਾ ਲਿਖਿਆ ਅਤੇ ਆਧੁਨਿਕਤਾਵਾਦੀ ਰੰਗ ਢੰਗ ਨੂੰ ਉਘਾੜਿਆ। ਜਦਕਿ **ਸਰੂਪ ਸਿੰਘ ਅਲੱਗ** ਨੇ ਲੰਡਨ ਦੀ ਸੈਰ ਨੂੰ ਧਾਰਮਕ-ਸਭਿਆਚਾਰਕ ਦ੍ਰਿਸ਼ਟੀ ਤੋਂ ਚਿੱਤਰਿਆ ਹੈ।

**ਹਰਿਭਜਨ ਸਿੰਘ ਹੁੰਦਲ** ਦੇ ਤਿੰਨ ਸਫ਼ਰਨਾਮੇ 'ਯਾਤਰੀ ਦੀ ਅੱਖ', 'ਕੰਧ ਉਹਲੇ ਪਰਦੇਸ' ਅਤੇ 'ਘੁੰਮਦਿਆਂ ਫਿਰਦਿਆਂ' ਵਰਨਣ ਯੋਗ ਹਨ। 'ਯਾਤਰੀ ਦੀ ਅੱਖ' ਵਿੱਚ ਇੰਗਲੈਂਡ ਯਾਤਰਾ ਦੇ ਅਨੁਭਵ ਅਤੇ ਦੂਜੇ ਵਿੱਚ ਇੰਗਲੈਂਡ, ਅਮਰੀਕਾ ਤੇ ਕਨੇਡਾ ਦੀ ਯਾਤਰਾ ਦਾ ਦੋ ਭਾਗਾਂ ਵਿੱਚ ਜ਼ਿਕਰ ਕੀਤਾ ਹੈ। **ਗੁਰਚਰਨ ਸਿੰਘ ਚਮਨ** ਨੇ ਇਟਲੀ, ਫਰਾਂਸ, ਸਵਿਟਜ਼ਰਲੈਂਡ, ਹਾਲੈਂਡ ਤੇ ਇੰਗਲੈਂਡ ਮੁਲਕਾਂ ਦੀ ਯਾਤਰਾ ਦਾ ਵਰਨਣ ਕੀਤਾ ਹੈ। **ਅਵਤਾਰ ਜੰਡਿਆਲਵੀ** ਨੇ ਆਪਣੇ ਸਫ਼ਰਨਾਮੇ ਵਿੱਚ ਲੰਡਨ ਦੇ ਜੀਵਨ ਜਾਚ ਸੰਬੰਧੀ ਬੜੀ ਰੌਚਕ ਜਾਣਕਾਰੀ ਦਿੱਤੀ ਹੈ।

ਇੱਕੀਵੀਂ ਸਦੀ ਦੇ ਆਰੰਭ ਉੱਤੇ ਵੀ ਪੰਜਾਬੀ ਵਿੱਚ ਸਫ਼ਰਨਾਮਾ ਲਿਖਣ ਦੀ ਰਵਾਇਤ ਬਰਕਰਾਰ ਹੈ। ਵਰਤਮਾਨ ਸਮੇਂ ਵਿੱਚ ਵੀ ਭਾਰਤ ਦੇ ਵੱਖ-ਵੱਖ ਕੋਨਿਆਂ, ਪ੍ਰਾਂਤਾਂ ਅਤੇ ਵਿਭਿੰਨ ਬਦੇਸੀ ਮੁਲਕਾਂ ਵਿੱਚ ਜਾਣ ਅਤੇ ਯਾਤਰਾ ਕਰਨ ਦੀ ਰੁਚੀ ਦਾ ਪਹਿਲਾਂ ਨਾਲੋਂ ਹੋਰ ਵਿਕਾਸ ਹੋਇਆ ਹੈ ਅਤੇ ਮੌਕੇ ਵੀ ਵਧੇਰੇ ਮਿਲ ਰਹੇ ਹਨ। ਸਦੀ ਦੇ ਮੁੱਢਲੇ ਤਿੰਨ-ਚਾਰ ਸਾਲਾਂ ਵਿੱਚ ਕਈ ਮਹੱਤਵਪੂਰਨ ਸਫ਼ਰਨਾਮੇ ਮਿਲਦੇ ਹਨ- 'ਘੁੰਮਦਿਆਂ ਫਿਰਦਿਆਂ' (ਹਰਿਭਜਨ ਸਿੰਘ ਹੁੰਦਲ), 'ਜਾਣੇ-ਅਣਜਾਣੇ ਸਫ਼ਰ' (ਸੁਪਨਦੀਪ ਸਿੰਘ ਸੰਧੂ), 'ਮੇਰੀ ਵਿਸ਼ਵ ਯਾਤਰਾ' (ਗੁਰਭਲਿੰਦਰ ਮਾੜੀਮੇਘਾ), 'ਵੱਗਦੀ ਏ ਰਾਵੀ' (ਵਰਿਆਮ ਸੰਧੂ), 'ਗੇੜਾ ਕਨੇਡਾ



BSEB

ਦਾ' (ਨਿੰਦਰ ਘੁਗਿਆਣਵੀ), 'ਲੰਡਨ ਨੂੰ ਮਿਲਦਿਆਂ' (ਸੁਖਪਾਲ ਸਿੰਘ ਥਿੰਦ), 'ਸਫ਼ਰਨਾਮਾ ਪਾਕਿਸਤਾਨ' (ਗੁਰਮੁੱਖ ਸਿੰਘ ਸਹਿਗਲ) ਭਾਰਤੀ ਲੇਖਕਾਂ ਤੋਂ ਇਲਾਵਾ ਪਰਵਾਸੀ ਸਫ਼ਰਨਾਮੇ ਵੀ ਲਿਖੇ ਗਏ, ਜਿੰਨਾਂ ਵਿੱਚ 'ਸਮੁੰਦਰੋਂ ਪਾਰ' (ਸਾਥੀ ਲੁਧਿਆਣਵੀ), 'ਕਾਲਾ ਮਣਕਾ'(ਕੈਲਾਸ਼ਪੁਰੀ) ਤੇ 'ਸਿਮਰਤੀਆਂ ਦੇ ਦੇਸ' (ਰਵਿੰਦਰ ਰਵੀ), 'ਅੰਬੀਆਂ ਨੂੰ ਤਰਸੇਗੀ' (ਅਜਮੇਰ ਕਾਵੈਂਟਰੀ), 'ਥਲ ਡੂੰਗਰ ਭਵਿਓਮ' (ਅਜੀਤ ਰਾਹੀ), 'ਫੋਕਸ' (ਅਜੀਤ ਅਟਵਾਲ), 'ਸਫਰ ਦਰ ਸਫ਼ਰ' (ਰਾਣੀ ਨਗਿੰਦਰ), 'ਘਾਟ ਘਾਟ ਦਾ ਪਾਣੀ'(ਸ਼ਿਵਚਰਨ ਗਿੱਲ), ਅਤੇ 'ਵੈਨਕੂਵਰ ਵਿੱਚ ਇੱਕੀ ਦਿਨ' (ਰਘੁਬੀਰ ਢੰਡ) ਆਦਿ ਵਰਨਣਯੋਗ ਸਫ਼ਰਨਾਮੇ ਹਨ।

ਨਿਸ਼ਚੇ ਹੀ ਵੀਹਵੀਂ ਸਦੀ ਦੇ ਮਗਰਲੇ ਦਹਾਕਿਆਂ ਵਿੱਚ ਪੰਜਾਬੀ ਸਫ਼ਰਨਾਮਾ ਸਾਹਿਤ ਦਾ ਵਿਸ਼ੇ ਅਤੇ ਰੂਪ ਦੋਹਾਂ ਪੱਖਾਂ ਤੋਂ ਵਿਕਾਸ ਹੋਇਆ। 21ਵੀਂ ਸਦੀ ਦੇ ਆਰੰਭ ਵਿੱਚ ਇਹ ਸਾਹਿਤ ਹੋਰ ਵੀ ਵਿਕਾਸ ਦੀਆਂ ਸੰਭਾਵਨਾਵਾਂ ਨੂੰ ਸਮੇਟਦਾ ਨਜ਼ਰ ਆਉਂਦਾ ਹੈ।

## ਅਭਿਆਸ-ਪ੍ਰਸ਼ਨ

1. ਪੰਜਾਬੀ ਦੇ ਮੁੱਢਲੇ ਦੌਰ ਦੇ ਸਫ਼ਰਨਾਮਿਆਂ ਨਾਲ ਜਾਣ-ਪਛਾਣ ਕਰਾਓ।
2. ਹੇਠ ਲਿਖੇ ਸਫ਼ਰਨਾਮਾਕਾਰਾਂ ਦੇ ਸਫ਼ਰਨਾਮਿਆਂ ਸੰਬੰਧੀ ਸੰਖੇਪ ਟਿੱਪਣੀ ਕਰੋ-

   **ਲਾਲ ਸਿੰਘ ਕਮਲਾ ਅਕਾਲੀ, ਬਲਰਾਜ ਸਾਹਨੀ, ਮਨਮੋਹਨ ਬਾਵਾ, ਬਲਵੰਤ ਗਾਰਗੀ, ਨਰਿੰਦਰਪਾਲ ਸਿੰਘ।**
3. ਪੰਜਾਬੀ ਸਫ਼ਰਨਾਮੇ ਦੇ ਇਤਿਹਾਸ ਉਪਰ ਨੋਟ ਲਿਖੋ।

BSER

# 5. ਰੇਖਾ ਚਿੱਤਰ

ਆਧੁਨਿਕ ਪੰਜਾਬੀ ਵਾਰਤਕ ਦੇ ਜੀਵਨੀਪਰਕ ਰੂਪਾਂ ਵਿੱਚ ਰੇਖਾ ਚਿੱਤਰ ਮਨਭਾਉਂਦਾ ਰੂਪ ਹੈ। ਇਸ ਸਾਹਿਤ ਰੂਪ ਵਿੱਚ ਕਿਸੇ ਵਿਅਕਤੀ ਦੀ ਸ਼ਖ਼ਸੀਅਤ ਸ਼ਬਦਾਂ ਰਾਹੀਂ ਉਸਾਰੀ ਜਾਂਦੀ ਹੈ। ਇਸ ਸਾਹਿਤਕ ਕਾਰਜ ਲਈ ਵਾਰਤਕ ਸ਼ੈਲੀ ਦੇ ਅਭਿਆਸ ਦੀ ਜ਼ਰੂਰਤ ਹੁੰਦੀ ਹੈ। ਇਸ ਵਿੱਚ ਸਾਹਿਤਕ ਗੋਂਦ ਰਾਹੀਂ ਕਿਸੇ ਪਾਤਰ ਦੀ ਸ਼ਖ਼ਸੀਅਤ ਨੂੰ ਉਘਾੜਿਆ ਜਾਂਦਾ ਹੈ। ਰੇਖਾ ਚਿੱਤਰ ਵਿੱਚ ਸਿਰਜਣਾ, ਆਲੋਚਨਾ, ਵਾਸਤਵਿਕਤਾ ਅਤੇ ਕਲਪਨਾ ਆਦਿ ਦਾ ਸੁੰਦਰ ਸੁਮੇਲ ਹੁੰਦਾ ਹੈ। ਵਿਅੰਗ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਅਸਲ 'ਚ ਇਸ ਸਾਹਿਤ ਵਿਧਾ ਵਿੱਚ ਕਿਸੇ ਵਿਸ਼ੇਸ਼ ਵਿਅਕਤੀ ਦੀ ਅੰਦਰੂਨੀ ਸੁੰਦਰਤਾ ਨੂੰ ਉਘਾੜਨ ਦਾ ਯਤਨ ਕੀਤਾ ਜਾਂਦਾ ਹੈ।

ਪੰਜਾਬੀ ਵਿੱਚ ਰੇਖਾ ਚਿੱਤਰ ਦਾ ਮੁੱਢ **ਪ੍ਰਿੰ. ਤੇਜਾ ਸਿੰਘ** ਦੇ ਕੁਝ ਨਿਬੰਧਾਂ ਜਿਵੇਂ– 'ਪ੍ਰੀਤਮ ਸਿੰਘ ਦਾ ਸੁਭਾਅ', 'ਗੰਗਾਦੀਨ' ਆਦਿ ਤੋਂ ਹੋਇਆ ਮੰਨਿਆ ਜਾ ਸਕਦਾ ਹੈ, ਜਿਸ ਵਿੱਚ ਇੰਨਾਂ ਪਾਤਰਾਂ ਦਾ ਸੁੰਦਰ ਚਿਤਰਨ ਹੋਇਆ ਹੈ। ਇੰਨਾਂ ਤੋਂ ਇਲਾਵਾ ਬਾਵਾ ਬਲਵੰਤ, ਗਿਆਨੀ ਗੁਰਦਿੱਤ ਸਿੰਘ ਅਤੇ ਗੁਰਮੁਖ ਸਿੰਘ ਦੇ ਕੁਝ ਲੇਖ ਇਸ ਵਰਗ ਵਿੱਚ ਆ ਸਕਦੇ ਹਨ। **ਚਰਨ ਸਿੰਘ ਸ਼ਹੀਦ** ਦੇ 'ਹੱਸਦੇ ਹੰਝੂ' ਵਿੱਚ ਬਾਬਾ ਵਰਿਆਮਾ, ਮਾਤਾ ਗੰਗੋ, ਨੰਬਰਦਾਰ ਸੁੱਖਾ ਸਿੰਘ ਆਦਿ ਰੇਖਾ ਚਿੱਤਰ ਵੀ ਇਸ ਵੰਨਗੀ ਦੇ ਮੁੱਢਲੇ ਰੂਪ ਕਹੇ ਜਾ ਸਕਦੇ ਹਨ। ਪਰ ਵਾਸਤਵਿਕ ਅਰਥਾਂ ਵਿੱਚ ਪੰਜਾਬੀ ਰੇਖਾ ਚਿੱਤਰ ਦਾ ਆਰੰਭ 1961 ਵਿੱਚ ਪ੍ਰਕਾਸ਼ਿਤ **ਬਲਵੰਤ ਗਾਰਗੀ** ਦੀ ਰਚਨਾ 'ਨਿੰਮ ਦੇ ਪੱਤੇ' ਨਾਲ ਹੋਇਆ ਮੰਨਿਆ ਜਾਂਦਾ ਹੈ।

**ਬਲਵੰਤ ਗਾਰਗੀ** ਉੱਚ ਕੋਟੀ ਦਾ ਵਾਰਤਕ ਲੇਖਕ ਹੈ। ਉਸ ਦੀ ਵਾਰਤਕ ਵਿਸ਼ਾਲ ਅਨੁਭਵੀ ਸੂਝ ਵਾਲੀ, ਰੌਚਿਕ ਅਤੇ ਰਸਦਾਇਕ ਹੈ। ਉਸ ਦੇ ਲਿਖੇ ਰੇਖਾ ਚਿੱਤਰ ਸ੍ਰੇਸ਼ਠ ਸਾਹਿਤਕ ਤੇ ਨਾਟਕੀ ਗੁਣਾਂ ਨਾਲ ਭਰਪੂਰ ਹਨ। ਉਸ ਦੇ ਚਾਰ ਰੇਖਾ ਚਿੱਤਰ ਸੰਗ੍ਰਹਿ ਪ੍ਰਾਪਤ ਹਨ– 'ਨਿੰਮ ਦੇ ਪੱਤੇ'(1961), 'ਸੁਰਮੇ ਵਾਲੀ ਅੱਖ'(1964), 'ਕੌਡੀਆਂ ਵਾਲਾ ਸੱਪ'(1980) ਅਤੇ 'ਹੁਸੀਨ ਚਿਹਰੇ'(1985)।

'ਨਿੰਮ ਤੇ ਪੱਤੇ' ਵਿਚ 12 ਲੇਖਕਾਂ ਦੇ ਰੇਖਾ ਚਿੱਤਰ ਹਨ ਅਤੇ ਇਹ ਸੰਗ੍ਰਹਿ ਪੰਜਾਬੀ ਰੇਖਾ ਚਿੱਤਰਾਂ ਦੀ ਲੜੀ ਦਾ ਮੋਢੀ ਮੰਨਿਆ ਜਾਂਦਾ ਹੈ। ਇਸ ਸੰਗ੍ਰਹਿ ਤੋਂ ਹੀ ਵਾਸਤਵਿਕ ਰੇਖਾ ਚਿੱਤਰ ਲਿਖਣ ਦੀ ਪਿਰਤ ਆਰੰਭ ਹੋਈ ਅਤੇ ਇਹ ਪੰਜਾਬੀ ਲੇਖਕਾਂ ਦਾ ਮਨਭਾਉਂਦਾ ਰੂਪ ਬਣਿਆ। ਇੰਨਾਂ ਰੇਖਾ ਚਿੱਤਰਾਂ ਵਿੱਚ ਯਾਦਾਂ ਅਤੇ ਘਟਨਾਵਾਂ ਨੂੰ ਬੜੀਆਂ ਸੁੰਦਰ ਕਲਮੀ ਛੋਹਾਂ ਰਾਹੀਂ ਪੇਸ਼ ਕੀਤਾ ਗਿਆ ਹੈ। ਜਿੰਨਾਂ ਵਿੱਚ ਰੌਚਿਕਤਾ, ਵਿਅੰਗ ਤੇ ਮਿਠਾਸ ਦੇ ਨਾਲ ਨਾਲ ਨਿੰਮ ਵਾਲੀ ਕੁੜਤਣ ਵੀ ਮੌਜੂਦ ਹੈ। 'ਸੁਰਮੇ ਵਾਲੀ ਅੱਖ' ਸੰਗ੍ਰਹਿ ਵਿੱਚ 10 ਲੇਖਕਾਂ ਦੇ ਰੇਖਾ ਚਿੱਤਰ ਹਨ ਅਤੇ ਇਕ ਗਾਰਗੀ ਦਾ ਆਪਣਾ ਸਵੈ ਚਿੱਤਰ ਹੈ। 'ਕੌਡੀਆਂ ਵਾਲਾ ਸੱਪ' ਵਿੱਚ 6 ਲੇਖਕਾਂ ਦੇ ਰੇਖਾ ਚਿੱਤਰ ਹਨ। ਪੁਸਤਕ ਦਾ ਸਿਰਲੇਖ ਸ਼ਿਵ ਕੁਮਾਰ ਬਟਾਲਵੀ ਨਾਲ ਸੰਬੰਧਤ ਹੈ। ਇਸ ਵਿੱਚ ਗਾਰਗੀ ਨੇ ਆਪਣੇ ਦੋਸਤ ਸਾਹਿਤਕਾਰਾਂ ਦੇ ਅੰਦਰਲੇ ਅਤੇ ਬਾਹਰਲੇ ਸਰੂਪ ਉੱਤੇ ਝਾਤ ਪੁਆਈ ਹੈ, ਕਿਉਂਕਿ ਇਹ ਚਿੱਤਰ ਗਾਰਗੀ ਨੇ ਨਿੱਜੀ ਅਨੁਭਵ ਦੇ ਆਧਾਰ 'ਤੇ ਲਿਖੇ ਹਨ। 'ਹੁਸੀਨ ਚਿਹਰੇ' ਵਿੱਚ 9 ਸਾਹਿਤਕਾਰਾਂ ਅਤੇ ਇੱਕ ਨਰਤਕੀ ਦਾ ਰੇਖਾ ਚਿੱਤਰ ਹੈ।

**ਕੁਲਬੀਰ ਸਿੰਘ ਕਾਂਗ** ਦੇ ਰੇਖਾ ਚਿੱਤਰਾਂ ਦੇ ਹੁਣ ਤੱਕ ਪੰਜ ਸੰਗ੍ਰਹਿ ਪ੍ਰਕਾਸ਼ਤ ਹੋਏ ਹਨ– 'ਬੱਦਲਾਂ ਦੇ ਰੰਗ'(1963), 'ਪੱਥਰ ਲੀਕਾਂ'(1965), 'ਪੱਕੀਆਂ ਇੱਟਾਂ'(1973), 'ਸਿਰਨਾਵੇਂ–ਮਿੱਤਰਾਂ ਦੇ' (1988) ਅਤੇ 'ਦੁੱਧ ਤੇ ਦਰਿਆ'(2003)। 'ਬੱਦਲਾਂ ਦੇ ਰੰਗ' ਸੰਗ੍ਰਹਿ ਦਾ ਵਰਨਣ ਪੰਜਾਬੀ ਰੇਖਾ ਚਿੱਤਰਾਂ ਦੇ ਮੁੱਢਲੇ ਯਤਨ ਦੇ ਰੂਪ ਵਿੱਚ ਆਉਂਦਾ ਹੈ, ਜਿਸ ਵਿੱਚ ਪ੍ਰਸਿੱਧ ਪੰਜਾਬੀ ਸਾਹਿਤਕਾਰਾਂ ਦੇ 14 ਰੇਖਾ ਚਿੱਤਰ

ਹਨ। 'ਪੱਥਰ ਲੀਕਾਂ' ਵਿੱਚ 13 ਰੇਖਾ ਚਿੱਤਰ ਹਨ, ਜੋ ਪੰਜਾਬੀ ਦੇ ਵੱਖ-ਵੱਖ ਲੇਖਕਾਂ ਬਾਰੇ ਹਨ। 'ਪੱਕੀਆਂ ਇੱਟਾਂ' ਵਿੱਚ 15 ਰੇਖਾ ਹਨ, ਜਿਸ ਵਿੱਚ ਲੇਖਕ ਨੇ ਆਪਣਾ ਘੇਰਾ ਵਧਾਉਂਦੇ ਹੋਏ ਪੰਜਾਬੀ ਸਾਹਿਤਕਾਰਾਂ ਤੋਂ ਇਲਾਵਾ ਹੋਰ ਸਾਹਿਤਕਾਰ ਵੀ ਸ਼ਾਮਲ ਕੀਤੇ ਹਨ। 'ਸਿਰਨਾਵੇਂ-ਮਿੱਤਰਾਂ ਦੇ' ਸੰਗ੍ਰਹਿ ਵਿੱਚ 13 ਰੇਖਾ ਚਿੱਤਰ ਹਨ, ਜਿੰਨਾਂ ਵਿੱਚ ਕੁਲਬੀਰ ਸਿੰਘ ਕਾਂਗ ਨੇ ਕੁਝ ਸਾਹਿਤਕਾਰ ਪਾਤਰਾਂ ਨਾਲ ਮਿਤਰਤਾ ਭਰੀ ਸਾਂਝ ਦਰਸਾਈ ਹੈ।

**ਅੰਮ੍ਰਿਤਾ ਪ੍ਰੀਤਮ** ਦਾ ਰੇਖਾ ਚਿੱਤਰ ਸੰਗ੍ਰਹਿ 'ਕਿਰਮਚੀ ਲਕੀਰਾਂ' 1965 ਈ ਵਿੱਚ ਪ੍ਰਕਾਸ਼ਤ ਹੋਇਆ। ਇਸ ਪੁਸਤਕ ਵਿੱਚ ਕੁੱਲ 41 ਲੇਖ ਹਨ, ਜਿੰਨਾਂ ਵਿੱਚ ਦਿੱਲੀ, ਅੰਧਰੇਟਾ, ਕੇਰਲਾ, ਨਿਪਾਲ, ਉੜੀਸਾ ਤੇ ਰੂਸ ਦੀਆਂ ਯਾਦਗਾਰੀ ਮਹਿਫ਼ਲਾਂ, ਭਾਰਤੀ, ਰੂਸੀ ਅਤੇ ਹੋਰ ਪ੍ਰਦੇਸੀ ਸਾਹਿਤਕਾਰਾਂ ਦੀਆਂ ਮੁਲਾਕਾਤਾਂ ਤੋਂ ਇਲਾਵਾ ਅੰਮ੍ਰਿਤਾ ਨੇ ਆਪਣੇ ਆਪ ਨਾਲ ਵੀ ਇੱਕ ਮੁਲਾਕਾਤ ਦਰਜ ਕੀਤੀ ਹੈ। ਇਹ ਰੇਖਾ ਚਿੱਤਰ ਸੋਭਾ ਸਿੰਘ, ਪ੍ਰਿੰ. ਤੇਜਾ ਸਿੰਘ, ਕਰਤਾਰ ਸਿੰਘ ਦੁੱਗਲ, ਬਲਵੰਤ ਗਾਰਗੀ, ਖ਼ੁਸ਼ਵੰਤ ਸਿੰਘ, ਸ਼ਿਵ ਕੁਮਾਰ ਆਦਿ ਦੇ ਹਨ।

**ਡਾ. ਜੀਤ ਸਿੰਘ ਸੀਤਲ** ਦਾ ਰੇਖਾ ਚਿੱਤਰ ਸੰਗ੍ਰਹਿ 'ਮਿਤ੍ਰ ਅਸਾਡੇ ਸੇਈ' 1968 ਵਿੱਚ ਪ੍ਰਕਾਸ਼ਿਤ ਹੋਇਆ। ਇਸ ਵਿੱਚ ਲੇਖਕ ਦੇ 23 ਮਿੱਤਰ ਸਾਹਿਤਕਾਰਾਂ ਦੇ ਰੇਖਾ ਚਿੱਤਰ ਪੇਸ਼ ਹੋਏ ਹਨ ਅਤੇ ਇਕ ਉਸਦਾ ਸਵੈ-ਚਿੱਤਰ ਹੈ। ਇੰਨਾਂ ਰੇਖਾ-ਚਿੱਤਰਾਂ ਵਿੱਚ ਨਿੱਜੀ ਅਨੁਭਵ ਅਤੇ ਦੇਖੀਆਂ/ਵਾਪਰੀਆਂ ਘਟਨਾਵਾਂ ਦੇ ਪ੍ਰਭਾਵ ਅੰਕਿਤ ਹੋਏ ਹਨ।

**ਅਜੀਤ ਕੌਰ** ਰਚਿਤ 'ਤਕੀਏ ਦਾ ਪੀਰ'(1987) ਇੱਕ ਵਿਲੱਖਣ ਰਚਨਾ ਹੈ, ਜਿਸ ਵਿੱਚ ਲੇਖਿਕਾ ਦੀ ਬੇਬਾਕੀ ਤੇ ਜੁਅਰਤ ਭਰੇ ਰੇਖਾ ਚਿੱਤਰ ਮੌਜੂਦ ਹਨ। ਅਜੀਤ ਕੌਰ ਦੇ ਰੇਖਾ ਚਿੱਤਰਾਂ ਵਿੱਚ ਗਲਪੀ ਤੱਤਾਂ ਅਤੇ ਕਲਾਤਮਕ ਛੋਹਾਂ ਦੀ ਵਧੇਰੇ ਵਰਤੋਂ ਹੋਈ ਹੈ। ਉਹ ਚੋਟ ਲਾਉਣ ਤੇ ਵਿਅੰਗ ਕਰਨ ਵਿੱਚ ਵੀ ਬੜੀ ਸੂਖਮ ਹੈ, ਇਸ ਵਿੱਚ 8 ਰੇਖਾ ਚਿੱਤਰ ਹਨ। ਪੁਸਤਕ ਦਾ ਸਿਰਲੇਖ ਵਾਲਾ ਰੇਖਾ ਚਿੱਤਰ ਭਾਪਾ ਪ੍ਰੀਤਮ ਸਿੰਘ ਦਾ ਹੈ।

**ਕੁਲਦੀਪ ਸਿੰਘ ਧੀਰ** ਰਚਿਤ ਸੰਗ੍ਰਹਿ 'ਦਰਿਆਵਾਂ ਦੀ ਦੋਸਤੀ' 1990 ਈ ਵਿੱਚ ਪ੍ਰਕਾਸ਼ਿਤ ਹੋਇਆ। ਇਸ ਵਿੱਚ ਕਈ ਭਾਵਪੂਰਤ ਰੇਖਾ ਚਿੱਤਰ ਹਨ ਜੋ ਚੰਗਾ ਪ੍ਰਭਾਵ ਪਾਉਂਦੇ ਹਨ।

**ਗੁਰਬਚਨ ਸਿੰਘ ਭੁੱਲਰ** ਦੇ 'ਨੇੜੇ ਨੇੜੇ'(1992) ਸੰਗ੍ਰਹਿ ਵਿੱਚ ਦਸ ਲੇਖਕਾਂ ਦੇ ਰੇਖਾ ਚਿੱਤਰ ਪੇਸ਼ ਕੀਤੇ ਗਏ ਹਨ। **ਹਰੀ ਸਿੰਘ ਦਿਲਬਰ** ਦਾ 'ਵਿੱਦਿਆ ਦਾ ਪਿੜ' ਨਾਂ ਦਾ ਰੇਖਾ ਚਿੱਤਰ ਸੰਗ੍ਰਹਿ 1975 ਵਿੱਚ ਅਤੇ **ਸਰਵਣ ਸਿੰਘ** ਦਾ ਰੇਖਾ ਚਿੱਤਰ ਸੰਗ੍ਰਹਿ 'ਚਿੱਤਰ ਵਚਿੱਤਰ' 1995 ਵਿੱਚ ਪ੍ਰਕਾਸ਼ਿਤ ਹੋਇਆ।

ਉਪਰੋਕਤ ਤੋਂ ਇਲਾਵਾ ਕੁਝ ਲੇਖਕਾਂ ਨੇ ਰੇਖਾ-ਚਿੱਤਰਾਂ ਦੀ ਪਰੰਪਰਾ ਨੂੰ ਵਿਕਸਿਤ ਕਰਦੇ ਹੋਏ ਅਖ਼ਬਾਰਾਂ, ਰਸਾਲਿਆਂ ਜਾਂ ਭੂਮਿਕਾਵਾਂ ਦੀ ਸ਼ਕਲ ਵਿੱਚ ਕੁਝ ਰੇਖਾ ਚਿੱਤਰ ਲਿਖੇ ਹਨ। ਇੰਨਾਂ ਵਿੱਚ ਸਭ ਤੋਂ ਪਹਿਲਾਂ **ਦੇਵਿੰਦਰ ਸਤਿਆਰਥੀ** ਦੇ ਲਿਖੇ ਰੇਖਾ ਚਿੱਤਰ ਮਿਲਦੇ ਹਨ, ਜਿਵੇਂ 'ਸ਼ਬਦ ਚੁੱਪ ਹਨ', 'ਸੱਚ ਝੂਠ ਤੋਂ ਪਰੇ', 'ਸ਼ਹਿਰ ਬਗਦਾਦ', 'ਸੈਲ ਪੱਥਰ', 'ਸ਼ਬਦ ਸ਼ਿਲਪੀ ਨੂੰ ਪ੍ਰਣਾਮ', 'ਅੱਧਾ ਦੇਵ ਅੱਧਾ ਦਾਨਵ' ,'ਅੱਧਾ ਟਾਪੂ', 'ਚੰਡਾਲ ਚੌਕੜੀ' ਆਦਿ। ਉਸ ਨੇ ਨਿਰਮਲ ਅਰਪਨ ਵਲੋਂ ਸੰਪਾਦਿਤ ਪੁਸਤਕ 'ਸਤਿਆਰਥੀ ਇੱਕ ਦੰਦ ਕਥਾ' ਵਿੱਚ ਆਪਣਾ ਵੀ ਰੇਖਾ ਚਿੱਤਰ ਉਲੀਕਿਆ ਹੈ।

**ਡਾ. ਹਰਿਭਜਨ ਸਿੰਘ** ਦੁਆਰਾ ਰਚਿਤ ਕੁਝ ਰੇਖਾ-ਚਿੱਤਰ ਹਨ- 'ਤਾਰੀ', 'ਹਰੀਆ', 'ਮੌਲਵੀ ਰਹਿਮਤ ਉੱਲਾ', 'ਪਿਆਰਾ ਸਿੰਘ ਸਹਿਰਾਈ', 'ਨਾਨਕ ਸਿੰਘ', 'ਦੇਵਿੰਦਰ ਸਤਿਆਰਥੀ'। ਉਸ ਨੇ ਆਪਣਾ



BSEB

ਸਵੈ-ਚਿੱਤਰ 'ਮੇਰੀ ਤਸਵੀਰ' ਵੀ ਲਿਖਿਆ। ਇਸੇ ਪਰੰਪਰਾ ਅਧੀਨ ਜਸਵੰਤ ਸਿੰਘ ਵਿਰਦੀ, ਅਜੀਤ ਸਿੰਘ ਪੰਛੀ, ਰਘਬੀਰ ਸਿੰਘ ਢੰਡ, ਇਕਬਾਲ ਸਿੰਘ ਕੰਗ, ਬੂਟਾ ਸਿੰਘ, ਗੁਲਜ਼ਾਰ ਸੰਧੂ ਅਤੇ ਦੇਵਿੰਦਰ ਆਦਿ ਸਾਹਿਤਕਾਰਾਂ ਨੇ ਵੀ ਰੇਖਾ ਚਿੱਤਰਾਂ ਦੀ ਰਚਨਾ ਕੀਤੀ ਹੈ।

ਪੰਜਾਬੀ ਵਿੱਚ ਲਿਖੇ ਹੋਏ ਬਹੁਤੇ ਰੇਖਾ-ਚਿੱਤਰ ਮੁੱਖ ਰੂਪ ਵਿੱਚ ਸਾਹਿਤਕਾਰਾਂ ਨਾਲ ਹੀ ਸੰਬੰਧਿਤ ਰਹੇ ਹਨ। ਪਰ **ਸ਼ਮਸ਼ੇਰ ਸਿੰਘ ਸੰਧੂ** ਨੇ ਆਪਣੀਆਂ ਦੋ ਪੁਸਤਕਾਂ 'ਸੁਰ ਦਰਿਆਓ ਪਾਰ ਦੇ' ਅਤੇ 'ਲੋਕ ਸੁਰਾਂ' ਵਿੱਚ ਭਾਰਤੀ ਅਤੇ ਪਾਕਿਸਤਾਨੀ ਪੰਜਾਬ ਦੇ ਲਗਭਗ 50 ਲੋਕ ਗਾਇਕਾਂ ਦੇ ਰੇਖਾ-ਚਿੱਤਰ ਲਿਖੇ ਹਨ। ਇਸੇ ਦਿਸ਼ਾ ਵਿੱਚ **ਸਰਵਣ ਸਿੰਘ** ਨੇ 'ਪੰਜਾਬੀ ਖਿਡਾਰੀ' ਵਿੱਚ ਪੰਜਾਬ ਦੇ 50 ਖਿਡਾਰੀਆਂ ਦੇ ਰੇਖਾ ਚਿੱਤਰ ਪੇਸ਼ ਕੀਤੇ ਹਨ। ਇਸ ਤੋਂ ਇਲਾਵਾ 'ਮੰਚਨ' ਰਸਾਲੇ ਵਿੱਚ ਕਈ ਗੌਲੇ-ਅਣਗੌਲੇ ਰੰਗਕਰਮੀਆਂ ਦੇ ਰੇਖਾ ਚਿੱਤਰ ਵੀ ਪੇਸ਼ ਕੀਤੇ ਗਏ ਹਨ।

20ਵੀਂ ਸਦੀ ਦੇ ਅਖ਼ੀਰਲੇ ਦਹਾਕੇ ਅਤੇ 21 ਵੀਂ ਸਦੀ ਦੀਆਂ ਮੁੱਢਲੀਆਂ ਰਚਨਾਵਾਂ ਤੋਂ ਪਤਾ ਲਗਦਾ ਹੈ ਕਿ ਪੰਜਾਬੀ ਵਿੱਚ ਰੇਖਾ ਚਿੱਤਰ ਦੀ ਰਚਨਾ ਦਾ ਰੁਝਾਨ ਵੱਧ ਰਿਹਾ ਹੈ। ਇਸ ਵਿੱਚ ਭਾਵੇਂ ਬਲਵੰਤ ਗਾਰਗੀ ਅਤੇ ਕੁਲਬੀਰ ਸਿੰਘ ਕਾਂਗ ਵਰਗੀ ਪੁੱਖਤਗੀ ਦਿਖਾਈ ਨਹੀਂ ਦਿੰਦੀ, ਪਰ ਕਲਾਤਮਕ ਤੇ ਪ੍ਰਤੀਕਾਤਮਕ ਰੁਚੀਆਂ ਦੀ ਪ੍ਰਵਿਰਤੀ ਜ਼ਰੂਰ ਦਿਖਾਈ ਦਿੰਦੀ ਹੈ। ਅਜਿਹੀਆਂ ਕੁਝ ਨਵੀਨ ਰਚਨਾਵਾਂ ਹਨ- **ਕੁਲਦੀਪ ਸਿੰਘ ਅਰਸ਼ੀ** ਰਚਿਤ 'ਰਾਹ ਦਸੇਰੇ'(2001), **ਗੁਰਬਚਨ** ਰਚਿਤ 'ਕਮਾਲ ਦਾ ਬੰਦਾ', ਅਤੇ 'ਸਾਹਿਤ ਦੇ ਸਿਕੰਦਰ' ਵਿੱਚ ਪੰਜਾਬੀ ਲੇਖਕਾਂ ਦੇ ਰੇਖਾ ਚਿੱਤਰ; **ਹਰਿਭਜਨ ਸਿੰਘ ਦਿਓਲ** ਰਚਿਤ 'ਤਾਰਿਆਂ ਦਾ ਕਾਫਿਲਾ'(2000), **ਅਜਮੇਰ ਸਿੰਘ** (ਪਟਿਆਲਾ) ਰਚਿਤ 'ਪਟਿਆਲੇ ਦੇ ਵਿੱਚ ਮੈਂ'(2002)। **ਕਾਨ ਸਿੰਘ** ਰਚਿਤ 'ਰੂਹ ਦਾ ਅਨੁਵਾਦ'(2000) , **ਦਲੀਪ ਕੌਰ ਟਿਵਾਣਾ** ਰਚਿਤ 'ਜਿਉਣ ਜੋਗੇ'(2002), **ਦਰਸ਼ਨ ਸਿੰਘ** ਨਵੀਂ ਦਿੱਲੀ ਰਚਿਤ 'ਅੱਧ ਚਾਨਣਾ'(2002) **ਭਗਵੰਤ ਸਿੰਘ** ਰਚਿਤ 'ਖੁੜੇ ਥਿੜਕੇ'(2002) ਆਦਿ ਵਿੱਚ ਯਾਦ ਚਿੱਤਰ ਪੇਸ਼ ਕੀਤੇ ਗਏ ਹਨ।

ਇਸ ਪ੍ਰਕਾਰ ਪੰਜਾਬੀ ਵਿੱਚ ਰੇਖਾ ਚਿੱਤਰ ਦੀ ਅਮੀਰ ਪਰੰਪਰਾ ਹੈ, ਅਤੇ ਇਸ ਵਿੱਚ ਅਗਾਂਹ ਹੋਰ ਵਿਕਾਸ ਕਰਨ ਦੀਆਂ ਪੂਰੀਆਂ ਸੰਭਾਵਨਾਵਾਂ ਮੌਜੂਦ ਹਨ।

## ਅਭਿਆਸ-ਪ੍ਰਸ਼ਨ

1. ਪੰਜਾਬੀ ਰੇਖਾ ਚਿੱਤਰ ਦੇ ਮੁੱਢ ਉੱਪਰ ਚਾਨਣਾ ਪਾਓ।
2. ਹੇਠ ਲਿਖੇ ਰੇਖਾ ਚਿੱਤਰਕਾਰਾਂ ਉੱਪਰ ਸੰਖੇਪ ਟਿੱਪਣੀ ਕਰੋ-

   **ਕੁਲਬੀਰ ਸਿੰਘ ਕਾਂਗ, ਅਜੀਤ ਕੌਰ, ਦੇਵਿੰਦਰ ਸਤਿਆਰਥੀ, ਡਾ. ਹਰਿਭਜਨ ਸਿੰਘ, ਕੁਲਦੀਪ ਸਿੰਘ ਧੀਰ।**
3. ਪੰਜਾਬੀ ਰੇਖਾ ਚਿੱਤਰ ਦੇ ਇਤਿਹਾਸ ਉਪਰ ਸੰਖੇਪ ਚਰਚਾ ਕਰੋ।



BSE

# ਸਹਾਇਕ ਪੁਸਤਕ ਸੂਚੀ


ਸਤਿੰਦਰ ਸਿੰਘ – ਆਧੁਨਿਕ ਪੰਜਾਬੀ ਵਾਰਤਕ ਦਾ ਇਤਿਹਾਸ, ਪੰਜਾਬੀ ਅਕਾਦਮੀ, ਦਿੱਲੀ, 2006

ਸੀਤਲ, ਜੀਤ ਸਿੰਘ (ਡਾ.) – ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ, ਪਟਿਆਲਾ, 1974

ਸੇਖੋਂ, ਰਾਜਿੰਦਰ ਸਿੰਘ (ਡਾ.)– ਪੰਜਾਬੀ ਸਾਹਿਤ ਦਾ ਨਵੀਨ ਇਤਿਹਾਸ, ਲਾਹੌਰ ਬੁਕ ਸ਼ਾਪ, ਲੁਧਿਆਣਾ, 2014

ਕਸੇਲ, ਕਿਰਪਾਲ ਸਿੰਘ (ਪ੍ਰੋ.) – ਅਤੇ ਡਾ. ਪਰਮਿੰਦਰ ਸਿੰਘ – ਪੰਜਾਬੀ ਸਾਹਿਤ ਦੀ ਉਤਪੱਤੀ ਤੇ ਵਿਕਾਸ, ਲਾਹੌਰ ਬੁਕ ਸ਼ਾਪ, ਲੁਧਿਆਣਾ, 2015

ਜਸਵਿੰਦਰ ਸਿੰਘ (ਡਾ.), ਡਾ. ਮਾਨ ਸਿੰਘ ਢੀਂਡਸਾ – ਪੰਜਾਬੀ ਸਾਹਿਤ ਦਾ ਇਤਿਹਾਸ(ਆਧੁਨਿਕ ਕਾਲ) (1901–1995 ਈ.), ਪ.ਬਿ., ਪੰਜਾਬੀ ਯੂਨੀਵਰਸਿਟੀ, ਪਟਿਆਲਾ, 2004

ਜੱਗੀ, ਰਤਨ ਸਿੰਘ (ਡਾ.) – ਪੰਜਾਬੀ ਸਾਹਿਤ ਦਾ ਇਤਿਹਾਸ–ਭਾਗ ਦੂਜਾ (1701–1900 ਈ.), ਪ.ਬਿ., ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007

– ਸਾਹਿਤ ਦੇ ਰੂਪ, ਪ.ਬਿ., ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007

ਜੋਸ਼ੀ, ਜੀਤ ਸਿੰਘ (ਡਾ.) – ਪੰਜਾਬੀ ਅਧਿਐਨ ਤੇ ਅਧਿਆਪਨ ਬਦਲਦੇ ਪਰਿਪੇਖ, ਵਾਰਿਸ਼ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 2006

ਧਾਲੀਵਾਲ, ਬਲਦੇਵ ਸਿੰਘ – ਪੰਜਾਬੀ ਕਹਾਣੀ ਦਾ ਇਤਿਹਾਸ, ਪੰਜਾਬੀ ਅਕਾਦਮੀ, ਦਿੱਲੀ, 2006

ਪਰਮਿੰਦਰ ਸਿੰਘ (ਡਾ.) – ਪੰਜਾਬੀ ਸਾਹਿਤ ਦਾ ਇਤਿਹਾਸ (ਆਦਿਕਾਲ ਤੋਂ 1700 ਈ. ਤੱਕ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999

ਪ੍ਰੇਮ ਪ੍ਰਕਾਸ਼ ਸਿੰਘ (ਡਾ.) – ਸਾਹਿਤ ਬੋਧ, ਪੰਜਾਬ ਸਕੂਲ ਸਿੱਖਿਆ ਬੋਰਡ, 2010

ਬ੍ਰਹਮਜਗਦੀਸ਼ ਸਿੰਘ (ਪ੍ਰੋ.) – ਅਤੇ ਪ੍ਰੋ ਰਾਜਬੀਰ ਕੌਰ – ਪੰਜਾਬੀ ਸਾਹਿਤ ਦਾ ਇਤਿਹਾਸ, ਵਾਰਿਸ਼ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 2007

ਭਾਸ਼ਾ ਵਿਭਾਗ – ਪੰਜਾਬੀ ਸਾਹਿਤ ਦਾ ਇਤਿਹਾਸ (ਮੱਧਕਾਲ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1963

ਭੋਗਲ, ਪਿਆਰਾ ਸਿੰਘ – ਪੰਜਾਬੀ ਸਾਹਿਤ ਦਾ ਇਤਿਹਾਸ, ਜਲੰਧਰ, 1969

ਰਾਜਿੰਦਰ ਪਾਲ ਸਿੰਘ – ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ, ਪੰਜਾਬੀ ਅਕਾਦਮੀ, ਦਿੱਲੀ, 2006

ਵਰਮਾ, ਸਤੀਸ਼ ਕੁਮਾਰ – ਪੰਜਾਬੀ ਨਾਟਕ ਦਾ ਇਤਿਹਾਸ, ਪੰਜਾਬੀ ਅਕਾਦਮੀ, ਦਿੱਲੀ, 2013(ਦੂਜੀ ਵਾਰ)

**ਸੰਪਾਦਕੀ ਮੰਡਲ** – ਪੰਜਾਬੀ ਭਾਸ਼ਾ ਦਾ ਅਧਿਆਪਨ (ਬੀ. ਐਸ. ਟੀ. ਸੀ. ਦੂਜਾ ਸਾਲ), ਰਾਜਸਥਾਨ ਰਾਜ ਪਾਠ ਪੁਸਤਕ ਮੰਡਲ, ਜੈਪੁਰ, 2016

BSER